# ਪੰਜਾਬੀ ਵਾਰਤਕ

DPBI531

Edited By:
Dr. Sona

LOVELY
PROFESSIONAL
UNIVERSITY

# ਪੰਜਾਬੀ ਵਾਰਤਕ

**Edited By**
**Dr. Sona**

Course Name: ਪੰਜਾਬੀ ਵਾਰਤਕ

ਤਤਕਰਾ


| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ - 1 | ਵਾਰਤਕ: ਪਰਿਭਾਸ਼ਾ,ਤੱਤ,ਸਰੂਪ, ਇਤਿਹਾਸ ਤੇ ਵਿਸ਼ੇਸ਼ਤਾਵਾਂ | ਡਾ. ਸੋਨਾ | 1-10 |
| ਅਧਿਆਇ - 2 | ਮੱਧਕਾਲੀਨ ਅਤੇ ਆਧੁਨਿਕ ਬੋਧ:ਪਛਾਣ ਚਿੰਨ ਅਤੇ ਅੰਤਰ ਨਿਖੇੜ | ਡਾ. ਸੋਨਾ | 11-20 |
| ਅਧਿਆਇ - 3 | ਮੱਧਕਾਲੀ ਪੰਜਾਬੀ ਵਾਰਤਕ: 1701 ਈ.ਤੋਂ 1800 ਈ. | ਡਾ. ਸੋਨਾ | 21-34 |
| ਅਧਿਆਇ - 4 | ਮੱਧਕਾਲੀ ਪੰਜਾਬੀ: ਵਾਰਤਕ 1801 ਈ.ਤੋਂ 1850ਈ. | ਡਾ. ਸੋਨਾ | 35-44 |
| ਅਧਿਆਇ - 5 | ਪੁਰਾਤਨ ਜਨਮ ਸਾਖੀ ਵਿਸ਼ਾਗਤ ਅਤੇ ਪਾਠਗਤ ਅਧਿਐਨ | ਡਾ. ਸੋਨਾ | 45-54 |
| ਅਧਿਆਇ - 6 | ਆਧੁਨਿਕ ਪੰਜਾਬੀ ਵਾਰਤਕ: ਨਿਕਾਸ ਅਤੇ ਵਿਕਾਸ | ਡਾ. ਸੋਨਾ | 55-66 |
| ਅਧਿਆਇ - 7 | ਆਧੁਨਿਕ ਪੰਜਾਬੀ ਵਾਰਤਕ ਰੂਪ: ਸਫਰਨਾਮਾ ਸਾਹਿਤ | ਡਾ. ਸੋਨਾ | 67-78 |
| ਅਧਿਆਇ - 8 | ਆਧੁਨਿਕ ਪੰਜਾਬੀ ਵਾਰਤਕ:ਜੀਵਨੀ ਅਤੇ ਸਵੈਜੀਵਨੀ ਸਾਹਿਤ | ਡਾ. ਸੋਨਾ | 79-92 |
| ਅਧਿਆਇ - 9 | ਆਧੁਨਿਕ ਪੰਜਾਬੀ ਵਾਰਤਕ: ਰੇਖਾ ਚਿੱਤਰ, ਸੰਸਮਰਣ, ਡਾਇਰੀ ਸਾਹਿਤ | ਡਾ. ਸੋਨਾ | 93-106 |
| ਅਧਿਆਇ - 10 | ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਬਲਵੰਤ ਗਾਰਗੀ ਜੀਵਨ ਅਤੇ ਰਚਨਾ | ਡਾ. ਸੋਨਾ | 107-116 |
| ਅਧਿਆਇ - 11 | ਜ਼ਿੰਦਗੀ ਦੀ ਰਾਸ:ਵਿਸ਼ਾਗਤ ਅਧਿਐਨ | ਡਾ. ਸੋਨਾ | 117-126 |
| ਅਧਿਆਇ - 12 | ਜ਼ਿੰਦਗੀ ਦੀ ਰਾਸ:ਰੂਪਗਤ ਅਧਿਐਨ | ਡਾ. ਸੋਨਾ | 127-136 |
| ਅਧਿਆਇ - 13 | ਗੈਰ ਜ਼ਜ਼ਬਾਤੀ ਡਾਇਰੀ: ਵਿਸ਼ਾਗਤ ਅਧਿਐਨ | ਡਾ. ਸੋਨਾ | 137-146 |
| ਅਧਿਆਇ - 14 | ਗੈਰ ਜ਼ਜ਼ਬਾਤੀ ਡਾਇਰੀ: ਰੂਪਗਤ ਅਧਿਐਨ | ਡਾ. ਸੋਨਾ | 147-156 |

# ਅਧਿਆਇ -1: ਵਾਰਤਕ: ਪਰਿਭਾਸ਼ਾ,ਤੱਤ,ਸਰੂਪ, ਇਤਿਹਾਸ ਤੇ ਵਿਸ਼ੇਸ਼ਤਾਵਾਂ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **ਵਾਰਤਕ ਦੀ ਪਰਿਭਾਸ਼ਾ ਅਤੇ ਤੱਤਾਂ ਬਾਰੇ ਜਾਣਨਗੇ।**
2. **ਵਾਰਤਕ ਦੀਆਂ ਕਿਸਮਾਂ ਅਤੇ ਵਿਸ਼ੇਸ਼ਤਾਵਾਂ ਬਾਰੇ ਜਾਣਨ ਦੇ ਯੋਗ ਹੋਣਗੇ।**
3. **ਵਾਰਤਕ ਦੇ ਮਹੱਤਵ ਅਤੇ ਸਰੂਪ ਨੂੰ ਸਮਝਣ ਦੇ ਕਾਬਿਲ ਹੋਣਗੇ**

## ਪ੍ਰਸਤਾਵਨਾ:

ਵਾਰਤਕ ਸਾਹਿਤ ਦਾ ਇਕ ਅਜਿਹਾ ਰੂਪ ਹੈ ਜਿਸ ਵਿੱਚ ਸਾਹਿਤਕਾਰ ਬੌਧਿਕ ਪੱਧਰ ਤੇ ਪਾਠਕ ਨੂੰ ਸੁਹਜ-ਸਵਾਦ ਦੇਣ ਦਾ ਯਤਨ ਕਰਦਾ ਹੈ। ਵਾਰਤਕ ਲਿਖਾਰੀ ਆਪਣੀ ਵਿਚਾਰ-ਅਭਿਵਿਅਕਤੀ ਦੀ ਛਾਪ ਪਾਠਕਾਂ ਤੇ ਪਾਉਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਵਾਰਤਕ ਦਾ ਮੂਲ '

ਵਾਰਤਾ '।ਭਾਵ ਕਿਸੇ ਕਿਆਸੀ ਗਈ, ਕਲਪੀ ਗਈ ਕਹਾਣੀ ਤੋਂ ਹੈ । ਸਮੇਂ ਦੇ ਵਿਕਾਸ ਨਾਲ, ਹੌਲੀ- ਹੌਲੀ ਵਾਰਤਕ ਦਾ ਵਿਗਿਆਨਕ ਰੂਪ ਸਾਡੇ ਸਾਹਮਣੇ ਆਇਆ ਤੇ ਇਸ ਦਾ ਕਲਪਨਾਮਈ-ਰੂਪ ਗਲਪ ਬਣਿਆ। ਗਲਪ ਸਾਹਿਤ ਦਾ ਇਕ ਹੋਰ ਸੁਤੰਤਰ ਰੂਪ ਹੈ।

ਜਦੋਂ ਕੋਈ ਵਿਚਾਰ ਜਾਂ ਕਿਸੇ ਸਥਿਤੀ ਦਾ ਬਿਆਨ ਬੌਧਿਕ ਪਕਿਆਈ ਨਾਲ ਕਿਸੇ ਸਿਲਸਿਲੇ ਅਧੀਨ ਪ੍ਰਗਟਾਇਆ ਜਾਏ ਤਾਂ ਅਜਿਹੀ ਵਿਧੀ ਨੂੰ ਵਾਰਤਕ ਆਖਦੇ ਹਨ ਇਹ ਵੱਖਰੀ ਗੱਲ ਹੈ ਕਿ ਕੋਈ ਵਾਰਤਕ ਲਿਖਾਰੀ ਕਿੰਨਾ ਕੁ ਬੌਧਿਕ ਅਤੇ ਆਪਣੀ ਲਿਖਤ ਵਿੱਚ ਕਲਾਤਮਕ ਸਿਲਸਿਲੇ ਜਾਂ ਵਿਉਂਤ ਨੂੰ ਕਿਸ ਪੱਧਰ ਤੀਕ ਕਾਇਮ ਰੱਖ ਸਕਦਾ ਹੈ ਪਰ ਵਾਰਤਕ ਦਾ ਰੂਪ ਵਿਧਾਨ ਇਸ ਗੱਲ ਦੀ ਮੰਗ ਕਰਦਾ ਹੈ ਕਿ ਸਾਹਿਤ ਦੇ ਇਸ ਰੂਪ ਨੂੰ ਪੜ੍ਹਨ ਤੋਂ ਬਾਅਦ ਪਾਠ ਵੱਲ ਨੂੰ ਸੁਹਜ ਸੁਆਦ ਤੋਂ ਇਲਾਵਾ ਬੌਧਿਕ ਅਗਵਾਈ ਵੀ ਮਿਲੇ। ਇੰਨਾ ਹੀ ਨਹੀਂ ਅਜੋਕੇ ਯੁੱਗ ਵਿੱਚ ਇੱਕ ਵਾਰਤਕ ਲਿਖਾਰੀ ਪਾਸੋਂ ਇਸ ਗੱਲ ਦੀ ਮੰਗ ਕੀਤੀ ਜਾਂਦੀ ਹੈ ਕਿ ਉਹ ਆਪਣੇ ਵਿਸ਼ੇ ਦਾ ਤੁਲਨਾਤਮਕ ਅਧਿਐਨ ਕਰੇ ਤੇ ਇਸ ਤਰ੍ਹਾਂ ਪਾਠਕ ਵਰਗ ਨੂੰ ਬੌਧਿਕ ਪੱਧਰ ਤੇ ਗਿਆਨ ਮਿਲੇ।

## ਪਰਿਭਾਸ਼ਾ:-

ਵਾਰਤਕ ਸਾਹਿਤ ਦਾ ਉਹ ਵਿਸ਼ਾਲ ਰੂਪ ਹੈ ਜਿਸ ਵਿੱਚ ਕਿਸੇ ਵਿਚਾਰ ਜਾਂ ਕਿਸੇ ਸਥਿਤੀ ਨੂੰ ਅਜਿਹੇ ਕਲਾਤਮਕ ਤੇ ਇੱਕ ਭਰਪੂਰ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਉਹ ਸਾਡੇ ਦਿਮਾਗੀ ਵਿਰਸੇ ਦਾ ਅੰਗ ਬਣ ਜਾਂਦੀ ਹੈ।

ਵੇਟਲੀ ਅਨੁਸਾਰ, "ਵਾਰਤਕ ਅਤੇ ਕਵਿਤਾ ਵਿੱਚ ਫ਼ਰਕ ਧੁਨੀ ਦੀ ਬਣਤਰ ਦਾ ਹੈ। ਇਹ ਵਿਚਾਰ ਕਵਿਤਾ ਅਤੇ ਸੰਗੀਤ ਦੇ ਸਬੰਧ ਕਰ ਕੇ ਬਣਿਆ ਹੈ ਕਿਉਂਕਿ ਸਧਾਰਨ ਬੋਲਾਂ ਅਤੇ ਗੀਤ ਵਿੱਚ ਫ਼ਰਕ ਸਪਸ਼ੱਟ ਹੈ।"

ਡਰਾਇਡ ਦੇ ਕਥਨ ਅਨੁਸਾਰ, "ਵਾਰਤਕ ਵਿੱਚ ਆਪਣਾ ਹੀ ਵਿਸ਼ੇਸ਼ ਸਮਤਾਲ ਹੁੰਦਾ ਹੈ। ਆਪਣੀ ਪੁਸਤਕ Fables ਦੀ ਪ੍ਰਸਤਾਵਨਾ ਵਿੱਚ ਉਹ ਲਿਖਦਾ ਹੈ: ਵਿਚਾਰ ਇੰਨੀ ਤੇਜ਼ੀ ਨਾਲ ਮੇਰੇ ਅੰਦਰ ਇੱਕਠੇ ਹੁੰਦੇ ਹਨ ਤਾਂ ਮੇਰੀ ਵੱਡੀ ਮੁਸ਼ਕਿਲ ਉਨ੍ਹਾਂ ਵਿਚੋ ਚੁਣਨ ਦੀ ਜਾਂ ਰਦ ਕਰਨ ਦੀ ਹੁੰਦੀ ਹੈ ਕੀ ਉਨ੍ਹਾਂ ਨੂੰ ਕਵਿਤਾ ਵਿੱਚ ਪਰੋਇਆ ਜਾਏ ਤਾਂ ਉਨ੍ਹਾਂ ਨੂੰ ਵਾਰਤਕ ਦੇ ਵਖਰੇ ਤਾਲ ਵਿੱਚ ਸ਼ਸ਼ੋਭਤ ਕੀਤਾ ਜਾਏ।"

ਜੋਨੇਥਨ ਸਵਿਫ਼ਟ ਅਨੁਸਾਰ, "ਵਾਰਤਕ ਵਿੱਚ ਸਰਲਤਾ, ਸਪਸ਼ਟਤਾ ਦੇ ਗੁਣ ਹੋਣੇ ਜ਼ਰੂਰੀ ਹਨ, ਅਤੇ ਸੰਖੇਪਤਾ ਦੇ ਗੁਣ ਹੋਏ ਜ਼ਰੂਰੀ ਹਨ। ਇਹਦੇ ਤਰਕ, ਦਲੀਲ ਅਤੇ ਸੋਚ-ਉਡਾਰੀ ਦੇ ਵੀ ਹੋਰ ਉਪਯੋਗੀ ਗੁਣ ਹੁੰਦੇ ਹਨ। ਦਿਲ ਦੀ ਗਲ ਕਰਨ ਵਾਲੇ ਸ਼ਬਦ ਕਵਿਤਾ ਦਾ ਜਾਮਾ ਪਹਿਨਦੇ ਹਨ ਅਤੇ ਦਿਮਾਗ ਦੀ ਭਾਸ਼ਾ ਵਾਰਤਕ ਰਾਹੀਂ ਪ੍ਰਗਟ ਹੁੰਦੀ ਹੈ।"

ਸੋ ਵਾਰਤਕ ਵਿੱਚ ਲੇਖਕ ਕਿਸੇ ਛੰਦ ਦੀ ਵਰਤੋਂ ਨਹੀਂ ਕਰਦਾ, ਨਾ ਹੀ ਇਸ ਨੂੰ ਅਲੰਕਾਰਾਂ ਦੇ ਗਹਿਣਿਆ ਨਾਲ ਸਿੰਗਾਰਦਾ ਹੈ, ਇਸ ਵਿੱਚ ਸਾਹਿੱਤਕਾਰ ਆਪਣੇ ਵਿਚਾਰਾਂ ਨੂੰ ਇਸ ਪ੍ਰਕਾਰ ਲਿਪੀ ਬੱਧ ਕਰਦਾ ਹੈ ਕਿ ਉਹ ਵਿਆਕਰਨ ਦੇ ਨਿਯਮਾਂ ਅਨੁਕੂਲ ਹੁੰਦੀ ਹੈ ਅਤੇ ਉਸ ਵਿੱਚ ਬੁੱਧੀ-ਤੱਤ ਦੀ ਪ੍ਰਧਾਨਤਾ ਹੁੰਦੀ ਹੈ।

## ਵਾਰਤਕ ਸ਼ਬਦ ਦਾ ਅਰਥ

ਵਾਰਤਕ ਸ਼ਬਦ ਦਾ ਨਿਕਾਸ ਸੰਸਕ੍ਰਿਤ ਦੇ 'ਵ੍ਰਿਤਿ' ਧਾਤੂ ਤੋ ਹੋਇਆ ਹੈ। ਇਸ ਦਾ ਅਰਥ ਟੀਕਾ ਹੈ ਭਾਵ ਉਹ ਗ੍ਰੰਥ ਜਿਸ ਦੁਆਰਾ ਸੂਤਰਾਂ ਦੀ ਵਿਆਖਿਆ ਕੀਤੀ ਜਾਂਦੀ ਹੈ। ਵਾਰਤਕ ਦਾ ਸੰਬੰਧ ਵਾਰਤਾ ਨਾਲ ਵੀ ਹੈ ਜਿਸ ਦਾ ਭਾਵ ਗੱਲਬਾਤ ਜਾਂ ਪ੍ਰਸੰਗ ਹੈ। ਅਰਬੀ, ਫਾਰਸੀ ਅਤੇ ਉਰਦੂ ਵਿੱਚ ਵਾਰਤਕ ਲਈ 'ਨਸਰ' ਸ਼ਬਦ ਦੀ ਵਰਤੋਂ ਹੁੰਦੀ ਹੈ ਜਿਸ ਦਾ ਅਰਥ ਹੈ ਖਿਲੇਰਨਾ ਜਾਂ ਬਿਖੇਰਨਾ ਜਿਸ ਤੋਂ ਸਪੱਸ਼ਟ ਭਾਵ ਵਿਆਖਿਆਂ ਦਾ ਨਿਕਲਦਾ ਹੈ। ਜਿਸ ਲਈ ਵਾਰਤਕ ਜਾਂ ਨਸਰ ਵਿਚਾਰਾਂ ਦਾ ਖਿਲੇਰਾ ਜਾਂ ਵਿਆਖਿਆ ਹੈ।

## ਵਾਰਤਕ ਦੇ ਜ਼ਰੂਰੀ ਤੱਤ

ਵਾਰਤਕ ਸਾਹਿਤ ਦਾ ਉਹ ਵਿਸ਼ੇਸ਼ ਰੂਪ ਹੈ ਜਿਸ ਵਿੱਚ ਸਾਧਾਰਨ ਮਨੁੱਖ ਭਾਵ ਨੂੰ ਅਜਿਹੀ ਕਲਾਤਮਕ ਗੋਂਦ ਵਿੱਚ ਪਰੋ ਕੇ ਪਾਠਕਾਂ ਸਾਹਮਣੇ ਰੱਖਿਆ ਜਾਂਦਾ ਹੈ ਕਿ ਜਿਸ ਨੂੰ ਪੜ੍ਹ ਕੇ ਬੌਧਿਕ ਸੰਤੁਸ਼ਟਤਾ ਹੁੰਦੀ ਹੈ। ਅਭਿਆਸ ਸਾਧਨਾਂ ਲਈ ਕੁਝ ਬੁਨਿਆਦੀ ਲੋੜਾਂ ਮਹਿਸੂਸ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਵਾਰਤਕ ਦੇ ਜ਼ਰੂਰੀ ਤੱਤ ਕਰਕੇ ਵੀ ਜਾਣਿਆ ਜਾਂਦਾ ਹੈ। ਗਿੰਨੀ ਪਵਨ ਅਤੇ ਕਲਾਮਈ ਵਿਧੀ ਨਾਲ ਇਨ੍ਹਾਂ ਬੁਨਿਆਦੀ ਲੋੜਾਂ ਨੂੰ ਕੋਈ ਵਾਰਤਕਕਾਰ ਜੋੜਗੇ ਤੇ ਓਨੀ ਹੀ ਵਾਰਤਕ ਦੀ ਸ਼ੈਲੀ ਪ੍ਰਭਾਵਸ਼ਾਲੀ ਬਣੇਗੀ।

## 1. ਬੌਧਿਕਤਾ

ਪਾਠਕ ਦੀ ਰੂਹ ਬੌਧਿਕ ਬਿਆਨਕਾਰੀ ਹੈ ਅਰਥਾਤ ਵਾਰਤਕ ਵਿਚ ਜੇ ਬੌਧਿਕ ਅੰਸ਼ ਕੱਢ ਲਵੋ ਤਾਂ ਬਾਕੀ ਜਿੰਦ ਹੀਣ ਸਰੀਰ ਹੀ ਰਹਿ ਜਾਂਦਾ ਹੈ ਬੁੱਧੀ ਦਾ ਤੀਖਣ ਅਹਿਸਾਸ ਹੀ ਵਾਰਤਕ ਸਾਹਿਤ ਦੇ ਹੋਰਨਾਂ ਰੂਪਾਂ ਨਾਲੋਂ ਨਿਖੇੜਦਾ ਹੈ ਇਸ ਤੋਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਵਾਰਤਕ ਵਿੱਚ ਕੇਵਲ ਖੁਸ਼ਕ ਤੇ ਉਕਾਊ ਵਿਸ਼ਿਆਂ ਦਾ ਇਹ ਬਿਆਨ ਹੁੰਦਾ ਹੈ ਆਪਣੇ ਆਪ ਵਿੱਚ ਕੋਈ ਵੀ ਵਿਸ਼ੇ ਖੁਸ਼ਕ ਜਾਂ ਭਾਵੁਕ ਨਹੀਂ ਹੁੰਦਾ ਇਹ ਤਾਂ ਪੇਸ਼ਕਾਰੀ ਦਾ ਢੰਗ ਹੁੰਦਾ ਹੈ ਜਾਂ ਸਾਹਿਤਕਾਰ ਦੀ ਦ੍ਰਿਸ਼ਟੀ ਜਾਂ ਉਸ ਦਾ ਦ੍ਰਿਸ਼ਟੀਕੋਣ ਹੁੰਦਾ ਹੈ ਜਿਹੜਾ ਕਿਸੇ ਵਿਸ਼ੇ ਨੂੰ ਬੌਧਿਕ ਜਾਂ ਭਾਵੁਕ ਬਣਾਉਂਦਾ ਹੈ। ਦਲੀਲ ਤੇ ਤਰਕ ਦਾ ਆਸਰਾ ਲੈ ਕੇ ਵਾਰਤਕ ਲਿਖਾਰੀ ਆਪਣੀ ਲਿਖਤ ਵਿੱਚ ਬੌਧਿਕ ਵਾਯੂਮੰਡਲ ਪੈਦਾ ਕਰਦਾ ਹੈ ਤੇ ਪਾਠਕ ਨੂੰ ਵਿਸ਼ੇ ਸਬੰਧੀ ਹੋਰ ਪੜ੍ਹਨ ਤੇ ਗਿਆਨ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦਾ ਹੈ।

## 2. ਭਾਵੁਕਤਾ

ਸਾਹਿਤ ਦਾ ਪ੍ਰਮੁੱਖ ਪ੍ਰਯੋਜਨ ਪਾਠਕ ਨੂੰ ਪ੍ਰੇਰਨਾ ਦੇਣਾ ਹੁੰਦਾ ਹੈ ਤੇ ਪ੍ਰੇਰਨਾ ਦਾ ਮੂਲ ਆਧਾਰ ਭਾਵ ਹੁੰਦੇ ਹਨ। ਇਸ ਲਈ ਪਾਠਕ ਨੂੰ ਹਲੂਣਨ ਤੋਂ ਪ੍ਰੇਰਿਤ ਕਰਨ ਲਈ ਭਾਵੁਕਤਾ ਵਾਰਤਕ ਦਾ ਇਕ ਜ਼ਰੂਰੀ ਲੱਛਣ ਕਰਕੇ ਜਾਣਿਆ ਜਾਂਦਾ ਹੈ। ਵਾਰਤਕ: ਤਕਨੀਕ ਤੇ ਆਲੋਚਨਾ ਵਿੱਚ ਇਹ ਗੱਲ ਪ੍ਰਤੱਖਣ ਵਾਲੀ ਹੁੰਦੀ ਹੈ ਕਿ ਕਿਸੇ ਵਾਰਤਕ ਲਿਖਾਰੀ ਨੇ ਭਾਵੁਕਤਾ ਦੇ ਲੱਛਣਾਂ ਨੂੰ ਕਿੰਨਾ ਵਰਤਿਆ ਹੈ ?ਇਸ ਵਰਤਣ ਦਾ ਪਾਠਕ ਤੇ ਕੀ ਪ੍ਰਭਾਵ ਪਿਆ ਹੈ? ਭਾਵੁਕਤਾ ਆਪਣੇ ਆਪ ਵਿੱਚ ਕੋਈ ਔਗੁਣ ਨਹੀਂ ਸਭ ਪ੍ਰਭਾਵਸ਼ਾਲੀ ਤੇ ਕਲਾਤਮਕ ਵਾਰਤਕ ਦੀ ਇਹ ਅਵੱਸ਼ ਲੋੜ ਹੈ ਪਰ ਨਿਰੋਲ ਭਾਵੁਕਤਾ ਤਾਂ ਕਵਿਤਾ ਵੀ ਨਹੀਂ ਹੋ ਸਕਦੀ। ਤਜ਼ਰਬਾ ਤੇ ਅਧਿਐਨ ਹੀ ਮੂਲ ਰੂਪ ਵਿੱਚ ਸਾਹਿਤ ਸਿਰਜਣਾ ਦੇ ਵੱਡੇ ਸਰੋਤ ਮੰਨੇ ਗਏ ਹਨ।

## 3.ਢੁੱਕਵੀਂ ਸ਼ਬਦ ਵਿਉਂਤ

ਭਾਸ਼ਾ ਮਨੁੱਖੀ ਵਿਚਾਰਾਂ ਦੇ ਪ੍ਰਗਟਾਅ ਦਾ ਜ਼ੋਰਦਾਰ ਮਾਧਿਅਮ ਹੈ ਸਾਹਿਤਕਾਰ ਦੇ ਵਿਚਾਰ ਅਸਪੱਸ਼ਟ ਤੇ ਅਧੂਰੇ ਰਹਿ ਜਾਣਗੇ ਜੇ ਭਾਸ਼ਾ ਉਸ ਦਾ ਸਾਥ ਨਹੀਂ ਦਿੰਦੀ ਠੀਕ ਸ਼ਬਦ ਠੀਕ ਤੇ ਭਾਸ਼ਾ ਦਾ ਸਾਰਾ ਢਾਂਚਾ ਵਿਆਕਰਣ ਅਨੁਸਾਰ ਸ਼ੁੱਧ ਵੀ ਸ਼ੁੱਧ ਵੀ ਹੋਵੇ ਕਵਿਤਾ ਵਿੱਚ ਅਜਿਹੀਆਂ ਹਾਨੀਆ ਨੂੰ ਮੁਆਫ ਕੀਤਾ ਜਾ ਸਕਦਾ ਹੈ ਪਰ ਵਾਰਤਕ ਵਿਚ ਇਹ ਬਰਦਾਸ਼ਤ ਨਹੀਂ ਕੀਤੀਆਂ ਜਾਂਦੀਆਂ ਕਿਉਂਕਿ ਵਾਰਤਕ ਰਚਨਾ ਸਹਿਤ ਕਾਰ ਦੀ ਬੌਧਿਕ ਪਕਿਆਈ ਵੱਲ ਸੰਕੇਤ ਕਰਦੇ ਇਸ ਲਈ ਆਮ ਤੌਰ ਤੇ ਆਖਿਆ ਜਾਂਦਾ ਹੈ ਕਿ ਸਫ਼ਲ ਵਾਰਤਕ ਵੰਨਗੀ ਵਿਚ ਸ਼ਬਦ ਆਪਣੀ ਥਾਵੇਂ ਇਵੇਂ ਫੱਬਣਗੇ ਜਿਵੇਂ ਕਿਸੇ ਸੁਰਾਹੀਦਾਰ ਗਰਦਨ ਵਾਲੀ ਮੁਟਿਆਰ ਨੇ ਹੀਰਿਆਂ ਦਾ ਹਾਰ ਪਾਇਆ ਹੋਵੇ। ਵਾਰਤਕ ਲਿਖਾਰੀ ਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਹੈ ਕਿ ਸ਼ਬਦ ਕਿਸ ਅਰਥ ਵਿਚ ਕਿੱਥੇ ਵਰਤਣਾ ਹੈ। ਬਹੁਤੇ ਇਕੱਠੇ ਸ਼ਬਦਾਂ ਦੇ ਪ੍ਰਯੋਗ ਤੋਂ ਪ੍ਰਹੇਜ਼ ਕੀਤਾ ਜੈਸਲ ਸ਼ਬਦਾਂ ਦਾ ਪ੍ਰਯੋਗ ਵਿਚਾਰਾਂ ਵਿੱਚ ਸਪਸ਼ਟਤਾ ਦੇ ਨਾਲ ਨਾਲ ਰੁਬਾਈ ਲਿਆਉਣ ਵਿਚ ਸਹਾਈ ਹੁੰਦਾ ਹੈ ਇਉਂ ਸ਼ਬਦਾਂ ਦੇ ਇਸ ਪ੍ਰਯੋਗ ਤੋਂ ਹੀ ਕਿਸੇ ਵਾਰਤਕਕਾਰ ਦੀ ਸ਼ੈਲੀ ਨਿੱਖਰ ਕੇ ਸਾਹਮਣੇ ਆਉਂਦੀ ਹੈ।

ਸ਼ਬਦ ਜਦੋਂ ਕਿਸੇ ਵਾਕ ਤੇ ਵਾਕ ਮਿਲ ਕੇ ਜਨਮ ਪੈਰਿਆਂ ਵਿੱਚ ਨਿਖਰਦੇ ਹਨ ਤਾਂ ਕੋਈ ਵਾਰਤਕ ਵੰਨਗੀ ਹੋਂਦ ਵਿੱਚ ਆਉਂਦੀ ਹੈ ਵਾਰਤਕ ਲਿਖਾਰੀ ਇੱਕ ਸੀਮਾ ਵਿੱਚ ਕੰਮ ਕਰਦਾ ਹੈ ਤੇ ਉਸ ਦੇ ਨਸੀਬਾ ਪਲਾਂ ਵਿੱਚ ਉਹ ਖੁੱਲ੍ਹ ਨਹੀਂ ਜਿਹੜੀ ਕਵਿਤਾ ਵਿੱਚ ਪ੍ਰੋ ਮੋਹਨ ਸਿੰਘ ਅੰਮ੍ਰਿਤਾ ਪ੍ਰੀਤਮ ਤੇ ਸ਼ਿਵ ਕੁਮਾਰ ਬਟਾਲਵੀ ਨੇ ਮਾਣੀ ਹੈ।

## 4. ਬਿਰਤਾਂਤਮਈ ਵਾਰਤਕ

ਕਈ ਵਾਰ ਇਹ ਵੇਖਿਆ ਜਾਂਦਾ ਹੈ ਕਿ ਵਾਰਤਕ ਲਿਖਾਰੀ ਕਿਸੇ ਘਟਨਾ ਜਾਂ ਸਥਿਤੀ ਨੂੰ ਚੁਣ ਕੇ ਉਸ ਦਾ ਵਿਵਰਣ ਦੇਣ ਲੱਗ ਪੈਂਦਾ ਹੈ ਇਸ ਤਰ੍ਹਾਂ ਦੀ ਵਾਰਤਕ ਨੂੰ ਅਸੀਂ ਬਿਰਤਾਂਤ ਪ੍ਰਧਾਨ ਵਾਰਤਕ ਜਾਂ ਬਿਰਤਾਂਤਮਈ ਵਾਰਤਕ ਆਖਦੇ ਹਨ ਅਜਿਹੀ ਵਾਰਤਕ ਬਾਹਰਮੁਖੀ ਹੁੰਦੀ ਹੈ ਤੇ ਲਿਖਾਰੀ ਤੇ ਆਪਣੇ ਮਨੋਭਾਵਾਂ ਤੋਂ ਆਮ ਕਰਕੇ ਵਾਂਝਿਆ ਰਹਿੰਦੀ ਹੈ।

## 5. ਦਰਸ਼ਨਿਕ ਵਾਰਤਕ

ਜਦੋਂ ਕੋਈ ਬੌਧਿਕ ਵਿਚਾਰ ਪਾ ਜਾਏ ਕਿ ਉਹ ਆਪਣੇ ਸੰਕਲਪ ਆਤਮਿਕ ਰੂਪ ਵਿੱਚ ਨਿਖਾਰ ਆਵੇ ਤਾਂ ਉਦੋਂ ਦਰਸ਼ਨ ਹੋਂਦ ਵਿਚ ਆਉਂਦਾ ਹੈ ਦਰਸ਼ਨ ਦਾ ਬੁਨਿਆਦੀ ਸਥਲ ਹਾਰਦਿਖ ਤੇ ਅਣਦਿੱਖ ਸੋਮੇ ਨੂੰ ਬੌਧਿਕ ਪੱਧਰ ਤੋਂ ਜਾਨਣਾ ਹੈ। ਕਈ ਵਾਰ ਸਾਹਿਤਕਾਰ ਆਪਣੀ ਗਾਇਨ

ਮੰਡਲੀ ਵਿਚ ਇਨ੍ਹਾਂ ਲਹਿ ਜਾਂਦਾ ਹੈ ਕਿ ਉਸ ਦਾ ਵਿਚਾਰ ਖੇਤਰ ਦਰਸ਼ਨਿਕ ਹੋ ਨਿਬੜਦਾ ਹੈ ਵੀ ਸਿੱਖ ਧਰਮ ਇਤਿਹਾਸ ਮਿਥਿਹਾਸ ਜੀਵਨ ਦਰਸ਼ਨ ਵਖਿਆਨ ਦੇ ਪ੍ਰਮੁੱਖ ਵਿਸ਼ੇ ਹਨ।

## 6. ਪੇਸ਼ਕਾਰੀ

ਮਨੁੱਖੀ ਜਾਤੀ ਚਾਹੇ ਕਿੰਨੀ ਵੀ ਬੌਧਿਕ ਕਿਉਂ ਨਾ ਹੋ ਜਾਏ ਕਵਿਤਾ ਤੋਂ ਦੂਰ ਨਹੀਂ ਜਾ ਸਕਦੀ ਅਜਿਹਾ ਕਿਰਦਾਰ ਉਸ ਦੀ ਵਾਰਤਕ ਨੂੰ ਕਾਵਿਕ ਬਣਾ ਦਿੰਦਾ ਹੈ ਅਜਿਹੀ ਵਾਰਤਕ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਮਾਵਾਂ ਵਿਸ਼ੇਸ਼ਣਾਂ ਤੇ ਅਲੰਕਾਰਾਂ ਤੇ ਨਾ ਬਿਆਨ ਨੂੰ ਸ਼ਿੰਗਾਰਿਆ ਜਾਂਦਾ ਹੈ ਅਜਿਹੀ ਵਾਰਤਕ ਵਧੇਰੇ ਕਰਕੇ ਕਲਪਨਾ ਦਾ ਪ੍ਰੀਖਣ ਅਹਿਸਾਸ ਹੋਵੇਗਾ ਅਤੇ ਕਈ ਵਾਰੀ ਵਾਰਤਕ ਵਿਚ ਲੋੜੀਂਦੀ ਅਭਿਆਸ ਪ੍ਰਧਾਨ ਰੁਚੀ ਦਾ ਪ੍ਰਭਾਵ ਜਾਪੇਗਾ।

## 7. ਉਦੇਸ਼

ਸਾਹਿਤ ਰਚਨਾ ਕਿਸੇ ਉਦੇਸ਼ ਨੂੰ ਸਨਮੁੱਖ ਰੱਖ ਕੇ ਕੀਤੀ ਜਾਂਦੀ ਹੈ ਆਪ ਮੁਹਾਰੇ ਸਾਹਿਤਕ ਲਗਨ ਪੈਦਾ ਹੁੰਦੀ ਹੈ ਸਾਹਿਤ ਨਹੀਂ। ਕੋਈ ਸਾਹਿਤਕਾਰ ਕਲਮ ਤਾਂ ਹੀ ਚੁੱਕਦਾ ਹੈ ਜਦੋਂ ਉਸ ਦਾ ਅੰਤਰੀਵ ਕੁਝ ਕਹਿਣ ਨੂੰ ਕੁਝ ਕਰਨ ਨੂੰ ਪਾਠਕ ਨਾਲ ਮੇਲ ਮਿਲਾਪ ਕਰਨ ਨੂੰ ਕਰਦਾ ਹੈ ਸੰਸਾਰ ਵਿੱਚ ਕੋਈ ਵੀ ਚੀਜ਼ ਉਦੇਸ਼ ਹੀਣ ਨਹੀਂ ਕੁਦਰਤ ਦਾ ਅਜਿਹਾ ਪਸਾਰਾ ਹੈ ਕਿ ਛੋਟੀ ਤੋਂ ਛੋਟੀ ਚੀਜ਼ ਦੀ ਆਮਦ ਇਕ ਸੰਦੇਸ਼ ਇਕ ਉਦੇਸ਼ ਕਰਕੇ ਜਾਣੀ ਜਾਂਦੀ ਹੈ।

## 8. ਪ੍ਰਚਾਰਆਤਮਕ

ਸਾਹਿਤ ਵਿੱਚ ਕੋਈ ਦ੍ਰਿਸ਼ਟੀ ਸਾਕਾਰ ਹੁੰਦੀ ਹੈ ਸਾਹਿਤਕਾਰ ਆਪਣੀ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ ਪਾਠਕਾਂ ਨੂੰ ਕੋਈ ਜੀਵਨ ਮਾਰਗ ਦੱਸਦਾ ਹੈ ਇਹ ਕੰਮ ਚੇਤਮਈ ਵੀ ਹੋ ਸਕਦਾ ਹੈ ਤੇ ਅਚੇਤ ਮਈ ਵੀ। ਨਵੀਨ ਯੁੱਗ ਵਿੱਚ ਵਾਰਤਕ ਨੂੰ ਪ੍ਰਚਾਰ ਦਾ ਇੱਕ ਜ਼ੋਰ ਦਾ ਸਾਧਨ ਸਮਝਿਆ ਜਾਂਦਾ ਹੈ।

## ਪੁਰਾਤਨ ਵਾਰਤਕ ਦੇ ਲੱਛਣ

ਵਾਰਤਕ ਦਾ ਮੁੱਖ ਖੇਤਰ, ਧਰਮ ਅਤੇ ਗੁਰੂ ਨਾਨਕ ਦੇਵ ਦੀ ਵਿਚਾਰਧਾਰਾ ਹੈ ।ਧਰਮ ਅਤੇ ਨੈਤਿਕਤਾ ਚ ਨਾਲ ਉਤਪੋਤ ਹਨ । ਇਸ ਲਈ ਸਾਡਾ ਵਿਚਾਰ ਖੇਤਰ ਧਰਮ ਅਤੇ ਨੈਤਿਕਤਾ ਨੂੰ ਆਪਣੀ ਲਪੇਟ ਵਿਚ ਲੈਂਦਾ ਹੈ ।

1. ਵਿਆਖਿਆ
2. ਬਿਰਤਾਂਤ
3. ਮਨ ਤਰੰਗ
4. ਕਲਪਨਾ
5. ਸੁਭਾਸ਼ਨ
6. ਏਕਤਾ

ਹੁਣ ਇਨ੍ਹਾਂ ਬਾਰੇ ਵਿਸਥਾਰ ਸਹਿਤ ਗੱਲ ਕਰਾਂਗੇ ।

## 1. ਵਿਆਖਿਆ

ਆਪਣੇ ਆਪ ਨੂੰ ਤਰਕਵਾਦੀ ਤਿਆਰ ਕਰਨ ਦੀ ਕਲਾ ਨੂੰ ਹੀ ਵਿਆਖਿਆ ਆਖਦੇ ਹਨ ।ਠੀਕ ਅਤੇ ਸਟੀਕ ਢੰਗ ਨਾ ਪ੍ਰਤੀਕਾਂ ਦੀ ਵਰਤੋਂ ਸਪੱਸ਼ਟ ਅਭਿਵਿਅਕਤੀ ਦੀ ਅਤੇ ਇਸੇ ਕਰਕੇ ਚੰਗੀ ਵਾਰਤਕ ਦੀ ਬੁਨਿਆਦ ਹੈ ।ਚੰਗੀ ਵਾਰਤਕ ਕੇਵਲ ਸਪਸ਼ਟ ਅਭਿਵਿਅਕਤੀ ਤਕ ਹੀ ਸੀਮਤ ਨਹੀਂ ,ਇਸ ਦੇ ਭਾਵਤਮਕ ਪ੍ਰਯੋਗ ਵੀ ਹਨ। ਪਰ ਚੰਗੇ ਵਿਆਖਿਆਤਮਕ ਵਾਰਤਕ ਇਕ ਢਾਂਚੇ ਵਿੱਚ ਪ੍ਰਤੀਕਾਂ ਦਾ ਸੰਗਠਨ ਹੈ ਜਿਸ ਨੂੰ ਅਸੀਂ ਤਰਕ ਕਹਿ ਸਕਦੇ ਹਾਂ।

**2. ਬਿਰਤਾਂਤ** ਬਿਰਤਾਂਤ ਦੋ ਪ੍ਰਕਾਰ ਦਾ ਹੈ ਵਾਪਰੀਆਂ ਘਟਨਾਵਾਂ ਨੂੰ ਬਿਆਨ ਕਰਨ ਵਾਲਾ ਅਤੇ ਬੀਤੇ ਜਾਂ ਪਦਾਰਥਕ ਦੁਨੀਆਂ ਦਾ ਚਿਤਰਨ ਕਰਨ ਵਾਲਾ।

**3. ਮਨ-ਤਰੰਗ** ਹਰਬਰਟ ਸਰੀਰ ਨੇ ਮਨ ਤਰੰਗ ਅਤੇ ਕਲਪਨਾ ਦੇ ਸੂਖਮ ਭੇਦ ਨੂੰ ਇਸ ਤਰ੍ਹਾਂ ਪ੍ਰਗਟ ਕੀਤਾ ਹੈ: " ਮਨ ਤਰੰਗ ਇੱਕ ਪ੍ਰਕਿਰਿਆ ਚੰਚਲਤਾ ਅਥਵਾ ਲੋਰ ਹੈ।ਇਸ ਨੂੰ .ਖ਼ਬਤ ਜਾਂ ਮੌਜੀ ਅਵਿਸ਼ਕਰਤਾ ਵੀ ਕਿਹਾ ਜਾ ਸਕਦਾ ਹੈ। ਕਲਪਨਾ ਇੱਕ ਰਚਨਾਤਮਕ ਸ਼ਕਤੀ ਹੈ , ਜਿਸ ਨੂੰ ਸੁਪਨਦਰਸ਼ੀ ਸੰਕਲਪ ਵੀ ਕਹਿ ਸਕਦੇ ਹਾਂ। ਪਰ ਮਨ ਤਰੰਗ ਦੀ ਸ਼ੈਲੀ ਵਿਆਖਿਆ ਵਾਲੀ ਹੈ ਜਦੋਂ ਕਿ ਕਲਪਨਾ ਦੀ ਸ਼ੈਲੀ ਬਿਰਤਾਂਤਕ ਹੈ।

**4. ਕਲਪਨਾ** ਕਲਪਨਾ ਮਨ ਦੀ ਰਚਨਾਤਮਕ ਸ਼ਕਤੀ ਹੈ ਕਲਪਨਾ ਵਿਸ਼ੇਸ਼ ਤੌਰ ਤੇ ਬਿਰਤਾਂਤਕ ਵਾਰਤਕ ਦਾ ਅੰਗ ਹੁੰਦੀ ਹੈ ਜਦੋਂ ਕਿ ਲਿਖਾਰੀ ਕਿਸੇ ਘਟਨਾ ਸਥਲ ਉੱਤੇ ਕਈ ਪ੍ਰਕਾਰ ਦੇ ਬਿੰਬਾਂ ਦਾ ਨਿਰਮਾਣ ਕਰਦਾ ਹੈ।ਲਿਖਾਰੀ ਦੀ ਕਲਪਨਾ ਨੇ ਅਨੇਕਾਂ ਬਿੰਬਾਂ ਰਾਹੀਂ ਨਵਾਂ ਸੰਸਾਰ ਰਚ ਦਿੱਤਾ ਹੈ ।

**5. ਸੁਭਾਸ਼ਣ** ਸੁਭਾਸ਼ਣ ਨੂੰ ਵਿਆਖਿਆ ਦੀ ਕਲਾ ਹੈ ਜਿਸ ਵਿਸ਼ੇ ਦੀ ਮਹਾਨਤਾ ਦੀ ਅੰਤਰ-ਦਰਸ਼ੀ ਪਕੜ ਜਾਨਦਾਰ ਬਣਦੀ ਹੈ। ਸੁਭਾਸ਼ਣ ਸ਼ਬਦਾਂ ਦਾ ਵੀ ਹੋ ਸਕਦਾ ਹੈ ਤੇ ਵਿਚਾਰਾਂ ਦਾ ਵੀ। ਪਰ ਜਿਹੜਾ ਭਾਸ਼ਣ ਨਿਰਾ ਸ਼ਬਦਾਂ ਦਾ ਹੈ ,ਜੋ ਸ਼ਕਤੀਹੀਨ ਹਨ ,ਉਸ ਨੂੰ ਸੱਜ-ਧੱਜ ਜਾਂ ਸੂਝ- ਬੂਝ ਦਾ ਨਾਂ ਦਿੱਤਾ ਜਾ ਸਕਦਾ ਹੈ।ਲਾਰੇਂਸ ਸਟਰਨ ਉਦੇਸ਼ ਅਵਦਾਨ ਦ੍ਰਿਸ਼ ਸੁਭਾਸ਼ਣ ਦੋ ਪ੍ਰਕਾਰ ਦਾ ਹੈ। ਪਹਿਲਾ ਸੱਜ ਧੱਜ ਵਾਲਾ ਜੋ ਅਸਲ ਪਤਲਾ ਹੁੰਦਾ ਹੈ ਅਤੇ ਦੂਜਾ ਸਾਦਗੀ ਵਾਲਾ ਪਰ ਬਿਬੇਕ ਬੁੱਧ ਵਾਲਾ । ਦੂਜੀ ਪ੍ਰਕਾਰ ਦਾ ਸੁਭਾਸ਼ਣ ਧਰਮ ਗਰੰਥਾਂ ਨਾਲ ਸਬੰਧਤ ਹੁੰਦਾ ਹੈ ਅਸਲੀ ਸੁਭਾਸ਼ਣ ਅੰਤਰਦਰਸ਼ੀ ਪ੍ਰਕਿਰਤੀ ਵਾਲਾ ਹੁੰਦਾ ਹੈ ਅਸੀਂ ਸੁਭਾਸ਼ਣ ਦੇ ਤਿੰਨ ਖਾਸੇ ਹਨ :

1. ਇੱਕ ਚੰਗਾ ਵਿਸ਼ਾ

2. ਇੱਕ ਸੁਹਿਰਦ ਅਤੇ ਆਵੇਗ-ਪੂਰਣ ਮਨ ਅਤੇ

3. ਦ੍ਰਿੜ੍ਹਤਾ ਦੀ ਸ਼ਕਤੀ ।

**6. ਏਕਤਾ** ਚੰਗੀ ਰਚਨਾ ਦੇ ਸਾਰੇ ਨਿਯਮਾਂ ਦਾ ਮਨੋਰਥ ਵਿਸ਼ੇ ਅਤੇ ਉਸ ਨਾਲ ਜੁੜੇ ਸ਼ਬਦਾਂ ਦੀ ਇਕਾਈ ਨੂੰ ਕਾਇਮ ਰੱਖਣਾ ਹੈ। ਕਿਸੇ ਪਦ, ਵਾਕ ,ਪੈਹਰੇ ,ਸਮੁੱਚੀ ਰਚਨਾਂ, ਗੀਤ , ਨਿਬੰਧ ਨੂੰ ਅਜਿਹੀ ਵਿਸ਼ੇ- ਗਤ ਅਤੇ ਭਾਸ਼ਾਈ ਇਕਾਈ ਵਿਚ ਪਰੋਣ ਲਗਿਆਂ ਸ਼ੈਲੀ ਨਿਸ਼ਚਿਤ ਹੋਣੀ ਚਾਹੀਦੀ ਹੈ । ਸਮੇਂ , ਸਥਾਨ ਅਤੇ ਕਾਰਜ ਦੀ ਏਕਤਾ ਲੋੜੀਂਦੀ ਹੈ ।ਇੱਕ ਚੰਗਾ ਲੇਖਕ ਇੱਕ ਚੰਗਾ ਸ਼ੈਲੀਕਾਰ ਵੀ ਹੁੰਦਾ ਹੈ। ਕਲਾਤਮਕ ਇਕਾਈ ਲਈ ਘੱਟੋ ਘੱਟ ਤਿੰਨ ਗੁਣਾਂ ਦਾ ਹੋਣਾ ਜ਼ਰੂਰੀ ਹੈ ।

**1. ਪ੍ਰਸੰਗਿਕਤਾ**

**2. ਸੁਮੇਲਤਾ ਤੇ**

**3. ਤਰਤੀਬ**

ਜੋ ਕੁੱਝ ਲਿਖਿਆ ਹੋਵੇ, ਉਹ ਕੇਂਦਰੀ ਬਿੰਦੂ ਨਾਲ ਸਬੰਧਿਤ ਹੋਵੇ। ਰਚਨਾ ਵਿੱਚ ਬੇਲੋੜਾ ਵਿਸਥਾਰ ਨਾ ਹੋਵੇ ਅਤੇ ਤਰਤੀਬ ਸੁਯੋਗ ਅਤੇ ਰੌਚਕਤਾ ਭਰਪੂਰ ਹੋਵੇ । ਪੰਜਾਬੀ ਵਾਰਤਕ ਵਿਚ ਕੋਈ ਵੀ ਵਿਧਾ, ਭਾਵੇਂ ਉਹ ਵਰਨਨਿਕ ਜਾਂ ਬਿਰਤਾਂਤਿਕ ਉਸ ਦੀ ਰੌਚਿਕਤਾ ਦਾ ਆਧਾਰ ਰਚਨਾ ਦੀ ਇਕਾਈ ਹੈ।

**ਵਾਰਤਕ ਦੀਆਂ ਵਿਸ਼ੇਸ਼ਤਾਵਾਂ:-**1. ਜਿਸ ਵਾਰਤਕ ਬਾਰੇ ਅਸੀ ਗਲ ਕਰ ਰਹੇ ਹਾਂ, ਉਹ ਸਾਧਾਰਣ ਵਾਰਤਕ ਨਹੀ। ਉਹ ਸਾਹਿਤਕ ਵਾਰਤਕ ਜਾਂ ਕਲਾਤਮਕ ਵਾਰਤਕ ਹੈ। ਅਜਿਹੀ ਵਾਰਤਕ ਦੀ ਪ੍ਰਸੰਸਾ ਲਈ ਇਸ ਦੇ ਲੱਛਣਾ ਨੂੰ ਜਾਣਨਾ ਜਰੂਰੀ ਹੈ। ਡਾ. ਮੋਹਨ ਸਿੰਘ ਦਾ

ਵਿਚਾਰ ਹੈ: ਵਾਰਤਕ ਦੇ ਸ਼ਬਦਾਂ ਵਿੱਚ ਇੰਨੀ ਲੈਅ, ਸੁਰਤਾਲ ਹੋਣੀ ਚਾਹੀਦੀ ਹੈ ਕਿ ਉਹ ਗਾਉਂਦੀ ਜਾਪੇ ਤੇ ਸਰੋਤਾ ਉਹਨੂੰ ਕੰਨਾਂ ਨਾਲ ਵੇਖਦਾ ਜਾਪੇ। ਉਹ ਸੰਗੀਤਮਈ ਹੋਵੇ। ਇਸੇ ਲਈ ਉੱਤਮ ਗੱਦ ਵਿੱਚ ਉੱਤਮ ਕਾਵਿ ਰਚਨਾ ਨਾਲੋਂ ਵੱਧ ਮਿਹਨਤ ਤੇ ਸੋਚ ਲਗਦੀ ਹੈ।

2. ਵਾਰਤਕ ਦੀ ਰੂਪ ਬੌਧਿਕ ਬਿਆਨਕਾਰੀ ਹੈ ਅਰਥਾਤ ਵਾਰਤਕ ਵਿਚੋਂ ਜੇ ਬੌਧਿਕ ਅੰਸ਼ ਕੱਢ ਲਵੋ ਤਾਂ ਬਾਕੀ ਜਿੰਦਹੀਨ ਸਰੀਰ ਹੀ ਰਹਿ ਜਾਂਦਾ ਹੈ। ਬੁੱਧੀ ਦਾ ਤੀਖਣ ਅਹਿਸਸ ਹੀ ਵਾਰਤਕ ਨੂੰ ਸਾਹਿਤ ਹੁਣ ਦੇ ਹੇਰਨਾ ਰੂਪਾ ਨਾਲੋਂ ਨਿਖੇਖੜਾ ਹੈ। ਇਸ ਤੋਂ ਇਹ ਨਹੀਂ ਸਮਝ ਲੈਣੇ ਚਾਹੀਦਾ ਹੈ ਕਿ ਵਾਰਤਕ ਵਿੱਚ ਕੇਵਲ ਖ਼ਸ਼ਕ ਤੇ ਉਕਾਊ ਵਿਸ਼ਿਆ ਦਾ ਹੀ ਬਿਆਨ ਹੁੰਦਾ ਹੈ। ਆਪਣੇ ਆਪ ਵਿੱਚ ਕੋਈ ਵਿਸ਼ੇ ਖ਼ਸ਼ਕ ਜਾ ਭਾਵਕ ਨਹੀਂ ਹੁੰਦਾ। ਇਹ ਤਾਂ ਪੇਸ਼ਕਾਰੀ ਦਾ ਢੰਗ ਹੁੰਦਾ ਹੈ ਜਾਂ ਸਾਹਿਤਕਾਰ ਦੀ ਦ੍ਰਿਸ਼ਟੀ ਜਾਂ ਉਸ ਦਾ ਦ੍ਰਿਸ਼ਟੀਕੋਣ ਹੁੰਦਾ ਹੈ ਜਿਹੜਾ ਕਿਸੇ ਵਿਸ਼ੇ ਨੂੰ ਬੌਧਿਕ ਜਾ ਭਾਵੁਕ ਬਣਾਉਂਦਾ ਹੈ।

3. ਸਾਹਿੱਤ ਦਾ ਪ੍ਰਮੁੱਖ ਪ੍ਰਯੋਜਨ ਪਾਠਕ ਨੂੰ ਪ੍ਰੇਰਨਾ ਦੇਣਾ ਹੁੰਦਾ ਹੈ ਤੇ ਪ੍ਰਰੇਨਾ ਦਾ ਮੂਲ ਆਧਾਰ ਭਾਵ ਹੁੰਦੇ ਹਨ। ਇਹ ਠੀਕ ਹੈ ਕਿ ਕਈ ਵਾਰ ਭਾਵ ਇਸ ਤਰ੍ਹਾਂ ਮਾਜੇ ਤੇ ਲਿਸ਼ਕਾਰੇ ਜਾਂਦੇ ਹਨ ਕਿ ਉਹ ਮਾਨਵ ਚੇਤਨਤਾ ਦਾ ਅੰਗ ਬਣ ਜਾਂਦੇ ਹਨ। ਪਰ ਬੁੱਧੀ ਪ੍ਰਧਾਨ ਸੰਕਲਪ ਤੇ ਸਾਹਿਤ, ਭਾਵੁਕਤਾ ਦੀ ਮੰਜ਼ਲ ਲੰਘ ਕੇ ਆਉਂਦੀ ਹੈ। ਇਨਸਾਨੀ ਬੁਨਿਆਦੀ ਤੌਰ ਤੇ ਭਾਵੁਕ ਹੈ। ਬਾਹਰਲਾ ਅਧਿਐਨ ਹੀ ਉਸ ਨੂੰ ਬੌਧਿਕ ਵਾਯੂਮੰਡਲ ਪ੍ਰਦਾਨ ਕਰਦਾ ਹੈ। ਅੰਦਰਲਾ ਗਿਆਨ ਤਾਂ ਦੁਨਿਆਵੀ ਜੀਵਾਂ ਦੇ ਹਿੱਸੇ ਘਟ ਹੀ ਆਉਂਦਾ ਹੈ। ਇਸ ਲਈ ਪਾਠਕ ਨੂੰ ਪ੍ਰੇਰਿਤ ਕਰਨ ਲਈ ਭਾਵੁਕਤਾ ਵਾਰਤਕ ਦਾ ਇੱਕ ਲੱਛਣ ਕਰ ਕੇ ਜਾਣਿਆ ਜਾਦਾ ਹੈ।4

4. ਕੋਈ ਨਾ ਕੋਈ ਨਵਾਂ, ਡੂੰਘਾ ਅਤੇ ਸਮਾਜ ਦੇ ਲਾਭ ਦਾ ਵਿਚਾਰ ਵਾਰਤਕ ਦਾ ਵਿਸ਼ੇ ਹੋਣਾ ਚਾਹੀਦਾ ਹੈ। ਧਰਮ, ਰਾਜਨੀਤੀ, ਅਰਥ, ਸਭਿਅਤਾ ਦਰਸ਼ਨ, ਵਿਗਿਆਨ ਆਦਿ ਸਭ ਸਮਾਜ ਦੇ ਹੀ ਅੰਗ ਹਨ, ਸੋ ਵਾਰਤਕ ਦਾ ਵਸਤੂ ਭਾਵੇਂ ਸਮਾਜ ਦੇ ਕਿਸੇ ਅੰਗ ਨਾਲ ਸੰਬੰਧਿਤ ਹੋਵੇ ਪਰੰਤੂ ਇਸ ਵਿੱਚ ਪ੍ਰਗਟਾਏ ਵਿਚਾਰ ਐਸੇ ਹੋਣੇ ਚਾਹੀਦੇ ਹਨ ਜੋ ਸਮਾਜ ਦਾ ਕਲਿਆਣ ਕਰਨ, ਮਹੱਤਵਪੂਰਨ ਹੋਣ ਅਤੇ ਸਮਾਜ ਨੂੰ ਉੱਨਤ ਕਰਨ ਵਿੱਚ ਸਹਾਈ ਹੋਣਾ। ਇਸ ਮੰਤਵ ਵਿੱਚ ਸਫਲਤਾ ਤਾਂ ਹੀ ਸੰਭਵ ਹੈ ਜੇਕਰ ਲੇਖਕ ਇੱਕ ਸੁਲਝਿਆ ਹੋਇਆ ਬੁੱਧੀਮਾਨ ਅਤੇ ਉੱਤਮ ਵਿਚਾਰਾ ਵਾਲਾ ਹੋਵੇ ਅਤੇ ਉਸ ਦੇ ਗਿਆਨ ਦਾ ਘੇਰਾ ਬੜਾ ਵਿਸ਼ਾਲ ਹੋਵੇ।

5. ਵਾਰਤਕ ਰਚਦਿਆ ਲੇਖਕ ਕਿਤੇ ਕਹਾਣੀ ਵਰਣਨ ਕਰੇ, ਕਿਤੇ ਨਾਟਕੀ ਵਾਰਤਾਲਾਪ ਦੀ ਵਰਤੋਂ ਕਰੇ, ਕਿਤੇ ਵਿਆਖਿਆ ਕਰੇ, ਆਪਣੇ ਮੱਤ ਨੂੰ ਸਹੀ ਸਾਬਤ ਕਰਨ ਲਈ ਕਵੀਆਂ ਤੇ ਵਿਦਵਾਨਾਂ ਦੇ ਕਥਨ ਉਦਾਹਰਨ ਵਜੋਂ ਦੇਵੇ ਅਤੇ ਕਿਤੇ ਦਲੀਲ ਜਾਂ ਜੁਗਤਿ ਦੀ ਵਰਤੋਂ ਕਰੇ ਜਾਂ ਹਵਾਲੇ ਦੇਵੇ। ਵਾਰਤਕ ਵਿੱਚ ਇਨ੍ਹਾਂ ਸਾਰਿਆਂ ਢੰਗਾ ਦਾ ਥੋੜਾ ਬਹੁਤ ਰੰਗ ਮਿਲਿਆ ਹੋਣਾ ਚਾਹੀਦਾ ਹੈ।

6. ਇੱਕਸਾਰ ਤੇ ਢੁਕਵੇਂ ਸ਼ਬਦਾਂ ਦੇ ਮੇਲ ਨਾਲ ਵਾਕ ਬਣਦੇ ਹਨ। ਇਨ੍ਹਾਂ ਵਾਕਾਂ ਦਾ ਮੁੱਢਲਾ ਕੰਮ ਵਿਸ਼ੇ ਦਾ ਸਹੀ ਪ੍ਰਗਟਾਉ ਹੈ। ਇਨ੍ਹਾਂ ਦੀ ਸੁੰਦਰ ਤਰਤੀਬ ਜਿਵੇਂ ਕਿਧਰੇ ਵਾਕ ਦਾ ਲੰਮਾ ਹੋਣਾ ਕਿਧਰੇ ਛੋਟਾ, ਸਿੱਧਾ-ਟੇਡਾ, ਲਹਾ-ਚੜ੍ਹਾਂ ਵਾਲਾ ਵਾਕ ਹੋਣਾ, ਕਿਧਰੇ ਧਾਰਣ ਵਾਕ ਹੋਣਾ ਆਦਿ ਢੰਗ, ਵਾਰਤਕ ਨੂੰ ਉੱਤਮ ਬਣਾਉਂਦੇ ਹਨ। ਵਾਰ ਸੰਭਾਲਣ ਯੋਗ ਹੋਣੇ ਚਾਹੀਦੇ ਹਨ। ਹਰ ਵਾਰ ਕਿਸੇ ਬਿਆਨ, ਨਿਆਏ-ਗੋਂਦ, ਕਿਸੇ ਵਲਵਲੇ ਦੀ ਬਣਤਰ ਦਾ ਅੰਗ ਹੋਣਾ ਚਾਹੀਦਾ ਹੈ ਜੋ ਸਮੂਹ ਭਾਵ-ਰੂਪੀ ਸੰਗਲੀ ਦੀ ਇੱਕ ਕੜੀ ਵਾਂਗ ਹੋਵੇ। ਇੱਕ ਭਾਵ ਨੂੰ ਪ੍ਰਗਟਾਉਣ ਵਾਲੇ ਵਾਕ ਇੱਕ ਪੈਰੇ ਵਿੱਚ ਹੋਣ ਅਤੇ ਅਗੋਂ ਪੈਰਿਆਂ ਦੀ ਤਰਤੀਬ ਵਿਸ਼ੇ ਦੀ ਚਾਲ ਨਾਲ ਢੁਕਵੀ ਹੋਵੇ।

7. ਕਿਸੇ ਲੇਖ ਵਿੱਚ ਗੁੰਦਵਾਂ ਜਾ ਬਝਵਾਂ ਰਸ ਨਹੀਂ, ਤਾ ਉਹਦੇ ਵਿੱਚ ਵਿਚਾਰਾਂ ਦੀ ਇਕਾਈ ਦੀ ਘਾਟ ਹੈ। ਲਿਖਤ ਦੇ ਆਦਿ ਤੋਂ ਲੈ ਕੇ ਅੰਤ ਤਕ ਜਿਹੜਾ ਵੱਡਾ ਪ੍ਰਭਾਵ ਕੰਮ ਕਰਦਾ ਹੈ ਉਸਨੂੰ ਇਕਾਈ ਕਹਿੰਦੇ ਹਨ। ਜਿਥੇ ਲੇਖਕ ਇਕਾਈ ਨਿਬਾਹੁਣ ਵਿੱਚ ਰਸ ਲੈਂਦਾ ਹੈ, ਉਥੇ ਪਾਠਕ ਉਸ ਇਕਾਗੀ ਨੂੰ ਮਾਣਨ ਵਿੱਚ ਬਝਵੀਂ ਇਕਾਈ ਕਈ ਵਾਰੀ ਪਾਠਕ ਨੂੰ ਅਜਿਹੀ ਖਿੱਚ ਪਾਉਂਦੀ ਹੈ ਕਿ ਉਹ ਲਿਖਤ ਨੂੰ ਖ਼ਤਮ ਕੀਤੇ ਬਗੈਰ ਉਠ ਨਹੀਂ ਸਕਦਾ, ਮਾਨੋ ਰਚਨਾ ਦੀ ਇਕਾਈ ਉਸਨੂੰ ਕੈਦ ਕਰ ਲੈਂਦੀ ਹੈ।

8. ਪੁਸਤਕ ਨੂੰ ਹੱਥੋ ਛੱਡਣ ਤੇ ਉਹਦਾ ਜੀਅ ਨਹੀਂ ਕਰਦਾ, ਲਿਖਾਰੀ ਨੂੰ ਚਾਹੀਦਾ ਹੈ ਕਿ ਆਪਣੇ ਸਮੇ ਦੇ ਪਾਠਕ ਦੀ ਦਸ਼ਾਂ ਅਨੁਸਾਰ ਆਪਣੀ ਰਚਨਾ ਦੀ ਇਕਾਈ ਨੂੰ ਢਾਲੇ। ਕੋਈ ਗਏ ਕਾਇਮ ਕਰਨ ਤੋ ਪਹਿਲਾ ਪਾਠਕ ਨੂੰ ਚਾਹੀਦਾ ਹੈ ਕਿ ਉਹ ਲਿਖਤ ਦੀ ਆਤਮਾ ਦੇ ਅੰਦਰ ਜਾ ਕੇ ਉਹਦੇ ਨਾਲ ਇੱਕ ਕਿਮ ਹੋ ਜਾਏ ਅਤੇ ਜੁੱਸੇ ਨੂੰ ਚੰਗੀ ਤਰ੍ਹਾਂ ਜਾਂਚੇ ਤੇ ਸਮਝੇ।

9. ਭਾਵ ਅਤੇ ਵਿਚਾਰ ਨੂੰ ਸੁਹਜ ਦੇਣ ਲਈ ਅਲੰਕਾਰਾ ਦੀ ਵਰਤੋਂ ਕੀਤੀ ਜਾਂਦੀ ਹੈ। ਸਾਬਦਿਕ ਸ਼ਹਜ ਨੂੰ ਪ੍ਰਗਟ ਕਰਨ ਵਾਲੇ ਸ਼ਬਦਾਲੰਕਾਰ ਹਨ ਅਤੇ ਅਰਥ ਪੇਦ ਨੂੰ ਉਘਾੜਨ ਵਾਲੇ ਅਰਥਾਲੰਕਾਰ। ਅਲੰਕਾਰ ਸੁਹਜ ਸੁੰਦਰਤਾ ਲਈ ਇੱਕ ਭਾਰ ਜਿਹਾ ਹੋ ਜਾਂਦਾ ਹੈ। ਗਿਹਣੇ ਚੰਗੇ ਹੁੰਦੇ ਹਨ, ਪਰ ਕਿਸੇ ਸਜਣੀ ਨੂੰ ਗਹਿਣਿਆਂ ਨਾਲ ਲਦ ਦੇਣਾ ਵੀ ਸੁੰਦਰਤਾ ਲਈ ਹਾਨੀਕਾਰਕ ਹੁੰਦਾ ਹੈ। ਚੰਗੀ ਵਾਰਤਕ ਵਾਧੂ ਅਲੰਕਾਰ ਤੋਂ ਸੰਕੋਚ ਕਰਦੀ ਹੈ।

10. ਉਹ ਵਾਰਤਕ ਅਸਤਾਮਈ ਬ੍ਰਿਤੀ ਨਾਲ ਪੂਰਨ ਨਿਸ਼ਟਾ ਅਧੀਨ ਰਚੀ ਗਈ ਰਚਨਾ ਹੈ। ਲੇਖਕ ਦੀ ਰਚਨਾ ਨਾਲ ਅਥਵਾ ਉਸ ਵਿੱਚ ਪ੍ਰਗਟਾਏ ਗਏ ਵਸਤੂ ਨਾਲ ਇੱਕ ਭਾਵਕ ਸਾਂਝ ਹੈ। ਇੱਕ ਦ੍ਰਿਸ਼ਟੀ ਤੇ ਵੇਖਿਆ ਇਹ ਰਚਨਾਵਾਂ ਲੇਖਕਾ ਦੇ ਆਪਣੇ ਜੀਵਨ ਦਾ ਹੀ ਪ੍ਰਗਟਾ ਬਣਦੀਆਂ ਹਨ। ਉਹ ਇਹ ਰਚਨਾ ਕਰ ਕੇ ਇੱਕ ਧਾਰਮਿਕ ਤ੍ਰਿਪਤੀ ਪ੍ਰਾਪਤ ਕਰਦੇ ਹਨ। ਤੇ ਰਚਨਾ-ਕਿਰਿਆ ਸਮੇਂ ਇੱਕ ਉਦਾਤ ਮਾਨਸਿਕ ਅਵਸਥਾ ਦੇ ਧਾਰਨੀ ਬਣ ਜਾਂਦੇ ਹਨ। ਇਸ ਲਈ ਇਸ ਵਾਰਤਕ ਵਿੱਚ ਸਮੁੱਚੇ ਤੌਰ ਤੇ ਤਰਕ ਨਾਲੋਂ ਭਾਵਾਂ ਦਾ ਉਲੇਖ ਵਧੇਰੇ ਮਹੱਤਵ ਗ੍ਰਹਿਣ ਕਰ ਜਾਂਦਾ ਹੈ। ਵਿਚਾਰ ਦੀ ਉਸਾਰੀ ਦੀ ਥਾਂ ਵਿਚਾਰ ਦੇ ਪ੍ਰਗਟਾ ਵੱਲ ਰੁਚੀ ਵਧੇਰੀ ਹੈ। ਸਮਝਣ ਦੀ ਥਾਂ ਸੁਣਾਨ ਦਾ ਉਦੇਸ਼ ਪ੍ਰਮੁੱਖ ਹੈ। ਸ਼ਰਧਾਮਈ ਰੂਪ ਵਿੱਚ ਆਤਮ-ਧਰਕ ਬਿਰਤੀ ਨਾਲ ਲਿਖੀ ਹੋਈ ਹੋਣ ਕਰ ਕੇ ਹੀ ਹੈ ਕਿ ਅੱਜ ਇਸ ਵਿਚਲੀ ਅਧੀਨ ਪਾਠਕਾਂ ਦੇ ਕੇਵਲ ਇੱਕ ਵਰਗ ਨੂੰ ਹੀ ਹੈ।

11. ਭਾਵਨਾਵਾਂ ਨੂੰ ਭਾਵਨਾਵਾਂ ਦੀ ਪੱਧਰ ਤੇ ਬਿਆਨ ਕਰਨ ਦੀ ਰੁਚੀ ਅਥਵਾ ਇਸ ਦੇ ਪੂਰਵ-ਰਚਿਤ ਕਾਵਿ ਉੱਤੇ ਆਸ਼ਰਿਤ ਹੋਣ ਕਰ ਕੇ ਇਸ ਵਿੱਚ ਕਾਵਿਕ ਅੰਸ਼ ਵਧੇਰੇ ਹਨ। ਲੇਖਕਾਂ ਦਾ ਉਦੇਸ਼ ਵਿਚਾਰਾਂ ਦਾ ਭਾਵਕ ਪੱਧਰ ਉੱਤੇ ਸੰਚਾਰ ਕਰਨ ਦਾ ਹੀ ਹੈ। ਬੋਧਿਕ ਪੱਧਰ ਉੱਤੇ ਸੰਚਾਰ ਕਰਨ ਦਾ ਨਹੀਂ। ਅਸਲ ਵਿੱਚ ਇਸ ਵਾਰਤਕ ਦੀ ਵਸਤੂ ਹੀ ਬੋਧਿਕ ਨਾਲੋਂ ਭਾਵਕ ਪੱਧਰ ਦਾ ਵਧੇਰੇ ਹੈ। ਇਸ ਲਈ ਕਾਵਿ-ਤਤ ਇਸ ਵਿੱਚ ਸਹਿਜ ਰੂਪ ਵਿੱਚ ਹੀ ਵਿਦਮਾਨ ਹੋ ਜਾਂਦੇ ਹਨ ਵਿਚਾਰ-ਉਸਰੀ ਦੀ ਥਾਂ ਵਿਚਾਰ ਦੇ ਚਿੱਤਰਾਤਮਕ ਪ੍ਰਗਟਾ ਉੱਤੇ ਵਧੇਰੇ ਬਲ ਹੈ।

12. ਵਾਰਤਕ ਜਿਵੇਂ ਕਿ ਸਾਨੂੰ ਸ਼ੈਲੀਕਾਰ ਦੀ ਰਚਨਾ ਵਿੱਚ ਮਿਲਦੀ ਹੈ, ਆਮ ਬੋਲ ਚਾਲ ਨਾਲੋਂ ਬਹੁਤ ਭਿੰਨ ਹੁੰਦੀ ਹੈ। ਉਹਦੇ ਵਿਚੋਂ ਵਰਤੇ ਸ਼ਬਦਾ ਦਾ ਮਹੱਤਵ ਸਪੱਸ਼ਟ ਤੌਰ ਤੇ ਪ੍ਰਗਟ ਹੁੰਦਾ ਹੈ। ਉਹਦੇ ਵਿਚਲਾ ਸ਼ਬਦਾ ਦਾ ਢਾਂਚਾ ਵਾਰਤਾਕਾਰ ਦੀ ਕਲਾਤਮਕ ਜੁਗਤ ਨੂੰ ਦਰਸਾਉਂਦਾ ਹੈ। ਉਹਦੇ ਵਿੱਚ ਆਪਣਾ ਇੱਕ ਨਿਵੇਕਲਾ ਤਾਲ ਹੁੰਦਾ ਹੈ। ਜੋ ਪਾਠਕ ਨੂੰ ਗਿਆਨ ਦੇ ਨਾਲ-ਨਾਲ ਇੱਕ ਅਕਹਿ ਖੁਸ਼ੀ ਦਿੰਦਾ ਹੈ। ਉਹਦੇ ਵਿੱਚ ਵਾਕਾਂ ਨੂੰ ਇੱਕ ਸੁਚੱਜੇ ਢੰਗ ਨਾਲ ਤਰਤੀਬ ਦਿੱਤੀ ਹੁੰਦੀ ਹੈ ਅਤੇ ਵਿਆਕਰਨਿਕ ਸ਼ੁੱਧਤਾ ਦਾ ਪੂਰਾ ਖਿਆਲ ਹੁੰਦਾ ਸੀ।

**ਸਾਰੰਸ਼:** ਵਾਰਤਕ ਸਾਹਿਤ ਦਾ ਉਹ ਵਿਸ਼ੇਸ਼ ਰੂਪ ਹੈ ਜਿਸ ਵਿੱਚ ਸਾਧਾਰਨ ਮਨੁੱਖ ਭਾਵ ਨੂੰ ਅਜਿਹੀ ਕਲਾਤਮਕ ਗੋਂਦ ਵਿੱਚ ਪਰੋ ਕੇ ਪਾਠਕਾਂ ਸਾਹਮਣੇ ਰੱਖਦ ਹੈ ਜਿਸ ਨੂੰ ਪੜ੍ਹ ਕੇ ਬੌਧਿਕ ਸੰਤੁਸ਼ਟਤਾ ਹੁੰਦੀ ਹੈ। ਇਸ ਕਰਕੇ ਵਾਰਤਕ ਬੁੱਧੀ ਪ੍ਰਧਾਨ ਹੈ ਇਸ ਵਿਚ ਦਿਮਾਗ ਦੀ ਬੋਲੀ ਨੂ ਮੱਦੇਨਜ਼ਰ ਰੱਖਿਆ ਜਾਂਦਾ ਹੈ ਉਪਰੋਕਤ ਦੀ ਲੋਅ ਵਿਚ ਅਸੀਂ ਵਾਰਤਕ ਦੀ ਪਰਿਭਾਸ਼ਾ, ਇਤਿਹਾਸ ਅਤੇ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਹਾਸਿਲ ਕੀਤੀ ਹੈ

## ਮੁੱਖ/ਕੇਂਦਰੀ ਸ਼ਬਦ:

ਵਾਰਤਕ ---ਉਹ ਸਾਹਿਤ ਵਿਧਾ ਜਿਸ ਵਿਚ ਵਿਚਾਰ ਪ੍ਰਧਾਨ ਹੋਵੇ

ਸ਼ੈਲੀ---ਭਾਵ ਸਟਾਇਲ

ਬਿਰਤਾਂਤਮਈ ਵਾਰਤਕ ---ਕਿਸੇ ਘਟਨਾ ਨੂੰ ਦੇਖ ਕਿ ਲਿਖਣਾ

ਨਸਰ---ਖਿਲੇਰਨਾ

ਵਾਰਤਕ ਦਾ ਮੂਲ ਸ਼ਬਦ---ਵਾਰਤਾ

ਮਨਤਰੰਗ --- ਲੋਰ/ਚੰਚਲਤਾ

## ਸਵੈ-ਮੁਲਾਂਕਣ:

1. "ਵਾਰਤਕ ਵਿੱਚ ਸਰਲਤਾ, ਸਪਸ਼ਟਤਾ ਦੇ ਗੁਣ ਹੋਣੇ ਜ਼ਰੂਰੀ ਹਨ ਇਹ ਕਥਨ ਕਿਸ ਦਾ ਹੈ

   ੳ. ਜੋਨਾਥਨ ਸਵਿਫਟ

   ਅ. ਰੋਲਾ ਬਾਰਥ

   ੲ. ਕਪੂਰ ਸਿੰਘ ਘੁੰਮਣ

ਸ. ਕੋਈ ਵੀ ਨਹੀਂ

2. ਵਾਰਤਕ ਦੇ ਤੱਤ ਹਨ?

ੳ. ਵਿਆਖਿਆ

ਅ. ਬਿਰਤਾਂਤ

ੲ. ਮਨ ਤਰੰਗ

ਸ. ਉਪਰੋਕਤ ਸਾਰੇ

3. ਵਾਰਤਕ ਸ਼ਬਦ ਦੀ ਉਤਪਤੀ ਕਿਹੜੀ ਭਾਸ਼ਾ ਦੇ ਸ਼ਬਦ ਤੋਂ ਹੋਈ ਹੈ

ੳ. ਸੰਸਕ੍ਰਿਤ

ਅ. ਫਾਰਸੀ

ੲ. ਉਰਦੂ

ਸ. ਕੋਈ ਵੀ ਨਹੀਂ

4. ਵਾਰਤਕ ਸ਼ਬਦ ਦੀ ਉੱਤਪਤੀ ਕਿਸ ਸ਼ਬਦ ਤੋਂ ਹੋਈ ਹੈ

ੳ. ਵ੍ਰਿਤਿ

ਅ. ਨ੍ਰਿਤ

ੲ. ਕ੍ਰਿਤ

ਸ. ਕੋਈ ਨਹੀਂ

5. ਬਿਰਤਾਂਤ ਕਿੰਨੀ ਪ੍ਰਕਾਰ ਦਾ ਹੈ

ੳ. ਤਿੰਨ

ਅ. ਚਾਰ

ੲ. ਦੋ

ਸ. ਪੰਜ

6. ਸੁਭਾਸ਼ਣ ਕੀ ਹੈ

ੳ. ਵਿਆਖਿਆ ਦੀ ਕਲਾ

ਅ. ਬੋਲਣਾ

ੲ. ਪੜਨਾ

ਸ. ਲਿਖਣਾ

7. ਸੁਭਾਸ਼ਣ ਦੇ ਤਿੰਨ ਪਹਿਲੂ ਕਿਹੜੇ ਹਨ

ੳ. ਇੱਕ ਚੰਗਾ ਵਿਸ਼ਾ

ਅ. ਇੱਕ ਸੁਹਿਰਦ ਅਤੇ ਆਵੇਗ-ਪੂਰਣ ਮਨ ਅਤੇ

ੲ. ਦ੍ਰਿੜ੍ਹਤਾ ਦੀ ਸ਼ਕਤੀ

ਸ. ਉਪਰੋਕਤ ਸਾਰੇ

8. ਚੰਗੀ ਰਚਨਾ ਦੇ ਸਾਰੇ ਨਿਯਮਾਂ ਦਾ ਮਨੋਰਥ ਵਿਸ਼ੇ ਅਤੇ ਉਸ ਨਾਲ ਜੁੜੇ ਸ਼ਬਦਾਂ ਦੀ ਇਕਾਈ ਨੂੰ ਕਾਇਮ ਰੱਖਣ ਨੂੰ ਕਿਹਾ ਜਾਂਦਾ ਹੈ

ੳ. ਏਕਤਾ

ਅ ਜੋੜ

ੲ. ਘਟਾਓ

ਸ. ਕੋਈ ਨਹੀ

9. ਵਾਰਤਕ ਦੀਆਂ ਵਿਸ਼ੇਸ਼ਤਾਵਾਂ ਹਨ।

ੳ. ਬੌਧਿਕਤਾ

ਅ. ਚੰਗਾ ਵਿਚਾਰ

ੲ. ਭਾਵ ਅਤੇ ਵਿਚਾਰ ਲਈ ਸੁਹਜ

ਸ. ਉਪਰੋਕਤ ਸਾਰੇ

10. "ਵਾਰਤਕ ਅਤੇ ਕਵਿਤਾ ਵਿੱਚ ਫ਼ਰਕ ਧੁਨੀ ਦੀ ਬਣਤਰ ਦਾ ਹੈ। ਇਹ ਵਿਚਾਰ ਕਵਿਤਾ ਅਤੇ ਸੰਗੀਤ ਦੇ ਸਬੰਧ ਕਰ ਕੇ ਬਣਿਆ ਹੈ ਕਿਉਂਕਿ ਸਧਾਰਨ ਬੋਲਾਂ ਅਤੇ ਗੀਤ ਵਿੱਚ ਫ਼ਰਕ ਸਪਸ਼ੱਟ ਹੈ।" ਇਹ ਕਥਨ ਕਿਸ ਦਾ ਹੈ

ੳ. ਵੇਟਲੀ

ਅ. ਐਮਰਸਨ

ੲ. ਹਾਕੇਟ

ਸ. ਲਿਉਤਾਰਦ

11. ਵਾਰਤਕ ਵਿਚ ਲੇਖਕ ਦੀ ਖੁੱਲ ਹੈ

ੳ. ਵਿਆਖਿਆ

ਅ. ਦਲੀਲਬਾਜ਼ੀ

ੲ. ਵਾਰਤਾਲਾਪ

ਸ. ਉਪਰੋਕਤ ਸਾਰੇ

12. ਵਾਰਤਕ ਰਚਨਾ ਪਾਠਕ ਨੂੰ ਕਿਵੇਂ ਟੁੰਬਦੀ ਹੈ?

ੳ. ਸ਼ੈਲੀਕਾਰ ਦੇ ਤੌਰ ਤੇ

ਅ. ਵਾਕਾਂ ਅਤੇ ਕਥਨਾਂ ਦੇ ਤੌਰ 'ਤੇ

ੲ. ਗਿਆਨ/ਵਿਚਾਰ ਤੇ ਤੌਰ 'ਤੇ

ਸ. ਉਪਰੋਕਤ ਸਾਰੇ

13. ਵਾਰਤਕ ਉਸਾਰੀ ਵਿਚ ਵਿਚਾਰ ਘੜਨ ਦੀ ਥਾਂ.... ਹੁੰਦਾ ਹੈ

ੳ. ਵਿਚਾਰ ਪ੍ਰਗਟਾ

ਅ. ਪੜਨ ਰੂਪ

ੲ. ਖੁਣਨ ਕਲਾ

ਸ. ਕੋਈ ਵੀ ਨਹੀ

14. ਸ਼ੈਲੀ ਨੂੰ ਪਰਗਟਾਉ ਦਾ ਨਿਵੇਕਲਾ ਤੇ ਨਿੱਜੀ ਢੰਗ ਦੱਸਦਾ ਹੈ ਕਿਸ ਦਾ ਕਥਨ ਹੈ

ੳ. ਵਿਲੀਅਮ

ਅ. ਹਾਕੇਟ

ੲ. ਐਮਰਸਨ

ਸ. ਕੋਈ ਵੀ ਨਹੀ

15. ਵਾਰਤਕ ਨੂੰ ਅੰਗਰੇਜ਼ੀ ਵਿਚ ਕੀ ਕਿਹਾ ਜਾਂਦਾ ਹੈ

ੳ.Prose

ਅ. rose

ੲ. Prases

ਸ. ਕੋਈ ਨਹੀਂ

## ਅਭਿਆਸ ਪ੍ਰਸ਼ਨ

1. ਵਾਰਤਕ ਤੋਂ ਕੀ ਭਾਵ ਹੈ
2. ਪੰਜਾਬੀ ਵਾਰਤਕ ਦੀ ਪਰਿਭਾਸ਼ਾ ਅਤੇ ਵਿਸ਼ੇਸ਼ਤਾਵਾਂ ਬਾਰੇ ਵਰਣਨ ਕਰੋ।
3. ਪੰਜਾਬੀ ਵਾਰਤਕ ਦਾ ਅਰਥ ਦੱਸਦੇ ਹੋਏ ਇਸ ਦੇ ਸਰੂਪ ਦਾ ਵਿਸਥਾਰ ਨਾਲ ਵਰਣਨ ਕਰੋ।
4. ਪੰਜਾਬੀ ਵਾਰਤਕ ਦੇ ਲੱਛਣਾ ਬਾਰੇ ਵਿਸਥਾਰ ਨਾਲ ਲਿਖੋ।

## ਸੰਦਰਭ ਪੁਸਤਕਾਂ:


- ਡਾ. ਜਸਵਿੰਦਰ ਸਿੰਘ ਸੈਣੀ, ਵਾਰਤਕ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ, ਪ੍ਰਕਾਸ਼ਿਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010.


## ਮਹੱਤਵਪੂਰਨ ਲਿੰਕ

https://unacademy.com/lesson/pnjaabii-vaartk-saakhiigooshtti/WHO8B2RN

https://web.sol.du.ac.in/my_modules/type/cbcs-41-2/data/root/B.Com/Semester%202/MIL/-Punjabi/Punjabi-%20B.pdf

## ਉੱਤਰਮਾਲਾ

| | | | | |
|---|---|---|---|---|
| 1. ੳ | 2. ਸ | 3. ੳ | 4. ੳ | 5. ੲ |
| 6. ੳ | 7. ਸ | 8. ੳ | 9. ਸ | 10. ੳ |
| 11. ਸ | 12. ਸ | 13. ੳ | 14. ੳ | 15. ੳ |

*Sona, Lovely Professional University*

# ਅਧਿਆਇ -2: ਮੱਧਕਾਲੀਨ ਅਤੇ ਆਧੁਨਿਕ ਬੋਧ:ਪਛਾਣ ਚਿੰਨ ਅਤੇ ਅੰਤਰ ਨਿਖੇੜ

ਵਿਸ਼ਾ ਵਸਤੂ (Content)


**1.** ਉਦੇਸ਼

**2.** ਪ੍ਰਸਤਾਵਨਾ

**3.** ਵਿਸ਼ਾ ਵਸਤੂ

**4.** ਸਾਰਾਂਸ਼

**5.** ਕੇਂਦਰੀ ਸ਼ਬਦ

**6.** ਸਵੈ-ਮੁਲਾਂਕਣ

**7.** ਅਭਿਆਸ ਪ੍ਰਸ਼ਨ

**8.** ਸੰਦਰਭ ਪੁਸਤਕਾਂ

**9.** ਮੱਹਤਵਪੂਰਨ ਵੈੱਬਸਾਇਟਸ


## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **ਮੱਧਕਾਲੀ ਯੁੱਗ ਬਾਰੇ ਜਾਣਨਗੇ।**
2. **ਆਧੁਨਿਕ ਯੁੱਗ ਬਾਰੇ ਜਾਣਨਗੇ**
3. **ਮੱਧਕਾਲ ਅਤੇ ਆਧੁਨਿਕ ਯੁੱਗ ਦੇ ਨਿਖੇੜ ਨੂੰ ਸਮਝਣ ਦੇ ਕਾਬਿਲ ਹੋਣਗੇ**

### ਪ੍ਰਸਤਾਵਨਾ

ਮੱਧਕਾਲ ਦੇ ਪੰਜਾਬੀ ਸਾਹਿਤ ਅਤੇ ਆਧੁਨਿਕ ਪੰਜਾਬੀ ਸਾਹਿਤ ਵਿੱਚ ਬਹੁਤ ਜ਼ਿਆਦਾ ਅੰਤਰ ਹੈ ਆਧੁਨਿਕ ਪੰਜਾਬੀ ਸਾਹਿਤ ਦਾ ਜਨਮ ਸਪਸ਼ਟ ਰੂਪ ਵਿੱਚ ਉਨੀ ਵੀਂ ਸਦੀ ਦੀ ਪਿਛਲੇ ਅਧ ਵਿੱਚ ਹੁੰਦਾ ਹੈ ਇਸ ਕਾਲ ਖੰਡ ਪੰਜਾਬੀ ਸਮਾਜ ਤੇ ਸੱਭਿਆਚਾਰ ਵਿੱਚ ਕੁਝ ਬੁਨਿਆਦੀ ਪਰਿਵਰਤਨ ਇਨ੍ਹਾਂ ਪਰਿਵਰਤਨਾਂ ਪਿੱਛੇ ਅੰਗਰੇਜ਼ਾਂ ਦੀ ਸੋਚੀ ਸਮਝੀ ਚਾਲ ਸੀ ਇਹ ਚਾਲ ਮਹਾਰਾਜਾ

ਰਣਜੀਤ ਸਿੰਘ ਦੀ ਮੌਤ ਤੋਂ ਦਸ ਸਾਲ ਬਾਅਦ ਤਕ ਵੀ ਨਾ ਚੱਲ ਸਕੀ ਪਰ ਮਹਾਰਾਜੇ ਦੀ ਮੌਤ ਤੋਂ ਬਾਅਦ ਦਸ ਸਾਲ ਪੰਜਾਬ ਦੀ ਰਾਜਨੀਤਕ ਵਿਵਸਥਾ ਲਗਾਤਾਰ ਕਮਜ਼ੋਰ ਹੁੰਦੀ ਗਈ ਇਸ ਦੇ ਸਿੱਟੇ ਵਜੋਂ ਅਖੀਰ ਅਠਾਰਾਂ ਸੌ ਉਨੰਜਾ ਈਸਵੀ ਵਿੱਚ ਪੰਜਾਬ ਨੂੰ ਅੰਗਰੇਜ਼ਾਂ ਨੇ ਆਪਣੀ ਬਸਤੀਵਾਦੀ ਸਮਾਜ ਦਾ ਹਿੱਸਾ ਬਣਾ ਲਿਆ ਇਸ ਰਾਜਨੀਤਕ ਪਰਿਵਰਤਨ ਦੀ ਫਲਸਰੂਪ ਪੰਜਾਬੀ ਸਮਾਜ ਸੱਭਿਆਚਾਰ ਵਿੱਚ ਬਹੁਤ ਸਾਰੀ ਆਰਥਿਕ ਪਰਿਵਰਤਨ ਆਏ ਅੰਗਰੇਜ਼ ਪੰਜਾਬ ਦੀ ਪਹਿਲੇ ਹਾਕਮ ਸਨ ਜੋ ਉੱਤਰ ਪੱਛਮ ਵੱਲੋਂ ਧਰਤੀ ਦੀ ਰਸਤੇ ਦੀ ਥਾਂ ਪੂਰਬ ਵੱਲੋਂ ਸਮੁੰਦਰ ਦੇ ਰਸਤੇ ਰਾਹੀਂ ਆਏ ਸਨ ਭਾਰਤ ਦੇ ਇਤਿਹਾਸ ਵਿਚ ਅੰਗਰੇਜ਼ ਪਹਿਲੀ ਵਿਦੇਸ਼ੀ ਸਨ ਜਿਹੜੇ ਮੁੱਖ ਤੌਰ ਤੇ ਵਪਾਰ ਦੀ ਦ੍ਰਿਸ਼ਟੀ ਨਾਲ ਆਏ ਸਨ ਪਰ ਇੱਥੋਂ ਦੀ ਕਮਜ਼ੋਰ ਰਾਜਨੀਤਿਕ ਵਿਵਸਥਾ ਦੇਖ ਉਨ੍ਹਾਂ ਨੇ ਇੱਥੇ ਸ਼ਾਸਨ ਕਰਨ ਦਾ ਮਨ ਵੀ ਬਣਾ ਲਿਆ ਸੀ ਪੰਜਾਬ ਵਿੱਚ ਅੰਗਰੇਜ਼ ਹੀ ਅਜਿਹੇ ਹਾਕਮ ਸਨ ਜੋ ਮੁੱਢ ਤੋਂ ਅੰਤ ਤੱਕ ਵਿਦੇਸ਼ੀ ਕਹਾਣੀ ਅਰਥਾਤ ਉਨ੍ਹਾਂ ਨੂੰ ਮੁਸਲਮਾਨਾਂ ਵਾਂਗ ਨਾ ਤਾਂ ਪੰਜਾਬ ਨੂੰ ਆਪਣਾ ਘਰ ਬਣਾਇਆ ਅਤੇ ਨਾ ਨਾ ਹੀ ਸਥਾਨਕ ਇਸਤਰੀਆਂ ਨਾਲ ਵਿਆਹ ਕਰਵਾਇਆ ਅੰਗਰੇਜ਼ ਅਸਲੋਂ ਹੀ ਇਕ ਨਵਾਂ ਧਰਮ ਲੈ ਕੇ ਆਏ ਉਹ ਇੱਕ ਅਜਿਹੀ ਭਾਸ਼ਾ ਲੈ ਕੇ ਆਏ ਉਹ ਆਪਣੇ ਨਾਲ ਇੱਕ ਵੱਖਰੀ ਯੁੱਧ ਨੀਤੀ ਵੀ ਲੈ ਕੇ ਆਏ ਜਿਸ ਚ ਤਲਵਾਰ ਦੀ ਥਾਂ ਧੁਖ਼ਦਾ ਰੂਲਜ਼ ਅਧੀਨ ਸੀ ਉਹ ਨਿਵੇਕਲੀ ਖੁਰਾਕ ਨਿਵੇਕਲਾ ਸੱਭਿਆਚਾਰ, ਨਿਵੇਕਲੀ ਜੀਵਨ ਜਾਚ ਨਵੀਂ ਸੋਚ ਪ੍ਰਣਾਲੀ ਨਵਾਂ ਰਾਜ ਪ੍ਰਬੰਧ ਪੂੰਜੀ ਤੇ ਸ਼ਹਿਰ ਦਾ ਸੰਕਲਪ ਲੈ ਕੇ ਆਏ। ਦਰਅਸਲ ਪੂਰਬ ਦੇ ਜੀਵਨ ਦਰਸ਼ਨ ਅਤੇ ਪੱਛਮ ਦੇ ਜ਼ਿਮੀਂਦਾਰ ਸੂਚਿਕ ਬੁਨਿਆਦੀ ਅੰਤਰ ਸਾਨੂੰ ਪਤਾ ਹੈ ਕਿ ਮਨੁੱਖ ਪ੍ਰਕਿਰਤੀ ਨੂੰ ਨਿਯੰਤਰਿਤ ਕਰਕੇ ਵਿਕਾਸ ਕਰ ਪ੍ਰਕਿਰਤੀ ਨੂੰ ਨਿਯੰਤਰਣ ਕਰਨ ਲਈ ਇਸ ਨੂੰ ਜਾਣਨਾ ਜ਼ਰੂਰੀ ਹੈ ਪੂਰਬ ਤੇ ਮਨੁੱਖ ਨੇ ਜਦੋਂ ਪ੍ਰਕਿਰਤੀ ਨੂੰ ਜਾਨਣਾ ਚਾਹਿਆ ਤਾਂ ਇਸ ਵਿੱਚੋਂ ਡਰ ਦਾ ਫਲਸਫਾ ਵਿਕਸਿਤ ਇਸ ਡਰ ਵਿੱਚੋਂ ਮੌਤ ਦਾ ਡਰ ਸਭ ਤੋਂ ਸ੍ਰੇਸ਼ਟ ਸੀ ਇਸ ਡਰ ਤੇ ਕਾਬੂ ਪਾਉਣ ਲਈ ਪੂਰੇ ਮਨੁੱਖ ਨੇ ਅਧਿਆਤਮਵਾਦੀ ਬਸਪਾ ਵਿਕਸਿਤ ਕੀਤਾ ਹੈ ਇਸ ਦੇ ਉਲਟ ਜਗਿਆਸਾ ਉੱਤੇ ਆਧਾਰਿਤ ਪੱਛਮੀ ਫ਼ਲਸਫ਼ਾ ਇਸ ਜਗਿਆਸਾ ਵਿਚੋਂ ਵਿਕਾਸ ਸਿਧਾਂਤ ਫਰਾਇਡ ਦੀ ਮਨੋਵਿਗਿਆਨ ਕਾਲਮਾਰਕਸ ਦੀ ਕਮਿਊਨਿਸਟ ਵਿਚਾਰਧਾਰਾ ਅਤੇ ਆਈਨਸਟਾਈਨ ਦਾ ਸੰਖੇਪ ਦਾ ਸਿਧਾਂਤ ਇਸ ਪਦਾਰਥਕ ਜੀਵਨ ਫ਼ਲਸਫ਼ੇ ਦਾ ਸਿਖਰ ਹੈ ਇਸ ਦੇ ਫਲਸਰੂਪ ਇੰਗਲੈਂਡ ਵਿੱਚ ਉਦਯੋਗਿਕ ਕ੍ਰਾਂਤੀ ਆਈ ਪੂਰਬ ਵਿੱਚ ਇਸ ਵੇਲੇ ਸੂਰਜ ਨੂੰ ਜਲ ਦਾ ਅਰਗ ਦਿੱਤਾ ਜਾਂਦਾ ਸੀ ਪੱਛਮ ਵਿੱਚ ਉਸ ਵੇਲੇ ਉਸੇ ਪਾਣੀ ਤੋਂ ਬਿਜਲੀ ਤਿਆਰ ਕੀਤੀ ਜਾਂਦੀ ਸੀ ਇਸ ਅੰਤਰ ਦੇ ਫਲਸਰੂਪ ਇੰਗਲੈਂਡ ਦੇ ਆਰਥਿਕ ਪ੍ਰਬੰਧ ਨੇ ਜਗੀਰਦਾਰੀ ਪ੍ਰਬੰਧ ਨੂੰ ਹੰਢਾ ਕੇ ਪੂੰਜੀਵਾਦੀ ਆਰਥਿਕ ਪ੍ਰਬੰਧ ਨੂੰ ਜਨਮ ਦਿੱਤਾ ਇਹ ਆਰਥਿਕ ਪ੍ਰਬੰਧ ਬਾਜ਼ਾਰ ਵਪਾਰ ਮੁਨਾਫ਼ਾ ਸਵੈ ਹਿੱਤ ਉੱਤੇ ਅਧਾਰਿਤ ਇਸੇ ਕਰਕੇ ਚਿੰਤਨ ਅਤੇ ਸਾਹਿਤ ਕਲਾ ਦੇ ਖੇਤਰ ਵਿੱਚ ਆਧੁਨਿਕਤਾ ਦਾ ਸਬੰਧ ਉਸ ਵਿਸ਼ੇਸ਼ ਮਾਨਸਿਕ ਬੌਧਿਕ ਤੇ ਭਾਵੁਕ ਅਵਸਥਾ ਨਾਲ ਹੈ ਜਿਹੜੀ ਪੱਛਮ ਵਿੱਚ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਵਿੱਚ ਵਿਗਿਆਨਕ ਸੂਝ ਬੂਝ ਨਾਲ ਪ੍ਰਕਿਰਤੀ ਉੱਤੇ ਮਨੁੱਖ ਦੇ ਵਧੇ ਅਧਿਕਾਰ ਨਾਲ ਪੈਦਾ ਹੋਣੀ ਸ਼ੁਰੂ ਹੋਈ ਹੈ

ਪੰਜਾਬ ਅਤੇ ਭਾਰਤ ਪੂਰਬ ਦਾ ਅੰਗ ਹੋਣ ਕਾਰਨ ਪਦਾਰਥਕ ਗਤੀ ਬੌਧਿਕ ਤੌਰ ਤੇ ਪੱਛਮ ਦੀ ਸ਼ਕਤੀਸ਼ਾਲੀ ਮੁਲਕ ਇੰਗਲੈਂਡ ਤੋਂ ਬਹੁਤ ਪਛੜੇ ਹੋਏ ਸਨ ਆਰਥਿਕ ਤੌਰ ਤੇ ਸਾਰਾ ਢਾਂਚਾ ਜਗੀਰਦਾਰੀ ਪ੍ਰਬੰਧ ਵਾਲਾ ਹੀ ਸੀ ਮੁਗ਼ਲਾਂ ਨੇ ਆਪਣੀ ਰਵਾਇਤੀ ਸੂਚਨਾ ਇਸ ਜਗੀਰਦਾਰੀ ਪ੍ਰਬੰਧ ਨੂੰ ਹੋਰ ਲੰਮਾ ਉਦਾਰਵਾਦੀ ਵਿਚਾਰਾਂ ਵਾਲੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਪੰਜਾਬ ਨੂੰ ਰਾਜਨੀਤਕ ਤੌਰ ਤੇ ਸੰਗਠਿਤ ਕੀਤਾ ਪਰ ਇਸ ਖਿੱਤੇ ਦੇ ਆਰਥਿਕ ਪ੍ਰਬੰਧ ਦੀ ਤਬਦੀਲੀ ਲਈ ਕੋਈ ਯਤਨ ਨਾ ਕੀਤੇ ਪੂੰਜੀਵਾਦੀ ਵਿਵਸਥਾ ਨੂੰ ਅੰਗਰੇਜ਼ਾਂ ਨੇ ਬਾਰੂ ਦੇ ਆਗੂ ਪੰਜਾਬ ਦੇ ਭਾਰਤ ਉੱਤੇ ਫੂਕ ਦਿੱਤਾ ਇਸੇ ਕਰਕੇ ਇੱਥੇ ਬੜੀ ਅਸੰਤੁਲਿਤ ਜਿਹੇ ਢੰਗ ਨਾਲ ਆਧੁਨਿਕਤਾ ਨੇ ਜਨਮ ਲਿਆ

ਪੰਜਾਬੀਆਂ ਨੇ ਭਾਰਤੀਆਂ ਵਾਂਗ ਅੰਗਰੇਜ਼ਾਂ ਦੀ ਪੱਛਮੀ ਸੱਭਿਅਤਾ ਨੂੰ ਇੱਕ ਗੀਤ ਮੋਤੀ ਵਾਂਗ ਵਧੇਰੇ ਸਮਾਂ ਸਮਰੱਥ ਫੱਬਿਆ ਜਾਗਰੂਕ ਰਹਿੰਦੇ ਭਾਰਤ ਚ ਅੰਗਰੇਜ਼ ਆਰੰਭ ਤੋਂ ਹੀ ਵਪਾਰਕ ਦ੍ਰਿਸ਼ਟੀ ਨੂੰ ਭਰੋਸਾ ਦਿੰਦੇ ਰਹੇ ਹਨ ਉਨ੍ਹਾਂ ਨੇ ਜਿਹੜੀ ਵੀ ਰਾਜਨੀਤੀ ਆਰਥਿਕ ਤੇ ਸਮਾਜਿਕ ਪ੍ਰਬੰਧ ਦੀ ਸਾਰੀ ਰਣਨੀਤੀ ਬਣਾਈ ਆਪਣੇ ਵਪਾਰਕ ਹਿੱਤਾਂ ਦੇ ਅਨੁਕੂਲ ਹੀ ਬਣਾਈ। ਅੰਗਰੇਜ਼ਾਂ ਦੇ ਆਗਮਨ ਤੋਂ ਪਹਿਲਾਂ ਖੇਤੀ ਨੂੰ ਆਪਣੀ ਘਰੇਲੂ ਲੋੜਾਂ ਦੀ ਪੂਰਤੀ ਲਈ ਵਰਤਿਆ ਜਾਂਦਾ ਸੀ ਸੰਯੁਕਤ ਪਰਿਵਾਰ ਵਿੱਚ ਦੁੱਧ ਪੁੱਤ ਵੇਚੇ ਨਹੀਂ ਜਾਂਦੇ ਸੀ ਮੁਨਾਫਾ ਨਾਮ ਦੀ ਕੋਈ ਚੀਜ਼ ਨਹੀਂ ਪਿੰਡ ਆਤਮ ਨਿਰਭਰ ਲੋਕਾਂ ਵਿੱਚ ਆਪਸੀ ਮਿਲਵਰਤਨ ਸਹਿਯੋਗ ਨਾਲ ਪੂਰਾ ਕਰ ਲਿਆ ਜਾਂਦਾ ਇਸ ਦਾ ਆਧਾਰ ਵਸਤੂ ਵਟਾਂਦਰਾ ਪ੍ਰਣਾਲੀ ਸੀ ਕਾਰੀਗਰ ਜੇਕਰ

ਕਿਸਾਨ ਦੀ ਲੂੰਗੀ ਜਾਂ ਲੱਕੜ ਦਾ ਕੰਮ ਕਰਦੇ ਸਨ ਤਾਂ ਸੰਸਥਾ ਕਿਸਾਨ ਬਦਲੇ ਵਿੱਚ ਉਨ੍ਹਾਂ ਨੂੰ ਫਸਲ ਦਾ ਇਕ ਹਿੱਸਾ ਦਿੰਦੀ ਸੀ ਖੇਤੀ ਗੁਜ਼ਾਰੇ ਦਾ ਸਾਧਨ ਅਤੇ ਲੋਕ ਬੜਾ ਸੰਤੁਲਿਤ ਜੀਵਨ ਬਤੀਤ ਕਰ ਰਹੇ ਹਨ ਉਹ ਰਵਾਇਤੀ ਸੋਚ ਦੇ ਮਾਲਕ ਸਨ ਕਿਉਂਕਿ ਵਿਗਿਆਨਕ ਸੋਚ ਦੀ ਘਾਟ ਉਨ੍ਹਾਂ ਵਿੱਚ ਪਦਾਰਥਕ ਸੋਚ ਹੀ ਸੀ ਪਰਮਾਰਥਕ ਸੂਦ ਸੰਸਾਰ ਨੂੰ ਕੋਈ ਸ਼ਕਤੀਸ਼ਾਲੀ ਆਦ੍ਰਿਸ਼ ਸ਼ਕਤੀ ਚਲਾ ਰਹੀ ਅਤੇ ਲੋਕ ਆਪਣੇ ਆਪ ਨੂੰ ਇਸ ਵਿਸ਼ਾਲ ਬ੍ਰਹਿਮੰਡ ਦਾ ਛੋਟਾ ਜਿਹਾ ਹਿੱਸਾ ਸਮਝਦੇ ਹਨ ਪਰ ਪੰਜਾਬ ਉੱਤੇ ਅੰਗਰੇਜ਼ਾਂ ਦੀ ਬਾਜ਼ਾਰ ਵਪਾਰ ਅਤੇ ਮੁਨਾਫ਼ੇ ਦੇ ਸੰਕਲਪਾਂ ਤੋਂ ਜਾਣੂ ਕਰਵਾ ਕੇ ਕਿਸਾਨਾਂ ਨੂੰ ਵਪਾਰਕ ਖੇਤੀ ਕਰਨ ਲਈ ਪ੍ਰੇਰਿਤ ਕੀਤਾ ਜੀਵਨ ਵਿੱਚ ਸੁੱਖ ਸੰਪਤੀ ਅਤੇ ਪੈਸਾ ਕਮਾਉਣ ਦੇ ਹੋਰ ਸਾਧਨ ਪੈਦਾ ਕੀਤੇ ਹਨ। ਇਹ ਸਾਧਨ ਸਰਕਾਰੀ ਨੌਕਰੀ ਵਪਾਰ ਅਤੇ ਪਿੱਛੋਂ ਵਿਕਸਿਤ ਹੋਏ ਉਦਯੋਗਿਕ ਪੈਦਾਵਾਰ ਦੇ ਨਵੇਂ ਸਾਧਨਾਂ ਤੇ ਸੁੱਖ ਸਹੂਲਤਾਂ ਦੀ ਵਿਕਸਤ ਹੋਣਾ ਲੋਕਗੀਤ ਸਿਖਾਇਆ ਗਿਆ ਕਿ ਆਪਣੇ ਦੁੱਖਾਂ-ਸੁੱਖਾਂ ਨੂੰ ਪੂਰਬਲੇ ਜਨਮਾਂ ਦੇ ਕਰਮਾਂ ਦਾ ਫਲ ਨਾ ਸਮਝਿਆ ਜਾਵੇ ਨਰਕ ਅਤੇ ਸਵਰਗ ਤੇ ਧਰਤੀ ਉੱਤੇ ਹੀ ਹੈ ਅਤੇ ਮਨੁੱਖਾ ਜਨਮ ਖਾਣ ਹੰਢਾਉਣ ਦੀ ਇਹ ਪਦਾਰਥਕ ਸੋਚ ਸੀ ਜੋ ਅੰਗਰੇਜ਼ਾਂ ਵੱਲੋਂ ਭਾਰਤੀ ਲੋਕਾਂ ਨੂੰ ਹੌਲੀ ਹੌਲੀ ਪ੍ਰਦਾਨ ਕੀਤੀ ਗਈ ਇਸ ਦਾ ਸਪਸ਼ਟ ਪ੍ਰਮਾਣ ਡਾ ਭਾਈ ਵੀਰ ਸਿੰਘ ਨੇ ਖਾਲਸਾ ਸਮਾਚਾਰ ਵਿਚ ਆਪਣੇ ਅੰਗਰੇਜ਼ੀ ਸਾਮਰਾਜ ਦੀਆਂ ਪਰਤਾਂ ਵਿੱਚ ਦਿੱਤਾ ਹੈ ਉਹ ਲਿਖਦੇ ਹਨ ਗੀਤਾਂ ਵਿਚ ਫ਼ਿਕਰ ਹੁੰਦਾ ਸੀ ਕਿ ਜ਼ਿੰਦਗੀ ਦੇ ਦਿਨ ਕਿਵੇਂ ਪੂਰੇ ਹੋਣ ਤੇ ਕੀ ਹੈ ਕਿ ਜ਼ਿੰਦਗੀ ਦਾ ਆਨੰਦ ਖੇਤਰ ਆਗੂ ਬਾਹਰਲੇ ਦੁਸ਼ਮਣਾਂ ਦੀ ਫਿਕਰੀ ਹੈ ਸੁੱਖ ਹੈ ਰੀੜ੍ਹ ਹੈ ਤਾਰ ਹੈ ਹਰ ਪ੍ਰਕਾਰ ਦੇ ਨਿਜੀ ਹਸਪਤਾਲ ਡਾਕਖਾਨੇ ਸਾਡੇ ਸੁੱਖਾਂ ਲਈ ਕੰਮ ਕਰ ਰਹੀ ਹਾਂ ਇਹ ਬਰਕਤਾਂ ਕਿੱਥੋਂ ਆਈਆਂ ਕੇਵਲ ਅੰਗਰੇਜ਼ੀ ਰਾਜ ਦੀ ਤਾਂ ਪਹਿਲ ਰਹਿਣਾ ਜ਼ਰੂਰੀ ਹੈ ਭਾਈ ਵੀਰ ਸਿੰਘ ਸਿੰਘ ਸਭਾ ਲਹਿਰ ਦੇ ਸਭ ਤੋਂ ਸ੍ਰੇਸ਼ਟ ਸਾਹਿਤਕਾਰ ਹੈ ਉਹ ਅੰਗਰੇਜ਼ੀ ਰਾਜ ਦੀਆਂ ਪਦਾਰਥਕ ਸਹੂਲਤਾਂ ਨੂੰ ਬਰਕਤਾਂ ਆਖ ਕੇ ਸਵੀਕਾਰ ਕਰ ਰਿਹਾ ਹੈ ਸਪੱਸ਼ਟ ਹੈ ਕਿ ਪਦਾਰਥਕ ਸਹੂਲਤਾਂ ਭੋਗ ਤੇ ਸਾਹਿਤਕਾਰ ਪਦਾਰਥਕ ਸਾਹਿਤ ਦੀ ਰਚਨਾ ਕੀਤੀ ਪਦਾਰਥਕ ਸਾਹਿਤ ਨੂੰ ਆਧੁਨਿਕ ਸਾਹਿਤ ਕਿਹਾ ਜਾਂਦਾ ਹੈ ਜੋ ਮੱਧਕਾਲੀ ਪਰਮਾਰਥਕ ਸਾਹਿਤ ਨਾਲੋਂ ਪੱਤਰ ਦਾ ਕੇਂਦਰੀ ਧੁਰਾ ਯਥਾਰਥ ਦੀ ਥਾਂ ਅਧਿਆਤਮਵਾਦ ਜਾਂ ਆਦਰਸ਼ਵਾਦ ਜੋ ਮਨੁੱਖ ਦੀ ਥਾਂ ਪਰਾ ਸਰੀਰਕ ਸ਼ਕਤੀਆਂ ਪ੍ਰਾਪਤ ਬੋਧਿਤ ਮਨੁੱਖਾਂ ਜਾਂ ਰੱਬ ਨੂੰ ਕੇਂਦਰ ਬਿੰਦੂ ਬਣਾਉਂਦਾ ਹੈ

ਅੰਗਰੇਜ਼ਾਂ ਵੱਲੋਂ ਅਜਿਹੇ ਨਿਜ਼ਾਮ ਦੀ ਵਿਵਸਥਾ ਕੀਤੀ ਗਈ ਜੋ ਮੱਧਕਾਲੀ ਸਮਾਜਿਕ ਰਾਜਨੀਤਿਕ ਤੇ ਆਰਥਿਕ ਵਿਵਸਥਾ ਦੇ ਮੁਕਾਬਲੇ ਆਪਣੀ ਮਿਸਾਲ ਵਜੋਂ ਮੱਧਕਾਲ ਵਿਚ ਖੇਤੀ ਮੌਨਸੂਨ ਉੱਤੇ ਦਰਜ ਸੀ ਪਰ ਅੰਗਰੇਜ਼ਾਂ ਨੇ ਨਹਿਰਾਂ ਦੀ ਵਿਵਸਥਾ ਦੇ ਆਉਣ ਜਾਣ ਲਈ ਕੱਚੇ ਰਾਸਤੇ ਸਨ ਪਰ ਅੰਗਰੇਜ਼ਾਂ ਨੇ ਸੜਕਾਂ ਤੇ ਰੇਲਾਂ ਦੀ ਵਿਵਸਥਾ ਕੀਤੀ ਸੰਚਾਰ ਦਾ ਸਾਧਨ ਮੌਖਿਕ ਸੰਧੀ ਸਨ ਪਰ ਅੰਗਰੇਜ਼ਾਂ ਨੇ ਡਾਕਟਰ ਦੀ ਵਿਵਸਥਾ ਕੀਤੀ ਅੱਖਰ ਗਿਆਨ ਲਈ ਗੁਰਦੁਆਰੇ ਦੇ ਮਦਰੱਸੇ ਹੀ ਤਨ ਪਰ ਅੰਗਰੇਜ਼ਾਂ ਨੇ ਹਵਾਈ ਤਾਲੀਮ ਸਿੱਖਿਆ ਵਿਭਾਗ ਦੀ ਵਿਵਸਥਾ ਕਰਕੇ ਸਕੂਲ ਕਾਲਜ ਅਤੇ ਯੂਨੀਵਰਸਿਟੀ ਨਾਮਕ ਵਿੱਦਿਅਕ ਸੰਸਥਾਵਾਂ ਖੋਲ੍ਹ ਗਏ ਇਹ ਵੱਖਰੀ ਗੱਲ ਹੈ ਕਿ ਨਹਿਰਾਂ ਰੇਲਾਂ ਸੜਕਾਂ ਡਾਕਤਾਰ ਅਤੇ ਸਕੂਲ ਕਾਲਜ ਦੀਆਂ ਸਹੂਲਤਾਂ ਪਿੱਛੇ ਉਨ੍ਹਾਂ ਦਾ ਸਵਾਰਥੀ ਉਦੇਸ਼ ਕਾਰਜਸ਼ੀਲ ਸੀ ਇਸੇ ਦੇ ਫਲਸਰੂਪ ਪੰਜਾਬ ਦਾ ਪੇਂਡੂ ਸੱਭਿਆਚਾਰ ਕੈਰੀ ਸਕਦੇ ਜਾਅਲੀ ਇਹ ਪਰਿਵਰਤਨ ਬੜੀ ਤੇਜ਼ੀ ਨਾਲ ਵਾਪਰਿਆਂ ਅਤੇ ਕੁਝ ਦਹਾਕਿਆਂ ਵਿੱਚ ਹੀ ਪੰਜਾਬ ਵਿਚ ਹਰ ਪਾਸੇ ਪਰਿਵਰਤਨ ਦੀ ਪਕੜ ਵਿੱਚ ਆਏ ਅੰਗਰੇਜ਼ੀ ਵਿਵਸਥਾ ਅਤੇ ਸਿੱਖਿਆ ਪ੍ਰਬੰਧ ਤੇ ਵਪਾਰ ਕਰਨ ਅਤੇ ਨੌਕਰੀ ਕਰਨ ਵਾਲੀ ਸ਼ਹਿਰੀ ਮੱਧ ਸ੍ਰੇਣੀ ਹੋਂਦ ਵਿਚ ਆਈ ਟੈਲੀਵਿਜ਼ਨ ਆਵਾਜਾਈ ਦੇ ਸਾਧਨਾਂ ਨੇ ਪਿੰਡਾਂ ਨੂੰ ਕਸਬਿਆਂ ਨਾਲ ਕਸਬਿਆਂ ਨੂੰ ਸ਼ਹਿਰਾਂ ਨਾਲ ਸ਼ਹਿਰਾਂ ਨੂੰ ਰਾਜਧਾਨੀਆਂ ਨਾਲ ਤੇ ਰਾਜਧਾਨੀਆਂ ਨੂੰ ਬੰਦਰਗਾਹਾਂ ਨਾਲ ਜੋੜ ਦਿੱਤਾ ਇਉਂ ਪੰਜਾਬ ਮੰਡੀ ਦਾ ਹਿੱਸਾ ਬਣ ਗਿਆ।

ਨਵੀਆਂ ਸਮਾਜਿਕ ਸੱਭਿਆਚਾਰਕ ਕਦਰਾਂ ਕੀਮਤਾਂ ਕਲਾ ਦੇ ਖੇਤਰ ਵਿੱਚ ਨਵੀਆਂ ਵਿਧੀਆਂ ਜੁਗਤਾਂ ਤੇ ਰੂਪ ਸਿੱਧੇ ਦਿਖਾਈ ਦਿੱਤੇ ਸੀ ਆਧੁਨਿਕ ਸਾਹਿਤ ਵਿਸ਼ੇ ਅਤੇ ਰੂਪਗਤ ਸਰੋਕਾਰਾਂ ਵੱਲੋਂ ਸੰਬੰਧਾਂ ਨਾਲ ਭਰਪੂਰ ਪੰਜਾਬੀ ਦਾ ਮੱਧਕਾਲੀ ਸਾਹਿਤ ਮੁੱਖ ਤੌਰ ਤੇ ਕਵਿਤਾ ਹੈ ਤੇ ਇਸ ਵਿੱਚ ਚਾਰ ਵੰਨਗੀਆਂ ਗੁਰਮਤਿ ਕਾਵਿ, ਕਿੱਸਾ ਕਾਵਿ, ਸੂਫੀ ਕਾਵਿ, ਜੀਵਨੀ ਦੇ ਸ਼ਹਿਰੀਕਰਨ ਬਾਰੇ ਵਾਰਤਕ ਨੂੰ ਹਿੱਸਾ ਬਣਾਇਆ ਇਉਂ ਸਾਹਿਤ ਵਿਚ ਯਥਾਰਥਵਾਦੀ ਸਥਿਤੀ ਨੂੰ ਬਲ ਮਿਲਿਆ ਜਿੱਥੇ ਮੱਧਕਾਲ ਵਿਚ ਉਸਨੂੰ ਲੋਕਿਕ ਸੰਦਰਭਾਂ ਵਿੱਚ ਪੇਸ਼ ਕੀਤਾ ਜਾਣ ਲੱਗਾ। ਮੱਧਕਾਲੀ ਯੁੱਗ ਕਿਉਂਕਿ ਵਿਚ ਹਿੰਦੂ ਅਤੇ ਸਿੱਖ ਰਾਜੇ ਮਹਾਰਾਜੇ ਜਾਂ ਯੋਧਿਆਂ ਦਾ ਹੀ ਬੋਲਬਾਲਾ ਇਸ ਸਾਹਿਤ ਵਿੱਚ ਜਨ ਸਾਧਾਰਨ ਲਈ ਕੋਈ ਥਾਂ ਨਹੀਂ ਸੀ ਪੂੰਜੀਵਾਦੀ ਪ੍ਰਣਾਲੀ ਵਿੱਚ ਲੋਕਤੰਤਰੀ ਸ਼ਾਸਨ ਪ੍ਰਣਾਲੀ ਅਤੇ ਹਰ ਖਿੱਤੇ ਤੇ ਮੰਡੀ ਵਿੱਚ ਗਾਹਕ ਬਣ ਜਾਣ ਕਾਰਨ ਜਨ ਸਾਧਾਰਨ ਦਾ ਮਹੱਤਵ ਵਧਿਆ ਜੋ ਸਾਧਾਰਨ ਵਿਅਕਤੀ

ਸਾਹਿਤ ਵਿਚ ਨਾਇਕ ਬਣਾਏ ਜਾਣ ਲੱਗੇ ਆਪਣੇ ਮੁੱਢਲੇ ਰੂਪ ਵਿਚ ਪੂੰਜੀਵਾਦ ਕ੍ਰਾਂਤੀਕਾਰੀ ਰੋਲ ਨਿਭਾਉਂਦਾ ਹੈ ਪਰ ਵਿਕਸਿਤ ਹੋ ਕੇ ਇਸ ਦਾ ਭਾਵ ਗੈਰਮਾਨਵੀ ਨੂੰ ਜਾਂਦਾ ਹੈ ਵੀਹਵੀਂ ਸਦੀ ਦੇ ਦੂਸਰੇ ਦਹਾਕੇ ਤਕ ਪੂੰਜੀਵਾਦ ਦੀ ਗਰੂਤਾ ਪ੍ਰਗਟ ਹੋਣ ਲੱਗ ਪਈ ਜਿਸ ਦੇ ਵਿਰੋਧ ਵਿਚ ਕਈ ਅੰਦੋਲਨ ਹੋਂਦ ਵਿੱਚ ਆਏ ਆਰਥਿਕ ਅਸਾਵੀਂ ਵੰਡ ਅਤੇ ਮੁਕਾਬਲੇ ਦੀ ਬਿਰਤੀ ਕਾਰਨ ਪੂੰਜੀਵਾਦੀ ਅਰਥਵਿਵਸਥਾ ਵਿੱਚ ਜੀਵਨ ਵਧੇਰੇ ਸੰਘਰਸ਼ਮਈ ਅਤੇ ਸੰਕਟਮਈ ਬਣ ਜਾਂਦਾ ਹੈ ਇਵੇਂ ਮੱਧਕਾਲ ਦੀ ਸਥਿਤੀ ਸੁਧਾਰਣ ਦੀ ਇਕਹਿਰੀ ਜੀਵਨ ਦੀ ਸ਼ਤਾਬਦੀ ਆਧੁਨਿਕ ਜੀਵਨ ਜਟਿਲ ਅਸਧਾਰਨ ਤੇ ਬਹੁਪਰਤੀ ਹੋ ਨਿਬੜਦਾ ਹੈ ਇਸ ਕਰਕੇ ਸਾਹਿਤ ਦੀ ਦਸ਼ਾ ਤੇ ਦਿਸ਼ਾ ਬਦਲ ਜਾਂਦੀ ਮਨੁੱਖ ਦਾ ਸਮਾਜ ਨਾਲ ਰਿਸ਼ਤਾ ਫੁੱਲਾ ਸਹਿਜ ਅਤੇ ਸੁਭਾਵਿਕ ਨਾ ਰਹਿ ਕੇ ਅਸੰਤੁਲਿਤ ਹੋ ਨਿਬੜਦਾ ਹੈ ਲੋੜਾਂ ਦੇ ਮੁਕਾਬਲੇ ਇੱਛਾਵਾਂ ਤੇ ਵਧੇਰੇ ਬਲ ਦੇਣ ਕਾਰਨ ਹਰ ਕੋਈ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਤਤਪਰ ਰਹਿਣ ਨਾਲ ਅੰਤਰਮੁਖੀ ਹੋ ਜਾਂਦਾ ਹੈ ਇਸ ਨਾਲ ਸਦੀਵੀ ਸਦਭਾਵਨਾ ਅਤੇ ਹੰਢਣਸਾਰ ਰਿਸ਼ਤੇ ਦੀ ਸੰਭਾਵਨਾ ਮੁੱਕ ਜਾਂਦੀ ਇਸ ਸੱਭਿਆਚਾਰਕ ਤਬਦੀਲੀ ਨੂੰ ਇਸ ਦੀਆਂ ਸਾਰੀਆਂ ਜਟਿਲਤਾਵਾਂ ਬਾਰੇ ਪ੍ਰਗਟਾਉਣ ਲਈ ਨਾਵਲ, ਨਾਟਕ ਕਹਾਣੀ, ਇਕਾਂਗੀ, ਸਫ਼ਰਨਾਮਾ ਆਦਿ ਕਲਾ ਰੂਪ ਹੋਂਦ ਵਿੱਚ ਆਉਂਦੇ ਹਨ

ਆਧੁਨਿਕ ਅਤੇ ਮੱਧਕਾਲੀਨ ਯੁੱਗ ਮੂਲ ਨਿਖੇੜਾ:- ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਸ ਦੇ ਤਿੰਨ ਮੁੱਖ ਇਤਿਹਾਸਿਕ ਯੁੱਗਾਂ ਨੂੰ ਨਿਖੇੜਿਆਂ ਜਾਂਦਾ ਹੈ।

(1) ਆਦਿ ਕਾਲੀਨ

(2) ਮੱਧਕਾਲੀਨ

(3) ਆਧੁਨਿਕ ਕਾਲ

ਮੱਧਕਾਲੀਨ ਅਤੇ ਆਧੁਨਿਕ ਕਾਲ ਦਾ ਮੂਲ ਨਿਖੇੜਾ ਇਹ ਹੈ ਮੱਧਕਾਲ ਵਿਚ ਸਿਰਫ਼ ਕਾਵਿ ਵਿਧਾ ਸੀ। ਪਰ ਆਧੁਨਿਕ ਕਾਲ ਵਿਚ ਸਾਹਿਤ ਦੇ ਨਵੇਂ ਰੂਪ ਸਾਹਮਣੇ ਆਉਂਦੇ ਹਨ। ਜਿਵੇਂ ਕਿ ਨਾਵਲ, ਨਾਟਕ, ਕਹਾਣੀ, ਖੁੱਲ੍ਹੀ ਕਵਿਤਾ ਆਦਿ। ਇਹ ਸਾਰੇ ਸਾਹਿੱਤਿਕ ਰੂਪ ਆਧੁਨਿਕ ਕਾਲ ਵਿਚ ਪੈਦਾ ਹੁੰਦੇ ਹਨ। ਆਧੁਨਿਕ ਕਾਲ ਵਿਚ ਸਮਾਜਿਕ ਤੇ ਧਾਰਮਿਕ ਲਹਿਰਾਂ ਸਾਹਮਣੇ ਆਉਂਦੀਆਂ ਹਨ। ਜਿਵੇਂ ਸਿੰਘ ਸਭਾ ਲਹਿਰ, ਕੂਕਾ ਲਹਿਰ, ਹਿੰਦੂ ਧਾਰਮਿਕ ਲਹਿਰਾਂ, ਮੁਸਲਮਾਨ ਧਾਰਮਿਕ ਲਹਿਰਾਂ ਆਦਿ ਹਨ।

ਆਧੁਨਿਕ ਯੁੱਗ ਅਤੇ ਵਿਸ਼ੇਸ਼ਕਰ ਆਧੁਨਿਕ ਪੰਜਾਬੀ ਸਾਹਿਤ ਦੇ ਉਚਿੱਤ ਅਤੇ ਸਮੱਗਰੀ ਅਧਿਐਨ ਲਈ ਮੱਧਕਾਲੀਨ ਯੁੱਗ ਅਤੇ ਮੱਧਕਾਲੀਨ ਸਾਹਿਤ ਦਾ ਆਧੁਨਿਕ ਯੁੱਗ ਅਤੇ ਆਧੁਨਿਕ ਪੰਜਾਬੀ ਸਾਹਿਤ ਨਾਲੋਂ ਸਾਪੇਖਕ ਨਿਖੇੜਾ ਜ਼ਰੂਰੀ ਹੈ। ਅੰਗਰੇਜ਼ਾਂ ਦੇ ਭਾਰਤ ਉੱਪਰ ਰਾਜਨੀਤਕ ਕਬਜ਼ੇ ਅਤੇ ਏਕੀਕਰਨ ਦੇ ਅਮਲ ਨੇ ਜਿਸ ਨਵੇਂ ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਦੌਰ ਦਾ ਆਰੰਭ ਕੀਤਾ, ਉਹ ਮੱਧਕਾਲੀਨ ਯੁੱਗ ਨਾਲੋਂ ਬੁਨਿਆਦੀ ਤੌਰ ਤੇ ਵੱਖਰਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਨਵੇਂ ਇਤਿਹਾਸਕ ਯੁੱਗ ਵਿਚ ਵੀ ਪਹਿਲੇ ਯੁੱਗ ਦੀਆਂ ਬਲਸ਼ਾਲੀ, ਜੀਵੰਤ ਅਤੇ ਸਾਰਥਿਕ ਪਰੰਪਰਾਵਾਂ ਦੀ ਬਦਲਵੀਂ ਨਿਰੰਤਰਤਾ ਰਹਿੰਦੀ ਹੈ। ਪਰ ਨਾਲੋਂ ਨਾਲ ਨਵੇਂ ਯੁੱਗ ਦੀਆਂ ਲੋੜਾਂ ਮੁਤਾਬਿਕ ਭੂਤ ਕਾਲੀਨ ਸੰਸਥਾਵਾਂ, ਵਿਚਾਰਾਂ, ਵਿਹਾਰਾਂ, ਮਨੋਰਥਾਂ, ਆਦਰਸ਼ਾਂ, ਕੀਮਤਾਂ ਤੇ ਪ੍ਰਤਿਮਾਨਾਂ ਵਿਚ ਮੂਲ ਭੂਤ ਪਰਿਵਰਤਨ ਆਉਂਦੇ ਹਨ ਯੁੱਗ ਨਿਖੇੜੇ ਦਾ ਮੂਲ ਸਾਰ ਹੀ ਇਹ ਬੁਨਿਆਦੀ ਪਰਿਵਰਤਨ ਹੁੰਦੇ ਹਨ। ਮੱਧ ਕਾਲੀਨ ਸਮਾਜਿਕ ਬਣਤਰ ਜਗੀਰਦਾਰੀ ਵਿਵਸਥਾ ਵਾਲੀ ਸੀ, ਜੋ ਅੰਗਰੇਜ਼ਾਂ ਦੇ ਕਬਜ਼ੇ ਉਪਰੰਤ ਪੂੰਜੀਵਾਦੀ ਲੀਹਾਂ ਤੇ ਢਲਣੀ ਤੇ ਬਦਲਣੀ ਸ਼ੁਰੂ ਹੋਈ ਪਰ ਸਾਡਾ ਰਾਜਸੀ, ਆਰਥਿਕ ਅਤੇ ਸਭਿਆਚਾਰਕ ਪਰਿਵਰਤਨ ਆਂਤਰਿਕ ਵਿਕਾਸ ਦਾ ਸਹਿਜ, ਪੱਕਿਆ ਅਤੇ ਨਿਰੰਤਰਤਾ ਵਾਲਾ ਅਮਲ ਨਾ ਹੋ ਕੇ ਅੰਗਰੇਜ਼ਾਂ ਦੀ ਰਾਜਸੀ ਸਰਦਾਰੀ, ਸਭਿਆਚਾਰਕ ਉੱਤਮਤਾ ਆਰਥਿਕ ਉੱਨਤੀ ਅਤੇ ਵਿਚਾਰਧਾਰਕ ਪ੍ਰਭੁਤਾ ਦਾ ਠੋਸਿਆ ਪ੍ਰਮਾਣ ਸੀ। ਜਿਸ ਕਰ ਕੇ ਜੀਵਨ ਦੇ ਸਾਰੇ ਖੇਤਰਾਂ ਵਿਚਲਾ ਵਿਕਾਸ ਅਸਾਵਾਂ ਉਤਰਾਅ- ਚੜ੍ਹਾਅ ਭਰਪੂਰ ਅਸੁਖਾਵਾਂ ਅਤੇ ਕਈ ਵਾਰੀ ਵਿਰੋਧੀ ਕਰਮਾਂ ਪ੍ਰਤੀ ਕਰਮਾਂ ਦਾ ਸਿਰਜਣ ਬਣਿਆ। ਡਾ. ਰਵਿੰਦਰ ਸਿੰਘ ਰਵੀ ਨੇ ਇਸ ਵਿਸ਼ੇਸ਼ ਇਤਿਹਾਸਕ ਸਥਿਤੀ ਨੂੰ ਇਉਂ ਸੰਕਲਪ ਬੱਧ ਕੀਤਾ ਹੈ, ਸਮੁੱਚੇ ਭਾਰਤ ਵਾਂਗ ਪੰਜਾਬ ਵਿਚ ਖੇਤੀਬਾੜੀ ਦਾ ਚੱਲਿਆ ਆ ਰਿਹਾ ਸਾਮੰਤਵਾਦੀ ਅਰਥਚਾਰਾ ਅਤੇ ਸਮਾਜਿਕ ਬਣਤਰ ਆਪਣੀ ਉਸਾਰੀ ਤੇ ਇਤਿਹਾਸਕ ਵੇਗ ਦੀ ਪਰਪੱਕ ਸਿਖਰ ਤੇ ਪਹੁੰਚ ਕੇ ਆਪਣੇ ਆਪ ਅਗਲੇ ਪੜਾਅ ਅਰਥਾਤ ਪੂੰਜੀਵਾਦੀ ਆਰਥਿਕ ਸਮਾਜਿਕ ਬਣਤਰ ਵਿਚ ਰੂਪਾਂਤਰਿਤ ਨਹੀਂ ਹੋਇਆ ਸਗੋਂ ਵਿਕਸਿਤ ਵਿਦੇਸ਼ੀ ਸਰਮਾਏਦਾਰੀ ਅਤੇ ਸਾਮਰਾਜੀ ਬਸਤੀਵਾਦ ਦੇ ਇਤਿਹਾਸਕ ਦਖ਼ਲ ਕਾਰਨ ਵਾਪਰਿਆ।

ਇਸ ਠੋਸੀ ਅਮਲ ਕਾਰਨ ਵਾਪਰੇ ਪਰਿਵਰਤਨਾਂ ਦੇ ਤਿੱਖੇ ਤੇ ਆਤਮ ਵਿਰੋਧੀ ਪ੍ਰਤੀਕਰਮ ਪੈਦਾ ਹੋਏ ਅਜਿਹੇ ਅੰਤਰ-ਵਿਰੋਧ ਅਤੇ ਬਖੇੜੇ ਜੋ ਸੁਤੰਤਰਤਾ ਪ੍ਰਾਪਤੀ ਦੇ 50 ਸਾਲਾਂ ਬਾਅਦ ਵੀ ਨਜਿੱਠੇ ਨਹੀਂ ਜਾ ਸਕੇ ਪਰ ਬੁਨਿਆਦੀ ਪਰਿਵਰਤਨ ਜ਼ਰੂਰ ਵਾਪਰੇ। ਰਾਜਨੀਤਿਕ ਖੇਤਰ ਵਿਚ ਇੱਕ ਤਾਨਾਸ਼ਾਹੀ ਰਾਜ ਦੀ ਥਾਂ ਬਸਤੀਵਾਦੀ ਰਾਜਸੀ ਵਸਤਾਂ ਦੇ ਮਨੋਰਥਾਂ ਅਤੇ ਲੋੜਾਂ ਮੁਤਾਬਿਕ ਨਵੇਂ ਕਾਨੂੰਨ ਪ੍ਰਬੰਧਕੀ ਮਸ਼ੀਨਰੀ ਰਾਜਨੀਤਕ ਤਾਣਾ ਪੇਟਾ ਉੱਸਰਿਆ ਜਿਸ ਦਾ ਸੁਭਾਅ ਲੋਟੂ ਸੀ ਜੋ ਭਾਰਤ ਦੀ ਗ਼ੁਲਾਮੀ ਨੂੰ ਪੱਕਾ ਕਰਨ ਵਾਲਾ ਸੀ ਪਰ ਇਹ ਆਧੁਨਿਕ ਲੀਹਾਂ

ਤੇ ਸੀ। ਅੰਗਰੇਜ਼ੀ ਸ਼ਾਸਕਾਂ ਨੇ ਆਰਥਿਕ ਪੱਖ ਤੋਂ ਖੇਤੀਬਾੜੀ ਸੁਧਾਰਾਂ ਨੂੰ ਲਾਗੂ ਕਰਨ ਦੇ ਨਾਲ ਨਾਲ ਮਾਲੀਏ ਨੂੰ ਪੱਕੇ ਤੌਰ ਤੇ ਨਿਸ਼ਚਿਤ ਕੀਤਾ। ਜਿਸ ਅਨੁਸਾਰ ਪੱਕਾ ਨਿਸ਼ਚਿਤ ਨਕਦ ਮਾਲੀਆ(Money Rent) ਕਿਸਾਨ ਦੇਣ ਦਾ ਪਾਬੰਦ ਸੀ। ਨਾ ਦੇਣ ਦੀ ਸੂਰਤ ਵਿਚ ਸਖ਼ਤ ਕਾਨੂੰਨੀ ਕਾਰਵਾਈ ਅਥਵਾ ਕੁਰਕੀ ਤਕ ਕਰ ਲਈ ਜਾਂਦੀ ਸੀ। ਇਸ ਨੂੰ ਰਾਇਤਵਾੜੀ ਸਿਸਟਮ ਕਿਹਾ ਜਾਂਦਾ ਸੀ। ਅੰਗਰੇਜ਼ਾਂ ਨੇ ਆਰਥਿਕ ਲਾਭ ਲਈ ਤਜਾਰਤੀ ਖੇਤੀ ਨੂੰ ਉਤਸ਼ਾਹਿਤ ਕੀਤਾ। ਨਹਿਰੀ ਸਿਸਟਮ ਉਸਾਰ ਕੇ ਸਿੰਚਾਈ ਸਹੂਲਤਾਂ ਮੁਹੱਈਆ ਕੀਤੀਆਂ ਤਾਂ ਕਿ ਪੈਦਾਵਾਰ ਵਧੇ ਤੇ ਬਰਕਰਾਰ ਰਹੇ। ਅੰਗਰੇਜ਼ਾਂ ਨੇ ਕੱਚੇ ਮਾਲ ਵੀ ਨਿਸ਼ਚਿਤ ਅਤੇ ਸਸਤੀ ਸਪਲਾਈ ਲਈ ਮੰਡੀਆਂ, ਰੇਲਵੇ, ਬੰਦਰਗਾਹਾਂ ਦਾ ਅਜਿਹਾ ਜਾਲ ਵਿਛਾਇਆ, ਜਿਸ ਰਾਹੀਂ ਉਨ੍ਹਾਂ ਦੀ ਬਸਤੀਵਾਦੀ ਲੁੱਟ ਵੱਧ ਸਕੇ। ਬਰਤਾਨਵੀ ਸਾਮਰਾਜਵਾਦ ਨੇ ਭਾਰਤੀ ਖੇਤੀ ਨੂੰ ਸੰਸਾਰ ਮੰਡੀ ਦੀ ਜਾਗੀਰੂ ਲਪੇਟ ਵਿਚ ਲਿਆ ਕੇ ਇਸ ਦਾ ਮੰਡੀਕਰਨ ਤੇਜ਼ ਕੀਤਾ, ਖੇਤ ਮਜ਼ਦੂਰ ਦੀ ਸੰਖਿਆ ਨੂੰ ਵਧਾਇਆ ਅਤੇ ਪੂੰਜੀ-ਸੰਗ੍ਰਹਿ ਦੇ ਅਮਲ ਨੂੰ ਤੇਜ਼ ਕੀਤਾ।ਪ੍ਰੀਤਮ ਸਿੰਘ, ਸਾਮਰਾਜ ਭਾਰਤੀ ਪੂੰਜੀਵਾਦ ਅਤੇ ਪੰਜਾਬ ਦੀ ਆਰਥਿਕਤਾ, ਪੁਸਤਕ 'ਪੰਜਾਬ ਦੀ ਆਰਥਿਕਤਾ ਸੰਪਾਦਕ ਡਾਕਟਰ ਨਿਰਮਲ ਸਿੰਘ ਆਜ਼ਾਦ, ਦੇ ਨਿਸ਼ਚੇ ਹੀ ਸਾਡੀ ਜਾਗੀਰੂ ਆਰਥਿਕਤਾ ਨੂੰ ਪੂੰਜੀਵਾਦੀ ਮੰਡੀ ਆਰਥਿਕਤਾ ਦੇ ਢਾਂਚੇ ਵਿਚ ਰੂਪਾਂਤਰਨ ਕੀਤਾ ਜੋ ਅਗਲੇ ਇਤਿਹਾਸਕ ਵਿਕਾਸ ਨਾਲ ਉਦਯੋਗੀਕਰਨ ਦੇ ਰਾਹੇ ਪਈ ਅਤੇ ਅਗਲੇਰੇ ਪੜਾਅ ਤੇ ਜਾ ਕੇ ਨਾ ਸਿਰਫ਼ ਉਦਯੋਗੀਕਰਨ ਹੋਇਆ ਸਗੋਂ ਜੀਵਨ ਦੇ ਹਰ ਖੇਤਰ ਦਾ ਮਸ਼ੀਨੀਕਰਨ ਵੀ ਹੋਇਆ।

ਸਭਿਆਚਾਰਕ ਖੇਤਰ ਚ ਅੰਗਰੇਜ਼ਾਂ ਦਾ ਪ੍ਰਭਾਵ ਵਧੇਰੇ ਵਿਸ਼ਾਲ, ਬਹੁਪੱਖੀ ਅਤੇ ਫ਼ੈਸਲਾ ਕੁੰਨ ਰਿਹਾ। ਡਾ.ਮੋਹਨ ਸਿੰਘ ਦੀਵਾਨਾ ਨੇ ਸਰਬਪੱਖੀ ਤਬਦੀਲੀ ਨੂੰ 12 ਖੰਡਾਂ ਵਿਚ ਵਰਗੀਕ੍ਰਿਤ ਕੀਤਾ ਤੇ ਇਸ ਵਿਚੋਂ ਅੰਗਰੇਜ਼ੀ ਰਾਜ ਦੇ ਡੂੰਘੇ ਅਤੇ ਠੀਕ, ਗ਼ਲਤ ਪ੍ਰਭਾਵਾਂ ਨੂੰ ਉਭਾਰਿਆ ਹੈ।

1. ਛਾਪਾਖ਼ਾਨਾ

2. ਅਖ਼ਬਾਰਾਂ ਤੇ ਰਸਾਲੇ

3. ਪਲੇਟਫ਼ਾਰਮ

4. ਸਰਕਾਰੀ ਤੇ ਗੈਰ ਸਰਕਾਰੀ ਵਿੱਦਿਅਕ ਢਾਂਚਾ

5. ਅੰਤਰ ਭਾਈਚਾਰਕ ਸਮਾਜਿਕ ਤੇ ਅੰਤਰਰਾਸ਼ਟਰੀ ਸੰਪਰਕ

6. ਰਾਜਸੀ ਚੇਤਨਾ ਅਤੇ ਤਰੱਕੀ

7. ਆਮ ਧਾਰਮਿਕ ਸੁਰਜੀਤੀ ਤੇ ਬ੍ਰਹਮੋ ਸਮਾਜ, ਆਰੀਆ ਸਮਾਜ, ਸਿੰਘ ਸਭਾ, ਸਵਾਮੀ ਰਾਮ ਤੀਰਥ ਦਾ ਸੱਤ ਧਰਮ, ਰਾਧਾ ਸਵਾਮੀ ਸਤਸੰਗ ਭਾਰਤੀ ਇਸਾਈ ਧਾਰਮਿਕ ਭਾਈਚਾਰਕ,

8. ਪੰਜਾਬ ਸਰਕਾਰ ਦੁਆਰਾ ਉਰਦੂ ਨੂੰ ਕੋਰਟ ਭਾਸ਼ਾ ਅਤੇ ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਉਣ ਦੇ ਮਾਧਿਅਮ ਵਜੋਂ ਮਾਨਤਾ

9. ਪੰਜਾਬ ਵਿੱਦਿਅਕ ਮਹਿਕਮੇ ਦਾ ਗਠਨ, ਸਾਹਿਤ ਫ਼ੰਡ ਦੀ ਸਰਪ੍ਰਸਤੀ ਨਾਲ ਪਾਠ ਪੁਸਤਕ ਕਮੇਟੀ ਦਾ ਗਠਨ।

10. ਉਰਦੂ ਮੁਸ਼ਾਇਰਿਆਂ ਦੀ ਤਰਜ਼ ਤੇ ਕਵੀ ਦਰਬਾਰ ਦਾ ਸੰਗਠਨ

11. ਸਿੱਖ ਰਾਜ ਕੁਮਾਰਾਂ ਰਾਹੀਂ ਖੁੱਲ੍ਹਦਿਲੀ ਸਰਪ੍ਰਸਤੀ, ਜਿਸ ਰਾਹੀਂ ਕੁੱਝ ਗਿਣਵੇਂ ਲਿਖਣ ਵਾਲਿਆਂ ਨੂੰ ਹਲਾਸ਼ੇਰੀ।

12. ਰੇਡੀਉ

ਸਮਾਜਿਕ ਇਤਿਹਾਸਕ ਵਿਕਾਸ ਦੇ ਅਗਲੇਰੇ ਪੜਾਵਾਂ ਤੇ ਪਹੁੰਚੇ ਹੋਣ ਕਾਰਨ ਪੱਛਮੀ ਸਭਿਆਚਾਰ ਅਤੇ ਭਾਰਤੀ ਸਭਿਆਚਾਰ ਸਮੇਤ ਪੰਜਾਬੀ ਸਭਿਆਚਾਰ ਨੂੰ ਹੋਂਦ ਮੂਲਕ ਵੰਗਾਰਾਂ ਸਨਮੁੱਖ ਲਿਆ ਖਿਲਾਰਿਆ ਅੰਗਰੇਜ਼ਾਂ ਦੀ ਰਾਜਸੀ ਸ਼ਕਤੀ ਦੇ ਬਲਬੂਤੇ ਸਿਲਸਿਲੇਵਾਰ ਅਤੇ ਸੁਨਿਸ਼ਚਿਤ ਵਿਉਂਤ ਅਨੁਸਾਰ ਇਸਾਈ ਧਰਮ ਦਾ ਪ੍ਰਚਾਰ ਪੱਛਮੀ, ਸਭਿਆਚਾਰ ਦੀ ਵਡਿਆਈ ਦੇ ਨਾਲ ਨਾਲ ਇੱਥੋਂ ਦੇ ਧਾਰਮਿਕ ਵਿਰਸੇ ਪ੍ਰਤੀ ਨਫ਼ਰਤ ਅਤੇ ਜੀਵਨ ਢੰਗ ਪ੍ਰਤੀ ਦਵੈਸ਼ਪੂਰਨ ਪ੍ਰਚਾਰ ਕੀਤਾ। ਇਸ ਨੇ ਨਵੀਆਂ ਵੰਗਾਰਾਂ ਉਭਾਰੀਆਂ। 1834 ਵਿਚ ਹੀ ਅੰਗਰੇਜ਼ਾਂ ਨੇ ਇਸਾਈ ਮਿਸ਼ਨਰੀਆਂ ਦੇ ਅੱਡੇ ਲੁਧਿਆਣੇ ਕਾਇਮ ਕਰ ਕੇ ਛਾਪੇਖ਼ਾਨੇ ਦੀ ਸਥਾਪਨਾ ਕੀਤੀ ਅਤੇ ਬਹੁਤ ਵਿਉਂਤ ਬੰਦ ਢੰਗ ਨਾਲ ਇਸਾਈ ਧਰਮ ਦਾ ਪਾਸਾਰ ਤੇ ਪ੍ਰਚਾਰ ਕੀਤਾ। ਸਾਡੇ ਪਰੰਪਰਾਗਤ ਸਭਿਆਚਾਰ ਅੱਗੇ ਖ਼ਾਸ ਕਰ ਕੇ ਇਸ ਦੇ ਵਹਿਮਾਂ ਭਰਮਾਂ, ਅੰਧ-ਵਿਸ਼ਵਾਸਾਂ, ਬੇਤੁਕੇ ਰਿਵਾਜ਼ਾਂ ਨੂੰ ਪੱਛਮੀ ਤਰਕ ਵਿਧਾਨ ਨਾਲ ਰੱਦ ਕਰ ਕੇ ਇਸ ਦੇ ਤਿੱਖੇ ਹਮਲੇ ਕੀਤੇ। ਨਤੀਜੇ ਵਜੋਂ ਧਾਰਮਿਕ ਖਿੱਚੋ ਤਾਣ, ਨਫ਼ਰਤ ਅਤੇ ਪੁਨਰ ਸੁਰਜੀਤੀ ਦੀਆਂ ਵਿਭਿੰਨ ਲਹਿਰਾਂ ਬੜੇ ਤਿੱਖੇ ਅਤੇ ਜ਼ਹਿਰੀਲੇ ਰੂਪ ਵਿਚ ਉੱਭਰੀਆਂ। ਆਧੁਨਿਕ ਯੁੱਗ ਚੇਤਨਾ ਨੇ ਸਾਡੀ ਪਰੰਪਰਾਗਤ ਜੀਵਨ ਰਹਿ ਤਲ਼ ਅੱਗੇ ਵੰਗਾਰਵੇਂ ਪ੍ਰਸ਼ਨ ਚਿੰਨ੍ਹ ਲਗਾਏ, ਜਿਸ ਦੇ ਨਤੀਜੇ ਤੋਂ ਮੱਧ ਕਾਲੀਨ ਸਭਿਆਚਾਰ ਦੇ ਵਿਚ ਅਹਿਮ ਪਰਿਵਰਤਨ ਵਾਪਰੇ ਅਤੇ

ਹੌਲੀ ਹੌਲੀ ਆਧੁਨਿਕ ਯੁੱਗ ਚੇਤਨਾ ਅਤੇ ਚਿੰਤਨ ਦੇ ਨਵੀਨ ਮਾਡਲ ਅਤੇ ਪ੍ਰਵਿਰਤੀਆਂ ਸਥਾਪਤ ਹੁੰਦੀਆਂ ਹਨ। ਸਾਹਿੱਤਿਕ ਖੇਤਰ ਵਿਚ ਸਮਕਾਲੀਨ ਪੰਜਾਬੀ ਸਾਹਿਤ ਨਾਲੋਂ ਆਧੁਨਿਕ ਕਾਲ ਵਿਚ ਵਿਭਿੰਨ ਬੁਨਿਆਦੀ ਪਰਿਵਰਤਨ ਆਏ ਇਨ੍ਹਾਂ ਵਿਚ ਵਿਸ਼ਾਮੂਲਕ, ਦ੍ਰਿਸ਼ਟੀ ਮੂਲਕ, ਵਿਚਾਰਧਾਰਾਈ, ਭਾਸ਼ਾਈ, ਸ਼ੈਲੀਗਤ ਤੇ ਰੂਪਾਕਾਰ ਪੱਖਾਂ ਵਿਚ ਆਈਆਂ ਤਬਦੀਲੀਆਂ ਪ੍ਰਮੁੱਖ ਹਨ। ਪੱਛਮੀ ਜੀਵਨ ਦ੍ਰਿਸ਼ਟੀ , ਜੀਵਨ ਢੰਗ, ਜੀਵਨ ਮਨੋਰਥਾਂ ਨੇ ਸਾਡੇ ਪਰੰਪਰਾਗਤ ਅਤੇ ਪ੍ਰਚਲਿਤ, ਸਮੁੱਚੇ ਪ੍ਰਬੰਧ ਨੂੰ ਬਦਲ ਪੇਸ਼ ਕੀਤਾ। ਜਿਨ੍ਹਾਂ ਨੂੰ ਅਸੀਂ ਮਜਬੂਰੀ, ਲੋੜ, ਫ਼ੈਸ਼ਨ ਜਾਂ ਨਕਲ ਆਦਿਕ ਭਿੰਨ ਪ੍ਰਵਿਰਤੀਆਂ ਅਧੀਨ ਗ੍ਰਹਿਣ ਕੀਤਾ ਅਤੇ ਪੂਰੇ ਜ਼ੋਰ ਸ਼ੋਰ ਨਾਲ ਹੁਣ ਵੀ ਕਰ ਰਹੇ ਹਾਂ।

**ਸਾਰਾਂਸ਼**

ਉਪਰੋਕਤ ਵਿਚਾਰ ਚਰਚਾ ਵਿਚ ਕਿਹਾ ਜਾ ਸਕਦਾ ਹੈ ਆਧੁਨਿਕ ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ, ਅੰਗਰੇਜ਼ੀ ਦੇ ਸ਼ਬਦ MODERN ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਆਧੁਨਿਕ ਸ਼ਬਦ ਸੰਸਕ੍ਰਿਤ ਵਿਆਕਰਨ ਅਨੁਸਾਰ (ਅਧੁਨਾ) ਦਾ ਵਿਸੇਸਣ ਹੈ। ਅਤੇ ਅਮਰਕੋਸ਼ ਅਨੁਸਾਰ ਅਧੁਨਾ ਦੇ ਅਰਥ ਹਨ ਇਸ ਕਾਲ ਵਿਚ ਜਾਂ ਹੁਣ । ਆਧੁਨਿਕ ਸ਼ਬਦ ਇਸੇ (ਅਧੁਨਾ + ਠਸ ) ਤੋਂ ਬਣਿਆ ਹੈ। ਜਿਸ ਦੇ ਅਰਥ ਹਨ 'ਹੁਣ ਹੋਇਆ' । MODERN ਸ਼ਬਦ ਦੀ ਉਤਪਤੀ LATIN ਦੇ ਧਾਤੂ MODO ਤੋਂ ਹੋਈ ਹੈ। ,ਜਿਸ ਦੇ ਅਰਥ ਹਨ ਹੁਣ JUST NOW ਸ਼ਾਬਦਿਕ ਅਰਥਾਂ ਅਨੁਸਾਰ ਆਧੁਨਿਕ ਸ਼ਬਦ ਹੁਣ ਅਰਥਾਤ ਕਾਲ ਦੇ ਵਰਤਮਾਨ ਖੰਡ ਦਾ ਸੂਚਕ ਹੈ। ਪਰ ਮਨੁੱਖੀ ਗਿਆਨ ਸੰਚਾਰ ਦੇ ਪ੍ਰਸੰਗ ਵਿਚ ਇਹ ਬਹੁਤ ਵਿਸ਼ਾਲ ਪਰ ਨਿਸ਼ਚਿਤ ਅਰਥ ਦਾ ਧਾਰਨੀ ਹੈ। ਜਿਸ ਵਿਚ ਅੱਗੋਂ ਹੋਰ ਬਹੁਤ ਸਾਰੀਆਂ ਵਿਧੀਆਂ ਜਿਵੇਂ ਉਤਰ ਆਧੁਨਿਕ ਰੂਪ ਜੋ ਆਧੁਨਿਕ ਤੋਂ ਅੱਗੇ ਦੀ ਗੱਲ ਕਰਦਾ ਹੈ ਇਸੇ ਤਰਾਂ ਭਾਸ਼ਾ ਵਿਚ ਸੰਰਚਨਾ ਵਾਦ, ਉਤੱਰ ਸੰਰਚਨਾ ਵਾਦ ਆਦਿ ਆਧੁਨਿਕ ਤੈਹਾਂ ਦੇ ਧਾਰਨੀ ਸ਼ਬਦਾਂ ਤੋਂ ਹੀ ਆਪਣਾ ਰੂਪ ਗ੍ਰਹਿਣ ਕਰਦੇ ਹਨ। ਮੱਧਕਾਲ ਦੇ ਪੰਜਾਬੀ ਸਾਹਿਤ ਅਤੇ ਆਧੁਨਿਕ ਪੰਜਾਬੀ ਸਾਹਿਤ ਵਿੱਚ ਬਹੁਤ ਜ਼ਿਆਦਾ ਅੰਤਰ ਹੈ ਆਧੁਨਿਕ ਪੰਜਾਬੀ ਸਾਹਿਤ ਦਾ ਜਨਮ ਸਪਸ਼ਟ ਰੂਪ ਵਿਚ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਹੁੰਦਾ ਹੈ ਇਸ ਕਾਲ ਖੰਡ ਵਿਚ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਕੁੱਝ ਬੁਨਿਆਦੀ ਪਰਿਵਰਤਨ ਹੁੰਦੇ ਹਨ ਇਨ੍ਹਾਂ ਪਰਿਵਰਤਨਾਂ ਪਿੱਛੋਂ ਅੰਗਰੇਜ਼ਾਂ ਦੀ ਸੋਚੀ ਸਮਝੀ ਚਾਲ ਸੀ ਇਹ ਚਾਲ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਦਸ ਸਾਲ ਬਾਅਦ ਤਕ ਵੀ ਨਾ ਚੱਲ ਸਕੀ ਪਰ ਮਹਾਰਾਜੇ ਦੀ ਮੌਤ ਤੋਂ ਬਾਅਦ ਦੱਸ ਸਾਲ ਪੰਜਾਬ ਦੀ ਰਾਜਨੀਤਕ ਵਿਵਸਥਾ ਲਗਾਤਾਰ ਕਮਜ਼ੋਰ ਹੁੰਦੀ ਗਈ ਇਸ ਦੇ ਸਿੱਟੇ ਵਜੋਂ 1849 ਈਸਵੀ ਵਿਚ ਪੰਜਾਬ ਨੂੰ ਅੰਗਰੇਜ਼ਾਂ ਨੇ ਆਪਣੇ ਬਸਤੀਵਾਦੀ ਸਾਮਰਾਜ ਦਾ ਹਿੱਸਾ ਬਣਾ ਲਿਆ ਇਸ ਰਾਜਨੀਤਕ ਪਰਿਵਰਤਨ ਦੀ ਫਲਸਰੂਪ ਪੰਜਾਬੀ ਸਮਾਜ ਸਭਿਆਚਾਰ ਵਿਚ ਬਹੁਤ ਸਾਰੇ ਆਰਥਿਕ ਪਰਿਵਰਤਨ ਆਏ ਅੰਗਰੇਜ਼ ਪੰਜਾਬ ਦੇ ਪਹਿਲੇ ਹਾਕਮ ਸਨ ਜਿਹੜੇ ਉੱਤਰ ਪੱਛਮ ਵੱਲੋਂ ਧਰਤੀ ਦੇ ਰਸਤੇ ਦੀ ਥਾਂ ਪੂਰਬ ਵੱਲੋਂ ਸਮੁੰਦਰ ਦੇ ਰਸਤੇ ਰਾਹੀਂ ਆਏ ਸਨ ਭਾਰਤ ਦੇ ਇਤਿਹਾਸ ਵਿਚ ਅੰਗਰੇਜ਼ ਪਹਿਲੇ ਵਿਦੇਸ਼ੀ ਸਨ ਜਿਹੜੇ ਮੁੱਖ ਤੌਰ ਤੇ ਵਪਾਰ ਦੀ ਦ੍ਰਿਸ਼ਟੀ ਨਾਲ ਆਏ ਸਨ ਪਰ ਇੱਥੋਂ ਦੀ ਕਮਜ਼ੋਰ ਰਾਜਨੀਤਕ ਅਵਸਥਾ ਵੇਖ ਕੇ ਉਨ੍ਹਾਂ ਨੇ ਇੱਥੇ ਸ਼ਾਸਨ ਕਰਨ ਦਾ ਮਨ ਬਣਾ ਲਿਆ ਸੀ ਪੰਜਾਬ ਵਿਚ ਅੰਗਰੇਜ਼ ਹੀ ਅਜਿਹੇ ਹਾਕਮ ਸਨ ਜੋ ਮੁੜ ਤੋਂ ਅੰਤ ਤਕ ਵਿਦੇਸ਼ੀ ਕਹਾਏ ਅਰਥਾਤ ਉਨ੍ਹਾਂ ਨੇ ਮੁਸਲਮਾਨਾਂ ਵਾਂਗ ਨਾ ਤਾਂ ਪੰਜਾਬ ਨੂੰ ਆਪਣਾ ਘਰ ਬਣਾਇਆ ਤੇ ਨਾ ਹੀ ਸਥਾਨਕ ਇਸਤਰੀਆਂ ਨਾਲ ਵਿਆਹ ਕਰਵਾਏ ਅੰਗਰੇਜ਼ ਅਸਲੋਂ ਹੀ ਇੱਕ ਨਵਾਂ ਧਰਮ ਲੈ ਕੇ ਆਏ ਉਹ ਇੱਕ ਅਜਿਹੀ ਭਾਸ਼ਾ ਲੈ ਕੇ ਆਏ ਜੋ ਸਾਡੇ ਲਈ ਬਿਲਕੁਲ ਪਰਾਈ ਸੀ ਉਹ ਆਪਣੇ ਨਾਲ ਇੱਕ ਵੱਖਰੀ ਯੁੱਧ ਨੀਤੀ ਵੀ ਲੈ ਕੇ ਆਏ ਜਿਸ ਵਿਚ ਤਲਵਾਰ ਦੀ ਥਾਂ ਤੋਪ ਦਾ ਰੋਲ ਵਧੇਰੇ ਸੀ ਉਹ ਨਿਵੇਕਲੀ ਖ਼ੁਰਾਕ ਚਾਅ ਵਹੀਕਲਾਂ ਸਭਿਆਚਾਰ ਪਦਾਰਥ ਪ੍ਰਧਾਨ ਸਭਿਆਚਾਰ ਨਿਵੇਕਲੀ ਜੀਵਨ ਜਾਂਚ ਇਹ ਲੋਕ ਵਾਦੀ ਨਵੀਂ ਸੋਚ ਪ੍ਰਣਾਲੀ ਵਪਾਰਕ ਨਵੀਂ ਰਾਜ ਪ੍ਰਬੰਧ ਪ੍ਰਣਾਲੀ ਲੋਕਤੰਤਰੀ ਪੂੰਜੀਵਾਦੀ ਤੇ ਸ਼ਹਿਰ ਦੇ ਸੰਕਲਪ ਲੈ ਕੇ ਆਏ ਦਰਅਸਲ ਪੂਰਬ ਦੇ ਜੀਵਨ ਦਰਸ਼ਨ ਅਤੇ ਪੱਛਮ ਦੇ ਜੀਵਨ ਦਰਸ਼ਨ ਵਿਚ ਬੁਨਿਆਦੀ ਅੰਤਰ ਹੈ ਸਾਨੂੰ ਪਤਾ ਹੈ ਕਿ ਮਨੁੱਖ ਪ੍ਰਕਿਰਤੀ ਨੂੰ ਨਿਯੰਤਰਨ ਕਰ ਕੇ ਵਿਕਾਸ ਕਰਦਾ ਹੈ ਪ੍ਰਕਿਰਤੀ ਨੂੰ ਨਿਯੰਤਰਨ ਕਰਨ ਲਈ ਉਸ ਨੂੰ ਜਾਣਨਾ ਜ਼ਰੂਰੀ ਹੈ ਪੂਰਬ ਦੇ ਮਨੁੱਖ ਨੇ ਜਦੋਂ ਪ੍ਰਕਿਰਤੀ ਨੂੰ ਜਾਣਨਾ ਚਾਹਿਆ ਤਾਂ ਇਸ ਵਿਚੋਂ ਡਰਦਾ ਫ਼ਲਸਫ਼ਾ ਵਿਕਸਤ ਕੀਤਾ ਇਸ ਡਰ ਵਿਚੋਂ ਮੌਤ ਦਾ ਡਰ ਸਭ ਤੋਂ ਸ੍ਰੇਸ਼ਟ ਸੀ ਇਸ ਡਰ ਤੇ ਕਾਬੂ ਪਾਉਣ ਲਈ ਪੂਰਬੀ ਮਨੁੱਖ ਨੇ ਅਧਿਆਤਮਵਾਦੀ ਫ਼ਲਸਫ਼ਾ ਵਿਕਸਿਤ ਕੀਤਾ ਇਸ ਦੇ ਉਲਟ ਪੱਛਮੀ ਫ਼ਲਸਫ਼ਾ ਜਗਿਆਸਾ ਤੇ ਆਧਾਰਤ ਹੈ ਇਸ ਜਗਿਆਸਾ ਵਿਚੋਂ ਪੱਛਮੀ ਦੇਸ਼ਾਂ ਦੀ ਮਨੁੱਖ ਨੇ ਪਦਾਰਥਕ ਫ਼ਲਸਫ਼ੇ ਨੂੰ ਜਨਮ ਦਿੱਤਾ ਡਾਰਵਿਨ ਦੇ ਵਿਕਾਸ ਸਿਧਾਂਤ ਫਰਾਇਡ ਦੀ ਮਨੋਵਿਗਿਆਨ ਕਾਰਲ ਮਾਰਕਸ ਦੀ ਕਮਿਊਨਿਸਟ ਵਿਚਾਰਧਾਰਾ ਅਤੇ ਆਈਨਸਟਾਈਨ ਦੀ ਸੰਖੇਪ ਵਾਦੀ ਸਿਧਾਂਤ ਵਿਚ ਪਦਾਰਥਕ ਜੀਵਨ ਫ਼ਲਸਫ਼ੇ ਦਾ ਸਿਖਰ ਹੈ ਇਸ ਦੇ ਫਲਸਰੂਪ ਇੰਗਲੈਂਡ ਵਿਚ ਉਦਯੋਗਿਕ ਕ੍ਰਾਂਤੀ ਆਈ ਪੂਰਬ ਵਿਚ ਜਿਸ ਵੇਲੇ ਸੂਰਜ ਨੂੰ ਜਲ ਦਾ ਅਰਘ ਦਿੱਤਾ ਜਾਂਦਾ ਸੀ ਪੱਛਮ ਵਿਚ ਉਸ ਵੇਲੇ ਉਸੇ ਪਾਣੀ ਤੋਂ ਬਿਜਲੀ ਤਿਆਰ ਕੀਤੀ ਜਾ ਰਹੀ ਸੀ ਇਸ ਅੰਤਰ ਦੀ ਫਲਸਰੂਪ ਇੰਗਲੈਂਡ ਤੇ ਆਰਥਿਕ ਪ੍ਰਬੰਧ ਨੇ ਜਗੀਰਦਾਰੀ ਪ੍ਰਬੰਧ ਨੂੰ ਹੰਢਾ ਕੇ ਪੂੰਜੀਵਾਦੀਆਂ ਆਰਥਿਕ ਪ੍ਰਬੰਧ ਨੂੰ ਜਨਮ ਦਿੱਤਾ ਇਹ ਆਰਥਿਕ ਪ੍ਰਬੰਧ ਬਾਜ਼ਾਰ ਵਪਾਰ ਮੁਨਾਫ਼ਾ ਅਤੇ ਸਵੈ ਹਿਤ ਉੱਤੇ ਆਧਾਰਤ ਹੈ ਇਸ ਕਰ ਕੇ ਚਿੰਤਨ ਅਤੇ ਸਾਹਿਤ ਕਲਾ ਦੀ ਖੇਤਰ ਵਿਚ ਆਧੁਨਿਕਤਾ ਦਾ ਸਬੰਧ ਉਸ ਵਿਸ਼ੇਸ਼ ਮਾਨਸਿਕ ਬੌਧਿਕ ਤੇ ਭਾਵੁਕ ਅਵਸਥਾ ਨਾਲ ਹੈ ਜਿਹੜੀ ਪੱਛਮ ਵਿਚ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਵਿਚ ਵਿਗਿਆਨਕ ਸੂਝ ਬੂਝ ਨਾਲ ਪ੍ਰਕਿਰਤੀ ਉੱਤੇ ਮਨੁੱਖ ਦੀ ਵਧੇ ਅਧਿਕਾਰ ਨਾਲ ਪੈਦਾ ਹੋਣੀ ਸ਼ੁਰੂ ਹੋਈ ਹੈ।

**ਕੇਂਦਰੀ ਸ਼ਬਦ :**

ਆਧੁਨਿਕ---- ਨਵਾਂ ਰੂਪ

ਪੁਰਾਤਨਤਾ ------ ਪੁਰਾਣਾ ਰੂਪ

ਆਧੁਨਿਕ ਅਨੁਭਵ--- ਨਵਾਂ ਤਜਰਬਾ

ਭਾਵ ---------- ਖ਼ਿਆਲ

ਸ਼ੈਲੀ------ ਵਿਚਾਰਾਂ ਨੂੰ ਲਿਖਣ ਦਾ ਢੰਗ

**ਸਵੈ-ਮੁਲਾਂਕਣ:**

1. ਮੱਧਕਾਲ ਤੋਂ ਕੀ ਭਾਵ ਹੈ?
   ੳ. ਆਧੁਨਿਕ ਸਮਾਂ
   ਅ. ਕਾਲ
   ੲ. ਪੁਰਾਣਾ ਸਮਾਂ
   ਸ. ਮੱਧਕਾਲੀ ਦੌਰ

2. ਆਧੁਨਿਕ ਸ਼ਬਦ ਦਾ ਅੰਗਰੇਜ਼ੀ ਅਰਥ ਕੀ ਹੈ?

   ੳ. Modo

   ਅ. Moto

   ੲ. Modre

   ਸ. Modern

3. ਆਧੁਨਿਕ ਸ਼ਬਦ ਕਿਹੜੀ ਭਾਸ਼ਾ ਦਾ ਹੈ?

   ੳ. ਜਰਮਨ

   ਅ. ਸੰਸਕ੍ਰਿਤ

   ੲ. ਅਰਬੀ

   ਸ. ਉਰਦੂ

4. Modern ਸ਼ਬਦ ਦੀ ਉਤਪਤੀ ਕਿਹੜੀ ਭਾਸ਼ਾ ਦੇ ਸ਼ਬਦ ਤੋਂ ਹੋਈ ਹੈ?

   ੳ. ਜਰਮਨ

   ਅ. ਸੰਸਕ੍ਰਿਤ

   ੲ. ਲੈਟਿਨ

   ਸ. ਉਰਦੂ

5. ਆਧੁਨਿਕ ਸੰਕਲਪ ਦਾ ਅਰਥ ਹੈ।

ੳ. ਸਮਾਜ ਕਲਿਆਣ

ਅ. ਨਵੀਂ ਸੋਚ

ੲ. ਭਾਸ਼ਾ/ਸ਼ੈਲੀ

ਸ. ਪੁਨਰ ਜਾਗਰਨ

6. ਵਰਤਮਾਨ ਨਾਲ ਅਤੀਤ ਦਾ ਟਕਰਾਓ ਆਧੁਨਿਕਤਾ ਦਾ ਪ੍ਰਮੁੱਖ ਪ੍ਰਯੋਜਨ ਪ੍ਰਤੀਤ ਹੁੰਦਾ ਹੈ। ਇਹ ਕਥਨ ਕਿਸ ਦਾ ਹੈ?

ੳ. ਸਟੀਫਨ ਸਪੇਂਡਰ

ਅ. ਪ੍ਰੋ.ਪੂਰਨ ਸਿੰਘ

ੲ. ਭਾਈ ਵੀਰ ਸਿੰਘ

ਸ. ਵਿਲੀਅਮ

7. ਪੱਛਮ ਵਿਚ ਆਧੁਨਿਕਤਾ ਦਾ ਮੁੱਢ ਕਦੋਂ ਬੱਝਾ?

ੳ. 14 ਵੀਂ 15 ਵੀਂ ਸਦੀ

ਅ. 13 ਵੀਂ 15 ਵੀਂ ਸਦੀ

ੲ. 17 ਵੀਂ 18 ਵੀਂ ਸਦੀ

ਸ. 9 ਵੀਂ 10 ਵੀਂ ਸਦੀ

8. ਪੱਛਮ ਵਿਚ ਆਧੁਨਿਕਤਾ ਦਾ ਆਰੰਭ ਕਿਸ ਕ੍ਰਾਂਤੀ ਨਾਲ ਬੱਝਾ?

ੳ. ਹਰੀ ਕ੍ਰਾਂਤੀ ਨਾਲ

ਅ. ਚਿੱਟੀ ਕ੍ਰਾਂਤੀ ਨਾਲ

ੲ. ਵਪਾਰਿਕ ਕ੍ਰਾਂਤੀ ਨਾਲ

ਸ. ਉਦਯੋਗਿਕ ਕ੍ਰਾਂਤੀ ਨਾਲ

9. ਅੰਗਰੇਜ਼ਾ ਨੇ ਪੰਜਾਬ ਨੂੰ ਆਪਣੇ ਕਬਜ਼ੇ ਅਧੀਨ ਕਦੋਂ ਕੀਤਾ ਹੈ?

ੳ. 1849

ਅ. 1850

ੲ. 1851

ਸ. 1852

10. ਆਧੁਨਿਕ ਯੁੱਗ ਵਿਚ ਪੱਛਮ ਦੇ ਪ੍ਰਭਾਵ ਅਧੀਨ ਕਿਹੜੀ ਵਿਧਾ ਨੇ ਜਨਮ ਲਿਆ ਹੈ?

ੳ. ਸਾਖੀ

ਅ. ਜਨਮ ਸਾਖੀ

ੲ. ਨਾਵਲ

ਸ. ਬਚਨ

11. ਮੱਧਯੁੱਗ ਵਿਚ ਸਾਹਿਤ ਦੇ ਕਿਸ ਰੂਪ ਦੀ ਪ੍ਰਧਾਨਤਾ ਰਹੀ ਹੈ?

ੳ. ਵਾਰਤਕ

ਅ. ਕਾਵਿ

ੲ. ਕਾਫੀ

ਸ. ਸਲੋਕ

12. ਸਧਾਰਨ ਮਨੁੱਖ ਇਕ ਨਾਇਕ ਵਜੋਂ ਕਿਸ ਕਾਲ ਵਿਚ ਹੋਂਦ ਗ੍ਰਹਿਣ ਕਰਦਾ ਹੈ?

ੳ. ਆਦਿ ਕਾਲ

ਅ. ਮੱਧਕਾਲ

ੲ. ਆਧੁਨਿਕ ਕਾਲ

ਸ. ਉਤੱਰ ਆਧੁਨਿਕ ਕਾਲ

13. ਆਧੁਨਿਕ ਪੰਜਾਬੀ ਕਵਿਤਾ ਦਾ ਮੁੱਢ ਕਿਸ ਕਵੀ ਨਾਲ ਬੱਝਦਾ ਹੈ?

ੳ. ਭਾਈ ਵੀਰ ਸਿੰਘ

ਅ. ਪ੍ਰੋ. ਪੂਰਨ ਸਿੰਘ

ੲ. ਧਨੀ ਰਾਮ ਚਾਤ੍ਰਿਕ

ਸ. ਮੋਹਨ ਸਿੰਘ

14. ਸਿੰਗਮੰਡ ਫਰਾਇਡ ਦੇ ਸਿਧਾਂਤ ਦਾ ਕੀ ਨਾਮ ਹੈ?

ੳ. ਸਮਾਜਵਾਦੀ

ਅ. ਨਾਰੀਵਾਦੀ

ੲ. ਵਿਕਾਸਵਾਦ

ਸ. ਮਨੋਵਿਗਿਆਨ

15. ਪੰਜਾਬੀ ਭਾਸ਼ਾ ਦਾ ਪਹਿਲਾਂ ਮੌਲਿਕ ਨਾਵਲ ਹੈ।

ੳ. ਸੁੰਦਰੀ

ਅ. ਬਿਜੈ ਸਿੰਘ

ੲ. ਨੈਧ ਸਿੰਘ

ਸ. ਚਿੱਟਾ ਲਹੂ

**ਅਭਿਆਸ ਪ੍ਰਸ਼ਨ**

1. ਆਧੁਨਿਕ ਅਤੇ ਮੱਧਕਾਲੀਨ ਯੁੱਗ ਮੂਲ ਨਿਖੇੜਾ ਕਰੋ।
2. ਆਧੁਨਿਕਤਾ ਤੋਂ ਕੀ ਭਾਵ ਹੈ?
3. ਆਧੁਨਿਕ ਪੰਜਾਬੀ ਸਾਹਿਤ ਦੇ ਵਿਕਾਸ ਬਾਰੇ ਲਿਖੋ।
4. ਸਾਹਿਤ ਤੋਂ ਕੀ ਭਾਵ ਹੈ?

**ਸੰਦਰਭ ਪੁਸਤਕਾਂ:**


1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ(ਆਦਿ ਕਾਲ ਤੋਂ ਸਮਕਾਲ ਤੱਕ),ਲਾਹੌਰ ਬੁੱਕ ਸ਼ਾਪ, ਲੁਧਿਆਣਾ, 2018

2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017

3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2016

4. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018


**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%E0%A8%86%E0%A8%A7%E0%A9%81%E0%A8%A8%E0%A8%BF%E0%A8%95%E0%A8%A4%E0%A8%BE

**ਉੱਤਰਮਾਲਾ**

| | | | | |
|---|---|---|---|---|
| 1. ਸ | 2. ਅ | 3. ੲ | 4. ਸ | 5. ੳ |
| 6. ੲ | 7. ਸ | 8. ਸ | 9. ੳ | 10. ੲ |
| 11. ਅ | 12. ੲ | 13. ੳ | 14.ਸ | 15. ੳ |

*Sona, Lovely Professional University*

# ਅਧਿਆਇ-3: ਮੱਧਕਾਲੀ ਪੰਜਾਬੀ ਵਾਰਤਕ: 1701 ਈ.ਤੋਂ 1800 ਈ.

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰਾਂਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **ਜਨਮ ਸਾਖੀ ਸਾਹਿਤ ਬਾਰੇ ਜਾਣਨਗੇ।**
2. **ਸਾਖੀ ਅਤੇ ਪਰਚੀ ਸਾਹਿਤ ਬਾਰੇ ਜਾਣਨ ਦੇ ਯੋਗ ਹੋਣਗੇ।**
3. **ਵਚਨ ਗੋਸ਼ਟਾਂ ਦੇ ਸਾਹਿਤ ਨੂੰ ਸਮਝਣ ਦੇ ਕਾਬਿਲ ਹੋਣਗੇ**

## ਪ੍ਰਸਤਾਵਨਾ:

ਅਠਾਰਵੀਂ ਸਦੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਪੰਜਾਬੀ ਵਿਚ ਵਾਰਤਕ ਲਿਖਣ ਦੀ ਪਰੰਪਰਾ ਚਲ ਪਈ ਸੀ। ਇਹ ਸਾਰੀ ਵਾਰਤਕ ਕੁਝ ਕੁ ਵਿਸ਼ਿਆਂ ਤਕ ਸੀਮਿਤ ਸੀ ਜਿਵੇਂ ਜਨਮਸਾਖੀਆਂ, ਮਹਾਂ ਪੁਰਸ਼ਾਂ ਦੇ ਵਚਨ, ਗੋਸ਼ਟਾਂ, ਟੀਕੇ, ਪਰਮਾਰਥ, ਹੁਕਮਨਾਮੇ, ਅਨੁਵਾਦ ਆਦਿ। ਇਸ ਸਾਰੇ ਵਾਰਤਕ ਸਾਹਿੱਤ ਦਾ ਸਪਸ਼ਟ ਜਾਂ ਅਸਪਸ਼ਟ ਸੰਬੰਧ ਸਿੱਖ ਗੁਰੂਆਂ ਦੀਆਂ ਸ਼ਖ਼ਸੀਅਤਾਂ ਜਾਂ ਉਨ੍ਹਾਂ ਦੀ ਰਚੀ ਬਾਣੀ ਨਾਲ ਹੈ।

ਇਸ ਵਾਸਤੇ ਇਹ ਕਹਿਣਾ ਠੀਕ ਹੋਵੇਗਾ ਕਿ ਪੰਜਾਬੀ ਵਾਰਤਕ ਦਾ ਜਨਮ, ਸਿੱਖ ਗੁਰੂਆਂ ਦੇ ਪ੍ਰਭਾਵ ਅਤੇ ਪ੍ਰੇਰਣਾ ਦੇ ਫਲ-ਸਰੂਪ ਹੋਇਆ। ਅਠਾਰਵੀਂ ਸਦੀ ਵਿਚ ਵੀ ਪੰਜਾਬੀ ਵਾਰਤਕ ਦੀ ਕਾਫ਼ੀ ਰਚਨਾ ਹੋਈ। ਇਸ ਦਾ ਸਰੂਪ ਪਰੰਪਰਾ ਦੇ ਬਹੁਤ ਨੇੜੇ ਹੀ ਰਿਹਾ। ਅਧਿਐਨ ਦੇ ਸੌਖ ਲਈ ਇਸ ਕਾਲ ਦੀ ਵਾਰਤਕ ਨੂੰ ਹੇਠ ਲਿਖੇ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ :

(1) ਜਨਮਸਾਖੀਆਂ, (2) ਸਾਖੀਆਂ ਅਤੇ ਪਰਚੀਆਂ, (3) ਟੀਕੇ, (4) ਉਥਾਨਿਕਾ, (5) ਰਹਿਤਨਾਮੇ, (6) ਹੁਕਮਨਾਮੇ, (7) ਅਨੁਵਾਦ।

(1) ਜਨਮਸਾਖੀਆਂ

ਜਨਸਾਖੀਆਂ ਦਾ ਤਾਤਪਰਜ ਹੈ ਕਿਸੇ ਮਹਾਪੁਰਸ਼ ਦਾ ਅਧਿਆਤਮਿਕ ਜੀਵਨ ਰਿੱਤਾਂਤ, ਜਿਸ ਵਿਚ ਉਸ ਦੇ ਬਚਨ ਇਸ ਢੰਗ ਨਾਲ ਜੋੜੇ ਗਏ ਹੋਣ ਕਿ ਜਿਗਿਆਸੂਆਂ ਦੇ ਨਿੱਤ ਦੇ ਜੀਵਨ ਵਿਚ ਕਦੇ ਕਦੇ ਨੈਤਿਕ, ਅਧਿਆਤਮਿਕ ਅਤੇ ਵਿਵਹਾਰਿਕ ਝਮੇਲਿਆਂ ਜਾਂ ਸਮਸਿਆਵਾਂ ਦੇ ਪੇਸ਼ ਹੋਣ ਤੇ ਉਨ੍ਹਾਂ ਨੂੰ ਨਜਿੱਠਣ ਲਈ ਸੰਕੇਤਿਕ ਪ੍ਰਮਾਣ ਪ੍ਰਾਪਤ ਕੀਤੇ ਜਾ ਸਕਣ। ਪਰ ਕਿਉਂਕਿ ਇਸ ਵਾਰਤਕ ਰੂਪ ਦਾ ਆਰੰਭ ਅਤੇ ਵਿਕਾਸ ਗੁਰੂ ਨਾਨਕ ਦੇ ਜੀਵਨ ਬ੍ਰਿਤਾਂਤ ਨਾਲ ਹੋਇਆ, ਇਸ ਵਾਸਤੇ ਆਮ ਕਰਕੇ ਜਨਮਸਾਖੀ ਤੋਂ ਭਾਵ ਗੁਰੂ ਨਾਨਕ ਦੇਵ ਜੀ ਦਾ ਅਧਿਆਤਮਿਕ ਜੀਵਨ ਬ੍ਰਿਤਾਂਤ ਹੈ ਜਿਸ ਵਿਚ ਅਨੇਕਾਂ ਸਾਖੀਆਂ ਜਾਂ ਗੋਸ਼ਟਾਂ ਨੂੰ ਜੀਵਨ ਦੇ ਵਿਕਾਸ ਦੇ ਸਿਲਸਿਲੇ ਵਿਚ ਦਰਜ ਕੀਤਾ ਗਿਆ ਹੋਵੇ।

**ਭਾਈ ਮਨੀ ਸਿੰਘ ਵਾਲੀ ਜਨਮਸਾਖੀ**

ਨਵੀਂ ਖੋਜ ਅਨੁਸਾਰ ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਟੀਕਾ ਨਿੱਤਾ ਦੀ ਕਥਾ-ਵਾਰਤਾ ਦੇ ਰੂਪ ਵਿਚ ਭਾਈ ਮਨੀ ਸਿੰਘ ਨੇ ਕੀਤਾ, ਜਿਸ ਨੂੰ ਭਾਈ ਗੁਰਬਖਸ਼ ਸਿੰਘ ਨੇ ਸੁਣਿਆ ਅਤੇ ਭਾਈ ਗੁਰਬਖ਼ਸ਼ ਸਿੰਘ ਪਾਸੋਂ ਭਾਈ ਸੂਰਤ ਸਿੰਘ ਨੇ ਸੁਣ ਕੇ ਉਸ ਨੂੰ ਲਿਖਤ ਰੂਪ ਦਿੱਤਾ। । ਡਾ. ਤਰਲੋਚਨ ਸਿੰਘ ਬੇਦੀ ਅਨੁਸਾਰ ਇਹ ਅਠਾਰਵੀਂ ਸਦੀ ਦੀ ਮਹੱਤਵਪੂਰਣ ਰਚਨਾ ਹੈ। ਇਸ ਦਾ ਆਧਾਰ ਭਾਈ ਗੁਰਦਾਸ ਦੀ ਪਹਿਲੀ ਵਾਰ "ਗਿਆਨ ਰਤਨਾਣ" ਇਸ ਲਈ ਇਸ ਜਨਮਸਾਖੀ ਦਾ ਇਕ ਨਾਂ ਗਿਆਨ ਰਤਨਾਵਲੀ ਰਚਨਾ ਭਾਈ ਮਨੀ ਸਿੰਘ ਦੇ ਨਾਂ ਉੱਤੇ ਪ੍ਰਸਿੱਧ ਹੈ। ਭਾਈ ਮਨੀ ਸਿੰਘ ਦਾ ਸਿੱਖ ਧਰਮ ਵਿਚ ਮਹੱਤਵਪੂਰਣ ਸਥਾਨ ਹੈ। ਉਹ ਨਾ ਕੇਵਲ ਇਕ ਆਦਰਸ਼ ਸ਼ਹੀਦ ਸਨ। ਗੋਬਿੰਦ ਸਿੰਘ ਜੀ ਦੇ ਪਿੱਛੋਂ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਗ੍ਰੰਥੀ ਦੀ ਜਿੰਮੇਵਾਰੀ ਵੀ ਆਪ ਉੱਤੇ ਪਾਈ ਗਈ ਸੀ। ਇਸ ਜਨਮਸਾਖੀ ਦੀ ਪ੍ਰਸਤਾਵ ਲਿਖਿਆ ਹੈ ਕਿ ਜਨਮਸਾਖੀਆਂ ਵਿਚ ਰੱਲੇ ਪੈ ਜਾਣ ਕਾਰਣ ਇਕ ਵਾਰ ਸਿੱਖਾਂ ਨੇ , ਮਨੀ ਸਿੰਘ ਅੱਗੇ ਪ੍ਰਾਰਥਨਾ ਕੀਤੀ ਕਿ ਜਨਮਸਾਖੀ ਵਿਚ ਛੋਟੇ ਮੇਲ ਵਾਲਿਆਂ ਨੇ ਅਸ਼ੋਭਨੀਕ ਗੱਲਾਂ ਭਰ ਦਿੱਤੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਗੁਰੂ ਜੀ ਦੇ ਸਿੱਖਾਂ ਦਾ ਵਿਸ਼ਵਾਸ ਟੁੱਟਦਾ ਹੈ। ਇਸ ਤਰ੍ਹਾਂ ਇਹ ਜਨਮਸਾਖੀ ਭਾਈ ਗੁਰਦਾਸ ਦੀ ਪਹਿਲੀ ਵਾਰ ਉੱਤੇ ਆਧਾਰਿਤ ਇਕ ਅਜਿਹੀ ਵਿਸਤਾਰਪੂਰਣ ਜਨਮਸਾਖੀ ਹੈ ਜਿਸ ਦੀ ਰਚਨਾ ਦਾ ਉਦੇਸ਼ ਗੁਰੂ ਜੀ ਦੀ ਜੀਵਨੀ ਨੂੰ ਸ਼ੁੱਧ ਰੂਪ ਵਿਚ ਪੇਸ਼ ਕਰਨਾ ਹੈ।

ਇਸ ਵਿਚ ਕਿਉਂਕਿ ਭਾਈ ਮਨੀ ਸਿੰਘ ਦਾ ਨਾਂ ਅਯ ਪੁਰਸ਼ ਦੇ ਰੂਪ ਵਿਚ ਲਿਖਿਆ ਹੈ, ਇਸ ਲਈ ਇਸ ਦਾ ਲੇਖਕ ਭਾਈ ਮਨੀ ਸਿੰਘ ਨਹੀਂ ਹੋ ਸਕਦਾ। ਇਹ ਕਿਸੇ ਹੋਰ ਦੀ ਰਚਨਾ ਹੋ ਸਕਦੀ ਹੈ ਜਿਸ ਨੇ ਸ਼ਰਧਾ ਵਸ ਸਾਰਾ ਪ੍ਰਸੰਗ ਭਾਈ ਜੀ ਦੇ ਨਾਂ ਨਾਲ ਸੰਬੰਧਿਤ ਕਰ ਦਿੱਤਾ। ਇਸ ਦਾ ਰਚਨਾ-ਕਾਲ 1730 ਤੋਂ 1735 ਈ. ਦੇ ਆਸ-ਪਾਸ ਹੈ। ਇਸ ਜਨਮਸਾਖੀ ਵਿਚ ਭਾਈ ਗੁਰਦਾਸ ਦੀ ਪਹਿਲੀ ਵਾਰ ਵਾਲੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਸੂਚਨਾ ਅਤੇ ਸੰਕੇਤਾਂ ਨੂੰ ਕੇਵਲ ਵਿਸਥਾਰ ਨਾਲ ਹੀ ਨਹੀਂ ਬਿਆਨ ਕੀਤਾ ਗਿਆ, ਸਗੋਂ ਹੋਰ ਵੀ ਬਹੁਤ ਸਾਰੀਆਂ ਸਾਖੀਆਂ ਸ਼ਾਮਲ ਕੀਤੀਆਂ ਗਈਆਂ, ਜਿਨ੍ਹਾਂ ਦਾ ਮੂਲ ਵਾਰ ਵਿਚ ਕਿਤੇ ਕੋਈ ਉੱਲੇਖ ਨਹੀਂ ਮਿਲਦਾ। ਇਸ ਦਾ ਕੁਲ ਮਿਲਾ ਕੇ 225 ਪਸੰਗ ਜਾਂ ਸਾਖੀਆਂ ਹਨ, ਜਿਨ੍ਹਾਂ ਵਿਚੋਂ ਸੱਤ ਸਾਖੀਆਂ ਦਾ ਸਬੰਧ ਗੁਰੂ ਨਾਨਕ ਤੋਂ ਬਾਅਦ ਹੋਏ ਗੁਰੂਆਂ ਨਾਲ ਹੈ। ਇਨ੍ਹਾਂ ਸਾਖੀਆਂ ਦਾ ਅਧਿਐਨ ਕੀਤਾ ਲਗਦਾ ਹੈ ਕਿ ਕਰਤਾ ਨੇ ਮੁੱਖ ਤੌਰ ਤੇ ਭਾਈ ਬਾਲੇ ਵਾਲੀ ਜਨਮਸਾਖੀ ਨੂੰ ਬਣਾਇਆ ਹੈ, ਭਾਵੇਂ ਉਨ੍ਹਾਂ ਦਾ ਮੁਹਾਂਦਰਾ ਭਾਈ ਗੁਰਦਾਸ ਦੀ ਵਾਰ ਅਨੁਸਾਰ ਹੈ। ਲੇਖਕ ਨੇ ਪੁਰਾਤਨ ਜਨਮਸਾਖੀ ਅਤੇ ਸੋਢੀ ਮਿਹਰ ਲਿਖੀ ਜਨਮਸਾਖੀ ਤੋਂ ਵੀ ਲਾਭ ਉਠਾਇਆ ਹੈ।

ਸਾਖੀ ਨੂੰ ਵਾਰ ਅਨੁਸਾਰ ਸੰਵਾਰਿਆ

ਮਿਹਰਬਾਨ ਦੀ ਵਾਰ ਉੱਤੇ ਆਧਾਰਿਤ | ਪਹਿਲਾ,ਵਾਰ ਦੀਆਂ ਪਹਿਲੀਆਂ 5 ਪਉੜੀਆਂ ਵਿਚ ਚਿੱਤਰੇ ਵੱਖ-ਵੱਖ ਧਰਮਾਂ ਅਤੇ ਸੰਪ੍ਰਦਾਵਾਂ ਦੇ ਪਿਛੋਕੜ ਦੇ ਪ੍ਰਸੰਗ ਅਤੇ ਦੂਜੇ ਧਰਮਾਂ ਬਾਰੇ ਬੜੇ ਵਿਸਤਾਰ ਨਾਲ ਚਰਚਾ ਹੋ ਗਈ ਹੈ।

ਦੂਜੇ, ਇਸ ਵਿਚ ਘੱਟ ਤੋਂ ਘੱਟ ਅਪ੍ਰਮਾਣਿਕ ਬਾਣੀ ਨੂੰ ਗੁਰੂ ਜੀ ਦੇ ਮੁਖ ਤੋਂ ਉਚਾਰਣ ਕਰਵਾਇਆ ਗਿਆ ਹੈ।

ਤੀਜੇ, ਗੁਰਬਾਣੀ ਦੀਆਂ ਟੂਕਾਂ ਦੀ ਵਿਆਖਿਆ ਕਰਨ ਵੇਲੇ ਗੁਰਮਤ ਦੇ ਸਿਧਾਂਤ ਦਾ ਖਾਸ ਧਿਆਨ ਰੱਖਿਆ ਗਿਆ ਹੈ।

ਚੌਥੇ, ਇਹ ਇਕ ਪ੍ਰਕਾਰ ਦਾ ਗਿਆਨ-ਕੋਸ਼ ਹੈ ਜਿਸ ਵਿਚ ਹੋਰਨਾਂ ਮਤ-ਮਤਾਂਤਰਾਂ ਬਾਰੇ ਵੀ ਪ੍ਰਕਾਸ਼ ਪਾਇਆ ਗਿਆ ਹੈ।

ਪੰਜਵੇਂ, ਇਸ ਵਿਚ ਗੁਰਬਾਣੀ ਦੀ ਵਿਆਖਿਆ, ਪਰਮਾਰਥ ਅਤੇ ਕੁਝ ਕੁ ਪ੍ਰਮੁੱਖ ਬਾਣੀਆਂ ਦੇ ਟੀਕੇ ਵੀ ਦਰਜ ਕੀਤੇ ਗਏ ਹਨ, ਜੋ ਇਸ ਰਚਨਾ ਦੇ ਮਹੱਤਵ ਨੂੰ ਹੋਰ ਵੀ ਵਧਾਂਦੇ ਹਨ ।

ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ ਇਸ ਕਾਲ ਦੀ ਪ੍ਰਮੁੱਖ ਵਾਰਤਕ ਪ੍ਰਾਪਤੀ ਹੈ, ਇਹ ਪਿਛਲੀ ਸਦੀ ਦੀਆਂ ਜਨਮਸਾਖੀਆਂ ਦੀ ਸ਼ੈਲੀ ਤੋਂ ਕੋਈ ਵਿਲੱਖਣ ਗੱਲ ਨਹੀਂ ਕਰਦੀ, ਸਗੋਂ ਇਸ ਵਿਚ ਪੁਰਾਤਨ ਜਨਮਸਾਖੀ ਵਾਲੀ ਨਾਟਕੀਅਤਾ ਕਿਤੇ ਲਭਦੀ ਨਹੀਂ । ਇਸ ਦਾ ਬ੍ਰਿਤਾਂਤ ਬੜਾ ਸਿਧਾ ਸਾਦਾ ਹੈ ਅਤੇ ਸੰਵਾਦਾਂ ਵਿਚ ਵੀ ਰੋਚਕਤਾ ਨਹੀਂ ਹੈ । ਨਮਾਜ਼ ਪੜ੍ਹਨ ਵਾਲੀ ਸਾਖੀ ਦਾ ਨਮੂਨਾ ਵੇਖੋ :

> ਖਾਨ ਪੁਛਿਆ ਬਾਬਾ ਤੂੰ ਅਸਾਡੀ ਨਿਵਾਜ ਨੂੰ ਕਿਉਂ ਹਸਨਾ ਹੈ।ਤਾਂ ਬਾਬੇ ਕਹਿਆ ਤੁਸਾਡੀ ਨਿਵਾਜ ਕਬੂਲ ਨਹੀਂ ਪਈ। ਖਾਨ ਕਹਿਆ ਕਿਉਂ ਨਹੀਂ ਪਈ । ਤਾਂ ਬਾਬੇ ਕਹਿਆ ਜਦ ਤੁਸੀਂ ਉਜੂ ਕਰਦੇ ਆਹੇ। ਤਦ ਤੁਸਾਡਾ ਰਿਦਾ ਖੁਦਾ ਵੱਲ ਹੈਸੀ ਜੇ ਤੁਸੀਂ ਨਿਵਾਜ ਪੜ੍ਹਨ ਲੱਗੇ ਤਾਂ ਕਾਜੀ ਦਾ ਰਿਦਾ ਖੁਦਾਇ ਵੱਲੋਂ ਫਿਰ ਮਾਇਆ ਵੱਲ ਗਇਆ ਤਾਂ ਤੁਸਾਡੀ ਨਿਵਾਜ ਕਬੂਲ ਨਾ ਪਈ । ਜੇ ਵਕਤਿਆ ਕਾ ਰਿਦਾ ਠਉੜ ਨਹੀਂ ਹੋਤਾ । ਤਾਂ ਸੋਤਿਆਂ ਦਾ ਰਿਦਾ ਕਤ ਠਾਉ ਹੋਤਾ ॥

ਵਿਆਖਿਆ-ਮਈ ਸ਼ੈਲੀ ਦੇ ਨਮੂਨੇ ਬਾਣੀ ਦੇ ਟੀਕਿਆਂ ਵਿਚ ਵੇਖੇ ਜਾ ਸਕਦੇ ਹਨ। ਇਹ ਟੀਕੇ ਸੋਢੀ ਮਿਹਰਬਾਨ ਦੇ ਟੀਕਿਆਂ ਨਾਲੋਂ ਜ਼ਿਆਦਾ ਸਪਸ਼ਟ ਅਤੇ ਸਰਲ ਹਨ । ਦਾਰਸ਼ਨਿਕ ਸ਼ੈਲੀ ਦੇ ਨਮੂਨੇ ਉੱਥੇ ਮਿਲਦੇ ਹਨ, ਜਿੱਥੇ ਗੁਰੂ ਜੀ ਨੇ ਹੋਰ ਮੱਤਾਂ ਵਾਲਿਆਂ ਨਾਲ ਸਿਧਾਂਤਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਹੈ, ਖ਼ਾਸ ਕਰ ਨਾਥਾਂ ਯੋਗੀਆਂ ਨਾਲ ਹੋਈਆਂ ਗੋਸ਼ਟਾਂ ਦੇ ਪ੍ਰਸੰਗ ਵਿਚ, ਉਦਾਹਰਣ ਵਜੋਂ :

> ਜਿਸ ਸਮੇਂ ਇਕੰਤ ਹੋਦਾ ਹੈ ਤਾਂ ਇੰਦਰੀਆਂ ਤੇ ਵਾਸਨਾ ਰੋਕ ਕੇ ਸਮਾਧ ਵਿਚ ਇਸਥਿਤ ਹੋਦਾ ਹੈ। ਜਿਸ ਸਮੇਂ ਵਿਵਹਾਰ ਵਲਿ ਸੁਰਤਿ ਆਵਦੀ ਹੈ ਤਾਂ ਮਨ ਨੂੰ ਸਬਦ ਵਿਚ ਇਕ ਨਾਮ ਵਿਚ ਜੋੜਦਾ ਹੈ ਜੇ ਕੋਈ ਵਿਵਹਾਰ ਕਿਰਿਆ ਹੋਦੀ ਹੈ ਤਾਂ ਭੀ ਈਸਰ ਨੂੰ ਸਚਾ ਜਾਣਕੇ ਸਚਾ ਹੋ ਕੇ ਕਰਮ ਕਰਦਾ ਹੈ। ਜੇ ਆਹਾਰ ਦੀ ਕਿਰਿਆ ਹੋਂਦੀ ਹੈ ਤਾਂ ਉਹ ਈਸਰ ਦਾ ਧਿਆਨ ਤੇ ਗੁਰਾਂ ਦਾ ਧਿਆਨ ਕਰ ਕੇ ਸੰਜਮ ਨਾਲ ਅਲੇਪ ਅਹਾਰ ਕਰਦਾ ਹੈ। ਸੰਤਾਂ ਤੇ ਗਰਾਂ ਦੀ ਸੇਵਾ ਟਹਿਲ ਕਰਦਾ ਹੈ ਤੇ ਸੁਆਸਾਂ ਕਰਿ ਵਾਹਗੁਰੂ ਦਾ ਨਾਮ ਜn ਇਕ ਭਗਤਿ ਕਰਿ ਤੁਰਤ ਗਿਆਨ ਪ੍ਰਾਪਤਿ ਹੋਦਾ ਹੈ।

ਇਸ ਜਨਮਸਾਖੀ ਦੀ ਬੋਲੀ ਵਿਸ਼ੇ ਅਨੁਸਾਰ ਆਪਣਾ ਰੂਪ ਬਦਲਦੀ ਹੈ, ਇਸ ਲਈ ਇਕਸਾਰ ਨਹੀਂ ਹੈ । ਬਿ੍ਰਤਾਂਤ ਵੇਲੇ ਉਸ ਦਾ ਸਰੂਪ ਅਧਿਕ ਪੰਜਾਬੀ ਵਾਲਾ ਹੈ ਅਤੇ ਸਿੱਧਾਂਤਿਕ ਚਰਚਾ ਵੇਲੇ ਹਿੰਦਵੀ ਤੋਂ ਬਹੁਤ ਪ੍ਰਭਾਵਿਤ ਹੈ। ਸੂਫ਼ੀ ਦਰਵੇਸ਼ਾਂ ਨਾਲ ਗੱਲਬਾਤ ਕਰਨ ਵੇਲੇ ਜਾਂ ਇਸਲਾਮੀ ਮਸਲੇ ਬਾਰੇ ਕੋਈ ਵਿਚਾਰ ਕਰਨ ਵੇਲੇ ਸ਼ਬਦਾਵਲੀ ਅਰਬੀ, ਫ਼ਾਰਸੀ ਦੇ ਸ਼ਬਦ ਅਧਿਕ ਸ਼ਾਮਲ ਹੋ ਗਏ ਹਨ। ਵਿਆਕਰਣ ਦੀ ਦਿਸ਼ਟੀ ਤੋਂ ਇਸ ਜਨਮਸਾਖੀ ਦੀ ਬੋਲੀ ਪਹਿਲੀਆਂ ਜਨਮਸਾਖੀਆਂ ਨਾਲੋਂ ਜ਼ਿਆਦਾ ਸਫ਼ਲ ਅਤੇ ਮਰਯਾਦਾ ਵਿਚ ਚਲਣ ਵਾਲੀ ਹੈ। ਇਸ ਦੇ ਵਾਕਾਂ ਦੀ ਬਣਤਰ ਵੀ ਅਗਲੇ ਰੂਪਾਂ ਦਾ ਜ਼ਿਆਦਾ ਨਿਖਰਵੀਂ ਅਤੇ ਸਪਸ਼ਟ ਹੈ।

ਗੁਰੂ ਨਾਨਕ ਦੇਵ ਜੀ ਦੀ ਉਪਰੋਕਤ ਜਨਮਸਾਖੀ ਤੋਂ ਇਲਾਵਾ ਭਾਵੇਂ ਇਸ ਕਾਲ ਵਿਚ ਕੋਈ ਮੌਲਿਕ ਜਨਮਸਾਖੀ ਨਹੀਂ ਲਿਖੀ ਗਈ, ਪਰ ਕੁਝ ਕੁ ਅਜਿਹੀਆਂ ਜਨਮਸਾਖੀਆਂ ਲਿਖਣ ਦੇ ਯਤਨ ਜ਼ਰੂਰ ਹੋਏ ਹਨ ਜਿਨ੍ਹਾਂ ਵਿਚ ਪੁਰਾਤਨ ਜਨਮਸਾਖੀ ਦੀਆਂ ਸਾਖੀਆਂ ਨੂੰ ਹੀ ਕੁਝ ਅਦਲ ਬਦਲ ਕੇ ਅਤੇ ਕੁਝ ਬਾਲੇ ਅਤੇ ਮਿਹਰਬਾਨ ਵਾਲੀਆਂ ਜਨਮ-ਸਾਖੀਆਂ ਤੋਂ ਮੱਦਦ ਲੈ ਕੇ ਨਵੇਂ ਸਿਰਿਉਂ ਗੁਰੂ ਜੀ ਦੇ ਚਰਿਤ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। "ਆਦਿ ਸਾਖੀਆਂ ਬਾਬੇ ਨਾਨਕ ਕੀਆ" (1758 ਬਿ.) ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ (1791 ਬਿ.) ਅਤੇ ਪ੍ਰਾਚੀਨ ਜਨਮਸਾਖੀ ਇਸੇ ਪ੍ਰਕਾਰ ਦੀਆਂ ਸਾਖੀਆਂ ਹਨ। ਭਾਵੇਂ ਸੰਪਾਦਕਾਂ ਨੇ ਆਪਣੇ ਆਪਣੇ ਢੰਗ ਨਾਲ ਇਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਦੇ ਵੇਲੇ ਦਾ ਸਿੱਧ ਕਰਨ ਦਾ ਯਤਨ ਕੀਤਾ ਹੈ, ਪਰ ਅਸਲੋਂ ਬੋਲੀ, ਸ਼ੈਲੀ ਅਤੇ ਤੱਥਾਂ ਦੀ ਦ੍ਰਿਸ਼ਟੀ ਤੋਂ ਇਹ ਸਾਰੀਆਂ 18ਵੀਂ ਸਦੀ ਵਿਚ ਸਿਰਜੀਆਂ ਗਈਆਂ ਹਨ। ਕਿ ਇਨ੍ਹਾਂ ਦਾ ਆਧਾਰ ਪੁਰਾਣੀਆਂ ਜਨਮਸਾਖੀਆਂ ਹਨ, ਇਸ ਲਈ ਵਾਰਤਕ ਦੇ ਵਿਕਾਸ ਵਿਚ ਇਨ੍ਹਾਂ ਦੀ ਕੋਈ ਉਚੇਚੀ ਦੇਣ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਸੰਬੰਧੀ ਲਿਖੀਆਂ ਉਪਰੋਕਤ ਜਨਮਸਾਖੀਆਂ ਤੋਂ ਇਲਾਵਾ ਭਗਤ ਕਬੀਰ, ਰਵਿਦਾਸ, ਹਜ਼ਰਤ ਮੁਹੰਮਦ ਆਦਿ ਦੀਆਂ ਜਨਮਸਾਖੀਆਂ ਵੀ ਲਿਖੀਆਂ ਗਈਆਂ। ਇਨ੍ਹਾਂ ਜਨਸਾਖੀਆਂ ਵਿਚੋਂ ਬਹੁਤੀਆਂ ਅਜੇ ਅਣਛਪੀਆਂ ਹੀ ਹਨ। ਭਾਰਤ ਕਬੀਰ ਅਤੇ ਰਵਿਦਾਸ ਵਾਲੀਆਂ ਜਨਮਸਾਖੀਆਂ ਤਾਂ ਗੁਰੂ ਨਾਨਕ ਦੇਵ ਜੀ ਵਾਲ ਜਨਮ-ਸਾਖੀਆਂ ਦੀਆਂ ਲੀਹਾਂ ਉੱਤੇ ਲਿਖੀਆਂ ਗਈਆਂ ਹਨ । ਇਨ੍ਹਾਂ ਵਿਚ ਸ਼ਰਧਾ ਵੱਲੋਂ ਉਸੇ ਢੰਗ ਦੀ ਸ਼ਰਧਾ ਪ੍ਰਗਟ ਕਰਵਾਈ ਗਈ ਹੈ ਅਤੇ ਇਸ ਤਰ੍ਹਾਂ ਇਨ੍ਹਾਂ ਮਹਾਪੁਰਖਾਂ ਦੇ ਚਰਿਤਰ ਨੂੰ ਉਘਾੜਿਆ ਗਿਆ ਹੈ।

**(2) ਸਾਖੀਆਂ ਅਤੇ ਪਰਚੀਆਂ**

**ਸਿੱਖਾਂ ਦੀ ਭਗਤ-ਮਾਲਾ :**

ਭਾਈ ਮਨੀ ਸਿੰਘ ਦੇ ਨਾਂ ਨਾਲ ਸੰਬੰਧਿਤ ਦੂਜੀ ਮਹੱਤਵਪੂਰਣ ਰਚਨਾ ਹੈ 'ਸਿੱਖਾਂ ਦੀ ਭਗਤ-ਮਾਲਾ' । ਇਸ ਨੂੰ 'ਭਗਤ ਰਤਨਾਵਲੀ" ਨਾਂ ਵੀ ਦਿੱਤਾ ਜਾਂਦਾ ਹੈ। ਇਹ ਭਾਈ ਗੁਰਦਾਸ ਦੀ ਯਾਰਵੀਂ ਵਾਰ ਉੱਤੇ ਆਧਾਰਿਤ ਹੈ। ਇਸ ਦੀ ਪ੍ਰਸਤਾਵਨਾ ਵਿਚ ਲਿਖਿਆ ਹੈ :

ਇਕ ਸਮੇਂ ਭਾਈ ਮਨੀ ਸਿੰਘ ਥੀਂ ਸਿੱਖਾਂ ਪ੍ਰਸ਼ਨ ਕੀਤਾ। ਜੇ ਭਾਈ ਗੁਰਦਾਸ ਜੀ ਨੇ ਜੁ ਸਿੱਖਾਂ ਦੇ ਪ੍ਰਥਾਇ ਵਾਰ ਕੀਤੀ ਹੈ ਤੇ ਸਭ ਦੇਸਾਂ ਦੇ ਸਿੱਖਾਂ ਦੇ ਨਾਮ ਲਿਖੇ ਹਨ । ਉਨ੍ਹਾਂ ਦੀਆਂ ਰਹਿਤਾਂ ਤੇ ਕਰਤੂਤਾਂ ਅਸਾਨੂੰ ਮਲੂਮ ਕਰਾਵੋ । ਜੁ ਅਸੀਂ ਭੀ ਜਾਣੀਏ ਜੋ ਸਿੱਖਾਂ ਦੀਆਂ ਐਸੀਆਂ ਵਰਤਣਾਂ ਹੋਂਦੀਆਂ ਹਨ। ਅਸਾਨੂੰ ਭੀ ਰੀਸ ਆਵੇ। ਤਾਂ ਭਾਈ ਮਨੀ ਸਿੰਘ ਹੋਰਾਂ ਬਚਨ ਕੀਤਾ। ਜੁ ਤੁਸਾਂ ਭਲਾ ਪਰਉਪਕਾਰ ਦਾ ਵਚਨ ਕੀਤਾ ਹੈ, ਅਸਾਂ ਭੀ ਇਕ ਸਮੇਂ ਸਾਹਿਬ ਕਰਨ ਕਾਰਣ ਗਰੀਬ ਨਿਵਾਜ ਪਾਤਸਾਹੀ ਦਸਵੇਂ ਥੀਂ ਅਰਦਾਸ ਕਰ ਕੇ ਪੁਛਿਆ ਸੀ । ਸੋ ਅਸੀਂ ਤੁਹਾਨੂੰ ਕਹਿੰਦੇ ਹਾਂ। ਤੁਸਾਂ ਰਿਦਾ ਦੇ ਕੇ ਸੁਨਣਾ । ਤੇ ਐਸੀ ਹੀ ਵਰਤਣ ਰਖਣੀ ਤੁਹਾਨੂੰ ਸਿਖੀ ਪ੍ਰਾਪਤੀ ਹੋਵੇਗੀ । ਇਸ ਕਥਨ ਤੋਂ ਭਲੀ ਭਾਂਤ ਸਪਸ਼ਟ ਹੈ ਕਿ ਰਚਨਾ ਦਾ ਮਨੋਰਥ ਪਾਠਕਾਂ ਨੂੰ ਯਾਰਵੀਂ ਵਾਰ ਵਾਲੇ ਸਿੱਖਾਂ ਦੀ ਰਹਿਣੀ ਅਤੇ ਮਰਯਾਦਾ ਤੋਂ ਜਾਣੂ ਕਰਵਾਣਾ ਹੈ।

ਇਸ ਰਚਨਾ ਦਾ ਸੰਬੰਧ ਭਾਵੇਂ ਭਾਈ ਮਨੀ ਸਿੰਘ ਨਾਲ ਜੋੜਿਆ ਜਾਂਦਾ ਹੈ, ਪਰ ਭਾਈ ਮਨੀ ਸਿੰਘ ਦੀ ਜਨਮਸਾਖੀ ਵਾਂਗ ਇਸ ਦੀਆਂ ਅੰਦਰਲੀਆਂ ਗਵਾਹੀਆਂ ਸਿੱਧ ਕਰਦੀਆਂ ਹਨ ਕਿ ਇਹ ਭਾਈ ਜੀ ਦੀ ਰਚਨਾ ਨਹੀਂ, ਸਗੋਂ ਉਨ੍ਹਾਂ ਤੋਂ ਸੁਣੀਆਂ ਸਾਖੀਆਂ ਦਾ ਹੀ ਕਿਸੇ ਗੁਰ-ਸਿੱਖ ਦੁਆਰਾ ਲਿਖਤ ਰੂਪ ਹੈ। ਇਸ ਦੀ ਰਚਨਾ-ਸ਼ੈਲੀ ਅਤੇ ਬੋਲੀ ਭਾਈ ਮਨੀ ਸਿੰਘ ਦੀ ਜਨਮਸਾਖੀ ਨਾਲ ਘਟ ਮੇਲ ਖਾਂਦੀ ਹੈ । ਇਸ ਲਈ ਇਸ ਨੂੰ ਭਾਈ ਸੂਰਤ ਸਿੰਘ ਦੀ ਰਚਨਾ ਮੰਨਣਾ ਵੀ ਸਰਲ ਨਹੀਂ । ਅਨੁਮਾਨ ਦੇ ਆਧਾਰ ਤੇ ਇਹ ਅਠਾਰਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਪ੍ਰਤੀਤ ਹੁੰਦੀ ਹੈ। ਇਸ ਰਚਨਾ ਵਿਚ ਲਗਭਗ 313 ਸਿੱਖਾਂ ਦਾ ਉੱਲੇਖ ਹੋਇਆ ਹੈ ਜਿਨ੍ਹਾਂ ਵਿਚੋਂ ਸਭ ਨਾਲੋਂ ਅਧਿਕ ਗੁਰੂ ਅਰਜਨ ਦੇਵ ਜੀ ਦੇ ਸਿੱਖ ਹਨ--209 | ਬਾਕੀਆਂ ਵਿਚੋਂ ਪਹਿਲੇ ਗੁਰੂ ਦੇ 21, ਦੂਜੇ ਦੇ 15, ਤੀਜੇ ਦੇ 1, ਚੋਥੇ ਦੇ 20 ਅਤੇ ਛੇਵੇਂ ਦੇ 37 ਸਿੱਖ ਹਨ । ਇਨ੍ਹਾਂ ਸਿੱਖਾਂ ਵਿਚ ਵੱਖ-ਵੱਖ ਖੇਤਰ ਦੇ ਪ੍ਰਮੁੱਖ ਸਿੱਖ ਅਤੇ ਹਜੂਰੀ ਸਿੱਖ ਵੀ ਸ਼ਾਮਲ ਕੀਤੇ ਗਏ ਹਨ । ਇਤਿਹਾਸਕ ਦ੍ਰਿਸ਼ਟੀ ਤੋਂ ਇਸ ਰਚਨਾ ਦਾ ਇਹ ਮਹੱਤਵ ਹੈ ਕਿ ਇਸ ਦੁਆਰਾ ਹੀ ਉਦੋਂ ਦੇ ਸਿੱਖਾਂ ਬਾਰੇ ਥੋੜੀ ਸੂਚਨਾ ਮਿਲ ਸਕਦੀ ਹੈ, ਜੋ ਹੋਰ ਕਿਸੇ ਸਾਧਨ ਰਾਹੀਂ ਮਿਲਣੀ ਮੁਸ਼ਕਿਲ ਹੈ । ਇਨ੍ਹਾਂ ਸਿੱਖਾਂ ਦੇ ਕੇਵਲ ਅਧਿਆਤਮਿਕ ਪੱਖ ਜਾਂ ਗੁਰਮੁਖਤਾ ਵਾਲੇ ਗੁਣਾਂ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। ਬਾਣੀ ਸੁਣਨਾ, ਭਾਣਾ ਮੰਨਣਾ, ਦੁਰਮਤ ਨੂੰ ਤਿਆਗਣਾ, ਰਹਿਣੀ ਰਹਿਣਾ ਆਦਿ ਬਾਰੇ ਹੀ ਬਾਰ ਬਾਰ ਚਰਚਾ ਹੋਈ ਹੈ । ਸਿਧਾਂਤਿਕ ਗੱਲਾਂ ਨੂੰ ਵੀ ਬੜੀ ਸਰਲਤਾ ਨਾਲ ਪ੍ਰਗਟਾ ਕੇ ਅਤੇ ਗੁਰਬਾਣੀ ਦੀਆਂ ਤੁਕਾਂ ਰਾਹੀਂ ਪੁਸ਼ਟੀ ਕਰ ਕੇ ਅਸਰਦਾਰ ਬਣਾਇਆ ਗਿਆ ਹੈ :

> ਤਾਂ ਬਚਨ ਹੋਇਆ । ਜੋ ਗੁਰਾਂ ਦੇ ਗਿਰੰਥ ਜੀ ਦੇ ਵਿਚ ਸਭਨਾਂ ਅਧਕਾਰ ਦੇ ਵਚਨ ਹੈਨਿ। ਤੇ ਗੁਰੂ ਕੇ ਸਿੱਖ ਭੀ ਸਭਣਾ ਅਧਿਕਾਰਾਂ ਦੇ ਹੈਨਿ। ਇਕ ਕਰਮਾ ਦੇ ਅਧਿਕਾਰੀ ਹੋਦੇ ਹੈਨਿ ॥ ਤੇ ਜਿਹੜੇ ਕਰਮਾ ਦੇ ਅਧਕਾਰੀ ਹੈਨ ਉਨਾ ਪ੍ਰਤਿ ਏਹੁ ਵਚਨ-ਜੇਹਾ ਬੀਜੈ ਸੋ ਲੁਣੇ ਕਰਮ ਇਹੁ ਖੇਤੁ ! ਜੇਹੜੇ ਉਪਾਸਨਾ ਦੇ ਅਧਕਾਰੀ ਹੈਨਿ। ਓਨਾ ਤਿ ਏਹੁ ਬਚਨ ਹੈਨਿ-ਮਾਰੈ ਰਾਖੈ ਇਕੋ ਆਪਿ । ਜੋ ਗਿਆਨ ਦੇ ਅਧਕਾਰੀ ਹੈਨ ਉਨਾਂ ਪ੍ਰਤਿ ਏਹੁ ਬਚਨ ਹਨ-ਘਟ ਘਟਿ ਅੰਤਰ ਸਰਬ ਨਿਰੰਤਰ ਹਰਿ ਏਕੋ ਪੁਰਖ ਸਮਾਣਾ । ਜੈਸੇ ਵੈਦ ਕੇ ਘਰ ਸਰਬ ਅਉਖਧ ਭਿੰਨ ਭਿੰਨ ਹੋਤੇ ਹੈ । ਤੈਸੇ ਵੈਦ ਰੋਗੀ ਕੀ ਨਾਟਕਾ ਲਘੀ ਦੇਖ ਕਰ ਜੈਸਾ ਤਾਪ ਹੋਤਾ ਹੈ ਤੈਸਾ ਅਉਖਧ ਦੇਤੇ ਹੈ। ਤਾਂ ਰੋਗੀ ਕਾ ਰੋਗ ਕਟਿਆ ਜਾਤਾ ਹੈ । ਤੇ ਜੇ ਅਜਾਣ ਵੈਦ ਹੋਤਾ ਹੈ ਤਾਂ ਰੋਗ ਕਟਿਆ ਨਹੀਂ ਜਾਤਾ । ਰੋਗੁ ਅਵਰ ਹੋਤਾ ਹੈ ਅਤੇ ਅਉਖਧ ਔਰ ਕਰਤਾ ਹੈ । ਤੈਸੇ ਸੰਤ ਜਨ ਜੋ ਹੈਨ ਪੁਰਖ ਕੇ ਵਚਨਾ ਦੁਆਰੇ ਅਰ ਕਰਮਾ ਦੁਆਰ ਪਛਾਣਦੇ ਹੈਨ।

ਅਧਿਆਤਮਿਕ ਸਿਧਾਂਤਾਂ ਦੀ ਗੱਲ ਕਰਦਿਆਂ ਲੇਖਕ ਨੇ ਕਰਮ, ਯੋਗ ਭਗਤੀ, ਵੇਦ, ਸ਼ਾਸਤ ਆਦਿ ਵਿਸ਼ਿਆਂ ਉੱਤੇ ਵੀ ਪ੍ਰਕਾਸ਼ ਪਾਇਆ ਹੈ । ਇਸ ਵਿਚ ਗੋਸ਼ਟਿ ਅਤੇ ਸਾਖੀ ਦੋਹਾਂ ਰਚਨਾ-ਵਿਧੀਆਂ ਨੂੰ ਆਪਸ ਵਿਚ ਮਿਲਾ ਕੇ ਇਕ ਅਜਿਹੀ ਸ਼ੈਲੀ ਨੂੰ ਜਨਮ ਦਿੱਤਾ ਹੈ ਜਿਸ ਵਿਚ ਬ੍ਰਿਤਾਂਤ ਦੇ ਨਾਲ ਨਾਲ ਪ੍ਰਸ਼ਨ ਪੁਛਵਾ ਕੇ ਸੰਕਿਆਂ ਨੂੰ ਵੀ ਨਿਵਾਰਿਆ ਗਿਆ ਹੈ । ਇਹ ਇਕ ਪ੍ਰਕਾਰ ਦੀ ਗੱਲ-ਬਾਤੀ ਜਿਹੀ ਸ਼ੈਲੀ ਹੈ। ਜਿੱਥੇ ਲੇਖਕ ਨੇ ਸਿੱਖਾਂ ਸੰਬੰਧੀ ਕੋਈ ਸੂਚਨਾ ਦਿੱਤੀ ਹੈ, ਉੱਥੇ ਬਿੱਤਾਂਤ ਦੇ ਦਰਸ਼ਨ ਹੁੰਦੇ ਹਨ ਅਤੇ ਜਿੱਥੇ ਸਿਧਾਂਤ ਨੂੰ ਖੋਲ੍ਹਿਆ ਗਿਆ ਹੈ, ਉਥੇ ਵਿਆਖਿਆਤਮਕ ਸ਼ੈਲੀ ਵੇਖਣ ਨੂੰ ਮਿਲਦੀ ਹੈ। ਪਾਸ਼ਾ ਦੀ ਦ੍ਰਿਸ਼ਟੀ ਤੋਂ ਇਹ ਪੁਸ਼ਤਕ "ਗਿਆਨ ਰਤਨਾਵਲੀ ਤੋਂ ਜ਼ਿਆਦਾ ਪੰਜਾਬੀ ਪ੍ਰਧਾਨ ਹੈ । ਇਸ ਵਿਚ ਲਹਿੰਦੀ ਅਤੇ ਹਿੰਦਵੀ ਦਾ ਅੰਸ਼ ਘਟਦਾ ਲਗਦਾ ਹੈ ਅਤੇ ਕੇਂਦਰੀ ਪੰਜਾਬੀ ਦਾ ਸਰੂਪ ਪ੍ਰਮੁੱਖਤਾ ਧਾਰਨ ਕਰਦਾ ਜਾਂਦਾ ਹੈ। ਜਿਥੇ ਲੇਖਕ ਨੇ ਭਾਰਤੀ ਦਰਸ਼ਨ ਦੀ ਗੱਲ ਕਹੀ ਹੈ ਉੱਥੇ ਸੰਸਕ੍ਰਿਤ ਦੇ ਤਦਭਵ ਸ਼ਬਦ ਅਧਿਕ ਹੋ ਗਏ ਹਨ ਅਤੇ ਇਸੇ ਤਰ੍ਹਾਂ ਇਸਲਾਮ ਧਰਮ ਨਾਲ ਸੰਬੰਧਿਤ ਪ੍ਰਸੰਗਾਂ ਵਿਚ ਅਰਬੀ, ਫ਼ਾਰਸੀ ਦੀ ਸ਼ਬਦਾਵਲੀ ਦਾ ਅਸਰ ਵਧਿਆ ਪ੍ਰਤੀਤ ਹੁੰਦਾ ਹੈ। ਪਰ ਉੱਜ ਇਹ ਪੰਜਾਬੀ ਦੀ ਸੁੰਦਰ ਵਾਰਤਕ ਦਾ ਰੂਪ ਪੇਸ਼ ਕਰਨ ਵਿਚ ਕਾਫ਼ੀ ਸਫ਼ਲ ਰਚਨਾ ਕਹੀ ਜਾ ਸਕਦੀ ਹੈ। ਠੇਠ ਪੰਜਾਬੀ ਦਾ ਇਕ ਨਮੂਨਾ ਵੇਖੋ :

> ਰਾਤ ਨੂੰ ਮੁਲੇ ਦੀ ਸਿਖਣੀ ਆਪਣੇ ਭੂਖਣ ਲਾਇ ਕੇ ਆਲੇ ਵਿਚ ਡਬਾ ਧਰ ਕੇ ਸੋ ਰਹੀ । ਤੇ ਮੁਲਾ ਭੀ ਸੌ ਰਹਿਆ । ਤਾਂ ਠਗ ਉਠ ਕੇ ਡੂਬਾ ਭੂਖਣ ਦਾ ਲੈ ਕੇ ਉਠ ਚਲਿਆ । ਹਵੇਲੀ ਦੇ ਬਾਹਰ ਦੇ ਦਰਵਾਜ਼ੇ ਨੂੰ ਤਾਲਾ ਲਗਾ ਹੋਇਆ

ਸੀ। ਤੇ ਤਾਲੀ ਮੂਲੇ ਦੇ ਪਾਸ ਹੈਸੀ। ਜੇ ਉੱਥੇ ਫੇਰ ਆਇਆ ਤਾਂ ਡਬਾ ਬਾਹਰ ਹੀ ਛੱਡ ਆਇਆ ਤੇ ਮੂਲੇ ਨੂੰ ਕਹਿਆ ਮੈਂ ਬਾਹਰਿ ਰਮਣੈ ਜਾਂਦਾ ਹਾਂ ਕੁੰਜੀ ਦੇਹੋ। ਮੂਲੇ ਕਹਿਆ ਬਾਹਰ ਨਾ ਜਾਵੋ ਇਥੇ ਹੀ ਰਮਣੇ ਫਿਰੋ ਤੁਸਾਡਾ ਰਮਣਾ ਸੁਟ ਘੜਾਂਗਾ। ਨਾਲੇ ਤੁਸਾਂ ਨੂੰ ਇਸਨਾਨ ਕਰਾਵਾਂਗਾ।

ਸਮੁੱਚੇ ਤੌਰ ਤੇ ਇਹ ਰਚਨਾ ਜਨਮਸਾਖੀਆਂ ਦੀ ਪਰੰਪਰਾ ਨੂੰ ਅੱਗੇ ਤੋਰਦੀ ਹੈ ਅਤੇ ਕੇ ਫਟਕਲ ਸਾਖੀਆਂ ਇਕ ਸੰਗਹਿ ਵਿਚ ਲੜੀਵਾਰ ਪੇਸ਼ ਕਰਨ ਦੀ ਇਕ ਨਵੀਂ ਪਿਰਤ ਨੂੰ ਤੋਰਦੀ ਹੈ।

**ਪਰਚੀ ਭਾਈ ਕਨ੍ਹਈਆ ਜੀ :**

"ਪਰਚੀ" ਤੋਂ ਭਾਵ ਸਾਖੀ ਹੈ। "ਪਰਚੀ" ਸ਼ਬਦ ਇਕ ਅਤੇ ਕਈ ਵਾਰ ਅਨੇਕ ਸਾਖੀਆਂ ਦੇ ਸੰਗ੍ਰਹਿ ਦਾ ਵੀ ਸੂਚਕ ਹੈ। ਭਾਈ ਸਹਿਜ ਰਾਮ ਦੀ ਲਿਖੀ ਹੱਥਲੀ ਪਰਚੀ ਸੇਵਾ ਪੰਥ ਦੇ ਮੋਢੀ ਭਾਈ ਕਨ੍ਹਈਏ ਦੇ ਜੀਵਨ ਨੂੰ ਚਿੱਤਰਦੀ ਹੈ। ਇਹ ਅਠਾਰਵੀਂ ਸਦੀ ਦੇ ਮੱਧ ਦੀ ਰਚਨਾ ਪ੍ਰਤੀਤ ਹੁੰਦੀ ਹੈ। ਵੀਹਾਂ ਕਾਂਡਾਂ ਜਾਂ ਕਥਾਵਾਂ ਵਿਚ ਵੰਡੀ ਇਸ ਰਚਨਾ ਵਿਚ ਭਾਈ ਕਈਏ ਦੇ ਜੀਵਨ ਦੇ ਅਧਿਆਤਮਿਕ ਅਤੇ ਸਦਾਚਾਰਕ ਪੱਖ ਨੂੰ ਚਿਤਰਿਆ ਗਿਆ ਹੈ, ਕਿਉਂਕਿ ਲੇਖਕ ਦਾ ਮੰਤਵ ਮਹਾਪੁਰਸ਼ਾਂ ਦੇ ਗੁਣਾਂ ਦਾ ਕਥਨ ਕਰਨਾ ਹੈ। ਇਸ ਵਿਚ ਭਾਈ ਕਨ੍ਹਈਏ ਦੇ ਜੀਵਨ ਸੰਬੰਧੀ ਮੋਟੇ ਤੌਰ ਤੇ ਇਹ ਤੱਥ ਸਾਹਮਣੇ ਆਉਂਦੇ ਹਨ ਭਾਈ ਕਨ੍ਹਈਏ ਦਾ ਜਨਮ ਇਕ ਰੱਜੇ-ਪੁੱਜੇ ਘਰ ਵਿਚ ਹੋਇਆ। ਛੋਟੀ ਉਮਰੇ ਉਹ ਆਪਣੀਆਂ ਜੇਬਾਂ ਕੌਡੀਆਂ ਨਾਲ ਭਰੀ ਰਖਦੇ ਅਤੇ ਲੋੜਵੰਦਾਂ ਨੂੰ ਦਾਨ ਦਿੰਦੇ। ਵਿਗਾਰ ਵਿਚ ਫੜਿਆਂ ਦੀ ਮੱਦਦ ਵੀ ਕਰਦੇ। ਉਨ੍ਹਾਂ ਨਲੂਏ ਸੰਤ ਅਤੇ ਹੋਰ ਸੰਤਾਂ ਦੀ ਸੰਗਤ ਪ੍ਰਾਪਤ ਕੀਤੀ ਅਤੇ ਫਿਰ ਵੈਰਾਗੀ ਹੋ ਕੇ ਜੰਗਲਾਂ ਨੂੰ ਤੁਰ ਗਏ। ਡਰੋਲੀ ਆ ਕੇ ਗੁਰੂ ਤੇਗ ਬਹਾਦਰ ਜੀ ਦੇ ਘੋੜਿਆਂ ਦੀ ਸੇਵਾ ਕੀਤੀ, ਫਿਰ ਧਰਮਸ਼ਾਲਾ ਕਾਇਮ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ ਗਏ। ਅੰਤ ਭਾਈ ਸੇਵਾ ਰਾਮ ਨਾਲ ਮੇਲ ਹੋਇਆ ਅਤੇ ਇਹ ਸ਼ਰੀਰ ਤਿਆਗਿਆ। ਯੁੱਧ ਵਿਚ ਫਟੜਾਂ ਨੂੰ ਬਿਨਾਂ ਪੱਖਪਾਤ ਪਾਣੀ ਪਿਲਾਣ ਵਾਲੀ ਕਥਾ ਇਸ ਵਿਚ ਸ਼ਾਮਲ ਨਹੀਂ ਹੈ ਅਤੇ ਕਈ ਪ੍ਰਸੰਗਾਂ ਵਿਚ ਵਾਧੂ ਕਥਾਵਾਂ ਵੀ ਸ਼ਾਮਲ ਕਰ ਦਿੱਤੀਆਂ ਗਈਆਂ ਹਨ ਜਿਵੇਂ ਨਲੂਏ ਸੰਤ ਦੀ ਸਾਖੀ, ਯੂ ਦਾ ਪ੍ਰਸੰਗ ਆਦਿ। ਇਨ੍ਹਾਂ ਅੰਸ਼ਾਂ ਨਾਲ ਕਈ ਥਾਈਂ ਮੂਲ ਕਥਾ-ਪ੍ਰਸੰਗ ਰੁਕ ਜਿਹਾ ਗਿਆ ਹੈ। ਭਾਈ ਕਨ੍ਹਈਏ ਦੇ ਜੀਵਨ ਸੰਬੰਧੀ ਘਟਨਾਵਾਂ ਨੂੰ ਪੇਸ਼ ਕਰਦਿਆਂ ਲੇਖਕ ਨੇ ਉਨ੍ਹਾਂ ਦੀ ਸੇਵਾ-ਭਾਵਨਾ ਅਤੇ ਸਦਾਚਾਰਕ ਗੁਣਾਂ ਨੂੰ ਵਿਸ਼ੇਸ਼ ਤੌਰ ਤੇ ਉਭਾਰਿਆ ਹੈ। ਹਰ ਪ੍ਰਾਣੀ ਵਿਚ ਪਰਮਾਤਮਾ ਦੇ ਰੂਪ ਦੇ ਦਰਸ਼ਨ ਕਰ ਕੇ ਉਸ ਦੀ ਸੇਵਾ ਕਰਨੀ ਹੈ, ਕਿਉਂਕਿ ਭਾਈ ਕਨਈਆ ਜੀ ਦਾ ਸਿਧਾਂਤ ਹੈ ਕਿ :

> ਜਗਤ ਕੇ ਲੋਕ ਚਉਬੀਸ ਅਵਤਾਰ ਹੁਏ ਮਾਨਤੇ ਹੈ। ਅਰੁ ਜੋ ਗੁਰਮੁਖ ਹੈ ਸੋ ਜੇਤੇ ਜੀਵ ਹੈ ਸਭ ਹੀ ਅਵਤਾਰ ਦਿਸਟਿ ਦੇਖਤੇ ਹੈ। ਕਹਤੇ ਹੈ ਸਭ ਪਰਮਾਤਮਾ ਤੇ ਉਤਪਤਿ ਹੂਏ ਹੈ। ਇਤਰ ਕੋਊ ਨਾਹੀ। ਜੈਸੇ ਕਨਕ ਤੇ ਭੂਖਨ ਜੈਸੇ ਮਾਟੀ ਤੇ ਭਾਜਨ ਤੈਸੇ ਪਰਮਾਤਮਾ ਤੇ ਜਗਤ। ਤਾਂ ਤੇ ਜੀਵਹੁ ਕੀ ਸੇਵਾ ਸੇਵਾ ਪਰਮਾਤਮਾ ਕੀ ਹੈ।

ਲੇਖਕ ਨੇ ਪਰੰਪਰਾ ਤੋਂ ਹਟ ਕੇ ਕਿਸੇ ਗੁਰੂ ਜਾਂ ਮਹਾਤਮਾ ਦੀ ਥਾਂ ਤੇ ਇਕ ਚੰਗੇ ਗੁਰਸਿੱਖ ਨੂੰ ਇਸ ਰਚਨਾ ਦਾ ਮੁੱਖ ਪਾਤਰ ਚੁਣਿਆ ਹੈ ਅਤੇ ਸਾਰਾ ਬਿਆਨ ਕਿਸੇ ਪ੍ਰਕਾਰ ਦੇ ਕਰਾਮਾਤੀ ਅੰਸ਼ ਤੋਂ ਪ੍ਰਭਾਵਿਤ ਨਹੀਂ ਹੋਣ ਦਿੱਤਾ।

**ਪਰਚੀ ਪਾਤਿਸਾਹੀ ਦਸਵੀਂ ਕੀ**

ਅਠਾਰਵੀਂ ਸਦੀ ਦੇ ਪਹਿਲੇ ਅੱਧ ਵਿਚ ਲਿਖੀ ਇਸ ਰਚਨਾ ਵਿਚ ਕੁਲ 50 ਸਾਖੀਆਂ ਹਨ ਜਿਨ੍ਹਾਂ ਵਿਚੋਂ ਅੱਠ ਸਾਖੀਆਂ ਦਾ ਸੰਬੰਧ ਪਹਿਲੇ ਅੱਠ ਗੁਰੂਆਂ ਨਾਲ ਹੈ, ਚਾਰ ਨੋਵੇਂ ਗੁਰੂ ਦੇ ਜੀਵਨ ਉੱਤੇ ਪ੍ਰਕਾਸ਼ ਪਾਂਦੀਆਂ ਹਨ ਅਤੇ ਬਾਕੀ 38 ਦਸਵੇਂ ਗੁਰੂ ਦੀਆਂ ਹਨ। ਇਸ ਦਾ ਲੇਖਕ ਉਦਾਸੀ ਸੰਪ੍ਰਦਾਇ ਦਾ ਕੋਈ ਸੇਵਾ ਦਾਸ ਹੈ, ਪਰ ਉਸ ਦੇ ਜੀਵਨ ਬਾਰੇ ਕੋਈ ਜਾਣਕਾਰੀ ਕਿਸੇ ਵਸੀਲੇ ਤੋਂ ਨਹੀਂ ਮਿਲਦੀ। ਇਸ ਦੇ ਵਧੇਰੇ ਭਾਗ ਵਿਚ ਗੁਰੂ ਗੋਬਿੰਦ ਸਿੰਘ ਬਾਰੇ ਸਾਖੀਆਂ ਸ਼ਾਮਲ ਹੋਣ ਕਾਰਣ ਇਸ ਨੂੰ "ਪਰਚੀ ਪਾਤਿਸਾਹੀ ਦਸਵੀ ਕੀ" ਜਾਂ "ਪਰਚੀਆਂ, ਗੁਰੂ ਗੋਬਿੰਦ ਸਿੰਘ ਨਾਂ ਦਿੱਤਾ ਗਿਆ ਹੈ। ਔਰੰਗਜ਼ੇਬ ਨੂੰ 'ਜ਼ਫਰਨਾਮਾ' ਘਲਣ ਅਤੇ ਬਹਾਦਰਸ਼ਾਹ ਦੀ ਸਹਾਇਤਾ ਕਰਨ ਦੀਆਂ ਘਟਨਾਵਾਂ ਨੂੰ ਛੱਡ ਕੇ ਬਾਕੀ ਸਾਰੀਆਂ ਸਾਖੀਆਂ ਵਿਚ ਸਦਾਚਾਰ ਅਤੇ ਰਾਹਤ ਮਰਯਾਦਾ ਦੀ ਗੱਲ ਕੀਤੀ ਗਈ ਹੈ, ਜਿਵੇਂ ਲੋੜ ਤੋਂ ਵੱਧ ਧਨ ਨਾ ਸੰਚਣਾ , ਸਤਿ ਮਰ ਦੀ ਵਡਿਆਈ ਅਤੇ ਉਸ ਦੀ ਮਰਯਾਦਾ ਦੀ ਰਖਿਆ, ਕੀਰਤਨ ਦੀ ਉਤਮਤਾ, ਪੂਜਾ ਦਾ ਧਾਨ ਖਾਣ ਵਾਲੇ ਮਸੰਦਾਂ ਦੀ ਸੁਧਾਈ, ਮੋਹ ਦਾ ਤਿਆਗ, ਸੇਵਾ ਦਾ ਮਹੱਤਵ, ਆਦਰਸ਼ ਗ੍ਰਿਹਸਤੀ ਬਣਨ ਦੀ ਜਾਚ, ਆਦਿ!

ਇਸ ਦੀ ਸ਼ੈਲੀ ਭਾਵੇਂ ਬ੍ਰਿਤਾਂਤਿਕ ਹੈ, ਪਰ ਕਈਆਂ ਥਾਵਾਂ ਤੇ ਵਿਆਖਿਆ ਪ੍ਰਧਾਨ ਸ਼ੈਲੀ ਦੇ ਦਰਸ਼ਨ ਵੀ ਹੋ ਜਾਂਦੇ ਹਨ। ਖ਼ਾਸ ਕਰ ਕੇ ਉਨ੍ਹਾਂ ਪ੍ਰਸੰਗਾਂ ਵਿਚ ਜਿਥੇ ਲੇਖਕ ਨੇ ਸਦਾਚਾਰ ਸੰਬੰਧੀ ਕਿਸੇ ਸਿੱਧਾਂਤਿਕ ਗੱਲ ਨੂੰ ਛੋਹਿਆ ਹੈ। ਉਸ ਸ਼ੈਲੀ ਵਿਚ ਨਾ ਕੋਈ ਰੋਚਕਤਾ ਹੈ ਅਤੇ ਨਾ ਹੀ ਕੋਈ ਹੋਰ ਖਿੱਚ, ਬੜੀ ਸਾਧਾਰਣ ਜਿਹੀ ਸ਼ੈਲੀ ਆਦਿ ਤੋਂ ਅੰਤ ਤਕ ਚਲਦੀ ਹੈ। ਇਸ ਪੱਖੋਂ ਇਹ ਪੰਜਾਬੀ ਵਾਰਤਕ ਦੇ

ਵਿਕਾਸ ਵਿਚ ਕੋਈ ਨਵਾਂ ਮੀਲ ਪੱਥਰ ਸਥਾਪਿਤ ਨਹੀਂ ਕਰਦੀ, ਸਿੱਖਾਂ ਦੀ ਭਗਤਮਾਲਾ' ਵਾਲੀ ਸ਼ੈਲੀ ਨੂੰ ਹੀ ਅੱਗੇ ਤੋਰਦੀ ਹੈ। ਇਸ ਦੀ ਬੋਲੀ ਪੰਜਾਬੀ ਵੱਲ ਜ਼ਿਆਦਾ ਝੁਕੀ ਹੋਈ ਹੈ, ਪਰ ਬ੍ਰਜ ਭਾਸ਼ਾ ਦਾ ਅਜੇ ਪ੍ਰਭਾਵ ਚੋਖਾ ਹੈ। ਲੋੜ ਅਨੁਸਾਰ ਲੇਖਕ ਨੇ ਅਰਬੀ, ਫ਼ਾਰਸੀ ਦੇ ਸ਼ਬਦ ਵੀ ਵਰਤੇ ਹਨ । ਅਧਿਆਤਮਿਕ ਚਰਚਾ ਵੇਲੇ ਸੰਤ ਭਾਸ਼ਾ ਦੀ ਸ਼ਬਦਾਵਲੀ ਵੇਖੀ ਜਾ ਸਕਦੀ ਹੈ :

ਕਿਸੀ ਸਿੱਖ ਰਬਾਬੀਆਂ ਨੂੰ ਝਿੜਕਿਆ। ਹੁਕਮੁ ਹੋਆ, ਸੁਣਿ ਸਿਖਾ ਹਿਕ ਹਿਕ ਰੰਨ ਕਾਣੀ ਪਿਲੀ ਘਰੀ ਛਡਿ ਆਏ ਹੋ। ਸੋ ਤਿਸ ਰੰਨ ਕੀ ਖਿੱਚ ਕਰਿ ਕੇ ਗੁਰੂ ਪਾਸਿ ਤੁਹਾਡਾ ਮਨੁ ਨਹੀਂ ਲਗਤਾ । ਗੁਰੂ ਤੁਹਾਨੂੰ ਕਲਾਵੇ ਪਾਇ ਪਾਇ ਰਖਦਾ ਹੈ। ਅਤੇ ਤੁਸੀਂ ਫਿਰ ਰੰਨਾ ਕੀ ਓਰਿ ਦੌੜਦੇ ਹੋ । ਅਤੇ ਗੋਪੀ ਚੰਦ ਐਸਾ ਸੂਰਮਾ ਥਾ। ਜੋ ਅਠਾਰਹ ਹਜਾਰ ਰਾਣੀ ਕਾ ਤਿਆਗ ਕਰਿ ਗਇਆ ਹੈ। ਅਰੁ ਜੇਤੀ ਉਸ ਕੀ ਰਾਣੀ ਥੀ ਸਭ ਰਾਜਿਅਹੁ ਕੀ ਬੇਟੀ ਥੀ । ਮਹਾਂ ਸੁੰਦਰ ਚੰਦ ਮੁਖ ਉਨ ਕੇ ਬਦਨ ਥੇ । ਅਰੁ ਮਸਤਕ ਉੱਪਰ ਮਣੀ ਰਾਖਤੀਆਂ | ਮੋਤੀ ਅਰ ਮਾਣਿਕ ਉਨ ਕੇ ਗ੍ਰਿਹਿ ਮਹਿ ਪਹਾਰੁ ਕੀ ਨਿਆਈ ਅਬਾਰ ਥੇ । ਸੋ ਗੁਰੂ ਗੋਰਖੁ ਮਿਲਿ ਕਰਿ ਸਭ ਕਾ ਤਿਆਗ ਕਰਿ ਗਇਆ ਹੈ। ਤਿਹੁ ਕੀ ਬਾਣੀ ਪੜ੍ਹਦਿਆਂ ਤੂ ਕਿਉ ਹੋੜਨਾ ਰਹਿ।

**ਸੌ ਸਾਖੀ (ਗੁਰ-ਰਤਨ-ਮਾਲਾ)**

ਇਸ ਰਚਨਾ ਦਾ ਮੂਲ ਨਾਂ "ਗੁਰੂ-ਰਤਨ-ਮਾਲਾ" ਹੈ ਪਰ ਸ਼ਰਧਾਲੂਆਂ ਵਿਚ ਇਹ 'ਸੌ ਸਾਖੀ' ਦੇ ਨਾਂ ਨਾਲ ਪ੍ਰਸਿੱਧ ਹੈ। ਇਸ ਦਾ ਮੁੱਖ ਕਾਰਣ ਇਹ ਹੈ ਕਿ ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਉਪਦੇਸ਼ਾਂ ਨਾਲ ਸੰਬੰਧਿਤ ਲਗਭਗ 100 ਸਾਖੀਆਂ ਹਨ। ਸ਼ਰਧਾਲੂਆਂ ਵਿਚ ਇਹ ਆਮ ਵਿਸ਼ਵਾਸ ਹੈ ਕਿ ਜਿਸ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਭਵਿਸ਼ ਵਾਕ ਦਰਜ ਹਨ। ਪੁਸਤਕ ਦੀ ਪਸਤਾਵਨਾ ਅਨੁਸਾਰ ਇਹ ਵਾਕ ਗੁਰੂ ਜੀ ਦੇ ਮੁਖ ਤੋਂ ਰਾਮ ਕੰਵਰ ਨੇ ਸੁਣੇ ਅਤੇ ਉਸ ਪਾਸੋਂ ਇਸ ਰਚਨਾ ਦੇ ਲੇਖਕ ਸਾਹਿਬ ਸਿੰਘ ਪਾਸ ਪਹੁੰਚੇ । ਪਰ ਇਸ ਦੇ ਲੇਖਕ ਬਾਰੇ ਪੂਰੀ ਦਿੜਤਾ ਨਾਲ ਕੋਈ ਗੱਲ ਨਹੀਂ ਕਹੀ ਜਾ ਸਕਦੀ। ਹਾਂ ਲਿਖਤ ਵਿਚਲੀਆਂ ਗਲਤੀਆਂ ਅਤੇ ਹੋਰ ਊਣਤਾਈਆਂ ਕਾਰਣ ਉਹ ਕੋਈ ਬਹੁਤਾ ਪੜ੍ਹਿਆ ਲਿਖਿਆ ਵਿਅਕਤੀ ਪ੍ਰਤੀਤ ਨਹੀਂ ਹੁੰਦਾ।

ਅੰਦਰਲੀ ਗਵਾਹੀ ਦੇ ਆਧਾਰ ਤੇ ਇਹ 1734 ਈ. (1791 ਬਿ ) ਦੀ ਰਚਨਾ ਸਿੱਧ ਹੁੰਦੀ ਹੈ, ਪਰ ਇਸ ਦੀ ਭਾਸ਼ਾ ਦੇ ਸਰੂਪ ਨੂੰ ਵੇਖ ਕੇ ਇਹ ਸੰਨ ਠੀਕ ਨਹੀਂ ਲਗਦਾ ਕਿਉਂਕਿ ਇਹ ਆਧੁਨਿਕ ਭਾਸ਼ਾ ਦੇ ਬਹੁਤ ਨੇੜੇ ਹੈ। ਸਿੰਘ ਸਭਾ ਲਹਿਰ ਦੇ ਜਲਨ ਪਹਿਲਾਂ ਇਸ ਪੋਥੀ ਦੀ ਬੜੀ ਮਾਨਤਾ ਸੀ ਅਤੇ 'ਭਵਿਸ਼ ਪੁਰਾਣ' ਜਿੰਨਾ ਇਸ ਨੂੰ ਮਾਰ ਦਿੱਤਾ ਜਾਂਦਾ ਸੀ। ਪਰ ਇਸ ਵਿਚ ਲਿਖੀਆਂ ਗੱਲਾਂ ਦਾ ਠੀਕ ਨਾ ਪੁਗਣਾ ਅਤੇ ਬਹੁਤ ਸਾਰੀਆਂ ਇਤਿਹਾਸਕ ਉਕਾਈਆਂ ਕਾਰਣ ਇਸ ਦਾ ਮਹੱਤਵ ਦਿਨੋਂ ਦਿਨ ਘਟਦਾ ਗਿਆ ਅਤੇ ਹੁਣ ਨਾਮਧਾਰੀ ਸੰਪ੍ਰਦਾਇ ਅਤੇ ਨਿਹੰਗ ਸਿੰਘਾਂ ਤਕ ਹੀ ਇਸ ਪ੍ਰਤਿ ਵਿਸ਼ਵਾਸ ਰਹਿ ਗਿਆ ਹੈ।

ਇਸ ਪੁਸਤਕ ਦੇ ਆਰੰਭ ਵਿਚ ਦਸਾਂ ਗੁਰਾਂ ਦਾ ਮੰਗਲ ਹੈ। ਫਿਰ ਇਸ ਦੇ ਲਿਖੇ ਜਾਣ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਇਸ ਪਿੱਛੋਂ ਇਕ ਇਕ ਸਾਖੀ ਸੁਤੰਤਰ ਰੂਪ ਵਿਚ ਚਲਦੀ ਹੈ। ਹਰ ਸਾਖੀ ਦੇ ਅੰਤ ਵਿਚ ਕੋਈ ਨਾ ਕੋਈ ਉਪਦੇਸ਼ ਦਿੱਤਾ ਗਿਆ ਹੈ। ਬਹੁਤ ਸਾਰੀਆਂ ਸਾਖੀਆਂ ਰਹਿਤਨਾਮੇ ਦੀ ਸ਼ੈਲੀ ਵਿਚ ਹਨ । ਅਜਿਹੇ ਪ੍ਰਸੰਗਾਂ ਵਿਚ ਪਰਉਪਕਾਰ ਅਤੇ ਸੇਵਾ ਭਾਵਨਾ ਉੱਤੇ ਬਲ ਦਿੱਤਾ ਗਿਆ ਹੈ। ਕੁਝ ਕੁ ਸਾਖੀਆਂ ਦਾ ਸੰਬੰਧ ਗੁਰੂ ਜੀ ਦੇ ਯੁੱਧਾਂ ਨਾਲ ਹੈ ਅਤੇ ਕੁਝ ਦਾ ਸੰਬੰਧ ਕੁਕਰਮੀ ਮਸੰਦਾਂ ਅਤੇ ਮਨਮਤੀਏ ਸਿੱਖਾਂ ਨੂੰ ਸੋਧਣ ਦੀਆਂ ਘਟਨਾਵਾਂ ਨਾਲ ਹੈ। ਇਨ੍ਹਾਂ ਪ੍ਰਸੰਗਾਂ ਵਿਚ ਗੁਰੂ ਜੀ ਦੀਆਂ ਅਨੇਕ ਕਰਾਮਾਤਾਂ ਅਤੇ ਚਮਤਕਾਰਪੂਰਣ ਘਟਨਾਵਾਂ ਦਾ ਵਰਣਨ ਵੀ ਹੋਇਆ ਹੈ। ਕੁਝ ਸਾਖੀਆਂ ਦਾ ਸੰਬੰਧ ਆਨੰਦਪੁਰ ਛੋੜਨ ਤੋਂ ਬਾਅਦ ਦੀਆਂ ਘਟਨਾਵਾਂ ਨਾਲ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ, ਡਲੇ ਬਰਾੜ ਨਾਲ ਮੇਲ ਅਤੇ ਬੰਦੇ ਬਹਾਦਰ ਨੂੰ ਪੰਜਾਬ ਵੱਲ ਘੱਲਣ ਵਾਲੀਆਂ ਸਾਖੀਆਂ ਅਜਿਹੀਆਂ ਹੀ ਹਨ। ਸਾਹਿਬਜ਼ਾਦਿਆਂ ਦੇ ਜਨਮ ਅਤੇ ਅੰਮ੍ਰਿਤ ਦੇ ਸੰਚਾਰ ਬਾਰੇ ਵੀ ਕੁਝ ਸਾਖੀਆਂ ਮਿਲਦੀਆਂ ਹਨ ।

ਇਸ ਦੀ ਸ਼ੈਲੀ ਬ੍ਰਿਤਾਂਤਿਕ ਹੈ, ਪਰ ਉਸ ਵਿਚ ਕੋਈ ਸੋਹਜ ਜਾਂ ਖਿੱਚ ਨਹੀਂ। ਬੜਾ ਸਾਦਾ ਜਿਹਾ ਬਿਆਨ ਹੈ । ਕਲਾਤਮਕ ਗੁਣਾਂ ਤੋਂ ਇਸ ਨੂੰ ਸੱਖਣਾ ਹੀ ਕਿਹਾ ਜਾਵੇਗਾ। ਇਸ ਵਿਚ ਕਈਆਂ ਥਾਵਾਂ ਉੱਤੇ ਕਵਿਤਾ ਦੀ ਵਰਤੋਂ ਵੀ ਹੋਈ ਹੈ। ਵਾਕਾਂ ਨੂੰ ਆਮ ਕਰ ਕੇ ਕਵਿਤਾ ਵਿਚ ਲਿਖਿਆ ਗਿਆ ਹੈ । ਕਵਿਤਾ ਤੁਕਬੰਦੀ ਤੋਂ ਛੁੱਟ ਹੋਰ ਕੁਝ ਨਹੀਂ ।

ਇਸ ਦੀ ਬੋਲੀ ਵੀ ਬੜੀ ਸਾਧਾਰਣ ਜਿਹੀ ਹੈ। ਕਿਤੇ-ਕਿਤੇ ਵਾਕ ਉਗੜੇ-ਦੁਗੜੇ ਅਤੇ | ਅਸਪਸ਼ਟ ਹਨ । ਬੋਲੀ ਦੀ ਨਵੀਨਤਾ ਕਰ ਕੇ ਕਈ ਵਾਰ ਇਸ ਨੂੰ ਸਿੱਖਾਂ ਦੇ ਰਾਜ ਤੋਂ ਬਾਅਦ ਦੀ ਰਚਨਾ ਮੰਨਿਆ ਜਾਂਦਾ ਹੈ। ਸ਼ਾਇਦ ਬਾਅਦ ਵਿਚ ਰੱਲੇ ਇਸ ਵਿਚ ਪੈਣ ਕਾਰਣ ਹੀ ਭਾਸ਼ਾ ਦਾ ਰੂਪ ਨਵਾਂ ਜਿਹਾ ਪਤਾ ਲਗਦਾ ਹੋਵੇ । ਇਸ ਦੀ ਬੋਲੀ ਉੱਤੇ ਜੇ ਭਾਸ਼ਾ ਦੀ ਰੰਗਤ ਸਪਸ਼ਟ ਦ੍ਰਿਸ਼ਟੀਗੋਚਰ ਹੁੰਦੀ ਹੈ । ਇਸ ਵਿਚ ਲੇਖਕ ਨੇ ਪਰਚੀ ਪਾਤਿਸਾਹੀ ੧੦ ਤੋਂ ਵੀ ਕੁਝ ਸਾਖੀਆਂ ਲਈਆਂ ਹਨ ਅਤੇ ਅਦਲ-ਬਦਲ ਕਰਕੇ ਆਪਣੇ ਸ਼ਬਦਾਂ ਵਿਚ ਲਿਖ ਦਿੱਤੀਆਂ ਹਨ। ਇਕ ਨਮੂਨਾ ਵੇਖੋ ਜੋ ਪੂਰਵ-ਕਥਿਤ ਪਰਚੀ ਦੇ ਉਦਾਹਰਣ ਨਾਲ ਮੇਲ ਖਾਂਦਾ ਹੈ :

ਏਕ ਇਕਾਂਗੀ ਸਿਖ ਥਾ। ਗੁਰੂ ਕੀ ਬਾਣੀ ਬਿਨਾ ਪਤੀਤ ਨਾਹੀ ਥਾ ਕਰਦਾ । ਸੋ ਭਲਕੇ ਦੀਵਾਨ ਵਿਚ ਆਇ ਕੇ ਬੋਲਿਆ। ਗੁਰੂ ਜੀ ਮੇਰੀ ਪੁਕਾਰ ਹੈ। ਗੁਰੂ ਕੇ ਸਿੱਖ ਰਾਗੀ ਬਿਸਿਦਕ ਹੋ ਗਏ ਹੈਨ । ਗੁਰੂ ਕੀ ਬਾਣੀ ਛੱਡ ਕੇ ਗੋਪੀ ਚੰਦ ਕਾ ਝਗੜਾ ਆਰੰਭ ਬੈਠੇ ਅੰਮ੍ਰਿਤ ਵੇਲੇ ਗੁਰੂ ਜੀ ਕੇ ਸ਼ਬਦ ਬਾਝਹੁ ਹੋਰ ਕਚੀ ਬਾਣੀ । ਤਾਂ ਬਚਨ ਹੋਇਆ ਭਾਈ ਸਾਂਈ ਲੋਕਾ ਸਿੱਖਾਂ ਵਿਚ ਅਤੇ ਗੁਰੂ ਵਿਚ ਭੇਦ ਨਾਹੀ। ਸਿੱਖ ਸੇਵਕ ਭਗਤ ਸਭਿ ਨਾਮ ਬੈਰਾਗ ਸਾਸ ਸਾਸ ਸਮਾਲਦੇ ਹੈਨ । ਅਤੇ ਸਿੱਖਾ ਸਿੱਖੀ ਦੂਰ ਹੈ। ਧੰਨ ਗੋਪੀ ਚੰਦ ਜਿਨਾ ਚੌਦਾ ਸੈ ਰਾਣੀ ਅਤੇ ਰਾਜ ਕਾ ਮੋਹ ਤਿਣਕੇ ਕੀ ਨਿਆਈਂ ਤੋੜ ਸੁਟਿਆ | ਤਪ ਕਰ ਸਿਧ ਹੁਆ ਗੋਰਖ ਨਾਥ ਕੇ ਚਰਣੀ ਲਗੁ ਉਧਾਰਿਆ । ਤੁਸੀਂ ਸਭ ਸਿੱਖ ਹਜ਼ੂਰ ਬੈਠਦੇ ਹੋ। ਅਤੇ ਮਨ ਘਰ ਦੀਆਂ ਕਾਫ਼ੀਆਂ ਸੋਹਣੀਆਂ ਕੁਰਹਤਣੀਆਂ ਵਿਚ ਸਿਖਣੀਆਂ ਦੇ ਹੈਗਾ। ਤੁਸੀਂ ਕਿਕਰ ਗੋਪੀ ਚੰਦ ਦੀ ਰੀਸ ਕਰਦੇ ਹੋ।

**ਸਾਖੀਆਂ ਭਾਈ ਅਡਣ ਜੀ ਕੀਆਂ :**

ਇਸ ਪੁਸਤਕ ਦੇ ਨਾਂ ਤੋਂ ਭਾਵੇਂ ਇਹ ਅੱਡਣ ਸ਼ਾਹ ਦੇ ਨਾਂ ਨਾਲ ਸੰਬੰਧਿਤ ਸਾਖੀਆਂ ਦਾ ਸੰਗ੍ਰਹਿ ਪ੍ਰਤੀਤ ਹੁੰਦਾ ਹੈ, ਪਰ ਇਸ ਵਿਚ ਬਹੁਤ ਸਾਰੇ ਪ੍ਰਸੰਗ ਗੁਰੂਆਂ, ਸੰਤਾਂ, ਭਗਤਾਂ ਅਤੇ ਮਹਾਂਪੁਰਸ਼ਾਂ ਨਾਲ ਵੀ ਸੰਬੰਧ ਰੱਖਦੇ ਹਨ । ਇੰਜ ਲਗਦਾ ਹੈ ਕਿ ਭਾਈ ਅੱਡਣ ਸ਼ਾਹ ਜੋ ਵਿਖਿਆਨ ਜਾਂ ਬਚਨ ਬਿਲਾਸ ਕਥਾ-ਵਾਰਤਾ ਰਾਹੀਂ ਕਰਦੇ ਸਨ, ਉਨ੍ਹਾਂ ਨੂੰ ਕਿਸੇ ਸ਼ਰਧਾਲੂ ਸਿੱਖ ਨੇ ਲਿਖਤ ਰੂਪ ਦੇ ਕੇ ਭਾਈ ਅੱਡਣ ਸ਼ਾਹ ਦੀਆਂ ਸਾਖੀਆਂ ਦੇ ਰੂਪ ਵਿਚ ਸੰਭਾਲ ਦਿੱਤਾ । ਇਸ ਲਈ ਇਸ ਵਿਚ ਭਾਈ ਜੀ ਦੇ ਅਧਿਆਤਮਿਕ ਵਿਚਾਰਾਂ, ਮਹਾਨ ਆਦਰਸ਼ਾਂ ਅਤੇ ਤਿਆਗੀ ਜੀਵਨ ਸੰਬੰਧੀ ਘਟਨਾਵਾਂ ਦੀ ਸਾਮਗ੍ਰੀ ਮਿਲ ਜਾਂਦੀ ਹੈ। ਭਾਈ ਅੱਡਣ ਸ਼ਾਹ ਭਾਈ ਕਨ੍ਹਈਏ ਦੁਆਰਾ ਚਲਾਏ "ਸੇਵਾ ਪੰਥ" ਦੇ ਇਕ ਬੜੇ ਪ੍ਰਤਾਪੀ ਸੰਤ ਸਨ। ਉਹ ਕਰਨੀ ਦੇ ਸੂਰੇ ਸਨ । ਇਸੇ ਲਈ ਉਨ੍ਹਾਂ ਤੋਂ ਬਾਅਦ "ਸੇਵਾ ਪੰਥ" ਦਾ ਨਾਂ "ਅੱਡਣਸ਼ਾਹੀ ਸੰਪ੍ਰਦਾਇ ਵਜੋਂ ਪ੍ਰਸਿੱਧ ਹੋ ਗਿਆ। ਇਸ ਰਚਨਾ ਦੇ ਵਿਵਰਣ ਤੋਂ ਇੰਜ ਪਤਾ ਲਗਦਾ ਹੈ ਕਿ ਲੇਖਕ ਭਾਈ ਅੱਡਣਸ਼ਾਹ ਦਾ ਬਹੁਤ ਨਿਕਟਵਰਤੀ ਸ਼ਰਧਾਲੂ ਸੀ ਕਿਉਂਕਿ ਉਸ ਨੇ ਹਰ ਇਕ ਗੱਲ ਇਤਨੇ ਵਿਸ਼ਵਾਸ ਨਾਲ ਚਿੱਤਰੀ ਹੈ ਕਿ ਉਹ ਸਚਮੁਚ ਆਪ ਕੋਲ ਬੈਠਾ ਸਾਖੀਆਂ ਸੁਣ ਰਿਹਾ ਹੈ। ਇਕ ਰਵਾਇਤ ਅਨੁਸਾਰ ਇਨ੍ਹਾਂ ਦਾ ਲੇਖਕ ਭਾਈ ਸਹਿਜ ਰਾਮ ਸੇਵਾ ਪੰਥੀ ਮੰਨਿਆ ਜਾਂਦਾ ਹੈ। ਕਿਉਕਿ ਭਾਈ ਅੱਡਣ ਸ਼ਾਹ ਦੀ ਮ੍ਰਿਤੂ 1757 ਈ. ਵਿਚ ਹੋਈ ਸੀ, ਇਸ ਲਈ ਇਸੇ ਪੁਸਤਕ ਦਾ ਰਚਨਾ-ਕਾਲ ਅਠਾਰਵੀਂ ਸਦੀ ਦਾ ਦੂਜਾ ਅੱਧ ਪ੍ਰਤੀਤ ਹੁੰਦਾ ਹੈ। ਡਾ. ਪਿਆਰ ਸਿੰਘ ਅਨੁਸਾਰ ਇਨ੍ਹਾਂ ਸਾਖੀਆਂ ਵਿਚ ਕਿਸੇ ਕਲਾਤਮਕ ਉਚਿਆਈ ਨੂੰ ਛੂਹਣ ਦਾ ਯਤਨ ਕੀਤਾ ਗਿਆ। ਪੁਰਾਤਨ ਲਿਖਣ ਢੰਗ ਨੂੰ ਹੀ ਵਰਤਿਆ ਗਿਆ ਹੈ, ਪਰ ਆਪਣੀ ਸਾਦਗੀ ਅਤੇ ਸਰਲਤਾ ਦੇ ਕਾਰਣ ਬ੍ਰਿਤਾਂਤ ਰੋਚਕਤਾ ਤੋਂ ਖ਼ਾਲੀ ਨਹੀਂ। ਕਿਧਰੇ ਕਿਧਰੇ ਨਾਟਕੀ ਰੰਗ ਵੀ ਜੰਮਿਆ ਹੈ। ਇਨ੍ਹਾਂ ਸਾਖੀਆਂ ਵਿਚੋਂ ਕਈ 'ਬਚਨ' ਦੀ ਸ਼ੈਲੀ ਦੀਆਂ ਵੀ ਹਨ । ਭਾਸ਼ਾ ਪੰਜਾਬੀ ਹੈ, ਪਰ ਬ੍ਰਜ ਭਾਸ਼ਾ ਅਤੇ ਸੰਤ ਭਾਸ਼ਾ ਦੀ ਰੰਗਣ ਤੋਂ ਰਹਿਤ ਨਹੀਂ ਕਹੀ ਜਾ ਸਕਦੀ । ਨਮੂਨੇ ਵਜੋਂ :

> ਫੇਰ ਭਾਈ ਅਡਣ ਸ਼ਾਹ ਜੀ ਕਹਿਆ ਭਲਾ ਜੀ ਤੁਮ ਹਮਾਰੇ ਕਹੇ ਲਾਗਤੇ ਹe , ਤੁਮ ਏਹ ਕੰਮ ਕਰੋ ਜੋ ਇਸਨਾਨ ਕਾ ਤਿਆਗ ਕਰਹੁ । ਦਾਨ ਕਾ ਤਿਆਗ ਕਰੋ ਕਿ ਕਾ ਤਿਆਗ ਕਰੋ ਧਿਆਨ ਕਾ ਤਿਆਗ ਕਰੋ । ਤਬ ਉਸ ਬ੍ਰਹਮਣ ਸਾਧ ਨੂੰ ਕਹਾ ਹੋ , ਭਲੀਆਂ ਬਾਤਾਂ ਥੀਆਂ ਸੋ ਤੁਸਾਂ ਨੇ ਮਨਹਿ ਕਰ ਦੀਆਂ। ਏਹ ਕਿਆ ਕੀਆ ।ਇਨ ਕੋ ਛੋਡ ਕਰਿ ਔਰ ਕਿਆ ਕਰੀਏ। ਭਾਈ ਅਡਣ ਜੀ ਕਿਹਾ ਜੋ ਇਹੁ ਬਾਤਾਂ ਸਿਉਂ ਕੋ ਹੰਕਾਰ ਉਪਜਤਾ ਹੈ ਅਰੁ ਮੁਕਤਿ ਜੋ ਹੈ ਸੋ ਹੰਕਾਰ ਕੇ ਤਿਆਗਣੇ ਕਰ ਪਾਪਤ ਹੋ ਹੈ। ਜਬ ਹੰਕਾਰ ਨ ਮਿਟੇ ਤਬ ਫੇਰ ਚਉਰਾਸੀ ਕੋ ਜਾਇ ਪਾਵਤਾ ਹੈ। ਭਾਵੈ ਲਖ ਜਪ ਕਰੋ ਲਖ ਤਪ ਕਰੈ ਲਖ ਦਾਨ ਕਰੈ । ਲਖ ਇਸਨਾਨ ਕਰੈ ਲਖ ਹੀ ਧਿਆਨ ਕਰੈ । ਲਖ ਗਿਆਨ ਕਰੈ ਬਾਤਾਂ ਸਿਉ ਕਦੀ ਮੁਕਤਿ ਨ ਹੋਇਗੀ । ਮੁਕਤਿ ਤੁਸਾਡੀ ਹਮ ਜਾਮਨ ਹੋਤੇ ਹੈ।

ਬਚਨ, ਸੁਖਨ ਜਾਂ ਗੋਸ਼ਟਾਂ ਆਦਿ ਵੀ ਇਸੇ ਵਰਗ ਵਿਚ ਰਖਣ ਵਾਲੇ ਵਾਰਤਕ ਰੂਪ ਹਨ । ਸੁਖਨ ਫ਼ਕੀਰਾਂ ਦੇ, ਬਚਨ ਸਾਈਂ ਲੋਕਾਂ ਦੇ, ਬਚਨ ਗੋਬਿੰਦ ਸਿੰਘ ਲੋਕਾਂ ਦੇ, ਪੱਕੀ ਰੋਟੀ ਆਦਿ ਰਚਨਾਵਾਂ ਬਚਨਾਂ ਦੀਆਂ ਪ੍ਰਤਿਨਿਧ ਰਚਨਾਵਾਂ ਹਨ। ਅਤੇ ਗਰਭ ਗੀਤਾ, ਗੋਸ਼ਟਿ ਸ੍ਰੀ ਰਾਮ ਚੰਦਰ ਅਰ ਲੱਛਮਣ ਕੀ ਇਸ ਸਦੀ ਦੀਆਂ ਪ੍ਰਮੁੱਖ ਗੋਸ਼ਟਾਂ ਹਨ ।

**(3) ਟੀਕੇ**

ਅਠਾਰਵੀਂ ਸਦੀ ਦੀ ਵਾਰਤਕ ਦਾ ਇਕ ਹੋਰ ਪ੍ਰਮੁੱਖ ਵਰਗ ਹੈ ਟੀਕਿਆਂ ਦਾ। ਇਹ ਟੀਕੇ ਮੁੱਖ ਤੌਰ ਤੇ ਗੁਰਬਾਣੀ ਦੀਆਂ ਕੁਝ ਕੁ ਚੋਣਵੀਆਂ ਰਚਨਾਵਾਂ ਦੇ ਹਨ । ਇਨ੍ਹਾਂ ਦੇ ਲਿਖਣ ਦੀ ਪਿਰਤ ਗੁਰੂ ਅਰਜਨ ਦੇਵ ਜੀ ਦੇ ਭਤੀਜੇ ਸੋਢੀ ਮਿਹਰਬਾਨ ਦੀ ਲਿਖੀ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਤੋਂ ਪੈ ਗਈ ਸੀ। ਪਰ ਟੀਕੇ ਲਿਖਣ ਦਾ ਅਸਲੀ ਵਿਕਾਸ ਅਠਾਰਵੀਂ ਸਦੀ ਵਿਚ ਹੋਇਆ। ਇਸ ਸਦੀ ਵਿਚ ਗੁਰਬਾਣੀ ਤੋਂ ਭਿੰਨ ਕਈ ਬਾਹਰਲੀਆਂ ਰਚਨਾਵਾਂ ਦੇ ਟੀਕੇ ਵੀ ਕੀਤੇ ਗਏ । ਗਿਆਨ ਰਤਨਾਵਲੀ' ਅਤੇ 'ਸਿੱਖਾਂ ਦੀ ਭਗਤਮਾਲਾ ਭਾਈ ਗੁਰਦਾਸ ਦੀਆਂ ਵਾਰਾਂ ਦੇ ਇਕ ਪ੍ਰਕਾਰ ਦੇ ਟੀਕੇ ਹੀ ਮਿਥੇ ਜਾਂਦੇ ਹਨ, ਪਰ ਉਨ੍ਹਾਂ ਵਿਚ ਮੂਲ ਰਚਨਾ ਤੋਂ ਬਾਹਰੋਂ ਹੋਰ ਬਹੁਤ ਸਾਰੀ

ਸਾਮਗ੍ਰੀ ਸ਼ਾਮਲ ਕਰ ਲਈ ਗਈ ਹੈ । ਇਸ ਵਾਸਤੇ ਇਹ ਸੁਤੰਤਰ ਜਿਹੀਆਂ ਰਚਨਾਵਾਂ ਪ੍ਰਤੀਤ ਹੋਣ ਲੱਗ ਪਈਆਂ ਹਨ ਅਤੇ ਇਨ੍ਹਾਂ ਬਾਰੇ ਵਿਚਾਰ ਪਿੱਛੇ ਕੀਤਾ ਜਾ ਚੁੱਕਾ ਹੈ।

ਗੁਰਬਾਣੀ ਦੀਆਂ ਪ੍ਰਮੁੱਖ ਰਚਨਾਵਾਂ ਦੇ ਟੀਕਿਆਂ ਵਿਚੋਂ ਭਾਈ ਸੂਰਤ ਸਿੰਘ ਦੇ ਟੀਕੇ ਵਿਸ਼ੇਸ਼ ਮਹੱਤਵ ਰਖਦੇ ਹਨ, ਜਿਵੇਂ ਟੀਕਾ ਜਪੁਜੀ, ਟੀਕਾ ਆਸਾ ਦੀ ਵਾਰ, ਟੀਕਾ ਸਿੰਘ ਗੋਸਟਿ, ਟੀਕਾ ਪਟੀ ਆਦਿ। ਇਨ੍ਹਾਂ ਟੀਕਿਆਂ ਵਿਚ ਗੁਰਬਾਣੀ ਦੇ ਬੜੇ ਸਪਸ਼ਟ ਨਾਲ ਅਰਥ ਕਰਨ ਦਾ ਯਤਨ ਕੀਤਾ ਗਿਆ ਹੈ । ਇਨ੍ਹਾਂ ਟੀਕਿਆਂ ਦੀ ਬੋਲੀ ਬ੍ਰਜ ਭਾਸ਼ਾ ਤੋਂ ਪ੍ਰਭਾਵਿਤ ਪੰਜਾਬੀ ਨਮੂਨੇ ਵਜੋਂ ਮੰਨੇ ਪਾਵਹਿ ਮੋਖ ਦੁਆਰਾ' ਵਾਲੀ ਪਉੜੀ ਦਾ ਟੀਕਾ ਵੇਖੋ :

ਜੋ ਵਾਹੁਗੁਰੂ ਦੇ ਨਾਮ ਨੂੰ ਮੰਨਦੇ ਹੈਨਿ ਸੋ ਮੁਕਤਿ ਦਾ ਦੁਆਰ ਸਾਧ ਸੰਗਤਿ ਹੈ, ਉਸ ਨੂੰ ਮਿਲ ਕੇ ਗਿਆਨ ਨੂੰ ਪ੍ਰਾਪਤ ਹੋਦੇ ਹੈਨਿ। ਜੋ ਵਾਹਿਗੁਰੂ ਦੇ ਨਾਮ ਨੂੰ ਮੰਨਦੇ ਹੈਨਿ ਸੋ ਆਪ ਭੀ ਤਰਦੇ ਹੈਨਿ । ਤੇ ਸਾਰੇ ਪਰਵਾਰ ਨੂੰ ਤਾਰਦੇ ਹੈਨਿ। ਤਾਂ ਸਿਧਾ ਕਹਿਆ ਜੋ ਪਰਵਾਰ ਤਾ ਗਿਸਤੀਆਂ ਦਾ ਹੋਦਾ ਹੈ । ਤੇ ਅਸੀਂ ਤਾਂ ਸਭ ਪਰਵਾਰ ਨੂੰ ਛੱਡ ਕੇ ਅਤੀਤ ਹੋਏ ਹਾਂ। ਤਾਂ ਬਾਬਾ ਬੋਲਿਆ। ਗ੍ਰਿਸਤੀਆਂ ਦਾ ਕੁਟੰਬ ਪਰਵਾਰ ਹੈ। ਅਤੀਤਾ ਦੇ ਚੇਲੇ ਪਰਵਾਰ ਹੈ। ਉਨ੍ਹਾਂ ਦੇ ਚੇਲਿਆਂ ਦਾ ਉਧਾਰ ਹੋਦਾ ਹੈ। ਤੇ ਸੰਤਾਂ ਦੇ ਜੋ ਪਾਸ ਬੈਠਣ ਵਾਲੇ ਜਗਿਆਸੀ ਹੈਨ ਉਨ੍ਹਾਂ ਦਾ ਉਧਾਰ ਹੋਦਾ ਹੈ। ਤੇ ਜੋ ਵਾਹੁਗੁਰੂ ਦੀ ਸਿੱਖਿਆ ਮੰਨਦੇ ਹੈਨ ਆਪ ਭੀ ਤਰਦੇ ਹੈਨਿ ਤੇ ਹੋਰਨਾ ਨੂੰ ਭੀ ਤਾਰਦੇ ਹੈਨਿ। ਗੁਰੂ ਨਾਨਕ ਜੀ ਕਹਿੰਦੇ ਹੈਨਿ ਜੇ ਮੰਨਣ ਵਾਲੇ ਜਨਮ ਚੂਨਾ ਦੇ ਭੇਖ ਨੂੰ ਨਾਹੀ ਪ੍ਰਾਪਤਿ ਹੋਦੇ। ਐਸਾ ਨਾਮੁ ਵਾਹੁਗੁਰੂ ਦਾ ਜੋ ਕੋਈ ਮੰਨਦੇ ਹੈਨ ਆਪਣੇ ਮਨ ਵਿਚ ਉਸ ਦੇ ਮਹਾਤਮ ਨੂੰ ਜਾਣਦੇ ਹੈਨਿ ।

ਇਸ ਕਾਲ ਦਾ ਦੂਜਾ ਪ੍ਰਮੁੱਖ ਟੀਕਾਕਾਰ ਹੈ ਸੁਆਮੀ ਆਨੰਦਘਨ । ਇਸ ਦੇ ਕੁਲ ਛੇ ਟੀਕੇ ਮਿਲਦੇ ਹਨ ਜਿਨ੍ਹਾਂ ਵਿਚੋਂ ਜਪੁਜੀ, ਆਰਤੀ, ਓਅੰਕਾਰ ਅਤੇ ਆਸਾ ਦੀ ਵਾਰ ਦੇ ਟੀਕੇ ਇਸ ਸਦੀ ਦੇ ਅੰਤ ਵਿਚ ਲਿਖੇ ਗਏ ਸਨ ਅਤੇ ਸਿਧ ਗੋਸਟਿ ਅਤੇ ਅਨੰਦੁ ਬਾਣੀ ਦੇ ਟੀਕੇ ਅਗਲੀ ਸਦੀ ਦੇ ਸ਼ੁਰੂ ਵਿਚ ਤਿਆਰ ਹੋਏ ਸਨ। ਬੇਦੀ ਪਰਿਵਾਰ ਨਾਲ ਸੰਬੰਧਿਤ ਸੁਆਮੀ ਆਨੰਦਘਨ ਉਦਾਸੀ ਸਾਧ ਸੀ । ਸੰਸਕ੍ਰਿਤ ਅਤੇ ਭਾਰਤੀ ਦਰਸ਼ਨ ਨੂੰ ਪੜ੍ਹਨ ਲਈ ਉਹ ਬਨਾਰਸ ਆਦਿ ਥਾਵਾਂ ਤੇ ਕਾਫ਼ੀ ਸਮੇਂ ਤਕ ਰਿਹਾ ਸੀ। ਉਥੇ ਉਸ ਨੇ ਸ਼ਾਸਤ੍ਰਾਰਥਾਂ ਰਾਹੀਂ ਗੁਰਬਾਣੀ ਦੇ ਮਹੱਤਵ ਨੂੰ ਪ੍ਰਗਟਾਇਆ । ਇਸ ਮੋਹ ਵਿਚ ਪੈ ਕੇ ਕਈ ਵਾਰ ਉਹ ਬਾਣੀਆਂ ਦੇ ਮੂਲ ਪ੍ਰਸੰਗਾਂ ਤੋਂ ਹਟਿਆ ਵੀ ਹੈ ਅਤੇ ਆਪਣੀ ਵਿਦਵੱਤਾ ਦੇ ਝਲਕਾਰੇ ਦਿਵਾਉਣ ਲੱਗ ਜਾਂਦਾ ਹੈ । ਇਨ੍ਹਾਂ ਟੀਕਿਆਂ ਦੀ ਵੱਡੀ ਖੂਬੀ ਇਹ ਹੈ ਕਿ ਲੇਖਕ ਨੂੰ ਆਪਣੇ ਵਿਚਾਰਾਂ ਵਿਚ ਪੂਰਾ ਯਕੀਨ ਹੈ। ਉਹ ਬੜੀ ਦਿਤਾ ਅਤੇ ਆਤਮ-ਵਿਸ਼ਵਾਸ ਨਾਲ ਗੱਲ ਕਰਦਾ ਹੈ। ਦਲੀਲ ਨੂੰ ਉਸ ਨੇ ਹਰ ਥਾਂ ਵਰਤਿਆ ਹੈ। ਆਪਣੇ ਕਥਨ ਦੀ ਪੁਸ਼ਟੀ ਲਈ ਕਈਆਂ ਜੁਗਤਾਂ ਤੋਂ ਉਸ ਨੇ ਕੰਮ ਲਿਆ ਹੈ। ਉਸ ਦੀ ਸ਼ੈਲੀ ਵਿਚ ਵਿਅੰਗ ਵੀ ਹੈ। ਬੋਲੀ ਵਿਦਵੰਤੀ ਪਰ ਸਾਧ ਭਾਸ਼ਾ ਤੋਂ ਬਹੁਤ ਅਧਿਕ ਪ੍ਰਭਾਵਿਤ ਹੈ। ਕਿਤੇ-ਕਿਤੇ ਅਰਬੀ, ਫ਼ਾਰਸੀ ਦੇ ਸ਼ਬਦ ਵਰਤੇ ਵੀ ਮਿਲ ਜਾਂਦੇ ਹਨ। 'ਸਤਿਨਾਮ' ਦਾ ਅਰਥ ਵੇਖੋ :

> ਸਤਿ ਜੋ ਨਾਮ ਹੈ ਸੋ ਕਰਦਾ ਪੁਰਖ ਪ੍ਰਮੇਸਵਰ ਕਾ ਹੀ ਹੈ ਔਰ ਸਭੀ ਨਾਮ ਝੂਠੇ ਹੈ । ਕਾਹੇ ਤੇ ਜੋ ਕਰਤਾ ਪੁਰਖ ਕਾ ਨਾਮ ਸਤਿ ਹੈ ਤਬੀ ਤੇ ਜਾਪਕ ਕੋ ਸਤਿ ਪਦ ਕੀ ਪ੍ਰਾਪਤੀ ਕਰ ਦੇਤਾ ਹੈ । ਔਰ ਨਾਮ ਝੂਠੇ ਹੈ ਤਬੀ ਤੇ ਝੂਠੇ ਜਗਤ ਮੇ ਡਾਰਤੇ ਹੈ। ਹਮ ਕੋ ਏਤਾ ਹੀ ਇਸਟ ਹੈ। ਕਾਹੇ ਤੇ ਜੋ ਬਹੁਤ ਹੀ ਵਰਨਣ ਕਰੀਏਗਾ ਤੋ ਭੀ ਅੰਤ ਵਿਖੇ ਜਾਇ ਕਰ ਇਹੀ ਸਿਧ ਹੋਵੇਗਾ ਸਤਿਨਾਮ ਕੇ ਜਪਣੇ ਵਾਲੇ ਕੋ ਸਤ ਪਦ ਕੀ ਪ੍ਰਾਪਤੀ ਹੋਤੀ ਹੈ।

ਗੁਰਬਾਣੀ ਦੀਆਂ ਰਚਨਾਵਾਂ ਤੋਂ ਇਲਾਵਾ ਕੁਝ ਹੋਰ ਟੀਕੇ ਵੀ ਮਿਲਦੇ ਹਨ, ਜਿਵੇਂ-ਟੀਕਾ ਭਗਤਮਾਲਾ, ਟੀਕਾ ਸਪਤ ਸਲੋਕੀ ਗੀਤਾ, ਟੀਕਾ ਵਿਵੇਕ ਦੀਪਕਾ । 'ਭਗਤ ਮਾਲਾ' ਸੰਤਾਂ, ਭਗਤਾਂ ਦੇ ਜੀਵਨ ਉੱਤੇ ਕੁਝ ਝਾਤ ਪਾਣ ਵਾਲੀਆਂ ਵਾਰਤਾਵਾਂ ਦਾ ਸੰਗ੍ਰਹਿ ਹੈ ਜੋ ਨਾਭਾ ਦਾਸ ਨੇ ਤਿਆਰ ਕੀਤਾ ਸੀ। 'ਸਪਤ ਸਲੋਕੀ ਗੀਤਾ' ਵਿਚ ਭਗਵਦ ਗੀਤਾ ਦੇ ਸੱਤ ਸਲੋਕਾਂ ਦੇ ਅਰਥ ਵਿਸਤਾਰ ਨਾਲ ਸਮਝਾਏ ਗਏ ਹਨ, ਅਤੇ 'ਵਿਵੇਕ ਦੀਪਕਾ' ਵੇਦਾਂਤ ਨਾਲ ਸੰਬੰਧਿਤ ਇਕ ਪੁਸਤਕ ਹੈ। ਇਨ੍ਹਾਂ ਸਾਰਿਆਂ ਟੀਕਿਆਂ ਦੀ ਭਾਸ਼ਾ ਪੰਜਾਬੀ ਪ੍ਰਭਾਵਿਤ ਸੰਤ ਭਾਸ਼ਾ ਵਾਂਗ ਹੈ । ਪੰਜਾਬੀ ਦੀ ਵਾਰਤਕ ਵਿੱਚ ਇਨ੍ਹਾਂ ਦੀ ਕੋਈ ਬਹੁਤੀ ਦੇਣ ਨਹੀਂ । ਨਮੂਨੇ ਵਜੋਂ ਭਗਤਮਾਲ ਦੀ ਇਕ ਟੂਕ ਵੇਖੋ .

> ਜਬ ਏਹ ਬਾਤਾਂ ਰਾਜਾ ਨੇ ਸੁਨੀ ਵਧੇਰੇ ਆਗ ਲਗੀ । ਮੇਰੇ ਪੁਤਰ ਦੁਸਟ ਨੇ ਕੀ ਕਰਿਆ ਅਗੈ ਮੈਨੂੰ ਰਾਨੀ ਦੀ ਆਸ ਹੈਸੀ। ਇਸ ਨੇ ਆਸ ਹੀ ਗਵਾਈ । ਚਾਹੀਏ ਸੈਨਾ ਘੇਰ ਕੇ ਦਾ ਡੇਰਾ ਲੁਟ ਲੀਜੈ । ਤਬ ਪੁਤਰ ਭੀ ਜਾਤਾ ਜੇ ਪਿਤਾ ਜੁਧ ਕਰੇ ਤਾਂ ਸਾਨੂੰ ਕੀ ਕਰਨਾ ਹੈ ਪਏਗਾ । ਤਬੈ ਮੁਸਾਹਬਿ ਸਮਝਾਇਆ ਕੀ ਏਹ ਬਾਤ ਪ੍ਰਦੇਸ ਮਹ ਚੰਗੀ ਨਾਹੀ ਪਿਤਾ ਪਤ ਕੀ ਲਰਾਈ ਤੇ ਘਰ ਦੀ ਬਾਤ ਭਲਾਈ ਬੁਰਾਈ ਸਿਧ ਕਰਨੀ ਯੋਗ ਨਾਹੀ । ਆਪਣੇ ਨਗਰ ਜਬ ਚਹੁਗੇ ਤਬ ਸਮਝ ਕੇ ਬਾਤ ਬੇਚਾਰ ਕਰਨੀ । ਤਬ ਰਾਜਾ ਚੁੱਪ ਹੋ ਗਇਆ ॥

**(4) ਉਥਾਨਿਕਾ**

ਇਸ ਕਾਲ ਵਿਚ ਜਨਮੀ ਇਹ ਇਕ ਨਵੀਂ ਵਾਰਤਕ ਵੰਨਗੀ ਹੈ । ਇਨ੍ਹਾਂ ਉਥਾਨਿਕਾਵਾਂ ਦਾ ਮੁੱਖ ਰੂਪ ਵਿਚ ਸੰਬੰਧ ਗੁਰਬਾਣੀ ਨਾਲ ਹੈ। ਇਹ ਟੀਕੇ ਜਾਂ ਪਰਮਾਰਥ ਤੋਂ ਵੱਖਰੀ ਕਿਸਮ ਦੀਆਂ ਹਨ ਅਤੇ ਇਨ੍ਹਾਂ ਵਿਚ ਉਸ ਪਿਛੋਕੜ ਨੂੰ ਚਿਤਰਿਆ ਜਾਂਦਾ ਹੈ ਜਿਸ ਵਿਚ ਕਿਸੇ ਖ਼ਾਸ ਬਾਣੀ ਜਾਂ ਸ਼ਬਦ ਦਾ ਉੱਚਾਰਣ ਕੀਤਾ ਗਿਆ ਹੋਵੇ । ਜਨਮਸਾਖੀਆਂ ਦਾ ਜੇ ਧਿਆਨ ਨਾਲ ਅਧਿਐਨ ਕਰੀਏ ਤਾਂ ਬਹੁਤੀਆਂ ਸਾਖੀਆਂ ਸ਼ਬਦਾਂ ਦੀਆਂ ਉਥਾਨਿਕਾਵਾਂ ਵੀ ਪ੍ਰਤੀਤ ਹੁੰਦੀਆਂ ਹਨ । ਪਰ ਉਥੇ ਉਹ ਸਾਖੀਆਂ ਦੇ ਰੂਪ ਵਿਚ ਆਈਆਂ ਹਨ ਅਤੇ ਇਸ ਕਾਲ ਵਿਚ ਉਹ ਸੁਤੰਤਰ ਰੂਪ ਵਿਚ ਰਚੀਆਂ ਜਾਣ ਲੱਗ ਪਈਆਂ । ਅਠਾਰਵੀਂ ਸਦੀ ਦੀਆਂ ਦੋ ਉਥਾਨਿਕਾਵਾਂ ਅਣਛਪੇ ਰੂਪ ਵਿਚ ਮਿਲਦੀਆਂ ਹਨ ਅਤੇ ਦੋਵੇਂ ਉਥਾਨਿਕਾਵਾਂ ਗੁਰੂ ਗ੍ਰੰਥ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹਨ । ਭਾਈ ਮਨੀ ਸਿੰਘ ਤੋਂ ਬਾਅਦ ਗੁਰੂ-ਧਾਮਾਂ ਉੱਤੇ ਕਥਾ ਵਾਰਤਾ ਦੀ ਜੋ ਪਰੰਪਰਾ ਚਲ ਪਈ, ਉਸ ਵਿਚ ਗੁਰਬਾਣੀ ਦੇ ਕਿਸੇ ਸ਼ਬਦ ਦੀ ਕਥਾ ਕਰਨ ਵੇਲੇ ਉਸ ਨੂੰ ਵਿਸਤਾਰ ਦੇਣ ਲਈ ਉਥਾਨਿਕਾ ਦੀ ਕਲਪਨਾ ਕੀਤੀ ਜਾਂਦੀ। ਇਹੀ ਉਥਾਨਿਕਾਵਾਂ ਬਾਅਦ ਵਿਚ ਲਿਖਤੀ ਰੂਪ ਵਿਚ ਸੰਭਾਲੀਆਂ ਜਾਣ ਲੱਗ ਪਈਆਂ। ਵਿਚਾਰ ਗੋਚਰੇ ਦੋਵੇਂ ਉਥਾਨਿਕਾਵਾਂ ਭਾਈ ਮਨੀ ਸਿੰਘ ਦੀ ਗਿਆਨੀ ਸੰਪ੍ਰਦਾਇ ਦੇ ਵਿਦਵਾਨਾਂ ਦੀਆਂ ਰਚਨਾਵਾਂ ਹਨ, ਕਿਉਂਕਿ ਇਨ੍ਹਾਂ ਵਿਚ ਭਾਈ ਮਨੀ ਸਿੰਘ ਜੀ ਨਾਲ ਸੰਬੰਧ-ਸੂਚਕ ਸੰਕੇਤ ਮਿਲਦੇ ਹਨ । ਪਰ ਇਨ੍ਹਾਂ ਦੋਹਾਂ ਦੇ ਮੂਲ ਲੇਖਕਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ । ਸ਼ੈਲੀ ਦੀ ਦ੍ਰਿਸ਼ਟੀ ਤੋਂ ਇਹ ਉਥਾਨਿਕਾਵਾਂ ਸੰਖਿਪਤ, ਬ੍ਰਿਤਾਂਤਕ ਅਤੇ ਨਾਟਕੀ ਰੰਗ ਵਾਲੀਆਂ ਹਨ। ਇਨ੍ਹਾਂ ਦੀ ਬੋਲੀ ਪੰਜਾਬੀ ਸਾਧ ਭਾਸ਼ਾ ਵਾਲੀ ਦਾ ਫ਼ਾਰਸੀ ਦੀ ਸ਼ਬਦਾਵਲੀ ਦੀ ਕੁਝ ਘੱਟ ਵਰਤੋਂ ਹੋਈ ਹੈ । ਉਦਾਹਰਣ ਲਈ ਭਾਸ਼ਾ ਵਿਭਾਗ ਵਾਲੀ ਹੱਥ-ਲਿਖਤ ਵਿਚੋਂ ਸੋਦਰ ਵਾਲੇ ਸ਼ਬਦ ਦੀ ਉਥਾਨਿਕਾ ਦਾ ਨਮੂਨ ਵੇਖੋ :

> ਇਹ ਸਬਦੁ ਬੀਬੀ ਨਾਨਕੀ ਆਪਨੀ ਭੈਣ ਕੋ ਸੁਣਾਇਆ ਹੈ ਸੁਲਤਾਨਪੁਰ ਕੇ ਬੀਜ ਗੁਰੂ ਜੀ ਬੇਈ ਮੋ ਹੋ ਕਰ ਕੇ ਮਹਾ ਬਿਸਨੂੰ ਪਾਸ ਗਏ ਫੇਰ ਮੁੜ ਕੇ ਆਏ ਤਾਂ ਬੀਬੀ ਨੇ ਕਹਾ ਭਾਈ ਆਪ ਕਿਧਰ ਗਏ ਥੇ ਤਾਂ ਮਹਾਰਾਜ ਬੋਲੇ ਬੀਬੀ ਜੀ ਮਹਾ ਬਿਸਨੂੰ ਪਾਸ ਗਏ ਥੇ ਬੀਬੀ ਜੀ ਨੇ ਕਹਾ ਉਸ ਦਾ ਦਰੁ ਕੈਸਾ ਹੈ। ਉਸ ਪ੍ਰਥਾਇ ਇਹ ਸਬਦੁ ਹੋਇਆ।

**(5) ਰਹਿਤਨਾਮੇ**

ਰਹਿਤਨਾਮਾ ਤੋਂ ਭਾਵ ਰਚਨਾ ਹੈ ਜਿਸ ਵਿਚ ਸਿੱਖ ਧਰਮ ਦੀ ਮਰਯਾਦਾ ਨੂੰ ਚਿਤਰਿਆ ਗਿਆ ਹੋਵੇ । ਇਨ੍ਹਾਂ ਦੇ ਲਿਖਣ ਦੀ ਪਰੰਪਰਾ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਚਲ ਪਈ ਅਤੇ ਇਨ੍ਹਾਂ ਨੂੰ ਲਿਖਣ ਵਾਲੇ ਦਸਮ ਗੁਰੂ ਦੇ ਨਿਕਟਵਰਤੀ ਸਿੱਖ ਸਨ ਜਿਨਾਂ ਨੂੰ ਸਿੱਖ ਮਰਯਾਦਾ ਦਾ ਠੀਕ ਠੀਕ ਗਿਆਨ ਸੀ । ਜਦੋਂ ਜਦੋਂ ਵੀ ਸਿੱਖ ਧਰਮ ਵਿਚ ਕੋਈ ਵਿਕਾਰ ਆਉਂਦਾ ਦਿਸਦਾ ਤਾਂ ਉਦੋਂ ਦੇ ਮੁਖੀਏ ਸਿੱਖਾਂ ਨੇ ਮਰਯਾਦਾ ਨੂੰ ਕਾਇਮ ਰਖਣ ਲਈ ਜੋ ਯਤਨ ਕੀਤੇ ਉਨ੍ਹਾਂ ਵਿਚੋਂ ਰਹਿਤਨਾਮੇ ਲਿਖਣ ਦਾ ਵਿਸ਼ੇਸ਼ ਮਹੱਤਵ ਹੈ । ਇਨ੍ਹਾਂ ਵਿਚ ਲੇਖਕ ਗੁਰੂ ਜੀ ਵੱਲੋਂ ਉਪਦੇਸ਼ ਰੂਪ ਵਿਚ ਮਰਯਾਦਾ ਜਾਂ ਰਹਿਤ ਦੀ ਗੱਲ ਕਹਿ ਕੇ ਉਸ ਦੀ ਪਾਲਣਾ ਲਈ ਬਲ ਦਿੰਦਾ ਹੈ। ਮੁੱਢਲੇ ਰਹਿਤਨਾਮਾ-ਲੇਖਕਾਂ ਵਿਚੋਂ ਭਾਈ ਪ੍ਰਹਿਲਾਦ ਸਿੰਘ, ਭਾਈ ਨੰਦ ਲਾਲ ਅਤੇ ਭਾਈ ਦੇਸਾ ਸਿੰਘ ਦੇ ਰਹਿਤਨਾਮੇ ਕਵਿਤਾ ਵਿਚ ਲਿਖੇ ਹਨ, ਜਦ ਕਿ ਭਾਈ ਚੌਪਾ ਸਿੰਘ ਅਤੇ ਭਾਈ ਦਯਾ ਸਿੰਘ ਦੇ ਰਹਿਤਨਾਮੇ ਵਾਰਤਕ ਵਿਚ ਹਨ। ਇਨ੍ਹਾਂ ਦੋਹਾਂ ਰਹਿਤਨਾਮਿਆਂ ਵਿਚ ਪੰਜਾਬੀ ਵਾਰਤਕ ਦੇ ਕਿਸੇ ਨਿਖਰੇ ਹੋਏ ਰੂਪ ਦੇ ਦਰਸ਼ਨ ਨਹੀਂ ਹੁੰਦੇ, ਸਾਦ-ਮੁਰਾਦੇ ਵਾਕਾਂ ਵਿਚ ਗੱਲ ਕਹਿ ਦਿੱਤੀ ਗਈ ਹੈ।

ਉਪਰੋਕਤ ਰਹਿਤਨਾਮਿਆਂ ਤੋਂ ਛੁੱਟ ਦੋ ਹੋਰ ਰਹਿਤਨਾਮਿਆਂ ਵਰਗੀਆਂ ਪੁਸਤਕਾਂ ਵੀ ਮਿਲਦੀਆਂ ਹਨ ਜਿਵੇਂ- 'ਪ੍ਰੇਮ ਸੁਮਾਰਗ ਗ੍ਰੰਥ ਦੇ ਕਰਤਾ ਬਾਰੇ ਕੋਈ ਜਾਣਕਾਰੀ ਉਪਲਬਧ ਨਹੀਂ ਹੈ ਅਤੇ ਨਾ ਹੀ ਇਸ ਦੇ ਰਚਨਾ ਕਾਲ ਬਾਰੇ ਕੁਝ ਗਿਆਨ ਹੁੰਦਾ ਹੈ। ਹੁਣ ਤਕ ਹੋਈ ਖੋਜ ਦੇ ਆਧਾਰ ਤੇ ਇਹ ਅਠਾਰਵੀਂ ਸਦੀ ਦੇ ਮੱਧ ਦੀ ਰਚਨਾ ਦਸੀ ਗਈ ਹੈ। ਭਾਈ ਰਣਧੀਰ ਸਿੰਘ ਨੇ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖਵਾਏ 'ਬੁਧਿ ਬਿਬੇਕ ਰਹਿਤਨਾਮੇ ਉੱਤੇ ਆਧਾਰਿਤ ਮੰਨਿਆ ਹੈ। ਇਸ ਰਚਨਾ ਵਿਚ ਇਕ ਸਿੱਖ ਨੇ ਜਨਮ ਤੋਂ ਮਰਨ ਤਕ ਜੋ ਮਰਯਾਦਾ ਪਾਲਣੀ ਹੈ, ਉਸ ਦਾ ਦਸਾਂ ਅਧਿਆਵਾਂ ਵਿਚ ਸਿਲਸਿਲੇਵਾਰ ਬ੍ਰਿਤਾਂਤ ਦਿੱਤਾ ਗਿਆ ਹੈ ਜੋ ਕ੍ਰਮਵਾਰ ਇਸ ਪ੍ਰਕਾਰ ਹੈ-ਪਾਣੀ ਦੀ ਨਿਤ ਕਿਆ ਤੇ ਰਹਿਤ, ਅੰਮ੍ਰਿਤ ਛਕਣ ਛਕਾਣ ਦੀ ਵਿਧੀ, ਜਨਮ-ਸੰਸਕਾਰ ਵਿਧੀ, ਆਨੰਦ ਵਿਵਾਹ-ਸੰਤਾਨ, ਲੰਗਰ-ਪ੍ਰਸ਼ਾਦ ਦੀ ਵਿਧੀ, ਨਿਤ ਦੀ ਕਿਆ ਤੇ ਕਾਰ-ਵਿਹਾਰ, ਮ੍ਰਿਤਕ ਸੰਸਕਾਰ, ਖ਼ਾਲਸਾ ਰਾਜ-ਵਿਧਾਨ, ਸਿੱਖਾਂ ਦੀ ਕਿਰਤ ਕਮਾਈ ਦੀ ਵੰਡ ਤੇ ਹੋਰ ਸਿੱਖ ਕਾਨੂੰਨ ਅਤੇ ਸਹਿਜ ਜੋਗ ਮਾਰਗ । ਇਸ ਤਰ੍ਹਾਂ ਜੀਵਨ ਦੇ ਲਗਭਗ ਸਾਰੇ ਮਹੱਤਵਪੂਰਣ ਪੱਖਾਂ ਉੱਤੇ ਪ੍ਰਕਾਸ਼ ਪਾ ਦਿੱਤਾ ਗਿਆ ਹੈ। ਇਸ ਵਿਚ ਰਾਜ ਕਰਨ ਵਾਲੇ ਲਈ ਪ੍ਰਬੰਧਕੀ ਸੂਚਨਾ ਤੋਂ ਇਲਾਵਾ ਰਾਜਨੀਤੀ ਦਾ ਵੀ ਬੋਧ ਕਰਾਇਆ ਗਿਆ ਹੈ । ਇਹ ਸਾਰਾ ਵਿਵਰਣਲੇਖਕ ਦੀ ਵਿਸ਼ਾਲ ਵਾਕਫ਼ੀਅਤ ਦਾ ਅਹਿਸਾਸ ਕਰਾਂਦਾ ਹੈ, ਜੋ ਧਰਮ ਤੋਂ ਲੈ ਕੇ ਰਾਤ ਦਰਬਾਰੀ ਕਾਰਵਾਈ ਅਤੇ ਫ਼ਾਰਸੀ ਆਦਿ ਭਾਸ਼ਾ ਦਾ ਜਾਣਕਾਰ ਹੈ। ਇਸ ਰਚਨਾ ਦੇ ਸੰਪਾਦਕ ਭਾਈ ਰਣਧੀਰ ਸਿੰਘ ਨੇ ਮੂਲ ਲੇਖਕ ਨੂੰ ਗੁਰੂ ਗੋਬਿੰਦ ਸਿੰਘ ਦਾ ਨਿਕਟਵਰਨ ਮੰਨਿਆ ਹੈ ਅਤੇ ਡਾ. ਪਿਆਰ ਸਿੰਘ ਨੇ ਉਸ ਨੂੰ ਸਿੱਖ ਰਾਜ ਦੇ ਮੁੱਢਲੇ ਕਾਲ ਦਾ ਕੋ ਪਦ-ਅਧਿਕਾਰੀ ਦੱਸਿਆ ਹੈ । ਇਸ ਦੀ ਸ਼ੈਲੀ ਬਚਨਾਂ ਵਰਗੀ ਹੈ । ਇਸ ਕਾਲ ਦੀਆ ਵਾਰਤਕ ਰਚਨਾਵਾਂ ਨਾਲੋਂ ਇਹ ਜ਼ਿਆਦਾ ਪੰਜਾਬੀ ਵੱਲ ਝੁਕੀ ਹੋਈ ਹੈ, ਪਰ ਸੰਤ ਕਾ ਦਾ ਇਸ ਉੱਤੇ ਵੀ ਪ੍ਰਭਾਵ ਸਪਸ਼ਟ ਹੈ । ਰਾਜ-ਪ੍ਰਬੰਧ ਨਾਲ ਸੰਬੰਧਿਤ ਬ੍ਰਿਤਾਂਤ ਵਿਚ ਅਰਬੀ, ਫ਼ਾਰਸੀ ਦੀ ਪ੍ਰਬੰਧਕੀ ਸ਼ਬਦਾਵਲੀ ਆਮ

ਵਰਤੀ ਗਈ ਹੈ । ਇਸ ਦੀ ਬੋਲੀ ਸਰਲ ਅਤੇ ਆਮ ਬੋਲਚਾਲ ਦੀ ਹੈ । ਭਾਸ਼ਾ ਸੰਬੰਧੀ ਕਿਤੇ ਕੋਈ ਚਮਤਕਾਰ ਨਹੀਂ ਮਿਲਦਾ । ਪਹਿਲੇ ਬਚਨ ਦਾ ਨਮੂਨਾ ਵੇਖੋ :

> ਪਹਿਲ ਬਚਨ ਰਹਿਤ ਕਾ ਇਸ ਪਾਨੀ ਕੇ ਉਧਰ ਕਰਨਿ ਕਾ ਸੁਨੁ । ਤਾਂ ਆਗਿਆ ਸੀ ਅਕਾਲ ਪੁਰਖੁ ਜੀ ਕੀ ਹੋਈ ਹੈ, ਜੋ ਇਸ ਪਾਨੀ ਕਉ ਇਹੁ ਚਾਹੀਦਾ ਹੈ, ਜੇ ਪਹਰ ਰਾਤਿ ਪਿਛਲੀ ਰਹੇ ਤਾਂ ਅੰਮ੍ਰਿਤ ਵੇਲੇ ਉਠਿ ਕਰਿ ਤਾਜੇ ਪਾਣੀ ਨਾਲਿ ਇਸਨਾਨ ਕਰੇ। ਅਰੁ ਜਉ ਜਾਣੇ ਜੇ ਕਦਾਚ ਦੇਹੀ ਨੂੰ ਤਾਜਾ ਪਾਣੀ ਮਾਫਕ ਨ ਹੋਇ, ਤਾਂ ਗਰਮ ਕਰ ਕੇ ਪਾਣੀ ਦੇ ਸਾਥ ਨਾਵੈ, ਸਿਰ ਪਾਣੀ ਪਾਵੇ। ਜੇ ਬੇਹਾ ਪਾਣੀ ਹੋਇ ਤਾਂ ਗਰਮ ਕਰਿ ਲੇਵੇ। ਅਤੇ ਕਦਾਚ ਜਾਣੇ ਜੇ ਕੋਈ ਸਬਬੁ ਨ ਬਣੇ ਅਥਵਾ ਪਾਣੀ ਹਥਿ ਨ ਆਵੇ ਅਤੇ ਦੇਰੀ ਨੇ ਕੁਛ ਹੀਲਾ ਹੋਇ, ਤਾਂ ਮੁਹ ਹਥ ਪੈਰਾਂ ਅਤੇ ਗੋਡਿਆਂ ਤਕ ਧੋਇ ਲੇਵੇ।

**ਪਰਮ ਮਾਰਗ ਗ੍ਰੰਥ:**

ਇਹ ਇਸ ਸਦੀ ਦੀ ਦੂਜੀ ਰਚਨਾ ਹੈ ਜਿਸ ਦੀ ਨੁਹਾਰ ਰਹਿਤਨਾਮੇ ਵਰਗੀ ਹੈ। ਇਸ ਅਣਛਪੀ ਪੁਸਤਕ ਦੀ ਰਚਨਾ-ਕਾਲ ਅਤੇ ਲੇਖਕ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ ਪਰ ਸ਼ੈਲੀ ਦੇ ਆਧਾਰ ਤੇ ਡਾ. ਤਰਲੋਚਨ ਸਿੰਘ ਬੇਦੀ ਨੇ ਇਸ ਨੂੰ ਅਠਾਰਵੀਂ ਸਦੀ ਦੇ ਪੂਰਬ-ਅੱਧ ਦੀ ਰਚਨਾ ਮੰਨਿਆ ਹੈ। ਇਹ ਰਚਨਾ ਵੀ ਕਿਸੇ ਕਵਿਤਾ ਵਿਚ ਲਿਖੇ ਰਹਿਤਨਾਮੇ ਦਾ ਖੁਲ੍ਹਾ ਵਾਰਤਕ ਰੂਪਾਂਤਰ ਪ੍ਰਤੀਤ ਹੁੰਦੀ ਹੈ। ਇਸ ਰਚਨਾ ਦੇ ਕੁਲ ਸੱਤ ਅਧਿਆਇ ਹਨ। ਇਨ੍ਹਾਂ ਵਿਚ ਇਕ ਚੰਗੇ ਸਿੱਖ ਦੀ ਰਹਿਤ ਮਰਯਾਦਾ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। ਇਸ ਦੇ ਮੁੱਖ ਵਿਸ਼ੇ ਹਨ-ਗੁਰਬਾਣੀ ਦਾ ਨਿਤਨੇਮ, ਅੰਮ੍ਰਿਤ ਛਕਣ ਦੀ ਵਿਧੀ, ਜਨਮ ਸੰਸਕਾਰ, ਕੰਨਿਆ ਦੇ ਵਿਆਹ ਦੀ ਵਿਧੀ, ਪ੍ਰਸ਼ਾਦ ਛਕਣ ਦੀ ਵਿਧੀ, ਮ੍ਰਿਤਕ ਸੰਸਕਾਰ ਆਦਿ । ਇਸ ਦੀ ਬੋਲੀ ਆਮ ਬੋਲ-ਚਾਲ ਦੀ ਸਾਦ ਮੁਰਾਦੀ ਹੈ, ਕਿਤੇ-ਕਿਤੇ ਸਾਹਿਤਿਕ ਰੰਗ ਜਾਂ ਉਚੇਚ ਨਹੀਂ । ਸੰਤ ਭਾਸ਼ਾ ਦਾ ਪ੍ਰਭਾਵ ਸਪਸ਼ਟ ਹੈ, ਕਿਤੇ-ਕਿਤੇ ਅਰਬੀ, ਫ਼ਾਰਸੀ ਦੇ ਸ਼ਬਦ ਵੀ ਵਰਤੇ ਜਾਂਦੇ ਹਨ। ਦੂਜੇ ਅਧਿਆਇ ਦਾ ਨਮੂਨਾ ਵੇਖੋ : ਜੇ ਕੋਈ ਪਾਨੀ ਸਿਖ ਖ਼ਾਲਸੇ ਸੀ ਅਕਾਲ ਪੁਰਖ ਕਾ ਹੋਇਆ ਚਾਹੇ ਤਿਸ ਕੋ ਇਸ ਜੁਰੀਤ ਸਾਥ ਸਿਖ ਕਹੀਐ । ਪਹਿਲਾ ਦੇ ਕੜਾਹ ਸ੍ਰੀ ਗੁਰੂ ਬਾਬੇ ਆਕਾਲ ਪੁਰਖ ਕਾ ਕਰੋ। ਨਾਲਯੇਰ ਵਾਸ ਦਾ ਰੁਪੈਯਾ ਭੇਟ ਰਖੇ ਸਤਿ ਬੀੜੇ ਪਾਨਾ ਦੇ ਰਖੇ । ਫੇਰ ਓਹ ਪਾਨੀ ਨਾਦ ਕਪੜੇ ਪੈਨੇ ਅਰੁ ਪਗੁੜੀ ਜਾਮਾ ਸੁਪੈਦ ਅਗਲਬੰਦੀ ਕਰੇ ਕਾਛੂ ਸੁਪੈ ਪਹਰੈ ਉਸ ਉੱਪਰ ਸੁਥਨ ਪੈਰਾਂ ਤੇ ਲੈ ਕੇ ਕਮਰ ਤਕਿ, ਮੋਜਿਆ ਤੀਕ ਸੀਵਾਇ ਪਹਿਰੇ ਚੂੜੀ ਕੋਈ ਵਿਚ ਪਾਵੈ ਨਾਹੀ।

**(6) ਹੁਕਮਨਾਮੇ**

ਹੁਕਮ` ਤੋਂ ਭਾਵ ਹੈ ਆਦੇਸ਼, ਫ਼ਰਮਾਇਸ਼ ਅਤੇ "ਨਾਮਾ` ਦਾ ਅਰਥ ਹੈ ਪੱਤਰ, ਚਿੱਠੀ । ਇਸ ਤਰ੍ਹਾਂ 'ਹੁਕਮਨਾਮੇ` ਤੋਂ ਭਾਵ ਹੈ ਉਹ ਪੱਤਰ ਜਿਸ ਰਾਹੀਂ ਕੋਈ ਆਦੇਸ਼ ਜਾਂ ਫਰਮਾਇਸ਼ ਕੀਤੀ ਜਾਵੇ। ਸਿੱਖ ਗੁਰੂਆਂ ਵੱਲੋਂ ਜੋ ਆਦੇਸ਼ ਜਾਂ ਫਰਮਾਇਸ਼ਾਂ ਜਿਨ੍ਹਾਂ ਪੱਤਰਾਂ ਰਾਹੀਂ ਸਿੱਖਾਂ ਜਾਂ ਸ਼ਰਧਾਲੂਆਂ ਨੂੰ ਘੱਲੀਆਂ ਜਾਂਦੀਆਂ, ਉਨ੍ਹਾਂ ਪੱਤਰਾਂ ਨੂੰ ਸਤਿਕਾਰ ਵਜੋਂ ਹਕਮਾਨਾਮੇ" ਕਿਹਾ ਜਾਣ ਲੱਗ ਪਿਆ । ਬਾਅਦ ਵਿੱਚ ਬੰਦਾ ਬਹਾਦਰ, ਮਾਤਾ ਗੁਜਰੀ, ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵਾਂ ਵੱਲੋਂ ਸਿੱਖਾਂ ਨੂੰ ਜਾਰੀ ਕੀਤੇ ਪੱਤਰਾਂ ਲਈ ਵੀ ਇਹੀ ਸ਼ਬਦ ਵਰਤਿਆ ਜਾਂਦਾ ਰਿਹਾ। ਇਕ ਹੁਕਮਨਾਮਾ ਇਕ ਜਾਂ ਅਨੇਕ ਵਿਅਕਤੀਆਂ ਨੂੰ ਸੰਬੋਧਨ ਕੀਤਾ ਹੁੰਦਾ ਸੀ। ਬਹੁਤੇ ਵਿਅਕਤੀਆਂ ਦੇ ਨਾਂ ਹੁਕਮਨਾਮੇ ਵਿਚ ਉਦੋਂ ਹੀ ਲਿਖੇ ਜਾਂਦੇ ਸਨ, ਜਦੋਂ ਕਿਸੇ ਖੇਤਰ ਵਿਚ ਕਈ ਮੁਖੀ ਸਿੱਖ ਹੁੰਦੇ ਸਨ।

ਇਹ ਹੁਕਮਨਾਮੇ ਵਾਰਤਕ ਵਿਚ ਹੁੰਦੇ ਸਨ । ਇਨ੍ਹਾਂ ਵਿਚ ਚੜ੍ਹਤ ਅਤੇ ਦਸਵੰਧ ਦੇ | ਧਨ ਆਦਿ ਤੋਂ ਇਲਾਵਾ, ਜੰਗੀ ਹਥਿਆਰਾਂ ਅਤੇ ਘੋੜਿਆਂ ਹਾਥੀਆਂ ਦੀਆਂ ਫ਼ਰਮਾਇਸ਼ਾਂ ਵੀ ਦਰਜ ਹੁੰਦੀਆਂ ਸਨ। ਇਨ੍ਹਾਂ ਦਾ ਮਹੱਤਵ ਇਤਿਹਾਸਕ ਅਤੇ ਸਾਹਿਤਿਕ ਦੋਹਾਂ ਦਿਸ਼ਟੀਆਂ ਤੋਂ ਹੈ। ਇਤਿਹਾਸਕ ਦ੍ਰਿਸ਼ਟੀ ਵਜੋਂ ਇਨ੍ਹਾਂ ਰਾਹੀਂ ਸਿੱਖ ਸੰਸਥਾ ਦੇ ਸੰਗਠਨ ਦਾ ਗਿਆਨ ਪ੍ਰਾਪਤ ਹੁੰਦਾ ਹੈ। ਕਿਉਂਕਿ ਇਨ੍ਹਾਂ ਵਿਚਲੀਆਂ ਫ਼ਰਮਾਇਸ਼ਾਂ ਤੋਂ ਪਰੋਖ ਰੂਪ ਵਿਚ ਉਸ ਸਮੇਂ ਦੀਆਂ ਕਈ ਮਹੱਤਵਪੂਰਣ ਘਟਨਾਵਾਂ ਦਾ ਸੰਖੇਪ ਮਿਲਦਾ ਹੈ। ਸਾਹਿਤਿਕ ਦ੍ਰਿਸ਼ਟੀ ਤੋਂ ਇਹ ਹੁਕਮਨਾਮੇ ਚਿੱਠੀ ਪੱਤਰ ਦੀ ਲਿਖਣ ਸ਼ੈਲੀ ਦਾ ਪੁਰਾਣਾ ਰੂਪ ਪੇਸ਼ ਕਰਦੇ ਹਨ। ਗੁਰੂ ਤੇਗ ਬਹਾਦਰ ਜੀ ਤਕ ਇਹ ਹੁਕਮਨਾਮੇ ਘਲਣ ਵਾਲਾ ਮਹਾਪੁਰਸ਼ ਆਮ ਤੌਰ ਤੇ ਆਪਣੇ ਹੱਥ ਨਾਲ ਹੀ ਲਿਖ ਦਿੰਦਾ ਸੀ । ਪਰ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਅਤੇ ਉਨ੍ਹਾਂ ਤੋਂ ਬਾਅਦ ਲਿਖੇ ਗਏ ਹੁਕਮਨਾਮੇ ਲਿਖਾਰੀ ਲਿਖਦੇ ਸਨ ਅਤੇ ਗੁਰੂ ਜੀ ਪ੍ਰਮਾਣ ਵਜੋਂ ਉਨ੍ਹਾਂ ਉੱਤੇ ਆਪਣਾ ਨੀਸਾਣ ਪਾ ਦਿੰਦੇ ਸਨ, ਬੰਦਾ ਬਹਾਦਰ ਆਪਣੀ ਮੋਹਰ ਦਾ ਚਿੰਨ੍ਹ ਲਗਾਂਦਾ ਸੀ ਅਤੇ ਮਾਤਾ ਸਾਹਿਬ ਦੇਵੀ ਜਾਂ ਮਾਤਾ ਸੁੰਦਰੀ ਜੀ ਆਪਣੇ 'ਨੀਸਾਣ ਪਾਂਦੇ ਸਨ।

ਬਣਤਰ ਦੀ ਦ੍ਰਿਸ਼ਟੀ ਤੋਂ ਪਹਿਲਾਂ ਮੰਗਲ ਸੂਚਕ ਜਿਵੇਂ ੧ੳ ਸ੍ਰੀ ਸਤਿਗੁਰ ਪ੍ਰਸਾਦਿ, ੧ੳ ਵਾਹਿਗੁਰੂ ਜੀ ਕੀ ਫਤਹ, ੧ੳਂ ਸਤਿਗੁਰੂ ਜੀ ਆਦਿ ਲਿਖੇ ਜਾਂਦੇ। ਇਸ ਪਿੱਛੋਂ ਗੁਰੂ ਜੀ ਦੀ ਆਗਿਆ ਦਾ ਸੰਕੇਤ ਕੀਤਾ ਹੁੰਦਾ ਅਤੇ ਫਿਰ ਜਿਸ ਦੇ ਨਾਂ ਹੁਕਮਨਾਮਾ ਲਿਖਿਆ ਜਾਂਦਾ,

ਉਸ ਦੇ ਨਾਂ ਤੋਂ ਪਿੱਛੋਂ ਗੁਰੂ ਮਹਾਰਾਜ ਦੀ ਅਸੀਸ ਲਿਖੀ ਹੁੰਦੀ ਅਤੇ ਫਿਰ ਫ਼ਰਮਾਇਸ਼ ਦੱਸੀ ਜਾਂਦੀ। ਇਸ ਤਰ੍ਹਾਂ ਇਨ੍ਹਾਂ ਹੁਕਮਨਾਮਿਆਂ ਦੀ ਬਣਤਰ ਇਕ ਉਚੇਚੀ ਵਿਧੀ ਅਨੁਸਾਰ ਸੀ ਜੋ ਭੇਜਣ ਵਾਲੇ ਮਹਾਪੁਰਸ਼ ਦੇ ਸਰੂਪ ਅਤੇ ਮਹੱਤਵ ਅਨੁਸਾਰ ਥੋੜ੍ਹੀ ਬਹੁਤ ਬਦਲ ਦਿੱਤੀ ਜਾਂਦੀ ਸੀ। ਹੁਕਮਨਾਮੇ ਦੇ ਮੂਲ ਪਾਠ ਲਿਖੇ ਜਾ ਚੁੱਕਣ ਤੋਂ ਬਾਅਦ ਮਹਾਪੁਰਸ਼ ਦੇ ਨੀਸਾਣ ਹੁਕਮਨਾਮੇ ਦੇ ਆਰੰਭ ਵਿਚ ਲਿਖੇ ਹੁੰਦੇ ਸਨ । ਇਨਾਂ ਦੀ ਭਾਸ਼ਾ ਪਹਿਲਾਂ ਜ਼ਿਆਦਾਤਰ ਬਜ ਭਾਸ਼ਾ ਤੋਂ ਪ੍ਰਭਾਵਿਤ ਸੀ, ਪਰ ਬਾਅਦ ਦੇ ਹੁਕਮਨਾਮਿਆਂ ਵਿਚ ਸਰਲਤਾ ਆਉਂਦੀ ਗਈ । ਇਸ ਸੰਬੰਧ ਵਿਚ ਨਮੂਨੇ ਵਜੋਂ ਫੂਲਵੰਸ਼ੀ ਤਿਲੋਕੇ ਅਤੇ ਰਾਮੇ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖੇ ਇਕ ਇਤਿਹਾਸਿਕ ਹੁਕਮਨਾਮੇ ਦਾ ਉਤਾਰਾ ਵੇਖੋ :

ਸਤਿਗੁਰੂ ਪਾਈ ਤਿਲੋਕਾ ਭਾਈ ਰਾਮਾ ਸੰਗਤ ਗੁਰੂ ਰਖੇਗਾ ਤੁਸਾ ਅਸਵਾਰ ਲੈ ਕੇ ਆਵਣਾ ਜ਼ਰੂਰ ਆਵਣਾ ਤੇਰੇ ਉੱਤੇ ਅਸਾਡੀ ਖਰੀ ਮਿਹਰਵਾਨਗੀ ਅਸੈ ਤੁਸਾ ਆਵਣਾ ੧ ਜੋੜਾ ਰਖਾਵਣਾ ਹੁਕਮਨਾਮੇ ਦਾ ਪਾਠ ੧ਓ ਸਤਿਗੁਰੂ ਜੀ ਸਿਰੀ ਗੁਰੂ ਕੀ ਆਗਿਆ ਹੈ ਭਾਈ ਤਿਲੋਕਾ ਭਾਈ ਰਾਮਾ ਸਰਬਤ ਸੰਗਤ ਗੁਰੂ ਰਖੈਗਾ ਤੁਧ ਜਮੀਅਤ ਲੈ ਕੇ ਅਸਾਡੇ ਹਜੂਰ ਆਵਣਾ ਮੇਰੀ ਤੇਰੇ ਉਪਰਿ ਬਹੁਤੁ ਖੁਸੀ ਹੈ। ਤੇਰਾ ਘਰੁ ਮੇਰਾ ਹੈ ਤੁਧੁ ਹੁਕਮ ਦੇਖਦਿਆਂ ਹੀ ਛੇਤੀ ਅਸਾਡੇ ਹਜੂਰ ਆਵਣਾ ਤੇਰਾ ਘਰੁ ਮੇਰਾ ਅਸੈ ਤੁਧੁ ਸਿਤਾਬੀ ਦੇਖਦਿਆਂ ਹੀ ਆਵਣਾ ਤੁਸਾ ਅਸਵਾਰ ਲੈ ਕੇ ਆਵਣਾ ਜ਼ਰੂਰ ਆਵਣਾ ਤੇਰੇ ਉੱਤੇ ਅਸਾਡੀ ਖਰੀ ਮਿਹਰਵਾਨਗੀ ਅਸੈ ਤੈ ਆਵਣਾ ਇਕੁ ੧ ਜੋੜਾ ਭੇਜਾ ਹੈ ਰਖਾਵਣਾ ਭਾਦੋ ੨ ਸੰਮਤ ੫੩

(7) ਅਨੁਵਾਦ

ਇਸ ਸਦੀ ਵਿਚ ਅਧਿਆਤਮਿਕ, ਸਮਾਜਕ, ਰਾਜਨੈਤਿਕ ਆਦਿ ਕਈ ਪ੍ਰਕਾਰ ਦੇ ਵਿਸ਼ਿਆਂ ਨਾਲ ਸੰਬੰਧਿਤ ਕੁਝ ਕੁ ਰਚਨਾਵਾਂ ਨੇ ਫ਼ਾਰਸੀ, ਸੰਸਕ੍ਰਿਤ ਆਦਿ ਭਾਸ਼ਾਵਾਂ ਤੋਂ ਅਨੁਵਾਦ ਵੀ ਕੀਤੇ ਗਏ ਹਨ । ਇਹ ਅਨੁਵਾਦ ਸੇਵਾ ਪੰਥੀ, ਉਦਾਸੀ, ਨਿਰਮਲੇ ਸਾਧਾਂ ਦੇ ਯਤਨਾਂ ਦੇ ਫਲ ਹਨ । ਇਨ੍ਹਾਂ ਵਿਚ ਕੁਝ ਕੁ ਪ੍ਰਮੁੱਖ ਅਨੁਵਾਦਿਤ ਰਚਨਾਵਾਂ ਇਹ ਹਨ-ਪਾਰਸ ਭਾਗ (ਫ਼ਾਰਸੀ ਤੋਂ), ਸਿੰਘਾਸਨ ਬਤੀਸੀ (ਸੰਸਕ੍ਰਿਤ ਤੋਂ), ਵਿਵੇਕ ਸਿੰਧੂ ਪ੍ਰਾਕ੍ਰਿਤ ਤੋਂ, ਗਿਆਨ ਪ੍ਰਬੋਧ ਉਦੇ ਚੰਦ ਨਾਟਕ (ਸੰਸਕ੍ਰਿਤ ਤੋਂ), ਭਾਗਵਤ ਮਹਾ ਪੁਰਾਣ (ਸੰਸਕ੍ਰਿਤ ਤੋਂ), ਵਿਸ਼ਨੂੰ ਪੁਰਾਣ (ਸੰਸਕ੍ਰਿਤ ਤੋਂ), ਭਗਵਤ ਗੀਤਾ (ਸੰਸਕ੍ਰਿਤ ਤੋਂ), ਯੋਗ ਵਸ਼ਿਸ਼ਟ (ਸੰਸਕ੍ਰਿਤ ਤੋਂ), ਮਸਨਵੀ ਭਾਖਾ (ਫ਼ਾਰਸੀ ਤੋਂ), ਮਾਰਕੰਡੇ ਪੁਰਾਣ (ਸੰਸਕ੍ਰਿਤ ਤੋਂ), ਪੰਜਾਹ ਉਪਨਿਸ਼ਧਾਂ ਦੇ ਸੰਸਕ੍ਰਿਤ ਤੋਂ ਅਨੁਵਾਦ ਆਦਿ । ਇਨ੍ਹਾਂ ਸਾਰੇ ਅਨੁਵਾਦਾਂ ਦੀ ਵਾਰਤਕ ਸਾਧ ਭਾਸ਼ਾ ਨਾਲ ਲਦੀ ਹੋਈ, ਗੁੜ ਭਾਵਾਂ ਵਾਲੀ ਹੈ। ਸਪਸ਼ਟਤਾ ਅਤੇ ਸਰਲਤਾ ਇਨਾਂ ਵਿਚ ਘੱਟ ਮਿਲਦੀ ਹੈ। ਇਨ੍ਹਾਂ ਰਚਨਾਵਾਂ ਦਾ ਪੰਜਾਬੀ ਵਾਰਤਕ ਦੇ ਵਿਕਾ ਵਿਚ ਬੜਾ ਸੀਮਿਤ ਮਹੱਤਵ ਹੈ। ਨਮੂਨੇ ਵਜੋਂ 'ਗਿਆਨ ਪ੍ਰਬੋਧ ਉਦੇ ਚੰਦ ਨਾਟਕ ਦਾ ਇਕ ਟੂਕ ਵੇਖੋ :

ਇਸ ਭਗਤ ਦੀ ਮਹਿਮਾ ਗ੍ਰੰਥ ਮੈ ਆਵਣੀ ਹੈ। ਏਕ ਸਰੀਰ ਰੂਪੀ ਦੇਸ ਥਾ। ਤੇ ਜੀਅ ਰੂਪੀ ਰਾਜਾ ਥਾ। ਆਪ ਤਾ ਉਹੁ ਨਿਸੰਗ ਥਾ ਮਨ ਰੂਪੀ ਮੰਤੀ ਸਭ ਕਿਰਿਆ ਸਪੰਨ ਥਾ ਰਾਜਾ ਇਤ ਕਰਿ ਕੇ ਮੰਤੀ ਦੀ ਆਪਸ ਮੈ ਮਾਨਤਾ ਥਾ। ਮਾਇਆ ਜੋ ਹੈ ਉਸ ਮਨ ਕੀ ਮਾਤਾ ਸੀ। ਜੋ ਮਾਇਆ ਅਨਰਵਚਨੀ ਹੈਸੀ। ਜਬ ਈਸਰ ਦੀ ਮਾਇਆ ਨੇ ਸਮੀਪਤਾ ਪਾਈ ਤਬ ਰਚਨਾ ਕੀ ਸਕਤ ਉਸ ਮੈ ਅਸੰਗ ਹੈ । ਸੋ ਕਿਸੇ ਇਸਤੀ ਦਾ ਸੰਗ ਨਹੀਂ ਕਰਦਾ। ਤੇ ਮੇਰਾ ਜੋਬਨ ਬਿਤੀਤ ਹੋ ਗਿਆ। ਤੇ ਭੋਗ ਵਿਅਰਥ ਚਲੇ ਜਾਂਦੇ ਹਨ।

ਉਪਰੋਕਤ ਵਾਰਤਕ ਰਚਨਾਵਾਂ ਤੋਂ ਇਲਾਵਾ ਅਠਾਰਵੀਂ ਸਦੀ ਵਿਚ ਲਿਖੇ ਸੰਤਾਂ, ਫ਼ਕੀਰਾਂ ਦੇ ਕੁਝ ਬਚਨ ਜਾਂ ਸੁਖਨ ਮਿਲਦੇ ਹਨ ਅਤੇ ਇਕ ਦੋ ਗੋਸ਼ਟਾਂ ਵੀ ਲਿਖੀਆਂ ਗਈਆਂ ਹਨ । ਪਰ ਇਹ ਸਾਖੀਆਂ ਦੇ ਵਰਗ ਨਾਲ ਮੇਲ ਖਾਂਦੀਆਂ ਰਚਨਾਵਾਂ ਹਨ । ਇਸ ਲਈ ਇਨ੍ਹਾਂ ਦਾ ਕੋਈ ਸੁਤੰਤਰ ਮਹੱਤਵ ਨਹੀਂ ਹੈ। ਇਸ ਕਾਲ ਵਿਚ ਕੁਝ ਹੋਰ ਮੌਲਿਕ ਰਚਨਾਵਾਂ ਵੀ ਲਿਖੀਆਂ ਗਈਆਂ, ਜਿਵੇਂ-ਹਮ ਗਿਆਨ, ਸੰਹਿ ਸਾਰ, ਅਹਿਦਨਾਮਾ ਆਦਿ। ਪਰ ਇਨ੍ਹਾਂ ਸਾਰੀਆਂ ਦੀ ਭਾਸ਼ਾ ਹਿੰਦਵੀ ਹੈ। ਇਸ ਲਈ ਇਨ੍ਹਾਂ ਦੀ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਕੋਈ ਦੇਣ ਨਹੀਂ। ਇਸ ਸਦੀ ਵਿਚ ਕੁਝ ਅਜਿਹੀਆਂ ਵਾਰਤਕ ਕ੍ਰਿਤੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਦਾ ਸੰਬੰਧ ਵਹਿਮਾਂ ਭਰਮਾਂ ਨਾਲ ਹੈ ਜਿਵੇਂ ਸ਼ਰਧਾਪੂਰਣ, ਸਰੋਦ ਛਾ, ਛਾ, ਅੰਗ ਫੁਰਨੇ ਕੇ ਫਲ, ਸਨਿਚਰ ਅਸਤੋਤਰ ਆਦਿ ॥ ਇਨ੍ਹਾਂ ਦਾ ਕੋਈ ਵਿਸ਼ੇਸ਼ ਸਾਹਿਤਿਕ ਮਹੱਤਵ ਨਹੀਂ ਹੈ। ਨਮੂਨੇ ਵਜੋਂ "ਸਰੋਦ ਛਾ" ਦਾ ਇਕ ਉਦਾਹਰਣ ਦੇਖੋ :

> ਸੁਰ ਅਟਕੇ ਨਿਕਸੈ ਤਾਂ ਉਸ ਦਿਨ ਕੰਮੁ ਕਛੁ ਕਰੈ ਨਾਹੀ । ਦੁਸ਼ਮਣ ਨਾਲ ਦਾਉ ਕੀਆ ਚਾਹੈ । ਤਾ ਦਾਹਣਾ ਸੁਰ ਲੇਵੇ । ਜਿਸ ਦੇ ਬੇਟੇ ਹੋਇ ਲਾਇਕ ਤਿਸ ਕੈ ਦੋਨੋ ਸੁਰ ਚਲਣ ਤਿਸ ਕੇ ਬੇਟਾ ਪ੍ਰਧਾਨੁ ਹੋਇ । ਏਹੁ ਬਾਤ ਤਾਸੀਕ ਹੈ । ਸੋ ਨਾਮ ਜਾਦ ਹੋਇ । ਅਰੁ ਦੀਵਾਨ ਹੋਇ । ਚਾਰ ਘੜੀਆਂ ਬਾਵਾ ਸੁਰ ਚਲੈ ਜਾਂ ਫਤੇ ਹੋਇ । ਜੇ ਅਠ ਘੜੀਆਂ ਸੁਰ ਚਲੈ ਤਾਂ ਸਿਰੋਪਾਉ ਮਿਲੇ। ਜੇ ਚਉਦਹ ਘੜੀਆਂ ਸੁਰ ਚਲੇ ਤਾਂ ਸਾਦੀ ਦੇਖੈ । ਜੇ ਰਾਤ ਦਿਨ ਸੁਰ ਚਲੈ ਤਾਂ ਆਪਣੀ ਜਾਤ ਵਿਚ ਪ੍ਰਧਾਨ ਹੋਵੈ । ਜੇ ਚਾਰ ਦਿਨ-ਘੜੀਆਂ ਸੁਰ ਦਾਹਣਾ ਚਲੇ ਤਾਂ ਕਛੁ ਰਬ ਕੇ ਪਾਵੈ ॥... .

ਇਸ ਕਾਲ ਵਿਚ ਕੁਝ ਹੋਰ ਵੀ ਉਪਯੋਗੀ ਵਾਰਤਕ ਪੁਸਤਕਾਂ ਲਿਖੀਆਂ ਗਈਆਂ, ਜਿਵੇਂ-ਕੋਕਸਾਰ, ਪੋਥੀ ਸਲੋਤਰ ਕੀ, ਯੋਗ ਚਿੰਤਾ-ਮਣੀ ਗ੍ਰੰਥ, ਗੁਲਮ ਰੋਗ ਪ੍ਰਤੀਕਾਰ ਆਦਿ । ਪਰ ਸਾਹਿਤਿਕ ਦ੍ਰਿਸ਼ਟੀ ਤੋਂ ਇਨ੍ਹਾਂ ਦੀ ਕੋਈ ਖ਼ਾਸ ਵਿਸ਼ੇਸ਼ਤਾ ਨਹੀਂ ਹੈ । ਇਨ੍ਹਾਂ ਦੀ ਬੋਲੀ ਵੀ ਹਿੰਦਵੀ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਇਸ ਕਾਲ ਦੀ ਵਾਰਤਕ ਮੁੱਖ ਤੌਰ ਤੇ ਵੱਖ-ਵੱਖ ਸੰਪ੍ਰਦਾਵਾਂ ਦੇ ਸਾਧੂਆਂ ਦੀ ਦੇਣ ਹੈ ਅਤੇ ਇਨ੍ਹਾਂ ਸੰਪ੍ਰਦਾਵਾਂ ਦਾ ਸੰਬੰਧ ਅਧਿਕਤਰ ਸਿੱਖ ਧਰਮ ਨਾਲ ਹੀ ਹੈ ਜਿਵੇਂ ਉਦਾਸੀ, ਸੇਵਾ ਪੰਥੀ, ਨਿਰਮਲੇ, ਗਿਆਨੀ ਆਦਿ, ਪਰ ਮੁਸਲਮਾਨ ਲੇਖਕਾਂ ਦਾ ਬਹੁਤ ਘੱਟ ਹਿੱਸਾ ਹੈ। ਉਹ ਅਸਲੋਂ ਕਿੱਸਿਆਂ ਅਤੇ ਸੂਫ਼ੀ ਤੇ ਇਸਲਾਮੀ ਕਾਵਿ-ਧਾਰਾ ਤੋਂ ਬਾਹਰ ਨਹੀਂ ਨਿਕਲ ਸਕੇ । ਇਸ ਕਾਲ ਦੀ ਵਾਰਤਕ ਨੇ . ਧਾਰਮਿਕ ਵਲਗਣ ਤੋਂ ਨਿਕਲਣ ਦਾ ਯਤਨ ਕੀਤਾ ਹੈ, ਪਰ ਮੁੱਖ ਤੌਰ ਤੇ ਇਸ ਦਾ ਨਾ ਅਧਿਆਤਮਵਾਦਕ ਨਾਲ ਹੈ। ਇਸ ਸਦੀ ਦੇ ਬਹੁਤੇ ਵਾਰਤਕ ਰੂਪ 'ਗੁਰੂ ਨਾਨਕ ਕਾ, ਵਾਲੇ ਹੀ ਹਨ, ਪਰ ਇਥੇ ਜਨਮਸਾਖੀਆਂ ਦੀ ਥਾਂ ਤੇ ਸਾਖੀਆਂ ਦੀ ਪ੍ਰਮੁੱਖਤਾ ਹੈ।

**ਸਾਰਾਂਸ਼**

ਜਨਮਸਾਖੀਆਂ, ਸਾਖੀਆਂ, ਗੋਸ਼ਟਾਂ, ਪਰਮਾਰਥ, ਬਚਨ ਆਦਿ ਕਈ ਵਾਰਤਕ ਰੂਪ ਨਿਕ | ਪ੍ਰਕਾਰ ਦੀ ਰਚਨਾ ਵਿਚ ਪਰਸਪਰ ਮਿਲੇ ਹੋਏ ਹਨ। ਬ੍ਰਿਤਾਂਤਿਕ ਅਤੇ ਵਿਆਖਿਆਤਮ ਸ਼ੈਲੀ ਦੀ ਪ੍ਰਧਾਨਤਾ ਹੈ। ਵਾਕਾਂ ਦੀ ਬਨਾਵਟ ਅਤੇ ਭਾਵਾਂ ਦੇ ਪ੍ਰਗਟਾਵੇ ਵਿਚ ਪਿਛਲੇ ਕਾਲ ਨਾਲੋਂ ਜ਼ਿਆਦਾ ਸਪਸ਼ਟਤਾ ਆ ਗਈ ਹੈ। ਇਸ ਕਾਲ ਦੀ ਬੋਲੀ ਕਈ ਪ੍ਰਕਾਰ ਦੀ ਹੈ ਜਿਵੇਂ ਠੇਠ ਪੰਜਾਬੀ, ਬ੍ਰਜ ਭਾਸ਼ਾ ਤੋਂ ਪ੍ਰਭਾਵਿਤ ਪੰਜਾਬੀ ਅਤੇ ਸਾਧ ਭਾਸ਼ਾ। ਅਰਬੀ ਫ਼ਾਰਸੀ ਦੀ ਸ਼ਬਦਾਵਲੀ ਦਾ ਵੀ ਚੋਖਾ ਪ੍ਰਭਾਵ ਹੈ। ਕੁਲ ਮਿਲਾ ਕੇ ਪੰਜਾਬੀ ਵਾਤਰਕ ਦੇ ਵਿਕਾਸ ਵਿਚ ਇਸ ਕਾਲ ਦੀ ਮਹੱਤਵਪੂਰਣ ਦੇਣ ਹੈ।

## ਮੁੱਖ/ਕੇਂਦਰੀ ਸ਼ਬਦ:

ਸਾਖੀ---ਕਥਾ

ਜਨਮਸਾਖੀ---ਜਨਮ ਨਾਲ ਸੰਬੰਧਤ ਕਥਾ

ਸੌ ਸਾਖੀ---ਗੁਰਰਤਨ-ਮਾਲਾ

ਹੁਕਮਨਾਮਾ---ਆਦੇਸ਼

ਰਹਿਤਨਾਮਾ---ਮਰਿਆਦਾ

## ਸਵੈ-ਮੁਲਾਂਕਣ:

1. ਮੱਧਕਾਲੀ ਪੰਜਾਬੀ ਵਾਰਤਕ ਪੰਜਾਬੀ ਵਾਰਤਕ ਦਾ ਆਰੰਭ ਕਿਹੜੀ ਰਚਨਾ ਨਾਲ ਹੁੰਦਾ ਹੈ।

   ੳ. ਜਨਮ ਸਾਖੀਆਂ ਨਾਲ।

2. ਪੰਜਾਬੀ ਦੀ ਪਹਿਲੀ ਵਾਰਤਕ ਰਚਨਾ ਕਿਹੜੀ ਹੈ

   ੳ. ਪੁਰਾਤਨ ਜਨਮ ਸਾਖੀ।

3. ਮੱਧਕਾਲੀ ਪੰਜਾਬੀ ਵਾਰਤਕ ਕਿਹੜੇ ਕਿਹੜੇ ਰੂਪਾਂ ਵਿਚ ਮਿਲਦੀ ਹੈ

   ੳ. ਟੀਕੇ ਬਚਨ

4. ਹੁਕਮਨਾਮੇ ਪੁਰਾਤਨ ਜਨਮ ਸਾਖੀ ਕਿਹੜੀ ਸਦੀ ਦੀ ਰਚਨਾ ਹੈ।

   ੳ. 17ਵੀਂ ਸਦੀ ਦੀ।

5. ਪ੍ਰਾਣ ਸੰਗਲੀ ਰਚਨਾ ਦਾ ਸੰਬੰਧ ਕਿਸ ਦੇ ਨਾਲ ਜੋੜਿਆ ਜਾਂਦਾ ਹੈ:

   ੳ. ਗੁਰੂ ਨਾਨਕ ਦੇਵ ਜੀ ਨਾਲ।

6. ਮੱਧ ਕਾਲ ਦੀਆਂ ਪ੍ਰਮੁੱਖ ਗੋਸ਼ਟ ਰਚਨਾਵਾਂ ਦੇ ਨਾਂ

   ੳ. ਗੋਰਖ ਭਰਥਰੀ ਗੋਸ਼ਟ

7. ਬਿਬੇਕ ਸਾਰ ਵਾਰਤਕ ਰਚਨਾ ਸਮਾਂ ਕਿਹੜਾ ਹੈ:

   ੳ. 16ਵੀਂ-17ਵੀਂ ਸਦੀ

8. ਜਪੁ-ਪਰਮਾਰਥ ਦਾ ਕਰਤਾ ਤੇ ਸਮਾਂ

   ੳ. ਸੋਢੀ ਮੇਹਰਬਾਨ, 18ਵੀਂ ਸਦੀ ਦਾ ਆਰੰਭ ।

9. ਗਿਆਨ ਰਤਨਾਵਲੀ ਤੇ ਭਗਤ ਰਤਨਾਵਲੀ ਦਾ ਕਰਤਾ ਕੌਣ ਹੈ:

   ੳ. ਭਾਈ ਮਨੀ ਸਿੰਘ

10. ਪ੍ਰੇਮ ਸੁਮਾਰਗ ਗ੍ਰੰਥ ਦਾ ਰਚਨਾ ਕਾਲ

    ੳ. 18ਵੀਂ ਸਦੀ।

11. ਪਾਰਸ ਭਾਗ ਕਿਸ ਦੀ ਰਚਨਾ ਹੈ

    ੳ. ਭਾਈ ਅੱਡਣ ਸ਼ਾਹ।

12. 18ਵੀਂ ਸਦੀ ਦਾ ਟੀਕਾਕਾਰ ਕੌਣ ਹੈ

    ੳ. ਆਨੰਦ ਘਣ

13. ‘ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਦਾ ਸੰਬੰਧ ਕਿਹੜੇ ਗੁਰੂਆਂ ਨਾਲ ਹੈ:

    ੳ. ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ

14. ਪੱਕੀ ਰੋਟੀ ਕਿਸ ਸਦੀ ਦੀ ਰਚਨਾ ਹੈ:

    ੳ. 18ਵੀਂ ਸਦੀ

15. 18ਵੀਂ ਸਦੀ ਦੀਆਂ ਪ੍ਰਮੁੱਖ ਵਾਰਤਕ ਰਚਨਾਵਾਂ

    ੳ. ਸਿੰਘਾਸਨ ਬਤੀਸੀ

## ਅਭਿਆਸ ਪ੍ਰਸ਼ਨ

1. ਵਾਰਤਕ ਤੋਂ ਕੀ ਭਾਵ ਹੈ
2. ਜਨਮ ਸਾਖੀ ਤੋਂ ਕੀ ਭਾਵ ਹੈ

3. ਸਾਖੀ ਤੋਂ ਕੀ ਭਾਵ ਹੈ
4. 1700 ਤੋਂ ਲੈ ਕੇ 1800 ਤੱਕ ਦੀ ਵਾਰਤਕ ਬਾਰੇ ਚਰਚਾ ਕਰੋ।

## ਸੰਦਰਭ ਪੁਸਤਕਾਂ:


- ਡਾ. ਜਸਵਿੰਦਰ ਸਿੰਘ ਸੈਣੀ, ਵਾਰਤਕ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ, ਪ੍ਰਕਾਸ਼ਿਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010.


## ਮਹੱਤਵਪੂਰਨ ਲਿੰਕ

http://ccrtindia.gov.in/downloads/Fellowship/Published%20Project/2013-2014/34.%20History%20of%20Punjabi%20Lecture.pdf

## ਉੱਤਰਮਾਲਾ

| | | | | |
|---|---|---|---|---|
| **1.** ੳ | **2.** ੳ | **3.** ੳ | **4.** ੳ | **5.** ੳ |
| **6.** ੳ | **7.** ੳ | **8.** ੳ | **9.** ੳ | **10.** ੳ |
| **11.** ੳ | **12.** ੳ | **13.** ੳ | **14.** ੳ | **15.** ੳ |

Sona, Lovely Professional University

# ਅਧਿਆਇ-4: ਮੱਧਕਾਲੀ ਪੰਜਾਬੀ: ਵਾਰਤਕ 1801 ਈ.ਤੋਂ 1850ਈ.

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **1700 ਤੋਂ 1800 ਈ. ਦੀ ਵਾਰਤਕ ਬਾਰੇ ਜਾਣਨਗੇ।**
2. **ਜਫਰਨਾਮਾ ਸਾਹਿਤ ਬਾਰੇ ਜਾਣਨ ਦੇ ਯੋਗ ਹੋਣਗੇ।**
3. **ਸਾਖੀਆਂ ਜਨਾਮ ਸਾਖੀਆਂ ਨੂੰ ਸਮਝਣ ਦੇ ਕਾਬਿਲ ਹੋਣਗੇ**

## ਪ੍ਰਸਤਾਵਨਾ:

ਪੰਜਾਹ ਸਾਲ ਦੇ ਇਸ ਕਾਲ-ਖੰਡ ਵਿਚ ਵਾਰਤਕ ਦੀ ਕੋਈ ਮਹੱਤਵਪੂਰਣ ਰਚਨਾ ਨਹੀਂ ਹੋਈ। 17ਵੀਂ ਅਤੇ ਅਠਾਰਵੀਂ ਸਦੀਆਂ ਵਿਚ ਪੰਜਾਬੀ ਵਾਰਤਕ ਜਿਸ ਗੌਰਵਮਈ ਸਿਖਰ ਨੂੰ ਛੋਹ ਚੁੱਕੀ ਸੀ, ਉਸ ਦੇ ਲੇਸ਼-ਮਾਤਰ ਦਰਸ਼ਨ ਵੀ ਇਸ ਕਾਲ ਵਿਚ ਨਹੀਂ ਹੁੰਦੇ ਉਂਜ ਕੁਝ

ਕੁ ਰਚਨਾਵਾਂ ਜ਼ਰੂਰ ਮਿਲਦੀਆਂ ਹਨ, ਪਰ ਸਾਹਿਤਿਕਤਾ ਦੇ ਪੱਖ ਤੋਂ ਉਹ ਕੰਮਜ਼ੋਰ ਹਨ। ਫਿਰ ਵੀ ਵਾਰਤਕ ਦੀਆਂ ਕੁਝ ਕੁ ਵੰਨਗੀਆਂ ਉੱਤੇ ਇਥੇ ਪ੍ਰਕਾਸ਼ ਪਾਣਾ ਉਚਿਤ ਹੋਵੇਗਾ।

**ਸਾਖੀਆਂ**

ਇਸ ਕਾਲ ਵਿਚ 1823 ਈ. ਦੇ ਨੇੜੇ ਤੇੜੇ ਲਿਖੀ ਗਈ ਮਾਲਵੇ ਦੇਸ਼ਾਟਨ ਦੀ ਸਾਖੀ ਪੋਥੀ ਵਿਸ਼ੇਸ਼ ਉੱਲੇਖਯੋਗ ਹੈ। ਇਸ ਦੇ ਲੇਖਕ ਦਾ ਪਤਾ ਨਹੀਂ ਚਲਦਾ। ਪਰ ਅੰਦਰਲੀ ਗਵਾਹੀ ਦੇ ਆਧਾਰ ਤੇ ਕੋਈ ਉਦਾਸੀ ਸਾਧ ਪ੍ਰਤੀਤ ਹੁੰਦਾ ਹੈ ਜੋ ਅਧਿਕਤਰ ਮਾਲਵੇ ਵਿਚ ਰਿਹਾ ਹੈ ਕਿਉਂਕਿ ਇਕ ਤਾਂ ਉਹ ਕੇਵਲ ਮਾਲਵੇ ਵਿਚ ਕੀਤੀਆਂ ਯਾਤਾਵਾਂ ਦਾ ਵਰਣਨ ਕਰਦਾ ਹੈ ਅਤੇ ਦੂਜੇ ਉਸ ਦੀ ਭਾਸ਼ਾ ਉੱਤੇ ਮਲਵਈ ਉਪਭਾਖਾ ਦਾ ਸਪਸ਼ਟ ਪ੍ਰਭਾਵ ਹੈ । ਡਾ. ਹਰਨਾਮ ਸਿੰਘ ਸ਼ਾਨ ਅਨੁਸਾਰ ਇਹ ਸਾਧੂ ਦਿਆਲ ਦਾਸ ਦੀ ਰਚਨਾ ਹੈ। ਇਸ ਨੂੰ ਭਾਈ ਵੀਰ ਸਿੰਘ ਨੇ ਪਹਿਲੀ ਵਾਰ ਸੰਪਾਦਿਤ ਕਰਕੇ 1950 ਈ. ਵਿਚ ਖ਼ਾਲਸਾ ਸਮਾਚਾਰ` ਵਿਚ ਪ੍ਰਕਾਸ਼ਿਤ ਕੀਤਾ । ਇਸ ਵਿਚ ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਦੀਆਂ ਮਾਲਵੇ ਖੇਤਰ ਵਿਚ ਕੀਤੀਆਂ ਯਾਤਾਵਾਂ ਦਾ ਬਿੱਤ ਲਿਖਿਆ ਹੋਇਆ ਹੈ । ਇਸ ਵਿਚ ਵਰਣਿਤ ਕੁਲ 118 ਸਾਖੀਆਂ ਵਿਚੋਂ 38 ਦਾ ਸੰਬੰਧ ਗੁਰੂ ਤੇਗ ਬਹਾਦਰ ਨਾਲ ਹੈ ਬਾਕੀ 80 ਗੁਰੂ ਗੋਬਿੰਦ ਸਿੰਘ ਬਾਰੇ ਹਨ । ਇਨ੍ਹਾਂ ਵਿਚ ਦੋਹਾਂ ਗੁਰੂ ਸਾਹਿਬਾਨ ਦੇ ਚਰਿਤਰਾਂ ਨੂੰ ਬੜੇ ਆਦਰ ਨਾਲ ਪੇਸ਼ ਕੀਤਾ ਗਿਆ ਹੈ ਅਤੇ ਕਈ ਥਾਵਾਂ ਤੇ ਪੌਰਾਣਿਕ ਲੀਹਾਂ ਉੱਤੇ ਸਾਖੀਆਂ ਦਾ ਨਿਰਮਾਣ ਹੋਇਆ ਹੈ। ਇਨ੍ਹਾਂ ਸਾਖੀਆਂ ਰਾਹੀਂ ਜਿਥੇ ਇਕ ਪਾਸੇ ਗੁਰੂ ਸਾਹਿਬਾਨ ਦੇ ਧਾਰਮਿਕ ਪ੍ਰਭਾਵ ਅਤੇ ਉਨਾਂ ਦੇ ਸਿਦਕੀ ਸਿੱਖਾਂ ਦੀ ਸਾਧਨਾ ਦਾ ਚਿਣ ਹੋਇਆ ਹੈ, ਉਥੇ ਮਾਲਵਾ ਖੇਤਰ ਦੇ ਸਭਿਆਚਾਰ ਦਾ ਵੀ ਯਥਾਰਥ ਚਿੱਤਰ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਸਾਖੀਆਂ ਦਾ ਆਕਾਰ ਬਹੁਤ ਵੱਡਾ ਨਹੀਂ, ਪਰ ਕਥਾ-ਰਸ ਨਾਲ ਭਰਪੂਰ ਹਨ, ਜਿਵੇਂ

ਪਾਤਸ਼ਾਹ ਜੀ । ਕੀ ਹੁਕਮ ਹੈ । ਕਈ ਹਜ਼ਾਰ ਲਿਖਣ ਘੜੀਦੀ ਹੈ, ' ਫੇਰ ਸਿਟੀਦੀਆਂ ਜਾਂਦੀਆਂ ਹੈਨ ।

ਜੀ ਪਾਤਿਸਾਹ । ਇਹ ਭੀ ਸੁਭਾਉ ਪਿਆ ਹੈ । ਗੁਰੂ ਜੀ ਕਹਿੰਦੇ ਡਲ ਸਿੰਘ ਏਥੇ ਸਿਖ ਸਿਖਾਇਤ ਪੜੇਂਗੇ ਕਈ ਹਜ਼ਾਰ । ਹੁਣ ਤਾਂ ਨਹੀਂ ਕੋਈ ਪੜ੍ਹਦਾ, ਜਦੋਂ ਪੜ੍ਹਨਗੇ, ਉਦੋਂ ਬਣਾਇ ਲੈਣਗੇ । ਇਹ ਦ੍ਰਿਸਟੀ ਹੈ।

ਇਨ੍ਹਾਂ ਸਾਖੀਆਂ ਦੀ ਭਾਸ਼ਾ ਆਮ ਬੋਲ ਚਾਲ ਦੀ ਮਲਵਈ ਉਪਭਾਖਾ ਹੈ । ਇਨ੍ਹਾਂ ਵਿਚ ਪਰੰਪਰਾਗਤ ਸਾਖੀਆਂ ਦਾ ਵਿਕਸਿਤ ਰੂਪ ਵੇਖਿਆ ਜਾ ਸਕਦਾ ਹੈ।

**ਟੀਕੇ**

ਇਸ ਕਾਲ ਵਿਚ ਬਾਣੀ ਦੇ ਕੁਝ ਟੀਕੇ ਵੀ ਲਿਖੇ ਗਏ ਹਨ। ਇਨ੍ਹਾਂ ਵਿਚੋਂ ਇਕ ਮਹੱਤਵਪੂਰਣ ਟੀਕਾ ਅਨੰਦੁ ਸਾਹਿਬ ਦਾ ਹੈ ਜੋ ਸੁਆਮੀ ਆਨੰਦਘਨ ਨੇ 1802 ਈ. (1859 ਬਿ. ) ਵਿਚ ਕਾਸ਼ੀ ਵਿਚ ਲਿਖਿਆ ਸੀ । ਇਸ ਦੀਆਂ ਵਿਸ਼ੇਸ਼ਤਾਵਾਂ ਉਸ ਦੇ ਹੋਰਨਾਂ ਟੀਕਿਆਂ ਨਾਲ ਮਿਲਦੀਆਂ ਹਨ, ਜਿਨ੍ਹਾਂ ਦਾ ਜ਼ਿਕਰ 18ਵੀਂ ਸਦੀ ਦੀ ਵਾਰਤਕਧਾਰਾ ਵਿਚ ਪਿੱਛੇ ਕੀਤਾ ਜਾ ਚੁੱਕਿਆ ਹੈ।

ਇਸ ਕਾਲ ਦਾ ਦੂਜਾ ਮਹੱਤਵਪੂਰਣ ਟੀਕਾ ਮਹਾਂਕਵੀ ਭਾਈ ਸੰਤੋਖ ਸਿੰਘ ਦਾ ਹੈ। ਇਹ ਟੀਕਾ ਉਨ੍ਹਾਂ ਨੇ ਕੈਥਲ ਨਰੇਸ਼ ਭਾਈ ਉਦੈ ਸਿੰਘ ਦੀ ਪ੍ਰੇਰਣਾ ਕਰਕੇ ਲਿਖਿਆ ਸੀ। 1795 ਈ. (1852 ਬਿ. ) ਵਿਚ ਸੁਆਮੀ ਆਨੰਦਘਨ ਦੁਆਰਾ ਲਿਖੇ ਜਪੁਜੀ ਦੇ ਟੀਕੇ ਦੀ ਭਾਵ-ਸਾਮਗੀ ਅਤੇ ਸਿੱਧਾਂਤਿਕ ਦ੍ਰਿਸ਼ਟੀਕੋਣ ਤੋਂ ਭਾਈ ਉਦੈ ਸਿੰਘ ਨਿਰਾਸ਼ ਸਨ । ਉਹ ਕਿਸੇ ਅਜਿਹੇ ਸਿੱਖ ਵਿਦਵਾਨ ਦੀ ਤਲਾਸ਼ ਵਿਚ ਸਨ ਜੋ ਸੁਆਮੀ ਆਨੰਦਘਨ ਦੀਆਂ ਅਯੋਗ ਸਥਾਪਨਾਵਾਂ ਦਾ ਉੱਤਰ ਦੇ ਸਕੇ । ਆਖਰ ਇਹ ਜ਼ਿੰਮੇਵਾਰੀ ਭਾਈ ਸੰਤੋਖ ਸਿੰਘ ਨੂੰ ਸੌਂਪੀ ਗਈ ਜਿਨ੍ਹਾਂ ਨੇ 1829 ਈ. (1886 ਬਿ.) ਨੂੰ ਗਰਬ ਗੰਜਨੀ ਟੀਕਾ" ਦੀ ਰਚਨਾ ਕੀਤੀ। ਇਸ ਟੀਕੇ ਦਾ ਨਾਂ 'ਗਰਬ ਗੰਜਨੀ` ਇਸ ਲਈ ਰਖਿਆ ਗਿਆ ਹੈ ਕਿ ਇਕ ਤਾਂ ਇਸ ਨਾਲ ਆਨੰਦਘਨ ਦਾ ਹੰਕਾਰ ਤੋੜਿਆ ਗਿਆ ਹੈ ਅਤੇ ਦੂਜਾ ਇਸ ਦੇ ਭਾਵ ਨੂੰ ਹਿਰਦੇ ਵਿਚ ਵਸਾਉਣ ਵਾਲੇ ਜਿਗਿਆਸੂ ਦੀ ਹਉਮੈ ਦਾ ਖੰਡਨ ਹੁੰਦਾ ਹੈ । ਟੀਕਾਕਾਰ ਅਨੁਸਾਰ :

> ਗਰਬ ਗੰਜਨੀ ਕੋ ਅਰਥ-ਇਸ ਕੇ ਪਦਨ ਵਿਚਾਰਨ ਵਾਰੇ ਕੇ ਅਗਾਰੀ ਜੇ ਕੋਈ ਅਰਥਨ ਕੋ ਗਰਬ ਕਰੈ ਤਿਸ ਕੋ ਗੰਜਨ ਹੋਈ ਜਾਤ ਹੈ, ਕਯਾ ਤਿਸ ਕੇ ਗਰਬ ਕੋ ਦੂਰ ਕਰ ਦੇਤ ਹੈ। ਦੂਸਰੋ ਅਰਥ ਔਰ : ਇਕ ਸੋ ਪਢਿ ਕੈ ਆਪਨੇ ਗੁਬ ਕੇ ਗੰਜਨ ਕਰੈ, ਗ਼ਰੀਬੀ ਕੋ ਗਹਿ ਕਰਿ ਮੁਕਤਿ ਕੇ ਮਾਰਗ ਪਰੈ, ਯਾਤੇ ਇਸ ਟੀਕੇ ਕੋ ਨਾਮ ਗੁਬ ਗੰਜਨੀ ਧਰਯੋ ।

ਇਹ ਰਚਨਾ ਨਿਰਾ-ਪੁਰਾ ਟੀਕਾ ਨਹੀਂ, ਸਗੋਂ ਇਕ ਪ੍ਰਕਾਰ ਦਾ ਭਾਸ਼ ਹੈ ਜਿਸ ਵਿਚ ਜਪੁਜੀ ਦੀਆਂ ਅਨੇਕ ਪਉੜੀਆਂ ਅਤੇ ਤੁਕਾਂ ਦੀ ਦਾਰਸ਼ਨਿਕ ਢੰਗ ਨਾਲ ਵਿਆਖਿਆ ਕੀਤੀ ਗਈ ਹੈ। ਅਜਿਹੇ ਦਾਰਸ਼ਨਿਕ ਵਿਸ਼ਲੇਸ਼ਣ ਵੇਲੇ ਬ੍ਰਹਮ, ਜੀਵ, ਜਗਤ ਅਤੇ : ਮੁਕਤੀ ਆਦਿ ਵਿਸ਼ਿਆਂ ਉੱਤੇ ਯਥਾ-ਪਸੰਗ ਪ੍ਰਕਾਸ਼ ਪਾਇਆ ਗਿਆ ਹੈ ਅਤੇ ਗੁਰਬਾਣੀ ਦੀ ਪਵਿਤਾ ਵੇਦ-ਤੁਲ ਦਰਸਾਈ ਗਈ ਹੈ। ਇਸ ਟੀਕੇ

ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿਚ ਟੀਕਾਕਾਰ ਨੇ ਪਹਿਲੀ ਵਾਰ ਜਪੁਜੀ ਦੀ ਸਾਹਿਤਿਕਤਾ ਉੱਤੇ ਝਾਤ ਪਾਈ ਹੈ। ਹਰ ਇਕ ਤੁਕ ਵਿਚ ਜੋ ਵੀ ਅਲੰਕਾਰ, ਸ਼ਬਦ-ਸ਼ਕਤੀ ਆਦਿ ਵਰਤੀ ਗਈ ਹੈ, ਉਸ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਵਿਸ਼ਲੇਸ਼ਣ ਦਾ ਆਧਾਰ ਭਾਰਤੀ ਕਾਵਿ-ਸ਼ਾਸਤ ਹੈ। ਜਪੁਜੀ ਵਿਚ 50 ਅਲੰਕਾਰਾਂ ਦੀ ਹੋਂਦ ਦੱਸਦੇ ਹੋਇਆਂ ਟੀਕਾਕਾਰ ਨੇ ਉਨ੍ਹਾਂ ਅਲੰਕਾਰਾਂ ਦੇ ਲੱਛਣ ਵੀ ਦੱਸੇ ਹਨ। ਕਿਤੇ-ਕਿਤੇ ਤਾਂ ਇਕੋ ਤੁਕ ਵਿਚ ਕਈ ਕਈ ਅਲੰਕਾਰਾਂ ਦੇ ਪਰੁਚੇ ਹੋਣ ਵੱਲ ਸੰਕੇਤ ਕੀਤਾ ਗਿਆ ਹੈ। ਇਸ ਰਚਨਾ ਵਿਚ ਟੀਕਾ-ਭਾਗ ਵਾਰਤਕ ਵਿਚ ਹੈ ਅਤੇ ਬੰਦਨਾ ਜਾਂ ਅਲੰਕਾਰ-ਲੱਛਣ ਕਵਿਤਾ ਵਿਚ ਹਨ। ਭਾਈ ਸੰਤੋਖ ਸਿੰਘ ਨੂੰ ਜੋ ਅਧਿਕਾਰ ਕਵਿਤਾ ਉੱਤੇ ਪ੍ਰਾਪਤ ਹੈ, ਉਹ | ਵਾਰਤਕ 'ਤੇ ਨਹੀਂ ਕਿਉਂਕਿ ਵਾਰਤਕ ਵਿਚ ਰਚਨਾ ਕਰਨਾ ਉਨ੍ਹਾਂ ਦੇ ਮਨ ਦੀ ਬਿਰਤੀ ' ਅਨੁਸਾਰ ਨਹੀਂ ਹੈ। ਟੀਕੇ ਵਿਚ ਵਰਤੀ ਗਈ ਭਾਸ਼ਾ ਬਾਰੇ ਡਾ. ਆਸ਼ਾਨੰਦ ਵੋਹਰਾ ਦੀ ਰਾਏ ਹੈ ਕਿ ਭਾਰਤੀ ਦਰਸ਼ਨ, ਕਾਵਿ ਸ਼ਾਸਤ ਲਈ ਵਰਤੀ ਜਾਣ ਵਾਲੀ ਭਾਸ਼ਾ ਉੱਤੇ ਵੀ ਉਨ੍ਹਾਂ ਨੂੰ ਪੂਰਾ ਅਧਿਕਾਰ ਹੈ। ਉਸ ਵੇਲੇ ਪੰਜਾਬ ਦੇ ਸਾਹਿਤਿਕ ਖੇਤਰ ਵਿਚ ਪੰਜਾਬੀ ਤੋਂ ਇਲਾਵਾ ਪ੍ਰਜ ਭਾਸ਼ਾ ਆਪਣੀ ਸਹਿਜ ਮਿਠਾਸ ਦੇ ਜ਼ੋਰ ਤੇ ਆਪਣੀ ਪ੍ਰਭੁਤਾ ਸਥਾਪਿਤ ਕਰ ਚੁੱਕੀ ਸੀ। ਇਸ ਲਈ ਟੀਕਾਕਾਰ ਨੇ ਉਸ ਵੇਲੇ ਪ੍ਰਚਲਿਤ ਬ੍ਰਜ-ਭਾਸ਼ਾ ਅਤੇ ਪੰਜਾਬੀ ਭਾਸ਼ਾ ਦੇ ਮਿਸੇ ਜਿਹੇ ਰੂਪ ਵਾਲੀ ਭਾਸ਼ਾ ਵਿਚ ਟੀਕੇ ਦੀ ਰਚਨਾ ਕੀਤੀ। ਇਸ ਤਰ੍ਹਾਂ | ਵੱਖ-ਵੱਖ ਭਾਸ਼ਾਵਾਂ ਵਿਚ ਜਪੁਜੀ ਬਾਰੇ ਲਿਖੇ ਗਏ ਹੁਣ ਤਕ ਲਗਭਗ 400 ਟੀਕਿਆਂ ਵਿਚ 'ਗਰਬ ਗੰਜਨੀ' ਦਾ ਇਤਿਹਾਸਕ ਮਹੱਤਵ ਹੈ ਕਿਉਂਕਿ ਟੀਕੇ ਦੇ ਨਾਲ ਨਾਲ ਇਸ | ਵਿਚ ਜਪੁਜੀ ਦੀ ਸਾਹਿਤਿਕਤਾ ਵੀ ਉਘਾੜੀ ਗਈ ਹੈ।

ਇਨ੍ਹਾਂ ਟੀਕਿਆਂ ਤੋਂ ਇਲਾਵਾ ਇਸ ਕਾਲ ਵਿਚ ਸਹਿਸਕ੍ਰਿਤੀ ਸਲੋਕਾਂ ਅਤੇ ਸੁਖਮਨੀ | ਬਾਣੀ ਦੇ ਟੀਕੇ ਵੀ ਕੀਤੇ ਗਏ, ਪਰ ਅਜੇ ਇਹ ਪ੍ਰਕਾਸ਼ਿਤ ਨਹੀਂ ਹੋਏ। ਸਪਸ਼ਟ ਹੈ ਕਿ ਇਸ ਕਾਲ ਵਿਚ ਰਚੇ ਗਏ ਬਾਣੀ ਦੇ ਟੀਕਿਆਂ ਵਿਚ ਅਧਿਕਤਰ -ਪੰਜਾਬੀ ਮਿਲੀ ਜੁਲੀ ਭਾਸ਼ਾ ਵਰਤੀ ਗਈ ਹੈ।

**ਅਨੁਵਾਦ**

ਇਸ ਕਾਲ ਵਿਚ ਸੰਸਕ੍ਰਿਤ, ਫ਼ਾਰਸੀ ਆਦਿ ਭਾਸ਼ਾਵਾਂ ਤੋਂ ਕੁਝ ਰਚਨਾਵਾਂ ਦਾ ਅਨਵਾਦ ਵੀ ਕੀਤਾ ਗਿਆ | ਇਨ੍ਹਾਂ ਅਨੁਵਾਦਾਂ ਵਿਚੋਂ ਵਿਸ਼ੇਸ਼ ਅਤੇ ਮਹੱਤਵਪੂਰਣ ਯਤਨਾਂ ਉੱਤੇ ਪ੍ਰਕਾਸ਼ ਪਾਉਣਾ ਉਚਿਤ ਹੋਵੇਗਾ।

**ਸਮਤਿ ਪ੍ਰਕਾਸ਼** :

ਇਸ ਕਾਲ ਵਿਚ ਕਵੀ ਰਾਮ ਨੇ ਅਬੁਲ ਫ਼ਜ਼ਲ ਦੁਆਰਾ ਲਿਖੇ "ਅਕਬਰਨਾਮਾ" ਦਾ 1823 ਈ. (1880 ਬਿ. ) ਵਿਚ 'ਸੁਮਤਿ ਪ੍ਰਕਾਸ਼' ਨਾਂ ਅਧੀਨ ਪੰਜਾਬੀ ਵਿਚ ਅਨੁਵਾਦ ਕੀਤਾ। ਇਸ ਅਨੁਵਾਦ-ਕਾਰਜ ਦੀ ਪ੍ਰੇਰਣਾ ਕਪੂਰਥਲਾ ਦੇ ਮਹਾਰਾਜਾ ਅਗੇ ਸਾਖੀ ਹੋਰ ਤੁਰੀ-ਇਕ ਦਿਨ ਡਲੇ ਹਜੂਰ ਹੱਥ ਜੋੜ ਕੇ ਕਹਿਆ, "ਪਾਤਿਸਾਹ ਫਤਹਿ ਸਿੰਘ ਨੇ ਦਿੱਤੀ ਅਤੇ ਉਸ ਦੇ ਦਰਬਾਰ ਵਿਚ ਰਹਿ ਕੇ ਇਹ ਮੁਕੰਮਲ ਕੀਤਾ ਗਿਆ। ਛੇ ਸੌ ਤੋਂ ਕੁਝ ਵੱਧ ਪਤਰਿਆਂ ਦੀ ਇਹ ਰਚਨਾ ਅਜੇ ਅਣਪ੍ਰਕਾਸ਼ਿਤ ਪਈ ਹੈ। ਇਸ ਨੂੰ ਇੰਨ-ਬਿੰਨ ਅਨੁਵਾਦ ਨਹੀਂ ਕਿਹਾ ਜਾ ਸਕਦਾ, ਕਿਉਂਕਿ ਅਨੁਵਾਦਕ ਨੇ ਕਈ ਵਾਧੂ ਵਿਸਤਾਰ ਵਾਲੇ ਪ੍ਰਸੰਗਾਂ ਨੂੰ ਛੱਡ ਦਿੱਤਾ ਹੈ ਅਤੇ ਕੁਝ ਸਾਮ ਹੋਰਨਾਂ ਇਤਿਹਾਸ ਥਾਂ ਵਿਚੋਂ ਵੀ ਸ਼ਾਮਲ ਕਰ ਲਈ ਹੈ ਜਿਵੇਂ ਇਕਬਾਲਨਾਮਾ" ਵਿਚੋਂ। ਪਰ ਅਨੁਵਾਦਕ ਨੇ ਇਸ ਨੂੰ ਤਿੰਨਾਂ ਦਫ਼ਤਰਾਂ ਜਾਂ ਖੰਡਾਂ ਵਿਚ ਹੀ ਵੰਡਿਆ ਹੈ। ਅਨੁਵਾਦਕ ਨਾਰਸੀ, ਬ੍ਰਜ ਅਤੇ ਪੰਜਾਬੀ ਤਿੰਨਾਂ ਭਾਸ਼ਾਵਾਂ ਦਾ ਚੰਗਾ ਜਾਣੂ ਪ੍ਰਤੀਤ ਹੁੰਦਾ ਹੈ। ਉਸ ਦੇ ਇਸ ਅਨੁਵਾਦ ਵਿਚ ਫ਼ਾਰਸੀ ਅਤੇ ਬਜ ਭਾਸ਼ਾ ਦਾ ਪ੍ਰਭਾਵ ਸਪਸ਼ਟ ਹੈ। ਕਵੀ ਹੋਣ ਕਾਰਣ ਅਨੁਵਾਦ ਦੀ ਵਾਰਤਕ ਦਾ ਸਰੂਪ ਕਾਵਿਕ ਹੈ, ਪਰ ਸ਼ੈਲੀ ਕਾਫ਼ੀ ਪ੍ਰੋੜ ਹੈ। ਆਧੁਨਿਕ ਪੰਜਾਬੀ ਵਾਰਤਕ ਦਾ ਸਰੂਪ ਨਿਰਧਾਰਿਤ ਕਰਨ ਲਈ ਇਹ ਆਪਣੀ ਭੂਮਿਕਾ ਨਿਭਾਅ ਰਹੀ ਪ੍ਰਤੀਤ ਹੁੰਦੀ ਹੈ। ਨਮੂਨੇ ਵਜੋਂ :

> ਹੁਣ ਬਾਦਸ਼ਾਹ ਦੇ ਦਿਲ ਵਿਚ ਏਹ ਆਇਆ। ਜੇਹੜੀ ਖੇੜੀ ਪੰਦਾ ਹਜ਼ਾਰ ਮਣ ਪੱਕੇ ਤੋਂ ਬੋਝ ਜ਼ਿਆਦਾ ਲੈ ਜਾਵੇ। ਉਸ ਦੇ ਉੱਪਰ ਜਹਾਜ਼ ਨੂੰ ਬਣਾਵਓ। ਜੋ ਉਹ ਅਸਾਨ ਰਾਵੀ ਦੇ ਰਸਤੇ ਤੇ ਸਰ-ਮੰਜ਼ਲ ਜਾ ਪਹੁੰਚੇਗਾ। ਚੌਬੀਸਵੀਂ ਸਾਉਣ ਦੀ ਜਹਾਜ਼ ਬਨਾਣ ਲਗਾ ਹੈਸੀ ਅਰੁ ਅਠਾਈਸਵੀਂ ਪੋਹ ਦੀ ਤਿਆਰ ਹੋਇਆ। ਸੈਤੀ ਗਜ ਲੰਮਾ। |

**ਸੁਨੀਤਿ ਪ੍ਰਕਾਸ਼ :**

ਇਸ ਕਾਲ ਦਾ ਦੂਜਾ ਪ੍ਰਮੁੱਖ ਅਨੁਵਾਦ ਹੈ 'ਸੁਨੀਤਿ ਪ੍ਰਕਾਸ਼ ਜੋ ਫ਼ਾਰਸੀ ਦੀ ਪ੍ਰਸਿੱਧ ਰਚਨਾ 'ਇਖਲਾਕਿ ਮੋਹਸਨੀਨ' ਦਾ ਪੰਜਾਬੀ ਵਿਚ ਉਲਥਾਇਆ ਰੂਪ ਹੈ। ਮੂਲ ਪੁਸਤਕ ਹੁਸੈਨ ਵਾਇਜ਼ ਕਾਸਿਫ਼ੀ ਨੇ ਈਰਾਨ ਵਿਚ ਲਿਖ ਕੇ ਉਸ ਵਕਤ ਦੇ ਬਾਦਸ਼ਾਹ ਨੂੰ ਭੇਂਟ ਕੀਤੀ ਸੀ। ਇਸ ਵਿਚ ਬਾਦਸ਼ਾਹ ਲਈ ਨੈਤਿਕਤਾ ਸੰਬੰਧੀ ਸਿਧਾਂਤਾਂ ਨੂੰ ਸਮੋਇਆ ਗਿਆ ਹੈ ਅਤੇ ਰਾਜਨੈਤਿਕ ਮਸਲਿਆਂ ਉੱਤੇ ਵੀ ਪ੍ਰਕਾਸ਼ ਪਾਇਆ

ਗਿਆ ਹੈ, ਇਸ ਲਈ ਇਸ ਦਾ ਇਕ ਨਾਮਾਂਤਰ 'ਭਾਖਾ-ਰਾਜਨੀਤ' ਵੀ ਹੈ। ਨੈਤਿਕ ਕੀਮਤਾਂ ਦਾ ਮੂਲ ਆਧਾਰ ਇਸਲਾਮਿਕ ਸਦਾਚਰਣ ਹੈ।

'ਸੁਨੀਤਿ ਪ੍ਰਕਾਸ਼' ਦੇ ਅਨੁਵਾਦਕ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ, ਪਰ ਉਹ ਫ਼ਾਰਸੀ ਅਤੇ ਪੰਜਾਬੀ ਦਾ ਚੰਗਾ ਵਿਦਵਾਨ ਅਤੇ ਸਵੱਛ ਆਚਰਣ ਵਾਲਾ ਵਿਅਕਤੀ ਪ੍ਰਤੀਤ ਹੁੰਦਾ ਹੈ। ਉਸ ਨੇ 1820 ਈ. (1877 ਬਿ. ) ਵਿਚ ਇਹ ਅਨੁਵਾਦ ਮੁਕੰਮਲ ਕੀਤਾ । ਲਗਭਗ 150 ਪਤਰਿਆਂ ਦੀ ਇਹ ਰਚਨਾ ਅਜੇ ਅਣਪ੍ਰਕਾਸ਼ਿਤ ਹੈ। ਇਸ ਵਿਚ ਕੁਲ 40 ਅਧਿਆਇ ਹਨ । ਅਨੁਵਾਦਕ ਨੇ ਬੜੀ ਸਰਲ ਅਤੇ ਸਪਸ਼ਟ ਪੰਜਾਬੀ ਵਿਚ ਬਾਦਸ਼ਾਹ ਨੂੰ ਨੇਕ-ਨੀਤੀ ਦੀ ਬਿਰਤੀ ਨੂੰ ਅਪਣਾਉਣ ਲਈ ਸੁਝਾ ਦਿੱਤੇ ਹਨ। ਪੁਰਾਤਨ ਪੰਜਾਬੀ ਵਾਰਤਕ ਦੇ ਸੁਭਾ ਅਨੁਸਾਰ ਇਸ ਦੇ ਵਾਕ ਬੜੇ ਨਿੱਕੇ ਨਿੱਕੇ ਅਤੇ ਇਕਹਿਰੇ ਹਨ। ਬਾਦਸ਼ਾਹ ਨੂੰ ਨੈਤਿਕ ਆਚਾਰ ਸਮਝਾਉਣ ਲਈ ਇਸਲਾਮਿਕ ਮਿਥਿਹਾਸ ਤੋਂ ਵੀ ਸਹਾਇਤਾ ਲਈ ਗਈ ਹੈ । ਨਮੂਨੇ ਵਜੋਂ :

ਜੈਸੇ ਹਜ਼ਰਤ ਅਲੀ ਕੀ ਹਿਕਾਇਤ ਕਹੀ ਹੈ ਜੋ ਜਿਸ ਵਖਤ ਉਨ ਕੀ ਬਾਦਸ਼ਾਹਤ ਸਾਰਾ ਦਿਨ ਲੋਕਾਂ ਦੇ ਕੰਮ ਕਰਤੇ। ਕਦੀ ਇਕ ਘੜੀ ਨਾ ਸੋਵਦੇ । ਸੰਗੀਆਂ ਨੇ ਕਹਾ ਹਜ਼ਰਤ ਕਿਉਂ ਦੁਖ ਇਤਨਾ ਅਪਨੇ ਪਰ ਲੀਆ ਹੈ ਜੁ ਰਾਤ ਦਿਨ ਮੇਂ ਜਰਾ ਆਰਾਮ ਨਹੀਂ ਕਰਤੇ। ਹਜ਼ਰਤ ਨੇ ਫੁਰਮਾਇਆਂ, ਜੇ ਮੈਂ ਦਿਨ ਮੈਂ ਆਰਾਮ ਕਰਾ ਖਲਕਤ ਵਿਚ ਕੁਨਿਆਈ ਕੇ ਮਰਤੀ ਹੈ ਜੇ ਰਾਤ ਨੂੰ ਆਰਾਮ ਕਰਾਂ ਅਗਲਾ ਜਹਾਨ ਹਥ ਤੇ ਜਾਂਦਾ ਹੈ।

**ਭਗਵਤ ਗੀਤਾ :**

ਇਸ ਕਾਲ ਦਾ ਤੀਜਾ ਅਨਵਾਦ 'ਭਗਵਦ ਗੀਤਾ" ਦਾ ਹੈ। ਸਿਆਲਕੋਟ ਦੇ ਰਹਿਣ ਵਾਲੇ ਫਕੀਰ ਨੂਰ ਸ਼ਾਹ ਨੇ ਇਹ ਅਨੁਵਾਦ ਸੰਸਕ੍ਰਿਤ ਤੋਂ ਨਾ ਕਰਕੇ ਪਹਿਲਾਂ ਸੰਸਕ੍ਰਿਤ ਤੋਂ ਫ਼ਾਰਸੀ ਵਿਚ ਹੋ ਚੁੱਕੇ ਅਨੁਵਾਦ ਦਾ ਅਨੁਵਾਦ ਕੀਤਾ ਹੈ । ਇਹ ਅਨੁਵਾਦ ਜਰਨੈਲ ਮਹਿਤਾਬ ਸਿੰਘ ਦੇ ਕਹੇ 'ਤੇ ਕੀਤਾ ਗਿਆ । ਅਨੁਮਾਨ ਹੈ ਇਹ ਅਨੁਵਾਦ 1830-35 ਈ. ਵਿਚਾਲੇ ਹੋਇਆ ਹੋਵੇਗਾ। ਇਹ ਰਚਨਾ ਅਜੇ ਪ੍ਰਕਾਸ਼ਿਤ ਨਹੀਂ ਹੋਈ। ਇਸ ਦੀ ਵਾਰਤਕ ਉੱਤੇ ਫ਼ਾਰਸੀ ਤੋਂ ਇਲਾਵਾ ਉਰਦੂ ਅਤੇ ਖੜੀ ਬੋਲੀ ਦਾ ਪ੍ਰਭਾਵ ਵਿਸ਼ੇਸ਼ ਉੱਲੇਖਯੋਗ ਹੈ । ਵਿਆਕਰਣ ਉੱਤੇ ਵੀ ਉਰਦੂ ਦਾ ਅਸਰ ਦ੍ਰਿਸ਼ਟੀਗੋਚਰ ਹੁੰਦਾ ਹੈ। ਨਮੂਨੇ ਵਜੋਂ :

> ਹੇ ਅਰਜਨਿ, ਜੋ ਨਰਿ ਅਉਲਾਦ ਦਰਮਿਆਨ ਧਾਮ ਆਪਿਨੇ ਕੇ ਰਾਖਤ ਨਹੀਂ ਵਹ ਪੁਰਖ ਜੀਤੇ ਜੀ ਹੀ ਨਰਕ ਬਿਖੇ ਗਰਿਫਿਤਾਰ ਹੀ ਹੁਆ | ਉਸਿ ਨ ਕੀ ਜਿੰਦਗਾਨੀ ਜਹਾਨ ਸੇ ਬਰਬਾਦ ਹੀ ਹੈ, ਬਲਕਿ ਜੀਤੇ ਹੀ ਜੀ ਮਿਤਿਕ ਹੂਆ।

**ਜ਼ਫ਼ਰਨਾਮਾ**

ਇਸ ਕਾਲ ਦਾ ਚੌਥਾ ਉੱਲੇਖਯੋਗ ਅਨੁਵਾਦ ਪੰਜਾਬ ਸਿੰਘ ਬਹਿਲੋ ਦੁਆਰਾ 'ਜ਼ਫ਼ਰਨਾਮਾ" ਦਾ ਫ਼ਾਰਸੀ ਤੋਂ ਪੰਜਾਬੀ ਵਿਚ ਕੀਤਾ ਉਲਥਾ ਹੈ । ਇਕ ਸੌ ਤੋਂ ਵੱਧ ਪਤਿਰਆਂ ਦੀ ਇਹ ਰਚਨਾ ਅਜੇ ਅਣਛਪੀ ਪਈ ਹੈ। ਆਰੰਭ ਵਿਚ ਅਨੁਵਾਦਕ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਕਰਕੇ ਫਿਰ ਹਕਾਇਤ-ਵਾਰ ਅਨੁਵਾਦ ਕੀਤਾ ਹੈ । ਫ਼ਾਰਸੀ ਦਾ ਪਾਠ ਦੇ ਕੇ ਫਿਰ ਪੰਜਾਬੀ ਰੂਪਾਂਤਰ ਲਿਖਿਆ ਹੈ। ਇਸ ਦੀ ਬੋਲੀ ਸਰਲ ਪੰਜਾਬੀ ਅਤੇ ਮਲਵਈ ਉਪ-ਭਾਸ਼ਾ ਤੋਂ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਹੈ :

> ਜੋ ਲਵਾ ਲਵ ਲਬਾ ਲਬ) ਕਰਤੇ ਦੇਹ ਮੇਰੇ ਤਾਈ । ਜੋ ਸੁਆਸ ਸੁਆਸ ਮੈਂ ਪੀਣ ਕਰਾਂ ਤਿਸ ਪਿਆਲੇ ਕੇ ਤਾਈਂ। ਜੋ ਜੈਸਾ ਪ੍ਰਤਾਪ ਹੈ, ਤੇਰੇ ਪਿਆਲੇ ਕਾ। ਗਮ ਜੋ ਹੈ ਦੋਹਾ ਜਹਾਨਾਂ ਕਾ ਜੰਮਣ ਅਰੁ ਮਰਣ ਕਾ ਸੈ ਦੂਰ ਭੁੱਲ ਜਾਂਦਾ ਹੈ।

**ਆਇਨੇ ਅਕਬਰੀ**

ਇਸ ਕਾਲ ਵਿਚ 'ਆਇਨੇ ਅਕਬਰੀ' ਦਾ ਅਨੁਵਾਦ ਭਾਈ ਮਹਿਤਾਬ ਸਿੰਘ ਸ਼ੇਰਵਾਲਾ ਨੇ 1828 ਈ. (1885 ਬਿ. ) ਵਿਚ ਕੀਤਾ । ਕੁਝ ਵਿਦਵਾਨਾਂ ਦਾ ਮਤ ਹੈ ਕਿ ਇਸ ਅਨੁਵਾਦ ਦਾ ਮੂਲ ਲੇਖਕ ਅਗਿਆਤ ਹੈ ਅਤੇ ਮਹਿਤਾਬ ਸਿੰਘ ਨੇ ਉਸ ਨਾਮਾਲੂਮ ਅਨੁਵਾਦਕ ਦੀ ਲਿਖੀ ਪੋਥੀ ਦਾ ਕੇਵਲ ਉਤਾਰਾ ਕੀਤਾ ਹੈ । ਇਹ ਰਚਨਾ ਅਜੇ ਪ੍ਰਕਾਸ਼ਿਤ ਨਹੀਂ ਹੋਈ । ਆਇਨੇ ਅਕਬਰੀ' ਅਸਲ ਵਿਚ ਅਬੁਲ ਫ਼ਜ਼ਲ ਕਿਤ ਅਕਬਰਨਾਮਾ' ਦਾ ਤੀਜਾ ਦਫ਼ਤਰ (ਖੰਡ) ਹੈ। ਇਸ ਵਿਚ ਅਧਿਕਤਰ ਅਕਬਰ ਬਾਦਸ਼ਾਹ ਦੇ ਪ੍ਰਬੰਧਕੀ ਢਾਂਚੇ ਉੱਤੇ ਪ੍ਰਕਾਸ਼ ਪਾਇਆ ਗਿਆ ਹੈ। ਇਸ ਦੀ ਵਾਰਤਕ ਦਾ ਨਮੂਨਾ ਇਸ ਪ੍ਰਕਾਰ ਹੈ :

> ਉਸੀ ਜਗਾ ਸ਼ਹਾਬ ਦੀਨ ਅਹਿਮਦ ਖਾਂ ਸਮੇਤ ਭਾਈਆਂ ਦੇ ਬਾਦਸ਼ਾਹ ਪਾਸ ਆ ... ਹੋਇਆ । ਅਰ ਬਾਦਸ਼ਾਹ ਦੀਆਂ ਉਸ ਉੱਪਰ ਬਹੁਤ ਮਿਹਰਬਾਨੀਆਂ ਹੋਈਆਂ। ਨੌਕਰ ਕਦੀਮੀ ਬਾਦਸ਼ਾਹੀ ਹੈਸੇ, ਉਨ੍ਹਾਂ

ਨੂੰ ਬਾਦਸ਼ਾਹ ਨੇ ਫਰਮਾਨ ਏਹ ਭੇਜਿਆ ਜੋ ਬੇਰ, ਖਾਂ ਸਾਡੇ ਹੁਕਮ ਤੋਂ ਬਾਹਰ ਹੈ ਅਰ ਗਰੂਰਤ ਨਾਲ ਸਿਧੇ ਰਾਹ ਨਹੀਂ ਸੀ ਤੁਰਦਾ। ਖਾਸ ਕਾਰਖਾਨੇ ਵਿਚ ਬੰਦੂਖਾਂ ਜਾਂ ਤਾਂ ਆਪਣੀਆਂ ਬਣਵਾਈਆਂ ਹੁੰਦੀਆਂ ਹਨ ਜਾਂ ਖਰੀਦੀਆਂ ਹੁੰਦੀਆਂ ਹਨ ਜਾਂ ਪੇਸ਼ਕਸ਼ ਯਾਨੇ ਨਜ਼ਰਾਨਾ ਆਈਆਂ ਹੋਈਆਂ।...

ਫ਼ਾਰਸੀ ਪੁਸਤਕਾਂ ਤੋਂ ਇਲਾਵਾ ਸੰਸਕ੍ਰਿਤ ਪੁਸਤਕਾਂ ਦਾ ਵੀ ਪੰਜਾਬੀ ਵਿਚ ਅਨੁਵਾਦ ਕੀਤਾ ਗਿਆ, ਭਾਵੇਂ ਕੋਈ ਮਹੱਤਵਪੂਰਣ ਅਨੁਵਾਦਿਤ ਰਚਨਾ ਨਹੀਂ ਹੋਈ, ਫਿਰ ਵੀ ਕੁਝ ਯਤਨ ਅਵੱਸ਼ ਹੋਏ ਹਨ। ਕਿਸ਼ੋਰ ਦਾਸ ਨੇ ਭਗਵਦ ਗੀਤਾ ਅਤੇ ਉਸ ਦੇ ਮਹਾਤਮ ਦਾ ਅਨੁਵਾਦ ਪੰਜਾਬੀ ਵਿਚ ਕੀਤਾ। ਭਾਈ ਪਰਤਾਪ ਸਿੰਘ ਨੇ 'ਰਾਧਾ ਗੋਬਿੰਦ ਸੰਗਤੀ ਨੂੰ ਪੰਜਾਬੀ ਵਿਚ ਉਲਥਾਇਆ। ਇਕ ਅਗਿਆਤ ਲੇਖਕ ਨੇ 'ਵਿਸ਼ਣੂ ਪੁਰਾਣ ਦਾ ਪੰਜਾਬੀ ਰੂਪਾਂਤਰਣ ਪੇਸ਼ ਕੀਤਾ। ਅਜਿਹੇ ਸਾਰੇ ਅਨੁਵਾਦ ਹਿੰਦੀ ਜਾਂ ਪੰਜਾਬੀ ਪ੍ਰਭਾਵਿਤ ਬ੍ਰਜ ਭਾਸ਼ਾ ਵਿਚ ਹੋਣ ਕਾਰਣ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਕੋਈ ਖ਼ਾਸ ਭੂਮਿਕਾ ਨਹੀਂ ਨਿਭਾਉਂਦੇ। ਇਸ ਕਾਲ ਵਿਚ ਫ਼ਾਰਸੀ ਅਤੇ ਸੰਸਕ੍ਰਿਤ ਭਾਸ਼ਾਵਾਂ ਤੋਂ ਇਲਾਵਾ ਅੰਗੇਜ਼ੀ ਤੋਂ ਵੀ ਅਨੁਵਾਦ ਕਰਨ ਦੀ ਪਿਰਤ ਪਈ। ਇਹ ਕੰਮ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਕਰਨ ਦੇ ਇਕ ਵਸੀਲੇ ਵਜੋਂ ਸਾਹਮਣੇ ਆਇਆ। ਈਸਾਈ ਮਿਸ਼ਨਰੀਆਂ ਦੇ ਸਰੂਪ ਅਤੇ ਉਨ੍ਹਾਂ ਦੀ ਪੰਜਾਬੀ ਵਾਰਤਕ ਨੂੰ ਦੇਣ ਦੀ ਗੱਲ ਅਧਿਕ ਵਿਸਤਾਰ ਨਾਲ ਕਰਨ ਦਾ ਅਵਸਰ ਤਾਂ ਅਗਲੇ ਕਾਲ-ਖੰਡ ਵਿਚ ਆਏਗਾ, ਪਰ ਇਥੇ ਇਤਨਾ ਦੱਸ ਦੇਣਾ ਅਸੰਗਤ ਨਹੀਂ ਹੋਵਗਾ ਕਿ ਵਿਲੀਅਮ ਕੇਰੀ ਨੇ "ਨਵੇਂ ਨੇਮ (ਨਿਊ ਟੈਸਟਾਮੈਂਟ) ਦਾ ਪੰਜਾਬੀ ਅਨੁਵਾਦ 1807 ਈ. ਵਿਚ ਸ਼ੁਰੂ ਕਰ ਕੇ 1809 ਵਿਚ ਖਤਮ ਕੀਤਾ ਅਤੇ ਇਸ ਦੀ ਛਪਾਈ ਨਾਲ ਨਾਲ ਜਾਰੀ ਰਹੀ। 647 ਪੰਨਿਆਂ ਦਾ ਇਹ ਅਨੁਵਾਦ 1811 ਈ. ਵਿਚ ਛਪ ਕੇ ਸਾਹਮਣੇ ਆਇਆ। ਇਸ ਦਾ ਨਾਂ "ਪਰਮੇਸੁਰ ਦੇ ਸ਼ੁਭ ਬਚਨ ਰਖਿਆ ਗਿਆ। ਇਸ ਤੋਂ ਬਾਅਦ ਓਲਡ ਟੈਸਟਾਮੈਂਟ ਦਾ ਅਨੁਵਾਦ ਵੀ ਛਾਪਿਆ ਗਿਆ। ਇਸ ਤੋਂ ਇਲਾਵਾ ਕੁਝ ਪ੍ਰਸੰਗਾਂ, ਗਾਥਾਵਾਂ ਆਦਿ ਦੇ ਵੀ ਅਨੁਵਾਦ ਛਾਪੇ ਗਏ। ਪਰ ਇਹ ਸਾਰਾ ਕੰਮ ਧਰਮ ਪ੍ਰਚਾਰ ਦੀ ਦਿਸ਼ਟੀ ਤੋਂ ਕੀਤੇ ਜਾਣ ਕਾਰਣ ਸਾਹਿਤਿਕ ਦ੍ਰਿਸ਼ਟੀ ਤੋਂ ਕੋਈ ਖਾਸ ਮਹੱਤਵ ਨਹੀਂ ਰਖਦਾ। ਇਥੇ ਇਹ ਦੱਸਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਈਸਾਈ ਮਿਸ਼ਨਰੀਆਂ ਨੇ ਪੰਜਾਬੀ ਵਿਆਕਰਣ ਅਤੇ ਕੋਸ਼ ਤਿਆਰ ਕਰਨ ਵਿਚ ਪਹਿਲ ਕੀਤੀ ਅਤੇ ਗੁਰਮੁਖੀ ਟਾਈਪ ਤਿਆਰ ਕਰਵਾ ਕੇ ਪੰਜਾਬੀ ਵਿਚ ਪੁਸਤਕਾਂ ਛਾਪਣ ਦੀ ਪਿਰਤ ਪਾਈ। ਇਸ ਤਰ੍ਹਾਂ 1850 ਤੋਂ ਬਾਅਦ ਰਚੇ ਗਏ ਸਾਹਿੱਤ ਨੂੰ ਉਤਸਾਹ ਮਿਲਿਆ। ਉਪਰੋਕਤ ਰਚਨਾਵਾਂ ਤੋਂ ਇਲਾਵਾ ਪੰਜਾਬੀ ਤੋਂ ਪ੍ਰਭਾਵਿਤ ਬ੍ਰਜ ਭਾਸ਼ਾ ਵਿਚ ਲਿਖੀਆਂ ਕੁਝ ਪੋਥੀਆਂ ਵੀ ਮਿਲਦੀਆਂ ਹਨ ਜਿਨ੍ਹਾਂ ਦਾ ਸੰਬੰਧ ਅਧਿਕਤਰ ਹਿੰਦੂ ਧਰਮ ਅਤੇ ਦਰਸ਼ਨ ਨਾਲ ਹੈ ਜਿਵੇਂ ਸਾਧੂ ਠਾਕਰ ਦਾਸ ਅਨੇਮੀ ਕ੍ਰਿਤ "ਇਸਥਿਤੀ ਗਿਆਨ` ਅਤੇ ਵਿਚਾਰ ਨੌਕਾ ਗੰਥ` , ਸਾਧੂ ਗੁਲਾਬਦਾਸ ਕਿਤ 'ਗੁਲਾਬ ਗੀਤਾ` ਆਦਿ। ਕੁਝ ਰਿਪੋਰਟਾਂ, ਡਾਇਰੀਆਂ, ਚਿੱਠੀਆਂ ਦੇ ਅਨੁਵਾਦ ਵੀ ਮਿਲਦੇ ਹਨ। ਵਹਿਮਾਂ-ਭਰਮਾਂ ਜਾਂ ਹਿਕਮਤ ਦੀਆਂ ਪੁਸਤਕਾਂ ਦੇ ਵੀ ਕੁਝ ਕੁ ਅਨੁਵਾਦ ਇਸ ਯੁਗ ਵਿਚ ਹੋਏ ਮਿਲ ਜਾਂਦੇ ਹਨ। ਉਪਰੋਕਤ ਸਾਰੇ ਰੂਪ ਦੇਖਣ ਤੋਂ ਬਾਅਦ ਮੱਧਕਾਲੀ ਵਾਰਤਕ ਦੀਆਂ ਕੁਝ ਸਾਂਝੀਆਂ ਵਿਸ਼ੇਸ਼ਤਾਵਾਂ ਬਾਰੇ ਵੀ ਹੇਠਾਂ ਵਿਚਾਰ ਕੀਤੀ ਗਈ ਹੈ ਜਿਵੇਂ

**ਮੱਧਕਾਲੀਨ ਪੰਜਾਬੀ ਸਾਹਿਤ : ਸਾਂਝੀਆਂ ਵਿਸ਼ੇਸ਼ਤਾਵਾਂ**

ਮੱਧਕਾਲ ਵਿੱਚ ਪੰਜਾਬੀ ਸਾਹਿਤ ਦੀ ਇੱਕ ਅਮੀਰ ਪਰੰਪਰਾ ਸੀ। ਆਦਿ ਕਾਲ ਵਿੱਚ ਜਿੱਥੇ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਆਪਣੀ ਪੁੰਗਰਵੀਂ ਅਵਸਥਾ ਵਿੱਚ ਸੀ ਉੱਥੇ ਮੱਧਕਾਲ ਵਿੱਚ ਪੰਜਾਬੀ ਸਾਹਿਤ ਦੀ ਅਮੀਰ ਪਰੰਪਰਾ ਸਮਰਿੱਧ ਹੋਈ। ਆਦਿਕਾਲ ਦੀਆਂ ਸਮੁੱਚੀਆਂ ਕਾਵਿ ਧਾਰਾਵਾਂ ਜਿਵੇਂ ਸੂਫ਼ੀ ਕਾਵਿ ਤੇ ਬੀਰ ਕਾਵਿ ਮੱਧਕਾਲ ਵਿੱਚ ਆਪਣੇ ਪੂਰੇ ਜਾਹੋ-ਜਲਾਲ ਵਿੱਚ ਪੇਸ਼ ਹੁੰਦੀਆਂ ਹਨ।

ਮੱਧਕਾਲ 1500 ਈ. ਤੋਂ 1849 ਈ. ਤੱਕ ਜਾਰੀ ਰਹਿੰਦਾ ਹੈ। ਇਸ ਕਾਲ ਦੌਰਾਨ ਕਈ ਅਹਿਮ ਰਾਜਨੀਤਿਕ ਪਰਿਵਰਤਨ ਵੀ ਆ ਚੁੱਕੇ ਸਨ। ਮਸਲਨ ਪੰਜਾਬ ਉੱਤੇ ਮੁਸਲਮਾਨਾਂ ਦਾ ਕਬਜ਼ਾ ਹੋ ਚੁੱਕਾ ਸੀ ਜੋ ਅੱਗੇ ਜਾ ਕੇ, ਮੁਗਲਾਂ ਦੇ ਕਬਜ਼ੇ (ਬਾਬਰ) ਨਾਲ ਪੱਕੇ ਪੈਰੀਂ ਸਥਾਪਿਤ ਹੁੰਦਾ ਹੈ। ਲੰਬੇ ਸਮੇਂ ਤੋਂ ਹਮਲਿਆਂ ਦੀ ਮਾਰ ਹੇਠ ਆਈ ਪੰਜਾਬ ਦੀ ਇਸ ਭਮੀ ਉੱਤੇ ਸ਼ਾਂਤੀ ਦੀ ਸਥਾਪਨਾ ਹੁੰਦੀ ਹੈ। ਸਾਹਿਤ ਵਰਗੀ ਕੋਮਲ ਕਲਾ ਇਸ ਸ਼ਾਂਤ ਵਾਤਾਵਰਨ ਵਿੱਚ ਹੀ ਪੁੰਗਰ ਅਤੇ ਵਧ-ਫੁਲ ਸਕਦੀ ਹੈ।

ਮੱਧਕਾਲ ਦੀਆਂ ਸਾਰੀਆਂ ਕਾਵਿ ਧਾਰਾਵਾਂ ਬਹੁਕੌਮੀ ਸੰਵਾਦ ਵਿੱਚੋਂ ਪੈਦਾ ਹੋਈਆਂ ਹਨ। ਭਗਤੀ ਕਾਵਿਧਾਰਾ ਬਾਹਮਣਵਾਦ ਦੇ ਵਿਰੋਧ ਵਿੱਚੋਂ, ਗੁਰਮਤਿ ਕਾਵਿ ਧਾਰਾ ਸਿੱਧ-ਨਾਥ-ਸੰਤ ਸੰਵਾਦ ਵਿੱਚੋਂ ਅਤੇ ਸੂਫ਼ੀ ਕਾਵਿਧਾਰਾ ਸ਼ਰੀਅਤ ਵਿਰੋਧੀ ਸੰਵਾਦ ਵਿੱਚੋਂ ਫੁੱਲਤ ਹੋਈ।

ਜਦੋਂ ਅਸੀਂ ਮੱਧਕਾਲੀਨ ਪੰਜਾਬੀ ਸਾਹਿਤ ਨੂੰ ਗਹੁ ਨਾਲ ਵਾਚਦੇ ਹਾਂ ਉਸ ਵਿੱਚੋਂ ਹੇਠ ਲਿਖੀਆਂ ਸਾਂਝੀਆਂ ਵਿਸ਼ੇਸ਼ਤਾਵਾਂ ਵੇਖਣ ਨੂੰ ਮਿਲਦੀਆਂ ਹਨ :

**(1) ਇਸ਼ਕ ਦਾ ਸੰਕਲਪ**

ਇਸ਼ਕ' ਅਤੇ 'ਪ੍ਰੇਮ' ਸਮਾਨਾਰਥਕ ਸ਼ਬਦ ਹਨ। ਮੱਧਕਾਲੀਨ ਕਾ ਵਿੱਚ ਇਸ਼ਕ ਦਾ ਸੰਕਲਪ ਕਾਰਜਸ਼ੀਲ ਹੈ। ਇਸ ਦਾ ਰੂਪ ਅੱਗੋਂ ਕੋਈ ਵੀ ਹੈ। ਭਾਵੇਂ ਉਹ ਇਸ਼ਕ ਮਿਜਾਜ਼ੀ ਹੋਵੇ ਭਾਵੇਂ ਹਕੀਕੀ। ਮੱਧਕਾਲੀ ਸਾਹਿਤ ਹਕੀਕੀ ਇਸ਼ਕ, ਮਿਜਾਜ਼ੀ ਨਾਲੋਂ ਅਗਰਭੂਮ ਵਿੱਚ ਹੈ। ਵਾਰਿਸ ਸ਼ਾਹ ਦੇ ਆਉਣ ਨਾਲ ਕਿੱਸਾ-ਕਾਵਿ (ਮਿਜਾਜ਼ੀ ਇਸ਼ਕ) ਵਿੱਚ ਵੀ ਇਸ਼ਕ ਹਕੀਕੀ ਦੀ ਗੱਲ ਚੱਲ - ਇਸ਼ਕ ਮਿਜਾਜ਼ੀ ਦਾ ਸਰੂਪ ਵੀ ਇਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਕਿ ਉਸ ਵਿਚੋਂ ਇਸ਼ਕ ਹਕੀਕੀ ਦੇ ਝਉਲੇ ਪੈਂਦੇ ਹਨ। ਸੂਫ਼ੀ ਕਾਵਿ ਧਾਰਾ 'ਇਸ਼ਕ' ਦੇ ਸੰਕ ਸਥਾਪਿਤ ਕਰਨ ਵਾਲੀ ਪ੍ਰਮੁੱਖ ਕਾਵਿ-ਧਾਰਾ ਹੈ। ਇਸ ਵਿੱਚ ਰੱਬ ਅਤੇ Mr ਇਸ਼ਕ ਦੀ ਗੱਲ ਹੋਈ ਹੈ। ਗੁਰਮਤਿ ਕਾਵਿ ਧਾਰਾ ਵਿੱਚ ਵੀ ਰੱਬੀ ਇਸ਼ਕ (ਪੇ ਗੱਲ ਹੋਈ ਹੈ। ਸੂਫ਼ੀ ਕਾਵਿ ਧਾਰਾ ਦਾ ਤਕਨੀਕੀ ਸੰਕਲਪ 'ਇਸ਼ਕ ਗੁਰਮਤਿ 'ਭਾਉ ਵਜੋਂ ਪੇਸ਼ ਹੋਇਆ ਹੈ। ਬੀਰ ਕਾਵਿ ਧਾਰਾ ਇਸ ਦਾ ਅਪਵਾਦ ਜ਼ਰੂਰ ਹੈ ਪਰ ਰਚਨਾਕਾਰ ਦੀ ਨਾਇਕ ਪ੍ਰਤੀ ਸ਼ਰਧਾ (ਇਸ਼ਕ) ਇਥੇ ਵੀ ਕਾਰਜਸ਼ੀਲ ਹੈ। ਇਸ ਤੋਂ ਇਲਾਵਾ ਸਮੁੱਚੇ ਮੱਧਕਾਲੀਨ ਸਾਹਿਤ ਵਿੱਚ ਜਿਹੜੀ ਸੰਦੇਸ਼ਮਈ ਸੁਰ ਗੂੰਜਦੀ ਹੈ, ਉਨ੍ਹਾਂ ਪਿੱਛੇ ਵੀ ਲੋਕਾਈ ਦੀ ਭਲਾਈ (ਇਸ਼ਕ) ਦਾ ਤੱਤ ਹੀ ਕਾਰਜਸ਼ੀਲ ਹੈ।

**( 2 ) ਯਥਾਰਥ ਦੀ ਥਾਂ ਅਧਿਆਤਮਕਤਾ 'ਤੇ ਜ਼ੋਰ ,**

ਮੱਧਕਾਲ ਦੀਆਂ ਸਮੁੱਚੀਆਂ ਕਾਵਿਧਾਰਾਵਾਂ ਅਧਿਆਤਮਵਾਦ ਵਿੱਚ ਵਿਸ਼ਵਾਸ ਰੱਖਦੀਆਂ ਹਨ। ਮੱਧਕਾਲ ਦੀ ਮਾਨਵੀ ਚੇਤਨਾ ਦੀ ਮੂਲ ਚੂਲ ਅਧਿਆਤਮਵਾਦ ਹੈ , ਜਿਹੜੀ ਇਸ ਸੰਸਾਰ ਦੀ ਸੰਚਾਲਕ ਸ਼ਕਤੀ ਵਜੋਂ ਕਿਸੇ ਪਰਾਭੌਤਿਕ ਹੋਂਦ ਵਿੱਚ ਵਿਸ਼ਵਾਸ ਰੱਖਦੀ ਹੈ। ਇਸ ਪਰਾ-ਭੌਤਿਕਤਾ ਦੀ ਪਿੱਠਭੂਮੀ ਵਿੱਚ ਕਰਮ-ਕਾਂਡ, ਮਨੌਤਾਂ, ਜਾਦੂਮਈ ਵਰਤਾਰੇ, ਹੋਣੀ, ਕਰਾਮਾਤਾਂ, ਘਟਨਾਵਾਂ ਆਦਿ ਰੋਮਾਂਚਕਾਰੀ ਤੱਤ ਕਾਰਜਸ਼ੀਲ ਹਨ।

**( 3 ) ਇਸਤਰੀ ਜਾਤੀ ਦੀ ਨਿਖੇਧੀ**

ਮੱਧਕਾਲੀਨ ਸਾਹਿਤ ਮਰਦ ਪ੍ਰਧਾਨ ਸੁਰ ਦਾ ਧਾਰਨੀ ਹੈ। ਖ਼ਾਸ ਕਰਕੇ ਕਿੱਸਾ ਕਾਵਿ ਵਿੱਚ ਇਸ ਦੀ ਪ੍ਰਚੰਡ ਸੁਰ ਵੇਖੀ ਜਾ ਸਕਦੀ ਹੈ। ਇਸਤਰੀ ਜਾਤੀ ਨੂੰ ਇਸ ਵਿੱਚ ਉੱਚਾ ਸਤਿਕਾਰ ਨਹੀਂ ਦਿੱਤਾ ਗਿਆ। ਇਸ ਪਿੱਛੇ ਬਨਿਆਦੀ ਕਾਰਨ ਇਹ ਹੈ ਕਿ ਜਾਗੀਰਦਾਰੀ ਕਦਰਾਂ-ਕੀਮਤਾਂ ਵਿੱਚ ਇਸਤਰੀ ਦੀ ਸਮਾਜਿਕ ਸਥਿਤੀ ਨੇ ਪੱਧਰ ਦੀ ਸੀ। ਆਰਥਿਕ ਤੌਰ `ਤੇ ਸੁਤੰਤਰ ਨਾ ਹੋਣ ਕਰਕੇ ਉਹ ਮਰਦ ਜਾਤ ਦੇ ਅਧੀਨ ਸੀ। ਇਸ ਕਰਕੇ ਇਸਤਰੀ ਆਦਿਕਾਲ ਤੋਂ ਹੀ ਨਿੰਦਾ ਦਾ ਆਧਾਰ ਬਣੀ ਰਹੀ। ਉਸ ਨੂੰ 'ਬਾਘਣੀ ਕਹਿਣ ਤੋਂ ਵੀ ਗੁਰੇਜ਼ ਨਹੀਂ ਕੀਤਾ ਗਿਆ :

ਦਾਮ ਕਾਢ ਬਾਘਣ ਲੈ ਆਇਆ

ਮਾਉ ਹੈ ਮੇਰਾ ਪੂਤ ਬਿਆਹਿਆ।

ਬਾਅਦ ਵਾਲੀਆਂ ਕਾਵਿਧਾਰਾਵਾਂ ਵਿੱਚੋਂ ਕਿੱਸਾ ਕਾਵਿਧਾਰਾ ਇਸਤਰੀ ਦੀ ਸਿਖਰ ਤੋਂ ਨਿਬੜਦੀ ਹੈ। ਜਿਵੇਂ :

(i) ਵਾਰਿਸ ਰੰਨ, ਫ਼ਕੀਰ, ਤਲਵਾਰ, ਘੋੜਾ। ਚਾਰ ਥੋਕ ਕਿਸੇ ਦੇ ਯਾਰ ਨਾਹੀਂ।

ਵਾਰਤਕ ਦੀ ਥਾਂ ਕਾਵਿ ਦੀ ਬਹੁਲਤਾ ,

ਇਸ ਕਾਲ ਵਿੱਚ ਵਾਰਤਕ ਦੀ ਥਾਂ ਕਾਵਿ ਦੀ ਬਹੁਲਤਾ ਰਹੀ ਹੈ। ਸ਼ਬਦ ਭਾਵੇਂ 'ਸਾਹਿਤ ਦੀ ਹੀ ਪ੍ਰਤੀਨਿਧਤਾ ਕਰਦਾ ਹੈ ਪਰ ਇਥੇ 'ਕਾਵਿ ਤੋਂ ਜਾ 'ਕਾਵਿਕਤਾ' ਤੋਂ ਹੈ। ਭਾਵੇਂ ਇਸ ਕਾਲ ਦੀਆਂ ਵਾਰਤਕ ਵੰਨਗੀਆਂ ਜਨਮਸਾਖੀ ਗੋਸ਼ਟਾਂ, ਹੁਕਮਨਾਮੇ ਅਤੇ ਰਹਿਤਨਾਮੇ ਦੇ ਰੂਪ ਵਿੱਚ ਮਿਲਦੀਆਂ ਹਨ ਪਰੰਤੂ ਫਿਰ ਵੀ ਇਸ ਕਾਲ ਦੀ ਸਾਹਿਤ ਰਚਨਾ ਦਾ ਰੂਪਗਤ ਆਧਾਰ ਕਾਵਿ ਹੈ। ਹੈ। ਇਸ ਦਾ ਕਾਰਨ ਇਹ ਸੀ ਕਿ ਇਸ ਕਾਲ ਵਿੱਚ ਵਾਰਤਕ ਨੂੰ ਸਿਰਜਣਾ ਦਾ ਆਧਾਰ ਬਣਾਉਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਪਰ ਸਾਡੀ ਮੱਧਕਾਲੀ ਵਾਰਤਕ ਉੱਤੇ ਵਿਦਵਾਨਾਂ ਦਾ ਇਹ ਸਿਧਾਂਤ ਲਾਗੂ ਨਹੀਂ ਹੁੰਦਾ ਕਿ ਕਿਸੇ ਵੀ ਸਾਹਿਤ ਵਿੱਚ ਵਾਰਤਕ, ਕਵਿਤਾ ਤੋਂ ਪਿੱਛੋਂ ਵਿਕਸਿਤ ਹੋਣ ਦਾ ਕਾਰਨ ਭਾਵ ਦੀ ਥਾਂ ਬੁੱਧੀ ਦਾ ਮਗਰੋਂ ਵਿਕਾਸ ਹੋਣਾ ਹੈ। ਪੰਜਾਬੀ ਸਾਹਿਤ ਵਿੱਚ ਬੌਧਿਕਤਾ ਦਾ ਪ੍ਰਵਾਹ ਕਵਿਤਾ ਵਿੱਚ ਵੀ ਹੁੰਦਾ ਰਿਹਾ ਹੈ। ਵੈਸੇ ਵੀ ਸਾਡੀ ਵਾਰਤਕ ਬੌਧਿਕ ਹੋਣ ਦੀ ਥਾਂ ਭਾਵੁਕ (ਸ਼ਰਧਾਮਈ) ਵਧੇਰੇ ਹੈ।

(7) ਰੂੜੀਬੱਧਤਾ ਦਾ ਪਾਲਣ

ਮੱਧਕਾਲ ਦੀਆਂ ਸਾਰੀਆਂ ਕਾਵਿਧਾਰਾਵਾਂ ਰੂੜੀਬੱਧਤਾ ਦਾ ਪਾਲਣ ਜ਼ਰੂਰ ਕਰਦੀਆਂ ਹਨ। ਗੁਰਮਤਿ ਕਾਵਿਧਾਰਾ ਵਿੱਚ ਗੁਰੂ ਨਾਨਕ ਦੇ ਪਾਰਵਰਤੀ, ਉਹਨਾਂ ਹੀ ਪਦਚਿੰਨ੍ਹਾਂ ਤੇ ਚੱਲੇ ਜਿਨ੍ਹਾਂ ਦੀ ਸਥਾਪਨਾ ਗੁਰੂ ਨਾਨਕ ਨੇ ਕੀਤੀ ਸੀ। ਗੁਰਬਾਣੀ ਵਿੱਚ ਵੱਖ-ਵੱਖ ਥਾਂਵਾਂ ਉੱਤੇ "ਨਾਨਕ" ਸੰਕਲਪ ਦਾ ਆਉਣਾ ਇਸੇ ਗੱਲ ਦਾ ਸੰਕੇਤ ਦਿੰਦਾ ਹੈ। ਇੱਥੇ ਕਿੱਸਾ ਕਾਵਿ ਪਰੰਪਰਾ ਦੇ ਅੰਤਰਗਤ ਕਵੀ ਕਿੱਸਾ ਲਿਖਣ ਦੀ ਵਿਧੀ (ਹਾਮਦ, ਮੰਗਲਾਚਰਨ, ਕਿੱਸਾ ਰਚਣ ਦੀ ਪ੍ਰੇਰਨਾ, ਬਿਰਤਾਂਤ, ਨਾਇਕ-ਨਾਇਕਾ ਦਾ ਮੇਲ, ਵਿਛੋੜਾ, ਦੁਖਾਂਤਕ ਜਾਂ ਸੁਖਾਂਤਕ ਅੰਤ) ਦਾ ਕੱਟੜਤਾ ਸਹਿਤ ਪਾਲਣ ਕਰਦੇ ਹਨ। ਸੂਫ਼ੀ ਕਾਵਿਧਾਰਾ ਇਸ ਪੱਖੋਂ ਕਾਫ਼ੀ ਲਚਕੀਲੀ ਰਹੀ ਹੈ। ਸੂਫ਼ੀ ਕਾਵਿਧਾਰਾ ਵਿੱਚ ਰੂੜੀਬੱਧਤਾ ਨੂੰ ਤੋੜਿਆ ਗਿਆ ਹੈ। ਸ਼ੇਖ ਫ਼ਰੀਦ ਦੇ

ਕੱਟੜਵਾਦ ਤੋਂ ਸ਼ਾਹ ਹੁਸੈਨ ਵਿਚਾਰਧਾਰਕ ਪੱਧਰ ਉੱਤੇ ਛੋਟ ਲੈਂਦਾ ਹੈ। ਸ਼ਾਹ ਹੁਸੈਨ ਦੀ ਖੁੱਲ੍ਹ ਨੂੰ ਅੱਗੇ ਬੁੱਲ੍ਹੇ ਸ਼ਾਹ ਮੋਕਲਾ ਕਰਦਾ ਹੈ। ਰੂਪਗਤ ਪੱਧਰ ਉੱਤੇ ਵੀ ਜੇਕਰ ਸ਼ੇਖ਼ ਫ਼ਰੀਦ ਸ਼ਲੋਕਾਂ ਅਤੇ ਸ਼ਬਦਾਂ ਵਿੱਚ ਸਾਹਿਤ ਰਚਨਾ ਕਰਦਾ ਹੈ ਤਾਂ ਸ਼ਾਹ ਹੁਸੈਨ ਕਾਫੀ ਨੂੰ ਅਪਣਾਉਂਦਾ ਹੈ। ਬੁਲ ਸ਼ਾਹ ਕਾਫੀ ਦੇ ਨਾਲ-ਨਾਲ ਸਤਵਾਰੇ, ਅਠਵਾਰੇ ਵਰਗੇ ਸਾਹਿਤ ਰੂਪਾਂ ਦੀ ਵਰਤ ਕਰਦਾ ਹੈ। ਹਾਸ਼ਮ ਨੇ ਦੋਹੜੇ ਅਤੇ ਡਿਉਡਾਂ ਦੀ ਵਰਤੋਂ ਕੀਤੀ ਹੈ।

ਇਸ ਤਰ੍ਹਾਂ ਮੱਧਕਾਲ ਵਿੱਚ 1500 ਈ. ਤੋਂ 1850 ਈ. ਤੱਕ ਦੇ ਸਾਢੇ ਤਿੰਨ ਸਦੀਆਂ ਵਿੱਚ ਗਿਣਾਤਮਕ ਅਤੇ ਗੁਣਾਤਮਕ ਆਧਾਰਾਂ ਉੱਤੇ ਉੱਚ ਪੱਧਰ ਦੀ ਸਾਹਿਤ ਰਚਨਾ ਹੋਈ। ਇਹ ਕਾਲ ਪੰਜਾਬੀ ਸਾਹਿਤ ਦਾ 'ਸੁਨਹਿਰੀ ਕਾਲ' ਹੈ। ਪੰਜਾਬੀ ਸਾਹਿਤ ਦੇ ਮੌਲਿਕ ਖ਼ਾਸੇ ਦੀ ਨਿਸ਼ਾਨਦੇਹੀ ਮੱਧਕਾਲੀ ਸਾਹਿਤ ਵਿੱਚੋਂ ਹੀ ਕੀਤੀ ਜਾ ਸਕਦੀ ਹੈ ਕਿਉਂਕਿ ਕਿੱਸਾ, ਵਾਰ, ਜੰਗਨਾਮਾ ਜਿਹੀਆਂ ਕਾਵਿ ਧਾਰਾਵਾਂ ਅਤੇ ਸ਼ਬਦ, ਸ਼ਲੋਕ , ਸਤਵਾਰੇ, ਅਠਵਾਰੇ, ਬਾਰਾਂਮਾਹ, ਦੋਹੜੇ ਗੰਢਾਂ ਜਿਹੇ ਕਾਵਿ-ਰੂਪਾਂ ਵਿੱਚੋਂ ਪੰਜਾਬੀ ਸਾਹਿਤ ਦੀ ਮੌਲਿਕਤਾ ਤਲਾਸ਼ੀ ਜਾ ਸਕਦੀ ਹੈ। ਸੋ ਕਾਵਿ ਦੀ ਸ਼ਾਝੀਆਂ ਵਿਸ਼ੇਸ਼ਤਾਵਾਂ ਤੋਂ ਬਾਅਦ ਵਾਰਤਕ ਦੇ ਨਿਸ਼ਕਰਸ਼ ਰੂਪ ਨੂੰ ਦੇਖਯਾ ਵੀ ਜ਼ਰੂਰੀ ਹੈ ਜਿਵੇ

ਪੁਰਾਤਨ ਪੰਜਾਬੀ ਵਾਰਤਕ ਜਨਮ ਸਾਖੀਆਂ ਗੋਸ਼ਟਾਂ ਸਾਖੀਆਂ ਪਰਚੀਆਂ ਰਹਿਤਨਾਮਿਆਂ ਹੁਕਮਨਾਮਿਆਂ ਸਾਰਾ ਟੀਕੇ ਅਤੇ ਪਰਮਾਰਥ ਅਤੇ ਅਨੁਵਾਦਕ ਦੇ ਰੂਪ ਵਿੱਚ ਮਿਲਦੀ ਹੈ

ਜਨਮ ਸਾਖੀਆਂ ਸਾਥੀਆਂ ਤੇ ਜੀਵਨੀ ਨਾਲ ਮਿਲਦਾ ਜੁਲਦਾ ਸਾਹਿਤ ਰੂਪ ਹੋਣ ਦੇ ਬਾਵਜੂਦ ਇਨ੍ਹਾਂ ਤੋਂ ਭਿੰਨ ਹੈ ਜਨਮਸਾਖੀਆਂ ਗੁਰੂ ਨਾਨਕ ਨਾਲ ਹੀ ਸਬੰਧਤ ਹਨ ਤੇ ਇਨ੍ਹਾਂ ਵਿੱਚ ਗੁਰੂ ਨਾਨਕ ਦਾ ਜਨਮ ਤੋਂ ਲੈ ਕੇ ਜੀਵਨ ਅੰਤ ਹੋਣ ਤੱਕ ਪੂਰਾ ਵੇਰਵਾ ਉਪਲੱਬਧ ਹੈ ਜਦਕਿ ਸਾਖੀਆਂ ਵਿੱਚ ਕਿਸੇ ਇੱਕ ਇੱਕ ਘਟਨਾ ਦਾ ਵਰਣਨ ਹੈ ਇਹ ਗੁਰੂ ਸਾਹਿਬਾਨ ਤੋਂ ਇਲਾਵਾ ਦੂਸਰੇ ਭਗਤਾਂ ਵਾਰੀ ਵੀ ਉਪਲੱਬਧ ਹਨ ਜਨਮਸਾਖੀ ਆਧੁਨਿਕ ਵਾਰਤਕ ਦੇ ਇੱਕ ਰੂਪ ਜੀਵਨੀ ਨਾਲ ਵੀ ਮਿਲਦੀ ਹੈ ਪਰ ਇਹ ਜੀਵਨੀ ਨਾਲੋਂ ਅਲੱਗ ਹੈ ਜਨਮਸਾਖੀ ਦਾ ਨਾਇਕ ਗੁਰੂ ਨਾਨਕ ਹੈ ਜਿਸ ਨੂੰ ਹਰ ਹਰੇਕ ਸਾਖੀ ਲੇਖਕ ਅਨੁਸਾਰ ਮਨੁੱਖ ਵਜੋਂ ਨਹੀਂ ਸਗੋਂ ਪੁਰਾਣਿਕ ਮਨੁੱਖ ਦੇ ਰੂਪ ਚ ਪੇਸ਼ ਕੀਤਾ ਹੈ ਪਰ ਜੀਵਨ ਵਿੱਚ ਕੋਈ ਮਹਾਨ ਵਿਅਕਤੀ ਵੀ ਕਰਾਮਾਤੀ ਰੂਪ ਵਿੱਚ ਪੇਸ਼ ਨਹੀਂ ਕੀਤਾ ਜਾਂਦਾ ਜਨਮਸਾਖੀਆਂ ਦਾ ਸਿਰਜਕ ਅਜਿਹਾ ਵਿਅਕਤੀ ਹੈ ਜੋ ਗ਼ੈਰ ਕੁਦਰਤੀ ਘਟਨਾਵਾਂ ਨਾਲ ਭਰਪੂਰ ਬਿਰਤਾਂਤ ਸਿਰਜ ਕੇ ਪਾਠ ਨੂੰ ਸੁਹਜ ਸੁਆਦ ਪ੍ਰਦਾਨ ਕਰਦਾ ਹੈ ਪਰ ਇਹ ਸੌ ਸੁਆਦ ਤੋਂ ਉਹ ਆਪ ਵੀ ਆਨੰਦ ਪ੍ਰਾਪਤ ਕਰਦਾ ਹੈ ਬੇਸ਼ੱਕ ਜਨਮਸਾਖੀਆਂ ਵਿਚ ਵਰਤਾਅ ਅਤੇ ਨਾ ਰੌਚਕ ਹੈ ਕਿ ਇਹ ਪਾਠਕ ਨੂੰ ਕੀਲ ਕੇ ਬੈਠ ਲੈਣ ਦੇ ਸਮਰੱਥ ਹਨ ਪਰ ਇਹ ਗੱਲ ਮੱਧਕਾਲੀ ਪਾਠਕ ਬਾਰੇ ਤਾਂ ਸਹੀ ਹੈ ਆਧੁਨਿਕ ਯੁੱਗ ਦੇ ਵਿਗਿਆਨਕ ਚੇਤਨਾ ਨਾਲ ਲੈਸ ਵਿਅਕਤੀ ਬਾਰੇ ਨਹੀਂ ਜੁਗਤ ਪੱਖੋਂ ਜਨਮਸਾਖੀਆਂ ਵਿਚ ਦੋ ਪ੍ਰਕਾਰ ਦੇ ਅੰਸ਼ ਵੇਖੇ ਜਾ ਸਕਦੇ ਹਨ ਇਨ੍ਹਾਂ ਵਿੱਚ ਪਹਿਲਾਂ ਜੀਵਨੀਆਂ ਚ ਦੂਸਰਾ ਬਾਣੀਆਂ ਚ ਹੈ ਜੇਕਰ ਜਨਮਸਾਖੀਆਂ ਵਿਚੋਂ ਬਾਣੀਆਂ ਨੂੰ ਬਾਹਰ ਕੱਢ ਦਿੱਤਾ ਜਾਵੇ ਤਾਂ ਇਹ ਨੀਰਸ ਹੋ ਜਾਣਗੀਆਂ ਭਾਸ਼ਾ ਸ਼ੈਲੀ ਪੱਖੋਂ ਜਨਮਸਾਖੀਆਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਜਿਸ ਵਿੱਚ ਸੰਸਕ੍ਰਿਤੀ ਅਤੇ ਬ੍ਰਜ ਭਾਸ਼ਾ ਦਾ ਰੰਗ ਮਿਲਦਾ ਹੈ ਪੰਜਾਬੀ ਦੀ ਇਨ੍ਹਾਂ ਨੂੰ ਨਾਂ ਮਾਤਰ ਹੀ ਛੋਹ ਪ੍ਰਾਪਤ ਹੋਈ ਹੈ ਦੂਸਰੀ ਵੰਨਗੀ ਉਨ੍ਹਾਂ ਸਾਖੀਆਂ ਦੀ ਹੈ ਜਿਨ੍ਹਾਂ ਵਿੱਚ ਪੰਜਾਬੀ ਹਿੰਦਵੀ ਹੈ ਪੁਰਾਤਨ ਜਨਮ ਸਾਖੀ ਮਿਹਰਬਾਨ ਵਾਲੀ ਜਨਮਸਾਖੀ ਆਦਿ ਸਾਖੀਆਂ ਇਸੇ ਵੰਨਗੀ ਦੀਆਂ ਰਚਨਾਵਾਂ ਹਨ ਤੀਸਰੀ ਵੰਨਗੀ ਹਿੰਦਵੀ ਮਿਸ਼ਰਤ ਪੰਜਾਬੀ ਦੀ ਹੈ ਭਾਈ ਬਾਲੇ ਵਾਲੀ ਜਨਮਸਾਖੀ ਇਸ ਦੀ ਪ੍ਰਤੀਨਿਧ ਰਚਨਾ ਹੈ ਬੇਸ਼ੱਕ ਲੈਂਦੀ ਅਤੇ ਮਲਵਈ ਵਰਗੀਆਂ ਭਾਸ਼ਾਵਾਂ ਨੇ ਵੀ ਆਪਣਾ ਯੋਗਦਾਨ ਪਾਇਆ ਪਰ ਕੋਈ ਵੀ ਜਨਮਸਾਖੀ ਹਿੰਦਵੀ ਅਤੇ ਬ੍ਰਿੱਜ ਪ੍ਰਭਾਵ ਤੋਂ ਮੁਕਤ ਨਹੀਂ ਹੈ ਸੋ ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਇਹ ਸਾਧ ਭਾਸ਼ਾ ਨਾਮ ਦੇ ਮਕਬੂਲ ਹਨ

**ਸਾਰਾਂਸ਼**

ਸਮੁੱਚੇ ਤੌਰ ਤੇ ਇਸ ਕਾਲ ਦੀ ਵਾਰਤਕ ਵਿਚ ਪਰੰਪਰਾਗਤ ਸਾਖੀ ਸਾਹਿੱਤ ਦੀ ਇਕ ਰਚਨਾ ਤੋਂ ਇਲਾਵਾ ਕਈ ਬਾਣੀਆਂ ਦੇ ਟੀਕੇ ਵੀ ਮਿਲਦੇ ਹਨ ਅਤੇ ਫ਼ਾਰਸੀ, ਸੰਸਕ੍ਰਿਤ ਅਤੇ ਅੰਗ੍ਰੇਜ਼ੀ ਦੀਆਂ ਰਚਨਾਵਾਂ ਨੂੰ ਵੀ ਪੰਜਾਬੀ ਵਿਚ ਉਲਥਾਇਆ ਗਿਆ ਹੈ, ਪਰ ਇਨ੍ਹਾਂ ਰਚਨਾਵਾਂ ਵਿਚ ਸਾਹਿਤਿਕ ਗੁਣ ਘੱਟ ਹਨ।

## ਮੁੱਖ/ਕੇਂਦਰੀ ਸ਼ਬਦ:

ਵਾਰਤਕ---ਗੱਦ ਸਾਹਿਤ

ਪਦ ਰੂਪ---ਕਾਵਿਰੂਪ

ਵਾਰਤਕ ਰਚਨਾ ਵਿਸ਼ਾ ---ਬੁੱਧੀ ਦਾ ਤੱਤ

ਤੱਤ---ਬੁੱਧੀ ਵਿਚਾਰ

## ਸਵੈ-ਮੁਲਾਂਕਣ:

1. ਡਾ ਹਰਨਾਮ ਸਿੰਘ ਸ਼ਾਨ ਅਨੁਸਾਰ ਮਾਲਵੇ ਦੇ ਦੇਸ਼ ਟਨਲ ਦੀ ਸਾਖੀ ਪੋਥੀ ਕਿਸ ਦੀ ਰਚਨਾ ਹੈ

   ੳ. ਸਾਧੂ ਦਿਆਲ ਦਾਸ ਦੀ ਰਚਨਾ

2. ਇਸ ਸਾਖੀ ਦੀਆਂ ਸਾਖੀਆਂ ਦੀ ਉੱਪ ਭਾਖਾ ਹੈ

   ੳ. ਮਲਵਈ

3. ਟੀਕਾ ਆਨੰਦ ਸਾਹਿਬ ਅਨੰਦ ਘੜ ਨੇ ਕਿਸ ਸਥਾਨ ਤੇ ਲਿਖਿਆ

ੳ. ਕਾਸ਼ੀ

4. ਮਹਾਂਕਵੀ ਭਾਈ ਸੰਤੋਖ ਸਿੰਘ ਨੇ ਆਪਣਾ ਟੀਕਾ ਕਿਸ ਦੀ ਪ੍ਰੇਰਨਾ ਵਿਚ ਲਿਖਿਆ

   ੳ. ਭਾਈ ਉਦੇ ਸਿੰਘ

5. ਗਰਬ ਗੰਜਨੀ ਟੀਕੇ ਦਾ ਲਿਖਣ ਵਰ੍ਹਾ ਕੀ ਹੈ

   ੳ. 1829

6. ਗੁਰੂ ਗ੍ਰੰਥ ਸੂਰਜ ਗ੍ਰੰਥਾਵਲੀ ਦਾ ਕਰਤਾ

   ੳ. ਭਾਈ ਸੰਤੋਖ ਸਿੰਘ

7. ਭਾਈ ਸੰਤੋਖ ਸਿੰਘ ਦੀ ਵਾਰਤਕ ਰਚਨਾ ਕਿਸ ਸਮੇਂ ਦੀ ਹੈ

   ੳ. ਉੱਨ੍ਹੀਵੀਂ ਸਦੀ

8. ਪਰਚੀ ਸਾਹਿਤ ਦੀ ਰਚਨਾ ਕੀਤੀ

   ੳ. ਭਾਈ ਸੇਵਾਦਾਸ

10. ਭਾਈ ਘਨ੍ਹੱਈਆ ਜੀ ਨੇ ਸਾਹਿਤ ਦੀ ਰਚਨਾ ਕੀਤੀ

    ੳ. ਪਰਚੀਆਂ

11. ਪੋਥੀ ਸੱਚਖੰਡ ਵਿਚ ਕਿੰਨੀਆਂ ਗੋਸ਼ਟੀਆਂ ਪ੍ਰਾਪਤ ਹੁੰਦੀਆਂ ਹਨ

    ੳ. 167

12. ਭਾਈ ਚੌਪਾ ਸਿੰਘ ਨੇ ਕਿਸ ਸਾਹਿਤ ਦੀ ਰਚਨਾ ਕੀਤੀ

    ੳ. ਰਹਿਤ ਨਾਮਾ ਸਾਹਿਤ

13. ਗੁਰ ਲਿਬਾਸ ਪਾਤਸ਼ਾਹੀ ਦਸਵੀਂ ਦਾ ਕਰਤਾ ਕੌਣ ਹੈ

    ੳ. ਕੋਇਰ ਸਿੰਘ

14. ਗੁਰਬਾਣੀ ਵਿੱਚ ਕਿਹੜੇ ਇਲਾਕਿਆਂ ਦਾ ਮਤਭੇਦ ਦਰਸਾਇਆ ਗਿਆ ਹੈ

    ੳ. ਮਾਝੇ ਤੇ ਮਾਲਵੇ ਦਾ

15. ਗੁਰਬਿਲਾਸ ਪਾਤਸ਼ਾਹੀ ਦਸਵੀਂ ਕਿਹੜੀ ਸਦੀ ਦੀ ਰਚਨਾ ਹੈ

    ੳ. ਉੱਨ੍ਹੀਵੀਂ ਸਦੀ

## ਅਭਿਆਸ ਪ੍ਰਸ਼ਨ

1. ਜਫਰਨਾਮਾ ਸਾਹਿਤ ਤੋਂ ਕੀ ਭਾਵ ਹੈ
2. ਪਰਚੀ ਸਾਹਿਤ ਤੋਂ ਕੀ ਭਾਵ ਹੈ
3. ਆਇਨੇ ਅਕਬਰੀ ਬਾਰੇ ਆਪਣੇ ਵਿਚਾਰ ਲਿਖੋ
4. ਪਰਚੀ ਅਤੇ ਜਫਰਨਾਮਾ ਸਾਹਿਤ ਬਾਰੇ ਵਿਸਥਾਰ ਨਾਲ ਲਿਖੋ।

## ਸੰਦਰਭ ਪੁਸਤਕਾਂ:


- ਡਾ. ਜਸਵਿੰਦਰ ਸਿੰਘ ਸੈਣੀ, ਵਾਰਤਕ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ, ਪ੍ਰਕਾਸ਼ਿਤ ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010.


## ਮਹੱਤਵਪੂਰਨ ਲਿੰਕ

http://ccrtindia.gov.in/downloads/Fellowship/Published%20Project/2013-2014/34.%20History%20of%20Punjabi%20Lecture.pdf

https://unacademy.com/lesson/pnjaabii-vaartk-jnmsaakhii-prnpraa-2/4DLBW7EO

## ਉੱਤਰਮਾਲਾ

| | | | | |
|---|---|---|---|---|
| 1. ੳ | 2. ੲ | 3. ੳ | 4. ਸ | 5. ਅ |
| 6. ਅ | 7. ਅ | 8. ਅ | 9. ਅ | 10. ਸ |

| | | | | |
|---|---|---|---|---|
| 11. ੳ | 12. ਸ | 13. ਸ | 14. ੳ | 15. ਸ |

*Sona, Lovely Professional University*

# ਅਧਿਆਇ -5: ਪੁਰਾਤਨ ਜਨਮ ਸਾਖੀ ਵਿਸ਼ਾਗਤ ਅਤੇ ਪਾਠਗਤ ਅਧਿਐਨ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **ਪੁਰਾਤਨ ਜਨਮ ਸਾਖੀ ਬਾਰੇ ਜਾਣਨਗੇ।**
2. **ਪੁਰਾਤਨ ਜਨਮਸਾਖੀ ਦੀਆ ਵਿਸ਼ੇਸ਼ਤਾਵਾਂ ਬਾਰੇ ਜਾਣਨ ਦੇ ਯੋਗ ਹੋਣਗੇ।**
3. **ਪੁਰਾਤਨ ਜਨਮਸਾਖੀ ਦੇ ਸਰੂਪ ਨੂੰ ਸਮਝਣ ਦੇ ਕਾਬਿਲ ਹੋਣਗੇ**

## ਪ੍ਰਸਤਾਵਨਾ:

**ਜਾਣ ਪਛਾਣ:-** ਪੁਰਾਤਨ ਜਨਮਸਾਖੀ ਪੁਰਾਤਨ ਪੰਜਾਬੀ ਵਾਰਤਕ ਦੀ ਮਹੱਤਵਪੂਰਨ ਰਚਨਾ ਹੈ। ਪੁਰਾਤਨ ਜਨਮਸਾਖੀ ਦਾ ਵਿਸ਼ਾ ਗੁਰੂ ਨਾਨਕ ਦੇਵ ਜੀ ਦੀ ਅਦੁੱਤੀ ਸ਼ਖ਼ਸੀਅਤ ਨੂੰ ਪੇਸ਼ ਕਰਨ ਵਾਲਾ ਹੈ। ਇਸ ਸਾਖੀ ਦੀ ਦੱਸ ਸਭ ਤੋਂ ਪਹਿਲਾਂ ਇਕ ਜਰਮਨ ਈਸਾਈ ਮਿਸ਼ਨਰੀ ਅਰਨੈਸਟ ਟਰੰਪ ਨੇ ਪਾਈ।ਇਹ ਜਨਮ ਸਾਖੀ 1872 ਈਸਵੀ ਵਿਚ ਪ੍ਰਾਪਤ ਹੋਈ।ਜਿਸ ਨੂੰ "ਵਲਾਇਤ ਵਾਲੀ ਜਨਮ ਸਾਖੀ" ਵੀ ਕਿਹਾ ਜਾਂਦਾ ਹੈ। ਜਨਮ ਸਾਖੀਆਂ ਮੱਧਕਾਲੀਨ ਵਾਰਤਕ ਸਾਹਿਤ ਵਿਚੋਂ ਪ੍ਰਮੁੱਖ ਸਾਹਿਤ ਰੂਪ ਹਨ। ਚਾਹੇ ਇਸ ਕਾਲ ਵਿੱਚ ਗੋਸਟਾ, ਪਰਮਾਰਥ ,ਟੀਕੇ ,ਬਚਨ, ਰਹਿਤ ਨਾਮੇਂ ਹੁਕਮਨਾਮੇ ਅਤੇ ਪਰਚੀਆਂ ਆਦਿ ਵਾਰਤਕ ਰੂਪ ਵੀ ਮਿਲਦੇ ਹਨ ਪਰ ਇਨ੍ਹਾਂ ਸਾਰੀਆਂ ਵਿਚੋ ਜਨਮ ਸਾਖੀਆਂ ਮਹੱਤਵਪੂਰਨ ਹਨ।ਜਦੋਂ ਅਸੀਂ ਪੁਰਾਤਨ ਜਨਮਸਾਖੀ ਆ ਵੱਲ ਧਿਆਨ ਦਿੰਦੇ ਹਾਂ ਤਾਂ ਸਾਨੂੰ ਗਦ ਸਾਹਿਤ ਵਿਚ ਅਨੇਕਾਂ ਸਾਖੀਆਂ ਵੇਖਣ ਨੂੰ ਮਿਲਦੀਆਂ ਹਨ।ਪਰ ਇਨ੍ਹਾਂ ਵਿਚੋਂ ਪ੍ਰਮੁੱਖ ਜਨਮ ਸਾਖੀਆਂ ਹੇਠ ਲਿਖੀਆਂ ਹਨ:-

1. ਪੁਰਾਤਨ ਜਨਮਸਾਖੀ
2. ਸੋਢੀ ਮਿਹਰਬਾਨ ਵਾਲੀ ਜਨਮਸਾਖੀ
3. ਭਾਈ ਬਾਲੇ ਵਾਲੀ ਜਨਮਸਾਖੀ
4. ਭਾਈ ਮਨੀ ਸਿੰਘ ਵਾਲੀ ਜਨਮਸਾਖੀ

ਇਹਨਾ ਸਾਰੀਆਂ ਜਨਮਸਾਖੀਆਂ ਵਿਚ ਸਾਂਝ ਇਹ ਹੈ ਕਿ ਇਹ ਸਾਖੀਆਂ ਅਧਿਆਤਮਕ ਹਨ,ਗੁਰੂ ਨਾਨਕ ਦੇਵ ਜੀ ਦੇ ਜੀਵਨ ਚਰਿੱਤਰ ਨਾਲ ਸਬੰਧਤ ਅਤੇ ਗੁਰਮੁਖੀ ਲਿਪੀ ਵਿੱਚ ਲਿਖੀਆ ਹੋਈ ਆ ਮਿਲਦੀਆਂ ਹਨ।

**ਇਤਿਹਾਸ:-** ਪੁਰਾਤਨ ਜਨਮਸਾਖੀ ਨੂੰ ਪੁਰਾਤਨ" ਨਾਮ ਭਾਈ ਵੀਰ ਸਿੰਘ ਨੇ ਦਿਤਾ ।ਉਹਨਾਂ ਨੇ ਇਹ ਜਨਮਸਾਖੀ 1926 ਈਸਵੀ ਵਿਚ ਪ੍ਰਕਾਸ਼ਿਤ ਕੀਤੀ ਸੀ।ਜਿਸ ਦਾ ਅਧਾਰ ਦੋ ਪੋਥੀਆਂ "ਵਿਲਾਇਤ ਵਾਲੀ ਜਨਮਸਾਖੀ" ਅਤੇ "ਹਫਿਜਾਬਾਦ ਵਾਲੀ ਜਨਮਸਾਖੀ" ਹੈ।ਵਿਲਾਇਤ ਵਾਲੀ ਜਨਮਸਾਖੀ , ਐਚ ਟਿ. ਕਾਲਬਰੁਕ ਨੇ ਈਸਟ ਇੰਡੀਆ ਲਾਇਬ੍ਰੇਰੀ ਨੂੰ ਦਿੱਤੀ ਸੀ।ਇਹ ਪੋਥੀ 1872 ਈਸਵੀ ਵਿੱਚ ਡਾਕਟਰ ਟਰੰਪ ਦੇ ਹੱਥ ਲੱਗ ਗਈ।ਉਸਨੇ ਜਦੋਂ 1872 ਵਿਚ ਜਦੋਂ ਗੁਰੂ ਗ੍ਰੰਥ ਸਹਿਬ ਦਾ ਅਨੁਵਾਦ ਕੀਤਾ ਤਾਂ ਇਸ ਦਾ ਵੀ ਅਨੁਵਾਦ ਕਰ ਦਿੱਤਾ ਸੀ।ਇਸ ਅਨੁਵਾਦ ਪਿੱਛੋਂ ਸਿੰਘ ਸਭਾ ਲਹਿਰ ਵਾਲਿਆਂ ਨੇ ਇਸ ਪੋਥੀ ਨੂੰ ਵੇਖਣ ਦੀ ਇੱਛਾ ਜ਼ਾਹਰ ਕੀਤੀ, ਜਿਸ ਦੇ ਫਲਸਰੂਪ 1885 ਵਿਚ ਸਿੰਘ ਸਭਾ ਲਹਿਰ ਨੇ ਇਹ ਪੋਥੀ ਆਪਣੇ ਛਾਪੇਖਾਨੇ ਵਿਚ ਪ੍ਰਕਾਸ਼ਿਤ ਕੀਤੀ । ਹਫ਼ਿਜਾਬਾਦ ਵਾਲੀ ਪੋਥੀ ਪ੍ਰੋਫੈਸਰ ਗੁਰਮੁਖ ਸਿੰਘ ਨੂੰ ਹਾਫਿਜ਼ਬਾਦ ਜ਼ਿਲ੍ਹਾ ਗੁਜਰਾਂਵਾਲਾ ਤੋ ਪ੍ਰਾਪਤ ਹੋਈ ।ਇਸਨੂੰ ਮੈਕਾਲਿਫ਼ ਵਾਲੀ ਜਨਮਸਾਖੀ ਵੀ ਕਿਹਾ ਜਾਂਦਾ ਹੈ ਕਿਉਂਕਿ ਇਸਨੂੰ 1885 ਈਸਵੀ ਵਿਚ ਮੈਕਾਲਫ ਨੇ ਪ੍ਰਕਾਸ਼ਿਤ ਕੀਤਾ ਸੀ।ਇਸ ਲਈ ਭਾਈ ਵੀਰ ਸਿੰਘ ਨੇ ਇਨ੍ਹਾਂ ਦੋਵੇਂ ਜਨਮਸਾਖੀਆਂ ਦੇ ਅਧਾਰ ਤੇ ਹੀ ਇਹ ਜਨਮ ਸਾਖੀ ਤਿਆਰ ਕੀਤੀ ਗਈ ਹੈ।ਜਦੋਂ ਇਸ ਜਨਮਸਾਖੀ ਦਾ ਦੂਸਰਾ ਐਡੀਸ਼ਨ ਕਢਿਆ ਗਿਆ ਤਾਂ ਇਸਨੂੰ ਖਾਲਸਾ ਕਾਲਜ ਵਿੱਚ ਪਈ ਜਨਮਸਾਖੀ ਨਾਲ ਮਿਲਾਇਆ ਜਾਂਦਾ ਹੈ।ਇਸ ਜਨਮ ਸਾਖੀ ਵਿੱਚ 57 ਸਾਖੀਆਂ ਹਨ , ਜਿਹੜੀਆਂ ਗੁਰੂ ਨਾਨਕ ਦੇਵ ਜੀ ਦੇ ਕਾਲ ਨਾਲ ਸੰਬੰਧਤ ਹਨ ।ਇਹ ਸਾਖੀ ਨੂੰ ਪੰਜ ਹਿਸਿਆ ਵਿਚ ਵੰਡਿਆ ਗਿਆ ਹੈ। ਗੁਰੂ ਨਾਨਕ ਦੇ ਨਾਲ ਸੰਬੰਧਤ ਵੇਰਵਿਆਂ ਨੂੰ ਕਲਪਨਾ ਦੀ ਆਧਾਰ ਤੇ ਅਤੇ ਪ੍ਰਸੰਗ ਦੇ ਕੇ ਵਿਸਤ੍ਰਿਤ ਕਰਨ ਦਾ ਯਤਨ ਕੀਤਾ ਗਿਆ ਹੈ।ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਜਿਥੇ ਇਤਹਾਸਿਕ ਤੱਥ ਬਣਨ ਦੀ ਸਮਰੱਥਾ ਰੱਖਦੀਆਂ ਹਨ ਉਥੇ ਨਾਨਕ ਦੇ ਵਿਅਕਤਿਤਵ ਸੰਬਧੀ ਵੇਰਵੇ ਵੀ ਸਾਨੂੰ ਇਹਨਾਂ ਵਿਚੋਂ ਮਿਲਦੇ ਹਨ।ਇਸ ਜਨਮ ਸਾਖੀ ਨੂੰ ਇਸ ਤੋਂ ਬਾਦ ਵਾਲੀਆ ਜਨਮਸਾਖੀਆਂ ਨਾਲੋਂ ਜਾਈਦਾ ਖ਼ੂਬਸੂਰਤੀ ਨਾਲ ਬਿਆਨਿਆ ਗਿਆ ਹੈ।ਪੁਰਾਤਨ ਜਨਮਸਾਖੀ ਦਾ ਮੁੱਲ ਇਸ ਕਰਕੇ ਵਧੇਰੇ ਹੈ ਕਿਉਂਕਿ ਕਲਪਨਾਤਮਕ ਹੁੰਦੀ ਹੋਈ ਵੀ ਇਹ ਜਨਮਸਾਖੀ ਅਧਿਆਤਮਿਕ ਸਾਹਿਤਕ ਅਤੇ ਇਤਿਹਾਸਕ ਤੱਥਾਂ ਦੇ ਵਧੇਰੇ ਨੇੜੇ ਹੈ। ਪੰਜਾਬ ਦੇ ਸਿੱਖ ਵਿਦਵਾਨਾਂ ਵਿਚੋਂ ਸਭ ਤੋਂ ਪਹਿਲਾਂ ਇਸ ਜਨਮਸਾਖੀ ਵਲ ਕਰਮ ਸਿੰਘ ਹਿਸਟੋਰਿਅਨ ਨੇ ਇਸ ਵੱਲ ਧਿਆਨ ਕੀਤਾ, ਜਿਸ ਨੇ ਇਸ ਅਧਿਐਨ ਉਤੇ ਆਧਾਰਤ 1913 ਈਸਵੀ ਵਿੱਚ ਉਸਨੇ ਆਪਣੀ ਪ੍ਰਸਿੱਧ ਰਚਨਾ"ਕੱਤਕ ਕਿ ਵਿਸਾਖ" ਸਖੀਆਂ ਦੀ ਸੰਪਾਦਨਾ ਕਰਕੇ ਇਸਨੂੰ ਪ੍ਰਕਾਸ਼ਿਤ ਕੀਤਾ।ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ,ਲੇਖਕ ਡਾਕਟਰ ਰਾਜਿੰਦਰ ਸਿੰਘ ਸੇਖੋਂ, ਪਬਲਿਸ ਲਾਹੌਰ ਬੁੱਕ ਸ਼ਾਪ, ਪੰਨਾ ਨੰ :353 ਤੋਂ 355 <>/ref>

ਪੰਜਾਬ ਦੇ ਸਿੱਖ ਵਿਦਵਾਨਾਂ ਵਿਚੋਂ ਸਭ ਤੋਂ ਪਹਿਲਾਂ ਇਸ ਜਨਮਸਾਖੀ ਵਲ ਕਰਮ ਸਿੰਘ ਹਿਸਟੋਰਿਅਨ ਨੇ ਇਸ ਵੱਲ ਧਿਆਨ ਕੀਤਾ, ਜਿਸ ਨੇ ਇਸ ਅਧਿਐਨ ਉਤੇ ਆਧਾਰਤ 1913 ਈਸਵੀ ਵਿੱਚ ਉਸਨੇ ਆਪਣੀ ਪ੍ਰਸਿੱਧ ਰਚਨਾ"ਕੱਤਕ ਕਿ ਵਿਸਾਖ" ਸਖੀਆਂ ਦੀ ਸੰਪਾਦਨਾ ਕਰਕੇ ਇਸਨੂੰ ਪ੍ਰਕਾਸ਼ਿਤ ਕੀਤਾ।

ਪੁਰਾਤਨ ਜਨਮ ਸਾਖੀ ਦੀ ਇਤਿਹਾਸਕ ਵਿਸ਼ੇਸ਼ਤਾ ਦੀ ਚਰਚਾ ਕਰਦਿਆਂ ਪ੍ਰਸਿੱਧ ਖੋਜੀ ਸਰਦਾਰ ਸਮਸ਼ੇਰ ਸਿੰਘ ਅਸ਼ੋਕ ਨੇ ਇਸਦੀ ਪੁਰਾਤਨਤਾ ਬਾਰੇ ਜੋ ਵਿਚਾਰ ਪੇਸ਼ ਕੀਤੇ ਹਨ ਓਹਨਾ ਵਿੱਚੋ ਭਾਈ ਵੀਰ ਸਿੰਘ ਦੇ ਉਪਰੋਕਤ ਅਨੁਮਾਨ ਦੀ ਪੁਸਟੀ ਹੁੰਦੀ ਹੈ ਉਸਨੇ ਦਸਿਆ ਹੈ:-

" ਪਹਲੇ ਪਹਲ ਇਸ ਜਨਮ ਸਾਖੀ ਵਿੱਚ, ਜਿਵੇਂ ਕਿ ਪੁਰਾਤਨ ਹੱਥ ਲਿਖਤ ਖਰੜਿਆਂ ਦੀ ਫੋਲਾ - ਫਾਲੀ ਕਰਨ ਤੋਂ ਪਤਾ ਲਗਦਾ ਹੈ, ਕੇਵਲ 15- 20 ਸਾਖੀਆਂ ਹੀ ਸਨ, ਪਰ ਪਿੱਛੋਂ ਕੁਝ ਹੋਰ ਸਾਖੀਆਂ ਨਾਲ ਰਲਣ ਤੇ ਪਹਲਾ 25 ਸਾਖੀਆਂ ਤੇ ਫਿਰ 30 ਸਾਖੀਆਂ ਦਾ ਇਕ ਸੰਗ੍ਰਹਿ ਤਿਆਰ ਹੋਇਆ।24 ਤੋ 30 ਸਾਖੀਆਂ ਦੇ ਦੋ ਨੁਸਖ਼ੇ ਮੇਰੇ ਨਿੱਜੀ ਪੁਸਤਕਾਲਾ ਵਿਚ ਮੌਜੂਦ ਹਨ।"

ਭਾਈ ਵੀਰ ਸਿੰਘ ਨੇ ਜੋ ਦੋ ਜਨਮਸਾਖੀਆਂ ਦੇ ਸੰਜੋਗ ਤੋਂ ਜਨਮਸਾਖੀ ਕੀਤੀ, ਉਨ੍ਹਾਂ ਦੋਨਾਂ ਜਨਮ ਸਾਖੀਆਂ ਵਿੱਚ ਕੇਵਲ ਕੁਝ ਅੱਖਰਾਂ ਅਤੇ ਸਬਦਾ ਜਾਂ ਵਾਕਾ ਦਾ ਹੀ ਅੰਤਰ ਦਸਿਆ ਜਾ ਸਕਦਾ ਹੈ। ਮੰਨਿਆ ਜਾਂਦਾ ਹੈ ਕਿ ਇਹ ਅੰਤਰ ਉਤਾਰਾ ਕਰਨ ਵੇਲੇ ਪੈਦਾ ਹੋ ਗਿਆ। ਕਿਹੜੀ ਜਨਮ ਸਾਖੀ ਕਿਸ ਦਾ ਉਤਾਰਾ ਹੈ ਇਹ ਕਹਿਣਾ ਮੁਸਕਿਲ ਹੈ।

**ਜਨਮ ਸਾਖੀ ਦਾ ਰਚਣਹਾਰਾ ਤੇ ਲੇਖਕ :-**

ਪੁਰਾਤਨ ਜਨਮ ਸਾਖੀ ਦਾ ਰਚਣਹਾਰਾ ਕੋਈ ਇੱਕ ਵਿਅਕਤੀ ਨਹੀਂ ਹੋ ਸਕਦਾ।ਵਿਦਵਾਨਾਂ ਵਲੋਂ ਇਸ ਬਾਰੇ ਮਤਭੇਦ ਕੀਤੇ ਹਨ।ਕੁਝ ਵਿਦਵਾਨਾਂ ਨੇ ਇਹਨਾਂ ਸਾਖੀਆਂ ਦੇ ਲੇਖਕ ਗੁਰੂ ਨਾਨਕ ਦੇਵ ਜੀ ਦੇ ਓਹਨਾ ਸਾਥੀਆਂ ਨੂੰ ਮੰਨ ਲਿਆ ਹੈ,ਜਿਹੜੇ ਉਦਾਸੀਆਂ ਸਮੇ ਉਹਨਾਂ ਦੇ ਨਾਲ ਸਨ । ਪੁਰਾਤਨ ਜਨਮ ਸਾਖੀ ਵਿੱਚ ਤਿੰਨ ਚਾਰ ਸਾਥੀ ਵਿਅਕਤੀਆਂ ਦੇ ਨਾਮ ਆਉਂਦੇ ਹਨ ਉਹ ਹਨ - ਭਈ ਸੈਦਾ,ਘੇਹੋ ਜੱਟ, ਸ਼ੀਹਾਂ ਛੀਬਾ ਅਤੇ ਹੱਸੂ ਲੁਹਾਰ ।

ਡਾਕਟਰ ਰਤਨ ਸਿੰਘ ਜੱਗੀ ਨੇ ਖੋਜ ਪੱਤ੍ਰਿਕਾ ਦੇ ਪੁਰਾਤਨ ਵਾਰਤਕ ਵਿਸੇਸ ਅੰਕ ਵਿੱਚ ਜਨਮ ਸਾਖੀਆਂ ਦੇ ਅਧਿਐਨ ਨਾਲ ਵਿਸ਼ਲੇਸ਼ਣ ਨਾਲ ਸੰਬਧਿਤ ਬਹੁਤ ਸਾਰੀਆਂ ਸਮੱਸਿਆ ਉਤੇ ਵਿਚਾਰ ਕੀਤਾ ਹੈ।ਇੰਨਾ ਵਿਚੋ ਇਕ ਸਮੱਸਿਆ ਇਹ ਫੈਸਲਾ ਨਾ ਹੋਣ ਦੀ ਹੈ ਕਿ ਜਨਮ ਸਾਖੀ ਆ ਦੀ ਸਾਹਿਤਿਕ ਮਹੱਤਤਾ ਹੀ ਹੈ ਜਾ ਫਿਰ ਇਹਨਾਂ ਦਾ ਕੋਈ ਇਤਿਹਾਸਿਕ ਮੁਲ ਵੀ ਹੈ। ਇਸ ਨੁਕਤੇ ਤੇ ਵਿਦਵਾਨਾਂ ਵਿਚ ਮਤਬੇਦ ਹੈ ।ਡਾਕਟਰ ਸੁਰਜੀਤ ਸਿੰਘ ਹਾਂਸ , ਡਾਕਟਰ ਉੱਤਮ ਸਿੰਘ ਭਾਟੀਆ ,ਡਾਕਟਰ ਕਿਰਪਾਲ ਸਿੰਘ ਕਸੇਲ ਆਦਿ ਇਨ੍ਹਾਂ ਵਿਦਵਾਨਾਂ ਦੀ ਇਤਿਹਾਸਿਕ ਮਹੱਤਤਾ ਸਵੀਕਾਰ ਕਰਦੇ ਹਨ । ਵਿਦਵਾਨ ਦਾ ਪਹਲਾ ਵਰਗ ਜਨਮ ਸਾਖੀ ਨੂੰ ਇਤਹਾਸ ਮੰਨਦਾ ਹੈ । ਉਹਨਾਂ ਅਨੁਸਾਰ ਇਹਨਾਂ ਵਿੱਚ ਸਮਕਾਲ ਸੰਬਧੀ ਮਹਤਵਪੂਨ ਇਤਿਹਾਸਿਕ ,ਰਾਜਨੀਤਿਕ , ਧਾਰਮਿਕ , ਤੇ ਸਮਾਜਿਕ ਜਾਣਕਾਰੀ ,ਸੂਚਨਾ ਪ੍ਰਾਪਤ ਹੁੰਦੀ ਹੈ । ਉਹ ਜਨਮ ਸਾਖੀਆਂ ਨੂੰ ਸੁਧ ਇਤਹਾਸ ਵੀ ਨਹੀ ਮੰਨਦੇ । ਵਿਦਵਾਨ ਜਦੋਂ ਵੀ ਜਨਮ ਸਾਖੀਆਂ ਤੋਂ ਇਤਿਹਾਸਿਕ ਮਹੱਤਤਾ ਦੀ ਤਵੱਕੋ ਕਰਦੇ ਹਨ ਤਾਂ ਉਹ ਇਸ ਭ੍ਰਾਂਤੀ ਦਾ ਸ਼ਿਕਾਰ ਹੁੰਦੇ ਹਨ ਕਿ ਜਨਮ ਸਾਖੀਆਂ ਵਿੱਚ ਇਤਿਹਾਸ ਤਾਂ ਹੈ ਸੁੱਧ ਇਤਿਹਾਸ ਨਹੀਂ ।ਡਾਕਟਰ ਕਿਰਪਾਲ ਸਿੰਘ ਕਸੇਲ ਅਤੇ ਡਾਕਟਰ ਉੱਤਮ ਸਿੰਘ ਦਾ ਮੰਨਣਾ ਹੈ ਕਿ ਸਾਖੀਕਾਰਾਂ ਕੋਲ ਬੜੀ ਇਤਿਹਾਸਿਕ ਸੂਝ ਹੁੰਦੀ ਹੈ।

ਪੁਰਾਤਨ ਜਨਮ ਸਾਖੀ ਦੀ ਇਤਿਹਾਸਕ ਵਿਸ਼ੇਸ਼ਤਾ ਦੀ ਚਰਚਾ ਕਰਦਿਆਂ ਪ੍ਰਸਿੱਧ ਖੋਜੀ ਸਰਦਾਰ ਸਮਸ਼ੇਰ ਸਿੰਘ ਅਸ਼ੋਕ ਨੇ ਇਸਦੀ ਪੁਰਾਤਨਤਾ ਬਾਰੇ ਜੋ ਵਿਚਾਰ ਪੇਸ਼ ਕੀਤੇ ਹਨ ਓਹਨਾ ਵਿੱਚੋ ਭਾਈ ਵੀਰ ਸਿੰਘ ਦੇ ਉਪਰੋਕਤ ਅਨੁਮਾਨ ਦੀ ਪੁਸਟੀ ਹੁੰਦੀ ਹੈ ਉਸਨੇ ਦਸਿਆ ਹੈ:- " ਪਹਲੇ ਪਹਲ ਇਸ ਜਨਮ ਸਾਖੀ ਵਿੱਚ, ਜਿਵੇਂ ਕਿ ਪੁਰਾਤਨ ਹੱਥ ਲਿਖਤ ਖਰੜਿਆਂ ਦੀ ਫੋਲਾ - ਫਾਲੀ ਕਰਨ ਤੋਂ ਪਤਾ ਲਗਦਾ ਹੈ, ਕੇਵਲ 15- 20 ਸਾਖੀਆਂ ਹੀ ਸਨ, ਪਰ ਪਿੱਛੋਂ ਕੁਝ ਹੋਰ ਸਾਖੀਆਂ ਨਾਲ ਰਲਣ ਤੇ ਪਹਲਾ 25 ਸਾਖੀਆਂ ਤੇ ਫਿਰ 30 ਸਾਖੀਆਂ ਦਾ ਇਕ ਸੰਗ੍ਰਹਿ ਤਿਆਰ ਹੋਇਆ।24 ਤੋ 30 ਸਾਖੀਆਂ ਦੇ ਦੋ ਨੁਸਖ਼ੇ ਮੇਰੇ ਨਿੱਜੀ ਪੁਸਤਕਾਲਾ ਵਿਚ ਮੌਜੂਦ ਹਨ।"

ਭਾਈ ਵੀਰ ਸਿੰਘ ਨੇ ਜੋ ਦੋ ਜਨਮਸਾਖੀਆਂ ਦੇ ਸੰਜੋਗ ਤੋਂ ਜਨਮਸਾਖੀ ਕੀਤੀ, ਉਨ੍ਹਾਂ ਦੋਨਾਂ ਜਨਮ ਸਾਖੀਆਂ ਵਿੱਚ ਕੇਵਲ ਕੁਝ ਅੱਖਰਾਂ ਅਤੇ ਸਬਦਾ ਜਾਂ ਵਾਕਾ ਦਾ ਹੀ ਅੰਤਰ ਦਸਿਆ ਜਾ ਸਕਦਾ ਹੈ। ਮੰਨਿਆ ਜਾਂਦਾ ਹੈ ਕਿ ਇਹ ਅੰਤਰ ਉਤਾਰਾ ਕਰਨ ਵੇਲੇ ਪੈਦਾ ਹੋ ਗਿਆ। ਕਿਹੜੀ ਜਨਮ ਸਾਖੀ ਕਿਸ ਦਾ ਉਤਾਰਾ ਹੈ ਇਹ ਕਹਿਣਾ ਮੁਸਕਿਲ ਹੈ।

**ਜਨਮ ਸਾਖੀ ਦਾ ਰਚਣਹਾਰਾ ਤੇ ਲੇਖਕ :-**

ਪੁਰਾਤਨ ਜਨਮ ਸਾਖੀ ਦਾ ਰਚਣਹਾਰਾ ਕੋਈ ਇੱਕ ਵਿਅਕਤੀ ਨਹੀਂ ਹੋ ਸਕਦਾ।ਵਿਦਵਾਨਾਂ ਵਲੋਂ ਇਸ ਬਾਰੇ ਮਤਭੇਦ ਕੀਤੇ ਹਨ।ਕੁਝ ਵਿਦਵਾਨਾਂ ਨੇ ਇਹਨਾਂ ਸਾਖੀਆਂ ਦੇ ਲੇਖਕ ਗੁਰੂ ਨਾਨਕ ਦੇਵ ਜੀ ਦੇ ਓਹਨਾ ਸਾਥੀਆਂ ਨੂੰ ਮੰਨ ਲਿਆ ਹੈ,ਜਿਹੜੇ ਉਦਾਸੀਆਂ ਸਮੇ ਉਹਨਾਂ ਦੇ ਨਾਲ ਸਨ । ਪੁਰਾਤਨ ਜਨਮ ਸਾਖੀ ਵਿੱਚ ਤਿੰਨ ਚਾਰ ਸਾਥੀ ਵਿਅਕਤੀਆਂ ਦੇ ਨਾਮ ਆਉਂਦੇ ਹਨ ਉਹ ਹਨ - ਭਈ ਸੈਦਾ,ਘੇਹੋ ਜੱਟ, ਸ਼ੀਹਾਂ ਛੀਬਾ ਅਤੇ ਹੱਸੂ ਲੁਹਾਰ । ਡਾਕਟਰ ਰਤਨ ਸਿੰਘ ਜੱਗੀ ਨੇ ਖੋਜ ਪੱਤ੍ਰਿਕਾ ਦੇ ਪੁਰਾਤਨ ਵਾਰਤਕ ਵਿਸੇਸ ਅੰਕ ਵਿੱਚ ਜਨਮ ਸਾਖੀਆਂ ਦੇ ਅਧਿਐਨ ਨਾਲ ਵਿਸ਼ਲੇਸ਼ਣ ਨਾਲ ਸੰਬਧਿਤ ਬਹੁਤ ਸਾਰੀਆਂ ਸਮੱਸਿਆ ਉਤੇ ਵਿਚਾਰ ਕੀਤਾ ਹੈ।ਇੰਨਾ ਵਿਚੋ ਇਕ ਸਮੱਸਿਆ ਇਹ ਫੈਸਲਾ ਨਾ ਹੋਣ ਦੀ ਹੈ ਕਿ ਜਨਮ ਸਾਖੀਆ ਦੀ ਸਾਹਿਤਿਕ ਮਹੱਤਤਾ ਹੀ ਹੈ ਜਾ ਫਿਰ ਇਹਨਾਂ ਦਾ ਕੋਈ ਇਤਿਹਾਸਿਕ ਮੁਲ ਵੀ ਹੈ। ਇਸ ਨੁਕਤੇ ਤੇ ਵਿਦਵਾਨਾਂ ਵਿਚ ਮਤਬੇਦ ਹੈ ।ਡਾਕਟਰ ਸੁਰਜੀਤ ਸਿੰਘ ਹਾਂਸ , ਡਾਕਟਰ ਉੱਤਮ ਸਿੰਘ ਭਾਟੀਆ ,ਡਾਕਟਰ ਕਿਰਪਾਲ ਸਿੰਘ ਕਸੇਲ ਆਦਿ ਇਨ੍ਹਾਂ ਵਿਦਵਾਨਾਂ ਦੀ ਇਤਿਹਾਸਿਕ ਮਹੱਤਤਾ ਸਵੀਕਾਰ ਕਰਦੇ ਹਨ । ਵਿਦਵਾਨ ਦਾ ਪਹਲਾ ਵਰਗ ਜਨਮ ਸਾਖੀ ਨੂੰ ਇਤਹਾਸ ਮੰਨਦਾ ਹੈ । ਉਹਨਾਂ ਅਨੁਸਾਰ ਇਹਨਾਂ ਵਿੱਚ ਸਮਕਾਲ ਸੰਬਧੀ ਮਹਤਵਪੂਨ ਇਤਿਹਾਸਿਕ ,ਰਾਜਨੀਤਿਕ , ਧਾਰਮਿਕ , ਤੇ ਸਮਾਜਿਕ ਜਾਣਕਾਰੀ ,ਸੂਚਨਾ ਪ੍ਰਾਪਤ ਹੁੰਦੀ ਹੈ । ਉਹ ਜਨਮ ਸਾਖੀਆਂ ਨੂੰ ਸੁਧ ਇਤਹਾਸ ਵੀ ਨਹੀ ਮੰਨਦੇ । ਵਿਦਵਾਨ ਜਦੋਂ ਵੀ ਜਨਮ ਸਾਖੀਆਂ ਤੋਂ ਇਤਿਹਾਸਿਕ ਮਹੱਤਤਾ ਦੀ ਤਵੱਕੋ ਕਰਦੇ ਹਨ ਤਾਂ ਉਹ ਇਸ ਭ੍ਰਾਂਤੀ ਦਾ ਸ਼ਿਕਾਰ ਹੁੰਦੇ ਹਨ ਕਿ ਜਨਮ ਸਾਖੀਆਂ ਵਿੱਚ ਇਤਿਹਾਸ ਤਾਂ ਹੈ ਸੁੱਧ ਇਤਿਹਾਸ ਨਹੀਂ ।ਡਾਕਟਰ ਕਿਰਪਾਲ ਸਿੰਘ ਕਸੇਲ ਅਤੇ ਡਾਕਟਰ ਉੱਤਮ ਸਿੰਘ ਦਾ ਮੰਨਣਾ ਹੈ ਕਿ ਸਾਖੀਕਾਰਾਂ ਕੋਲ ਬੜੀ ਇਤਿਹਾਸਿਕ ਸੂਝ ਹੁੰਦੀ ਹੈ। ਜਨਮ ਸਾਖੀ ਦਾ ਮੁਢਲਾ ਲਿਖਤ ਰੂਪ ਗੁਰੂ ਗ੍ਰੰਥ ਸਹਿਬ ਦੀ ਬੀੜ ਤਿਆਰ ਹੋ ਜਾਣ ਮੰਗਰੋ ਹੋਂਦ ਵਿਚ ਆਇਆ ਮੰਨਿਆ ਜਾ ਸਕਦਾ ਹੈ ਕਿਉਂਕਿ ਇਸ ਸਮੇਂ ਗੁਰਮਤਿ ਦਾ ਪ੍ਰਚਾਰ ਬੜੇ ਜੋਰ ਸ਼ੋਰ ਤੇ ਸੁਰੂ ਹੋ ਗਿਆ ਸੀ

**ਸੰਪਾਦਨ**

ਇਸ ਜਨਮਸਾਖੀ ਹੱਥ ਲਿਖਤ ਪੋਥੀਆ ਉੱਤੇ ਆਧਾਰਿਤ ਹੈ। ਇੱਕ "ਵਲੈਤ ਵਾਲੀ ਜਨਮਸਾਖੀ" ਜਿਸ ਦੀ ਹੱਥ ਲਿਖਤ ਪੋਥੀ ਸੰਨ 1815-16 ਈ ਵਿੱਚ *ਐਚ.ਟੀ. ਕੋਲਬਰੁੱਕ* ਨੇ ਈਸਟ ਇੰਡੀਆ ਹਾਊਸ ਦੀ ਲਾਈਬ੍ਰੇਰੀ ਨੂੰ ਦਿਤੀ ਸੀ। ਦੂਜੀ ਪੋਥੀ "ਹਾਫ਼ਿਜ਼ਾਬਾਦ ਵਾਲੀ ਜਨਮਸਾਖੀ" ਹੈ, ਜਿਸ ਨੂੰ 15 ਨਵੰਬਰ 1885 ਈ ਵਿੱਚ ਮੈਕਸ ਆਰਥਰ ਮੈਕਾਲਿਫ਼ ਨੇ ਛਪਵਾਇਆ ਅਤੇ ਇਸ ਦੀ ਭੂਮਿਕਾ ਓਰੀਐਂਟਲ ਕਾਲਜ, ਲਾਹੌਰ ਦੇ ਪ੍ਰੋਫ਼ੈਸਰ *ਭਾਈ ਗੁਰਮੁਖ ਸਿੰਘ* ਦੁਆਰਾ ਲਿਖੀ ਗਈ ਸੀ। ਭਾਈ ਵੀਰ ਸਿੰਘ ਦੀ ਸੰਪਾਦਿਤ ਕਰਕੇ ਛਾਪੀ ਹੋਈ ਸੰਨ 1926 ਈ.ਦੀ 'ਪੁਰਾਤਨ ਜਨਮਸਾਖੀ',ਜਿਸ ਦੀਆਂ ਹੁਣ ਤਕ ਛੇ ਸੱਤ ਐਡੀਸ਼ਨਾਂ ਵਿਕ ਕੇ ਖਤਮ ਹੋ ਚੁੱਕੀਆਂ ਹਨ ਇਸੇ ਵਲਾਇਤੀ ਵਾਲੀ ਤੇ ਹਾਫ਼ਿਜ਼ਾਬਾਦ ਵਾਲੀ ਜਨਮਸਾਖੀ ਦਾ ਹੀ ਇਕ ਪ੍ਰਤੀਰੂਪ ਹੈ।

ਪੁਰਾਤਨ ਜਨਮਸਾਖੀ ਨੂੰ ਵਿਸ਼ੇ ਵਿਭਾਗ ਦੇ ਮੁਤਾਬਿਕ ਹੇਠ ਲਿਖੇ ਛੇ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ ਜਿਵੇਂ:

1.ਇਤਿਹਾਸਕ ਵਿਸ਼ੇਸ਼ਤਾ

2.ਸਾਹਿਤਕ ਮਹੱਤਵ

3.ਪੁਰਾਤਨ ਗੱਦ ਵਿੱਚ ਇਸ ਦਾ ਸਥਾਨ

4.ਭਾਸ਼ਾ ਵਿਗਿਆਨਿਕ ਅਹਿਮੀਅਤ

5.ਵਿਆਕਰਨਿਕ ਸ਼ਬਦ-ਯੋਜਨਾ

6.ਛੰਦ ਵਿਵਸਥਾ

**•ਇਤਿਹਾਸਕ ਵਿਸ਼ੇਸ਼ਤਾ:**

ਪੁਰਾਤਨ ਜਨਮਸਾਖੀ ਦਾ ਇਤਿਹਾਸਕ ਮਹੱਤਵ ਇਸ ਕਰਕੇ ਹੈ ਕਿ ਇਹ ਗੁਰੂ ਨਾਨਕ ਦੇ ਸੱਤਰ ਸਾਲਾ ਜੀਵਨ ਦੀਆਂ ਇਤਿਹਾਸਕ ਨੂੰ ਕ੍ਰਮਵਾਰ ਆਪਣੇ ਅੰਗ-ਸੰਗ ਰੱਖ ਕੇ ਵਾਧੂ ਕਲਪਨਾ ਦੇ ਸ਼ਬਦਾਡੰਬਰ ਤੇ ਅਲੰਕਾਰਿਕ ਵਿੰਗ-ਵਲੇਵਿਆਂ ਤੋਂ ਰਹਿਤ ਹੋ ਕੇ ਬੜੇ ਸਰਲ ਤੇ ਸਾਦਾ ਢੰਗ ਨਾਲ ਉਸ ਵੇਲੇ ਦੀ ਆਮ ਪੰਜਾਬੀ ਬੋਲੀ ਦੀ ਹੂ-ਬ-ਹੂ ਰੂਪ ਰੇਖਾ ਪੇਸ਼ ਕਰਦਿਆਂ ਹੋਇਆਂ ਹੈ। ਜਿਵੇਂ ਕਿ:

ਸੰਮਤ 1526 ਬਾਬਾ ਨਾਨਕ ਜਨਮਿਆ, ਵੈਸਾਖ ਮਾਹਿ, ਤ੍ਰਿਤੀਆ ਚਾਂਦਨੀ ਰਾਤ, ਅੰਮ੍ਰਿਤ ਵੇਲਾ; ਪਹਰੁ ਰਾਤ ਰਹਿਦੀ ਕਉ ਜਨਮਿਆ, ਅਨਹਦ ਸਬਦ ਪਰਮੇਸ਼ਰ ਕੈ ਦਰਬਾਰਿ ਵਾਜੇ।...........ਤਬ ਕਾਲੂ ਖੱਤ੍ਰੀ ਜਾਤ ਵੇਦੀ ਤਲਵੰਡੀ ਰਾਇ ਭੋਇ ਭੱਟੀ ਦੀ ਵਸਦੀ ਵਿੱਚ ਵਸਦਾ ਆਹ; ਉਥੇ ਜਨਮ ਪਾਇਆ।

ਵੱਡਾ ਹੋਆ ਤਾ ਲੱਗਾ ਬਾਲਕਾ ਨਾਲੇ ਖੇਡਣ, ਪਰ ਬਾਲਕਾਂ ਤੇ ਉਸ ਦੀ ਦਿਸਟਿ ਆਵੇ ਅਤੇ ਆਤਮੇ ਅਭਿਆਸੁ ਪਰਮੇਸ਼ਰ ਦਾ ਕਰੈ।

**•ਸਾਹਿਤਕ ਮਹੱਤਵ:**

ਪੁਰਾਤਨ ਜਨਮਸਾਖੀ ਦੀ ਸਭ ਤੋਂ ਵੱਡੀ ਸਾਹਿਤਕ ਅਹਿਮੀਅਤ ਇਹੋ ਹੈ ਕਿ ਇਹ ਸਭ ਤੋਂ ਪਹਿਲਾਂ ਪੰਜਾਬੀ ਗੱਦ ਅਥਵਾ ਵਾਰਤਕ ਰਚਨਾ ਦਾ ਅਤਿ ਉੱਤਮ ਨਮੂਨਾ ਹੈ,ਜਿਸ ਦਾ ਲਗਾਉ ਹਿੰਦਵੀਅਤ,ਉਰਦੂ,ਬ੍ਰਿਜ ਭਾਸ਼ਾ,ਸੰਸਕ੍ਰਿਤ ਤੇ ਫ਼ਾਰਸੀ ਜਾਂ ਹੋਰ ਕਿਸੇ ਬੋਲੀ ਨਾਲ ਕੋਈ ਨਹੀਂ ਹੈ। ਇਹ ਠੇਠ ਪੰਜਾਬੀ ਗੱਦ ਨੂੰ ਸਵੱਛ ਢੰਗ ਨਾਲ ਅੰਕਿਤ ਕਰਨ ਲਈ ਗੁਰੂ ਨੇ ਵੀ ਆਪਣੀ ਲਿਪੀ ਵੀ ਆਪਣੀ ਹੀ ਬਣਾ ਲਈ ਸੀ, ਜਿਸ ਦੇ ਮੁੱਢ ਦਾ ਸੰਕੇਤ ਰਾਗ ਆਸਾ ਪੱਟੀ ਮਹਲਾ1 ਦੇ ਸ਼ਬਦ "ਸਸੈ ਸੋਇ ਸ੍ਰਿਸਟਿ ਜਿਨ ਸਾਜੀ ਸਭਨਾ ਸਾਹਿਬ ਏਕ ਭਇਆ॥".......ਤੋਂ ਸਾਫ ਪਤਾ ਲੱਗਦਾ ਹੈ। ਇਸੇ ਕਾਰਣ ਪੁਰਾਤਨ ਜਨਮਸਾਖੀ ਵਿੱਚੋ ਠੇਠ ਪੰਜਾਬੀ ਦੇ ਨਾਲ ਹੀ ਗੁਰੂ ਨਾਨਕ ਦਾ ਪਰਾ ਪੂਰਬਲਾ ਦੂਜੀ,ਤੀਜੀ ਤੇ ਚੌਥੀ ਉਦਾਸੀ ਵਿੱਚ ਵਰਨਣਯੋਗ ਹੈ,ਜਿਵੇਂ:

ਦੁਤੀਆ ਉਦਾਸੀ ਕੀਤੀ ਦੱਖਣ ਕੀ।ਅਹਾਰੁ ਤਲੀ ਭਰਿ ਰੇਤੁ ਕੀ ਕਰਹਿ।ਤਦਹੁ ਪੈਰੀ ਖੜਾਵਾ ਕਾਠ ਕੀਆਂ। ਹਥਿ ਆਸਾ। ਸਿਰਿ ਰੱਸੇ ਪਲੇਟੇ, ਮਥੈ ਟਿਕਾ ਬਿੰਦਲੀ ਕਾ। ਤਦਹੁ ਨਾਲਿ ਸੈਦੋ ਜਟੁ ਜਾਤਿ ਘੇਹੋ ਥਾ।ਤਦਹੁ ਬਾਬਾ ਧਨਾਸਰੀ ਦੇਸਿ ਜਾਇ ਨਿਕਲਿਆ।

**•ਪੁਰਾਤਨ ਗੱਦ ਵਿੱਚ ਇਸ ਦਾ ਸਥਾਨ:**

ਪੁਰਾਤਨ ਜਨਮਸਾਖੀ ਦਾ ਪੁਰਾਣੇ ਗੱਦ ਵਿੱਚ ਸਥਾਨ ਇਸਦੀ ਸਿੱਧੀ ਸਾਦੀ ਸਰਲ ਵਾਕ ਰਚਨਾ,ਇਸ ਵਿੱਚੋ ਠੁੱਕਦਾਰ ਲਹਿੰਦੀ ਬੋਲੀ ਦੀ ਨੁਹਾਰ,ਬਾ-ਮੁਹਾਵਰਾ ਪੰਜਾਬੀ ਜਿਸ ਵਿੱਚ ਪੁਰਾਤਨ ਪੰਜਾਬੀਅਤ ਦੀ ਪੂਰੀ-ਪੂਰੀ ਝਲਕ ਹੈ,ਉਸ ਸਮੇਂ ਦੀ ਲੌਕਿਕ ਤੇ ਸਮਾਜਿਕ ਵਿਚਾਰਧਾਰਾ,ਮਜ਼ਬੀ ਵਿਚਾਰ ਪਰੰਪਰਾ,ਜਨ-ਸਮਾਜ ਵਿੱਚੋਂ ਆਪਸੀ ਫ਼ਿਰਕੇਦਾਰੀ ਦਾ ਜ਼ਹਿਰ ਦੂਰ ਕਰਨ ਦੀ ਰੁਚੀ ਜਨਮਸਾਖੀ ਦੀ ਗੁਰੂ ਨਾਨਕ ਦੇ ਉਪਦੇਸ਼ਾਂ ਮੁਤਾਬਿਕ ਸੱਚ-ਮੁੱਚ ਹੀ ਅਪਣਾਉਣਯੋਗ ਸਿਫਤਾਂ ਹਨ। ਇਸ ਲਈ ਕਹਿਣਾ ਪੈਂਦਾ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਪੰਜਾਬੀ ਗੱਦ ਦੀ ਇੰਨੀ ਸੁਚੱਜੀ ਰੂਪ ਰੇਖਾ ਕਿਤੋਂ ਵੀ ਨਹੀਂ ਮਿਲਦੀ। ਪੁਰਾਤਨ ਜਨਮਸਾਖੀ ਜੋ ਕਿ ਪੰਜਾਬੀ ਗੱਦ ਦੀ ਇਕੋ ਇਕ ਪਹਿਲੀ ਰਚਨਾ ਹੈ,ਇਸ ਲਈ ਉਸ ਵੇਲੇ ਦੇ ਪੇਂਡੂ ਬੋਲਚਾਲ ਮੁਤਾਬਿਕ ਇਸ ਵਿੱਚ ਅਨੇਕਾਂ ਥਾਵੀਂ ਅਬ,ਤਬ,ਕੀ,ਥਾਂ,ਥੇ,ਥੀ ਆਦਿ ਸ਼ਬਦਾਂ ਦੀ ਵਰਤੋਂ ਨਜ਼ਰ ਆਉਦੀ ਹੈ।

**•ਭਾਸ਼ਾ ਵਿਗਿਆਨਿਕ ਅਹਿਮੀਅਤ:**

ਪੁਰਾਤਨ ਜਨਮਸਾਖੀ ਦੀ ਭਾਸ਼ਾ ਵਿੱਚ ਵਿਗਿਆਨਕ ਅਹਿਮੀਅਤ ਵੀ ਨਜ਼ਰ ਆਉਦੀ ਹੈ। ਇਹ ਭਾਸ਼ਾ ਵਿਗਿਆਨ ਦਾ ਮੁੱਢਲਾ ਅਸੂਲ ਹੈ ਕਿ ਕੋਈ ਵੀ ਭਾਸ਼ਾ ਗੁਆਂਢੀ ਬੋਲੀਆਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੀ ਤੇ ਨਾ ਹੀ ਸੰਬੰਧਿਤ ਗੁਆਂਢੀ ਬੋਲੀਆਂ ਦੇ ਲਫਜ਼ਾਂ ਦੀ ਲੇਤ-ਦੇਤ ਤੋਂ ਬਗੈਰ ਕਿਸੇ ਵੀ ਭਾਸ਼ਾ ਦਾ ਗੁਜ਼ਾਰਾ ਹੋ ਸਕਦਾ ਹੈ।ਪੁਰਾਤਨ ਜਨਮਸਾਖੀ ਦੇ ਮੁੱਢੋਂ ਹੀ ਸਬੂਤ ਮਿਲਦਾ ਹੈ,"ਸਸੈ ਸੋਇ ਸ੍ਰਿਸਟਿ ਜਿਨ ਸਾਜੀ" ਕਹਿ ਕੇ ਆਸਾ ਮਹਲਾ ਪਹਿਲਾ ਪੱਟੀ ਅਨੁਸਾਰ ਇਸ ਦਾ ਮੁੱਢ ਬੰਨ੍ਹਿਆ ਸੀ। ਇਹ ਲਿਪੀ ਗੁਰੂ ਨਾਨਕ ਨੇ ਕਸ਼ਮੀਰ ਦੀ ਸ਼ਾਰਦਾ ਲਿੱਪੀ ਦੇ ਆਧਾਰ ਤੇ ਥਾਉਂ ਥਾਈਂ ਥੋੜਾ ਬਾਹਲਾ ਸੰਸ਼ੋਧਨ ਕਰਕੇ ਪੰਜਾਬੀਅਤ ਨੂੰ ਮੁੱਖ ਰੱਖਦਿਆਂ ਹੋਇਆਂ ਕੀਤੀ ਸੀ, ਜਿਸ ਦੇ ਸਬੂਤ ਵੱਜੋਂ ਸ਼ਾਰਦਾ ਤੇ ਗੁਰਮੁਖੀ ਦੇ ਟਾਕਰੇ ਵੱਜੋਂ ਪੇਸ਼ ਕੀਤੇ ਜਾਂ ਸਕਦਾ ਹਨ।

**•ਵਿਆਕਰਨਿਕ ਸ਼ਬਦ ਯੋਜਨਾ:**

ਵਿਆਕਰਨ ਵਰਨਾਂ ਸ਼ਬਦਾਂ ਤੇ ਉਹਨਾਂ ਦੇ ਵਾਕਾਂ ਦੀ ਵੇਰਵੇ ਸਾਹਿਤ ਵਿਆਖਿਆ ਦਾ ਸੰਵਿਧਾਨਿਕ ਨਾਂ ਹੈ,ਇਸੇ ਕਾਰਨ ਵਿਆਕਰਣ ਨੂੰ ਵਰਣ-ਬੋਧ,ਸ਼ਬਦ-ਬੋਧ ਤੇ ਵਾਕ-ਬੋਧ ਨਾਮਕ ਤਿੰਨਾਂ ਭਾਗਾਂ ਵਿੱਚ ਵੰਡ ਸਕਦੇ ਹਾਂ।ਪੁਰਾਤਨ ਜਨਮਸਾਖੀ ਵਿੱਚ ਵਿਆਕਰਨ ਦੇ ਇਹ ਤਿੰਨੇ ਰੂਪ ਆਉਂਦੇ ਹਨ। ਪ੍ਰੋਫੈਸਰ ਸਾਹਿਬ ਸਿੰਘ ਦੇ ਕਥਨ ਅਨੁਸਾਰ "ਸੰਸਕ੍ਰਿਤ ਦੇ ਕਿਸੇ ਸ਼ਬਦ ਵਿੱਚ ਆਇਆ ਦੂਜਾ,ਤੀਜਾ ਜਾਂ ਚੌਥਾ ਅੱਖਰ 'ਭ','ਬ' ਜਾਂ 'ਸ਼' ਦੀ ਥਾਵੇਂ 'ਹ' ਹੋ ਜਾਂਦਾ ਹੈ,ਜਿਵੇਂ ਜੀਭ ਦੀ ਥਾਵੇਂ ਜੀਹ,ਸੁਰਭੀ ਦੀ ਥਾਵੇਂ ਸੁਰਹੀ, ਪ੍ਰਿਥਵੀ ਦੀ ਥਾਵੇਂ ਪੁਹਮੀ ਆਦਿ।ਪੁਰਾਤਨ ਜਨਮਸਾਖੀ ਤੇ ਗੁਰੂ ਨਾਨਕ-ਬਾਣੀ ਵਿੱਚ ਇਸੇ ਕਿਸਮ ਦੀਆਂ ਮਿਸਾਲਾਂ ਹਨ,ਜਿਵੇਂ:

"ਇਕ ਦਿਨ ਇਕ 'ਖਿਜਮਤਗਾਰ' ਗਇਆ। ਕਪੜੇ ਲਾਹਿ 'ਖਿਜਮਤਗਾਰ' ਦੇ ਹਵਾਲੇ ਕੀਤੇ।"

**•ਛੰਦ ਵਿਵਸਥਾ:**

ਪੁਰਾਤਨ ਜਨਮਸਾਖੀ ਵਿੱਚ ਯਥਾਕ੍ਰਮ,ਉਲਾਰ,ਸਰਸੀ,ਸ਼ਲੋਕ,ਸਵੱਯਾ,ਲਲਿਤਪਦ,ਹਾਕਲ,ਕਲਸ,ਗੀਤਾਂ,ਘਨਕਲਾ,ਚੌਪਾਈ ਤਾਟੰਕ,ਪਉੜੀ,ਪ੍ਰਮਾਣਿਕਾ,ਵਿਸ਼ਨੁਪਦ,ਪੁਨਹਾ ਤੇ ਰੂਪਮਾਲਾ ਨਾਮੀ ਸਤਾਰਾਂ ਛੰਦ ਵਰਤੇ ਹਨ,ਜੋ ਮਾਤਰਿਕ ਵਰਨਿਕ ਤੇ ਗਣਿਕ ਨਾਂ ਦੀਆਂ ਤਿੰਨੇ ਕਿਸਮਾਂ ਨਾਲ ਸੰਬੰਧ ਰੱਖਦੇ ਹਨ। ਇਸ ਤੋਂ ਗੁਰੂ ਨਾਨਕ ਦੀ ਅਲੌਕਿਕ ਕਾਵਿਕ-ਪ੍ਰਤਿਭਾ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਉਦਾਹਰਣ ਵਜੋਂ:

(1)ਪ੍ਰਮਾਣਿਕਾ ਛੰਦ

"ਨਾ ਦੇਵ ਦਾਨਵਾ ਨਰਾ। ਨ ਸਿਧ ਸਾਧਿਕਾ ਧਰਾ। ਕਲਾ ਧਰੈ ਹਿਰੈ ਸਈ।".......

(2) ਰੂਪਮਾਲਾ ਛੰਦ

"ਕੂੜ ਰਾਜਾ ਕੂੜ ਪਰਜਾ ਕੂੜ ਸਭ ਸੰਸਾਰ॥ ਕੂੜ ਮੰਡਪ ਕੂੜ ਮਾੜੀ ਕੂੜ ਬੈਸਣ ਹਾਰ॥"

**ਸਾਰਾਂਸ਼:**

ਇਹ ਪੁਰਾਤਨ ਜਨਮਸਾਖੀ ਗੁਰੂ ਨਾਨਕ ਦਾ ਸਾਹਿਤਕ ਮੁਲਾਂਕਣ,ਜਿਸ ਬਾਰੇ ਵਧੇਰੇ ਵਿਸਤਾਰ ਦੀ ਥਾਵੇਂ ਸੰਖੇਪ ਰੂਪ ਤੋਂ ਹੀ ਕੰਮ ਲਿਆ ਗਿਆ ਹੈ,ਉਸ ਸਮੇਂ ਜਦ ਇਹ ਜਨਮਸਾਖੀ ਗੁਰੂ ਸਾਹਿਬ ਦੇ ਹਜ਼ੂਰੀ ਸਿੱਖਾਂ ਵੱਲੋਂ ਕਲਮ-ਬੰਦ ਹੁੰਦੀ ਰਹੀ,ਦਰਅਸਲ ਪੰਜਾਬੀ ਗੱਦ ਦਾ ਪ੍ਰਾਰੰਭ ਕਾਲ ਸੀ ਤੇ ਗੁਰੂ ਦਰਬਾਰੀ ਵੀ ਉਸ ਸਮੇਂ ਬਹੁਤੇ ਮਦ੍ਰ ਦੇਸ ਦੇ ਜੰਮਪਲ ਤੇ ਰਾਵੀ ਝਨਾਂ ਤੋਂ ਪਾਰ ਲਹਿੰਦੇ ਪੰਜਾਬ ਦੇ ਵਸਨੀਕ ਸਨ। ਗੁਰੂ ਨਾਨਕ ਦਾ ਜਨਮ ਵੀ ਤਲਵੰਡੀ ਰਾਇ ਭੋਇ, ਜਿਲ੍ਹਾ ਸ਼ੇਖ਼ੂਪੁਰਾ ਦਾ ਸੀ, ਇਸ ਲਈ ਉਹਨਾਂ ਦੀ ਜ਼ਬਾਨ ਤੇ ਇਸ ਜਨਮਸਾਖੀ ਦੀ ਜ਼ਬਾਨ ਵਿੱਚ ਲਹਿੰਦੀ ਦਾ ਵਧੀਕ ਪ੍ਰਭਾਵ ਹੈ।

## ਮੁੱਖ/ਕੇਂਦਰੀ ਸ਼ਬਦ:

ਰੂਪਮਾਲਾ ----ਕਲਾ ਬਣਤਰ

ਪੁਰਾਤਨ---ਪੁਰਾਣਾ ਰੂਪ

ਲਹਿੰਦੀ ---ਭਾਸ਼ਾਂਈ ਰੂਪ

ਛੰਦ ---ਲਿਖਣ ਕਲਾ ਦਾ ਰੂਪ

ਵਿਆਕਰਨ---ਵਰਨਾਂ ਸ਼ਬਦਾਂ ਅਤੇ ਵਾਕਾਂ ਦਾ ਜੁੜਨਾ

## ਸਵੈ-ਮੁਲਾਂਕਣ:

1. ਜਨਮਸਾਖੀ ਸਾਹਿਤ ਕਿਸ ਉਪਰ ਆਧਾਰਤ ਹੈ

   ੳ. ਮਹਾਂਪੁਰਖ ਦੀ ਸ਼ਖ਼ਸੀਅਤ ਉੱਪਰ

   ਅ. ਕਰਮਕਾਂਡਾਂ ਉੱਪਰ

   ੲ. ਜਾਦੂ ਟੂਣਿਆਂ ਉੱਪਰ

   ਸ. ਝੂਠ ਫਰੇਬਾਂ ਉੱਪਰ

2. ਪੁਰਾਤਨ ਜਨਮਸਾਖੀ ਦਾ ਨਾਇਕ ਹੈ

   ੳ. ਭਾਈ ਮਨੀ ਸਿੰਘ

   ਅ. ਭਾਈ ਮਤੀਦਾਸ

   ੲ. ਭਾਈ ਸਤੀਦਾਸ

   ਸ. ਗੁਰੂ ਨਾਨਕ ਦੇਵ ਜੀ

3. ਪ੍ਰਮਾਤਮਾ ਦੇ ਸਰੂਪ ਸਬੰਧੀ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਹਨ

   ੳ. ਅਨੇਕ ਹੈ

   ਅ. ਇਕ ਹੈ

   ੲ. ਬੁੱਤਾਂ ਵਿੱਚ ਹੈ

   ਸ. ਪਹਾੜਾਂ ਵਿੱਚ ਹੈ

4. ਜਨਮ ਸਾਖੀ ਵਿੱਚ ਕਿਸ ਉਪਰ ਜ਼ੋਰ ਹੈ

   ੳ. ਕਰਮਕਾਂਡਾਂ ਉੱਪਰ

   ਅ. ਪੂਜਾ ਪਾਠ ਉੱਪਰ

   ੲ. ਨਾਮ ਸਿਮਰਨ ਉੱਪਰ

   ਸ. ਰੀਤਾਂ ਰਸਮਾਂ ਉੱਪਰ

5. ਪੁਰਾਤਨ ਜਨਮਸਾਖੀ ਹੈ

   ੳ. ਅਸ਼ਰਧਾ ਮੂਲਕ

   ਅ. ਸ਼ਰਧਾ ਮੂਲਕ

   ੲ. ਵਿਅੰਗ ਮੂਲਕ

   ਸ. ਉਪਦੇਸ਼ਾਤਮਕ

6. ਖੇਤ ਹਰਿਆ ਸਾਖੀ ਕਿਸ ਵਿੱਚ ਦਰਜ ਹੈ

   ੳ. ਪੁਰਾਤਨ ਜਨਮ ਸਾਖੀ ਵਿਚ

   ਅ. ਸੋਢੀ ਮਿਹਰਬਾਨ ਵਾਲੀ ਜਨਮਸਾਖੀ ਵਿੱਚ

   ੲ. ਭਾਈ ਮਨੀ ਸਿੰਘ ਵਾਲੀ ਸਾਖੀ ਵਿਚ

   ਸ. ਸਿੱਖਾਂ ਦੀ ਭਗਤਮਾਲਾ ਵਿੱਚ

7. ਗੁਰੂ ਨਾਨਕ ਦੇਵ ਜੀ ਨੌਕਰੀ ਕਰਨ ਕਿੱਥੇ ਗਏ ਲਾਹੌਰ ਵਿਚ

   ੳ. ਪਸ਼ੌਰ ਵਿੱਚ

   ਅ. ਸੁਲਤਾਨਪੁਰ ਲੋਧੀ

   ੲ. ਰਾਇ ਭੋਇ ਦੀ ਤਲਵੰਡੀ

8. ਜਦੋਂ ਗੁਰੂ ਨਾਨਕ ਦੇਵ ਜੀ ਨੂੰ ਪਾਂਧੇ ਕੋਲ ਪੜ੍ਹਨ ਲਈ ਭੇਜਿਆ ਗਿਆ ਤਾਂ ਉਨ੍ਹਾਂ ਦੀ ਉਮਰ ਕਿੰਨੀ ਸੀ

   ੳ. ਦੋ ਸਾਲ

   ਅ. ਤਿੰਨ ਸਾਲ

   ੲ. ਚਾਰ ਸਾਲ

   ਸ. ਸੱਤ ਸਾਲ

10. ਗੁਰਦੁਆਰਾ ਪੰਜਾ ਸਾਹਿਬ ਦਾ ਪਹਿਲਾ ਨਾਂ ਕੀ ਸੀ

   ੳ. ਸ੍ਰੀ ਹਰਿਮੰਦਰ ਸਾਹਿਬ

   ਅ. ਹਸਨ ਅਬਦਾਲ

   ੲ. ਕੀਰਤਪੁਰ ਸਾਹਿਬ

   ਸ. ਦਰਬਾਰ ਸਾਹਿਬ

11. ਗੁਰੂ ਨਾਨਕ ਦੇਵ ਜੀ ਨੇ ਆਰਤੀ ਬਾਣੀ ਕਿੱਥੇ ਲਿਖੀ

   ੳ. ਹਰਦੁਆਰ

   ਅ. ਕਾਸ਼ੀ

   ੲ. ਜਗਨਨਾਥਪੁਰੀ

   ਸ. ਲਾਹੌਰ

12. ਗੁਰੂ ਨਾਨਕ ਦੇਵ ਜੀ ਨੂੰ ਸੱਪ ਦੁਆਰਾ ਛਾਂ ਕੀ ਹੈ

   ੳ. ਇਤਿਹਾਸ

   ਅ. ਮਿਥਿਹਾਸ

   ੲ. ਕਥਾਨਕ ਰੂੜ੍ਹੀ

ਸ. ਸਾਹਿਤ ਦਾ ਭੁਲੇਖਾ

13. ਆਪਣੀ ਪਹਿਲੀ ਉਦਾਸੀ ਸਮੇਂ ਗੁਰੂ ਨਾਨਕ ਦੇਵ ਜੀ ਕਿਸ ਨੂੰ ਮਿਲੇ

    ੳ. ਭਾਈ ਵਡਹੰਸ ਨੂੰ

    ਅ. ਭਾਈ ਬਲਵੰਤ ਨੂੰ

    ੲ. ਭਾਈ ਮਰਦਾਨਾ ਨੂੰ

    ਸ. ਭਾਈ ਚਤਰ ਦਾਸ ਨੂੰ

14. ਆਪਣੀ ਪੂਰਬ ਵਾਲੀ ਉਦਾਸੀ ਨੂੰ ਗੁਰੂ ਨਾਨਕ ਦੇਵ ਜੀ ਕਿਸ ਸਥਾਨ ਤਕ ਗਏ

    ੳ. ਮੇਘਾਲਿਆ

    ਅ. ਅਸਾਮ

    ੲ. ਅਰੁਣਾਚਲ

    ਸ. ਸਿੱਕਮ

15. ਗੁਰੂ ਜੀ ਦੀਆਂ ਉਦਾਸੀਆਂ ਸਮੇਂ ਉਨ੍ਹਾਂ ਦੇ ਨਾਲ ਉਨ੍ਹਾਂ ਦਾ ਸਾਥੀ ਕੌਣ ਸੀ

    ੳ. ਭਾਈ ਮਰਦਾਨਾ

    ਅ. ਭਾਈ ਲਹਿਣਾ

    ੲ. ਭਾਈ ਮਨੀ ਸਿੰਘ

    ਸ. ਭਾਈ ਮਤੀਦਾਸ

16. ਨਾਥਾਂ ਨਾਲ ਹੋਏ ਸੰਵਾਦ ਨੂੰ ਕੀ ਕਿਹਾ ਜਾਂਦਾ ਹੈ

    ੳ. ਪ੍ਰਾਣ ਸੰਗਲੀ

    ਅ. ਜਪੁਜੀ ਸਾਹਿਬ

    ੲ. ਰਹਿਤਨਾਮੇ

    ਸ. ਸਿੱਧ ਗੋਸ਼ਟ

## ਅਭਿਆਸ ਪ੍ਰਸ਼ਨ

1. ਪੁਰਾਤਨ ਜਨਮ ਸਾਖੀ ਬਾਰੇ ਆਪਣੇ ਵਿਚਾਰ ਲਿਖੋ
2. ਪੁਰਾਤਨ ਜਨਮ ਸਾਖੀ ਦਾ ਵਿਸ਼ਾਗਤ ਅਧਿਐਨ ਕਰੋ।
3. ਪੁਰਾਤਨ ਜਨਮ ਸਾਖੀ ਦਾ ਪਾਠਗਤ ਅਧਿਐਨ ਕਰੋ।

## ਸੰਦਰਭ ਪੁਸਤਕਾਂ:


- ਡਾ. ਜਸਵਿੰਦਰ ਸਿੰਘ ਸੈਣੀ, ਵਾਰਤਕ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ, ਪ੍ਰਕਾਸ਼ਿਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010.


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%AA%E0%A9%81%E0%A8%B0%E0%A8%BE%E0%A8%A4%E0%A8%A8%20%E0%A8%9C%E0%A8%A8%E0%A8%AE-%E0%A8%B8%E0%A8%BE%E0%A8%96%E0%A9%80

## ਉੱਤਰਮਾਲਾ

| | | | | |
|---|---|---|---|---|
| 1. ੳ | 2. ਸ | 3. ਅ | 4. ੲ | 5. ਅ |
| 6. ੳ | 7. ੲ | 8. ਸ | 9. ਅ | 10. ੳ |
| 11. ੲ | 12. ਸ | 13. ਅ | 14. ੳ | 15. ਸ |

# ਅਧਿਆਇ-6:ਆਧੁਨਿਕ ਪੰਜਾਬੀ ਵਾਰਤਕ: ਇਤਿਹਾਸ,ਨਿਕਾਸ ਅਤੇ ਵਿਕਾਸ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **ਵਾਰਤਕ ਦੇ ਇਤਿਹਾਸ ਬਾਰੇ ਜਾਣਨਗੇ।**
2. **ਵਾਰਤਕ ਦੇ ਨਿਕਾਸ ਅਤੇ ਵਿਸ਼ੇਸ਼ਤਾਵਾਂ ਬਾਰੇ ਜਾਣਨ ਦੇ ਯੋਗ ਹੋਣਗੇ।**
3. **ਵਾਰਤਕ ਦੇ ਵਿਕਾਸ ਨੂੰ ਸਮਝਣ ਦੇ ਕਾਬਿਲ ਹੋਣਗੇ**

## ਪ੍ਰਸਤਾਵਨਾ:

ਮੁੱਢਲੇ ਆਧੁਨਿਕ ਵਾਰਤਕਾਰ

ਅੰਗਰੇਜ਼ਾ' ਨੇ ਅਪਣੀਆਂ ਪ੍ਰਬੰਧਕੀ ਲੋੜਾਂ ਲਈ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਪਾਇਆ । ਇਹਨਾਂ ਸ਼ਾਸਕਾਂ ਨੇ ਪੰਜਾਬੀ ਲੇਖਕ ਨੂੰ ਸਰਪਰਸਤੀ ਵੀ ਦਿੱਤੀ ਜਿਸ ਦੀ ਤੋਂ ਉਤਮ ਮਿਸ਼ਾਲ ਸ਼ਰਧਾ ਰਾਮ ਫਿਲੌਰੀ (1837-1881) ਹੈ। ਸ਼ਰਧਾ ਰਾਮ ਫਿਲੌਰੀ ਨੇ ਸਿੱਖਾਂ ਦੇ ਰਾਜ ਦੀ ਵਿਥਿਆ' ਤੇ ਪੰਜਾਬੀ ਬਾਤਚੀਤ' ਆਦਿ ਪ੍ਰਮੁੱਖ ਪੁਸਤਕਾਂ ਦੀ ਰਜਣਾ ਕੀਤੀ । ਸ਼ਰਧਾ ਰਾਮ ਫਿਲੌਰੀ ਇਹਨਾਂ ਪੁਸਤਕਾਂ ਵਿਚ ਸਿੱਖ ਰਾਜ ਤੇ

ਪੰਜਾਬ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਾ ਹੈ । ਪੰਜਾਬੀ ਸਭਿਆਚਾਰ ਦੀ ਜਾਤੀ ਵੰਡ ਤੇ ਰਹੁ-ਰੀਤਾਂ ਬਾਰੇ ਵੀ ਜਾਣਕਾਰੀ ਹੈ । ਅੰਗਰੇਜ਼ੀ ਸਭਿਆਚਾਰ ਤੇ ਸ਼ਾਸਨ ਨੂੰ ਸਲਾਹਿਆ ਗਿਆ ਹੈ । ਸਿੱਖ ਗੁਰੂਆਂ ਪਤੀ ਅਸ਼ਰਧਾ ਭਰਪੂਰ ਸ਼ਬਦਾਵਲੀ ਦੀ ਵਰਤੋਂ ਹੈ। ਭਾਸ਼ਾ ਦਾ ਮੁਹਾਵਰਾ ਬੋਲਚਾਲ ਵਾਲਾ ਹੈ। ਆਧੁਨਿਕ ਪੰਜਾਬੀ ਵਾਰਤਕ ਦਾ ਇਹ ਪਹਿਲਾ ਨਮੂਨਾ ਹੈ। ਇਸ ਸਮੇਂ ਦੇ ਇਕ ਹੋਰ ਵਾਰਤਕ ਲੇਖਕ ਬਿਹਾਰੀ ਲਾਲ ਪੁਰੀ ਨੇ ਸਿਖਿਆਤਮਕ ਤੇ ਪਰਚਾਰਾਤਮਕ ਵਾਰਤਕ ਲਿਖੀ । ਪੂਰੀ ਦਾ ਕਾਰਜ ਖੇਤਰ ਸਕੂਲੀ ਵਿਦਿਆ ਸੀ। ਉਸ ਦੀਆਂ ਬਹੁਤੀਆਂ ਪੁਸਤਕਾਂ ਸਕੂਲੀ ਲੋੜਾਂ ਨੂੰ ਪੂਰੀਆਂ ਕਰਨ ਲਈ ਲਿਖੀਆਂ ਗਈਆਂ। ਪ੍ਰੋਫੈਸਰ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਪੰਡਤ ਤਾਰਾ ਸਿੰਘ ਨਰੋਤਮ, ਅਤਰ ਸਿੰਘ ਤੇ ਗਿਆਨੀ ਗਿਆਨ ਸਿੰਘ ਤੇ ਡਾਕਟਰ ਚਰਨ ਸਿੰਘ ਇਸ ਸਮੇਂ ਦੇ ਕੁਝ ਹੋਰ ਵਾਰਤਕ ਲੇਖਕ ਹਨ । ਨਾਮਧਾਰੀ ਆਗੂ ਬਾਬਾ ਰਾਮ ਸਿੰਘ ਦੇ ਰੰਗੂਨ ਤੋਂ ਆਪਣੇ ਅਨੁਯਾਈਆਂ ਨੂੰ ਭੇਜੇ ਹੁਕਮਨਾਮੇ" ਪੰਜਾਬੀ ਪਰੰਪਰਕ ਵਾਰਤਕ ਨੂੰ ਆਧੁਨਿਕ ਰੂਪ ਵਿਚ ਪਰਿਵਰਤਨ ਕਰਨ ਦੀ ਪ੍ਰਕਿਰਿਆ ਦਾ ਨਮੂਨਾ ਹੈ ਅੰਗਰੇਜ਼ ਸ਼ਾਸਕਾਂ ਦੇ ਪੰਜਾਬ ਵਿਚ ਆਪਣੇ ਧਰਮ ਈਸਾਈ ਮਤ ਦੇ ਪ੍ਰਚਾਰ ਲਈ ਪੰਜਾਬੀ ਪੁਸਤਕਾਂ ਦੇ ਪ੍ਰਕਾਸ਼ਨ ਤੇ ਪੰਜਾਬੀ ਵਾਰਤਕ ਦੇ ਵਿਕਾਸ ਨੂੰ ਉਤਸ਼ਾਹਤ ਕੀਤਾ ਤੇ ਇਸ ਦੇ ਮੁਦੱਈਆਂ ਨੂੰ ਆਪਣੇ ਧਰਮਾਂ ਦੀ ਸੁਰੱਖਿਆ ਤੇ ਪ੍ਰਚਾਰ ਲਈ ਉਕਸਾਇਆ। ਪਿਛੋਂ ਜਾ ਕੇ ਭਾਰਤੀ ਧਰਮਾਂ ਦੀ ਆਪਸ ਵਿਚ ਵੀ ਵਿਚਾਰਧਾਰਕ ਖਹਿਬਾਜੀ ਪੈਦਾ ਹੋ ਗਈ । ਲੇਖਕਾਂ ਨੂੰ ਅੰਗਰੇਜ਼ੀ ਭਾਸ਼ਾ ਦੇ ਗਿਆਨ ਨਾਲ ਵਿਕਸਤ ਆਧੁਨਿਕ ਵਾਰਤਕ ਦਾ ਗਿਆਨ ਵੀ ਪ੍ਰਾਪਤ ਹੋ ਗਿਆ। ਇਸ ਸਾਰੀ ਉਤੇਜਕ, ਤਨਾਉ ਤੇ ਟਕਰਾਉ ਵਾਲੀ ਸਥਿਤੀ ਨੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ।

ਪਹਿਲਾ ਦੌਰ

ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਵਾਰਤਕ ਦੇ ਪ੍ਰਮੁੱਖ ਮੋਢੀਆਂ ਵਿਚੋਂ ਸਨ । ਭਾਈ ਵੀਰ ਸਿੰਘ ਨੇ ਪੰਜਾਬੀ ਵਿਚ ਪਹਿਲੀ ਵਾਰ ਠੇਠ ਕੇਂਦਰੀ ਪੰਜਾਬੀ ਵਿਚ ਵਾਰਤਕ ਰਚਨਾ ਕੀਤੀ। ਇਹਨਾਂ ਨੇ ਖਾਲਸਾ ਸਮਾਚਾਰ ਵਿਚ ਲੜੀਵਾਰ ਕਈ ਟੈਕਟ ਲਿਖੇ ਜਿਹਨਾਂ ਦੀ ਗਿਣਤੀ ਚੌਦਾਂ ਸੌ ਦੇ ਕਰੀਬ ਬਣਦੀ ਹੈ। ਇਸ ਪ੍ਰਕਾਰ ਹੀ ਆਪ ਨੇ ਸੱਤ ਸੌ ਤੋਂ ਵਧ ਲੇਖ ਵੀ ਛਪਵਾਏ। ਪੁਸਤਕ ਰੂਪ ਵਿਚ ਗੁਰੂ ਨਾਨਕ ਚਮਤਕਾਰ" (ਦੋ ਭਾਗ), ਕਲਗੀਧਰ ਚਮਤਕਾਰ, ਅਸ਼ਟ ਗੁਰੂ ਚਮਤਕਾਰ (ਦੋ ਭਾਗ), ਸੰਤ ਗਾਥਾ", 'ਗੁਰੂ ਬਾਬਾ, ਸਾਖੀਆਂ , ਮਾਲਵਾ ਦੇਸ਼ ਰਟਨ ਦੀ ਸਾਖੀ ਗੁਰਬਿਲਾਸ ਸਾਖੀਆਂ ਪਾਤਸ਼ਾਹੀ ਪੋਥੀ, ਗੁਰਬਿਲਾਸ ਸਾਖੀਆਂ ) ਪਹਿਲੀ ਤੇ ਪਾਤਸ਼ਾਹੀ ਦਸਵੀਂ ਆਦਿ ਭਾਈ ਸਾਹਿਬ ਦੀਆਂ ਪ੍ਰਮੁੱਖ ਰਚਨਾਵਾਂ ਹਨ

ਭਾਈ ਵੀਰ ਸਿੰਘ ਦੀ ਵਾਰਤਕ ਉਹਨਾਂ ਦੇ ਬਾਕੀ ਆਧੁਨਿਕ ਸਾਹਿਤ ਅਤੇ ਨਿਸ਼ਚਤ ਮਨੋਰਥ ਅਧੀਨ ਸਿਰਜੀ ਗਈ ਹੈ। ਇਹ ਮਨੋਰਥ ਸਿੱਖ ਧਰਮ ਦੀ ਵ ਕਰਨ ਦਾ ਹੈ। ਇਸ ਲਈ ਸਿੱਖ ਇਤਿਹਾਸ ਰਾਹੀਂ ਸਿੱਖ ਧਰਮ ਦੇ ਆਦਰਸ਼ਕ ਤੇ ਦੋ ਮੁੱਲਾਂ ਨੂੰ ਪਰਚਾਰਿਆ ਗਿਆ ਹੈ। ਇਹ ਵਾਰਤਕ ਧਾਰਮਕ ਰੂਪ ਵਾਲੀ ਹੈ। ਇਸ ਰਸ , ਚਾਰਾਤਮਕ ਹੈ। ਵਾਰਤਕ ਵਿਚ ਕਲਪਨਾ ਉਡਾਰੀ, ਜਜ਼ਬੇ ਦੀ ਡੂੰਘਾਈ, ਦਿਲ , ਦੀ ਉਸਾਰੀ ਤੇ ਕੋਮਲ ਤੇ ਨਿਮਰਤਾ ਭਰਪੂਰ ਸ਼ਬਦਾਵਲੀ ਇਸ ਦੇ ਕੁਝ ਪ੍ਰਮੁੱਖ ਗੁਣ , ਭਾਸ਼ਾ ਕਿਤੇ-ਕਿਤੇ ਅਲੰਕਾਰਕ ਤੇ ਕਾਵਿਮਈ ਹੈ ਪਰੰਤੂ ਦਲੀਲ ਨੂੰ ਅਸਪਸ਼ਟ ਨਹੀਂ ਕਰਨੀ , ਭਾਈ ਵੀਰ ਸਿੰਘ ਦੀ ਵਾਰਤਕ ਟਿਕੇ ਪਾਣੀਆਂ ਵਰਗੀ ਹੈ ਜੋ ਸੁਹਜ ਤੇ ਆਨੰਦ ਪੈਦਾ ਕਰਨ ਹੈ।

ਭਾਈ ਮੋਹਨ ਸਿੰਘ ਵੈਦ (1881-1938)

ਭਾਈ ਮੋਹਨ ਸਿੰਘ ਵੈਦ ਨੇ ਪੰਜਾਬੀ ਵਾਰਤਕ ਰਾਹੀਂ ਪੰਜਾਬੀਆਂ ਦੇ ਸਦਾਚਾਰਕ ਵਿਰਸੇ ਨੂੰ ਉਜਾਗਰ ਕੀਤਾ । ਵੈਦ ਸਿੰਘ ਸਭਾ ਲਹਿਰ ਦੇ ਮੰਤਵ ਅਧੀਨ ਹੀ ਵਾਰਤਕ ਰਚਨਾ ਕਰਦਾ ਸੀ ਪਰ ਉਸ ਨੇ ਸਰੀਰਕ ਤੇ ਮਾਨਸਕ ਤੌਰ ਤੇ ਪੰਜਾਬੀਆਂ ਨੂੰ ਨਰੋਆ ਕਰਨ ਦੇ ਮਨੋਰਥ ਹਿਤ ਵਾਰਤਕ ਦੀ ਰਚਨਾ ਕੀਤੀ । ਵੈਦ ਕਿੱਤੇ ਵਜੋਂ ਵੈਦ ਸਨ ਇਸ ਲਈ ਉਹਨਾਂ ਨੇ ਨਿਰੋਗਤਾ ਲਈ ਸਦਾਚਾਰਕ ਮੁੱਲਾਂ ਦਾ ਵੀ ਪ੍ਰਚਾਰ ਕੀਤਾ ਅਤੇ ਨਾਲ ਹੀ ਸਰੀਰਕ ਤੌਰ ਤੇ ਕਿਵੇਂ ਸ਼ਕਤੀਸ਼ਾਲੀ ਹੋਇਆ ਜਾ ਸਕਦਾ ਹੈ, ਇਸ ਬਾਰੇ ਵੀ ਸਰਲ ਤੇ ਸਾਦੀ ਭਾਸ਼ਾ ਵਿਚ ਲਿਖਿਆ । "ਕਰਮਯੋਗ' 'ਸਿਆਣੀ ਮਾਤਾ', 'ਸੁਖੀ ਪਰਿਵਾਰ, "ਪਛਤਾਵਾ, ਕਪਟੀ ਮਿਤਰ', 'ਕਮਾਈ ਦੀ ਬਰਕਤ" ਆਦਿ ਵੈਦ ਦੀਆਂ ਵਾਰਤਕ ਰਚਨਾਵਾਂ ਹਨ। ਇਹਨਾਂ ਮੌਲਿਕ ਪੁਸਤਕਾਂ ਤੋਂ ਇਲਾਵਾ ਵੈਦ ਨੇ ਪ੍ਰਸਿੱਧ ਅੰਗਰੇਜ਼ੀ ਲੇਖਕ ਬੇਕਨ ਦੇ ਲੇਖਾਂ ਨੂੰ ਪੰਜਾਬੀ ਵਿਚ ਅਨੁਵਾਦ ਕੀਤਾ। ਇਸ ਪੁਸਤਕ ਦਾ ਨਾਮ 'ਬੇਕਨ ਵਿਚਾਰ ਰਤਨਾਵਲੀ ਹੈ। ਇਸ ਪੁਸਤਕ ਰਾਹੀਂ ਲੇਖਕ ਪੰਜਾਬੀ ਪਾਠਕਾਂ ਨੂੰ ਪੱਛਮੀ ਵਾਰਤਕ ਨਾਲ ਜੋੜਦਾ ਹੈ।

ਦੂਜਾ ਦੌਰ ਪ੍ਰੋ. ਪੂਰਨ ਸਿੰਘ

ਪ੍ਰੋ. ਪੂਰਨ ਸਿੰਘ ਪੰਜਾਬੀ ਵਾਰਤਕ ਦਾ ਅਜਿਹਾ ਰਚਨਾਕਾਰ ਹੈ ਜਿਸ ਦੇ ਵਾਰਤਕ ਖੇਤਰ ਵਿਚ ਪ੍ਰਵੇਸ਼ ਨਾਲ ਪੰਜਾਬੀ ਵਾਰਤਕ ਸਹੀ ਮਾਅਨਿਆਂ ਵਿਚ ਆਧੁਨਿਕ ਅਖਵਾਉਣ ਦਾ ਯੋਗ ਹੁੰਦੀ ਹੈ। ਪ੍ਰੋ. ਪੂਰਨ ਸਿੰਘ ਨਾਲ ਪੰਜਾਬੀ ਵਾਰਤਕ ਵਿਚ ਕਈ ਪੱਖਾਂ ਤੋਂ ਤਬਦੀ ਵਾਪਰਦੀ ਹੈ। ਪੰਜਾਬੀ ਵਿਚ ਪਹਿਲੀ ਵਾਰੀ ਧਾਰਮਕ ਵਿਸ਼ੇ ਤੇ ਪ੍ਰਚਾਰ ਤੋਂ ਮੁਕਤ ਆ ਵਿਸ਼ਿਆਂ ਵਾਲੀ ਆਧੁਨਿਕ ਵਿਗਿਆਨਕ ਦ੍ਰਿਸ਼ਟੀ ਤੇ ਕਾਵਿਮਈ ਸ਼ੈਲੀ ਵਿਚ ਲਿਖੀ " ਵਾਰਤਕ ਦੇ ਦਰਸ਼ਨ ਹੁੰਦੇ ਹਨ। ਪ੍ਰੋ. ਪੂਰਨ ਸਿੰਘ ਦੀ ਪੁਸਤਕ "ਖੁੱਲੇ ਲੇਖ ਦੀ ਸਾਹਿਤਕ ਲੇਖਾਂ ਦੀ ਪਹਿਲੀ ਪੁਸਤਕ ਹੈ

ਜਿਸ ਵਿਚ ਲੇਖ ਸ਼ਬਦ ਦਾ ਪ੍ਰਯੋਗ ਕੀਤਾ ਹੈ । ਪੁਸਤਕ ਵਿਚਲੇ 'ਵਤਨ ਦਾ ਪਿਆਰ` , 'ਕਵੀ ਦਾ ਦਿਲ` , 'ਕਵਿਤਾ । ਮਜ਼ਬ' ਤੇ 'ਵੈਦ ਤੇ ਪਾਲਿਟਸ` ਆਦਿ ਲੇਖਾਂ ਵਿਚ ਆਧੁਨਿਕ ਵਾ"ਉਰੋ ਲੇਖ ਪੰਜਾਬੀ ਦੇ " ਪ੍ਰਯੋਗ ਕੀਤਾ ਗਿਆ ਕਵਿਤਾ", 'ਕਿਰਤ', ਆਧੁਨਿਕ ਵਿਸ਼ਿਆਂ ਨੂੰ ਨਵੇਂ ਦ੍ਰਿਸ਼ਟੀਕੋਣ ਰਾਹੀਂ ਪੇਸ਼ ਕੀਤਾ ਗਿਆ ਹੈ ।

ਵਾਰਤਕ ਲੇਖਕ ਦੀ ਸ਼ਖ਼ਸੀਅਤ ਦਾ ਪ੍ਰਗਟਾਅ ਹੁੰਦੀ ਹੈ। ਪ੍ਰੋ. ਪੂਰਨ ਸਿੰਘ ਪਹਿਲੇ ਵਾਰਤਕ ਲਿਖਾਰੀਆਂ ਵਾਂਗ ਨਿਸ਼ਚਤ ਮਨੋਰਥ ਅਧੀਨ ਵਾਰਤਕ ਸਿਰਜਣਾ ਨਹੀਂ ਕਰਦਾ ਬਲਕਿ ਉਸ ਦੀ ਵਾਰਤਕ ਸਿਰਜਣਾ ਦਾ ਮਨੋਰਥ ਨਿਜੀ ਤੀਬਰ, ਸ਼ਕਤੀਸ਼ਾਲੀ ਊਰਜਾਮਈ ਸ਼ਖ਼ਸੀਅਤ ਦਾ ਪ੍ਰਗਟਾਉ ਹੈ। ਉਸ ਦੀ ਵਾਰਤਕ ਸ਼ਾਤ ਪਾਣੀਆਂ ਦੀ ਵਹਿੰਦੀ ਨਹਿਰ ਨਹੀਂ ਸਗੋਂ ਖਲਬਲੀ ਮਚਾਉਂਦੀ ਪਹਾੜੀ ਨਦੀ ਹੈ। ਪੂਰਨ ਸਿੰਘ ਵਾਰਤਕ ਵਿਚ ਸ਼ੁਧ ਮਨੁੱਖੀ ਮਨ ਦੀਆਂ ਭਾਵਨਾਵਾਂ ਦਾ ਪ੍ਰਗਟਾਉ ਕਰਦਾ ਹੈ। ਵਾਰਤਕ ਦਲੀਲ ਤੇ ਤਰਕ ਦਾ ਪੱਲਾ ਨਹੀਂ ਛੱਡਦੀ। ਪੂਰਨ ਸਿੰਘ ਦੀ ਵਾਰਤਕ ਖੁਸ਼ਕ ਦਲੀਲਾਂ ਦੀ ਥਾਂ ਸ਼ੁੱਧ ਮਨੁੱਖੀ ਭਾਵਨਾਵਾਂ ਦੇ ਤਰਕ ਦੇ ਨੁਕਤੇ ਤੋਂ ਘੜੀ ਜਾਂਦੀ ਹੈ। ਪੂਰਨ ਸਿੰਘ ਦੀ ਸ਼ੈਲੀ ਅਲੰਕਾਰਕ ਤੇ ਕਾਵਿਮਈ ਹੈ। ਉਹ ਕਾਵਿਕ ਭਾਸ਼ਾ ਰਾਹੀਂ ਦ੍ਰਿਸ਼ ਚਿੱਤਰ ਤੇ ਬਿੰਬ ਉਸਾਰਦਾ ਹੈ। ਪੂਰਨ ਸਿੰਘ ਦੀ ਸ਼ੈਲੀ ਕਾਵਿਮਈ ਤੇ ਕੁਝ ਥਾਵਾਂ ਉਤੇ ਵਾਕ ਲੰਮੇ ਹੋਣ ਕਰ ਕੇ ਅਸਪਸ਼ਟ ਹੋ ਜਾਂਦੀ ਹੈ। ਲੇਖਕ ਵੱਲੋਂ | ਵਿਆਕਰਨਕ ਨਿਯਮਾਂ ਦੀ ਬਹੁਤੀ ਪ੍ਰਵਾਹ ਨਹੀਂ ਕੀਤੀ ਗਈ। ਕਈ ਵਾਕ ਤਾਂ ਖੁੱਲ੍ਹੀ ਕਵਿਤਾ ਹੀ ਜਾਪਦੇ ਹਨ। ਪੈਰੇ ਜਾਂ ਤਾਂ ਬਹੁਤ ਵੱਡੇ-ਵੱਡੇ ਹਨ ਜਾਂ ਬਹੁਤ ਛੋਟੇ । ਲੇਖਕ ਫਾਰਸੀ | ਅੰਗਰੇਜ਼ੀ ਦੀ ਸ਼ਬਦਾਵਲੀ ਦੀ ਨਿਰਸੰਕੋਚ ਵਰਤੋਂ ਕਰਦਾ ਹੈ। ਲੇਖਕ ਦੀ ਭਾਸ਼ਾ ਪੋਠੋਹਾਰੀ ਮਿਸ਼ਰਣ ਵਾਲੀ ਕੇਂਦਰੀ ਭਾਸ਼ਾ ਹੈ। ਪ੍ਰੋ. ਪੂਰਨ ਸਿੰਘ ਨੇ ਮੌਲਿਕ ਲੇਖਾਂ ਦੇ ਸੰਗ੍ਰਹਿ "ਖੁੱਲ੍ਹੇ ਲੇਖ ਤੋਂ ਇਲਾਵਾ ਪੱਛਮੀ ਲੇਖਕਾਂ ਐਮਰਸਨ ਤੇ ਕਾਰਲਾਈਲ ਦੀਆਂ ਰਚਨਾਵਾਂ ਦਾ ਪੰਜਾਬੀ ਅਨੁਵਾਦ "ਕਲਾਧਾਰੀ ਪੂਜਾ" ਤੇ 'ਅਬਚਲੀ ਜੋਤ ਨਾਵਾਂ ਅਧੀਨ ਕੀਤਾ ਹੈ।

ਪ੍ਰਿੰਸੀਪਲ ਜੋਧ ਸਿੰਘ (1882-1981) .

'ਗੁਰਮਤਿ ਨਿਰਣਯ', 'ਸਿੱਖੀ ਕੀ ਹੈ', 'ਪ੍ਰਾਚੀਨ ਬੀੜਾਂ ਬਾਰੇ', 'ਜੀਵਨ ਦੇ ਅਰਥ ਤੇ 'ਸੁਲਤਾਨਪੁਰ ਦਾ ਸੰਦੇਸ਼ ਆਦਿ ਆਪ ਦੀਆਂ ਪ੍ਰਮੁੱਖ ਵਾਰਤਕ ਪੁਸਤਕਾਂ ਹਨ । ਭਾਈ ਜੋਧ ਸਿੰਘ ਨੇ ਭਾਈ ਵੀਰ ਸਿੰਘ ਵਾਂਗ ਹੀ ਇਹਨਾਂ ਪੁਸਤਕਾਂ ਵਿਚ ਸਿੱਖ ਧਰਮ ਨਾਲ ਸਬੰਧਤ ਧਾਰਮਕ ਸਿਧਾਂਤਾਂ ਨੂੰ ਪ੍ਰਣਾਇਆ ਹੈ, ਪਰ ਭਾਈ ਵੀਰ ਸਿੰਘ ਨਾਲੋਂ ਭਾਈ ਜੋਧ ਸਿੰਘ ਦੀ ਦ੍ਰਿਸ਼ਟੀ ਵਿਚ ਅੰਤਰ ਹੈ। ਭਾਈ ਵੀਰ ਸਿੰਘ ਦੀ ਦ੍ਰਿਸ਼ਟੀ ਸ਼ਰਧਾਲੂ ਵਾਲੀ ਤੇ ਸਧਾਰਵਾਦੀ ਹੈ ਜੋ ਪਾਠਕ ਦੀਆਂ ਭਾਵਨਾਵਾਂ ਨੂੰ ਟੁੰਬਦੀ ਹੈ। ਇਸ ਦੇ ਉਲਟ ਭਾਈ ਜੋਧ ਸਿੰਘ ਆਧੁਨਿਕ ਗਿਆਨ ਵਿਗਿਆਨ ਦੇ ਅਧਿਐਨ ਤੋਂ ਪ੍ਰਾਪਤ ਦ੍ਰਿਸ਼ਟੀ ਕਾਰਣ ਸਿੱਖ ਧਰਮ ਦੇ ਦਾਰਸ਼ਨਿਕ ਸਿਧਾਂਤਾਂ ਨੂੰ ਦਲੀਲ ਤੇ ਤਰਕ ਨਾਲ ਸਿੱਧ ਕਰਦਾ ਹੈ। ਗੁਰਮਤ ਨਿਰਣਯ ਵਿਚ ਗੁਰਮਤ ਦੀ ਵਿਆਖਿਆ ਆਧੁਨਿਕ ਵਿਗਿਆਨ ਤੇ ਮਨੋਵਿਗਿਆਨ ਦੇ ਸਿਧਾਂਤਾਂ ਰਾਹੀਂ ਕੀਤੀ ਗਈ ਹੈ । ਭਾਈ ਜੋਧ ਸਿੰਘ ਨੇ ਗੁਰਬਾਣੀ ਵਿਆਖਿਆ ਬੋਧਿਕ ਪਾਠਕ ਨੂੰ ਧਿਆਨ ਵਿਚ ਰੱਖ ਕੇ ਦਾਰਸ਼ਨਿਕ ਸ਼ੈਲੀ ਵਿਚ ਕੀਤੀ ਹੈ। ਇਹੋ ਕਾਰਣ ਹੈ ਕਿ ਧਾਰਮਕ ਵਿਸ਼ਿਆਂ ਵਾਲੀ ਵਾਰਤਕ ਹੋਣ ਦੇ ਬਾਵਜੂਦ ਪ੍ਰਭਾਵ ਦਾਰਸ਼ਨਿਕ ਤੇ ਆਧੁਨਿਕ ਸ਼ੈਲੀ ਦਾ ਪੈਂਦਾ ਹੈ। ਦਾਰਸ਼ਨਿ ਵੀ ਨੂੰ ਸਪਸ਼ਟ ਕਰਨ ਲਈ ਲੇਖਕ ਨੇ ਪ੍ਰਾਚੀਨ ਭਾਰਤੀ ਧਰਮਾਂ ਵਿਚੋਂ ਸੰਕੇਤ ਦਿੱਤੇ ਗ ਕਰਦਿਆਂ ਹੋਇਆਂ ਸੰਸਕ੍ਰਿਤ-ਹਿੰਦੀ ਦੀ ਸ਼ਬਦਾਵਲੀ ਦੀ ਭਰਪੂਰ ਵਰਤੋਂ ਕੀਤੀ ਗਈ ਹੈ।ਲੈਖਕ ਦੀ ਚਾਰਤਕ ਸੁਧਰੀ ਹੋਈ ਹੈ।ਗਲ ਨੂੰ ਬਹੁਤ ਨਾਪਤੋਲ ਕੇ ਸੰਖੇਪ ਅਤੇ ਸਪੱਸ਼ਟ ਸ਼ਬਦਾਂ ਵਿਚ ਬਿਆਨ ਕੀਤਾ ਗਿਆ ਹੈ। ਲੇਖਕ ਦੀ ਵਾਰਤਕ ਪਾਠਕ ਦੀ ਬੁੱਧੀ ਉਤੇ ਸਿੱਧਾ ਪ੍ਰਭਾਵ ਪਾਉਂਦੀ ਹੈ । ਲਾਲ ਸਿੰਘ ਕਮਲਾ ਅਕਾਲੀ (1889-1979)

ਵਾਰਤਕ ਦੀ ਸਿਰਜਣਾ

ਦੇ ਧਾਰਨੀ ਹੋਣ ਕਾਰਣ ਉਹਨਾਂ

ਨ ਸਥਾਨ ਹੈ। ਇਸ ਮੁਢਲੇ 1 ਵਲਾਇਤੀ ਸਫਰਨਾਮਾ` 1926

ਲਾਲ ਸਿੰਘ ਕਮਲਾ ਅਕਾਲੀ ਲੰਮੇ ਅਰਸੇ ਤਕ ਪੰਜਾਬੀ ਵਾਰਤਕ ਦੀ 5 ਦੇ ਰਹੇ। ਵਾਰਤਕ ਲਿਖਾਰੀ ਦੇ ਤੌਰ ਤੇ ਵਿਲੱਖਣ ਗੁਣਾਂ ਦੇ ਧਾਰਨੀ ਹੋਣ ਦਾ ਪੰਜਾਬੀ ਵਾਰਤਕ ਦੇ ਇਤਿਹਾਸ ਵਿਚ ਵਿਲੱਖਣ ਤੇ ਨਿਵੇਕਲਾ ਸਥਾਨ ਹੈ । ਇਸ ਦੇ ਵਿਚ ਉਹਨਾਂ ਦੀ ਇਕੋ ਇਕ ਵਾਰਤਕ ਰਚਨਾ "ਮੇਰਾ ਵਲਾਇਤੀ ਸਫਰਨਾ ਵਿਚ ਪ੍ਰਕਾਸ਼ਤ ਹੋਈ ਸੀ। ਇਸ ਰਚਨਾ ਨੂੰ ਆਧੁਨਿਕ ਪੰਜਾਬੀ ਵਾਰਤਕ ਦਾ ਪh ਸਫਰਨਾਮਾ ਹੋਣ ਦਾ ਮਾਣ ਪ੍ਰਾਪਤ ਹੈ। ਮੌਤ ਰਾਣੀ ਦਾ ਘੁੰਡ', ਜੀਵਨ ਨੀਤੀ' ਤੇ 'ਅਲ ਦੀ ਮੌਜ' ਆਦਿ ਰਚਨਾਵਾਂ ਉਸ ਦੀਆਂ ਪਿਛੋਂ ਲਿਖੀਆਂ ਹੋਈਆਂ ਹਨ। ਕਮਲਾ ਅਕਾਲੀ ਦਾ ਅਨੁਭਵ ਖੇਤਰ ਬਹੁਤ ਵਿਸ਼ਾਲ ਸੀ। ਲੇਖਕ ਵਿਗਿਆਨ ਤੇ ਕਾਨੂੰਨ ਦਾ ਵਿਦਿਆਰਥੀ ਸੀ। ਉਸ ਨੇ ਵਕਾਲਤ, ਪੱਤਰਕਾਰੀ ਤੇ ਅਧਿਆਪਨ ਦੇ ਕਿੱਤੇ ਕੀਤੇ। ਵਿਗਿਆਨ ਦੀ ਉਚ ਸਿਖਿਆ ਪ੍ਰਾਪਤ ਕੀਤੀ ਤੇ ਦੇਸ਼ ਵਿਦੇਸ਼ ਘੁੰਮਿਆ ਫਿਰਿਆ ਸੀ। ਉਸ ਦੀਆਂ ਲਿਖਤਾਂ ਵਿਚੋਂ ਭਰਪੂਰ ਵਾਕਫੀ ਤੇ ਗਿਆਨ ਦੇ ਦਰਸ਼ਨ ਹੁੰਦੇ ਹਨ।

ਲੇਖਕ ਦਾ ਮੇਰਾ ਵਿਲਾਇਤੀ ਸਫਰਨਾਮਾ ਪੰਜਾਬੀ ਵਾਰਤਕ ਦਾ ਉਤਮ ਨਮੂਨਾ ਹੈ। ਇਹ ਸਫਰਨਾਮਾ ਸੈਰ ਸਮੇਂ ਸ਼ਹਿਰਾਂ ਤੇ

ਤਿੱਥੀਆਂ-ਮਿਤੀਆਂ ਦੀ ਗਿਣਤੀ ਵਿਚ ਘੱਟ ਪੈਂਦਾ ਹੈ। ਸਫਰਨਾਮੇ ਵਿਚ ਪ੍ਰਮੁੱਖਤਾ ਇੰਗਲੈਂਡ ਦੇ ਆਧੁਨਿਕ ਉਦਯੋਗਿਕ ਜੀਵਨ ਤੇ ਉਥੋਂ ਦੇ ਸਭਿਆਚਾਰ, ਰਾਜਨੀਤਕ-ਸਮਾਜਕ-ਲੋਕਤਾਂਤਰਿਕ ਸੰਸਥਾਵਾਂ ਤੇ ਦ੍ਰਿਸ਼ਾਂ ਨੂੰ ਪ੍ਰਗਟਾਉਣ ਲਈ ਦਿੱਤੀ ਗਈ ਹੈ। ਲੇਖਕ ਨੇ ਭਾਰਤੀ ਤੇ ਪੱਛਮੀ ਸੰਸਕ੍ਰਿਤੀ ਦੇ ਮੁੱਲਾਂ ਦੀ ਤੁਲਨਾ ਰਾਹੀਂ ਸਫਰਨਾਮੇ ਦੇ ਬਿਰਤਾਂਤ ਦੀ ਸਿਰਜਣਾ ਕੀਤੀ ਗਈ ਹੈ। ਲੇਖਕ ਦੇ ਦ੍ਰਿਸ਼ਟੀਕੋਣ ਦਾ ਮਹੱਤਵ ਇਹ ਹੈ ਕਿ ਦੋਵਾਂ ਸੰਸਕ੍ਰਿਤੀਆਂ ਦੀ ਤੁਲਨਾ ਸਮੇਂ ਉਹ ਪੱਖਪਾਤੀ ਨਹੀਂ ਬਲਕਿ ਉਸਾਰੂ ਪਹੁੰਚ ਅਪਣਾਉਂਦਾ ਹੈ। ਲੇਖਕ ਪੱਛਮ ਦੀ ਔਰਤ ਦੀ ਸ਼ਖ਼ਸੀਅਤ, ਉਦਾਰਵਾਦੀ ਲੋਕਤੰਤਰ ਤੇ ਸੁਯੋਗ ਪ੍ਰਬੰਧ ਦੀ ਵਡਿਆਈ ਕਰਦਾ ਹੈ। ਇਸ ਸੰਦਰਭ ਵਿਚ ਹੀ ਉਹ ਪੰਜਾਬੀ ਤੇ ਭਾਰਤੀ ਸੰਸਕ੍ਰਿਤੀ ਦੇ ਚੰਗੇ-ਮਾੜੇ ਪੱਖਾਂ ਨੂੰ ਚਿਤਰਦਾ ਹੈ। ਲੇਖਕ ਆਪਣੇ ਨਿੱਜ ਦਾ ਚਿਤਰਣ ਆਪਣੇ ਵਿਅਕਤੀਤਵ ਦੇ ਉਭਾਰ ਲਈ ਨਹੀਂ ਕਰਦਾ ਬਲਕਿ ਲੇਖਕ ਦਾ ਵਿਅਕਤੀਗਤ ਚਿਤਰਣ

• ਦੋਹਾਂ ਸੰਸਕ੍ਰਿਤੀਆਂ ਦੇ ਮੁੱਲਾਂ ਦੀ ਸਿਰਜਣਾ ਦਾ ਮਾਧਿਅਮ ਹੈ। ਲੇਖਕ ਦੇ ਸਫਰਨਾਮੇ ਦੀ ਸ਼ੈਲੀ ਬਹੁਤ ਰਸਿਕ, ਵਿਅੰਗ ਭਰਪੂਰ ਤੇ ਹਾਸ ਰਸੀ ਹੈ। ਲੇਖਕ ਹਰ ਪ੍ਰਕਾਰ ਦੀ ਬੌਧਿਕ ਗੱਲ ਨੂੰ ਸਾਦੀ ਭਾਸ਼ਾ ਵਿਚ ਪ੍ਰਗਟਾਉਣ ਦੇ ਸਮਰਥ ਹੈ। ਲੇਖਕ ਮਲਵਈ ਉਪਭਾਖਾ ਦੇ ਮਿਸ਼ਰਣ ਵਾਲੀ ਕੇਂਦਰੀ ਬੋਲੀ ਦੀ ਵਰਤੋਂ ਕਰਦਾ ਹੋਇਆ ਦੂਜੀਆਂ ਵਾਰਤਕ ਪੁਸਤਕਾਂ ਵਿੱਚ ਵੰਨ-ਸੁਵੰਨੇ ਵਿਸ਼ਿਆਂ ਨੂੰ ਪ੍ਰਗਟਾਉਂਦਾ ਹੈ। ਮੌਤ ਰਾਣੀ ਦਾ ਘੁੰਡ ਵਿਚ ਮੌਤ ਦਾ ਵਿਸ਼ਾ, ਜੀਵਨ ਨੀਤੀ ਵਿਚ ਸਮਾਜ ਸੁਧਾਰ' ਤੇ 'ਮਨ ਦੀ ਮੌਜ' ਵਿਚ ਹਲਕੇ ਫੁਲਕੇ ਵਿਸ਼ਿਆਂ ਨੂੰ ਪ੍ਰਗਟਾਇਆ ਗਿਆ ਹੈ। ਹਰ ਵਿਸ਼ੇ ਨੂੰ ਪ੍ਰਗਟਾਉਣ ਵੇਲੇ ਸ਼ੈਲੀ ਆਪਣਾ ਰੂਪ ਤਾ ਬਦਲਦੀ ਹੈ, ਪਰ ਉਸ ਵਿਚ ਸਰਲਤਾ, ਸਪਸ਼ਟਤਾ ਤੇ ਰਸਿਕਤਾ ਬਣੀ ਰਹਿੰਦੀ ਹੈ। ਦਾ ਆਰਟ', 'ਪੈਰ ਦੀ ਜੁੱਤੀ' ਤੇ 'ਚਲਦਾ ਹੋਟਲ ਬੜੇ ਰੌਚਿਕ ਤੇ ਹਲਕੇ ਫੁਲਕੇ ਲੇਖ ਹਨ।

ਕੁਝ ਹੋਰ ਵਾਰਤਕਕਾਰ

ਸਾਹਿਤ ਇਤਿਹਾਸ ਦੇ ਇਸ ਦੌਰ ਵਿਚ ਹੀ ਜੀ. ਬੀ. ਸਿੰਘ ਨੇ ਸਿੱਖ ਸਾਹਿਤ, ਧਰਮ ਤੇ ਸ਼ ਬਾਰੇ ਅਤੇ ਅੰਧ-ਵਿਸ਼ਵਾਸ ਦੇ ਵਿਰੋਧ ਵਿਚ ਆਧੁਨਿਕ ਵਿਗਿਆਨਕ ਨਜ਼ਰੀਏ ਤੋਂ

ਨਿਕ ਸ਼ੈਲੀ ਵਾਲੀ ਵਾਰਤਕ ਦੀ ਸਿਰਜਣਾ ਕੀਤੀ । ਚਰਨ ਸਿੰਘ ਸ਼ਹੀਦ 14 001-1935) ਇਸ ਸਮੇਂ ਦਾ ਪ੍ਰਸਿੱਧ ਪੱਤਰਕਾਰ ਸੀ, ਜਿਸ ਨੇ 'ਮੌਜੀ' ਸਪਤਾਹਿਕ ਤੇ

ਬਿਕ 'ਹੰਸ' ਨਾਮ ਦੇ ਮੈਗਜ਼ੀਨਾਂ ਵਿਚ ਆਪਣੀ ਹਾਸ ਰਸ ਤੇ ਵਿਅੰਗ ਭਰਪੂਰ ਰਚਨਾਵਾਂ ਦੀ ਸਿਰਜਣਾ ਕੀਤੀ । ਸ਼ਹੀਦ ਆਪਣੀਆਂ ਵਾਰਤਕ ਰਚਨਾਵਾਂ ਨਾਲ ਸਮਾਜਕ ਬੁਰਿਆਈਆਂ ਤੇ ਵਿਅੰਗ ਸਿਰਜ ਕੇ ਪਾਠਕ ਨੂੰ ਸੁਹਜ-ਸੁਆਦ ਪ੍ਰਦਾਨ ਕਰਦਾ ਹੈ। ਗੁਰਮੁਖ ਨਿਹਾਲ ਸਿੰਘ, ਮਾਸਟਰ ਤਾਰਾ ਸਿੰਘ, ਜੋਸ਼ੂਆ ਫਜ਼ਲ ਦੀਨ, ਮੀਆਂ ਰੁਕਨੁ ਦੀਨ, ਮਸਤਾਨਾ ਫ਼ਕੀਰ, ਕਿਰਪਾ ਸਾਗਰ, ਆਈ. ਸੀ. ਨੰਦਾ ਆਦਿ ਇਸ ਸਮੇਂ ਦੇ ਕੁਝ ਹੋਰ ਵਾਰਤਕਕਾਰ ਹਨ। ਤੀਜਾ ਦੌਰ

ਪੰਜਾਬੀ ਵਾਰਤਕ ਦਾ ਤੀਜਾ ਦੌਰ ਪ੍ਰਿੰ. ਤੇਜਾ ਸਿੰਘ, ਗੁਰਬਖ਼ਸ਼ ਸਿੰਘ ਤੇ ਡਾ. ਬਲਬੀਰ | ਸਿੰਘ ਆਦਿ ਵਾਰਤਕ ਲੇਖਕਾਂ ਨਾਲ ਆਰੰਭ ਹੁੰਦਾ ਹੈ। ਆਧੁਨਿਕ ਵਾਰਤਕ ਦੀ ਪਿਰਤ ਭਾਵੇਂ ਪ੍ਰੋ. ਪੂਰਨ ਸਿੰਘ ਦੀ ਲੇਖਾਂ ਦੀ ਪੁਸਤਕ "ਖੁੱਲ੍ਹੇ ਲੇਖ' ਤੇ ਕਮਲਾ ਅਕਾਲੀ ਦੇ ਮੇਰਾ ਵਿਲਾਇਤੀ ਸਫਰਨਾਮਾ ਨੇ ਪਾ ਦਿੱਤੀ ਸੀ ਪਰ ਆਧੁਨਿਕ ਵਾਰਤਕ ਵਿਚ ਪੂਰਾ ਨਿਖਾਰ 1935 ਤੋਂ ਪਿਛੋਂ ਹੀ ਆਉਂਦਾ ਹੈ । ਵਾਰਤਕ ਵਿਚ ਨਿਖਾਰ ਆਉਣ ਦੇ ਦੋ ਵੱਡੇ ਕਾਰਨ ਹਨ। | ਪਹਿਲਾ ਕਾਰਣ ਇਹ ਹੈ ਕਿ ਅੰਗਰੇਜ਼ੀ ਪੜ੍ਹੀ ਲਿਖੀ, ਪੱਛਮੀ ਗਿਆਨ-ਵਿਗਿਆਨ ਤੋਂ ਜਾਣੂ ਨਵੀਂ ਪੀੜ੍ਹੀ ਹੋਂਦ ਵਿਚ ਆ ਗਈ ਸੀ ਤੇ ਦੂਜਾ, ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਪਿਛੋਂ ਸੰਸਾਰ ਤੇ ਭਾਰਤ ਵਿਚ ਹਰ ਖੇਤਰ ਵਿਚ ਨਵੇਂ ਗਿਆਨ-ਵਿਗਿਆਨ, ਇਨਕਲਾਬ ਤੇ | ਆਜ਼ਾਦੀ ਦੀਆਂ ਲਹਿਰਾਂ ਆਦਿ ਦੇ ਉਭਾਰ ਨੇ ਮਾਹੌਲ ਵਿਚ ਗਰਮੀ ਤੇ ਵਿਚਾਰਧਾਰਕ

ਉਤੇਜਨਾ ਪੈਦਾ ਕੀਤੀ ਜਿਸ ਕਾਰਣ ਪੰਜਾਬੀ ਵਾਰਤਕ ਵਿਚ ਨਿਖਾਰ ਆਇਆ।

ਪਿੰਸੀਪਲ ਤੇਜਾ ਸਿੰਘ (1894-1958) . | ਤੇਜਾ ਸਿੰਘ ਦਾ ਨਾਂ ਆਧੁਨਿਕ ਪੰਜਾਬੀ ਵਾਰਤਕ ਨੂੰ ਟਕਸਾਲੀ ਰੂਪ ਦੇਣ ਵਾਲਿਆਂ

ਵਿਚ ਸਭ ਤੋਂ ਮਹੱਤਵਪੂਰਨ ਹੈ। ਪਿੰਸੀਪਲ ਤੇਜਾ ਸਿੰਘ ਨੇ ਵਿਉਂਤਬੱਧ ਢੰਗ ਨਾਲ ਪੰਜਾਬੀ ਵਾਰਤਕ ਨੂੰ ਨਵੀਆਂ ਲੀਹਾਂ ਉਤੇ ਪਾਇਆ। ਉਹਨਾਂ ਨੇ ਪੰਜਾਬੀ ਵਾਰਤਕ ਦਾ ਤੈਪੱਖੀ ਵਿਕਾਸ ਕੀਤਾ। ਸਭ ਤੋਂ ਪਹਿਲੀ ਗੱਲ ਪ੍ਰਿੰਸੀਪਲ ਤੇਜਾ ਸਿੰਘ ਨੇ ਇਹ ਕੀਤੀ ਕਿ ਨਵੇਂ ਪੰਜਾਬੀ ਲਿਖਾਰੀਆਂ ਨੂੰ ਉਤਸ਼ਾਹ ਦਿੱਤਾ ਤਾਂ ਜੋ ਪੰਜਾਬੀ ਵਿਚ ਆਧੁਨਿਕ ਤੇ ਮੌਲਿਕ ਲਿਖਤਾਂ ਵੱਡੀ ਮਾਤਰਾ ਵਿਚ ਸਿਰਜੀਆਂ ਜਾ ਸਕਣ। ਇਸ ਮਨੋਰਥ ਅਧੀਨ ਇਹਨਾਂ ਨੇ ਲਗਭਗ ਹਰ ਨਵੇਂ ਲੇਖਕ ਦੀ ਰਚਨਾ ਦੀ ਭੂਮਿਕਾ ਲਿਖੀ ਤੇ ਇਹਨਾਂ ਭੂਮਿਕਾਵਾਂ ਦੀ ਸੁਰ ਪ੍ਰਸ਼ੰਸਾਮਈ ਹੈ। ਇਹ ਭਖਿਕਾਵਾਂ ਨਿਸ਼ਚਤ ਮਨੋਰਥ ਅਧੀਨ ਲਿਖੀਆਂ ਹੋਣ ਕਾਰਣ ਪੰਜਾਬੀ ਆਲੋਚਨਾ ਦੀਆਂ ਉਤਮ ਮਿਸਾਲਾਂ ਨਹੀਂ । ਇਹਨਾਂ ਭੂਮਿਕਾਵਾਂ ਵਿੱਚ ਕੀਤੀ ਗਈ ਪ੍ਰਸ਼ੰਸਾ ਦਾ ਇਹ ਅਸਰ ਜ਼ਰੂਰ ਹੋਇਆ ਕਿ ਜਿਹੜੇ ਲੇਖਕ ਆਰੰਭ ਵਿਚ ਉਚੀ ਪੱਧਰ ਦਾ ਨਹੀਂ ਲਿਖਦੇ ਹੌਲੀ-ਹੌਲੀ ਤਜਰਬੇ ਨਾਲ ਵਧੀਆ ਲਿਖਣ ਲੱਗ ਪਏ ਸਨ। ਲਈ ਦੂਜਾ ਵੱਡਾ ਕੰਮ ਇਹ ਬਿਰਜਣਾ ਕੀਤੀ। ਸਾਹਿਤ

ਨਾ ਤੇ ਹੋਰ ਲੇਖ , ਆਪ ਦੀਆਂ ਪ੍ਰਮੁੱਖ ਵਾਰਤਕ

ਪਿੰਸੀਪਲ ਤੇਜਾ ਸਿੰਘ ਨੇ ਆਧੁਨਿਕ ਵਾਰਤਕ ਦੇ ਵਿਕਾਸ ਲਈ ਦੂਜਾ on ਕੀਤਾ ਕਿ ਉਹਨਾਂ ਨੇ ਨਮੂਨੇ ਦੀ ਮੌਲਿਕ ਟਕਸਾਲੀ ਵਾਰਤਕ ਦੀ ਸਿਰਜਣਾ ਕੀਮ, ਦਰਸ਼ਨ` , ਪੰਜਾਬੀ ਕਿਵੇਂ ਲਿਖੀਏ?, ਨਵੀਆਂ ਸੋਚਾਂ', 'ਗੁਸਲਖਾਨਾ ਤੇ ਹੋਰ : ਸਹਿਜ ਸੁਭਾ', 'ਸਭਿਆਚਾਰ ਤੇ ਆਰਸੀ' ਆਦਿ ਆਪ ਦੀਆਂ nu . ਰਚਨਾਵਾਂ ਹਨ। ਪਹਿਲੇ ਦੌਰ ਵਿਚ ਲੇਖਕ ਨੇ ਸਹਿਜ ਸੁਭਾ' ਤੇ ਨਵੀਆਂ ਸੋ, , ਲੇਖ ਸੰਗ੍ਰਹਿ ਹੀ ਪ੍ਰਕਾਸ਼ਤ ਕੀਤੇ। ਬਾਕੀ ਰਚਨਾਵਾਂ ਉਹਨਾਂ ਦੀਆਂ ਪਿਛੋਂ ਦੀਆi - ਇਹਨਾਂ ਪੁਸਤਕਾਂ ਵਿਚ ਸਮਾਜ ਤੇ ਸਾਹਿਤ ਨਾਲ ਸਬੰਧਤ ਅਨੇਕ ਵਿਸ਼ਿਆਂ ਉਤੇ ਲੇਖ ॥ ਤੇਜਾ ਸਿੰਘ ਪੱਛਮੀ ਤੇ ਅੰਗਰੇਜ਼ੀ ਸਾਹਿਤ ਦੀ ਵਿਕਸਤ ਵਾਰਤਕ ਤੋਂ ਜਾਣੂ ਸੀ ਇਸ ਲਈ ਉਸ ਦੀ ਵਾਰਤਕ ਮੌਲਿਕ ਤੇ ਟਕਸਾਲੀ ਰੂਪ ਵਾਲੀ ਹੈ। ਤੇਜਾ ਸਿੰਘ ਦੀ ਵਾਰਤਕ ਵਿਆਕਰਨ ਦੇ ਨਿਯਮਾਂ ਦੀ ਪਾਲਣਾ ਦੀ ਉਤਮ ਮਿਸਾਲ ਹੈ। ਇਹ ਸਾਦੀ, ਸਰਲ ਤੇ ਸਪਸ਼ਟ ਸ਼ਬਦਾਵਲੀ, ਉਚਿਤ ਪੈਰਾ ਵੰਡ, ਦਲੀਲ ਤੇ ਤਰਕ ਪੂਰਨ ਨਿੱਕੇ-ਨਿੱਕੇ ਵਾਕਾਂ ਵਾਲੀ ਸਹਿਜ ਰੂਪ ਵਿਚ ਲਿਖੀ ਗਈ ਵਾਰਤਕ ਹੈ। ਤੇਜਾ ਸਿੰਘ ਨੇ ਸੌਖੇ ਤੋਂ ਸੌਖੇ ਤੇ ਔਖੇ ਤੋਂ ਔਖੇ ਵਿਸ਼ਿਆਂ ਉਤੇ ਟਕਸਾਲੀ ਭਾਸ਼ਾ ਦਾ ਸੰਕਲਪ ਵਿਹਾਰਕ ਰੂਪ ਵਿਚ ਸਿਰਜਿਆ। ਦੇਸ਼ ਵੰਡ ਉਪਰੰਤ ਤੇਜਾ ਸਿੰਘ ਮੌਲਿਕ ਵਾਰਤਕ ਰਚਨਾਵਾਂ ਤੋਂ ਇਲਾਵਾ ਅੰਗਰੇਜ਼ੀ ਪੰਜਾਬੀ ਕੋਸ਼ ਵਿਚ ਵੀ ਰੁਝਿਆ ਰਿਹਾ। ਇਹਨਾਂ ਨੇ "ਆਰਸੀ' ਸਿਰਲੇਖ ਅਧੀਨ ਸਵੈ-ਜੀਵਨੀ ਵੀ ਲਿਖੀ । ਤੇਜਾ ਸਿੰਘ ਦੀ ਸਵੈ-ਜੀਵਨੀ ਭਾਈ ਗੁਰਦਾਸ ਦੀ ਤੁਕ "ਆਪਨੜੈ ਹਥਿ ਆਰਸੀ, ਆਪੇ ਹੀ ਵੇਖੈ" ਉਤੇ ਆਧਾਰਤ ਹੈ। ਇਸ ਸਵੈ-ਜੀਵਨੀ ਵਿਚ ਤੇਜਾ ਸਿੰਘ ਦੇ ਸਮਕਾਲੀ ਜੀਵਨ ਨੂੰ ਸਮੁੱਚੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਹ ਰਚਨਾ ਉਸ ਸਮੇਂ ਦੇ ਸਮਾਜਕ-ਰਾਜਨੀਤਕ ਸੱਚ ਬਾਰੇ ਇਕ ਇਤਿਹਾਸਕ ਦਸਤਾਵੇਜ਼ ਹੈ। ਇਸ ਜੀਵਨੀ ਵਿਚ ਲੇਖਕ ਨੇ ਆਪਣੇ ਵਿਅਕਤਿਤਵ ਨੂੰ ਸਮਾਜ ਦੇ ਵਿਸ਼ੇਸ਼ ਸਮੇਂ ਦੇ ਸੰਦਰਭ ਵਿਚ ਪੇਸ਼ ਕੀਤਾ ਹੈ। ਇਸ ਰਚਨਾ ਵਿਚ ਕਲਾ ਪੱਖੋਂ ਸਹਿਜਤਾ, ਸਾਊਪਣਾ, ਸਪਸ਼ਟਤਾ ਤੇ ਸੁਭਾਵਕਤਾ ਪ੍ਰਧਾਨ ਹੈ। ਇਹ ਪੰਜਾਬੀ ਦੀ ਪਹਿਲੀ ਸਵੈ-ਜੀਵਨੀ ਹੈ। ਪ੍ਰੋ. ਸਾਹਿਬ ਸਿੰਘ (1894-1977)

ਪ੍ਰੋ. ਸਾਹਿਬ ਸਿੰਘ ਦਾ ਆਧੁਨਿਕ ਵਾਰਤਕ ਵਿਚ ਮਹੱਤਵ ਪ੍ਰਮੁੱਖ ਤੌਰ ਤੇ ਦੋ ਪੱਖਾਂ ਕਰ ਕੇ ਹੈ । ਉਹਨਾਂ ਦਾ ਸਭ ਤੋਂ ਵੱਡਾ ਤੇ ਮਹੱਤਵਪੂਰਨ ਪੱਖ ਗੁਰਬਾਣੀ ਦੇ ਟੀਕਾਕਾਰ ਦਾ ਹੈ । ਸਾਹਬ ਸਿੰਘ ਦੀ ਵੀਹ ਸਾਲਾਂ ਦੀ ਲੰਮੀ ਘਾਲ ਨੇ ਗੁਰਬਾਣੀ ਵਿਆਕਰਨ' ਦੀ ਰਚਨਾ ਕੀਤੀ। ਇਹ ਪੁਸਤਕ ਗੁਰਬਾਣੀ ਵਿਚ ਵਰਤੀ ਗਈ ਭਾਸ਼ਾ ਦੇ ਵਿਆਕਰਨਕ ਨਿਯਮਾਂ ਨੂੰ ਵਿਗਿਆਨਕ ਰੂਪ ਵਿਚ ਸੂਤਰਬੱਧ ਕਰਦੀ ਹੈ। ਪ੍ਰੋ. ਸਾਹਿਬ ਸਿੰਘ ਨੇ ਗੁਰਬਾਣੀ ਦਾ ਟੀਕਾ ਇਸ ਵਿਆਕਰਨ ਦੇ ਆਧਾਰ ਤੇ ਕੀਤਾ ਹੈ। ਵਿਦਵਾਨ ਲੇਖਕ ਨੇ ਗੁਰੂ ਗ੍ਰੰਥ ਸਾਹਬ ਨੂੰ ਟੀਕਾ ਦਸ ਜਿਲਦਾਂ ਵਿਚ ਕਰ ਕੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆਂ ਬਾਰੇ ਬਹੁਤ ਸਾਰੇ ਭਰਮ ਭੁਲੇਖੇ ਦੂਰ ਕੀਤੇ ਹਨ।

ਪ੍ਰੋ. ਸਾਹਿਬ ਸਿੰਘ ਨੇ ਟੀਕਾਕਾਰੀ ਤੇ ਵਿਆਕਰਨ ਤੋਂ ਇਲਾਵਾ ਵਾਰਤਕ ਦੀਆਂ ਹੋਰ ਰਚਨਾਵਾਂ ਦੀ ਸਿਰਜਣਾ ਵੀ ਕੀਤੀ ਹੈ। ਧਾਰਮਕ ਲੇਖ" , "ਕੁਝ ਹੋਰ ਧਾਰਮਕ ਲੇਖ, ਗੱਲਾਂ , ਗੁਰਮਤਿ ਪ੍ਰਕਾਸ਼ , ਧਰਮ ਤੇ ਸਦਾਚਾਰ" , "ਸਰਬਤ ਦਾ ਭਲਾ", ਸਿੱਖੀ " ਸ

ਨਾ

- ਰੇ ਆਦਿ ਬੀੜ ਬਾਰੇ', 'ਗੁਰੂ ਸਾਹਿਬਾਂ ਦੇ ਜੀਵਨ ਬਿਰਤਾਂਤ` , "ਭਗਤ ਬਾਣੀ

ਕਾ ਆਦਿ ਆਪ ਦੀਆਂ ਰਚਨਾਵਾਂ ਹਨ। ਲੇਖਕ ਇਹਨਾਂ ਪੁਸਤਕਾਂ ਵਿਚ ਗੁਰਬਾਣੀ, ਖ ਧਰਮ ਦੇ ਦਰਸ਼ਨ ਦੇ ਵਿਸ਼ਿਆਂ ਨਾਲ ਸਬੰਧਤ ਮਸਲਿਆਂ ਦੀ ਤਰਕਮਈ ਵਿਆਖਿਆ ਕਰਦਾ ਹੈ। ਪ੍ਰੋ. ਸਾਹਿਬ ਸਿੰਘ ਦੀ ਦ੍ਰਿਸ਼ਟੀ ਨਾ ਤਾਂ ਅੰਧ-ਵਿਸ਼ਵਾਸ ਵਾਲੀ ਹੈ ਤੇ ਨਾ ਹੀ ਕੱਟੜ ਬਿਧਾਂਤਾਂ ਵਾਲੀ । ਉਹ ਵਿਰੋਧੀ ਵਿਚਾਰਾਂ ਦੀ ਤੁਲਨਾ ਰਾਹੀਂ ਸਮੱਸਿਆਵਾਂ ਦਾ ਹੱਲ ਪ੍ਰਸਤੂਤ ਕਰਦੇ ਹਨ । ਵਾਰਤਕ ਰਚਨਾ ਭਾਵੇਂ ਧਾਰਮਕ ਮਸਲਿਆਂ ਨਾਲ ਸੰਬੰਧਤ ਹੈ ਪਰ ਉਹਨਾਂ ਦੀ ਸ਼ੈਲੀ ਆਧੁਨਿਕ ਹੈ। ਉਹਨਾਂ ਦੀ ਦਲੀਲਯੁਕਤ ਆਧੁਨਿਕ ਸ਼ੈਲੀ ਦਾ ਕਾਰਣ ਉਹਨਾਂ ਦਾ | ਗਿਆਨ, ਵਿਗਿਆਨ ਤੇ ਮਨੋਵਿਗਿਆਨ ਤੋਂ ਜਾਣੂ ਹੋਣਾ ਹੈ। ਲੇਖਕ ਦੀ ਸ਼ੈਲੀ ਭਾਵੇਂ ਗੰਭੀਰ ਚਿੰਤਕ ਵਾਲੀ ਹੈ, ਪਰ ਵਿਚਾਰਾਂ ਦੀ ਸਪਸ਼ਟਤਾ ਕਾਰਣ ਇਸ ਨੂੰ ਹਰ ਪਾਠਕ ਮਾਣਦਾ ਹੈ। ਗੁਰਬਖ਼ਸ਼ ਸਿੰਘ ਪ੍ਰੀਤਲੜੀ (1895–1977) ਸ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਪ੍ਰੋ. ਪੂਰਨ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਤੋਂ ਪਿਛੋਂ | ਪੰਜਾਬੀ ਵਾਰਤਕ ਵਿਚ ਪ੍ਰਵੇਸ਼ ਵੱਡੀ ਘਟਨਾ ਹੈ। ਗੁਰਬਖ਼ਸ਼ ਸਿੰਘ ਨੇ ਆਧੁਨਿਕ ਪੰਜਾਬੀ ਵਾਰਤਕ ਵਿਚ ਗਿਣਤੀ ਦੇ ਪੱਖ ਤੋਂ ਸਭ ਤੋਂ ਵਧ ਲਿਖਿਆ। ਉਸ ਦੇ ਛੱਬੀ ਦੇ ਲਗਭਗ

ਲੇਖ-ਸੰਗ੍ਰਹਿ ਹਨ। ਰੋਜ਼ਾਨਾ ਜ਼ਿੰਦਗੀ ਦੀ ਸਾਇੰਸ", "ਸਾਂਵੀ ਪੱਧਰੀ ਜ਼ਿੰਦਗੀ , ਪਰਮ | ਮਨੁੱਖ" , "ਮੇਰੀਆਂ ਅਭੁੱਲ ਯਾਦਾਂ', 'ਪ੍ਰਸੰਨ ਲੰਮੀ ਉਮਰ , ਨਵਾਂ ਸ਼ਿਵਾਲਾ', 'ਭਖਦੀ ਜੀਵਨ ਚੰਗਿਆੜੀ ਤੇ ਜ਼ਿੰਦਗੀ ਦੀ ਰਾਸ` ਆਦਿ ਪ੍ਰਮੁੱਖ ਲੇਖ ਸੰਗ੍ਰਹਿ ਹਨ। ਗੁਰਬਖ਼ਸ਼ ਸਿੰਘ ਦੀ ਜੀਵਨ ਕਥਾ ਨਾਲ ਸਬੰਧਤ ਮੇਰੀ ਜੀਵਨ ਕਹਾਣੀ (ਦੋ ਭਾਗ) ਤੇ 'ਮੰਜ਼ਿਲ ਦਿਸ ਪਈ ਪੁਸਤਕਾਂ ਹਨ। ਗੁਰਬਖ਼ਸ਼ ਸਿੰਘ ਨੇ ਨਾਟਕ ਵੀ ਲਿਖੇ ਤੇ ਕਹਾਣੀਆਂ ਵੀ, ਹੋਰ ਭਾਸ਼ਾਵਾਂ ਤੋਂ ਕੁਝ ਕੁ ਸਫਲ ਅਨੁਵਾਦ ਵੀ ਕੀਤੇ । ਪਰੰਤੂ ਉਸ ਦੀਆਂ ਵਾਰਤਕ ਰਚਨਾਵਾਂ ਆਪਣੀ ਵਿਲੱਖਣਤਾ ਕਰ ਕੇ ਵਿਸ਼ੇਸ਼ ਧਿਆਨ ਖਿੱਚਦੀਆਂ ਹਨ । ਗੁਰਬਖ਼ਸ਼ ਸਿੰਘ ਨੇ ਜਿਥੇ ਗਿਣਤੀ ਪੱਖੋਂ ਸਭ ਤੋਂ ਵਧ ਰਚਨਾ ਕੀਤੀ, ਉਥੇ ਗੁਣਾਤਮਕ ਤੌਰ ਤੇ ਵੀ ਉਸ ਦੀ

ਵਾਰਤਕ ਨੇ ਨਵੀਆਂ ਲੀਹਾਂ ਪਾਈਆਂ। 1935 ਤੋਂ ਪਹਿਲਾਂ ਭਾਈ ਵੀਰ ਸਿੰਘ ਜਿਵੇਂ ਪੰਜਾਬੀ ਸਾਹਿਤ ਉਤੇ ਇਕ ਵੱਡ ਅਕਾਰੀ ਦਰਖਤ ਵਾਂਗ ਛਾਇਆ ਰਿਹਾ ਹੈ ਉਸੇ ਤਰ੍ਹਾਂ 1935 ਤੋਂ ਪਿਛੋਂ ਗੁਰਬਖ਼ਸ਼ ਸਿੰਘ ਵੀ ਕਈ ਦਹਾਕੇ ਪੰਜਾਬੀ ਸਾਹਿਤ ਤੇ ਵਾਰਤਕ ਉਤੇ ਛਾਇਆ ਰਿਹਾ ਹੈ।

ਗੁਰਬਖ਼ਸ਼ ਸਿੰਘ ਦੀ ਵਾਰਤਕ ਦਾ ਪਹਿਲਾ ਗੁਣ ਇਹ ਹੈ ਕਿ ਉਸ ਨੇ ਪੰਜਾਬੀ ਵਾਰਤਕ ਨੂੰ ਧਰਮ ਤੇ ਸਦਾਚਾਰ ਦੇ ਖੇਤਰ ਤੋਂ ਬਾਹਰ ਕੱਢਿਆ। ਗੁਰਬਖ਼ਸ਼ ਸਿੰਘ ਤੋਂ ਪਹਿਲੀ ਵਾਰਤਕ ਮੁੱਖ ਤੌਰ ਤੇ ਧਰਮ ਤੇ ਨੈਤਿਕਤਾ ਦੇ ਦੁਆਲੇ ਹੀ ਘੁੰਮਦੀ ਹੈ। ਗੁਰਬਖ਼ਸ਼ ਸਿੰਘ ਪੱਛਮੀ ਗਿਆਨ, ਵਿਗਿਆਨ ਤੇ ਦਰਸ਼ਨ ਦਾ ਗਿਆਤਾ ਸੀ ਤੇ ਇਸ ਦੇ ਨਾਲ ਹੀ ਉਹ ਕਾਫੀ ਸਮਾਂ ਅਮਰੀਕਾ ਆਦਿ ਮੁਲਕਾਂ ਵਿਚ ਮਣ ਕਰ ਆਇਆ ਸੀ, ਇਸ ਲਈ ਉਸ ਨੇ ਪੰਜਾਬੀ ਵਾਰਤਕ ਵਿਚ ਪਹਿਲੀ ਵਾਰ ਹਰ ਪ੍ਰਕਾਰ ਦੇ ਵਿਸ਼ਿਆਂ ਬਾਰੇ ਲਿਖਿਆ। ਰੱਬ, ਧਰਮ, ਕਿਸਮਤ, ਲਿੰਗ ਸੰਬੰਧ, ਸੁਤੰਤਰ ਪਿਆਰ, ਰਾਜਨੀਤੀ, ਰਾਸ਼ਟਰਵਾਦ, ਸੰਪਰਦਾਇਕਤਾ, ਸਮਾਜਵਾਦ, ਸਾਮਵਾਦ, ਅੰਤਰਰਾਸ਼ਟਰਵਾਦ, ਹਿੰਸਾ, ਅਹਿੰਸਾ ਤੋਂ ਲੈ ਕੇ ਘਰ ਦੀ ਸਫਾਈ, ਸਰੀਰ ਦੀ ਸਫਾਈ, ਲੰਮੀ ਤੇ ਪ੍ਰਸੰਨ ਉਮਰ ਦੇ ਨੁਸਖਿਆਂ ਨੂੰ ਆਪਣੀ ਰਚਨਾ ਵਿਚ ਪੇਸ਼ ਕੀਤਾ। ਗੁਰਬਖ਼ਸ਼ ਸਿੰਘ ਨੇ ਪੁਸਤਕ ਰੂਪ ਵਿਚ ਛਪਣ ਤੋਂ ਪਹਿਲਾਂ ਨਕ

"ਪ੍ਰੀਤਲੜੀ' ਰਾਹੀਂ ਲੋਕਾਂ ਵਿਚ ਪ੍ਰਚਲਤ ਅਗਿਆਨਤਾ ਤੇ ਅੰਧ-ਵਿਸ਼ਵਾਸ ਨੂੰ ਵਿhan ਦਲੀਲਾਂ ਨਾਲ ਦੂਰ ਕੀਤਾ। ਪਾਠਕਾਂ ਵਿਚ ਆਪਣੇ ਸੁਪਨਮਈ ਪ੍ਰੀਤ ਫਲਸਫੇ ਨੂੰ ਪੂਰਾ ਤੇ 'ਸੁਤੰਤਰ ਪਿਆਰ ਦਾ ਸੰਕਲਪ ਪੇਸ਼ ਕੀਤਾ। ਪੰਜਾਬੀ ਪਾਠਕ ਤੇ ਸਾਹਿਤ ਉਤੇ ਗਰm ਸਿੰਘ ਦੇ ਵਿਚਾਰਾਂ ਨੇ ਡੂੰਘਾ ਪ੍ਰਭਾਵ ਪਾਇਆ। ਇਸ ਪ੍ਰਭਾਵ ਦਾ ਪ੍ਰਮੁੱਖ ਕਾਰਣ ਇਹ ਸੀ L ਉਸ ਨੇ ਪੰਜਾਬੀ ਵਾਰਤਕ ਨੂੰ ਅਲੌਕਿਕਤਾ ਤੋਂ ਬਾਹਰ ਕੱਢ ਕੇ ਧਰਤੀ ਉਤੇ ਲੈ ਆਂਦਾ।

| ਵਿਸ਼ਿਆਂ ਦਾ ਇਹ ਲੌਕਿਕ ਸਰੂਪ ਹੀ ਮਹੱਤਵਪੂਰਨ ਨਹੀਂ ਬਲਕਿ ਇਸ ਵਾਰਤਕ ਦੀ ਮਹੱਤਤਾ ਲੇਖਕ ਦੀ ਸ਼ੈਲੀ ਵਿਚ ਹੈ। ਲੇਖਕ ਵਾਰਤਕ ਨੂੰ ਕਈ ਨਾਟਕੀ ਵਿਧੀਆਂ ਰਾਹੀਂ, ਕਦੀ ਪ੍ਰਭਾਵਸ਼ਾਲੀ ਵਾਕਾਂ ਰਾਹੀਂ, ਕਦੀ ਸੰਕੇਤਾਂ ਤੇ ਦਿਸ਼ ਚਿਤਰਾਂ ਰਾਹੀਂ, ਕਦੀ ਕਾਵਿਮਈ ਰਸਿਕ ਸ਼ੈਲੀ ਰਾਹੀਂ ਤੇ ਕਦੀ ਦਲੀਲ ਰਾਹੀਂ ਖਿੱਚ ਭਰਪੂਰ ਬਣਾ ਲੈਂਦਾ ਹੈ। ਸਮੁੱਚੇ ਰੂਪ ਵਿਚ ਉਹ ਇਸੇ ਦੀ ਲੋੜ ਅਨੁਸਾਰ ਭਾਸ਼ਾ ਤੇ ਸ਼ੈਲੀ ਦਾ ਪ੍ਰਯੋਗ ਕਰ ਲੈਂਦਾ ਹੈ । ਸ਼ਬਦਾਂ ਦੀ ਸੁਚੱਜੀ ਵਰਤੋਂ, ਨਵੇਂ ਸ਼ਬਦਾਂ ਦੇ ਪ੍ਰਯੋਗ ਕਾਰਣ ਉਸ ਨੂੰ ਸ਼ਬਦਾਂ ਦਾ ਜਾਦੂਗਰ' ਵੀ ਕਿਹਾ ਜਾਂਦਾ ਹੈ। ਗੁਰਬਖ਼ਸ਼ ਸਿੰਘ ਨੇ ਆਪਣੀ ਸ਼ੈਲੀ ਦੀ ਵਿਲੱਖਣਤਾ ਰਾਹੀਂ ਪੰਜਾਬੀ ਵਾਰਤਕ ਨੂੰ ਸਿਖਰਾਂ ਤੇ ਪਹੁੰਚਾ ਦਿੱਤਾ। ਸਜੀਵਤਾ, ਸਹਿਜਤਾ, ਰਸਿਕਤਾ, ਸੂਖਮਤਾ, ਕੋਮਲਤਾ ਉਸ ਦੀ ਸ਼ੈਲੀ ਦੇ ਮਹੱਤਵਪੂਰਨ ਗੁਣ ਹਨ। ਕਪੂਰ ਸਿੰਘ (1909-1977)

ਕਪੂਰ ਸਿੰਘ ਪੰਜਾਬੀ ਦਾ ਇਕ ਅਜਿਹਾ ਵਾਰਤਕਕਾਰ ਹੈ ਜਿਸ ਨਾਲ ਪੰਜਾਬੀ ਵਿਚ ਬੌਧਿਕ ਤੇ ਦਾਰਸ਼ਨਿਕ ਰੂਪ ਵਾਲੀ ਸ਼ੈਲੀ ਦਾ ਉਦੈ ਹੁੰਦਾ ਹੈ। ਲੇਖਕ ਦੀ ਸ਼ੈਲੀ ਬਹੁਤ ਪ੍ਰੋਢ ਤੇ ਡੂੰਘੇ ਗਿਆਨ ਦੀ ਲਖਾਇਕ ਹੈ। ਪੁੰਕ` , 'ਬਹੁ ਵਿਸਥਾਰ', 'ਸਪਤ ਸਿੰਗ", "ਸਾਚੀ ਸਾਖੀ" ਲੇਖਕ ਦੀਆਂ ਪ੍ਰਕਾਸ਼ਤ ਪੁਸਤਕਾਂ ਮਿਲਦੀਆਂ ਹਨ। ਸਪਤ ਸ਼ਿੰਗ' ਜੀਵਨੀ ਲੇਖਾਂ ਦੀ ਪੁਸਤਕ ਹੈ। ਦੂਜੀਆਂ ਪੁਸਤਕਾਂ ਵਿਚ ਅਧਿਆਤਮਕ ਤੇ ਦਾਰਸ਼ਨਿਕ ਮਸਲਿਆਂ ਬਾਰੇ ਭਰਪੂਰ ਗਿਆਨ ਹੈ। ਲੇਖਕ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਮੂਲ ਸੋਤਾਂ ਦੀ ਵਰਤੋਂ ਕਰਦਾ ਹੈ। ਉਹ ਪੱਛਮ ਤੇ ਭਾਰਤੀ ਦਰਸ਼ਨ ਦੀ ਤੁਲਨਾ ਰਾਹੀਂ ਭਾਰਤੀ ਪਰੰਪਰਾ ਨੂੰ ਸਲਾਹੁੰਦਾ ਹੈ। ਕਪੂਰ ਸਿੰਘ ਦੀ ਵਾਰਤਕ ਵਿਚ ਅਰਬੀ, ਫਾਰਸੀ ਦੀ ਸ਼ਬਦਾਵਲੀ ਤੋਂ ਇਲਾਵਾ ਸੰਸਕ੍ਰਿਤ ਸ਼ਬਦਾਵਲੀ ਦੀ ਭਰਮਾਰ ਹੈ। ਇਹ ਵਾਰਤਕ ਆਮ ਪਾਠਕ ਦੀ ਪੱਧਰ ਤੋਂ ਬਹੁਤ ਉਚੀ ਹੈ। ਉਚੇ ਬੌਧਿਕ ਪੱਧਰ ਵਾਲਾ ਪਾਠਕ ਹੀ ਇਸ ਸ਼ੈਲੀ ਨੂੰ ਸਮਝ ਸਕਦਾ ਹੈ। ਲੇਖਕ ਨਵੇਂ ਵਿਸ਼ਿਆਂ ਦੀ ਪੇਸ਼ਕਾਰੀ ਰਾਹੀਂ ਪੰਜਾਬੀ ਪਾਠਕ ਦੇ ਗਿਆਨ ਦਾ ਘੇਰਾ ਚੌੜਾ ਕਰਦਾ ਹੈ। ਜਿਵੇਂ ਕਿ ਉਸ ਨੇ ਨਿਊਟਨ' ਤੇ 'ਸੰਨ ਫਰਾਂਸੀਸੀ" ਆਦਿ ਦੀਆਂ ਸੰਖੇਪ ਜੀਵਨੀਆਂ ਲਿਖ ਕੇ ਪੰਜਾਬੀ ਵਾਰਤਕ ਵਿਚ ਨਵੀਂ ਜਾਣਕਾਰੀ ਦਿੱਤੀ ਹੈ। ਡਾ. ਬਲਬੀਰ ਸਿੰਘ (1897-1994)

ਇਸ ਦੌਰ ਦੇ ਕੁਝ ਹੋਰ ਵਾਰਤਕਕਾਰਾਂ ਵਿਚੋਂ ਡਾ. ਬਲਬੀਰ ਸਿੰਘ ਮਹੱਤਵਪੂਰਨ ਲੇਖਕ ਹਨ। ਡਾ. ਬਲਬੀਰ ਸਿੰਘ ਇਸ ਦੌਰ ਦੇ ਚਿੰਤਨਸ਼ੀਲ ਵਾਰਤਕ ਲੇਖਕ ਹਨ । ਇਹ ਆਰੰਭਕ ਦੌਰ ਵਿਚ ਖਾਲਸਾ ਸਮਾਚਾਰ' ਵਿਚ ਗੁਰਮਤਿ ਦੀ ਵਿਆਖਿਆ ਕਰਦੇ ਰਹੇ। 'ਕਲਮ ਦੀ ਕਰਾਮਾਤ" , "ਲੰਮੀ ਨਦਰ', 'ਸੁਧ ਸਰੂਪ', 'ਸੁਰਤਿ ਸ਼ਬਦ ਵਿਚਾਰ' ਆਦਿ ਉਹਨਾਂ ਦੀਆ ਵਾਰਤਕ ਰਚਨਾਵਾਂ ਹਨ। ਡਾ. ਬਲਬੀਰ ਸਿੰਘ ਨੇ ਧਰਮ ਤੇ ਹੋਰ ਮਸਲਿਆਂ ਨਾਲ ਸਬੰਧਤ Ranਆਂ ਨੂੰ ਵਿਗਿਆਨਕ, ਤੁਲਨਾਤਮਕ ਤੇ ਵਿਵੇਕਪੂਰਣ ਢੰਗ ਨਾਲ ਪੇਸ਼ ਕੀਤਾ। ਧਰਮ ਵਿਆਖਿਆ ਉਹ ਆਧੁਨਿਕ ਯੁੱਗ ਦੀਆਂ ਲੋੜਾਂ ਤੇ ਪ੍ਰਸੰਗ ਵਿਚ ਕਰਦੇ ਹਨ । ਲੇਖਕ ਨੇ

ਬੀ ਵਿਚ ਪਹਿਲੀ ਵਾਰੀ ਸਫਲ ਨਿਬੰਧ ਰਚਨਾ ਕੀਤੀ। ਲੇਖਕ ਦੀ ਭਾਸ਼ਾ ਉਤੇ ਅਰਬੀ, aaਸੀ ਤੇ ਸੰਸਕ੍ਰਿਤ ਦਾ ਪ੍ਰਭਾਵ ਹੈ। ਇਸ ਲਈ ਲੇਖਕ ਨੇ ਵਿਭਿੰਨ ਭਾਸ਼ਾਵਾਂ ਦੀ ਸ਼ਬਦਾਵਲੀ ਤੇ ਮੂਲ ਸੋਤਾਂ ਦੀ ਵਰਤੋਂ ਲੋੜ ਤੋਂ ਵਧ ਕੀਤੀ ਹੈ। ਜੋ ਵਾਰਤਕ ਸ਼ੈਲੀ ਨੂੰ ਅਕਾਉ ਤੇ ਕਠਿਨ ਬਣਾਉਂਦੇ ਹਨ । ਲੇਖਕ ਦੀ ਪੁਸਤਕ "ਚਰਣਿ ਹਰਿ ਵਿਸਥਾਰ ਵਿਚ ਆਪਣੇ ਪਰਿਵਾਰ ਦਾ ਇਤਿਹਾਸ ਅੰਕਿਤ ਕੀਤਾ ਗਿਆ ਹੈ। ਲੇਖਕ ਭਾਈ ਵੀਰ ਸਿੰਘ ਦੇ ਛੋਟੇ ਭਰਾ ਹਨ । ਜਿਸ ਕਰਕੇ ਉਹਨਾਂ ਦੀ ਵਾਰਤਕ ਉਤੇ ਪ੍ਰੋ. ਪੂਰਨ ਸਿੰਘ ਤੇ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦਾ ਪ੍ਰਭਾਵ ਪ੍ਰਤੱਖ ਦਿਖਾਈ ਦਿੰਦਾ ਹੈ। ਹਰਿੰਦਰ ਸਿੰਘ ਰੂਪ (1907-1954)

ਹਰਿੰਦਰ ਸਿੰਘ ਰੂਪ ਪੰਜਾਬੀ ਦਾ ਇਕ ਅਜਿਹਾ ਵਾਰਤਕ ਲੇਖਕ ਹੈ ਜਿਸ ਦਾ ਮਹੱਤਵ ਹਾਸ ਰਸ ਤੇ ਵਿਅੰਗ ਭਰਪੂਰ ਰਚਨਾਵਾਂ ਲਿਖਣ ਕਰ ਕੇ ਹੈ। ਉਸ ਨੇ ਹਲਕੇ-ਫੁਲਕੇ ਲੇਖਾਂ ਤੋਂ ਇਲਾਵਾ ਪਸ਼ੂ-ਪੰਛੀਆਂ ਬਾਰੇ ਲਿਖਣ ਦੀ ਪਹਿਲ ਕੀਤੀ। 1947 ਤੋਂ ਪਹਿਲਾਂ ਉਸ ਨੇ ਪੰਜਾਬ ਦੇ ਮਿਸ਼ਰਤ ਸਾਂਝੇ ਸਭਿਆਚਾਰ ਵਰਗੇ ਗੰਭੀਰ ਵਿਸ਼ਿਆਂ ਉਤੇ ਵੀ ਲਿਖਿਆ । "ਸਿੱਖ ਤੇ ਸਿੱਖੀ", "ਚੁੰਝਾਂ ਪਹੁੰਚੇ, ਰੂਪ ਰੰਗ', 'ਭਾਈ ਗੁਰਦਾਸ ਦੀ ਰਚਨਾ' ਆਦਿ ਉਸ ਦੀਆਂ ਪ੍ਰਮੁੱਖ ਪੁਸਤਕਾਂ ਹਨ । ਈਸ਼ਵਰ ਚਿਤਰਕਾਰ (1912-1968) ਇਸ ਦੌਰ ਦਾ ਇਕ ਹੋਰ ਹਾਸ ਰਸੀ ਸ਼ੈਲੀ ਦਾ ਵਾਰਤਕਕਾਰ ਹੈ । "ਕਲਮ ਦੀ ਆਵਾਜ਼', 'ਗੱਲਬਾਤ ਆਦਿ ਉਸ ਦੀਆਂ ਵਾਰਤਕ ਰਚਨਾਵਾਂ ਹਨ। ਹਾਸਰਸ ਨਾਲ ਸੰਬੰਧਤ ਕੁਝ ਹੋਰ ਲੇਖਕ

- ਪੰਜਾਬੀ ਦੀ ਬਹੁਤੀ ਵਾਰਤਕ ਧਰਮ ਤੇ ਸਭਿਆਚਾਰਕ ਮਸਲਿਆਂ ਨਾਲ ਗੰਭੀਰਤਾ ਸਹਿਤ ਜੁੜੀ ਰਹੀ ਹੈ। ਇਸ ਦੇ ਬਾਵਜੂਦ ਐਸ. ਐਸ. ਚਰਨ ਸਿੰਘ ਸ਼ਹੀਦ ਦੇ ਸਮੇਂ ਤੋਂ ਹੀ ਵਾਰਤਕ ਵਿਚ ਇਕ ਹਾਸ ਰਸ ਤੇ ਵਿਅੰਗ ਵਾਲੀ ਵਾਰਤਕ ਵੀ ਰਚੀ ਜਾਂਦੀ ਰਹੀ ਹੈ। ਮਨੁੱਖ-ਵਿਰੋਧੀ ਕੀਮਤ-ਪ੍ਰਬੰਧ ਤੇ ਸਥਿਤੀਆਂ, ਮਨੁੱਖ ਦੇ ਪਿਛਾਂਹਖਿੱਚੂ ਸੁਭਾਅ ਜਾਂ ਕਿਸੇ ਅਲੋਕਾਰ ਤੇ ਓਪਰੀ ਸ਼ਖ਼ਸੀਅਤ ਨੂੰ ਵਿਅੰਗ ਦਾ ਵਿਸ਼ਾ ਬਣਾਇਆ ਜਾਂਦਾ ਹੈ। ਇਹ ਹਾਸ ਰਸ ਭਰਪੂਰ ਸ਼ੈਲੀ ਐਸ. ਐਸ. ਚਰਨ ਸਿੰਘ ਸ਼ਹੀਦ ਤੋਂ ਆਰੰਭ ਹੋ ਕੇ ਹਰਿੰਦਰ ਸਿੰਘ ਰੂਪ ਰਾਹੀਂ ਸੂਬਾ ਸਿੰਘ, ਗੁਰਨਾਮ ਸਿੰਘ ਤੀਰ, ਪਿਆਰਾ ਸਿੰਘ ਦਾਤਾ ਗਿਆਨੀ ਗੁਰਦਿੱਤ ਸਿੰਘ ਤੇ ਕੇ. ਐਲ. ਗਰਗ ਆਦਿ ਲੇਖਕਾਂ ਤਕ ਪਹੁੰਚਦੀ ਹੈ।

. ਆਪਣੇ ਆਪ ਤੇ ਦੂਜੇ ਉਤੇ ਵਿਅੰਗ, ਕਟਾਖਸ਼ ਤੇ ਚੁਭਵੀਂ ਚੋਟ ਰਾਹੀਂ ਹਾਸ ਰਸ ਪੈਦਾ ਕਰਨਾ ਬਹੁਤ ਸੂਖਮ ਬੌਧਿਕ ਕਾਰਜ ਹੈ। ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ ਮੇਰਾ ਪਿੰਡ ਪੁਸਤਕ ਪੰਜਾਬੀ ਸਾਹਿਤ ਵਿਚ ਹਾਸ ਰਸ ਦੀ ਉਤਮ ਮਿਸਾਲ ਹੈ। ਇਸ ਪੁਸਤਕ ਵਿਚ ਲੇਖਕ ਪੰਜਾਬ ਦੇ ਪੇਂਡੂ ਜੀਵਨ ਦੀ ਸਾਧਾਰਨਤਾ ਦੀ ਪੇਸ਼ਕਾਰੀ ਰਾਹੀਂ ਹਾਸ ਰਸ ਪੈਦਾ ਕਰਦਾ ਹੈ। ਗਿਆਨੀ ਗੁਰਦਿੱਤ ਸਿੰਘ ਮਲਵਈ ਪੇਂਡੂ ਜੀਵਨ ਨੂੰ ਪੇਸ਼ ਕਰਦਾ ਹੈ । ਇਹ ਜੀਵਨ ਪਰੰਪਰਾਵਾਦੀ ਹੋਣ ਕਾਰਣ ਪੰਜਾਬ ਦੇ ਸਿੱਧੇ ਸਾਦੇ ਨਿਰਛੱਲ ਕਿਸਾਨੀ ਸਮਾਜ ਦੇ ਸਭਿਆਚਾਰ ਦੀ ਪ੍ਰਤਿਨਿੱਧਤਾ ਕਰਦਾ ਹੈ । ਨਵੇਂ ਯੁੱਗ ਦੇ ਪਰਿਵਰਤਨ ਤੇ ਪੁਰਾਣੇ ਸੰਸਕ੍ਰਿਤੀ ਦੇ ਪ੍ਰਭਾਵ ਤੋਂ ਉਤਪੰਨ ਸਥਿਤੀਆਂ ਦੇ ਵਿਰੋਧ ਰਾਹੀਂ ਸੂਖਮ ਤੇ ਬਹੁਤ ਬੌਧਿਕ ਹਾਸ ਰਸ ਨਾ ਕੀਤਾ ਗਿਆ ਹੈ। ਗਿਆਨੀ ਗੁਰਦਿਤ ਸਿੰਘ ਦੀ ਵਾਰਤਕ ਸ਼ੈਲੀ ਬਹੁਤੀ ਹੀ ਤਿੱਖੇ ਵਿn ਤੇ ਹਾਸ ਰਸ ਉਪਜਾਉਣ ਵਾਲੀ ਤੇ ਠੇਠ ਮਲਵਈ ਉਪਭਾਖਾ ਦੇ ਲੋਕ-ਮੁਹਾਵਰੇ ਵਾਲੀ ਹੈ।

ਸੂਬਾ ਸਿੰਘ ਆਪਣੀ ਕਵਿਤਾ ਵਾਂਗ ਵਾਰਤਕ ਵਿਚ ਵੀ ਹਾਸ ਰਸ ਉਪਜਾਉਣ ਵਾਲਾ ਲੇਖਕ ਹੈ। "ਅਲੋਪ ਹੋ ਰਹੇ ਚੇਟਕ' ਤੇ 'ਜ਼ਹਿਰੀਲੇ ਹਾਸੇ ਉਸ ਦੀਆਂ ਪ੍ਰਸਿੱਧ ਰਚਨਾਵਾਂ ਹਨ । ਲੇਖਕ ਅਗਾਂਹਵਧੂ ਵਿਚਾਰਾਂ ਵਾਲਾ ਲੇਖਕ ਹੈ। ਉਹ ਵਿਅੰਗ ਤੇ ਹਾਸ ਰਸ ਰਾਹੀਂ ਜੀਵਨ ਦੀਆਂ ਮਨੁੱਖੀ ਕਦਰਾਂ-ਕੀਮਤਾਂ ਦੀ ਸਿਖਿਆ ਦੇਣਾ ਚਾਹੁੰਦਾ ਹੈ। ਗੁਰਨਾਮ ਸਿੰਘ ਤੀਰ ਬਹੁਤ ਤਿੱਖਾ ਵਿਅੰਗ ਸਿਰਜਣਾ ਵਾਲਾ ਲੇਖਕ ਹੈ ਜਿਸ ਨੇ ਮਿੱਠੀਆਂ ਪੀੜਾਂ", "ਅੱਧੀ ਰਾਤ ਦੀਆਂ ਗੱਲਾਂ ਤੇ ਮੈਨੂੰ ਮੈਥੋਂ ਬਚਾਵੋ ਆਦਿ ਰਚਨਾਵਾਂ ਦੀ ਸਿਰਜਣਾ ਕੀਤੀ ਹੈ। ਪਿਆਰਾ ਸਿੰਘ ਦਾਤਾ ਨੇ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਸਮਾਜ ਤੇ ਮਨੁੱਖ ਵਿਰੋਧੀ ਸਥਿਤੀਆਂ ਤੇ ਸਮੱਸਿਆਵਾਂ ਨੂੰ ਆਪਣੀ ਲੇਖਣੀ ਵਿਚ ਵਿਅੰਗ ਤੇ ਹਾਸ ਰਸ ਦਾ ਕੇਂਦਰ ਬਣਾਇਆ ਹੈ। ਕੁਝ ਲਿਖਤਾਂ ਵਿਚ ਸਾਹਿਤਕਾਰਾਂ ਦੇ ਜੀਵਨ ਸਮਾਚਾਰਾਂ ਉਤੇ ਵਿਅੰਗ ਕਸਿਆ ਗਿਆ ਹੈ। ਲੇਖਕ ਦੀ ਸ਼ੈਲੀ ਸਰਲ, ਸਾਦੀ, ਸਪਸ਼ਟ ਤੇ ਲੋਕ-ਮੁਹਾਵਰੇ ਦੇ ਨੇੜੇ ਹੈ। ਨਵੀਂ ਪੰਜਾਬੀ ਵਾਰਤਕ .

ਪੰਜਾਬੀ ਵਾਰਤਕ ਦੇ ਤੀਜੇ ਦੌਰ ਦੇ ਇਹਨਾਂ ਲੇਖਕਾਂ ਨੇ ਪੰਜਾਬੀ ਵਾਰਤਕ ਨੂੰ ਵਿਕਾਸ ਦੇ ਨਵੇਂ ਰਾਹਾਂ ਤੇ ਤੋਰਿਆ। ਇਹਨਾਂ ਵਾਰਤਕਕਾਰਾਂ ਨੇ ਸਵੈ-ਜੀਵਨੀ, ਨਿਬੰਧ, ਲੇਖ ਤੇ ਸਫਰਨਾਮਾ ਆਦਿ ਆਧੁਨਿਕ ਵਾਰਤਕ ਰੂਪਾਂ ਨੂੰ ਆਧੁਨਿਕ ਪੰਜਾਬੀ ਸਾਹਿਤ ਦਾ ਅੰਗ ਬਣਾਇਆ। ਵਾਰਤਕ ਦੇ ਇਹ ਨਵੇਂ ਰੂਪ ਹੀ ਪੰਜਾਬੀਆਂ ਦੀਆਂ ਪੈਦਾ ਹੋਈਆਂ ਗਿਆਨ-ਵਿਗਿਆਨ ਦੀਆਂ ਲੋੜਾਂ ਨੂੰ ਪੂਰਾ ਕਰ ਸਕਦੇ ਹਨ। ਇਹਨਾਂ ਨੇ ਮੁਢਲੇ ਦੌਰ ਦੇ ਲੇਖਕਾਂ ਤੋਂ ਪਿਛੋਂ ਪੰਜਾਬੀ ਵਾਰਤਕ ਦੇ ਰੂਪਾਂ ਦਾ ਵੀ ਵਿਕਾਸ ਕੀਤਾ ਤੇ ਹੋਰ ਨਵੇਂ ਵਾਰਤਕ ਰੂਪਾਂ ਰੇਖਾ ਚਿਤਰ' ਤੇ 'ਲਲਿਤ ਨਿਬੰਧ ਆਦਿ ਵੀ ਹੋਂਦ ਵਿੱਚ ਆਏ । ਇਸ ਯੁਗ ਵਿਚ ਆਰੰਭਕ ਦੌਰ ਦੀ ਧਾਰਮਕਤਾ ਦੇ ਦੁਆਲੇ ਉਸਰੀ ਵਾਰਤਕ ਦੀ ਥਾਂ ਵੰਨ-ਸੁਵੰਨੀ, ਹਲਕੇ ਫੁਲਕੇ ਲੇਖਾਂ, ਵਿਅੰਗ, ਹਾਸ ਰਸ ਭਰਪੂਰ ਤੇ ਵਿਗਿਆਨਿਕ ਵਿਸ਼ਿਆਂ ਉਤੇ ਆਧੁਨਿਕ ਨਵੀਂ ਸ਼ੈਲੀ ਦਾ ਉਦਭਵ ਹੁੰਦਾ ਹੈ। ਅਜੋਕੇ ਸਮੇਂ ਵਿਚ ਬਹੁਤੀ ਨਵੀਂ ਵਾਰਤਕ ਪੱਤਰਕਾਰੀ ਦੀਆਂ ਲੋਕਾਂ ਵਿਚੋਂ ਪੈਦਾ ਹੁੰਦੀ ਹੈ। ਪੰਜਾਬੀ ਪੱਤਰਕਾਰੀ ਕਾਫੀ ਵਿਕਾਸ ਕਰ ਚੁੱਕੀ ਹੈ। ਸਫਰਨਾਮੇ, ਰੇਖਾ- ਚਿਤਰ, ਲਲਿਤ ਨਿਬੰਧ, ਵਿਗਿਆਨਕ-ਰਾਜਨੀਤਕ, ਸਾਹਿਤਕ ਤੇ ਆਲੋਚਨਾਤਮਕ ਲੇਖ ਅੱਜ ਦੀ ਪੱਤਰਕਾਰੀ ਰਾਹੀਂ ਭਰਪੂਰ ਰੂਪ ਵਿਚ ਵਿਕਾਸ ਕਰ ਰਹੇ ਹਨ । ਰੋਜ਼ਾਨਾ ਅਖਬਾਰਾਂ, ਵਿਸ਼ੇਸ਼ ਤੌਰ ਤੇ ਹਫ਼ਤਾਵਾਰ ਮੈਗਜ਼ੀਨ ਭਾਗ, ਮਾਸਕ ਤੇ ਤੈਮਾਸਕ ਰਸਾਲਿਆਂ ਦਾ ਵਾਰਤਕ ਦੇ ਵਿਕਾਸ ਵਿਚ ਮਹੱਤਵਪੂਰਨ ਰੋਲ ਹੈ। ਨਿਬੰਧ :

ਨਿਬੰਧ ਆਧੁਨਿਕ ਵਾਰਤਕ ਦਾ ਅਤਿ ਵਿਕਸਤ ਰੂਪ ਹੈ। ਇਹ ਲੇਖ ਵਰਗਾ ਹੈ ਹੀ, ਪਰ ਤਕਨੀਕੀ ਤੇ ਬੌਧਿਕ ਤੌਰ ਤੇ ਲੇਖ ਨਾਲੋਂ ਵਿਕਸਤ ਰਚਨਾ ਹੈ। ਨਿਬੰਧ ਵਿਚ ਜੋਰ ਵਿਚਾਰਾਂ ਨੂੰ ਦਲੀਲ ਤੇ ਤਰਕ ਨਾਲ ਸੁਹਜਾਤਮਕ ਤੇ ਕਲਾਤਮਕ ਵਾਰਤਕ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਇਹ ਵਾਰਤਕ ਦਾ ਉਤਮ ਰੂਪ ਹੈ । ਵੀਹਵੀਂ ਸਦੀ ਵਿਚ ਲਗਭਗ 1965 ਤੱਕ ਸਿਧਾਂਤ

1965

ਆਰਥਕ

ਧਰਮ ਤੇ ਇਤਿਹਾਸ ਨਾਲ ਸੰਬੰਧਤ ਮਸਲੇ ਹੀ ਨਿਬੰਧ ਦੇ ਪ੍ਰਮੁੱਖ ਵਿਸ਼ੇ ਰਹਿੰਦੇ ਹਨ। 45 ਤੋਂ ਪਿਛੋਂ ਸਥਿਤੀ ਵਿਚ ਅੰਤਰ ਆਉਣਾ ਆਰੰਭ ਹੁੰਦਾ ਹੈ ਤੇ ਹੌਲੀ-ਹੌਲੀ ਸਮਾਜਕ,

ਬਕ, ਵਿਗਿਆਨਕ, ਸਭਿਆਚਾਰਕ ਤੇ ਰਾਜਨੀਤਕ ਵਿਸ਼ੇ ਤੇ ਸਾਹਿਤਕ ਇਤਿਹਾਸ ਤੇ wਆਦਿ ਪ੍ਰਮੁੱਖਤਾ ਹਾਸਲ ਕਰ ਲੈਂਦੇ ਹਨ । ਮੌਲਿਕ ਸਾਹਿਤਕ ਨਿਬੰਧਾਂ ਦੀ ਸਿਰਜਣਾ

ਤਕ ਖੋਜ ਤੇ ਆਲੋਚਨਾ ਦੇ ਸਮਾਨਾਂਤਰ ਹੀ ਚਲਦੀ ਰਹੀ । ਡਾ. ਤਾਰਨ ਸਿੰਘ ਨੇ ਪਤ ਸਾਹਿਤ ਦੀ ਸਿਧਾਂਤਕ ਵਿਆਖਿਆ ਤੋਂ ਇਲਾਵਾ ਮੌਲਿਕ ਨਿਬੰਧ ਰਚਨਾ ਵੀ ਕੀਤੀ । ਇਸ ਸਬੰਧ ਵਿਚ ਉਹਨਾਂ ਦੀਆਂ ਸਿੱਖ ਧਰਮ ਦੇ ਰਹਸ ਤੇ ਰਮਜ਼', 'ਕਰਾਂਤੀ ਤੇ ਸ਼ਕਤੀ, ਨਾਮ ਨਿਧਾਨ', 'ਨੇਮ ਤੇ ਪ੍ਰੇਮ' ਮੌਲਿਕ ਨਿਬੰਧਾਂ ਦੀਆਂ ਪੁਸਤਕਾਂ ਹਨ । ਸਾਧੀ ਹੋਈ ਨਵੀਂ ਸ਼ੈਲੀ, ਵਿਸ਼ੇ ਪ੍ਰਤੀ ਡੂੰਘੀ ਭਾਵਾਤਮਕ ਸਾਂਝ ਤੇ ਸੁਹਿਰਦਤਾ ਹੀ ਉਸ ਦੀ ਵਾਰਤਕ ਦੀ ਵਿਸ਼ੇਸ਼

ਸ. ਸ. ਅਮੋਲ ਦਾ ਪੰਜਾਬੀ ਨਿਬੰਧਕਾਰਾਂ ਵਿਚ ਭਾਸ਼ਾ ਦੀ ਟਕਸਾਲੀ ਠੇਠਤਾ ਤੇ ਲੋਕ-ਮੁਹਾਵਰੇ ਵਾਲੀ ਹੋਣ ਕਾਰਣ ਵਿਸ਼ੇਸ਼ ਸਥਾਨ ਹੈ। ਉਸ ਦੀ ਵਾਰਤਕ ਸਰਲ, ਸਾਦੀ, | ਸਪਸ਼ਟ ਤੇ ਟਕਸਾਲੀ ਮੁਹਾਵਰੇ ਵਾਲੀ ਹੈ। ਲੇਖਕ ਨੂੰ ਭਾਸ਼ਾ, ਸ਼ਬਦਾਂ ਤੇ ਵਿਆਕਰਨ ਦਾ

ਪੂਰਾ ਗਿਆਨ ਹੈ। ਤੇਜਾ ਸਿੰਘ ਤੋਂ ਪਿਛੋਂ ਅਮੋਲ ਦੀ ਸ਼ੈਲੀ ਨੂੰ ਸਹਿਜ-ਸੁਭਾਵਕ ਹੋਣ ਕਾਰਣ ਬੜੀ ਪ੍ਰਸਿੱਧੀ ਮਿਲੀ ਹੈ। "ਅਮੋਲ ਪੰਜਾਬੀ ਲੇਖ', 'ਆਦਰਸ਼ ਪੰਜਾਬੀ ਲੇਖ" , "ਮੇਰੇ ਚੋਣਵੇਂ | ਨਿਬੰਧ' ਤੇ 'ਲੇਖ ਪਟਾਰੀ ਆਦਿ ਉਸ ਦੇ ਮੌਲਿਕ ਲੇਖ ਤੇ ਨਿਬੰਧ ਹਨ । ਪਿਆਰਾ ਸਿੰਘ | ਪਦਮ (1912) ਹਿੰਦੁਸਤਾਨੀ ਕਵੀ, ਹਿੰਦੁਸਤਾਨੀ ਕਵਿਤਾ , ਸੋਲਾਂ ਕਲਾਂ' ਤੇ 'ਕਲਮ

ਦੇ ਧਨੀ ਆਦਿ ਰਚਨਾਵਾਂ ਦਾ ਸਿਰਜਕ ਹੈ। ਪਿਆਰਾ ਸਿੰਘ ਪਦਮ ਖੋਜੀ ਤਾਂ ਹੈ ਪਰ ਚਿੰਤਕ ਨਹੀਂ। ਇਹੋ ਕਾਰਣ ਹੈ ਕਿ ਉਸ ਦੇ ਲੇਖਾਂ ਵਿਚ ਡੂੰਘੇ ਚਿੰਤਨ ਦੀ ਘਾਟ ਮਹਿਸੂਸ ਹੁੰਦੀ ਹੈ। ਉਸ ਦੀ ਬੋਲੀ ਮਲਵਈ ਉਪਭਾਖਾ ਹੈ।

ਕ੍ਰਿਪਾਲ ਸਿੰਘ ਕਸੇਲ ਭਾਵੇਂ ਮੂਲ ਰੂਪ ਵਿਚ ਆਲੋਚਕ ਤੇ ਸਾਹਿਤ ਦਾ ਇਤਿਹਾਸਕਾਰ ਹੈ ਪਰ 'ਇੰਦਰ ਧਨੁਸ਼ ਉਸ ਦੇ ਨਿਬੰਧਾਂ ਦਾ ਮੌਲਿਕ-ਸੰਗ੍ਰਹਿ ਹੈ। ਲੇਖਕ ਤੇ ਪ੍ਰੋ. ਪੂਰਨ ਸਿੰਘ ਦੀ ਕਾਵਿਮਈ ਸ਼ੈਲੀ ਦਾ ਹਲਕਾ ਪ੍ਰਭਾਵ ਤਾਂ ਹੈ, ਪਰ ਪ੍ਰਗਤੀਵਾਦੀ ਦ੍ਰਿਸ਼ਟੀ ਕਾਰਣ ਉਸ ਵਿਚ ਮੌਲਿਕਤਾ ਹੈ। ਲੇਖਕ ਦੀ ਸਾਹਿਤਕ ਆਲੋਚਕ ਦੀ ਵਿਦਵਤਾ ਤੋਂ ਆਈ ਸ਼ਬਦਾਵਲੀ ਸ਼ੈਲੀ ਨੂੰ ਸਹਿਜਤਾ ਦੀ ਥਾਂ ਭਾਰੂ ਕਰਦੀ ਹੈ। ਡਾ. ਸ਼ੇਰ ਸਿੰਘ ਨੇ ਆਪਣੇ ਲੇਖਾਂ ਦੀਆਂ ਪੁਸਤਕਾਂ ਵਿਚਾਰਧਾਰਾ' ਤੇ 'ਵਿਚਾਰ ਮਾਲਾ ਰਾਹੀਂ ਸਿੱਖ ਧਰਮ ਦੇ ਦਰਸ਼ਨ ਦੀ ਰੂਪ-ਰੇਖਾ ਦਾ ਵਿਸਥਾਰ ਸਹਿਤ ਪ੍ਰਗਟਾਅ ਕੀਤਾ ਹੈ।

ਪੰਜਾਬੀ ਨਿਬੰਧ ਨੇ ਵਿਸ਼ਿਆਂ ਦੀ ਵੰਨ-ਸੁਵੰਨਤਾ ਤੇ ਤਕਨੀਕੀ ਪ੍ਰਮਾਣਿਕਤਾ ਕਾਰਣ 1965 ਤੋਂ ਪਿਛੋਂ ਹੋਰ ਵੀ ਪ੍ਰਫੁੱਲਤਾ ਹਾਸਲ ਕੀਤੀ ਹੈ। ਸੰਤ ਸਿੰਘ ਸੇਖੋਂ, ਡਾ. ਅਤਰ ਸਿੰਘ, ਡਾ. ਹਰਿਭਜਨ ਸਿੰਘ, ਰਘਬੀਰ ਸਿੰਘ ਸਿਰਜਣਾ, ਸਤਿੰਦਰ ਸਿੰਘ ਨੂਰ ਤੇ ਗੁਰਬਚਨ ਆਦਿ ਲੇਖਕਾਂ ਨੇ ਸਾਹਿਤ ਆਲੋਚਨਾ ਦੇ ਨਿਬੰਧਾਂ ਦੀ ਪਿਰਤ ਪਾਈ । ਡਾ. ਕੁਲਦੀਪ ਸਿੰਘ ਧੀਰ, ਵਿਦਵਾਨ ਸਿੰਘ ਸੋਨੀ, ਹਰਦੇਵ ਸਿੰਘ ਵਿਰਕ, ਸੁਰਜੀਤ ਸਿੰਘ ਢਿਲੋਂ ਨੇ ਵਿਗਿਆਨਕ ਤੇ ਪਾਕਿਰਤਕ ਵਿਗਿਆਨਕ ਵਿਸ਼ਿਆਂ ਨਾਲ ਸਬੰਧਤ ਨਿਬੰਧ ਰਚਨਾ ਕੀਤੀ । ਡਾ. ਨਰਿੰਦਰ ਸਿੰਘ ਕਪੂਰ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਸਾਹਿਤਕ ਨਿਬੰਧ ਲਿਖਣ ਵਾਲੇ ਪ੍ਰਮੁੱਖ ਲੇਖਕ ਹਨ। ਡਾ. ਟੀ.ਆਰ ਸ਼ਰਮਾ ਨੇ ਸਿਖਿਆ ਪ੍ਰਣਾਲੀ ਤੇ ਅਧਿਆਪਨ ਨਾਲ ਸੰਬੰਧਤ ਸਮੱਸਿਆਵਾਂ ਉੱਤੇ ਉਤਮ ਨਿਬੰਧ ਰਚਨਾ ਕੀਤੀ। ਅਜੋਕੇ ਸਮੇਂ ਵਿਚ ਅਧੁਨਿਕ ਸਮਾਜ ਦੇ ਹਰ ਵਿਸ਼ੇ ਉੱਤੇ ਪੰਜਾਬੀ ਵਿਚ ਨਿਬੰਧ ਰਚਨਾ ਹੋ ਰਹੀ ਹੈ।

## ਮੁੱਖ/ਕੇਂਦਰੀ ਸ਼ਬਦ:

ਰਸ ----ਸਆਦ

ਨਿਬੰਧ---ਸਾਹਿਤ ਰੂਪ

ਰੇਖਾ ਚਿੱਤਰ ---ਆਧੁਨਿਕ ਸਾਹਿਤ ਰੂਪ

ਅਲੰਕਾਰ ---ਕਾਵਿ ਦੀ ਭਾਸ਼ਾ

ਸੰਸਕ੍ਰਿਤੀ---ਸਭਿਆਚਾਰ

## ਸਵੈ-ਮੁਲਾਂਕਣ:

1. ਪ੍ਰਸ਼ਨ-ਪੰਜਾਬੀ ਵਾਰਤਕ ਦਾ ਆਰੰਭ ਕਦੋਂ ਹੋਇਆ

    ੳ. 16ਵੀਂ ਸਦੀ ਤੋਂ।

2. 16ਵੀਂ ਸਦੀ ਤੋਂ ਪਹਿਲਾਂ ਦੀਆਂ ਵਾਰਤਕ ਰਚਨਾਵਾਂ ਲਿਖੋ

    ੳ. ਇਕਾਦਸ਼ੀ ਮਹਾਤਮ

    ਅ. ਫ਼ਰੀਦ ਜੀ ਦਾ ਪੱਧਤੀ ਨਾਮਾ

    ੲ. ਪ੍ਰਾਣ ਸੰਗਲੀ

    ਸ. ਉਪਰੋਕਤ ਸਾਰੇ

3. "ਪੰਜਾਬੀ ਬਾਤ-ਚੀਤ ਤੇ 'ਸਿੱਖ ਰਾਜ ਦੀ ਵਿਥਿਆ' ਦਾ ਕਰਤਾ ਕੌਣ ਹੈ

    ੳ. ਸ਼ਰਧਾ ਰਾਮ ਫਿਲੌਰੀ।

੪. ਗੁਰਮਤਿ ਨਿਰਣੈ' ਦਾ ਕਰਤਾ ਕੌਣ ਹੈ

    ੳ. ਪੰਡਿਤ ਤਾਰਾ ਸਿੰਘ ਨਰੋਤਮ।

5. ਭਾਈ ਵੀਰ ਸਿੰਘ ਦੀ ਵਾਰਤਕ ਹੈ

    ੳ. ਗੁਰੂ ਨਾਨਕ ਚਮਤਕਾਰ

    ਅ. ਕਲਗ਼ੀਧਰ ਚਮਤਕਾਰ

    ੲ. ਅਸ਼ਟ ਗੁਰੂ ਚਮਤਕਾਰ

    ਸ. ਉਪਰੋਕਤ ਸਾਰੇ

6. ਖੁਰਾਤਨ ਜਨਮ ਸਾਖੀ ਦਾ ਸੰਪਾਦਕ ਕੌਣ ਹੈ

    ੳ. ਭਾਈ ਵੀਰ ਸਿੰਘ।

7. ਗੁਰਬਿਲਾਸ ਸਾਖੀਆਂ ਪਾਤਸ਼ਾਹੀ ਪਹਿਲੀ ਤੇ ਪਾਤਸ਼ਾਹੀ ਦਸਵੀਂ ਦਾ ਸੰਪਾਦਕ ਕੌਣ ਹੈ

    ੳ. ਭਾਈ ਵੀਰ ਸਿੰਘ।

8.ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਦਾ ਸੰਪਾਦਕ ਕੌਣ ਹੈ

    ੳ. ਭਾਈ ਵੀਰ ਸਿੰਘ।

9. ਪ੍ਰੋ. ਪੂਰਨ ਸਿੰਘ ਦੇ ਵਾਰਤਕ ਸੰਗ੍ਰਹਿ ਲਿਖੋ

ੳ. ਖੁੱਲ੍ਹੇ ਲੇਖ, ਭਾਸ਼ਾ ਵਿਗਿਆਨ ਬਾਰੇ।

10. ਸਭ ਤੋਂ ਪਹਿਲਾਂ ਪੰਜਾਬੀ ਸਾਹਿਤ ਵਿਚ ਸਫ਼ਰਨਾਮਾ ਲਿਖਣ ਦੀ ਪਹਿਲ ਕਿਸ ਨੇ ਕੀਤੀ ?

ੳ. ਲਾਲ ਸਿੰਘ ਕਮਲਾ ਅਕਾਲੀ ਨੇ। |

11. "ਧਰਤੀ ਤੇ ਮਨੁੱਖ ਕਿ ਸਦੀ ਰਚਨਾ ਹੈ ?

ੳ. ਸੂਬਾ ਸਿੰਘ ਦੀ |

12. ਆਰਸੀ ਸਵੈ-ਜੀਵਨੀ ਕਿ ਸਦੀ ਰਚਨਾ ਹੈ ?

ੳ. ਪ੍ਰਿੰ: ਤੇਜਾ ਸਿੰਘ ਦੀ |

13. ਡਾ: ਬਲਬੀਰ ਸਿੰਘ ਦੀ ਪੁਸਤਕ "ਲੰਮੀ ਨਦਰ ਵਿਚ ਕਿੰਨੇ ਨਿਬੰਧ ਹਨ ?

ੳ. ਨੌਂ।

14. "ਮੇਰਾ ਪਿੰਡ' ਨਿਬੰਧ ਕਿ ਸਦੀ ਰਚਨਾ ਹੈ ?

ੳ. ਗਿਆਨੀ ਗੁਰਦਿੱਤ ਸਿੰਘ ਦੀ।

15. ਸੁਖਨ ਸੁਨੇਹੇ ਨਿਬੰਧ-ਸੰਗ੍ਰਹਿ ਦਾ ਕਰਤਾ ਕੌਣ ਹੈ ?

ੳ. ਡਾ: ਨਰਿੰਦਰ ਸਿੰਘ ਕਪੂਰ।

## ਅਭਿਆਸ ਪ੍ਰਸ਼ਨ

1. ਵਾਰਤਕ ਦਾ ਨਿਕਾਸ ਦੱਸੋ
2. ਪੰਜਾਬੀ ਵਾਰਤਕ ਦੀ ਪਰਿਭਾਸ਼ਾ ਬਾਰੇ ਵਰਣਨ ਕਰਦੇ ਹੋਏ ਇਸ ਦੇ ਵਿਕਾਸ ਤੇ ਚਾਨਣਾ ਪਾਓ।
3. ਪੰਜਾਬੀ ਵਾਰਤਕ ਦਾ ਅਰਥ ਦੱਸਦੇ ਹੋਏ ਇਸ ਦੇ ਸਰੂਪ ਅਤੇ ਇਤਿਹਾਸ ਦਾ ਵਿਸਥਾਰ ਨਾਲ ਵਰਣਨ ਕਰੋ।

## ਸੰਦਰਭ ਪੁਸਤਕਾਂ:


- ਡਾ. ਜਸਵਿੰਦਰ ਸਿੰਘ ਸੈਣੀ, ਵਾਰਤਕ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ, ਪ੍ਰਕਾਸ਼ਿਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010.

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%B5%E0%A8%BE%E0%A8%B0%E0%A8%A4%E0%A8%95

## ਉੱਤਰਮਾਲਾ

| | | | | |
|---|---|---|---|---|
| 1. ਉ | 2. ਸ | 3. ਉ | 4. ਉ | 5. ਸ |
| 6. ਉ | 7. ਉ | 8. ਉ | 9. ਉ | 10. ਉ |
| 11. ਉ | 12. ਉ | 13. ਉ | 14. ਉ | 15. ਉ |

# ਅਧਿਆਇ -7: ਆਧੁਨਿਕ ਪੰਜਾਬੀ ਵਾਰਤਕ ਰੂਪ: ਸਫਰਨਾਮਾ ਸਾਹਿਤ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

### ਉਦੇਸ਼

1. **ਵਿਦਿਆਰਥੀ ਸਫਰਨਾਮੇ ਦੀ ਪਰਿਭਾਸ਼ਾ ਬਾਰੇ ਜਾਣਨਗੇ।**
2. **ਵਿਦਿਆਰਥੀ ਪੰਜਾਬੀ ਅਤੇ ਪਰਵਾਸੀ ਸਫਰਨਾਮੇ ਬਾਰੇ ਜਾਣਨਗੇ।**
3. **ਵਿਦਿਆਰਥੀ ਸਫਰਨਾਮੇ ਦੇ ਪੜਾਅ ਬਾਰੇ ਕ੍ਰਮਵਾਰ ਜਾਣਨਗੇ।**

### ਪ੍ਰਸਤਾਵਨਾ

ਆਧੁਨਿਕ ਪੰਜਾਬੀ ਵਾਰਤਕ ਵਿਚ ਸਫ਼ਰਨਾਮੇ ਦਾ ਆਰੰਭ ਭਾਵੇਂ ਲਾਲ ਸਿੰਘ ਕਮਲਾ ਅਕਾਲੀ ਨੇ ਮੇਰਾ ਵਲਾਇਤੀ ਸਫ਼ਰਨਾਮਾ ਰਾਹੀਂ 1926 ਵਿੱਚ ਹੀ ਕਰ ਦਿੱਤਾ ਸੀ ਪਰ ਵਾਰਤਕ ਦੀ ਇਹ ਵੰਨਗੀ ਨੇ ਪਿੱਛੋਂ ਆ ਕੇ ਵਧੇਰੇ ਸਫ਼ਲਤਾ ਪ੍ਰਾਪਤ ਕੀਤੀ ਹੈ ਸਫ਼ਰਨਾਮਾ ਵਿਸ਼ੇਸ਼ ਭਾਂਤ ਦੀ ਵਾਰਤਕ ਵੰਨਗੀ ਹੈ ਅਤੇ ਇਹ ਵਿਸ਼ੇਸ਼ ਰੂਪ ਵਿਚ ਸਮੁੱਚੀ ਜੀਵਨ ਪੱਧਤੀ ਨੂੰ ਸੁਹਜਾਤਮਿਕ ਰੂਪ ਵਿੱਚ ਪੇਸ਼ ਕਰਦਾ ਹੈ। ਐੱਸ ਐੱਸ ਅਮੋਲ ਦਾ ਮਲਾਇਆ ਦੀ ਯਾਤਰਾ ਹੀਰਾ ਸਿੰਘ ਦਰਦ ਦਾ ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ ਮਹਿੰਦਰਪਾਲ ਸਿੰਘ ਦਾ ਰੂਸ ਦੀ ਯਾਤਰਾ ਡਾ ਗੰਡਾ ਸਿੰਘ ਦਾ ਕਾਬੁਲ ਦੀ ਯਾਤਰਾ ਬਲਰਾਜ ਸਾਹਨੀ ਦਾ ਮੇਰਾ ਰੂਸੀ ਸਫ਼ਰਨਾਮਾ ਮੇਰਾ ਪਾਕਿਸਤਾਨੀ ਸਫ਼ਰਨਾਮਾ ਬਲਵੰਤ ਗਾਰਗੀ ਦਾ

ਪਤਾਲ ਦਾ ਬੰਦਾ ਜਗਜੀਤ ਸਿੰਘ ਆਨੰਦ ਦਾ ਨਵਾਂ ਨਿਆਰਾ ਜਰਮਨੀ ਤੇ ਨਵਤੇਜ ਸਿੰਘ ਦਾ ਦੋਸਤੀ ਦਾ ਪੰਧ ਆਦਿ ਪੰਜਾਬੀ ਦੇ ਪ੍ਰਮੁੱਖ ਸਫ਼ਰਨਾਮੇ ਹਨ ਪੰਜਾਬੀ ਸਫ਼ਰਨਾਮਾ ਸਾਹਿਤ ਵਿੱਚ ਬਲਰਾਜ ਸਾਹਨੀ ਦੇ ਦੋਵਾਂ ਸਫ਼ਰਨਾਮਿਆਂ ਨੂੰ ਆਪਣੇ ਸਾਹਿਤਕ ਗੁਣਾਂ ਕਰਕੇ ਵਧੇਰੇ ਪ੍ਰਸਿੱਧੀ ਮਿਲੀ ਹੈ। ਭਾਵੁਕਤਾ ਤੇ ਜਜ਼ਬਾਤੀ ਪਹੁੰਚ ਸਿਧਾਂਤਕ ਸਪੱਸ਼ਟਤਾ ਤੇ ਕਾਵਿਕ ਸ਼ੈਲੀ ਸਾਹਨੀ ਦੀ ਵਾਰਤਕ ਦੇ ਮਹੱਤਵਪੂਰਨ ਗੁਣ ਹਨ ।

**ਵਿਸ਼ਾ**

ਸਫ਼ਰਨਾਮੇ ਦਾ ਇਤਿਹਾਸ

ਸਫ਼ਰਨਾਮੇ ਦਾ ਇਤਿਹਾਸ ਸਫ਼ਰਨਾਮਿਆਂ ਦੀ ਪਰੰਪਰਾ ਸਾਹਿਤ ਵਿਚੋਂ ਆਦਿ ਕਾਲ ਤੋਂ ਚਲਿਆ ਆ ਰਿਹਾ ਹੈ। ਭਾਰਤੀ ਸਾਹਿਤ ਵਿਚ ਸਭ ਤੋਂ ਪਹਿਲਾ ਸਫ਼ਰਨਾਮਿਆਂ ਦੀ ਝਲਕ ਸੰਸਕ੍ਰਿਤ ਸਾਹਿਤ ਵਿਚ ਦੇਖਣ ਜਾਂ ਪੜ੍ਹਨ ਨੂੰ ਮਿਲਦੀ ਹੈ। ਪੂਰਵ ਇਤਿਹਾਸਕ ਕਾਲ ਵਿਚ ਮਨੁੱਖ ਦੀ ਯਾਤਰਾ ਕਰਨ ਦੀ ਪ੍ਰਵਿਰਤੀ ਦੀ ਅਨੇਕਾਂ ਉਦਾਹਰਨਾਂ ਮਿਲਦੀਆਂ ਹਨ। ਬੁੱਧ ਧਰਮ ਦੇ ਭਿਖਸ਼ੂ ਤੇ ਭਿਕਸ਼ਣੀਆਂ, ਜੈਨ ਮਤ ਦੇ ਦਿਗੰਬਰ ਆਮ ਜਨਤਾ ਵਿਚ ਧਰਮ ਦਾ ਪ੍ਰਚਾਰ ਕਰਨ ਲਈ ਦੂਰ-ਦੂਰ ਤੱਕ ਯਾਤਰਾ ਕਰਦੇ ਸਨ। ਕਾਲੀਦਾਸ ਦਾ ਵਿਭਿੰਨ ਦੇਸ਼ਾਂ ਦੇ ਪ੍ਰਕਿਰਤੀ ਚਿਤਰਨ ਤੋਂ ਉਸ ਦੀ ਯਾਤਰਾ ਮਨੋਵਿਰਤੀਆਂ ਦਾ ਪਤਾ ਲੱਗਦਾ ਹੈ। ਅਜਨਬੀ ਅਤੇ ਬੇਗਾਨੀਆਂ ਧਰਤੀਆਂ ਦੀ ਯਾਤਰਾ ਕਰਨਾ ਵੱਖਰੇ-ਵੱਖਰੇ ਸੱਭਿਆਚਾਰਾਂ ਨੂੰ ਦੇਖਣਾ ਘੋਖਣਾ ਮਨੁੱਖ ਦੀ ਸ਼ੁਰੂ ਤੋਂ ਪ੍ਰਵਿਰਤੀ ਰਹੀ ਹੈ। ਮੈਗਸਥਨੀਜ਼, ਹਿਊਨਸਾਂਗ, ਇਬਨ ਬਤੂਤਾ, ਫਾਹੀਆਨ ਆਦਿ ਸੈਲਾਨੀ ਵਿਸ਼ਵ ਭਰ ਵਿਚ ਪ੍ਰਸਿੱਧ ਰਹੇ ਹਨ। ਇਹਨਾਂ ਨੇ ਆਪਣੀਆਂ ਯਾਤਰਾਵਾਂ ਦਾ ਵਰਣਨ 'ਸਫ਼ਰਨਾਮਿਆਂ` ਦੇ ਰੂਪ ਵਿਚ ਕੀਤਾ ਹੈ ਤਾਂ ਜੋ ਲੋਕ ਬੇਗਾਨੀਆਂ ਤੇ ਅਜਨਬੀ ਧਰਤੀਆਂ ਸੱਭਿਆਚਾਰਾਂ ਬਾਰੇ ਜਾਣ ਸਕਣ ਕਿਉਂਕਿ ਸਫ਼ਰਨਾਮਾ ਇੱਕ ਅਜਿਹੀ ਸਿਰਜਨ ਪ੍ਰਕਿਰਿਆ ਹੈ ਜਿਸ ਵਿਚ ਲੇਖਕ ਆਪਣੇ ਆਪ ਨਾਲ ਜੁੜੀਆਂ ਘਟਨਾਵਾਂ ਦੇ ਰਾਹੀਂ ਆਪਣੇ ਸਮੇਂ, ਸਥਾਨ ਅਤੇ ਦੇਸ਼ ਦੀਆਂ ਰਾਜਨੀਤਿਕ, ਸਮਾਜਿਕ, ਧਾਰਮਿਕ, ਸਭਿਆਚਾਰਕ ਪ੍ਰਸਥਿਤੀਆਂ ਦਾ ਗਿਆਨ ਕਰਵਾਉਂਦਾ ਹੈ। ਆਧੁਨਿਕ ਸਮੇਂ ਵਿਚ ਆਵਾਜਾਈ ਦੇ ਸਾਧਨਾਂ ਵਿਚ ਕ੍ਰਾਂਤੀ ਆਉਣ ਅਤੇ ਸੂਚਨਾ ਤਕਨਾਲੋਜੀ ਦੇ ਵਿਕਸਿਤ ਹੋਣ ਨਾਲ ਅਸੀਂ ਦੁਨੀਆ ਦੇ ਹਰ ਕੋਨੇ ਵਿਚਲੀਆਂ ਸਰਗਰਮੀਆਂ ਤੇ ਘਟਨਾਵਾਂ ਬਾਰੇ ਸੂਚਨਾ ਪ੍ਰਾਪਤ ਕਰ ਸਕਦੇ ਹਾਂ, ਪ੍ਰੰਤੂ ਮੱਧਕਾਲ ਵਿਚ ਅਜਿਹਾ ਸੰਭਵ ਨਹੀਂ ਸੀ। ਇਸ ਕਰਕੇ ਸਫ਼ਰਨਾਮੇ ਨੂੰ ਦੂਜੀਆਂ ਥਾਵਾਂ ਦੀਆਂ ਸੂਚਨਾਵਾਂ ਪ੍ਰਾਪਤ ਕਰਨ ਦਾ ਪ੍ਰਮਾਣਿਕ ਸਰੋਤ ਮੰਨ ਸਫ਼ਰਨਾਮੇ ਦਾ ਸ਼ਾਬਦਿਕ ਅਰਥ ਸਫ਼ਰਨਾਮਾ ਦੋ ਸ਼ਬਦਾਂ ਸਫ਼ਰ+ਨਾਮਾ ਦਾ ਮਿਲਵਾਂ ਰੂਪ ਹੈ। 'ਸਫ਼ਰ` ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, 'ਯਾਤਰਾ` ਮੁਸਾਫ਼ਿਰੀ। 'ਨਾਮਾ` ਫ਼ਾਰਸੀ ਦੇ 'ਨੁਮਾਹਾ` ਸ਼ਬਦ ਦਾ ਵਿਕਸਿਤ ਰੂਪ ਹੈ, ਜਿਸ ਦਾ ਅਰਥ ਹੈ ਚਿੱਠੀ, ਖ਼ੱਤ, ਪੱਤਰ।

ਡਾ.ਰਤਨ ਸਿੰਘ ਜੱਗੀ ਅਨੁਸਾਰ: ਸਫ਼ਰਨਾਮਾ ਤੋਂ ਭਾਵ 'ਯਾਤਰਾ` ਵਿਚ ਪ੍ਰਾਪਤ ਕੀਤੇ ਅਨੁਭਵ ਨੂੰ ਜਦੋਂ ਲਿਪੀਬੱਧ ਰੂਪ ਦਿੱਤਾ ਜਾਂਦਾ ਹੈ ਤਾਂ ਸਫ਼ਰਨਾਮੇ ਦੀ ਰਚਨਾ ਹੁੰਦੀ ਹੈ। ਜਾਂ ਇੰਜ ਕਹੋ ਕਿ ਸਫ਼ਰ ਦੌਰਾਨ ਪ੍ਰਾਪਤ ਕੀਤੇ ਗਿਆਨ ਨੂੰ ਜਦੋਂ ਯਾਦ ਦੇ ਆਧਾਰ ਤੇ ਕਲਾਤਮਕ ਢੰਗ ਨਾਲ ਚਿਤਰਿਆ ਜਾਂਦਾ ਹੈ ਤਾਂ ਸਫ਼ਰਨਾਮਾ ਹੋਂਦ ਵਿਚ ਆਉਂਦਾ ਹੈ।` ਡਾ. ਜਸਵਿੰਦਰ ਸਿੰਘ ਤੇ ਮਾਨ ਸਿੰਘ ਢੀਂਡਸਾ ਅਨੁਸਾਰ: ਸਫ਼ਰਨਾਮਾ ਵਿਸ਼ੇਸ਼ ਭਾਂਤ ਦੀ ਵਾਰਤਕ ਵੰਨਗੀ ਹੈ ਜਿਸ ਵਿਚ ਸਫ਼ਰਨਾਮਾ ਆਪਣੇ ਵਿਅਕਤੀਤਵ ਦੇ ਮਾਧਿਅਮ ਰਾਹੀਂ ਵੇਖੀ ਗਈ ਵਿਸ਼ੇਸ਼ ਥਾਂ (ਦੇਸ਼ ਤੇ ਕੋਈ ਭੂ-ਖੰਡ ਆਦਿ) ਦੀ ਸਮੁੱਚੀ ਜੀਵਨ ਪੱਧਤੀ ਨੂੰ 'ਸੁਹਜਾਤਮਿਕ` ਰੂਪ ਵਿਚ ਪੇਸ਼ ਕਰਦਾ ਹੈ। ਇਸ ਤੋਂ ਬਾਅਦ ਕੁੱਝ ਪੜਾਅ ਜਿਨ੍ਹਾਂ ਰਾਹੀਂ ਸਫ਼ਰਨਾਮੇ ਦੀ ਰਚਨਾ ਹੋਈ ਹੈ ਨਿਬੰਧ ਜੀਵਨੀ ਅਤੇ ਸਵੈ ਜੀਵਨੀ ਵਾਂਗ ਸਫ਼ਰਨਾਮਾ ਵੀ ਅਜਿਹਾ ਵਾਰਤਕ ਰੂਪ ਹੈ ਜਿਸ ਨੇ ਕਾਫ਼ੀ ਵਿਕਾਸ ਕੀਤਾ ਹੈ ਆਕਾਰ ਪੱਖੋਂ ਇਹ ਸਵੈ ਜੀਵਨੀ ਜਿੰਨਾ ਹੀ ਲੰਬਾ ਤੇ ਵਿਸਤਰਿਤ ਹੁੰਦਾ ਹੈ ਪੰਜਾਬੀ ਵਿਚ ਸਫ਼ਰਨਾਮਾ ਲਿਖਣ ਦੀ ਸ਼ੁਰੂਆਤ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਹੀ ਹੋ ਗਈ ਸੀ ਕਈ ਵਿਦਵਾਨਾਂ ਨੇ ਤਾਂ ਪੰਜਾਬੀ ਸਫ਼ਰਨਾਮੇ ਦਾ ਮੁੱਢ ਵੀਹਵੀਂ ਸਦੀ ਦੇ ਮੁੱਢ ਤੋਂ ਹੀ ਮੰਨਿਆ ਹੈ ਇਉਂ ਵਾਰਤਕ ਦੇ ਦੂਸਰੇ ਰੂਪਾਂ ਦੇ ਮੁਕਾਬਲੇ ਪੰਜਾਬੀ ਸਫ਼ਰਨਾਮੇ ਦਾ ਜਨਮ ਨਿਬੰਧ ਦੇ ਨਾਲ ਹੀ ਹੋ ਗਿਆ ਸੀ ਪੰਜਾਬੀ ਚ ਸਫ਼ਰਨਾਮੇ ਦੀ ਮੁੱਢ ਸਬੰਧੀ ਵਿਦਵਾਨਾਂ ਵਿਚ ਇੱਕ ਰਾਏ ਨਹੀਂ ਹੈ ਕਈ ਵਿਦਵਾਨ ਸਫ਼ਰਨਾਮੇ ਦਾ ਆਰੰਭ ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮੇ ਮੇਰਾ ਵਲਾਇਤੀ ਸਫ਼ਰਨਾਮਾ ਤੋਂ ਮੰਨਦੇ ਹਨ ਪਰ ਕਈ ਵਿਦਵਾਨ ਅਜਿਹੇ ਹਨ ਜੋ ਸਫ਼ਰਨਾਮੇ ਦੇ ਇਤਿਹਾਸ ਨੂੰ ਕਾਨ੍ਹ ਸਿੰਘ ਨਾਭਾ ਦੇ ਸਫ਼ਰਨਾਮਿਆਂ ਤਕ ਲੈ ਜਾਂਦੇ ਹਨ ਕਈ ਐਸੇ ਵਿਦਵਾਨ ਵੀ ਹਨ ਜੋ ਕਿਸੇ ਅਗਿਆਤ ਛਾਈ ਮਿਸ਼ਨਰੀ ਵੱਲੋਂ ਲਿਖੀ 'ਏਸ਼ੀਆ ਦੀ ਸੈਲ' ਨੂੰ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਮੰਨਦੇ ਹਨ ਪਰ ਬਹੁਗਿਣਤੀ ਵਿਦਵਾਨ ਲਾਲ ਸਿੰਘ ਕਮਲਾ ਅਕਾਲੀ ਦੀ ਸਫ਼ਰਨਾਮੇ ਨੂੰ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਸਵੀਕਾਰ ਕਰਦੇ ਹਨ ਸਤਿੰਦਰ ਸਿੰਘ ਨੇ ਸਫ਼ਰਨਾਮੇ ਦੇ ਇਤਿਹਾਸ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ

**ੳ.1898 ਤੋਂ 1930 ਈ. ਤੱਕ ਪਹਿਲਾ ਪੜਾਅ:**

ਪਹਿਲੇ ਪੜਾਅ ਦੇ ਸਫਰਨਾਮਿਆਂ ਵਿਚ ਈਸਾਈ ਮਿਸ਼ਨਰੀਆਂ ਵੱਲੋਂ ਲਿਖੇ ਸਫਰਨਾਮੇ ਏਸ਼ੀਆਂ ਦੀ ਸੈਲ ਦਾ ਮਹੱਤਵਪੂਰਨ ਸਥਾਨ ਹੈ। ਇਸ ਨੂੰ ਕਈ ਵਿਦਵਾਨ ਪੰਜਾਬੀ ਦਾ ਪਹਿਲਾ ਸਫਰਨਾਮਾ ਮੰਨਦੇ ਹਨ। ਇਸ ਸਫਰਨਾਮਾ-ਨੁਮਾ ਲਿਖਤ ਤੋਂ ਬਾਅਦ ਭਾਈ ਕਾਨ੍ਹ ਸਿੰਘ ਨਾਭਾ ਦੇ ਤਿੰਨ ਸਫਰਨਾਮੇ ਲਿਖੇ ਗਏ ਹਨ। ਇਨ੍ਹਾਂ ਵਿਚ ਪਹਾੜੀ ਰਿਆਸਤਾਂ ਦਾ ਸਫਰ (1906) ਵਲਾਇਤ ਦਾ ਸਫਰਨਾਮਾ (1907) ਵਲਾਇਤ ਦਾ ਦੂਸਰਾ ਸਫਰਨਾਮਾ (1908) ਸ਼ਾਮਿਲ ਹਨ। ਇਸ ਕਾਲਖੰਡ ਦੇ ਹੋਰ ਸਫਰਨਾਮਿਆ ਵਿਚ ਬੇਸ਼ੱਕ ਸੂਰਜ ਸਿੰਘ ਦਾ ਬਰਮਾ ਦੀ ਸੈਰ (1908) ਜੀਵਨ ਸਿੰਘ ਸੇਵਕ ਦਾ ਜਾਪਾਨ ਦੀ ਝਾਕੀ (1911) ਰਘਬੀਰ ਸਿੰਘ ਕੋਇਟਾ ਦਾ ਅਮਰੀਕਾ ਦੀ ਸੈਰ (1914) ਸੁੰਦਰ ਸਿੰਘ ਨਰੂਲਾ ਦਾ ਕਸਮੀਰ ਰਿਆਸਤ ਦਾ ਸਫਰ (1925) ਆਦਿ ਇਸ ਸਮੇਂ ਦੇ ਸਫਰਨਾਮੇ ਗੁਣਾਤਮਕ ਪੱਖ ਤੋਂ ਬਹੁਤ ਹੀ ਮਹੱਤਵਪੂਰਨ ਸਨ।

**ਅ. 1931 ਤੋਂ 1947 ਈ. ਤੱਕ ਦੂਜਾ ਪੜਾਅ:**

ਪੰਜਾਬੀ ਸਫ਼ਰਨਾਮੇ ਦਾ ਵਾਸਤਵਿਕ ਵਿਕਾਸ ਦੂਸਰੇ ਪੜਾਅ ਉੱਤੇ ਹੁੰਦਾ ਹੈ ਇਸ ਦੌਰ ਵਿੱਚ ਲਾਲ ਸਿੰਘ ਕਮਲਾ ਅਕਾਲੀ ਦਾ 1931 ਵਿੱਚ ਪ੍ਰਕਾਸ਼ਿਤ ਹੋਇਆ 'ਮੇਰਾ ਵਲਾਇਤੀ ਸਫ਼ਰਨਾਮਾ' ਬਹੁਤ ਮਹੱਤਵਪੂਰਨ ਹੈ ਇਸ ਨੂੰ ਪੰਜਾਬੀ ਦਾ ਪਹਿਲਾ ਸਫ਼ਰਨਾਮਾ ਮੰਨਿਆ ਹੈ ਕਮਲਾ ਅਕਾਲੀ ਵੀ ਅਜਿਹਾ ਲੇਖਕ ਹੈ ਜਿਸ ਨੇ ਭਾਈ ਕਾਨ੍ਹ ਸਿੰਘ ਨਾਭਾ ਵਾਂਗ ਕਈ ਸਫਰਨਾਮੇ ਲਿਖੇ ਹਨ ਸਹੀ ਅਰਥਾਂ ਵਿੱਚ ਪੰਜਾਬੀ ਸਫ਼ਰਨਾਮੇ ਦਾ ਮੁੱਢ ਇਸ ਸਫ਼ਰਨਾਮੇ ਨਾਲ ਹੀ ਬੱਝਦਾ ਹੈ ਇਸ ਸਮੇਂ ਸਫ਼ਰਨਾਮਿਆਂ ਦੀ ਸ਼ੈਲੀ ਬੜੀ ਰੌਚਕ ਸੀ ਇਸ ਪੜਾਅ ਤੇ ਦੂਸਰੇ ਅੰਤਰਦੇਸ਼ੀ ਸਫ਼ਰਨਾਮਿਆਂ ਵਿੱਚ ਕਰਮ ਸਿੰਘ ਦਾ ਅਮਰੀਕਾ ਦਾ ਸਫ਼ਰਨਾਮਾ, ਹੀਰਾ ਸਿੰਘ ਦਰਦ ਦਾ ਅੱਖੀਂ ਡਿੱਠਾ ਰੂਸ, ਤਾਰਾ ਸਿੰਘ ਦਾ ਫਰਾਂਸ ਦੀਆਂ ਰਾਤਾਂ ਵਰਨਣਯੋਗ ਹਨ ਕੁੱਲ ਮਿਲਾ ਕੇ ਕੁਝ ਸਫ਼ਰਨਾਮਿਆਂ ਨੂੰ ਛੱਡ ਕੇ ਇਸ ਪੜਾਅ ਦੇ ਸਫ਼ਰਨਾਮੇ ਸਫ਼ਰਨਾਮਾ ਸਾਹਿਤ ਵਿਚ ਗੁਣਾਤਮਕ ਵਾਧੇ ਦੀ ਥਾਂ ਗਿਣਾਤਮਕ ਵਾਧਾ ਹੀ ਕਰਦੇ ਹਨ।

**ੲ. 1948 ਤੋਂ 1975 ਈ. ਤੱਕ ਤੀਜਾ ਪੜਾਅ:**

ਤੀਸਰੇ ਪੜਾਅ ਉੱਤੇ ਪਹੁੰਚ ਕੇ ਪੰਜਾਬੀ ਦਾ ਸਫ਼ਰਨਾਮਾ ਸਾਹਿਤ ਹੋਰ ਵਿਕਾਸ ਕਰਦਾ ਹੈ ਇਸ ਅਵਸਥਾ ਉੱਤੇ ਸਫ਼ਰਨਾਮਿਆਂ ਦੀ ਗਿਣਤੀ ਲਗਪਗ 45 ਦੇ ਕਰੀਬ ਵਾਧਾ ਕਰਦੀ ਹੈ ਇਸ ਪੜਾਅ ਉੱਤੇ ਵੀ ਅੰਤਰਦੇਸੀ ਸਫ਼ਰਨਾਮੇ ਦੇ ਨਾਲ ਨਾਲ ਅੰਤਰ ਦੇਸੀ ਸਫਰਨਾਮੇ ਵੀ ਲਿਖੇ ਗਏ ਇਸ ਕਾਲਖੰਡ ਵਿਚ ਕੁਝ ਇਸਤਰੀ ਲੇਖਕਾਵਾਂ ਨੇ ਸਫ਼ਰਨਾਮੇ ਦੀ ਰਚਨਾ ਕੀਤੀ ਇਸ ਪੜਾਅ ਉੱਤੇ ਸਫ਼ਰਨਾਮੇ ਦੀ ਵਿਕਾਸ ਦੇ ਦੋ ਮਹੱਤਵਪੂਰਨ ਕਾਰਨ ਸਨ ਪਹਿਲਾ ਕਾਰਨ ਇਹ ਸੀ ਕਿ ਭਾਰਤ ਦੀ ਆਜ਼ਾਦੀ ਤੋਂ ਬਾਅਦ ਪੱਛਮੀ ਦੇਸ਼ਾਂ ਨੇ ਭਾਰਤ ਪ੍ਰਤੀ ਆਪਣੀ ਵਿਦੇਸ਼ੀ ਨੀਤੀ ਵਿੱਚ ਬਦਲਾਅ ਲਿਆਂਦਾ ਇਸੇ ਦੇ ਫਲਸਰੂਪ ਭਾਰਤ ਵਿਚ ਬਹੁਤ ਸਾਰੇ ਲੋਕ ਦੂਸਰੇ ਦੇਸ਼ਾਂ ਵਿਚ ਗਏ। ਦੂਸਰਾ ਕਾਰਨ ਇਹ ਸੀ ਕਿ ਪਾਕਿਸਤਾਨ ਅਤੇ ਰੂਸ ਪ੍ਰਤੀ ਪੰਜਾਬੀ ਲੇਖਕਾਂ ਵਿੱਚ ਭਾਵੁਕਤਾ ਤੇ ਸ਼ਰਧਾ ਸੀ ਬਹੁਤ ਸਾਰੇ ਲੇਖਕਾਂ ਦੀ ਜਨਮ ਭੂਮੀ ਪੱਛਮੀ ਪੰਜਾਬ ਸੀ ਇਸ ਦੇ ਨਤੀਜੇ ਵਜੋਂ ਉਹ ਪਾਕਿਸਤਾਨੀ ਪੰਜਾਬ ਵਿੱਚ ਜਾਣ ਦੇ ਇੱਛੁਕ ਸਨ ਇਸ ਇੱਛਾ ਦਾ ਤੀਬਰ ਪ੍ਰਗਟਾਵਾ ਬਲਰਾਜ ਸਾਹਨੀ ਤੇ ਪਾਕਿਸਤਾਨੀ ਸਫ਼ਰਨਾਮੇ ਵਿਚੋਂ ਝਲਕਦਾ ਦਿਸਦਾ ਹੈ

**ਸ.1976 ਤੋਂ ਹੁਣ ਤੱਕ ਚੋਥਾ ਪੜਾਅ**

ਚੌਥਾ ਪੜਾਅ ਵੀਹਵੀਂ ਸਦੀ ਦੇ ਅੰਤਮ ਚੌਥਾਈ ਵਿੱਚ ਗਿਣਤੀ ਪੱਖੋਂ ਸਭ ਤੋਂ ਵਧੇਰੇ ਸਫ਼ਰਨਾਮੇ ਲਿਖੇ ਗਏ ਇਸ ਕਾਲਖੰਡ ਵਿਚ ਸੌ ਤੋਂ ਵੱਧ ਸਫ਼ਰਨਾਮਿਆਂ ਦੀ ਰਚਨਾ ਹੋਈ ਮਿਲਦੀ ਹੈ ਪਿਛਲੇ ਸਫ਼ਰਨਾਮਾਕਾਰਾਂ ਵਿੱਚੋਂ ਪਿਆਰਾ ਸਿੰਘ ਦਾਤਾ ਐੱਸ ਐੱਸ ਅਮੋਲ ਤ੍ਰਲੋਚਨ ਸਿੰਘ ਗਿੱਲ ਆਦਿ ਨਾਮ ਵਰਨਣਯੋਗ ਹਨ ਗੁਣਾਤਮਕ ਪੱਖੋਂ ਤਾਂ ਸਫ਼ਰਨਾਮਾ ਲਿਖਣ ਵਿਚ ਕਹਾਣੀ ਸੰਤੋਖ ਸਿੰਘ ਧੀਰ ਦੇ ਸਫ਼ਰਨਾਮੇ 'ਮੇਰੀ ਇੰਗਲੈਂਡ ਯਾਤਰਾ' ਹਰਭਜਨ ਸਿੰਘ 'ਨਿਰਭਉ ਨਿਰਵੈਰ' ਹਰਭਜਨ ਹਲਵਾਰਵੀ 'ਚੀਨ ਵਿੱਚ ਕੁਝ ਦਿਨ' 'ਯਾਦਾਂ ਮਿੱਤਰ ਦੇਸ਼ ਦੀਆਂ' ਪੰਜਾਬੀ ਸਫ਼ਰਨਾਮੇ ਦੇ ਇਸ ਪੜਾਅ ਉੱਤੇ ਕੁਝ ਧਾਰਮਿਕ ਕਿਸਮ ਦੀਆਂ ਯਾਤਰਾਵਾਂ ਨਾਲ ਸਬੰਧਤ ਸਫ਼ਰਨਾਮੇ ਵੀ ਲਿਖੇ ਗਏ ਜਿਨ੍ਹਾਂ ਵਿੱਚੋਂ ਕੁਲਵੰਤ ਸਿੰਘ ਖੋਖਰ ਦਾ 'ਦਰਸ਼ਨ ਸੱਚਖੰਡ ਸ੍ਰੀ ਹੇਮਕੁੰਟ' ਸਵਰਨ ਸਿੰਘ ਦਾ 'ਨਾਵਣ ਚਲੇ ਤੀਰਥੀ' 'ਸ਼੍ਰੋਮਣੀ ਗੁਰਦੁਆਰਿਆਂ ਦੇ ਦਰਸ਼ਨ' 'ਯਾਤਰਾ ਸ੍ਰੀ ਆਨੰਦਪੁਰ ਸਾਹਿਬ' ਆਦਿ ਪੰਜਾਬੀ ਸਫ਼ਰਨਾਮੇ ਵਿੱਚ ਇਸ ਪੜਾਅ ਉੱਤੇ ਇਕ ਹੋਰ ਤਬਦੀਲੀ ਵਾਪਰਦੀ ਹੈ ਪਹਿਲਾ ਪੰਜਾਬੀ ਲੇਖਕ ਦੂਸਰੇ ਅਤੇ ਬਿਗਾਨੇ ਮੁਲਕਾਂ ਸਬੰਧੀ ਲਿਖਦੇ ਸਨ ਪਰ ਇਸ ਪੜਾਅ ਉੱਤੇ ਪਹੁੰਚ ਕੇ ਪਰਵਾਸੀ ਪੰਜਾਬੀ ਲੇਖਕ ਜੋ ਵਿਭਿੰਨ ਪੱਛਮੀ ਮੁਲਕਾਂ ਵਿੱਚ ਵਸੇ ਹਨ ਉਹ ਭਾਰਤ ਜਾਂ ਪੰਜਾਬ ਫੇਰੀ ਨੂੰ ਆਪਣੇ ਸਫ਼ਰਨਾਮੇ ਵਿੱਚ ਬਿਆਨਦਿਆਂ ਇਸ ਕਿਸਮ ਦੇ ਸਫ਼ਰਨਾਮਿਆਂ ਵਿੱਚ ਸਵਰਨ ਚੰਦਨ ਦਾ ਆਪਣੀ ਆਪਣੀ ਧਰਤੀ ਉਸ ਦੀ ਪੰਜਾਬ ਫੇਰੀ ਨਾਲ ਸਬੰਧਤ ਹੈ।

ਵੱਖ ਵੱਖ ਵਿਦਵਾਨਾਂ ਨੇ ਸਫ਼ਰਨਾਮੇ ਦੇ ਕੁਝ ਤੱਤਾਂ ਦੀ ਕਲਪਨਾ ਕੀਤੀ ਹੈ ਜਿਨ੍ਹਾਂ ਵਿਚੋਂ ਹੇਠ ਲਿਖੇ ਪ੍ਰਮੁੱਖ ਤੱਤ ਹਨ **ਭੂਗੋਲਿਕਤਾ** : ਯਾਤਰਾ ਦਾ ਸੰਬੰਧ ਭੂਗੋਲ ਨਾਲੇ ਯਾਤਰੀ ਨੂੰ ਇੱਕ ਭੂਗੋਲਿਕ ਇਕਾਈ ਤੋਂ ਦੂਜੀ ਭੂਗੋਲ ਇੱਕ ਇਕਾਈ ਵਿੱਚ ਪ੍ਰਵੇਸ਼ ਕਰਨਾ ਹੁੰਦੈ ਉਸ ਖਿੱਤੇ ਦੀ ਹੋ ਸਕਦਾ ਹੈ ਉਸ ਨੂੰ ਪਹਿਲਾਂ ਕੁਝ ਜਾਣਕਾਰੀ ਪ੍ਰਾਪਤ ਹੋਵੇ ਇਸ ਕਰਕੇ ਭੂਗੋਲਿਕ ਤੱਤਾਂ ਦਾ ਹੋਣਾ ਸਫ਼ਰਨਾਮੇ ਵਿੱਚ ਜ਼ਰੂਰੀ ਹੈ ।

**ਸ਼ਖ਼ਸੀਅਤ**: ਸਫ਼ਰਨਾਮੇ ਦਾ ਮਹੱਤਵ ਲੇਖਕ ਦੀ ਸ਼ਖ਼ਸੀਅਤ ਉੱਤੇ ਨਿਰਭਰ ਕਰਦਾ ਹੈ ਸਫ਼ਰਨਾਮੇ ਦੀ ਲੇਖਕ ਲਈ ਬੁੱਧੀਮਾਨ ਅਤੇ ਗਿਆਨਵਾਨ ਹੋਣਾ ਅਤਿ ਜ਼ਰੂਰੀ ਹੈ ਉਸ ਦੀ ਜਾਣਕਾਰੀ ਵੀ ਕਾਫ਼ੀ ਵਿਸ਼ਾਲ ਹੋਣੀ ਚਾਹੀਦੀ ਹੈ ਤੇ ਉਸ ਨੂੰ ਭੂਗੋਲ ਇਤਿਹਾਸ ਸੱਭਿਆਚਾਰ ਵਿਗਿਆਨ ਸਾਹਿਤ ਅਤੇ ਹੋਰ ਕਲਾਵਾਂ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ । **ਸਾਹਿਤਕਤਾ** : ਸਾਹਿਤਿਕਤਾ ਤੋਂ ਭਾਵ ਹੈ ਉਸ ਵਿੱਚ ਵਰਤੀ ਭਾਸ਼ਾ ਸ਼ੈਲੀ ਅਤੇ ਹੋਰ ਕਲਾਤਮਕ ਜੁਗਤਾਂ ਆਦਿ। **ਸਿਰਜਣ ਵਿਧੀਆਂ** : ਸਫ਼ਰਨਾਮਾ ਲਿਖਣ ਦੀਆਂ ਕਈ ਵਿਧੀਆਂ ਹੁੰਦੀਆਂ ਹਨ ਜੋ ਵੱਖ ਵੱਖ ਲੇਖਕ ਆਪਣੀ ਸੋਚ ਅਤੇ ਸੁਵਿਧਾ ਅਨੁਸਾਰ ਵਰਤੋਂ ਵਿੱਚ ਲਿਆਉਂਦੇ ਹਨ ਇਨ੍ਹਾਂ ਵਿੱਚੋਂ ਪਹਿਲਾ ਢੰਗ ਹੈ ਡਾਇਰੀ ਵਾਲਾ ਜਦੋਂ ਦੂਸਰਾ ਢੰਗ ਲੇਖਕ ਯਾਤਰਾ ਤੇ ਜਾਂਦਾ , ਆਪਣੀ ਕੋਲ ਡਾਇਰੀ ਰੱਖਦਾ ਏ ਰੋਜ਼ ਅਨੁਭਵਾਂ ਨੂੰ ਇਕ ਲਿਖਤੀ ਰੂਪ ਦਿੰਦਾ ਹੈ ।

ਪੰਜਾਬੀ ਦੇ ਮੱਧਕਾਲੀ ਸਾਹਿਤ ਵਿਚ ਸਫ਼ਰਨਾਮੇ ਦਾ ਵਿਕਾਸ ਇੱਕ ਸੁਤੰਤਰ ਸਾਹਿੱਤਿਕ ਰੂਪ ਵਜੋਂ ਨਹੀਂ ਹੋਇਆ ਸਗੋਂ ਇਹ ਦੂਜੇ ਸਾਹਿੱਤਿਕ ਰੂਪਾਂ ਦਾ ਹੀ ਇੱਕ ਅੰਗ ਹੁੰਦਾ ਸੀ। ਪੰਜਾਬੀ ਸਫ਼ਰਨਾਮਾ ਸਾਹਿਤ ਵਿਚ ਇਹ ਰੂਪ ਪੱਛਮੀ ਸਾਹਿਤ ਦੇ ਵਿਸ਼ੇਸ਼ ਰੂਪ ਨੂੰ ਅਪਣਾਉਣ ਕਰਕੇ ਹੋਂਦ ਵਿਚ ਆਇਆ। ਪੰਜਾਬੀ ਸਾਹਿਤ ਵਿਚ ਸਫ਼ਰਨਾਮਾ ਸਾਹਿਤ ਦੀ ਪਰੰਪਰਾ ਬਹੁਤੀ ਪੁਰਾਣੀ ਨਹੀਂ ਹੈ। ਇਹ ਵੀਹਵੀਂ ਸਦੀ ਦੀ ਦੇਣ ਹੈ ਤੇ ਇਹ ਇਸ ਸਦੀ ਦੇ ਮੁੱਢ ਵਿਚ ਸ਼ੁਰੂ ਹੋਈ, ਪ੍ਰੰਤੂ ਬੀਜ ਰੂਪ ਵਿਚ ਸਫ਼ਰਨਾਮਾ ਸਾਹਿਤ ਦੇ ਕੁੱਝ ਅੰਸ਼ ਜਨਮ ਸਾਖੀ ਸਾਹਿਤ ਅਤੇ ਕੁੱਝ ਹੋਰ ਪੋਥੀਆਂ ਵਿਚ ਮਿਲਦੇ ਹਨ। ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਬ੍ਰਿਤਾਂਤ ਵੱਖ-ਵੱਖ ਜਨਮ ਸਾਖੀਆਂ ਵਿਚ ਅੰਕਿਤ ਕੀਤਾ ਗਿਆ ਹੈ। ਭਾਈ ਗੁਰਦਾਸ ਦੀ 'ਪਹਿਲੀ ਵਾਰ' ਵਿਚ ਗੁਰੂ ਜੀ ਦੀਆਂ ਉਦਾਸੀਆਂ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਨਾਨਕ ਜੀ ਤੋਂ ਪਿੱਛੋਂ ਗੁਰੂ ਤੇਗ਼ ਬਹਾਦਰ ਜੀ ਦੀਆਂ ਯਾਤਰਾਵਾਂ ਦੇ ਵੇਰਵੇ 'ਮਾਲਵਾ ਦੇਸ਼ ਦਾ ਰਟਨ ਸਾਖੀ ਪੋਥੀ' ਵਿਚ ਮਿਲਦੇ ਹਨ ਜੋ ਕਿ 19ਵੀਂ ਸਦੀ ਦੇ ਅੰਤ ਦੀ ਰਚਨਾ ਹੈ। ਗੁਰਪ੍ਰਤਾਪ ਸੂਰਜ ਗ੍ਰੰਥ, ਗੁਰੂ ਤੀਰਥ ਸੰਗ੍ਰਹਿ ਅਤੇ ਕੁੱਝ ਹੋਰ ਧਾਰਮਿਕ ਪੋਥੀਆਂ ਵਿਚ ਵੀ ਗੁਰੂ ਸਾਹਿਬਾਨ ਦੀਆਂ ਯਾਤਰਾਵਾਂ ਦੇ ਵੇਰਵੇ ਦਿੱਤੇ ਗਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਦੂਰ-ਦੂਰ ਤੱਕ ਦੇ ਪ੍ਰਦੇਸ਼ਾਂ ਦੀ ਯਾਤਰਾ ਕੀਤੀ ਜਿਨ੍ਹਾਂ ਦਾ ਵੇਰਵਾ ਕਲਗ਼ੀਧਰ ਚਮਤਕਾਰ, ਸਫ਼ਰਨਾਮਾ ਅਤੇ ਜ਼ਫ਼ਰਨਾਮਾ ਵਿਚ ਅੰਕਿਤ ਹੈ। ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਪੰਜਾਬੀ ਦੇ ਮੁੱਢਲੇ ਸਾਹਿੱਤਿਕ ਸਫ਼ਰਨਾਮੇ ਹਨ। ਇਸ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਸਫ਼ਰਨਾਮਾ ਸਾਹਿਤ ਦਾ ਬੀਜ ਪੁਰਾਤਨ ਸਾਹਿਤ ਵਿਚ ਵਿਦਮਾਨ ਸੀ। ਪ੍ਰੰਤੂ ਵਿਧੀਵਤ ਢੰਗ ਨਾਲ ਇਹ 20ਵੀਂ ਸਦੀ ਵਿਚ ਹੋਂਦ ਵਿਚ ਆਇਆ। ਪੰਜਾਬੀ ਸਾਹਿਤ ਵਿਚ ਪੰਜਾਬੀ ਦੇ ਪਹਿਲੇ ਸਫ਼ਰਨਾਮਾ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਪੰਜਾਬੀ ਸਫ਼ਰਨਾਮੇ ਦੇ ਪਹਿਲੀ ਪੁਸਤਕ ਦੇ ਰੂਪ ਵਿਚ ਮੁੱਢਲੀ ਕੋਸ਼ਿਸ਼ ਕਿਸੇ ਅਗਿਆਤ ਈਸਾਈ ਮਿਸ਼ਨਰੀ ਵੱਲੋਂ ਲਿਖੀ 'ਏਸ਼ੀਆ ਦੀ ਸੈਲ' (1898) ਨੂੰ ਮੰਨਿਆ ਹੈ। ਪੁਸਤਕ ਦੇ ਸਿਰਲੇਖ ਵਿਚਲੇ 'ਸੈਲ' ਸ਼ਬਦ ਤੋਂ ਕਈ ਵਿਦਵਾਨਾਂ ਨੇ ਇਸ ਨੂੰ ਸਫ਼ਰਨਾਮਿਆਂ ਦੀ ਕੋਟੀ ਵਿਚ ਰੱਖਿਆ ਹੈ, ਪ੍ਰੰਤੂ ਇਹ ਕੋਈ ਸੈਲ ਜਾਂ ਯਾਤਰਾ ਨਹੀਂ ਕਿਉਂਕਿ ਘਰ ਬੈਠ ਕੇ ਕੀਤੀ ਗਈ ਰਚਨਾ ਹੈ ਇਸ ਲਈ ਇਸ ਨੂੰ ਪਹਿਲਾ ਸਫ਼ਰਨਾਮਾ ਨਹੀਂ ਮੰਨਿਆ ਜਾ ਸਕਦਾ। ਕੁੱਝ ਵਿਦਵਾਨ ਪੰਜਾਬੀ ਸਫ਼ਰਨਾਮੇ ਦਾ ਆਰੰਭ ਭਾਈ ਕਾਨ੍ਹ ਸਿੰਘ ਨਾਭਾ ਅਤੇ ਕੁੱਝ ਲਾਲ ਸਿੰਘ ਕਮਲਾ ਅਕਾਲੀ ਦੇ ਮੇਰਾ ਵਲਾਇਤੀ ਸਫ਼ਰਨਾਮਾ ਤੋਂ ਮੰਨਦੇ ਹਨ। ਇਸ ਸੰਬੰਧੀ ਕੁੱਝ ਵਿਦਵਾਨਾਂ ਦੇ ਵਿਚਾਰ ਹੇਠ ਲਿਖੇ ਅਨੁਸਾਰ ਹਨ। ਡਾ. ਗੋਬਿੰਦ ਸਿੰਘ ਲਾਂਬਾ ਅਨੁਸਾਰ: "ਵਾਰਤਕ ਵਿਚ ਪੰਜਾਬੀ ਸਫ਼ਰਨਾਮੇ ਦਾ ਮੁੱਢ ਲਾਲ ਸਿੰਘ ਕਮਲਾ ਅਕਾਲੀ ਦੇ ਮੇਰਾ ਵਲਾਇਤੀ ਸਫ਼ਰਨਾਮਾ ਤੋਂ ਬੱਝਿਆ ਮੰਨਿਆ ਜਾਂਦਾ ਹੈ" ਪਰ ਇਹ ਗੱਲ ਠੀਕ ਨਹੀਂ। ਭਾਵੇਂ ਪ੍ਰਕਾਸ਼ਿਤ ਰੂਪ ਵਿਚ ਇਹੋ ਸਫ਼ਰਨਾਮਾ ਪਾਠਕਾਂ ਦੇ ਸਾਹਮਣੇ ਆਇਆ, ਇਹ ਸਫ਼ਰਨਾਮਾ 1927 ਵਿਚ ਲਿਖਿਆ ਗਿਆ ਪ੍ਰੰਤੂ ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ, ਜੋ 1907-1908 ਈ. ਵਿਚ ਵਲੈਭ ਰਾਏ ਤੇ ਉਸ ਤੋਂ ਪਹਿਲਾਂ ਬਾਈਧਾਰ ਦੀਆਂ ਪਹਾੜੀ ਰਿਆਸਤਾਂ ਤੋਂ ਕਾਬਲ ਆਦਿ ਥਾਵਾਂ ਦੀ ਯਾਤਰਾ ਕੀਤੀ, ਨੇ ਵੀ ਚਾਰ ਸਫ਼ਰਨਾਮੇ ਉਦੋਂ ਹੀ ਲਿਖੇ। ਡਾ. ਰਛਪਾਲ ਕੌਰ ਅਨੁਸਾਰ: ਮੇਰੇ ਵਿਚਾਰ ਅਨੁਸਾਰ ਇਹ ਕਿਸੇ ਪੰਜਾਬੀ ਲੇਖਕ ਦੇ ਲਿਖੇ ਹੋਏ ਪਹਿਲੇ ਸਫ਼ਰਨਾਮੇ ਹਨ ਜਿਸ ਵਿਚ ਬਿਆਨ ਉੱਤਮ ਪੁਰਖ ਵਿਚ ਹੈ, ਕਿਉਂ ਜੋ ਕਰਤਾ ਆਪ ਪੱਤਰਾਂ ਰਾਹੀਂ ਯਾਤਰਾ ਸਥਾਨਾਂ ਦੇ ਸਮਾਚਾਰਾਂ ਦੇ ਵੇਰਵਿਆਂ ਦਾ ਉੱਤਮ ਪੁਰਖੀ ਵਰਣਨ ਤੇ ਬਿਰਤਾਂਤ ਦੇ ਰਿਹਾ ਹੈ। ਇਸ ਦਾ ਰਚਨਾ ਕਾਲ ਵੀਹਵੀਂ ਸਦੀ ਦਾ ਪਹਿਲਾ ਦਹਾਕਾ ਹੈ। ਇਹਨਾਂ ਵਿਦਵਾਨਾਂ ਦੇ ਅਨੁਸਾਰ ਭਾਈ ਕਾਨ੍ਹ ਸਿੰਘ ਨਾਭਾ ਤੋਂ ਪੰਜਾਬੀ ਸਫ਼ਰਨਾਮੇ ਦਾ ਆਰੰਭ ਮੰਨਿਆ ਗਿਆ ਹੈ। ਤੇ ਪਹਿਲਾ ਸਫ਼ਰਨਾਮਾ 'ਪਹਾੜੀ ਰਿਆਸਤ ਦਾ ਸਫ਼ਰਨਾਮਾ' (1906) ਹੈ। ਸਤਿੰਦਰ ਸਿੰਘ ਅਨੁਸਾਰ: ਮੇਰਾ ਵਲਾਇਤੀ ਸਫ਼ਰਨਾਮਾ ਰਚਿਤ ਲਾਲ ਸਿੰਘ ਕਮਲਾ ਅਕਾਲੀ ਪੰਜਾਬੀ ਦਾ ਪਹਿਲਾ ਮਿਆਰੀ ਸਫ਼ਰਨਾਮਾ ਹੈ। ਡਾ.ਜਸਵਿੰਦਰ ਸਿੰਘ ਤੇ ਮਾਨ ਸਿੰਘ ਢੀਂਡਸਾ ਅਨੁਸਾਰ: ਪੰਜਾਬੀ ਵਾਰਤਕ ਵਿਚ ਸਫ਼ਰਨਾਮੇ ਦਾ ਆਰੰਭ ਲਾਲ ਸਿੰਘ ਕਮਲਾ ਅਕਾਲੀ ਦੇ 'ਮੇਰਾ ਵਲਾਇਤੀ ਸਫ਼ਰਨਾਮਾ' ਤੋ ਮੰਨਦੇ ਹਨ। ਸਭ ਤੋਂ ਵੱਧ ਪ੍ਰਮਾਣਿਤ ਵਿਚਾਰ ਲਾਲ ਸਿੰਘ ਕਮਲਾ ਅਕਾਲੀ ਦੇ 'ਮੇਰਾ ਵਲਾਇਤੀ ਸਫ਼ਰਨਾਮਾ' ਨਾਲ ਹਨ। ਲਾਲ ਸਿੰਘ ਕਮਲਾ ਅਕਾਲੀ ਦਾ ਮੇਰਾ ਵਲਾਇਤੀ ਸਫ਼ਰਨਾਮਾ ਜੋ ਕਿ 1927 ਤੋਂ 1929 ਤੱਕ ਕਿਸ਼ਤਾਂ ਵਿਚ ਮੈਗਜ਼ੀਨ ਵਿਚ ਛਪਦਾ ਰਿਹਾ ਅਤੇ 1931 ਵਿਚ ਸੰਪੂਰਨ ਰੂਪ 'ਚ ਪ੍ਰਕਾਸ਼ਿਤ ਹੋ ਕੇ ਸਾਹਮਣੇ ਆਇਆ। ਜਦਕਿ ਭਾਈ ਕਾਨ੍ਹ ਸਿੰਘ ਨਾਭਾ ਨੇ

1906 ਈ. ਵਿਚ 'ਪਹਾੜੀ ਰਿਆਸਤ ਦਾ ਸਫ਼ਰਨਾਮਾ ਲਿਖਿਆ ਜੋਕਿ 1983-84 ਵਿਚ ਹੋਇਆ ਅਤੇ ਭਾਵੇਂ ਕਿ ਇਹ ਚਿੱਠੀ ਰੂਪ ਵਿਚ ਹੈ ਤੇ ਸਫ਼ਰਨਾਮੇ ਦੀ ਵਿਧਾ ਵਿਚ ਨਹੀਂ ਲਿਖਿਆ। ਜਦੋਂ ਚਿੱਠੀ ਰੂਪ ਵਿਚ ਸਫ਼ਰਨਾਮੇ ਦਾ ਜ਼ਿਕਰ ਕੀਤਾ ਜਾਵੇ ਤਾਂ ਇਸ ਨੂੰ ਇੱਕ ਤਰ੍ਹਾਂ ਦਾ ਸਫ਼ਰਨਾਮਾ ਹੀ ਕਿਹਾ ਜਾਵੇਗਾ। ਭਾਵੇਂ ਕਿ ਲਾਲ ਸਿੰਘ ਕਮਲਾ ਅਕਾਲੀ ਦਾ ਸਫ਼ਰਨਾਮਾ ਪਹਿਲਾਂ ਪ੍ਰਕਾਸ਼ਿਤ ਰੂਪ ਵਿਚ ਸਾਹਮਣੇ ਆਉਂਦਾ ਹੈ। ਪ੍ਰੰਤੂ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਸਫ਼ਰਨਾਮੇ ਦੀ ਰਚਨਾ ਚਿੱਠੀ ਰੂਪ ਵਿਚ 1906 ਈ. ਵਿਚ ਕਰ ਦਿੱਤੀ ਸੀ। ਇਸ ਲਈ ਮੇਰੇ ਵਿਚਾਰ ਅਨੁਸਾਰ ਭਾਈ ਕਾਨ੍ਹ ਸਿੰਘ ਨਾਭਾ ਦੇ 'ਪਹਾੜੀ ਰਿਆਸਤ ਦਾ ਸਫ਼ਰਨਾਮੇ` ਨੂੰ ਪੰਜਾਬੀ ਵਾਰਤਕ ਸਾਹਿਤ ਦਾ ਪਹਿਲਾ ਸਫ਼ਰਨਾਮਾ ਮੰਨਿਆ ਜਾਣਾ ਚਾਹੀਦਾ ਹੈ। ਪੰਜਾਬੀ ਵਿਚ ਬਹੁਤ ਸਾਰੇ ਸਫ਼ਰਨਾਮੇ ਲਿਖ ਗਏ ਜਿਨ੍ਹਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਹੈ।

**1) ਪਹਾੜੀ ਰਿਆਸਤ ਦਾ ਸਫ਼ਰਨਾਮਾ:**

ਇਸ ਦੀ ਰਚਨਾ ਭਾਈ ਕਾਨ੍ਹ ਸਿੰਘ ਨਾਭਾ ਨੇ 1906 ਈ. ਵਿਚ ਕੀਤੀ ਅਤੇ ਇਹ ਚਿੱਠੀਆਂ ਦੇ ਰੂਪ ਵਿਚ ਲਿਖਿਆ ਸਫ਼ਰਨਾਮਾ ਹੈ। ਲਘੂ ਰੂਪ ਵਿਚ ਹੋਣ ਦੇ ਬਾਵਜੂਦ ਇਸ ਵਿਚ ਪਹਾੜ ਦੀਆਂ ਹਸੀਨ ਵਾਦੀਆਂ, ਕੁਦਰਤੀ ਨਜ਼ਾਰਿਆਂ, ਤਿਉਹਾਰਾਂ ਆਦਿ ਦੇ ਗਿਆਨ ਨੂੰ ਰੋਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ ਪ੍ਰੰਤੂ ਇਹ 1983 ਵਿਚ ਪ੍ਰਕਾਸ਼ਿਤ ਰੂਪ ਵਿਚ ਸਾਹਮਣੇ ਆਇਆ।

**2) ਵਲਾਇਤ ਦਾ ਸਫ਼ਰਨਾਮਾ:**

ਭਾਈ ਕਾਨ੍ਹ ਸਿੰਘ ਨਾਭਾ ਨੇ ਵਲਾਇਤ ਯਾਤਰਾ ਬਾਰੇ ਦੋ ਸਫ਼ਰਨਾਮੇ 1907 ਈ. ਤੇ 1908 ਵਿਚ ਲਿਖੇ। ਇਨ੍ਹਾਂ ਵਿਚ ਇੰਗਲੈਂਡ ਤੇ ਮਹੱਤਵਪੂਰਨ ਸਥਾਨਾਂ ਦਾ ਯਥਾਰਥਕ ਇਤਿਹਾਸਕ ਵਰਣਨ ਮਿਲਦਾ ਹੈ। ਇਨ੍ਹਾਂ ਵਿਚ ਵੀ ਪੱਤਰ, ਡਾਇਰੀ ਰੂਪ ਦੀ ਵਰਤੋਂ ਕੀਤੀ ਗਈ ਹੈ ਅਤੇ ਪਹਿਲੇ ਸਫ਼ਰਨਾਮੇ ਵਿਚ ਵਧੇਰੇ ਵਿਸਤਾਰ ਅਤੇ ਦੂਜਾ ਸੰਖੇਪ ਹੈ। ਇਹਨਾਂ ਵਿਚ ਅੰਗਰੇਜ਼ੀ ਜੀਵਨ ਤੇ ਸਭਿਆਚਾਰ ਦੇ ਸੰਪਰਕ ਤੋਂ ਉਪਜੇ ਅਨੁਭਵ ਅਤੇ ਪ੍ਰਤੀਕਰਮ ਆਦਿ ਦੀ ਪ੍ਰਭਾਵਸ਼ਾਲੀ ਜਾਣਕਾਰੀ ਮਿਲਦੀ ਹੈ। ਲੇਖਕ ਦੀ ਨੈਤਿਕ, ਅਧਿਆਤਮਕ ਬਿਰਤੀ ਅਤੇ ਸ਼ਰਧਾ ਦਾ ਪ੍ਰਭਾਵ ਥਾਂ-ਥਾਂ `ਤੇ ਮਿਲਦਾ ਹੈ। ਇਹ ਆਪਣੇ ਰਚਨਾ ਕਾਲ ਤੋਂ ਕਾਫ਼ੀ ਬਾਅਦ ਵਿਚ ਪ੍ਰਕਾਸ਼ਿਤ ਹੋਏ।

**3) ਬਰਮ੍ਹਾ ਦੀ ਸੈਰ:**

ਇਸ ਦੀ ਰਚਨਾ ਸੂਰਜ ਸਿੰਘ ਨੇ 1908 ਈ. ਵਿਚ ਕੀਤੀ ਅਤੇ ਇਸ ਵਿਚ ਬਰਮ੍ਹਾ ਦੇ ਸਿੱਖਾਂ ਵਿਚ ਪੰਥ ਪ੍ਰਚਾਰ ਅਤੇ ਲੇਖਕ ਨੇ ਸਫ਼ਰ ਦੌਰਾਨ ਵਾਪਰੀਆਂ ਘਟਨਾਵਾਂ ਅਤੇ ਸਮਾਚਾਰਾਂ ਦਾ ਸੁਚੱਜੇ ਢੰਗ ਨਾਲ ਵੇਰਵਾ ਦਿੱਤਾ ਹੈ।

**4) ਦੁਨੀਆ ਦੀ ਸੈਰ:**

ਗੁਰਬਖ਼ਸ਼ ਸਿੰਘ ਨੌਰੰਗ ਨੇ 1929 ਈ. ਵਿਚ ਇਸ ਸਫ਼ਰਨਾਮੇ ਦੀ ਰਚਨਾ ਕੀਤੀ ਅਤੇ ਇਸ ਵਿਚ ਸੰਸਾਰ ਦੇ ਬਹੁਤੇ ਸਾਰੇ ਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਵਿਸਤ੍ਰਿਤ ਸੈਰ ਦੇ ਆਧਾਰ `ਤੇ ਵੱਖ-ਵੱਖ ਥਾਵਾਂ ਦੀ ਭੂਗੋਲਿਕ ਅਤੇ ਇਤਿਹਾਸਕ ਜਾਣਕਾਰੀ ਦਾ ਜ਼ਿਕਰ ਕੀਤਾ ਗਿਆ ਹੈ।

**5) ਮੇਰਾ ਵਲਾਇਤੀ ਸਫ਼ਰਨਾਮਾ:**

ਲਾਲ ਸਿੰਘ ਕਮਲਾ ਅਕਾਲੀ ਦਾ ਇਹ ਸਫ਼ਰਨਾਮਾ 1931 ਵਿਚ ਪ੍ਰਕਾਸ਼ਿਤ ਰੂਪ ਵਿਚ ਸਾਹਮਣੇ ਆਇਆ। ਇਸ ਤੋਂ ਪਹਿਲਾ ਇਹ 1927 ਤੋਂ 1929 ਦੇ ਸਮੇਂ ਦੌਰਾਨ 'ਫੁਲਵਾੜੀ` ਮਾਸਿਕ ਮੈਗਜ਼ੀਨ ਵਿਚ ਕਿਸ਼ਤਾਂ ਵਿਚ ਛਪਦਾ ਰਿਹਾ। ਇਸ ਰਚਨਾ ਦਾ ਸੰਬੰਧ ਯੂਰਪੀ ਦੇਸ਼ ਇੰਗਲੈਂਡ, ਫਰਾਂਸ, ਜਰਮਨ, ਸਵਿਟਰਜਲੈਂਡ ਆਦਿ ਨਾਲ ਹੈ। ਇਸ ਰਾਹੀਂ ਪੰਜਾਬੀ ਸਫ਼ਰਨਾਮੇ ਦਾ ਵਿਧੀ ਗਤ ਢੰਗ ਨਾਲ ਮੁੱਢ ਬੱਝਿਆ ਲੇਖਕ ਨੇ ਧਾਰਮਿਕ ਬਿਰਤੀ ਦੀ ਥਾਂ ਜਿੱਥੇ ਇੰਗਲੈਂਡ ਅਤੇ ਯੂਰਪ ਦੀ ਪਦਾਰਥਵਾਦੀ ਸਭਿਅਤਾ ਬਾਰੇ ਚਰਚਾ ਕਰਦੇ ਹੋਏ ਭਾਰਤ ਦੇ ਦਿਖਾਵੇ ਵਾਲੇ ਢੰਗ ਨੂੰ ਪੇਸ਼ ਕੀਤਾ ਹੈ, ਉੱਥੇ ਹੀ ਪੱਛਮੀ ਜੀਵਨ ਸ਼ੈਲੀ ਦੀ ਅੰਦਰੂਨੀ ਝਲਕ ਵੀ ਵਿਖਾਈ ਦਿੰਦੀ ਹੈ। ਲੇਖਕ ਨੇ ਮੌਸਮ ਸਭਿਆਚਾਰ, ਜੀਵਨ

ਕੀਮਤਾਂ ਆਦਿ ਦੇ ਨਾਲ-ਨਾਲ ਯੂਰਪ ਦੀ ਵਿਕਸਿਤ ਤੇ ਉਦਯੋਗਿਕ ਸਭਿਅਤਾ ਦੇ ਪਦਾਰਥਕ ਵਿਕਾਸ ਬਾਰੇ ਜਾਣਕਾਰੀ ਦਿੱਤੀ ਅਤੇ ਇਸ ਵਿਚ ਸੰਬੋਧਨੀ ਸ਼ੈਲੀ ਦੀ ਵਰਤੋਂ ਕੀਤੀ ਹੈ। ਇਨ੍ਹਾਂ ਦਾ ਇੱਕ ਹੋਰ ਸਫ਼ਰਨਾਮਾ 'ਸੈਲਾਨੀ ਦੇਸ ਭਗਤ` (1955) ਹੈ।

**6) ਹਜ਼ੂਰੀ ਸਾਥੀ:**

ਅਕਾਲੀ ਕੌਰ ਸਿੰਘ ਨੇ ਇਸ ਦੀ ਰਚਨਾ 1933 ਵਿਚ ਕੀਤੀ ਅਤੇ ਇਹ ਧਾਰਮਿਕ ਸਫ਼ਰਨਾਮਾ ਹੈ, ਜਿਸ ਵਿਚ ਧਾਰਮਿਕ ਸਥਾਨਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਵਿਚ ਸ਼ਰਧਾਮਈ ਤੇ ਸੰਪਰਦਾਇਕ ਬਿਰਤੀ ਦਾ ਪ੍ਰਗਟਾਵਾ ਹੋਇਆ। ਇਹ ਰਚਨਾ ਸਿੱਖ ਸੰਗਤਾਂ ਦੀ ਧਾਰਮਿਕ ਭਾਵਨਾ ਨੂੰ ਤ੍ਰਿਪਤ ਕਰਨ ਦੇ ਨਾਲ-ਨਾਲ ਧਾਰਮਿਕ ਵਿਰਸੇ ਦੇ ਮਹੱਤਵ ਨੂੰ ਵੀ ਉਜਾਗਰ ਕਰਦੀ ਹੈ।

**7) ਆਪਣਾ ਦੇਸ਼ ਅਤੇ ਇੱਕ ਝਾਤ ਸੋਵੀਅਤ ਰੂਸ `ਤੇ:**

ਇਹ ਪਿਆਰਾ ਸਿੰਘ ਸਹਿਰਾਈ ਦੇ ਦੋ ਮਹੱਤਵਪੂਰਨ ਸਫ਼ਰਨਾਮੇ ਹਨ। ਆਪਣਾ ਦੇਸ਼ ਸਫ਼ਰਨਾਮੇ ਵਿਚ ਲੇਖਕ ਨੇ ਰੂਸ ਦੀ ਯਾਤਰਾ ਅਤੇ ਉੱਥੋਂ ਦੀ ਤਰੱਕੀ ਬਾਰੇ ਵਿਸਤਰਿਤ ਵਰਣਨ ਕੀਤਾ ਹੈ। ਇਸ ਵਿਚ ਉੱਥੋਂ ਦੀ ਦੇਸ਼ ਭਗਤੀ ਅਤੇ ਵਤਨਪ੍ਰਸਤੀ ਬਹੁਤ ਚੰਗੀ ਲੱਗਦੀ ਹੈ ਅਤੇ ਲੇਖਕ ਨੇ ਰੂਸੀ ਸਮਾਜ ਦੇ ਸਭਿਆਚਾਰ ਨੂੰ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। ਇਹ ਸਫ਼ਰਨਾਮਾ 1942 ਵਿਚ ਰਚਿਆ ਗਿਆ। ਦੂਜਾ ਸਫ਼ਰਨਾਮਾ ਜਿਸ ਦੀ ਰਚਨਾ 1943 ਵਿਚ ਕੀਤੀ ਗਈ, ਵਿਚ ਲੇਖਕ ਪਹਿਲਾਂ ਨਾਲੋਂ ਤੀਬਰ ਰੂਪ ਵਿਚ ਰੂਸੀ ਜੀਵਨ ਤੇ ਰਾਜਾ ਪ੍ਰਬੰਧ ਦਾ ਪ੍ਰਚਾਰਕ ਬਣਦਾ ਦਿਖਾਈ ਦਿੰਦਾ ਹੈ।

**8) ਦੇਸ਼ਾਂ ਪ੍ਰਦੇਸ਼ਾਂ ਵਿਚੋਂ:**

ਨਰਿੰਦਰਪਾਲ ਸਿੰਘ ਨੇ 1949 ਵਿਚ ਇਸ ਦੀ ਰਚਨਾ ਕੀਤੀ ਅਤੇ ਇਸ ਵਿਚ ਅਰਬ ਦੇਸ਼ ਅਤੇ ਯੂਰਪੀ ਦੇਸ਼ਾਂ ਵਿਚ ਕੀਤੇ ਹੋਏ ਸਫ਼ਰ ਦੀ ਭਰਪੂਰ ਜਾਣਕਾਰੀ ਦਿੱਤੀ ਗਈ ਹੈ, ਲੇਖਕ ਨੇ ਚਿੱਠੀਆਂ ਦੀ ਵਿਧੀ ਰਾਹੀਂ ਸਫ਼ਰ ਦੇ ਵੇਰਵਿਆਂ ਅਤੇ ਸਮਾਚਾਰਾਂ ਨੂੰ ਇਸ ਵਿਚ ਪੇਸ਼ ਕੀਤਾ ਹੈ। ਇਸ ਵਿਚ 1944 ਤੋਂ 1948 ਤੱਕ ਦੀ ਦੂਜੀ ਸੰਸਾਰ ਜੰਗ ਦੀ ਯਾਦ ਨੂੰ ਯਥਾਰਥਕ ਅਤੇ ਰੋਚਕ ਢੰਗ ਨਾਲ ਪੇਸ਼ ਕੀਤਾ ਹੈ। ਮੇਰਾ ਰੂਸੀ ਸਫ਼ਰਨਾਮਾ (1960), ਆਰਿਆਨਾ (1961), ਅਫ਼ਗ਼ਾਨਿਸਤਾਨ (1977) ਨਰਿੰਦਰਪਾਲ ਦੇ ਮਹੱਤਵਪੂਰਨ ਸਫ਼ਰਨਾਮੇ ਹਨ।

**9) ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ:**

ਇਸ ਵਿਚ ਲੇਖਕ ਦੀਆਂ ਦੋ ਯਾਤਰਾਵਾਂ, 1937 ਬ੍ਰਿਜ ਭੂਮੀ ਅਤੇ 1938 ਵਿਚ ਮਲਾਇਆ ਦੀ ਯਾਤਰਾ ਦਾ ਵਰਣਨ ਹੈ। ਬ੍ਰਿਜ ਭੂਮੀ ਬਾਰੇ ਭਰਪੂਰ ਉੱਲੇਖ ਦੇ ਨਾਲ-ਨਾਲ ਆਪਣੇ ਗੁਆਂਢੀ ਦੇਸ਼ ਬਾਰੇ ਵੇਰਵੇ ਸਾਹਿਤ ਜਾਣਕਾਰੀ ਦਿੱਤੀ ਹੈ। ਇਸ ਵਿਚ ਮਲਾਇਆ ਦੇ ਲੋਕਾਂ ਦੇ ਜੀਵਨ ਅਤੇ ਕੁਦਰਤੀ ਨਜ਼ਾਰਿਆਂ ਦੀ ਚੰਗਾ ਵਰਣਨ ਹੈ। ਲੇਖਕ ਦਾ ਬਿਆਨ ਢੰਗ ਰਸਾਤਮਿਕ, ਸੁਹਿਰਦ ਅਤੇ ਮਾਨਵੀ ਗੁਣਾਂ ਨਾਲ ਭਰਪੂਰ ਹੈ।

**10) ਪਾਤਾਲ ਦੀ ਧਰਤੀ:**

ਬਲਵੰਤ ਗਾਰਗੀ ਦੁਆਰਾ 1967 ਵਿਚ ਰਚਿਤ ਇਹ ਸਫ਼ਰਨਾਮਾ ਅਮਰੀਕਾ ਦੀ ਫੇਰੀ ਨਾਲ ਸੰਬੰਧਿਤ ਹੈ, ਜਿਸ ਵਿਚ ਨਾਟਕੀ ਤੇ ਕਾਵਿਕ ਰੰਗ ਰਾਹੀਂ ਸੁੰਦਰ ਕਥਾ-ਵਰਣਨ ਮਿਲਦਾ ਹੈ। ਉਸ ਨੇ ਸ਼ਹਿਰਾਂ, ਕੁਦਰਤੀ ਨਜ਼ਾਰਿਆਂ ਅਤੇ ਮਹੱਤਵਪੂਰਨ ਥਾਵਾਂ ਦਾ ਵਰਣਨ ਮਿਲਦਾ ਹੈ। ਗਾਰਗੀ ਨੇ ਕਈ ਮੁਲਕਾਂ ਦੀ ਯਾਤਰਾ ਕੀਤੀ ਪਰ ਉਹਨਾਂ ਨੇ ਸਿਰਫ਼ ਅਮਰੀਕਾ ਯਾਤਰਾ ਨੂੰ ਹੀ ਪੁਸਤਕ ਰੂਪ ਦਿੱਤਾ। ਉਹਨਾਂ ਦਾ ਬਹੁਤ ਧਿਆਨ ਇੱਥੋਂ ਦੀ ਕਲਾ, ਇਮਾਰਤਸਾਜ਼ੀ, ਦਸਤਕਾਰੀ ਕਲਾਕਾਰ, ਕਲਾ ਵਸਤਾਂ, ਭਾਸ਼ਾ, ਨਾਚ ਆਦਿ ਵੱਲ ਵਧੇਰੇ ਰੁਚਿਤ ਰਿਹਾ ਹੈ।

**11) ਮੇਰਾ ਰੂਸੀ ਸਫ਼ਰਨਾਮਾ ਤੇ ਮੇਰਾ ਪਾਕਿਸਤਾਨੀ ਸਫ਼ਰਨਾਮਾ:**

ਮੇਰਾ ਰੂਸੀ ਸਫ਼ਰਨਾਮੇ ਦੀ ਰਚਨਾ ਬਲਰਾਜ ਸਾਹਨੀ ਨੇ 1967 ਈ: ਵਿਚ ਕੀਤੀ ਅਤੇ ਇਹ ਸੋਵੀਅਤ ਰੂਸ ਨਾਲ ਸੰਬੰਧਿਤ ਹੈ। ਰੂਸ ਦੀ ਧਰਤੀ ਨਾਲ ਉਸ ਦਾ ਸਿਧਾਂਤਕ ਇਸ਼ਟ ਤੇ ਚੇਤੰਨ ਲਗਾਉ ਜੁੜੇ ਹੋਏ ਸਨ। ਦੂਜਾ ਸਫ਼ਰਨਾਮਾ 1969 ਈ. ਵਿਚ ਰਚਿਆ ਗਿਆ ਅਤੇ ਪਾਕਿਸਤਾਨ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਵਿਚ ਉਹ ਪੰਜਾਬੀਆਂ ਦੇ ਜਜ਼ਬੇ ਅਤੇ ਵੰਡ ਦੇ ਦੁਖਾਂਤ ਨੂੰ ਚਿਤਰਦਾ ਹੈ ਅਤੇ ਵਤਨ ਦੀ ਮਿੱਟੀ ਦੀ ਸਾਂਝ ਤੇ ਸਭਿਆਚਾਰਕ ਉਦਰੇਵੇਂ ਨੂੰ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਚਿਤਰਦਾ ਹੈ। ਮੇਰਾ ਰੂਸੀ ਸਫ਼ਰਨਾਮਾ ਵਿਚ ਜਿੱਥੇ ਉਹ

ਯੂਰਪੀ ਦੇਸ਼ਾਂ ਦੀ ਆਰਥਿਕਤਾ, ਆਰਥਿਕ ਬਰਾਬਰੀ, ਸਮਾਜਿਕ ਕਦਰਾਂ ਕੀਮਤਾਂ ਅਤੇ ਰਾਜਨੀਤਿਕਤਾ ਦੀ ਸਿਫ਼ਤ ਕਰਦਾ ਹੈ ਤਾਂ ਉੱਥੋਂ ਦੇਸ਼ ਦੀ ਆਰਥਿਕ ਕਾਣੀ ਵੰਡ ਉੱਤੇ ਟੀਕਾ ਟਿੱਪਣੀ ਵੀ ਕਰਦਾ ਹੈ। ਇਸ ਦੀ ਸ਼ੈਲੀ ਦਾਰਸ਼ਨਿਕ ਰੰਗ ਵਾਲੀ ਹੋਣ ਕਰਕੇ ਬੜੀ ਰੋਚਕ ਹੈ।

**12) ਅੱਖੀਂ ਡਿੱਠਾ ਰੂਸ:**

ਸਾਧੂ ਸਿੰਘ ਹਮਦਰਦ ਨੇ 1971 ਵਿਚ ਇਸ ਦੀ ਰਚਨਾ ਕੀਤੀ। ਇਸ ਵਿਚ ਰੂਸ ਦੀ ਸਰਬਪੱਖੀ ਪ੍ਰਗਤੀ ਦਾ ਵਰਣਨ ਕੀਤਾ ਗਿਆ ਹੈ।

**13) ਇੱਕੀ ਪੱਤੀਆਂ ਦਾ ਗੁਲਾਬ:**

1973 ਵਿਚ ਅੰਮ੍ਰਿਤਾ ਪ੍ਰੀਤਮ ਨੇ ਇਸ ਦੀ ਰਚਨਾ ਕੀਤੀ ਤੇ ਇਸ ਦਾ ਸੰਬੰਧ ਯੂਰਪ, ਬਲਗਾਰੀਆ, ਤਹਿਰਾਨ ਆਦਿ ਨਾਲ ਹੈ। ਆਕਾਰ ਵਿਚ ਛੋਟੀ ਹੋਣ ਦੇ ਬਾਵਜੂਦ ਇਸ ਵਿਚ ਵਾਕਫ਼ੀ ਤੇ ਜਾਣਕਾਰੀ ਵਧੇਰੇ ਹੈ। 'ਅੱਗ ਦੀਆਂ ਲੀਕਾਂ' 1969 ਲੇਖਿਕਾਂ ਦਾ ਇੱਕ ਹੋਰ ਮਹੱਤਵਪੂਰਨ ਸਫ਼ਰਨਾਮਾ ਹੈ।

**14) ਮੇਰੀ ਇੰਗਲੈਂਡ ਯਾਤਰਾ:**

ਸੰਤੋਖ ਸਿੰਘ ਧੀਰ ਨੇ ਇਹ ਰਚਨਾ 1978 ਵਿਚ ਕੀਤੀ ਇਸ ਰਚਨਾ ਵਿਚ ਲੇਖਕ ਨੇ ਇੰਗਲੈਂਡ ਸੰਬੰਧੀ ਬਹੁ-ਪੱਖੀ ਜਾਣਕਾਰੀ ਦਿੱਤੀ ਇਹ ਇਹਨਾਂ ਦਾ ਪਹਿਲਾ ਸਫ਼ਰਨਾਮਾ ਹੈ।

**15) ਕੱਚੇ ਰੰਗਾਂ ਦਾ ਸ਼ਹਿਰ ਲੰਡਨ:**

1985 ਵਿਚ ਅਜੀਤ ਕੌਰ ਦੁਆਰਾ ਰਚਿਤ ਇਹ ਸਫ਼ਰਨਾਮਾ ਲੰਡਨ ਦੀ ਸੈਰ ਉੱਪਰ ਆਧਾਰਿਤ ਹੈ ਅਤੇ ਇਸ ਵਿਚ ਆਧੁਨਿਕਤਾਵਾਦੀ ਰੰਗ ਨੂੰ ਉਘਾੜਿਆ ਗਿਆ ਹੈ।

**16) ਪਟਿਆਲੇ ਤੋਂ ਪਟਿਆਲੇ ਤੱਕ:**

ਡਾ. ਸੁਰਜੀਤ ਸੇਠੀ ਨੇ ਇਸ ਦੀ ਰਚਨਾ 1990 ਵਿਚ ਕੀਤੀ। ਇਸ ਸਫ਼ਰਨਾਮੇ ਨੂੰ ਪੜ੍ਹ ਕੇ ਅਮਰੀਕਾ, ਕੈਨੇਡਾ ਅਤੇ ਸਕਾਟਲੈਂਡ ਬਾਰੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਇਹ ਵਿਲੱਖਣ ਭਾਂਤ ਦਾ ਸਫ਼ਰਨਾਮਾ ਹੈ

**17) ਮੇਰੀ ਅਮਰੀਕਾ ਫੇਰੀ:**

ਅਤਰਜੀਤ ਕੌਰ ਸੂਰੀ ਵੱਲੋਂ ਇਸਦੀ ਰਚਨਾ 1998 ਵਿਚ ਕੀਤੀ ਗਈ। ਇਸ ਵਿਚ ਅਮਰੀਕਾ ਵਿਚ ਵੱਸਦੇ ਦੇਸ਼ ਵਾਸੀਆਂ ਤੇ ਪਰਿਵਾਰ ਦੇ ਲੋਕਾਂ ਨੂੰ ਮਿਲਣ ਦੀ ਸਿੱਕ ਨੂੰ ਤਰਜੀਹ ਦਿੱਤੀ ਗਈ ਹੈ। ਇਸ ਵਿਚ ਇਤਿਹਾਸਕ ਸਥਾਨਾਂ, ਅਜਾਇਬ ਘਰਾਂ, ਸਭਿਆਚਾਰਕ ਕੇਂਦਰਾਂ ਆਦਿ ਬਾਰੇ ਵੇਰਵਾ ਦਿੱਤਾ ਗਿਆ ਹੈ। ਇਹਨਾਂ ਦਾ ਇੱਕ ਹੋਰ ਸਫ਼ਰਨਾਮਾ 'ਮੇਰਾ ਅਰਬ ਦੇਸ਼ ਦਾ ਸਫ਼ਰਨਾਮਾ' ਹੈ। ਇਹਨਾਂ ਸਫ਼ਰਨਾਮਿਆਂ ਤੋਂ ਬਿਨਾਂ ਪੰਜਾਬੀ ਸਫ਼ਰਨਾਮੇ ਜਪਾਨ ਦੀ ਝਾਕੀ (1911) ਜੀਵਨ ਸਿੰਘ ਸੇਵਕ, ਕਸ਼ਮੀਰ ਦੀ ਰਿਆਸਤ ਦਾ ਸਫ਼ਰ (1925) ਸੁੰਦਰ ਸਿੰਘ ਨਰੂਲਾ, ਪੰਜਾਬ ਯਾਤਰਾ (1931) ਅਤਰ ਸਿੰਘ ਨੀਰ, ਅਮਰੀਕਾ ਚੱਕਰ (1951) ਹਰਦਿੱਤ ਸਿੰਘ ਢਿੱਲੋਂ, ਧਰਤੀ ਦਾ ਸਵਰਗ (1962) ਗੁਰਦਿਆਲ ਸਿੰਘ ਫੁੱਲ, ਦੇਖੀ ਤੇਰੀ ਵਲੈਤ (1917) ਆਈ.ਜੇ ਗੁਲ੍ਹਾਟੀ, ਕਲਕੱਤੇ ਦੀ ਸੈਰ (1980) ਬਲਦੇਵ ਸਿੰਘ, ਅੱਖੀਆਂ ਵੇਖ ਨਾ ਰੱਜੀਆਂ (1991) ਸਵਰਨ ਸਿੰਘ, ਕੰਧ ਉਹਲੇ ਪ੍ਰਦੇਸ਼ (1999) ਹਰਭਜਨ ਸਿੰਘ ਹੁੰਦਲ ਪਾਕਿਸਤਾਨ (2003) ਗੁਰਮੁਖ ਸਿੰਘ ਸਹਿਗਲ, ਮਾਊਂਟ ਆਬੂ ਵਾਇਆ ਪੁਸ਼ਕ (2011) ਸੰਪਾ. ਡਾ.ਜੇ.ਬੀ.ਸੇਖੋਂ, ਗਵਾਂਢੀ (2013) ਰਾਜਵੀਰ ਰੰਧਾਵਾ ਆਦਿ ਮਹੱਤਵਪੂਰਨ ਸਫ਼ਰਨਾਮੇ ਹਨ।

**ਸਾਰੰਸ਼**

ਉਪਰੋਕਤ ਚਰਚਾ ਕਰਨ ਪਿੱਛੋਂ ਅਸੀਂ ਇਸ ਸਿੱਟੇ ਉੱਪਰ ਪੁੱਜਦੇ ਹਾਂ ਕਿ ਵੀਹਵੀਂ ਸਦੀ ਵਿਚ ਪੰਜਾਬੀ ਸਫ਼ਰਨਾਮਾ ਕਾਫ਼ੀ ਹਰਮਨ ਪਿਆਰਾ ਬਣਿਆ ਕਿਉਂਕਿ ਇਸ ਸਮੇਂ ਦੌਰਾਨ ਵੱਡੀ ਗਿਣਤੀ ਵਿਚ ਲੇਖਕਾਂ ਨੇ ਇਸ ਸਾਹਿੱਤਿਕ ਰੂਪ ਵਿਚ ਆਪਣੀ ਰੁਚੀ ਦਿਖਾਈ। 1906 ਤੋਂ ਲੈ ਕੇ ਹੁਣ ਤੱਕ ਲਗਭਗ 200 ਤੋਂ ਉੱਪਰ ਸਫ਼ਰਨਾਮੇ ਲਿਖੇ ਜਾ ਚੁੱਕੇ ਹਨ। ਇਹਨਾਂ ਵਿਚ ਜਿੱਥੇ ਵੱਖ ਵੱਖ ਦੇਸ਼ਾਂ ਦੇ ਸਥਾਨਾਂ ਅਤੇ ਇਤਿਹਾਸ ਦਾ ਵਰਣਨ

ਕੀਤਾ ਗਿਆ ਹੈ, ਉੱਥੇ ਹੀ ਉੱਥੋਂ ਦੇ ਸਮਾਜ, ਸਭਿਆਚਾਰ ਤੇ ਜੀਵਨ ਜਾਂਚ ਨੂੰ ਅੰਕਿਤ ਕੀਤਾ ਗਿਆ ਹੈ। ਆਧੁਨਿਕ ਪੰਜਾਬੀ ਸਫ਼ਰਨਾਮਿਆਂ ਵਿਚ ਦੇਸ਼ ਨਾਲੋਂ ਵਿਦੇਸ਼ੀ ਯਾਤਰਾਵਾਂ ਦੀ ਰੁਚੀ ਵਧੇਰੇ ਹੈ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਵੀਹਵੀਂ ਸਦੀ ਦੇ ਪਿਛਲੇ ਦਹਾਕਿਆਂ ਵਿਚ ਪੰਜਾਬੀ ਸਫ਼ਰਨਾਮਾ ਸਾਹਿਤ ਦਾ ਵਿਸ਼ੇ ਅਤੇ ਰੂਪ ਪੱਖ ਤੋਂ ਕਾਫ਼ੀ ਵਿਕਾਸ ਹੋਇਆ ਹੈ, ਕਿਉਂਕਿ ਇਹਨਾਂ ਵਿਚ ਸਮਾਜਿਕ ਤੇ ਸਭਿਆਚਾਰਕ ਸਮੱਸਿਆਵਾਂ ਦਾ ਅਨੁਭਵੀ ਚਿਤਰਨ ਵੀ ਹੋਇਆ ਮਿਲਦਾ ਹੈ। ਜਿਵੇਂ ਕਿ ਨਸਲੀ ਵਿਤਕਰਾ, ਭੂ ਹੇਰਵਾ, ਪੀੜ੍ਹੀ-ਪਾੜ੍ਹਾ, ਰਿਸ਼ਤਿਆਂ ਦੀ ਟੁੱਟ ਭੱਜ ਆਦਿ ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਸਫ਼ਰਨਾਮਾ ਓਪਰੀਆਂ ਧਰਤੀਆਂ ਬਾਰੇ ਗਿਆਨ ਪ੍ਰਦਾਨ ਕਰਨ ਵਾਲਾ ਇੱਕ ਮਹੱਤਵਪੂਰਨ ਵਾਰਤਕ ਸਾਹਿਤ ਰੂਪ ਹੈ। ਪੰਜਾਬੀ ਸਫ਼ਰਨਾਮੇ ਦੀ ਇਸ ਪੜਾਅ ਤੇ ਕੁਝ ਅਸਲੋਂ ਹੀ ਵੱਖਰੇ ਸਫ਼ਰਨਾਮੇ ਵੀ ਪ੍ਰਾਪਤ ਹੁੰਦੇ ਹਨ ਇਨ੍ਹਾਂ ਸਫ਼ਰਨਾਮਿਆਂ ਵਿੱਚ ਵਰਣਨ ਕੀਤੀਆਂ ਥਾਵਾਂ ਬਿਲਕੁਲ ਅਣਛੋਹ ਪਈਆਂ ਹਨ ਇਨ੍ਹਾਂ ਵਿੱਚ ਬਰਜਿੰਦਰ ਸਿੰਘ ਹਮਦਰਦ ਦਾ ਧਰਤੀਆਂ ਦੇ ਗੀਤ ਸਫ਼ਰਨਾਮਾ ਅੰਡੇਮਾਨ ਨਿਕੋਬਾਰ ਦੀਪ ਸਮੂਹ ਤੇ ਆਦਿਵਾਸੀ ਕਬੀਲਿਆਂ ਬਾਰੇ ਹੈ ਇਸ ਤਰ੍ਹਾਂ ਬਲਬੀਰ ਮਾਧੋਪੁਰੀ ਨੇ ਆਪਣੇ ਸਫ਼ਰਨਾਮੇ ਸਮੁੰਦਰ ਦੀ ਅੰਗ ਸੰਗ ਵਿੱਚ ਦੱਖਣੀ ਭਾਰਤ ਦੇ ਲੋਕਾਂ ਤੇ ਅਣਛੋਹ ਧਰਤੀ ਨੂੰ ਪੇਸ਼ ਕੀਤਾ ਹੈ ਇਸ ਖੇਤਰ ਵਿੱਚ ਸਭ ਤੋਂ ਉੱਘਾ ਨਾਮ ਸੁਰਜੀਤ ਸਿੰਘ ਢਿੱਲੋਂ ਦਾ ਹੈ ਉਸ ਨੇ ਉਸ ਧਰਤੀ ਸਬੰਧੀ ਆਪਣਾ ਸਫ਼ਰਨਾਮਾ ਅਨੋਖੇ ਰਾਹਾਂ ਦਾ ਸਫ਼ਰ ਐਂਟਾਰਟਿਕਾ ਲਿਖਿਆ ਹੈ ਜੋ ਠੰਢਾ ਚੱਕ ਹੈ ਕਿ ਉੱਥੇ ਪਹੁੰਚਣ ਹੀ ਲਗਪਗ ਅਸੰਭਵ ਹੈ ਪੰਜਾਬੀ ਸਫ਼ਰਨਾਮੇ ਵਿੱਚ ਇਸ ਪੜਾਅ ਉੱਤੇ ਇਕ ਹੋਰ ਤਬਦੀਲੀ ਵਾਪਰਦੀ ਹੈ ਪਹਿਲਾਂ ਪੰਜਾਬੀ ਲੇਖਕ ਦੂਸਰੇ ਅਤੇ ਬਿਗਾਨੇ ਮੁਲਕਾਂ ਸਬੰਧੀ ਲਿਖਦੇ ਸਨ ਪਰ ਇਸ ਪੜਾਅ ਉੱਤੇ ਪਹੁੰਚ ਕੇ ਪਰਵਾਸੀ ਪੰਜਾਬੀ ਲੇਖਕ ਜੋ ਵਿਭਿੰਨ ਪੱਛਮੀ ਮੁਲਕਾਂ ਵਿੱਚ ਵਸੇ ਹਨ ਉਹ ਭਾਰਤ ਜਾਂ ਪੰਜਾਬ ਫੇਰੀ ਨੂੰ ਆਪਣੇ ਸਫ਼ਰਨਾਮੇ ਵਿੱਚ ਬਿਆਨਦੇ ਹਨ ਇਸ ਕਿਸਮ ਦੇ ਸਫ਼ਰਨਾਮਿਆਂ ਵਿੱਚ ਸਵਰਨ ਚੰਦਨ ਦਾ ਆਪਣੀ ਧਰਤੀ ਉਸ ਦੀ ਪੰਜਾਬ ਫੇਰੀ ਨਾਲ ਸਬੰਧਤ ਹੈ ਇਸ ਵਿੱਚ ਦਿੱਲੀ ਜਲੰਧਰ ਅਤੇ ਅੰਮ੍ਰਿਤਸਰ ਵਿੱਚ ਘੁੰਮਣ ਦਾ ਵਰਣਨ ਹੈ ਇਸੇ ਤਰ੍ਹਾਂ ਪ੍ਰੀਤਮ ਸਿੱਧੂ ਆਪਣੇ ਸਫ਼ਰਨਾਮੇ ਮੇਰੀ ਪੰਜਾਬ ਫੇਰੀ ਵਿਚ ਉਸ ਦੌਰਾਨ ਉਸ ਦੌਰ ਦਾ ਵਰਨਣ ਕੀਤਾ ਹੈ ਜਿਸ ਨੂੰ ਪੰਜਾਬ ਖਾੜਕੂਵਾਦ ਸਮੇਂ ਆਪਣੇ ਪਿੰਡੇ ਉੱਤੇ ਹੰਢਾਅ ਰਿਹਾ ਸੀ ਹਰਜੀਤ ਅਟਵਾਲ ਦਾ ਸਫ਼ਰਨਾਮਾ ਫੋਕਸ ਉਸ ਵੱਲੋਂ ਪੰਜਾਬ ਪੰਜਾਬ ਵਿੱਚ ਦੋ ਮਹੀਨੇ ਬਿਤਾਉਣ ਅਤੇ ਬਿਗਾਨੀ ਧਰਤੀ ਤੇ ਆਪਣੇ ਮੁਲਕ ਦੇ ਘਰ ਦੇ ਹੇਰਵੇ ਨੂੰ ਪੇਸ਼ ਕਰਦਾ ਹੈ ਕੁੱਲ ਮਿਲਾ ਕੇ ਇਸ ਦੌਰ ਵਿੱਚ ਵਿਸ਼ਕ ਅਫ਼ਗ਼ਾਨਿਸਤਾਨ ਅਰਬ ਪਾਕਿਸਤਾਨ ਬ੍ਰਹਮਾ ਤੇ ਅਫ਼ਰੀਕਾ ਸੰਬੰਧੀ ਵੀ ਸਫ਼ਰਨਾਮੇ ਲਿਖੇ ਗਏ ਪਰ ਚੀਨ ਰੂਸ ਪਾਕਿਸਤਾਨ ਅਮਰੀਕਾ ਕੈਨੇਡਾ ਤੇ ਇੰਗਲੈਂਡ ਸੰਬੰਧੀ ਸਫ਼ਰਨਾਮੇ ਸਭ ਤੋਂ ਵਧੇਰੇ ਲਿਖੇ ਗਏ ਹਨ

**ਕੇਂਦਰੀ ਸ਼ਬਦ :**

ਸਫਰਨਾਮਾ---- ਯਾਤਰਾ ਅਨੁਭਵ

ਅਜਨਵੀ---- ਨਾ ਜਾਣਨਣ ਵਾਲਾ

ਚਿੱਠੀ --- ਖ਼ਤ

ਪਹਾੜੀ ਰਿਆਸਤਾਂ------ ਯਾਤਰਾ ਪਹਾੜੀ ਇਲਾਕਿਆਂ ਦੀ

ਕੁਦਰਤ--- ਪ੍ਰਕਿਰਤੀ ਦ੍ਰਿਸ਼

ਸ਼ਰਧਾ ---------- ਭਾਵਨਾ

ਬਿਰਤੀ------ ਸੁਰਤ

**ਸਵੈ-ਮੁਲਾਂਕਣ:**

1. ਸਫ਼ਰਨਾਮੇ ਦਾ ਸ਼ਾਬਦਿਕ ਅਰਥ ਕੀ ਹੈ?

   ੳ. ਯਾਤਰਾ

ਅ. ਲਿਖਣਾ

ੲ. ਦੇਖਣਾ

ਸ. ਉਸਾਰੀ ਕਰਨਾ

2. ਸਫ਼ਰ ਕਿਹੜੀ ਭਾਸ਼ਾ ਦਾ ਸ਼ਬਦ ਹੈ?

ੳ. ਜਰਮਨ

ਅ. ਸੰਸਕ੍ਰਿਤ

ੲ. ਅਰਬੀ

ਸ. ਉਰਦੂ

3. ਲਾਲ ਸਿੰਘ ਕਮਲਾ ਅਕਾਲੀ ਦਾ ਸਫਰਨਾਮਾ ਹੈ।

ੳ. ਬਰਮ੍ਹਾ ਦੀ ਸੈਰ

ਅ. ਪਹਾੜੀ ਰਿਆਸਤ

ੲ. ਮੇਰਾ ਵਲਾਇਤੀ ਸਫ਼ਰਨਾਮਾ

ਸ. ਸੈਲ ਪੱਧਰ

4. ਦੁਨੀਆ ਦੀ ਸੈਰ ਦੀ ਕਿਸ ਦਾ ਸਫਰਨਾਮਾ ਹੈ?

ੳ. ਗੁਰਬਖਸ਼ ਸਿੰਘ ਨੌਰੰਗ

ਅ. ਆਕਾਲੀ ਕੌਰ

ੲ. ਲਾਲ ਸਿੰਘ ਕਮਲਾ ਅਕਾਲੀ

ਸ. ਨਰਿੰਦਰਪਾਲ

5. ਪਾਤਾਲ ਦੀ ਧਰਤੀ ਸਫਰਨਾਮਾ ਕਿਸ ਦਾ ਹੈ?

ੳ. ਸਟੀਫਨ ਸਪੇਂਡਰ

ਅ. ਪ੍ਰੋ.ਪੂਰਨ

ੲ. ਬਲਵੰਤ ਗਾਰਗੀ

ਸ. ਬਲਵੰਤ ਗਾਰਗੀ

6. ਸਫ਼ਰਨਾਮੇ ਦੇ ਅੰਸ਼ ਮੱਧਕਾਲ ਦੀ ਕਿਸ ਵਿਧਾ ਵਿੱਚੋਂ ਮਿਲਦੇ ਹਨ ?

ੳ. ਸਾਖੀ

ਅ. ਜਨਮਸਾਖੀ

ੲ. ਰਹਿਤਨਾਮੇ

ਸ. ਟੀਕੇ

7. ਦੂਸਰਿਆਂ ਬਾਰੇ ਗਿਆਨ ਦੀ ਭੁੱਖ ਅਤੇ ਸੋਜ਼ ਸੁੰਦਰਤਾ ਵੇਖਣ ਤੇ ਮਾਨਣ ਦੀ ਖਿੱਚ ਮਨੁੱਖ ਨੂੰ ਕਿੱਥੋਂ ਦਾ ਸਫ਼ਰ ਤੈਅ ਕਰਨ

ਲਈ ਪ੍ਰੇਰਦੀ ਆਈ ਹੈ?

ੳ. ਰੁੱਤਾਂ ਮੌਸਮਾਂ

ਅ. ਦੇਸ਼ ਵਿਦੇਸ਼

ੲ. ਘਰ ਬਾਹਰ

ਸ. ਕੋਈ ਵੀ ਨਹੀਂ

8. ਪੀਟਰ ਮਾਰਟਿਨ ਅਤੇ ਪਿੰਟੋ ਨੇ ਕਿਹੜੇ ਸਮਾਚਾਰ ਬੜੇ ਰੌਚਿਕ ਢੰਗ ਨਾਲ ਲਿਖੇ?

ੳ. ਸੁਖ਼ਦ

ਅ. ਪ੍ਰੇਮ ਸਫ਼ਰ

ੲ. ਦੁਰਘਟਨਾ

ਸ. ਖਾਲੀ ਪਲਾਟ

9. ਸਫ਼ਰ ਅਤੇ ਨਾਮਾਂ ਦੇ ਜੋੜ ਤੋਂ ਕੀ ਸਿਰਜਿਤ ਹੋਇਆ ?

ੳ. ਜ਼ਿੰਦਗੀਨਾਮਾ

ਅ. ਸੜਕਨਾਮਾ

ੲ. ਸੁਤੰਤਰ ਨਾਮਾ

ਸ. ਸਫ਼ਰਨਾਮਾ

10. ਸਫ਼ਰਨਾਮਾ ਲੇਖਕ ਆਪਣੀ ਖਾਸ ਦ੍ਰਿਸ਼ਟੀਕੋਣ ਨਾਲ ਕਿਹੜੇ ਸੰਸਾਰ ਦਾ ਨਿਰੀਖਣ ਕਰਦਾ ਹੈ ?

ੳ. ਬਾਹਰੀ

ਅ. ਅੰਦਰੂਨੀ

ੲ. ਭਾਰਤ

ਸ. ਕੋਈ ਵੀ ਨਹੀਂ

11. ਗੁਰਦਿਆਲ ਸਿੰਘ ਫੁੱਲ ਦੇ ਵਿਚਾਰ ਅਨੁਸਾਰ ਕਿਹੜਾ ਗਿਆਨ ਅਧੂਰਾ ਤੇ ਦਿਮਾਗੀ ਰੰਗ ਬਣ ਕੇ ਰਹਿ ਜਾਂਦਾ ਹੈ ?

ੳ. ਕਿਤਾਬੀ ਗਿਆਨ

ਅ. ਧਰਮ ਗਿਆਨ

ੲ. ਰਾਜਨੀਤਿਕ ਗਿਆਨ

ਸ. ਕੋਈ ਵੀ ਨਹੀਂ

12. ਯਾਤਰਾ ਦਾ ਹਾਲ ਕਿਸ ਵਿਧਾ ਵਿਚ ਦਰਸਾਇਆ ਜਾਂਦਾ ਹੈ ?

ੳ. ਸਫ਼ਰਨਾਮਾ

ਅ. ਨਾਟਕ

ੲ. ਨਾਵਲ

ਸ. ਕਹਾਣੀ

13. ਮੇਰਾ ਰੂਸੀ ਸਫ਼ਰਨਾਮਾ ਕਿਸ ਦੀ ਰਚਨਾ ਹੈ ?

ੳ. ਪਿਆਰਾ ਸਿੰਘ ਦਾਤਾ

ਅ. ਪ੍ਰੋ ਰਾਮ ਸਿੰਘ

ੲ. ਲਾਲ ਸਿੰਘ ਕਮਲਾ ਅਕਾਲੀ

ਸ. ਡਾ ਪਾਲ ਕੌਰ

14. ਮੇਰਾ ਪਾਕਿਸਤਾਨੀ ਸਫ਼ਰਨਾਮਾ ਕਿਸ ਦੀ ਰਚਨਾ ਹੈ?

ੳ. ਬਲਰਾਜ ਸਾਹਨੀ

ਅ. ਲਾਲ ਸਿੰਘ ਕਮਲਾ ਅਕਾਲੀ

ੲ. ਪ੍ਰੋਫ਼ੈਸਰ ਰਾਮ ਸਿੰਘ

ਸ. ਪਿਆਰਾ ਸਿੰਘ ਦਾਤਾ

15. ਨਵਤੇਜ ਸਿੰਘ ਦੇ ਸਫ਼ਰਨਾਮੇ ਦਾ ਨਾਂ ਕੀ ਹੈ?

ੳ. ਮੇਰਾ ਪਾਕਿਸਤਾਨੀ ਸਫ਼ਰਨਾਮਾ

ਅ. ਮੇਰਾ ਰੂਸੀ ਸਫ਼ਰਨਾਮਾ

ੲ. ਦੋਸਤੀ ਦਾ ਪੰਧ

ਸ. ਕਸ਼ਮੀਰ ਤੇ ਕੁੱਲੂ

**ਅਭਿਆਸ ਪ੍ਰਸ਼ਨ**

1. ਸਫ਼ਰਨਾਮੇ ਤੋਂ ਕੀ ਭਾਵ ਹੈ?
2. ਸਫ਼ਰਨਾਮੇ ਦਾ ਇਤਿਹਾਸ ਮੂਲਕ ਅਧਿਐਨ ਕਰੋ ।
3. ਪੰਜਾਬੀ ਦੇ ਪ੍ਰਮੁੱਖ ਸਫ਼ਰਨਾਮਿਆਂ ਬਾਰੇ ਜਾਣਕਾਰੀ ਦਿਓ ।
4. ਵਿਦੇਸ਼ੀ ਸਫ਼ਰਨਾਮਿਆਂ ਦੇ ਲੇਖਕਾਂ ਬਾਰੇ ਜਾਣਕਾਰੀ ਦਿਓ।
5. ਸਫਰਨਾਮੇ ਦੇ ਪੜਾਅ ਦੱਸੋ।

**ਸੰਦਰਭ ਪੁਸਤਕਾਂ:**


1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ(ਆਦਿ ਕਾਲ ਤੋਂ ਸਮਕਾਲ ਤੱਕ),ਲਾਹੌਰ ਬੁੱਕ ਸ਼ਾਪ, ਲੁਧਿਆਣਾ, 2018
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2016
4. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018

**ਮਹੱਤਵਪੂਰਨ ਲਿੰਕ**

https://punjabipedia.org/topic.aspx?txt=%u0a2a%u0a70%u0a1c%u0a3e%u0a2c%u0a40+%u0a38%u0a5e%u0a30%u0a28%u0a3e%u0a2e%u0a47

**ਉੱਤਰਮਾਲਾ**

| | | | | |
|---|---|---|---|---|
| 1. ੳ | 2. ੲ | 3. ੲ | 4. ੳ | 5. ਸ |
| 6. ਅ | 7. ਅ | 8. ਅ | 9. ਸ | 10. ੳ |
| 11. ੳ | 12. ੳ | 13. ੲ | 14. ੳ | 15. ੲ |

*Sona, Lovely Professional University*

# ਅਧਿਆਇ-8:ਆਧੁਨਿਕ ਪੰਜਾਬੀ ਵਾਰਤਕ:ਜੀਵਨੀ ਅਤੇ ਸਵੈਜੀਵਨੀ ਸਾਹਿਤ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


**ਉਦੇਸ਼ :**

1. **ਵਿਦਿਆਰਥੀ ਜੀਵਨੀ ਅਤੇ ਸਵੈ-ਜੀਵਨੀ ਦੇ ਅਰਥਾਂ ਬਾਰੇ ਜਾਣੂ ਹੋਣਗੇ।**
2. **ਵਿਦਿਆਰਥੀ ਜੀਵਨੀ ਅਤੇ ਸਵੈ-ਜੀਵਨੀ ਦੀ ਪਰਿਭਾਸ਼ਾ ਬਾਰੇ ਜਾਣੂ ਹੋਣਗੇ।**
3. **ਵਿਦਿਆਰਥੀ ਜੀਵਨੀ ਅਤੇ ਸਵੈ-ਜੀਵਨੀ ਦੇ ਵਿਕਾਸ ਬਾਰੇ ਜਾਣਨਗੇ।**

**ਪ੍ਰਸਤਾਵਨਾ**

ਜੀਵਨੀ : ਵਾਰਤਕ ਸਾਹਿਤ ਦਾ ਇੱਕ ਕਲਾਤਮਿਕ ਰੂਪ ਜੀਵਨੀ ਹੈ । ਵਿਅਕਤੀ ਵਿਸ਼ੇਸ਼ ਦੇ ਜੀਵਨ ਬਿਰਤਾਂਤ ਨੂੰ ਜੀਵਨੀ ਕਿਹਾ ਜਾਂਦਾ ਹੈ । ਇਸ ਲਈ ਅੰਗਰੇਜ਼ੀ ਪਰਿਆਇ ਬਾਇਓਗ੍ਰਾਫੀ ( Biography ) ਯੂਨਾਨੀ ਸ਼ਬਦ ' ਬਾਇਓਸ' ( Bios ) ਅਤੇ ' ਗ੍ਰਾਫੋਸ' ( Graphos

) ਦੇ ਸੁਮੇਲ ਤੋਂ ਬਣਿਆ ਹੈ। ਬਾਇਓਸ ਤੋਂ ਭਾਵ ਜੀਵਨ ਅਤੇ ਗ੍ਰਾਫੋਸ ਤੋਂ ਲਿਖਤ ਦੇ ਹਨ। ਇਸ ਪ੍ਰਕਾਰ ਬਾਇਓਗ੍ਰਾਫੀ ਤੋਂ ਭਾਵ ਕਿਸੇ ਵਿਅਕਤੀ ਦਾ ਜੀਵਨ ਲਿਖਣ ਅਰਥਾਤ ਉਸ ਦੇ ਕਾਰਜਾਂ ਦਾ ਲੇਖਾ-ਜੋਖਾ ਕਰਨ ਤੋਂ ਹੈ।

ਆਮ ਸੰਕਲਪ ਅਨੁਸਾਰ ਜੀਵਨੀ ਕਿਸੇ ਖ਼ਾਸ ਵਿਅਕਤੀ ਦਾ ਜੀਵਨ ਬਿਰਤਾਂਤ ਹੈ। ਪਰ ਅਸਲ ਵਿਚ ਜੀਵਨੀ ਘਟਨਾਵਾਂ ਦੀ ਬਿਆਨਬਾਜ਼ੀ ਨਹੀਂ ਸਗੋਂ ਨਾਇਕ ਦਾ ਜੀਵਨ ਬਿਉਰਾ ਹੈ , ਉਸ ਦੇ ਅੰਦਰਲੇ-ਬਾਹਰਲੇ ਦਾ ਕਲਾਤਮਿਕ ਨਿਰੂਪਣ ਹੈ। ਮਾਰਕ ਟੇਲਰ ਲਿਖਦਾ ਹੈ , " ਜੀਵਨੀ ਮਨੁੱਖ ਦਾ ਅਜਿਹਾ ਲਿਬਾਸ ਹੈ , ਜਿਸ ਵਿਚ ਝਰੋਖੇ ਹੁੰਦੇ ਹਨ ਅਤੇ ਜਿਸ ਨੂੰ ਮਨੁੱਖ ਖ਼ੁਦ ਨਹੀਂ ਲਿਖ ਸਕਦਾ। " ਇਸ ਪ੍ਰਕਾਰ ਜੀਵਨੀ ਕਿਸੇ ਦੇ ਜੀਵਨ ਦੀ ਪੁਨਰ ਸਿਰਜਣਾ ਹੈ। ਇਸ ਦਾ ਮੰਤਵ ਨਾਇਕ ਦੀ ਸ਼ਖ਼ਸੀਅਤ ਦੇ ਸਰਬਪੱਖੀ ਅਧਿਐਨ ਕਰਨ ਦਾ ਹੈ। ਨਾਇਕ ਦਾ ਸੁਭਾਅ , ਖ਼ਾਹਿਸ਼ਾਂ , ਭਾਵਨਾਵਾਂ , ਰੁਚੀਆਂ , ਚਰਿੱਤਰ , ਸਮੱਸਿਆਵਾਂ , ਸਫਲਤਾਵਾਂ , ਅਸਫਲਤਾਵਾਂ ਆਦਿ ਸਭ ਕੁੱਝ ਜੀਵਨੀ ਕਲਾ ਵਿਚ ਇਸ ਤਰ੍ਹਾਂ ਸਮੋਇਆ ਹੁੰਦਾ ਹੈ ਕਿ ਉਸ ਦਾ ਵਿਅਕਤਿਤਵ ਪੂਰੀ ਤਰ੍ਹਾਂ ਉਜਾਗਰ ਹੋ ਜਾਵੇ।

ਜੀਵਨ ਦਾ ਸਭ ਤੋਂ ਪ੍ਰਮੁੱਖ ਵਿਸ਼ਾ-ਮਨੁੱਖੀ ਚਰਿੱਤਰ ਹੈ। ਮਨੁੱਖੀ ਚਰਿੱਤਰ ਕਿਸੇ ਆਦਰਸ਼ ਵਿਅਕਤੀ ਦੇ ਜੀਵਨ ਚਰਿੱਤਰ ਦੇ ਸਹਾਰੇ ਹੀ ਵਿਅਕਤ ਕੀਤਾ ਜਾਂਦਾ ਹੈ। ਇਸ ਲਈ ਜੀਵਨੀ ਦੀ ਚੂਲ ਸੁਪ੍ਰਸਿੱਧ ਨਾਇਕ ਹੀ ਹੁੰਦਾ ਹੈ। ਨਾਇਕ ਹੀ ਜੀਵਨੀ ਕਲਾ ਦਾ ਕੇਂਦਰੀ ਧੁਰਾ ਹੈ। ਜੀਵਨ ਅਤੇ ਸੰਸਾਰ ਦੇ ਕਿਸੇ ਖੇਤਰ ਵਿਚ ਵਿਸ਼ੇਸ਼ ਸਫਲਤਾ ਹਾਸਲ ਕਰਨ ਵਾਲੇ ਵਿਅਕਤੀ ਦੀ ਹੀ ਜੀਵਨੀ ਲਿਖੀ ਜਾ ਸਕਦੀ ਹੈ। ਦੇਵੀ-ਦੇਵਤੇ , ਰਾਜੇ-ਮਹਾਰਾਜੇ , ਮਹਾਂਪੁਰਖ , ਧਾਰਮਿਕ ਆਗੂ , ਸਮਾਜਿਕ , ਰਾਜਨੀਤਿਕ ਜਾਂ ਵਿੱਦਿਅਕ ਖੇਤਰ ਦੇ ਪ੍ਰਮਾਣ ਪੁਰਸ਼ ਅਰਥਾਤ ਆਦਰਸ਼ ਵਿਅਕਤਿਤਵ ਦੇ ਮਾਲਕ ਜੀਵਨੀ ਦੇ ਨਾਇਕ ਬਣਦੇ ਹਨ।

ਭਾਵੇਂ ਰਚਨਾ ਜੀਵਨੀ ਹੋਵੇ ਜਾਂ ਸਵੈ-ਜੀਵਨੀ, ਉਸ ਦਾ ਮਹੱਤਵ ਇੱਕ ਬੰਨੇ ਵਿਸ਼ਾ ਵਸਤੂ ਭਾਵ ਨਾਇਕ ਦੇ ਵਿਅਕਤਿਤਵ ਦੀ ਵੈਰਾਗਤਾ ਤੇ ਵਿਚਿੱਤਰਤਾ ਉੱਤੇ ਆਧਾਰਿਤ ਹੁੰਦਾ ਹੈ ਅਤੇ ਦੂਜੇ ਬੰਨੇ ਜੀਵਨੀ-ਕਾਰ ਦੇ ਨਿਭਾ ਜਾਂ ਲਿਖਣ ਸ਼ੈਲੀ ਉੱਤੇ। ਪੰਜਾਬੀ ਦੇ ਆਧੁਨਿਕ ਸਾਹਿਤ ਵਿਚ ਜੀਵਨੀ ਸਾਹਿਤ ਦਾ ਭੰਡਾਰ ਤਾਂ ਕਾਫ਼ੀ ਹੈ, ਪਰ ਅਜਿਹੀ ਵੰਨਗੀ ਦੀਆਂ ਸਪਸ਼ਟ ਰਚਨਾਵਾਂ ਦੀ ਬੜੀ ਥੁੜ ਹੈ। ਇਸ ਬੰਨੇ ਅਨੁਵਾਦਕਾਂ ਦਾ ਧਿਆਨ ਬਹੁਤਾ ਨਹੀਂ ਗਿਆ। ਇਸ ਕਾਲ ਦੇ ਜੀਵਨੀ ਸਾਹਿਤ ਨੂੰ ਕਈ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ. ਅਰਥਾਤ ਸਵੈ-ਜੀਵਨੀਆਂ ਜਾਂ ਆਤਮ-ਕਥਾਵਾਂ ਜਿਨ੍ਹਾਂ ਦਾ ਕਰਤਾ ਆਪਣੇ ਜੀਵਨ ਰਹਿਮ ਦਸ ਰਿਹਾ ਹੁੰਦਾ ਹੈ। ਵਿਸ਼ੇਸ਼ ਜੀਵਨੀਆਂ ਜਿਨ੍ਹਾਂ ਵਿਚ ਲੇਖਕ ਕਿਸੇ ਮਹਾਨ-ਭਾਵੀ ਵਿਅਕਤੀ ਜਾਂ ਅਸਾਧਾਰਨ ਵਿਅਕਤੀ ਦੇ ਜੀਵਨ ਸਮਾਚਾਰਾਂ ਨੂੰ ਬਿਆਨ ਕਰਦਾ ਹੈ; ਜੀਵਨੀ ਲੇਖ ਜਾਂ ਛੋਟ ਆਕਾਰ ਵਿਚ ਨਾਇਕ ਦੇ ਸੰਪੂਰਨ ਜੀਵਨ ਦੀ ਝਲਕ ਦੇ ਜਾਂਦੇ ਹਨ, ਅੰਸ਼ਕ ਜੀਵਨੀਆਂ ਜਾ ਸਵੈ-ਜੀਵਨੀਆਂ ਦੀਆਂ ਨਿੱਕੀਆਂ ਝਲਕਾਂ ਜੋ ਸਾਹਿੱਤਿਕ ਆਲੋਚਨਾ ਦੀਆਂ ਪੁਸਤਕਾਂ ਵਿਚ ਕਿਸੇ ਸਾਹਿਤਕਾਰ ਦੇ ਜੀਵਨ ਸੰਬੰਧੀ ਵਰਣਨ ਵਿਚ ਮਿਲਦੀਆਂ ਹਨ ਅਤੇ ਆਤਮ ਸਿਮਰਤੀਆਂ ਤੇ ਅਭੁੱਲ ਯਾਦਾਂ ਦੇ ਰੂਪ ਵਿਚ ਸਵੈ-ਜੀਵਨ ਨੂੰ ਚਿਤਰਨ ਵਾਲੀਆਂ ਆਤਮ ਚਿਤਰਨ ਉੱਤੇ ਆਧਾਰਿਤ ਰਚਨਾਵਾਂ ਆਦਿ। ਇਨ੍ਹਾਂ ਤੋਂ ਬਿਨਾਂ ਰੇਖਾ-ਚਿਤਰ ਤੇ ਮੁਲਾਕਾਤਾਂ ਆਦਿ ਵਿਚੋਂ ਵੀ ਜੀਵਨੀ ਸਾਹਿਤ ਦਾ ਆਨੰਦ ਮਾਣਿਆ ਜਾ ਸਕਦਾ ਹੈ। ਇਤਿਹਾਸਕ ਜੀਵਨੀਆਂ ਜਾਂ ਬਿਰਤਾਂਤ ਜਿਨ੍ਹਾਂ ਵਿਚ ਨਾਇਕ ਦੇ ਟਾਕਰੇ ਤੇ ਇਤਿਹਾਸ ਦੇ ਪੱਖ ਭਾਰੂ ਹੋ ਜਾਣ, ਵੱਖਰੀ ਵੰਨਗੀ ਵਿਚ ਆਉਂਦੀਆਂ ਹਨ। ਸਾਧਾਰਨ ਭਾਂਤ ਦੀ ਜੀਵਨੀ ਤੇ ਉੱਚੇ ਪੱਧਰ ਦੀ ਸਾਹਿੱਤਿਕ ਗੁਣਾਂ ਵਾਲੀ ਜੀਵਨੀ ਵਿਚ ਢੇਰ ਅੰਤਰ ਹੁੰਦਾ ਹੈ। ਜਿੱਥੇ ਪਹਿਲੀ ਦਾ ਮਨੋਰਥ ਉਪਯੋਗੀ ਢੰਗ ਨਾਲ ਜਾਣਕਾਰੀ ਦੇਣਾ ਹੈ, ਉੱਥੇ ਦੂਜੀ ਸਾਹਿੱਤਿਕ ਸੁਹਜ ਸਵਾਦ ਨੂੰ ਮੁੱਖ ਰੱਖਦੀ ਹੈ। ਭਾਵੇਂ ਇਸ ਕਾਲ ਦੇ ਜੀਵਨੀ ਸਾਹਿਤ ਵਿਚ ਵਿਸ਼ੇਸ਼ ਭਾਂਤ ਦਾ ਉਚੇਰਾ ਸਾਹਿੱਤਿਕ ਮਿਆਰ ਦ੍ਰਿਸ਼ਟੀਗੋਚਰ ਨਹੀਂ ਹੁੰਦਾ, ਫਿਰ ਵੀ ਕੁੱਝ ਰਚਨਾਵਾਂ ਅਵੱਸ਼ ਨਿੱਖੜ ਕੇ ਸਾਹਮਣੇ ਆਈਆਂ ਹਨ। ਆਪਣੇ ਸਾਹਿੱਤਿਕ ਗੁਣਾਂ ਕਾਰਨ ਉਨ੍ਹਾਂ ਨੇ ਜੀਵਨੀ ਸਾਹਿਤ ਵਿਚ ਵਿਸ਼ੇਸ਼ ਪਰੰਪਰਾ ਨੂੰ ਸਥਾਪਿਤ ਕੀਤਾ ਹੈ।

ਇਸ ਕਾਲ ਵਿਚ ਕੁੱਝ ਉੱਘੇ ਲੇਖਕਾਂ ਨੇ ਸਵੈ-ਜੀਵਨੀ ਵਲ ਉਚੇਚਾ ਧਿਆਨ ਦਿੱਤਾ ਹੈ। ਪ੍ਰਿੰਸੀਪਲ ਤੇਜਾ ਸਿੰਘ ਦੀ "ਆਰਸੀ, ਨਾਨਕ ਸਿੰਘ ਦੀ ਮੇਰੀ ਦੁਨੀਆ, ਗੁਰਬਖ਼ਸ਼ ਸਿੰਘ ਦੀ ਮੇਰੀ ਜੀਵਨ ਕਹਾਣੀ ਤੇ 'ਮੰਜ਼ਿਲ ਦਿਸ ਪਈ ਇਸ ਸ਼੍ਰੇਣੀ ਦੀਆਂ ਵਰਨਣਯੋਗ ਰਚਨਾਵਾਂ ਹਨ | ਪ੍ਰੋ. ਪੂਰਨ ਸਿੰਘ ਦੀ ਅੰਗਰੇਜ਼ੀ ਵਿਚ ਲਿਖੀ ਅੰਸ਼ਿਕ ਸਵੈ-ਜੀਵਨੀ (On the Paths of life) ਇਸ ਕਾਲ ਵਿਚ ਛਪੀ, ਜਿਸ ਦਾ ਗੁਰਬਖ਼ਸ਼ ਸਿੰਘ ਦੁਆਰਾ ਕੀਤਾ ਅਨੁਵਾਦ, ਜ਼ਿੰਦਗੀ ਦੇ ਰਾਹਾਂ 'ਤੇ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਹੋਇਆ। ਇਹ ਪੁਸਤਕਾਂ ਇੱਕ ਤਾਂ ਸਿੱਧ ਸਾਹਿਤਕਾਰਾਂ ਵੱਲੋਂ ਲਿਖੀਆਂ ਗਈਆਂ ਹਨ, ਦੂਜੇ ਇਨ੍ਹਾਂ ਦੀ ਸ਼ੈਲੀ ਸੁਹਜ ਤੇ ਕਲਾਮਈ ਗੁਣਾਂ ਨਾਲ ਭਰਪੂਰ ਹੈ ਅਤੇ ਤੀਜੀ ਇਹ ਕਿ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਦੇ ਵਿਅਕਤੀਗਤ ਪਿਛੋਕੜ ਦੇ ਗੁੱਝੇ ਤੇ ਰਮਜ਼ੀਆ ਪੱਖਾਂ ਉੱਤੇ ਪ੍ਰਕਾਸ਼ ਪਾਉਂਦੀਆਂ ਹਨ। ਇਹ ਸਾਰੇ ਲੇਖਕ ਚੋਟੀ ਦੇ ਅਨੁਭਵੀ, ਰਸਿਕ ਤੇ ਚੇਤੰਨ ਸ਼ਖ਼ਸੀਅਤ ਵਾਲੇ, ਵਿਸ਼ੇਸ਼ ਰੂਪ ਦੀ ਵਿਅਕਤੀਗਤ ਸ਼ੈਲੀ ਦੇ ਸੁਆਮੀ ਹਨ, ਇਸ ਲਈ ਇਨ੍ਹਾਂ ਦੀਆਂ ਇਹ ਰਚਨਾਵਾਂ ਆਧੁਨਿਕ ਗੱਦ ਸਾਹਿਤ ਵਿਚ ਵਿਸ਼ੇਸ਼ ਸਥਾਨ ਰੱਖਦੀਆਂ ਹਨ।

ਪਿਛਲੇ ਦੋ ਦਹਾਕਿਆਂ ਵਿਚ ਕੁੱਝ ਹੋਰ ਪ੍ਰਮੁੱਖ ਸਾਹਿਤਕਾਰਾਂ ਜਿਨ੍ਹਾਂ ਵਿਚ ਕੁੱਝ ਇਸਤਰੀ ਲੇਖਕ ਵੀ ਸ਼ਾਮਲ ਹਨ, ਇਸ ਬੰਨੇ ਆਪਣੀਆਂ ਆਪਣੀਆਂ ਸਵੈ-ਜੀਵਨੀਆਂ ਲਿਖ ਕੇ ਪੰਜਾਬੀ ਗੱਦ ਸਾਹਿਤ ਨੂੰ ਅਮੀਰ ਬਣਾਉਣ ਵਿਚ ਸ਼ਲਾਘਾ ਯੋਗ ਯਤਨ ਕੀਤਾ ਹੈ। ਇਨ੍ਹਾਂ ਦਾ ਵੇਰਵਾ ਢੁਕਵੇਂ ਪ੍ਰਕਰਨ ਅਨੁਸਾਰ ਕੀਤਾ ਜਾ ਰਿਹਾ ਹੈ।

ਪ੍ਰਿੰ. ਤੇਜਾ ਸਿੰਘ ਦੀ 'ਆਰਸੀ' ਵਿਚ ਉਸਦੀ ਅਨੁਭਵੀ ਸ਼ੈਲੀ ਵਧੇਰੇ ਨਿੱਖਰ ਕੇ ਸਾਹਮਣੇ ਆਈ ਹੈ। ਇਸ ਵਿਚ ਮੌਲਿਕ ਬਿਰਤਾਂਤ ਵਾਲਾ ਰਸ ਹੈ। ਲੇਖਕ ਨੇ ਆਪਣਾ ਆਪ ਬਿਆਨ ਕਰਨ ਸਮੇਂ ਕੋਈ ਉਹਲਾ ਜਾਂ ਪਰਦਾ ਨਹੀਂ ਰੱਖਿਆ, ਸਗੋਂ ਸਭ ਕੁੱਝ ਇੰਨ ਬਿੰਨ ਬਿਆਨ ਕਰ ਦਿੱਤਾ ਹੈ। ਇਹ ਬਿਆਨ ਨਾ ਕੇਵਲ ਲੇਖਕ ਦੀ ਜੀਵਨੀ ਦਾ ਹੀ ਪੱਖ ਹੈ, ਸਗੋਂ ਇਹ ਤੱਤ-ਕਾਲੀਨ ਸਮਾਜਕ ਯਥਾਰਥ ਦੇ ਚਿੱਤਰਾਂ ਤੇ ਇਤਿਹਾਸਕ ਤੱਥਾਂ ਨਾਲ ਵੀ ਭਰਪੂਰ ਹੈ

ਨਾਨਕ ਸਿੰਘ ਦੀ ਸਵੈ-ਜੀਵਨੀ "ਮੇਰੀ ਦੁਨੀਆ ਵਿਚ ਨਾਵਲ ਵਾਲਾ ਰੰਗ ਤੇ ਰਸ ਹੈ। ਇਸ ਵਿਚ ਬਿਆਨ ਇਤਿਹਾਸਕ ਨਹੀਂ, ਸਗੋਂ ਨਿੱਕੀਆਂ ਨਿੱਕੀਆਂ ਸਾਹਿੱਤਿਕ ਕਥਾਵਾਂ ਵਾਲਾ ਰੂਪ ਧਾਰਨ ਕਰ ਗਿਆ ਹੈ, ਜਿਸ ਨੂੰ ਲੇਖਕ ਨੇ ਬੜੀ ਸੂਝ ਨਾਲ ਗੁੰਦਿਆ ਹੈ। ਲੇਖਕ ਦੇ ਜੀਵਨ ਨਾਲ ਸੰਬੰਧਿਤ ਇਹ ਘਟਨਾਵਾਂ ਕਈ ਸੁਤੰਤਰ ਕਹਾਣੀਆਂ ਦਾ ਰੂਪ ਵੀ ਲਈ ਬੈਠੀਆਂ ਹਨ। ਉਦਾਹਰਨ ਵਜੋਂ 'ਕੋਲੋਂ ਨਾਂ ਦਾ ਕਾਂਡ ਆਪਣੇ ਆਪ ਵਿਚ ਸੁਤੰਤਰ ਸਾਹਿੱਤਿਕ ਕ੍ਰਿਤ ਦਾ ਪ੍ਰਭਾਵ ਪਾਉਂਦਾ ਹੈ। ਭਾਵੇਂ ਇਹ ਵੱਖ ਵੱਖ ਘਟਨਾਵਾਂ ਦੀ ਲੜੀ ਹੈ, ਪਰ ਲੇਖਕ ਨੇ ਇਸ ਨੂੰ ਬੜੀ ਸੁਹਣੀ ਤਰ੍ਹਾਂ ਇੱਕ ਸੰਗਲੀ ਵਿਚ ਪਰੋ ਦਿੱਤਾ ਹੈ, ਜਿਸ ਨਾਲ ਲੇਖਕ ਦੇ ਜੀਵਨ ਦੇ ਬਹੁਤ ਸਾਰੇ ਉਹ ਪੱਖ ਪਾਠਕਾਂ ਦੇ ਸਾਹਮਣੇ ਆ ਗਏ ਹਨ, ਜਿਨ੍ਹਾਂ ਤੋਂ ਬਿਨਾਂ ਉਸ ਦੇ ਸਾਹਿੱਤਿਕ ਜੀਵਨ ਦੇ ਕੁੱਝ ਪੱਖਾਂ ਤੇ ਨਾਵਲਾਂ ਦੇ ਕੁੱਝ ਪਾਤਰਾਂ ਤੇ ਘਟਨਾਵਾਂ ਨੂੰ ਸਮਝਣਾ ਜੇ ਅਸੰਭਵ ਨਹੀਂ ਤਾਂ ਕਠਿਨ ਜ਼ਰੂਰ ਸੀ। ਨਾਨਕ ਸਿੰਘ ਦਾ ਲਿਖਣ ਢੰਗ ਭਾਵੇਂ ਤੇਜਾ ਸਿੰਘ ਜਾਂ ਗੁਰਬਖ਼ਸ਼ ਸਿੰਘ ਵਰਗਾ ਸੁਲਝਿਆ ਤੇ ਸਾਧਿਆ ਹੋਇਆ ਨਹੀਂ, ਪਰ ਉਸ ਦੀ ਇਹ ਰਚਨਾ ਪੜ੍ਹਨ ਯੋਗ ਤੇ ਮਨੋਰੰਜਕ ਤੱਤਾਂ ਨੂੰ ਆਪਣੇ ਵਿਚ ਸਮਾਈ ਬੈਠੀ ਹੈ।

ਗੁਰਬਖ਼ਸ਼ ਸਿੰਘ ਦੀ ਪ੍ਰਤਿਭਾ ਗੱਦ-ਲੇਖਕ ਦੇ ਤੌਰ ਤੇ ਅਦੁੱਤੀ ਤੇ ਲਾਸਾਨੀ ਹੈ, ਪਰ ਇੱਕ ਅਜਿਹੀ ਰਚਨਾ, ਜਿਸ ਵਿਚ ਉਸ ਦਾ ਅਨੁਭਵ, ਚੇਤੰਨਤਾ, ਗਿਆਨ ਤੇ ਸ਼ੈਲੀ ਇੱਕ ਦਮ ਵੈਰਾਟ ਅਰਥ ਧਾਰਨ ਕਰ ਗਏ ਹਨ, ਉਹ ਉਸ ਦੀ ਸਵੈ-ਜੀਵਨੀ "ਮੇਰੀ ਜੀਵਨ ਕਹਾਣੀ" ਹੀ ਹੈ। ਗੁਰਬਖ਼ਸ਼ ਸਿੰਘ ਨੇ ਪਹਿਲੀ ਵਾਰ ਆਪਣੇ ਅੰਦਰਲੇ ਸੂਖਮ ਆਪੇ ਦੀ, ਹਿਰਦ ਹੋ ਕੇ ਸੁੰਦਰ ਕਲਾਤਮਕ ਰੂਪ ਵਿਚ ਸੰਪੂਰਨ ਝਲਕ ਵਿਖਾਈ ਹੈ। ਉਸ ਨੇ ਆਪਣੇ ਨਿੱਜੀ ਜੀਵਨ ਨਾਲ ਸੰਬੰਧਿਤ, ਅਨੇਕ ਘਟਨਾਵਾਂ ਨੂੰ ਆਪਣੀਆਂ ਕਹਾਣੀਆਂ ਤੇ ਲਿਖਤਾਂ ਵਿਚ ਬਿਆਨਿਆਂ ਸੀ, ਪਰ ਉੱਥੇ ਸ਼ੰਕਾ ਇਹ ਬਣਿਆ ਰਹਿੰਦਾ ਹੈ ਕਿ ਇਹ ਗੁਰਬਖ਼ਸ਼ ਸਿੰਘ ਦੀ ਮਨੋਂ ਕਲਪਨਾ ਹੀ ਹੈ, ਵਾਸਤਵਿਕ ਤੱਥ ਨਹੀਂ, ਪਰ ਇਸ ਰਚਨਾ ਦੇ ਛਪਣ ਮਗਰੋਂ ਉਹ ਰਚਨਾਵਾਂ, ਜਿਨ੍ਹਾਂ ਵਿਚ ਗੁਰਬਖ਼ਸ਼ ਸਿੰਘ ਬੜਾ ਨੇੜੇ ਸੀ ਤੇ ਉਸ ਦਾ ਆਪਾ ਘੋਲਿਆ ਹੋਇਆ ਹੁੰਦਾ ਸੀ, ਹੁਣ ਵਾਸਤਵਿਕ ਅਰਥ ਗ੍ਰਹਿਣ ਕਰ ਗਈਆਂ ਹਨ। ਗੁਰਬਖ਼ਸ਼ ਸਿੰਘ ਆਪਣੇ ਜੀਵਨ ਦੀਆਂ ਨਿੱਕੀਆਂ ਵੱਡੀਆਂ ਘਟਨਾਵਾਂ ਨੂੰ ਆਪਣੇ ਬਚਪਨ ਦੀਆਂ ਯਾਦਾਂ ਤੋਂ ਲੈ ਕੇ, ਪੰਚ ਜੀਵਨ ਦੇ ਅਨੁਭਵ ਤਕ ਲੈ ਆਉਂਦਾ ਹੈ ਤੇ ਰਾਂਗਲੀ ਤਸਵੀਰ ਦੇ ਅਨੇਕ ਚਿੱਤਰ ਸਾਡੇ ਸਾਹਮਣੇ ਲਿਆ ਪ੍ਰਸਤੁਤ ਕਰਦਾ ਹੈ। ਗੁਰਬਖ਼ਸ਼ ਸਿੰਘ ਦੀ ਸਵੈ-ਜੀਵਨੀ ਉੱਤੇ ਪ੍ਰਕਾਸ਼ ਪਾਉਣ ਵਾਲੀ ਇੱਕ ਹੋਰ ਪੁਸਤਕ ਜੀਤਾਂ ਦੇ ਨਾਂ ਲਿਖੀਆਂ ਚਿੱਠੀਆਂ ਦੇ ਰੂਪ ਵਿਚ ਵੀ ਪ੍ਰਕਾਸ਼ਿਤ ਹੋਈ ਹੈ, ਜਿਸ ਵਿਚ ਸੂਝਵਾਨ, ਅਨੁਭਵੀ ਤੇ ਦੂਰ ਦ੍ਰਿਸ਼ਟੀ ਰੱਖਣ ਵਾਲੇ ਇਸ ਮਹਾਨ ਪੰਜਾਬੀ ਲੇਖਕ ਨੇ ਅਮਰੀਕਾ ਵਿਚ ਪ੍ਰਵਾਸ ਦੇ ਦੌਰਾਨ ਆਪਣੇ ਅਨੁਭਵਾਂ ਅਤੇ ਆਪਣੇ ਭਵਿੱਖ ਦੇ ਆਸ਼ਿਆਂ ਬਾਰੇ ਆਪਣੀ ਪਤਨੀ ਤੇ ਪ੍ਰੇਮ ਪੱਤੀਆਂ ਲਿਖੀਆਂ ਹਨ ਅਤੇ ਇਹ ਦੱਸਿਆ ਹੈ ਕਿ ਕਿਸ ਤਰ੍ਹਾਂ ਉਸ ਦੀਆਂ ਮੁਸ਼ਕਲਾਂ ਅਤੇ ਉੱਤੇ ਪਾਈਆਂ ਜ਼ਿੰਮੇਵਾਰੀਆਂ ਨੂੰ ਉਹ ਆਪਣੀ ਪੜ੍ਹਾਈ ਮੁਕਾ ਕੇ ਤੇ ਜੀਵਨ ਦੇ ਪੰਧ ਨੂੰ ਸ਼ੁਰੂ ਕਰ ਕੇ ਨਿਵਿਰਤ ਕਰ ਦੇਵੇਗਾ। ਇਸ ਲਈ ਗੁਰਬਖ਼ਸ਼ ਸਿੰਘ ਦੇ ਜੀਵਨ ਦੇ ਅਮਰੀਕਾ ਦੇ ਪ੍ਰਵਾਸ ਦੇ ਸਮੇਂ ਦੇ ਕਾਲ ਨੂੰ ਸਮਝਣ ਲਈ ਇਹ ਪੁਸਤਕ ਬਹੁਤ ਮਹੱਤਤਾ ਰੱਖਦੀ ਹੈ। ਜ਼ਿੰਦਗੀ ਦੇ ਰਾਹਾਂ 'ਤੇ ਗੁਰਬਖ਼ਸ਼ ਸਿੰਘ ਦਾ ਕੀਤਾ ਹੋਇਆ ਪੂਰਨ ਸਿੰਘ ਦੀ ਅੰਗਰੇਜ਼ੀ ਆਤਮ-ਕਥਾ ਦਾ ਅਨੁਵਾਦ ਹੈ। ਇਹ ਪੁਸਤਕ ਸਾਡੇ ਮਹਾਂ-ਕਵੀ ਤੇ ਚਿੰਤਕ ਦੀ ਅਨੁਭਵੀ ਸ਼ਖ਼ਸੀਅਤ, ਪ੍ਰਚੰਡ ਕਲਪਨਾ, ਭਾਵਕਤਾ ਤੇ ਆਦਰਸ਼ਕ ਰੂਪ ਦੀ ਸੂਖਮ ਮਾਨਵਵਾਦੀ ਤੱਕਣੀ ਦਾ ਤਿੱਖਾ ਤੇ ਨਿੱਖਰਿਆ ਰਸ-ਪੂਰਨ ਬਿਰਤਾਂਤ ਹੈ। ਜਾਪਾਨ ਵਿਚ ਬਿਤਾਏ ਜੀਵਨ ਕਾਲ ਦੇ ਅਨੁਭਵ ਵਿਸ਼ੇਸ਼ ਗੌਰਵ ਦੇ ਧਾਰਨੀ ਹਨ। ਪੂਰਨ ਸਿੰਘ ਦੀ ਅੰਤਰ-ਰਾਸ਼ਟਰੀ ਚੇਤਨਤਾ ਤੇ ਵਿਸ਼ਾਲ ਮਾਨਵ-ਵਾਦੀ ਦ੍ਰਿਸ਼ਟੀਕੋਣ ਦਾ ਪਰੀਚੇ, ਪਹਿਲੀ ਵਾਰ ਇਸ ਪੁਸਤਕ ਨਾਲ ਹੀ ਹੁੰਦਾ ਹੈ। ਸਵੈ-ਜੀਵਨੀ ਹੋਣ ਕਰਕੇ ਇਸ ਦੀ ਪ੍ਰਮਾਣਿਕਤਾ ਸ਼ੰਕਾ-ਰਹਿਤ ਹੈ।

ਅੰਮ੍ਰਿਤਾ ਪ੍ਰੀਤਮ ਦੀ ਲਘੂ ਸਵੈ-ਜੀਵਨੀ 'ਰਸੀਦੀ ਟਿਕਟ' ਵਿਚ ਲੇਖਕਾ ਨੇ ਆਪਣੇ ਨਿੱਜੀ ਜੀਵਨ ਦੇ ਕਈ ਪੱਖਾਂ ਨੂੰ ਭਾਵਕ ਤੇ ਕਾਵਿਮਈ ਰੂਪ ਵਿਚ ਬਿਆਨਣ ਦਾ ਯਤਨ ਕੀਤਾ ਹੈ। 'ਰਸੀਦੀ ਟਿਕਟ' ਵਾਂਗ ਇਹ ਉਸ ਦੀ ਸਨਦ ਬੱਧ ਤੇ ਪ੍ਰਮਾਣਿਕ ਰਚਨਾ ਹੈ। ਇਸ ਵਿਚ ਜਿੱਥੇ ਉਸ ਨੇ ਆਪਣੇ ਜੀਵਨ ਦੇ ਕਈ ਪੱਖਾਂ ਉੱਤੇ ਪ੍ਰਕਾਸ਼ ਪਾਇਆ ਹੈ, ਉੱਥੇ ਕਈ ਪੱਖ ਰਾਖਵੇਂ ਵੀ ਰੱਖ ਲਏ ਹਨ। ਸ਼ਾਇਦ ਇਸ ਲਈ ਕਿ ਉਹ ਉਨ੍ਹਾਂ ਬਾਰੇ ਕੁੱਝ ਕਹਿਣ ਤੋਂ ਸੰਕੋਚ ਕਰਦੀ ਹੈ। ਆਪਣੇ ਵਿਆਹੁਤਾ ਜੀਵਨ ਤੇ ਪੇਸ਼-ਅਨੁਭਵ ਤੋਂ ਲੈ ਕੇ ਉਸ ਨੇ ਆਪਣੇ ਪਤੀ ਸਮਕਾਲੀ ਲੇਖਕਾਂ ਦੇ ਸਾੜੇ ਤਕ ਦਾ ਜ਼ਿਕਰ ਕੀਤਾ ਹੈ, ਪਰ ਤਸਵੀਰ ਦਾ ਦੂਜਾ ਪੱਖ ਉਸ ਦਾ ਆਪਣਾ ਤੀਆ ਹਠ ਤੇ ਸਵੈ-ਅਭਿਮਾਨ ਵੀ ਥਾਂ ਥਾਂ ਉੱਤੇ ਝਲਕਦਾ ਦਿਸਦਾ ਹੈ। ਇਸੇ ਲਈ ਇਸ ਬਿਆਨ ਨੂੰ ਅੰਤਰਮੁਖੀ ਤੇ ਨਿੱਜੀ ਮੰਨਿਆ ਜਾਵੇਗਾ, ਅਨਿਜੀ ਰੂਪ ਦਾ ਉਚੇਚਾ ਸਾਹਿੱਤਿਕ ਅਭਿਵਿਅੰਜਨ ਨਹੀਂ। ਲੇਖਕ ਦੀ ਜੀਵਨੀ ਦੇ ਕੁੱਝ ਰੁਮਾਂਟਿਕ ਤੇ ਵਿਦਰੋਹ-ਭਾਵੀ ਨੁਕਤੇ ਵੀ ਇਸ ਵਿਚ ਹਨ ਅਤੇ ਕਈ ਥਾਵਾਂ 'ਤੇ ਉਸ

ਦਾ ਸਨਕੀ-ਪੁਣਾ ਵੀ। ਪੁਸਤਕ ਦੀ ਸ਼ੈਲੀ ਜ਼ਰੂਰ ਰਸਦਾਇਕ ਤੇ ਸਬਲ ਹੈ। 'ਕਿਰਮਚੀ ਲਕੀਰਾਂ' ਤੇ 'ਕਾਲਾ ਗੁਲਾਬ' ਵਿਚ ਵੀ ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ ਦੇ ਕੁੱਝ ਹੋਰ ਅੰਸ਼ ਅੰਕਿਤ ਕੀਤੇ ਗਏ ਹਨ। ਜੋ ਇਨ੍ਹਾਂ ਉਕਤ ਸਾਹਿੱਤਿਕ ਰਚਨਾਵਾਂ ਤੋਂ ਬਿਨਾਂ ਸਵੈ-ਜੀਵਨੀ ਲਿਖਣ ਵਲ ਰੁਚੀ ਬਹੁਤ ਘੱਟ ਦਿਖਾਈ ਦਿੰਦੀ ਹੈ | ਕੁੱਝ ਰਾਜਸੀ ਖੇਤਰ ਦੇ ਬੀਰ ਸੰਗਰਾਮੀਆ ਤੇ ਦੇਸ਼ ਭਗਤਾਂ ਨੇ ਮਹੱਤਵ-ਪੂਰਨ ਇਤਿਹਾਸਕ ਤੱਥਾਂ ਨੂੰ ਸੁਰੱਖਿਅਤ ਕਰਨ ਹਿਤ ਆਪਣੀ ਜੀਵਨੀ ਦੇ ਕੁੱਝ ਅਜਿਹੇ ਪੱਖਾਂ ਨੂੰ ਕਲਮ-ਬੰਦ ਕੀਤਾ ਹੈ, ਜਿਹੜੇ ਸਾਡੇ ਇਨਕਲਾਬੀ ਇਤਿਹਾਸ ਦਾ ਵਡਮੁੱਲਾ ਕਾਂਡ ਹਨ। ਗੱਦਰ ਪਾਰਟੀ ਦੇ ਪ੍ਰਸਿੱਧ ਦੇਸ਼ ਭਗਤ ਬਾਬਾ ਸੋਹਣ ਸਿੰਘ ਭਕਨਾ ਨੇ, ਆਪਣੀ ਜੀਵਨ ਯਾਤਰਾ ਦੀ ਸਮਾਪਤੀ ਤੋਂ ਕੇਵਲ ਇੱਕ ਸਾਲ ਪਹਿਲਾਂ ਆਪਣੀ ਆਤਮ-ਕਥਾ 'ਜੀਵਨ ਸੰਗਰਾਮ' ਪ੍ਰਕਾਸ਼ਿਤ ਕੀਤੀ। ਇਹ ਰਚਨਾ ਆਕਾਰ ਦੇ ਪੱਖ ਤੋਂ ਭਾਵੇਂ ਛੋਟੀ ਹੈ, ਪਰ ਬਾਬਾ ਜੀ ਨੇ ਆਪਣੇ ਜੀਵਨ ਦੇ ਕਈ ਅਲੋਪ ਪੱਖਾਂ ਨੂੰ ਪਹਿਲੀ ਵਾਰ ਪ੍ਰਮਾਣਿਕ ਰੂਪ ਵਿਚ ਪੇਸ਼ ਕੀਤਾ ਹੈ। ਇਨਕਲਾਬੀ ਸੰਗਰਾਮ ਦੀਆਂ ਕਠਨਾਈਆਂ ਵਿਚੋਂ ਗੁਜ਼ਰਦੀ ਇਨਕਲਾਬੀ ਜ਼ਿੰਦਗੀ, ਕਿਵੇਂ ਆਪਣੇ ਆਦਰਸ਼ਾਂ ਵਿਚ ਦ੍ਰਿੜ੍ਹ ਤੇ ਅਡੋਲ, ਨਿਸ਼ਚਿਤ ਮੰਜ਼ਲ ਵੱਲ ਵਧਦੀ ਹੈ, ਇਸ ਦੀ ਇੱਕ ਭਰਪੂਰ ਝਲਕ ਦੇ ਜਾਂਦੀ ਹੈ। ਬਾਬਾ ਜੀ ਨੇ ਮਹਾਂ-ਪੁਰਸ਼ਾਂ ਵਾਂਗ ਆਪਣੇ ਪਹਿਲੇ ਜੀਵਨ ਦੀਆਂ ਕਮਜ਼ੋਰੀਆਂ ਨੂੰ ਨਿਰਸੰਕੋਚ ਬਿਆਨਿਆਂ ਤੇ ਸਵੀਕਾਰ ਕੀਤਾ ਹੈ ! ਇਹ ਪੁਸਤਕ ਪਿਛਲੇ ਸਤਾਰਾਂ ਸਾਲਾਂ ਦੀ ਇਨਕਲਾਬੀ ਲਹਿਰ ਦੇ ਭਿੰਨ ਭਿੰਨ ਮੋੜਾਂ ਉੱਤੇ ਰੌਸ਼ਨੀ ਪਾਉਂਦੀ ਹੈ। ਇਸ ਵਿਚ ਇਨਕਲਾਬੀ ਦੇਸ਼ ਭਗਤ ਦੇ ਜੀਵਨ ਦੀ ਬੀਰ-ਗਾਥਾ ਦਾ ਆਤਮ ਨਿਰੂਪਣ ਅਤੇ ਆਤਮ ਵਿਵੇਚਨ ਕੀਤਾ ਗਿਆ ਹੈ। ਬਾਬਾ ਜੀ ਦਾ ਲਿਖਣ ਢੰਗ ਸਿੱਧਾ ਸਾਦਾ ਤੇ ਬੜਾ ਸਪਸ਼ਟ ਹੈ। ਉਹ ਪ੍ਰਚੰਡ ਸੂਝ ਰੱਖਣ ਵਾਲੇ ਰਾਜਸੀ ਸਮਾਚਾਰਾਂ ਦੇ ਬੁੱਧੀਮਾਨ ਆਲੋਚਕ ਵੀ ਸਨ ਅਤੇ ਇਨਕਲਾਬੀ ਅਮਲ ਤੇ ਸਿਧਾਂਤ ਦੇ ਸੁਮੇਲ ਵਿਚ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਦੇ ਜੀਵਨ ਵਿਚ ਜਿੱਥੇ ਮਜ਼ਲੂਮ ਮਨੁੱਖਤਾ ਲਈ ਡੂੰਘੀ ਹਮਦਰਦੀ ਸੀ, ਉੱਥੇ ਜ਼ੁਲਮ ਵਿਰੁੱਧ ਡਟ ਜਾਣ ਦੀ ਫ਼ੌਲਾਦੀ ਦ੍ਰਿੜ੍ਹਤਾ ਵੀ ਸੀ। ਵੱਖ ਅਰਜਨ ਸਿੰਘ ਗੜਗੱਜ ਤੇ ਸੋਹਣ ਸਿੰਘ ਜੋਸ਼ ਨੇ ਬਾਬਾ ਜੀ ਦੇ ਜੀਵਨ ਨਾਲ ਸੰਬੰਧਿਤ ਇਨਕਲਾਬੀ ਸਮਾਚਾਰ ਲਿਖੇ ਹਨ। ਗੁਰਚਰਨ ਸਿੰਘ ਸਹਿਸਰਾ ਦੀ ਪੁਸਤਕ 'ਉਹ ਵੀ ਦਿਨ ਸਨ' ਭਾਵੇਂ ਉਸ ਦੇ ਕਿਰਤੀ ਲਹਿਰ ਸਮੇਂ ਦੇ ਇਨਕਲਾਬੀ ਤਜਰਬਿਆਂ ਦਾ ਸੰਗ੍ਰਹਿ ਹੈ, ਪਰ ਇਨ੍ਹਾਂ ਯਾਦਾਂ ਜਾਂ ਆਤਮ-ਸਿਮ੍ਰਿਤੀਆਂ ਵਿਚ ਇਸ ਦੀ ਝਲਕ ਵੀ ਮਿਲ ਜਾਂਦੀ ਹੈ। ਨਹਿਰੂ ਦੀ ਆਪ ਬੀਤੀ ਡਾ. ਰਾਜਿੰਦਰ ਪ੍ਰਸਾਦ ਦੀ ਆਤਮ ਕਥਾ, ਗਾਂਧੀ ਜੀ ਦੀ ਸਤ ਦੀ ਪ੍ਰਾਪਤੀ ਆਦਿ ਪੰਜਾਬੀ ਅਨੁਵਾਦਾਂ ਨਾਲ ਸਵੈ-ਜੀਵਨੀ ਸਾਹਿਤ ਦਾ ਖੇਤਰ ਯਕੀਨੀ ਤੌਰ 'ਤੇ ਵਿਸ਼ਾਲ ਹੋਇਆ ਹੈ। ਕੇਂਦਰੀ ਲੇਖਕ ਸਭਾ ਵੱਲੋਂ ਤੇਰਾ ਸਿੰਘ ਚੰਨ ਦੁਆਰਾ ਅਨੁਵਾਦਿਤ ਰੂਮ ਦੀ ਮਹਾਨ ਪੁਸਤਕ 'ਆਪ ਬੀਤੀਆਂ (ਮਾਈ ਕਨਫੈਸ਼ਨਜ਼) ਨਾਲ ਜੀਵਨੀ ਸਾਹਿਤ ਦਾ ਇੱਕ ਅਤਿ ਉੱਤਮ ਨਮੂਨਾ ਪੰਜਾਬੀ ਜਗਤ ਨੂੰ ਪੜ੍ਹਨ ਲਈ ਮਿਲਿਆ ਹੈ। ਰਾਜਸੀ ਨੇਤਾਵਾਂ ਲੇਖਕਾ ਵਿਚੋਂ ਮਾਸਟਰ ਤਾਰਾ ਸਿੰਘ ਤੇ ਗਿਆਨੀ ਹੀਰਾ ਸਿੰਘ ਦਰਦ ਦੋ ਅਜਿਹੇ ਲੇਖਕ ਹਨ, ਜਿਨ੍ਹਾਂ ਨੇ ਮੇਰੀਆਂ ਯਾਦਾਂ ਤੇ 'ਮੇਰੀਆਂ ਇਤਿਹਾਸਕ ਯਾਦਾਂ ਲਿਖੀਆਂ। ਇਨ੍ਹਾਂ ਰਚਨਾਵਾਂ ਵਿਚ ਲੇਖਕਾਂ ਨੇ ਸਵੈ-ਜੀਵਨੀ ਦੇ ਕਈ ਅੰਸ਼ਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਦੋਹਾਂ ਦਾ ਲਿਖਣ ਢੰਗ ਬੜਾ ਸਿਧਾ, ਸਪਸ਼ਟ, ਰੋਚਕ ਤੇ ਅਰਥ-ਭਰਪੂਰ ਹੈ। ਦੋਹਾਂ ਨੇ ਹੀ ਮਹੱਤਵ ਪੂਰਨ ਰਾਜਸੀ ਘਟਨਾਵਾਂ ਨੂੰ ਬੜਾ ਨੇੜਿਉਂ ਵੇਖਿਆ ਹੈ। ਰਾਜਸੀ ਖੇਤਰ ਦੇ ਬੀਰ ਸਪੂਤਾਂ ਤੇ ਸੰਗਰਾਮੀਆਂ ਸੰਬੰਧੀ ਕੁੱਝ ਜੀਵਨੀਆਂ ਖ਼ਾਸ ਤੌਰ 'ਤੇ ਵਰਣਨ-ਯੋਗ ਹਨ। ਜਸਵੰਤ ਸਿੰਘ 'ਜੱਸ ਰਚਿਤ 'ਬਾਬਾ ਰਾਮ ਸਿੰਘ ਤੇ ਬਾਬਾ ਸੋਹਣ ਸਿੰਘ ਭਕਨਾ , 'ਬਾਬਾ ਵਸਾਖਾ ਸਿੰਘ, ਗੁਰਦਿਤ ਸਿੰਘ ਕਾਮਾਗਾਟਾਮਾਰੂ ਤੱਥ ਆਧਾਰਿਤ ਸਿੱਧ ਦੇਸ਼ ਭਗਤਾਂ ਦੀਆਂ ਜੀਵਨੀਆਂ ਹਨ, ਜਿਨ੍ਹਾਂ ਵਿਚ ਸਾਹਿੱਤਿਕ ਵਾਰਤਕ ਦਾ ਵੀ ਸੁੰਦਰ ਨਮੂਨਾ ਮਿਲਦਾ ਹੈ। ਇਨ੍ਹਾਂ ਦੇ ਨਾਲ ਹੀ ਮਾਸਟਰ ਤਾਰਾ ਸਿੰਘ ਦੀ ਜੀਵਨੀ ਵੀ ਆ ਜਾਂਦੀ ਹੈ, ਜਿਸ ਨੂੰ ਪ੍ਰਿੰ. ਨਿਰੰਜਨ ਸਿੰਘ ਨੇ ਲਿਖਿਆ ਹੈ। ਪ੍ਰਿੰਸੀਪਲ ਨਿਰੰਜਨ ਸਿੰਘ ਮਾਸਟਰ ਜੀ ਦੇ ਛੋਟੇ ਭਾਈ ਸਨ ਤੇ ਪ੍ਰੌਢ ਭਾਂਤ ਦੀ ਵਿਚਾਰਧਾਰਾ ਦੇ ਮਾਲਕ ਸਨ। ਇਸ ਤੋਂ ਇਲਾਵਾ ਆਪ ਨਿਰਪੱਖ ਆਲੋਚਕ ਵੀ ਸਨ। ਮਾਸਟਰ ਜੀ ਦੇ ਜੀਵਨ ਦੇ ਕਈ ਨਿੱਜੀ ਪੱਖਾਂ ਤੋਂ ਭਲੀ ਭਾਂਤ ਪਰੀਚਿਤ ਸਨ, ਪਰ ਨਿੱਜੀ ਰੂਪ ਵਿਚ ਸੱਚ ਦਾ ਬਿਆਨ ਉਨ੍ਹਾਂ ਦਾ ਲੇਖਕ ਦੇ ਰੂਪ ਵਿਚ ਕਸਬ ਤੇ ਕਰਤੱਵ ਹੈ। ਦੁਰਲੱਭ ਸਿੰਘ ਨੇ ਵੀ ਮਾਸਟਰ ਜੀ ਦੀ ਜੀਵਨੀ "ਨਿਰਭੈ ਯੋਧਾ" ਨਾਂ ਹੇਠ ਲਿਖੀ ਹੈ। ਧਾਰਮਿਕ ਮਹਾਂ-ਪੁਰਸ਼ਾਂ ਦੀਆਂ ਜੀਵਨ ਕਥਾਵਾਂ ਵਿਚੋਂ ਹੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਜੀਵਨ ਕਥਾ ਹੈ, ਜਿਸ ਨੂੰ ਡਾ. ਤ੍ਰਿਲੋਚਨ ਸਿੰਘ ਜੀ ਨੇ ਕਲਮਬੰਦ ਕੀਤਾ ਹੈ। ਡਾ. ਤ੍ਰਿਲੋਚਨ ਸਿੰਘ ਰਚਿਤ ਜੀਵਨੀ ਅੰਗਰੇਜ਼ੀ ਤੇ ਪੰਜਾਬੀ ਜੀਵਨੀ ਸਾਹਿਤ ਦਾ ਇੱਕ ਵਧੀਆ ਨਮੂਨਾ ਹੈ। ਸੰਤ ਇੰਦਰ ਸਿੰਘ ਚਕ੍ਰਵਰ ਨੇ ਅਟੱਲ ਪ੍ਰਤਾਪੀ ਸਤਿਗੁਰੂ ਨਾਂ ਦੀ ਰਚਨਾ ਕੀਤੀ ਹੈ, ਜੋ ਨਾਮਧਾਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਸਮਾਚਾਰਾਂ ਨਾਲ ਸੰਬੰਧਿਤ ਹੈ। ਇਸੇ ਮਹਾਨ ਵਿਅਕਤੀ ਨਾਲ ਸੰਬੰਧਿਤ ਇੱਕ ਹੋਰ ਵਿਸ਼ੇਸ਼ ਪੁਸਤਕ ਯੁੱਗ ਪੁਰਸ਼ ਸਤਿਗੁਰ ਪ੍ਰਤਾਪ ਸਿੰਘ ਡਾ. ਕਰਮ ਸਿੰਘ ਕਪੂਰ ਨੇ ਲਿਖੀ ਹੈ। ਇਸ ਪੁਸਤਕ ਵਿਚ ਕਰਤਾ ਨੇ ਸ਼ਰਧਾ-ਗੁਧੀ ਸ਼ੈਲੀ ਵਿਚ ਨਾ ਕੇਵਲ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਜਕ ਤੇ ਰਾਜਸੀ ਲਹਿਰਾਂ ਨਾਲ ਭਰਪੂਰ ਰੋਚਿਕ ਜੀਵਨ ਬਿਰਤਾਂਤ ਹੀ ਦਿੱਤਾ ਹੈ, ਸਗੋਂ ਨਾਮਧਾਰੀ ਸੰਪ੍ਰਦਾਇ ਦੇ ਕਈ ਪੱਖਾਂ ਨੂੰ ਸੁਹਣੀ ਤਰ੍ਹਾਂ ਸਾਹਮਣੇ ਲਿਆਂਦਾ ਹੈ। ਲੇਖਕ ਦੀ ਸ਼ੈਲੀ ਕਲਾਮਈ ਤੇ ਸੁਹਜ ਗੁਣਾਂ ਨਾਲ ਭਰਪੂਰ, ਤੇਜੱਸਵੀ ਤੇ ਅਲੰਕਾਰਿਕ ਹੈ। ਇਹ ਪੁਸਤਕ ਧਾਰਮਿਕ ਸ਼ਰਧਾ ਵਿਚ ਰੰਗੀ ਹੋਈ ਹੈ ਅਤੇ ਨਿੱਜੀ ਜਾਣਕਾਰੀ ਤੇ ਆਧਾਰਿਤ ਹੈ। ਸੰਤ ਨਿਧਾਨ ਸਿੰਘ ਆਲਮ ਦਾ 'ਯੁੱਗ ਪਲਟਾਏ ਸਤਿਗੁਰੂ ਇਸੇ ਸ਼੍ਰੇਣੀ ਦੀ ਸ਼੍ਰੋਮਣੀ ਰਚਨਾ ਹੈ। ਬ੍ਰਿਜ ਲਾਲ ਸ਼ਾਸਤਰੀ ਨੇ ਰਾਮ ਕਥਾ ਲਿਖ ਕੇ ਜੀਵਨੀ ਸਾਹਿਤ ਦੀ ਪਰੰਪਰਾ ਵਿਚ ਭਰਪੂਰ ਵਾਧਾ ਕੀਤਾ ਹੈ

ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਨੇ 'ਨੇੜਿਉਂ ਤੱਕਿਆ ਜਵਾਹਰ ਲਾਲ' ਤੇ 'ਨੇੜਿਉਂ ਤੱਕਿਆ ਗਾਂਧੀ ਲਿਖੀਆਂ ਹਨ, ਜਿਨ੍ਹਾਂ ਵਿਚ ਇਨ੍ਹਾਂ ਮਹਾਨ ਵਿਅਕਤੀਆਂ ਤੇ ਰਾਸ਼ਟਰੀ ਨੇਤਾਵਾਂ ਦੇ ਜੀਵਨ ਦੀਆਂ ਕਈ ਨਿੱਜੀ ਝਲਕਾਂ ਸੁੰਦਰ ਸਾਹਿੱਤਿਕ ਸ਼ੈਲੀ ਵਿਚ ਬਿਆਨੀਆ ਗਈਆਂ ਹਨ ਇਹ ਰਚਨਾਵਾਂ ਮੁਸਾਫ਼ਰ ਜੀ ਦੀ ਆਪਣੀ ਸਵੈ-ਜੀਵਨੀ ਉੱਤੇ ਵੀ ਅੰਸ਼ਿਕ ਪ੍ਰਕਾਸ਼ ਪਾਉਂਦੀਆਂ ਹਨ। ਕੁੱਝ ਸਾਹਿਤਕਾਰਾਂ ਦੀਆਂ

ਜੀਵਨੀਆਂ ਵੀ ਲਿਖੀਆਂ ਗਈਆਂ ਹਨ। ਹਰਦਿਆਲ ਸਿੰਘ ਨੇ 'ਇੱਕ ਸੁਨਹਿਰੀ ਦਿਲ' ਪੁਸਤਕ ਵਿਚ ਡਾ. ਦੀਵਾਨ ਸਿੰਘ ਕਾਲ਼ੇਪਾਣੀ ਦੇ ਕਾਵਿ-ਮਈ ਰਾਂਗਲੇ ਜੀਵਨ ਤੇ ਇਨਕਲਾਬੀ ਸ਼ਹੀਦ ਵਾਲੇ ਦੁਖਾਂਤਕ ਅੰਤ ਨੂੰ ਚਿਤਰਿਆ ਹੈ । ਇਹ ਪੁਸਤਕ ਡਾ. ਦੀਵਾਨ ਸਿੰਘ ਕਾਲ਼ੇਪਾਣੀ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਪਾਠਕਾਂ ਦੇ ਮਨਾਂ ਉੱਤੇ ਡੂੰਘਾ ਪ੍ਰਭਾਵ ਪਾਉਂਦੀ ਹੈ । ਸੂਬਾ ਸਿੰਘ ਨੇ ਵੀ ਡਾ. ਦੀਵਾਨ ਸਿੰਘ ਕਾਲ਼ੇਪਾਣੀ.. ਦੀ ਜੀਵਨੀ ਰਚੀ, ਜੋ ਉਨ੍ਹਾਂ ਦੇ ਅੰਤਿਮ ਸ਼ਹੀਦੀ ਕਾਂਡ ਦੀ ਵਿਥਿਆ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਵਰਣਨ ਕਰਦੀ ਹੈ । ਇਹ ਪੁਸਤਕ ਸੁਜਾਨ ਲੇਖਕ ਨੇ ਤੱਥਾਂ ਦੀ ਘੋਖ ਪੜਤਾਲ ਉਪਰੰਤ ਲਿਖੀ ਹੈ, ਇਸੇ ਲਈ ਵਧੇਰੇ ਪ੍ਰਮਾਣਿਕ ਹੈ । ਡਾ. ਦੀਵਾਨ ਸਿੰਘ ਕਾਲ਼ੇਪਾਣੀ ਦੀ ਜੀਵਨੀ ਨਾਲ ਸੰਬੰਧਿਤ ਇੱਕ ਹੋਰ ਵਰਣਨ ਯੋਗ ਪੁਸਤਕ ਡਾ. ਐਨ. ਇਕਬਾਲ ਸਿੰਘ ਦੀ 'ਲਾਸਾਨੀ ਸ਼ਹੀਦ' ਡਾ. ਦੀਵਾਨ ਸਿੰਘ ਕਾਲ਼ੇਪਾਣੀ ਹੈ, ਜਿਸ ਵਿਚ ਡਾ. ਦੀਵਾਨ ਸਿੰਘ ਦੇ ਦੂਜੇ ਮਹਾਂ ਯੁੱਧ ਸਮੇਂ ਜਪਾਨੀਆਂ ਦੀ ਕੈਦ ਸਮੇਂ ਝੱਲੇ ਗਏ ਤਸੀਹਿਆਂ, ਕਸ਼ਟਾਂ ਤੇ ਸ਼ਹੀਦੀ ਦਾ ਬਿਰਤਾਂਤ ਬਿਆਨ ਕੀਤਾ ਗਿਆ ਹੈ । ਡਾ. ਦੀਵਾਨ ਸਿੰਘ ਕਾਲ਼ੇਪਾਣੀ ਅਡੱਕ ਮਾਨਵਵਾਦੀ ਵਿਸ਼ਵਾਸ ਵਾਲੇ ਦੇਸ਼ ਭਗਤ ਸਨ ਅਤੇ ਉਨ੍ਹਾਂ ਦਾ ਆਤਮ ਬਲੀਦਾਨ ਆਮ ਲੋਕਾਈ ਲਈ ਪ੍ਰੇਰਨਾ ਦਾ ਸ੍ਰੋਤ ਹਨ। ਗੁਰਦਿਆਲ ਸਿੰਘ ਫੁੱਲ ਨੇ ਡਾ. ਭਾਈ ਜੋਧ ਸਿੰਘ ਦਾ ਜੀਵਨ ਬਿਰਤਾਂਤ ਲਿਖ ਕੇ ਵਰਣਨ ਯੋਗ ਕੰਮ ਕੀਤਾ ਹੈ | ਸ. ਸ. ਅਮੋਲ ਨੇ 'ਜੀਵਨ ਭਾਈ ਮੋਹਨ ਸਿੰਘ ਵੈਦ' ਜੋ ਉਨ੍ਹਾਂ ਨੇ ਪਹਿਲਾਂ 1936 ਵਿਚ ਲਿਖਿਆ ਸੀ, ਨੂੰ ਨਵੇਂ ਸਿਰਿਓਂ ਮੁੜ ਲਿਖਿਆ ਹੈ । ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪ੍ਰੋ. ਪੂਰਨ ਸਿੰਘ ਦੀ ਜੀਵਨ ਕਥਾ 'ਰਾਜ ਹੰਸ' ਕਿਰਪਾਲ ਸਿੰਘ ਕਸੇਲ ਦੀ ਵਿਸ਼ੇਸ਼ ਰਚਨਾ ਹੈ, ਜੋ ਆਪਣੀ ਸ਼ੈਲੀ ਦੀ ਸੁੰਦਰਤਾ, ਵਰਣਨ ਦੀ ਸਪਸ਼ਟਤਾ, ਮਹਾਨ ਲੇਖਕ ਪ੍ਰਤਿ ਸੁਹਿਰਦ ਲਗਾਉ ਤੇ ਕਵੀ ਦੇ ਆਦਰਸ਼ਾਂ ਤੇ ਜੀਵਨ ਯਾਤਰਾ ਦੇ ਡੂੰਘੇ ਵਿਸ਼ਲੇਸ਼ਣ ਕਾਰਨ, ਵਿਸ਼ੇਸ਼ ਗੌਰਵ ਧਾਰਨ ਕਰ ਗਈ ਹੈ । ਇਸ ਦਾ ਆਧਾਰ ਪ੍ਰੋ. ਪੂਰਨ ਸਿੰਘ ਦੀਆਂ ਆਪਣੀਆਂ ਲਿਖਤਾਂ ਤੇ ਉਨ੍ਹਾਂ ਦੇ ਨੇੜੇ ਦੇ ਸੰਬੰਧੀਆਂ ਤੋਂ ਪ੍ਰਾਪਤ ਜਾਣਕਾਰੀ ਹੈ । ਇਸ ਵਿਚ ਨਾਵਲ ਵਾਲਾ ਕਹਾਣੀ ਰਸ ਵੀ ਮੌਜੂਦ ਹੈ ਅਤੇ ਪੂਰਨ ਸਿੰਘ ਦੇ ਵਿਅਕਤਿਤਵ ਦੀ ਗੌਰਵਤਾ ਦਾ ਪਰੀਚੇ ਵੀ ਦਿੱਤਾ ਗਿਆ ਹੈ । ਪ੍ਰੋ. ਪੂਰਨ ਸਿੰਘ ਦੀ ਜੀਵਨੀ ਤੇ ਸਵੈ-ਜੀਵਨੀ ਸੰਬੰਧੀ ਕੁੱਝ ਹੋਰ ਮਹੱਤਵ ਪੂਰਨ ਸਮੱਗਰੀ ਵੀ ਇਸ ਕਾਲ ਵਿਚ ਮੌਲਿਕ ਤੇ ਅਨੁਵਾਦਿਤ ਰੂਪ ਵਿਚ ਪ੍ਰਕਾਸ਼ਿਤ ਹੋਈ ਹੈ। ਜ਼ਿੰਦਗੀ ਦੇ ਰਾਹਾਂ ਉੱਤੋਂ ਤੋਂ ਬਿਨਾਂ ਸਵਾਮੀ ਰਾਮ ਤੀਰਥ ਦੀ ਜੀਵਨ ਕਥਾ ਵਿਚ ਜਿਸ ਦਾ ਅਨੁਵਾਦ ਪ੍ਰੋ. ਕਿਰਪਾਲ ਸਿੰਘ ਕਸੇਲ ਦੁਆਰਾ ਕੀਤਾ ਗਿਆ ਹੈ ਵਿਚ ਪ੍ਰੋ, ਪੂਰਨ ਸਿੰਘ ਦੀ ਸਵੈ-ਜੀਵਨੀ ਦੇ ਬਹੁਤ ਸਾਰੇ ਉਹ ਅੰਸ਼ ਪ੍ਰਾਪਤ ਹਨ, ਜਿਨ੍ਹਾਂ ਤੋਂ ਉਨ੍ਹਾਂ ਦਾ ਸਵਾਮੀ ਰਾਮ ਤੀਰਥ ਜੀ ਨਾਲ ਗੁਰੂ ਤੇ ਚੇਲੇ ਵਾਲਾ ਸੰਬੰਧ ਅਤੇ ਸਵਾਮੀ ਜੀ ਦੇ ਵੇਦਾਂਤ ਦਰਸ਼ਨ ਬਾਰੇ ਜਿਨ੍ਹਾਂ ਨੂੰ ਪ੍ਰੋ. ਪੂਰਨ ਸਿੰਘ ਨੇ ਵਿਵਹਾਰਿਕ ਵੇਦਾਂਤ ਦੀ ਸੰਗਿਆ ਦਿੱਤੀ ਹੈ, ਬਾਰੇ  ਕਟਵਰਤੀ ਜਾਣਕਾਰੀ ਪ੍ਰਾਪਤ ਹੁੰਦੀ ਹੈ । ਇੱਥੇ ਯਾਦ ਰੱਖਣ ਵਾਲੀ ਗੱਲ ਹੈ ਕਿ ਭਾਈ ਵੀਰ ਸਿੰਘ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਪ੍ਰੋ. ਪੂਰਨ ਸਿੰਘ ਸਵਾਮੀ ਰਾਮ ਤੀਰਥ ਦੇ ਸ਼ਿਸ਼ਾਂ ਵਿਚੋਂ ਗਿਣਿਆ ਜਾਂਦਾ ਸੀ ਅਤੇ ਸਵਾਮੀ ਰਾਮ ਤੀਰਥ ਦੀਆਂ ਬਹੁਤ ਸਾਰੀਆਂ ਰਚਨਾਵਾਂ ਨੂੰ ਤਪੋਬਨ ਦੇ ਪ੍ਰਭੂ ਅਨੁਭਵ (In the wood of god's realisation) ਦੇ ਕਈ ਭਾਗਾਂ ਵਿਚ ਸੰਪਾਦਿਤ ਕਰਨ ਦਾ ਸਿਹਰਾ ਵੀ ਪ੍ਰੋ. ਪੂਰਨ ਸਿੰਘ ਨੂੰ ਪ੍ਰਾਪਤ ਹੈ ।  ਡਾ. ਐਮ. ਐਸ. ਰੰਧਾਵਾ ਦੇ ਯਤਨਾਂ ਸਦਕਾ ਪ੍ਰੋ. ਪੂਰਨ ਸਿੰਘ ਦੀ ਧਰਮ ਪਤਨੀ ਸ੍ਰੀਮਤੀ ਮਾਇਆ ਦੇਵੀ ਵੱਲੋਂ ਪ੍ਰੋ. ਪੂਰਨ ਸਿੰਘ ਦਾ ਜੀਵਨ ਤੇ ਕਵਿਤਾ ਵਿਚ ਪ੍ਰੋ. ਪੂਰਨ ਸਿੰਘ ਦੀਆਂ ਯਾਦਾਂ ਨਾਲ ਸੰਬੰਧਿਤ ਬਹੁਤ ਵਡਮੁੱਲੀ ਤੱਥ ਆਧਾਰਿਤ ਤੇ ਨਿਕਟਵਰਤੀ ਜਾਣਕਾਰੀ ਦਿੱਤੀ ਗਈ ਹੈ । ਇਸ ਪੁਸਤਕ ਦੇ ਛਪਣ ਨਾਲ ਪ੍ਰੋ. ਪੂਰਨ ਸਿੰਘ ਦੇ ਜੀਵਨ ਦੇ ਅਨੇਕ ਪੱਖ ਜਿਨ੍ਹਾਂ ਬਾਰੇ ਪਹਿਲਾਂ ਬਹੁਤ ਥੋੜ੍ਹਾ ਗਿਆਨ ਸੀ, ਹੁਣ ਇਸ ਪੁਸਤਕ ਰਾਹੀਂ ਗਿਆਤ ਹੋਇਆ ਹੈ। ਇਸ ਲਈ ਇਸ ਪੁਸਤਕ ਦਾ ਪੰਜਾਬੀ ਜੀਵਨੀ ਸਾਹਿਤ ਵਿਚ ਖ਼ਾਸ ਮਹੱਤਵ ਹੈ ।

ਮਹਾਂ ਸਿੰਘ ਰਚਿਤ ਭਾਈ ਵੀਰ ਸਿੰਘ ਜੀ ਦੀ ਜੀਵਨ ਕਥਾ, 'ਗੁਰਮੁਖ ਜੀਵਨ' ਇਸੇ ਸ਼੍ਰੇਣੀ ਦੀ ਇੱਕ ਹੋਰ ਵਰਣਨ-ਯੋਗ ਕ੍ਰਿਤ ਹੈ । ਲੇਖਕ ਕਿਉਂ ਜੋ ਕਈ ਸਾਲ ਭਾਈ ਸਾਹਿਬ ਦਾ ਸਹਿਕਾਰੀ ਰਿਹਾ, ਇਸ ਲਈ ਉਨ੍ਹਾਂ ਦੀ ਸ਼ਖ਼ਸੀਅਤ ਤੇ ਜੀਵਨ ਸਮਾਚਾਰਾਂ ਦੇ ਕਈ ਅਲੋਪ ਪੱਖ ਇਸ ਪੁਸਤਕ ਰਾਹੀਂ ਪਹਿਲੀ ਵਾਰ ਸਾਹਮਣੇ ਆਏ ਹਨ । ਨਿੱਕੀਆਂ ਨਿੱਕੀਆਂ ਜੀਵਨ ਛੂਹਾਂ, ਮੇਲ ਮੁਲਾਕਾਤਾਂ ਤੇ ਘਟਨਾਵਾਂ ਰਾਹੀਂ ਲੇਖਕ ਮਹਾਂ-ਕਵੀ, ਸੰਤ ਤੇ ਸ਼੍ਰੋਮਣੀ ਲੇਖਕ ਦੇ ਜੀਵਨ ਬਿਰਤਾਂਤ ਨੂੰ ਬਹੁਤ ਸੁੰਦਰ ਭਾਂਤ ਪੇਸ਼ ਕਰ ਸਕਿਆ ਹੈ ।

ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਦੇਵ, ਟੈਗੋਰ, ਮਹਾਤਮਾ ਗਾਂਧੀ, ਬਾਬਾ ਫ਼ਰੀਦ, ਗੁਰੂ ਤੇਗ਼ ਬਹਾਦਰ, ਗੁਰੂ ਅਰਜਨ ਦੇਵ ਤੇ ਗੁਰੂ ਅਮਰਦਾਸ ਜੀ ਦੇ ਸ਼ਤਾਬਦੀ ਸਮਾਰੋਹ, ਇਸ ਕਾਲ ਦੀਆਂ ਵਿਸ਼ੇਸ਼ ਘਟਨਾਵਾਂ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਹਰਬੰਸ ਸਿੰਘ, ਸੋਹਣ ਸਿੰਘ ਸੀਤਲ, ਗੋਪਾਲ ਸਿੰਘ ਦਰਦੀ ਤੇ ਭਗਤ ਸਿੰਘ ਦੀਆਂ ਪੁਸਤਕਾਂ ਵਰਣਨ ਯੋਗ ਹਨ । ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਉੱਤੇ ਪ੍ਰੋ. ਸਾਹਿਬ ਸਿੰਘ, ਪ੍ਰਿੰ. ਸਤਿਬੀਰ ਸਿੰਘ, ਪਿਆਰਾ ਸਿੰਘ ਦਾਤਾ, ਸੋਹਣ ਸਿੰਘ ਸੀਤਲ ਤੇ ਗੋਪਾਲ ਸਿੰਘ ਦਰਦੀ ਆਦਿ ਨੇ ਵਰਣਨ-ਯੋਗ ਪੁਸਤਕਾਂ ਲਿਖੀਆਂ ਹਨ ।

ਇਨ੍ਹਾਂ ਜੀਵਨੀਆਂ ਦਾ ਪ੍ਰਸੰਗ ਅਧੂਰਾ ਰਹੇਗਾ ਜੇਕਰ ਕਵੀ ਤਖ਼ਤ ਸਿੰਘ ਦੀ ਰਚਨਾ 'ਸ਼ਹੀਦ ਕਰਨੈਲ ਸਿੰਘ' ਦਾ ਵਰਣਨ ਨਾ ਕੀਤਾ ਜਾਵੇ । ਤਖ਼ਤ ਸਿੰਘ ਆਪਣੇ ਨਿੱਕੇ ਭਾਈ, ਗੋਆ ਦੇ ਅਮਰ ਸ਼ਹੀਦ, ਕਰਨੈਲ ਸਿੰਘ ਦੇ ਜੀਵਨ ਨੂੰ ਨੇੜਿਉਂ ਜਾਣਦਾ ਸੀ, ਜਿਸ ਦਾ ਉਸ ਨੇ ਬੜੀ ਸੁਹਿਰਦਤਾ ਨਾਲ ਵਰਣਨ ਕੀਤਾ । ਇਸ ਪੁਸਤਕ ਦੇ ਲਿਖਣ ਢੰਗ ਵਿਚ ਤਖ਼ਤ ਸਿੰਘ ਨੇ ਸੁਲਝੇ ਹੋਏ ਗੱਦ ਲੇਖਕਾਂ ਵਾਲੇ ਸੰਜਮ ਤੇ ਸੁਹਜ ਵਾਲੇ ਸਾਹਿੱਤਿਕ ਗੁਣਾਂ ਦਾ ਸਬੂਤ ਦਿੱਤਾ ਹੈ। ਵੱਡੇ ਜੀਵਨ ਬਿਰਤਾਂਤਾਂ ਤੋਂ ਛੁੱਟ, ਲਘੂ ਆਕਾਰ ਦੀਆਂ ਜੀਵਨੀਆਂ ਵੀ ਲਿਖੀਆਂ ਗਈਆਂ । ਇਨ੍ਹਾਂ ਦਾ ਆਕਾਰ ਇੱਕ ਲੇਖ ਜਿੰਨਾ ਜਾਂ ਕਈ ਵਾਰ ਥੋੜ੍ਹਾ ਵੱਡਾ ਹੁੰਦਾ ਹੈ, ਜਿਸ ਵਿਚ ਸੰਖੇਪ ਰੂਪ ਵਿਚ ਕਿਸੇ ਵਿਸ਼ੇਸ਼ ਵਿਅਕਤੀ ਦਾ ਸੰਪੂਰਨ ਜੀਵਨ, ਪ੍ਰਮੁੱਖ ਘਟਨਾਵਾਂ ਸਹਿਤ ਬਿਆਨਿਆਂ ਹੁੰਦਾ ਹੈ । ਕਈ ਵਾਰੀ ਇਹ ਰਚਨਾਵਾਂ ਜੀਵਨੀ ਲੇਖ ਦੇ ਨੇੜੇ ਪੁੱਜ ਜਾਂਦੀਆਂ ਹਨ,

ਜਿਨ੍ਹਾਂ ਵਿਚ ਲੇਖਕ ਉਨ੍ਹਾਂ ਦੇ ਜੀਵਨ ਦੇ ਪ੍ਰਮੁੱਖ ਪੱਖਾਂ ਦੇ ਨਾਲ ਨਾਲ ਸਿਧਾਂਤਕ ਵਿਵੇਚਨ ਵੀ ਆਪਣੇ ਵੱਲੋਂ ਦੇ ਜਾਂਦਾ ਹੈ। ਪੰਜਾਬੀ ਵਿਚ ਅਜਿਹੀਆਂ ਕਈ ਰਚਨਾਵਾਂ ਲਿਖੀਆਂ ਗਈਆਂ ਹਨ। ਗੁਰਬਖ਼ਸ਼ ਸਿੰਘ ਦੇ 'ਪਰਮ ਮਨੁੱਖ' ਵਿਚਲੇ ਲੇਖ ਜੀਵਨੀ-ਲੇਖਾਂ ਦੀ ਪਰੰਪਰਾ ਦਾ ਵਧੀਆ ਆਰੰਭ ਕਹੇ ਜਾ ਸਕਦੇ ਹਨ। ਉਸ ਦੀ ਦੂਜੀ ਰਚਨਾ 'ਸਰਬ ਪੱਖੀ ਨਾਇਕ ਵੀ ਵਰਣਨ-ਯੋਗ ਕਿਰਤ ਹੈ | ਕਪੂਰ ਸਿੰਘ ਦਾ 'ਸਪਤ ਸਿੰਧੂ' , ਸੁਜਾਨ ਸਿੰਘ ਦਾ 'ਧਰਤੀ ਦਾ ਲਾਲ' , ਐਸ. ਐਸ. ਅਮੋਲ ਦੇ 'ਨਵੀਨ ਅਮੋਲ ਜੀਵਨ' ਅਤੇ 'ਤਿੰਨ ਮਹਾਂਪੁਰਸ਼ ਆਦਿ ਸਭ ਇਸੇ ਪ੍ਰਕਾਰ ਦੀਆਂ ਰਚਨਾਵਾਂ ਹਨ।

ਗੁਰਮੁਖ ਸਿੰਘ ਮੁਸਾਫ਼ਰ ਨੇ, ਵੀਹਵੀਂ ਸਦੀ ਦੇ ਸ਼ਹੀਦ' ਨਾਂ ਹੇਠ ਕਈ ਜੀਵਨੀ ਲੇਖ ਪ੍ਰਕਾਸ਼ਿਤ ਕੀਤੇ, ਜਿਨ੍ਹਾਂ ਵਿਚ ਦੇਸ਼ ਭਗਤਾਂ ਸੰਬੰਧੀ ਰੋਚਿਕ ਸ਼ੈਲੀ ਵਿਚ ਵੱਖਰੀ ਦਿੱਤੀ ਗਈ ਹੈ ਤੇ ਬਾਗ਼ੀ ਜਰਨੈਲ ਜਨਰਲ ਮੋਹਨ ਸਿੰਘ ਦੀ ਜੀਵਨੀ ਹੈ। ਦੇਸ਼ ਭਗਤ ਟਰੱਸਟ ਨੇ 'ਇਤਿਹਾਸਕ ਯਾਦਾਂ ਨਾਂ ਹੇਠ ਕਈ ਦੇਸ਼ ਭਗਤਾਂ ਦੇ ਜੀਵਨ ਚਰਿੱਤਰ ਜੋ ਨਿਰੋਲ ਇਤਿਹਾਸਕ ਤੱਥਾਂ ਉੱਤੇ ਆਧਾਰਿਤ ਹਨ, ਪ੍ਰਕਾਸ਼ਿਤ ਕੀਤੇ ਹਨ। ਗਿਆਨੀ ਗੁਰਦਿੱਤ ਸਿੰਘ ਦੀ ਰਚਨਾ 'ਅਮਰ ਗਾਥਾ ਜੀਵਨੀ ਸਾਹਿਤ ਵਿਚ ਵਡਮੁੱਲਾ ਵਾਧਾ ਕਰਦੀ ਹੈ। ਅਮਰ ਸਿੰਘ ਤੇਗ਼ ਦੀ ਇੱਕ ਵਰਣਨ ਯੋਗ ਕਿਰਤ 'ਫ਼ਰੰਗੀ ਦੀਆਂ ਜੇਲ੍ਹਾਂ ਵਿਚ ਦੇਸ਼ ਭਗਤ" ਨਾਂ ਦੀ ਵੱਡ-ਆਕਾਰੀ ਪੁਸਤਕ ਹੈ, ਜਿਸ ਵਿਚ ਅਨੇਕ ਦੇਸ਼ ਭਗਤਾਂ ਦੇ ਅੰਗਰੇਜ਼ੀ ਸਰਕਾਰ ਦੀਆਂ ਜੇਲ੍ਹਾਂ ਵਿਚ ਝੱਲੇ ਗਏ ਕਸ਼ਟਾਂ ਤੇ ਸੁਤੰਤਰਤਾ ਸੰਗਰਾਮੀਆਂ ਦੇ ਦ੍ਰਿੜ੍ਹ ਇਰਾਦਿਆਂ ਅਤੇ ਸੁਤੰਤਰਤਾ ਸੰਬੰਧੀ ਆਦਰਸ਼ਾਂ ਬਾਰੇ ਇੰਨੀ ਵੱਡੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਇਸ ਨੂੰ ਆਧਾਰ ਬਣਾ ਕੇ ਕਈ ਇਤਿਹਾਸਕ ਨਾਵਲਾਂ ਦੀ ਰਚਨਾ ਕੀਤੀ ਜਾ ਸਕਦੀ ਹੈ।

ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਪੁਸਤਕ ਜਿਸ ਨੂੰ ਆਜ਼ਾਦ ਹਿੰਦ ਫ਼ੌਜ ਦੇ ਬਾਨੀ ਜਨਰਲ ਮੋਹਨ ਸਿੰਘ ਨੇ ਲਿਖਿਆ ਹੈ, 'ਭਾਰਤੀ ਸੁਤੰਤਰਤਾ ਸੰਗਰਾਮ ਨੂੰ ਆਜ਼ਾਦ ਹਿੰਦ ਫ਼ੌਜ ਦਾ ਯੋਗਦਾਨ' ਵਿਚ ਲੇਖਕ ਨੇ ਆਪਣੀ ਨਿੱਜੀ ਜਾਣਕਾਰੀ ਦੇ ਆਧਾਰ 'ਤੇ ਦੱਖਣ ਪੂਰਬ ਏਸ਼ੀਆ ਵਿਚ ਭਾਰਤੀ ਸੁਤੰਤਰਤਾ ਸੰਗਰਾਮ ਨੂੰ ਜਥੇਬੰਦਕ ਕਰਨ ਤੇ ਜਪਾਨੀਆਂ ਦੀ ਨਜ਼ਰਬੰਦੀ ਸਮੇਂ ਬਿਤਾਏ ਗਏ ਜੀਵਨ, ਨੇਤਾ ਜੀ ਸੁਭਾਸ਼ ਨਾਲ ਹੋਈ ਗੱਲ ਬਾਤ ਅਤੇ ਆਜ਼ਾਦ ਹਿੰਦ ਫ਼ੌਜ ਦੀ ਸੈਨਿਕ ਸਮਰੱਥਾ ਤੇ ਤਰੁੱਟੀਆਂ ਉੱਤੇ ਸਾਹਿੱਤਿਕ ਦ੍ਰਿਸ਼ਟੀਕੋਣ ਤੋਂ ਵੀ ਬਹੁਤ ਉਪਯੋਗੀ ਤੇ ਇਤਿਹਾਸਕ ਤੱਥਾਂ ਉੱਤੇ ਆਧਾਰਿਤ ਸਮਗਰੀ ਨੂੰ ਬੜੀ ਰੋਚਿਕ ਤੇ ਕਲਾਮਈ ਸਾਹਿੱਤਿਕ ਸ਼ੈਲੀ ਵਿਚ ਪੇਸ਼ ਕੀਤਾ ਹੈ। ਸਵੈ-ਜੀਵਨੀ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਸ ਪੁਸਤਕ ਦਾ ਵਿਸ਼ੇਸ਼ ਮਹੱਤਵ ਹੈ। ਪ੍ਰੇਮ ਸਿੰਘ ਪ੍ਰੇਮ ਦੀ ਲਿਖੀ ਪੁਸਤਕ 'ਲੰਘ ਗਏ ਦਰਿਆ , ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਦੇ ਜੀਵਨ ਉੱਤੇ ਵਡਮੁੱਲੀ ਰਚਨਾ ਹੈ, ਜਿਸ ਵਿਚ ਮੁਸਾਫ਼ਰ ਜੀ ਦੇ ਸੁਤੰਤਰਤਾ ਸੰਗਰਾਮ ਵਿਚ ਪਾਏ ਯੋਗਦਾਨ ਨੂੰ ਵੇਰਵੇ ਸਹਿਤ ਬਿਆਨ ਕੀਤਾ ਗਿਆ ਹੈ।

ਸਪਸ਼ਟ ਭਾਂਤ ਦੀ ਸਾਹਿੱਤਿਕ ਜੀਵਨੀ ਦੀ ਨੀਂਹ ਭਾਵੇਂ ਰੱਖੀ ਜਾ ਚੁੱਕੀ ਹੈ, ਪਰ ਹਾਲੀ ਇਸ ਵਿਸ਼ੇਸ਼ ਸਾਹਿੱਤਿਕ ਰੂਪ ਦੀ ਭਰਪੂਰ ਸੰਭਾਵਨਾ ਵਿਕਸਿਤ ਕਰਨੀ ਬਾਕੀ ਹੈ। ਸਿੱਧੇ ਢੰਗ ਦੇ ਜੀਵਨ ਬਿਰਤਾਂਤਾਂ ਦੇ ਨਾਲ ਨਾਲ ਸਾਹਿਤਕਾਰਾਂ ਦੇ ਨਿੱਜੀ ਜੀਵਨ ਦੇ ਪਿਛੋਕੜ ਨੂੰ ਮਟਕ-ਦਾਰ ਪੱਤਰਕਾਰੀ ਸ਼ੈਲੀ ਵਿਚ ਤੇ ਕੁੱਝ ਹੱਦ ਤਕ ਨਿੱਖਰਵੀਂ ਸ਼ੈਲੀ ਵਿਚ ਲਿਖਣ ਦਾ ਰਿਵਾਜ ਵੀ ਪੈ ਗਿਆ ਹੈ।

**ਕੁੱਝ ਹੋਰ ਸਵੈ-ਜੀਵਨੀ ਕਾਰ ਤੇ ਜੀਵਨੀ ਕਾਰ**

ਪਿਛਲੇ ਦੋ ਦਹਾਕਿਆਂ ਵਿਚ ਬਹੁਤ ਸਾਰੇ ਪੰਜਾਬੀ ਦੇ ਪ੍ਰਮੁੱਖ ਸਾਹਿਤਕਾਰਾਂ ਨੇ ਆਪਣੀਆਂ ਸਵੈ-ਜੀਵਨੀਆਂ ਅਤੇ ਸਾਹਿੱਤਿਕ ਜੀਵਨੀਆਂ ਲਿਖੀਆਂ ਹਨ। ਇਨ੍ਹਾਂ ਲੇਖਕਾਂ ਵਿਚ ਪੁਰਸ਼ ਤੇ ਇਸਤਰੀ ਦੋਹਾਂ ਵਰਗਾਂ ਦੇ ਲੇਖਕ ਆ ਜਾਂਦੇ ਹਨ। ਬਹੁਤ ਸਾਰੇ ਲੇਖਕਾਂ ਨੇ ਤਾਂ ਆਪਣੀ ਪ੍ਰੋਢ ਆਯੂ ਵਿਚ ਸਵੈ-ਜੀਵਨੀ ਲਿਖਣ ਵੱਲ ਧਿਆਨ ਦਿੱਤਾ ਹੈ। ਸ਼ਾਇਦ ਇਹ ਪੰਜਾਬੀ ਦੀ ਪਹਿਲੀ ਪੀੜ੍ਹੀ ਦੇ ਲੇਖਕਾਂ ਦਾ ਸੁਭਾਅ ਹੋਵੇ। ਪ੍ਰਮੁੱਖ ਸਾਹਿਤਕਾਰਾਂ ਦੀਆਂ ਸਵੈ ਜੀਵਨੀਆਂ ਉੱਪਰ ਚਰਚਾ ਕਰਨੀ ਅਸੰਗਤ ਨਹੀਂ ਹੋਵੇਗੀ।

ਡਾ. ਐਮ. ਐਸ. ਰੰਧਾਵਾ ਦੀ ਸਵੈ ਜੀਵਨੀ 'ਆਪ ਬੀਤੀ' ਸਿਰਲੇਖ ਹੇਠ ਪ੍ਰਕਾਸ਼ਿਤ ਹੋਈ ਹੈ। ਇਸ ਦੇ ਪਹਿਲੇ ਭਾਗ ਵਿਚ ਲੇਖਕ ਨੇ ਆਪਣੀ ਭੈਣ ਦੇ ਕੁੱਝ ਪ੍ਰਤੀਕਰਮਾਂ ਅਤੇ ਯਾਦਾਂ ਦੁਆਰਾ ਆਪਣੇ ਬਚਪਨ ਦੀ ਕਹਾਣੀ ਬਿਆਨ ਕੀਤੀ ਹੈ। ਇਸ ਤੋਂ ਬਿਨਾਂ ਆਪਣੀ ਪੜ੍ਹਾਈ ਤੇ ਭਾਰਤੀ ਸੇਵਾ ਵਿਚ ਪ੍ਰਾਪਤ ਕੀਤੀ ਗਈ ਸਫਲਤਾ ਲਈ ਕੀਤੀ ਗਈ ਘਾਲਣਾ ਦਾ ਉੱਲੇਖ ਕੀਤਾ ਹੈ। ਡਾ. ਰੰਧਾਵਾ ਕਈ ਉੱਚ ਕੋਟੀ ਦੀਆਂ ਪ੍ਰਸ਼ਾਸਕੀ ਸੇਵਾਵਾਂ ਨੂੰ ਨਿਭਾਉਂਦੇ ਰਹੇ ਹਨ, ਪਰ ਆਪ ਜਿਸ ਪਦਵੀ ਉੱਤੇ ਰਹੇ, ਆਪ ਨੇ ਲੋਕ ਹਿਤਾਂ ਨੂੰ ਸਦਾ ਸਨਮੁੱਖ ਰੱਖਿਆ ਹੈ ਅਤੇ ਦਫ਼ਤਰੀ ਘਸੀ ਪਿੱਟੀ ਰੀਤੀ ਨੂੰ ਅੱਖੋਂ ਪਰੋਖੇ ਕਰ ਕੇ ਤੁਰੰਤ ਨਿਰਨੇ ਲੈਣ ਅਤੇ ਉਨ੍ਹਾਂ ਉੱਤੇ ਅਮਲ ਕਰਵਾਇਆ। ਡਾ. ਐਮ. ਐਸ. ਰੰਧਾਵਾ ਨਾ ਕੇਵਲ ਇੱਕ ਵਿਅਕਤੀ ਸੀ, ਸਗੋਂ ਉਹ ਇੱਕ ਸੰਸਥਾ ਤੇ ਇੱਕ ਆਦਰਸ਼ ਸੀ, ਜਿਸ ਨਾਲ ਅਨੇਕ ਪ੍ਰਕਾਰ ਦੇ ਕਲਾਤਮਕ ਕਾਰਜ ਵੀ ਜੁੜੇ ਹੋਏ ਸਨ। ਇਨ੍ਹਾਂ ਸਭ ਦੇ ਸੰਕੇਤਕ ਵਰਣਨ ਇਸ ਜੀਵਨੀ ਵਿਚ ਮਿਲਦੇ ਹਨ। ਇਨ੍ਹਾਂ ਵਿਚੋਂ ਲੇਖਕ ਦੇ ਕੰਮ ਕਰਨ ਦਾ ਢੰਗ ਅਤੇ ਦੂਜਿਆਂ ਨੂੰ ਉਤਸ਼ਾਹ ਤੇ ਪ੍ਰੇਰਨਾ ਦੇ ਕੇ ਅੱਗੇ ਲਿਆਉਣ ਦੀਆਂ ਅਨੇਕ ਘਟਨਾਵਾਂ ਇਸ ਸਵੈ-ਜੀਵਨੀ ਵਿਚ ਸੰਕਲਿਤ ਹਨ | ਆਪ ਕਲਾ ਪ੍ਰੇਮੀ ਅਤੇ ਸੁਹਜ ਸੁੰਦਰਤਾ ਦੇ ਵਣਜਾਰੇ ਸਨ ਅਤੇ ਭਾਰਤ ਦੇ ਨਵ ਨਿਰਮਾਣ ਵਿਚ ਉਨ੍ਹਾਂ ਦੀਆਂ ਇਹ ਰੁਚੀਆਂ ਬੜੀਆਂ ਸਹਾਈ ਸਿੱਧ ਹੋਈਆਂ ਹਨ। ਇਹ ਇੱਕ ਆਦਰਸ਼ਕ ਪੰਜਾਬੀ ਦੀ ਗਾਥਾ ਹੈ ਜਿਸ ਵਿਚ ਸਵੈ-ਅਭਿਮਾਨ ਦਾ ਤਿਆਗ ਕਰ ਕੇ ਜੀਵਨ ਦੇ ਵੇਰਵੇ ਲਿਖੇ ਗਏ ਹਨ। ਡਾ. ਰੰਧਾਵਾ ਦਾ ਲਿਖਣ ਢੰਗ ਸਰਲ ਸਪਸ਼ਟ, ਵਿਗਿਆਨਕ, ਰਸਵੰਤ ਤੇ ਸਾਹਿੱਤਿਕ ਹੈ।

ਸੋਹਣ ਸਿੰਘ ਸੀਤਲ ਨੇ ਆਪਣੀ ਸਵੈ-ਜੀਵਨੀ ਵੇਖੀ ਮਾਣੀ ਦੁਨੀਆਂ ਵਿਚ ਆਪਣੇ ਬਚਪਨ ਤੋਂ ਲੈ ਕੇ ਪ੍ਰੋਢ ਆਯੂ ਤਕ ਦੇ ਜੀਵਨ-ਬਿਰਤਾਂਤ ਨੂੰ ਬੜੀ ਸਰਲ, ਸਪਸ਼ਟ ਤੇ ਸ਼ੁੱਧ ਟਕਸਾਲੀ ਪੰਜਾਬੀ ਵਾਰਤਕ ਵਿਚ ਰਚਿਆ ਹੈ, ਜਿਸ ਵਿਚ ਆਪ ਦੇ ਜਨਮ ਪਿੰਡ (ਖਾਰੇ ਮਾਝੇ) ਅਤੇ ਨਾਨਕੇ ਪਿੰਡ (ਮਾਝੇ ਜ਼ਿਲ੍ਹਾ ਅੰਮ੍ਰਿਤਸਰ) ਦੇ ਸਭਿਆਚਾਰਕ ਪਿਛੋਕੜ ਦੇ ਨਾਲ ਨਾਲ ਕਿਰਸਾਨੀ ਸਮਾਜ ਅਤੇ ਵਿਸ਼ੇਸ਼ ਕਰ ਕੇ ਮਾਝੇ ਦੇ ਔਖੜ ਜੱਟ ਸਭਿਆਚਾਰ ਵਿਚ ਇਕਲੌਤੇ ਵਿਅਕਤੀ ਦੀਆਂ ਮੁਸ਼ਕਲਾਂ ਨੂੰ ਬਿਆਨ ਕੀਤਾ ਹੈ, ਪਰ ਜਦੋਂ ਉਹ ਆਪਣੀ ਕਲਾਮਈ ਲਗਨ ਤੇ ਰੁਚੀਆਂ ਦੇ ਜਾਗਰੂਕ ਹੋਣ ਉੱਤੇ ਪ੍ਰਮੁੱਖ ਢਾਡੀ ਬਣ ਗਿਆ ਤਾਂ ਦੁਨੀਆਂ ਦੀ ਨਜ਼ਰ ਉਸ ਵੱਲ ਸਵੱਲੀ ਹੋ ਗਈ ਅਤੇ ਸ਼ਰੀਕਾਂ ਦਾ ਵਤੀਰਾ ਵੀ ਬਦਲ ਗਿਆ । ਇਸ ਜੀਵਨੀ ਵਿਚ ਇਤਿਹਾਸਕ, ਸਭਿਆਚਾਰਕ ਤੇ ਸਮਾਜਕ ਜੀਵਨ, ਜੋ ਲੇਖਕ ਦੇ ਵਿਅਕਤੀਗਤ ਅਤੇ ਜਨਤਕ ਪੱਖ ਨਾਲ ਸੰਬੰਧਿਤ ਹੈ, ਦੇ ਵਿਸਤਰਿਤ ਵੇਰਵੇ ਦਿੱਤੇ ਗਏ ਹਨ । ਇਸ ਲਈ ਇਸ ਸਵੈ-ਜੀਵਨੀ ਦਾ ਨਿਜ ਦੇ ਨਾਲ ਵੀ ਡੂੰਘਾ ਨਾਤਾ ਹੈ । ਕਰਤਾਰ ਸਿੰਘ ਦੁੱਗਲ ਦੀ ਸਵੈ-ਜੀਵਨੀ 'ਕਿਸ ਪੈ ਖੋਲ੍ਹੋ ਗਠੜੀ' ਇੱਕ ਵੱਡ ਆਕਾਰੀ ਰਚਨਾ ਹੈ, ਜਿਸ ਦਾ ਜੀਵਨ ਬਿਰਤਾਂਤ ਬੜਾ ਰੌਚਿਕ ਤੇ ਅਨੇਕ ਸਾਹਿੱਤਿਕ ਗੁਣਾਂ ਨਾਲ ਭਰਪੂਰ ਹੈ। ਇਸ ਵਿਚ ਹਰ ਘਟਨਾ ਦੁੱਗਲ ਦੀ ਕਹਾਣੀ ਸਮਾਨ ਚੱਲਦੀ ਹੈ ਅਤੇ ਉਹ ਆਪਣੇ ਆਪ ਵਿਚ ਸੰਪੂਰਨ ਹੁੰਦੀ ਹੈ । ਵਾਰਤਕ ਸ਼ੈਲੀ ਵਿਚ ਕਾਵਿਮਈ ਤੇ ਨਾਟਕੀ ਛੂਹਾਂ, ਚੁਸਤ ਵਾਰਤਾਲਾਪ ਅਤੇ ਲੇਖਕ ਦੇ ਸੰਪਰਕ ਵਿਚ ਆਏ ਪਾਤਰਾਂ ਅਤੇ ਘਟਨਾਵਾਂ ਬੜੇ ਰੌਚਕ ਢੰਗ ਨਾਲ ਵਰਣਨ ਕੀਤੇ ਗਏ ਹਨ ਅਤੇ ਜੀਵਨ ਮਾਲਾ ਵਿਚ ਸੁੰਦਰ ਮਣਕਿਆਂ ਦੇ ਹਾਰ ਪਰੋਏ ਗਏ ਹਨ। ਬਿਆਨ ਨਿਰਸੰਕੋਚ ਤੇ ਯਥਾਰਥਮੁਖੀ ਹੈ । ਕਿਸੇ ਗੱਲ ਨੂੰ ਲੁਕਲਾਉਣ ਛਿਪਾਉਣ ਦਾ ਯਤਨ ਨਹੀਂ ਕੀਤਾ ਗਿਆ | ਇੱਕ ਸਾਹਿੱਤਿਕ ਕਿਰਤ ਦੇ ਤੌਰ 'ਤੇ ਇਹ ਸਵੈ-ਜੀਵਨੀ ਕਾਫ਼ੀ ਮੁੱਲਵਾਨ ਮੰਨੀ ਜਾ ਸਕਦੀ ਹੈ ।

ਸੰਤ ਸਿੰਘ ਸੇਖੋਂ ਦੀ ਸਵੈ-ਜੀਵਨੀ 'ਉਮਰਾਂ ਦਾ ਪੰਧ' ਵੀ ਵੱਡੇ ਆਕਾਰ ਦੀ ਦੋ ਭਾਗਾਂ ਵਿਚ ਪ੍ਰਕਾਸ਼ਿਤ ਹੋਈ ਪੁਸਤਕ ਹੈ, ਜਿਸ ਵਿਚ ਪੰਜਾਬੀ ਦੇ ਇਸ ਸਾਹਿੱਤਿਕ ਬਾਬਾ ਬੋਹੜ ਦੇ ਜੀਵਨ ਸਮਾਚਾਰਾਂ ਦਾ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ । ਲੇਖਕ ਦੇ ਜੀਵਨ ਵਿਚ ਕਈ ਉਤਰਾਵ-ਚੜਾ ਆਏ ਹਨ ਪਰ ਮੁੱਖ ਰੂਪ ਵਿਚ ਇਹ ਇੱਕ ਸਾਹਿਤਕਾਰ ਤੇ ਸਿੱਖਿਆ ਸ਼ਾਸਤਰੀ ਦਾ ਬਿਰਤਾਂਤ ਹੈ। ਇਸ ਸਵੈ-ਜੀਵਨੀ ਉੱਤੇ ਕਈ ਕਿੰਤੂ ਵੀ ਉੱਠੇ ਹਨ, ਜਿਵੇਂ ਕਈ ਥਾਵਾਂ 'ਤੇ ਇਸਤਰੀ ਪੁਰਸ਼ ਦੇ ਪਰਸਪਰ ਸੰਬੰਧਾਂ ਵਿਚ ਲਈਆਂ ਗਈਆਂ ਖੁੱਲ੍ਹਾਂ ਆਦਿ ਬਾਰੇ। ਕਈ ਥਾਵਾਂ 'ਤੇ ਲੇਖਕ ਨੇ ਆਪਣੇ ਸਹਿ-ਕਰਮੀਆਂ ਦਾ ਵੀ ਮਜ਼ਾਕ ਉਡਾਇਆ ਹੈ, ਜੋ ਇੱਕ ਸੂਖਮ ਬਿਰਤੀ ਵਾਲੇ ਪਾਠਕ ਨੂੰ ਅਵੱਸ਼ ਹੀ ਰੜਕਦਾ ਹੈ ਪਰ ਇਨ੍ਹਾਂ ਤਰੁੱਟੀਆਂ ਦੇ ਬਾਵਜੂਦ ਇਸ ਰਚਨਾ ਵਿਚ ਸਮਕਾਲੀ ਜੀਵਨ ਦੀ ਅਜਿਹੀ ਭਰਪੂਰ ਝਲਕ ਵੇਖੀ ਜਾ ਸਕਦੀ ਹੈ, ਜੋ ਕੇਵਲ ਲੇਖਕ ਦੀ ਵਿਅਕਤੀਗਤ ਰਾਸ ਪੂੰਜੀ ਹੀ ਨਹੀਂ ਸਗੋਂ ਸਮਾਜਕ ਪ੍ਰਬੰਧਾਂ ਤੇ ਸੰਬੰਧਾਂ ਦੀ ਜਟਿਲ ਵਿਥਿਆ ਵੀ ਹੈ । ਡਾ. ਜਨਮੇਜਾ ਸਿੰਘ ਜੌਹਲ ਨੇ ਵੀ ਸੈਂਕੜੇ ਪੰਨਿਆਂ ਦੀ ਆਪਣੀ ਸਵੈ-ਜੀਵਨੀ 'ਰੰਗਾਂ ਦੀ ਗਾਗਰ' ਨਾਂ ਹੇਠ ਪ੍ਰਕਾਸ਼ਿਤ ਕੀਤੀ ਹੈ । ਡਾ. ਐਮ. ਐਸ. ਰੰਧਾਵਾ ਸਮਾਨ ਡਾ. ਜਨਮੇਜਾ ਸਿੰਘ ਜੌਹਲ ਦਾ ਜੀਵਨ ਵੀ ਇੱਕ ਆਦਰਸ਼ਕ ਜੀਵਨ ਗਾਥਾ ਹੈ । ਇਸ ਜੀਵਨੀ ਵਿਚ ਬਚਪਨ ਦਾ ਬਿਰਤਾਂਤ ਬੜਾ ਰੋਚਿਕ ਤੇ ਉਸ ਦੀਆਂ ਯਾਦਾਂ ਬੜੀਆਂ ਸੁਹਾਵਣੀਆਂ ਹਨ। ਆਪ ਮੁੱਖ ਸਿੱਖਿਆ ਸ਼ਾਸਤਰੀ, ਅੰਤਰ-ਰਾਸ਼ਟਰੀ ਪੱਧਰ ਦੇ ਅਰਥ ਵਿਗਿਆਨੀ ਅਤੇ ਵਿਸ਼ੇਸ਼ ਕਰ ਕੇ ਕਿਰਸਾਨੀ ਆਰਥਿਕਤਾ ਦੇ ਵਸ਼ਿਸ਼ਟ ਮਾਹਿਰਾਂ ਵਿਚੋਂ ਹਨ ਅਤੇ ਜੀਵਨ ਦੇ ਨੇਕ ਪੱਖਾਂ ਉਹਨਾਂ ਦੇ ਵਿਚਾਰ ਬੜੇ ਸਪਸ਼ਟ ਤੇ ਨਿਆਰੇ ਹਨ । ਉਨ੍ਹਾਂ ਦਾ ਲਿਖਣ ਢੰਗ ਸਰਲ, ਸਪਸ਼ਟ ਅਤੇ ਰੋਚਿਕ ਹੈ । ਉਨ੍ਹਾਂ ਦਾ ਦ੍ਰਿਸ਼ਟੀਕੋਣ ਪ੍ਰੇਰਨਾ ਦਾਇਕ ਤੇ ਕਾਇਲ ਕਰਨ ਵਾਲਾ ਕੇ ਬਿਆਨ ਬੜਾ ਨਿਝੱਕ ਸਾਹਸ ਪੂਰਵਕ ਹੈ । ਪੰਜਾਬੀ ਦੇ ਸਵੈ-ਜੀਵਨੀ ਸਾਹਿਤ ਵਿਚ ਇਸ ਰਚਨਾ ਦਾ ਵੀ ਆਪਣਾ ਨਵੇਕਲਾ ਸਥਾਨ ਹੈ

ਡਾ. ਹਰਿਭਜਨ ਸਿੰਘ ਦੀ ਸਵੈ-ਜੀਵਨੀ 'ਟਾਕੀਆਂ ਵਾਲਾ ਚੋਲਾ' ਦੇ ਨਾਂ ਹੇਠ ਪ੍ਰਕਾਸ਼ਿਤ ਹੋਈ ਹੈ । ਡਾ. ਹਰਿਭਜਨ ਸਿੰਘ ਪੰਜਾਬੀ ਦੇ ਸ਼੍ਰੋਮਣੀ ਆਧੁਨਿਕ ਕਵੀ, ਗੱਦ-ਲੇਖਕ, ਅਨੁਵਾਦਕ. ਸਮਾਲੋਚਕ ਅਤੇ ਸੰਪਾਦਕ ਹਨ, ਪਰ ਇਸ ਰਚਨਾ ਵਿਚ ਉਨ੍ਹਾਂ ਨੇ ਨਿੱਜੀ ਜੀਵਨ ਦੀਆਂ ਯਾਦਾਂ, ਔਕੜਾਂ ਤੇ ਉਲਝਣਾਂ ਦਾ ਵੀ ਜ਼ਿਕਰ ਹੈ । ਲੋੜਾਂ, ਥੋੜਾਂ ਤੇ ਪ੍ਰਾਪਤੀਆਂ ਦੇ ਵੇਰਵੇ ਸਭ ਇਸ ਵਿਚ ਸੰਕਲਿਤ ਹਨ ਅਤੇ ਅਨੇਕ ਉੱਚ ਕੋਟੀ ਦੇ ਸਾਹਿੱਤਿਕ ਪੁਰਸਕਾਰ ਪ੍ਰਾਪਤ ਕਰਨ ਵਾਲੇ ਇਸ ਸ਼੍ਰੋਮਣੀ ਆਧੁਨਿਕ ਪੰਜਾਬੀ ਕਵੀ ਦੀ ਰਚਨਾ ਦੇ ਪਿਛੋਕੜ ਤੋਂ ਜਾਣੂ ਹੋਣ ਲਈ ਇਸ ਸਵੈ-ਜੀਵਨੀ ਦਾ ਪਾਠ ਅਤੀ ਆਵੱਸ਼ਕ ਹੈ । ਡਾ. ਹਰਿਭਜਨ ਸਿੰਘ ਵਰਗੇ ਪ੍ਰਮੁੱਖ ਸਾਹਿਤਕਾਰ ਦੀ ਇਸ ਸਵੈ-ਜੀਵਨੀ ਦੁਆਰਾ ਨਿਜ ਦੇ ਘੋਖਵੇਂ ਅਧਿਐਨ ਤੋਂ ਬਹੁਤ ਸਾਰੇ ਉਨ੍ਹਾਂ ਪੱਖਾਂ ਦਾ ਸਹਿਜੇ ਹੀ ਬੋਧ ਹੋ ਜਾਂਦਾ ਹੈ ਜਿਨ੍ਹਾਂ ਨੇ ਉਨ੍ਹਾਂ ਵੈਰਾਟ ਕਾਵਿਮਈ ਅਤੇ ਵਿਅਕਤੀਤਵ ਨੂੰ ਸਿਰਜਿਆ ਹੈ । ਫਿਰ ਇਹ ਕੋਈ ਖੋਜ ਪੁਸਤਕ ਨਹੀਂ, ਨਾ ਹੀ ਸਵੈ ਆਲੋਚਨਾ ਤੇ ਸਵੈ ਵਿਵੇਚਨ ਹੈ ਸਗੋਂ ਇੱਕ ਰੌਚਿਕ ਤੇ ਕਲਾਮਈ ਜੀਵਨ ਬਿਰਤਾਂਤ ਹੈ ।

ਸੁਹਿੰਦਰ ਸਿੰਘ ਵਣਜਾਰਾ ਬੇਦੀ ਦੀ ਸਵੈ-ਜੀਵਨੀ "ਅੱਧੀ ਮਿੱਟੀ ਅੱਧਾ ਸੋਨਾ' ਅਤੇ 'ਗਲੀਏ ਚਿਕੜ ਦੂਰ ਘਰ' ਨੇ ਆਪਣੇ ਸਮੇਂ ਵਿਚ ਇੱਕ ਸਵੈ-ਜੀਵਨੀ ਦੇ ਤੌਰ 'ਤੇ ਬੜੀ ਪ੍ਰਸਿੱਧੀ ਪ੍ਰਾਪਤ ਕਰ ਲਈ ਹੈ । ਇਸ ਸਵੈ-ਜੀਵਨੀ ਵਿਚ ਪ੍ਰਮਾਣਿਕ ਸਵੈ-ਜੀਵਨੀ ਦੇ ਕਈ ਵਡਮੁੱਲੇ ਅੰਸ਼ ਮੌਜੂਦ ਹਨ । ਲੇਖਕ ਦੇ ਬਚਪਨ ਦੀਆਂ ਕਈ ਘਟਨਾਵਾਂ ਵਿਸ਼ੇਸ਼ ਕਰ ਕੇ ਪਿਤਾ ਦੇ ਅਕਾਲ ਚਲਾਣੇ ਦਾ ਬਿਰਤਾਂਤ ਬੜੇ ਕਰੁਣਾਮਈ ਸਵਰ ਵਿਚ ਬਿਆਨ ਕੀਤਾ ਗਿਆ ਹੈ ਅਤੇ ਕੁੱਝ ਰੁਮਾਂਟਿਕ ਜਿਹੀਆਂ ਪ੍ਰੇਮ ਘਟਨਾਵਾਂ ਦਾ ਮਨੋਰੰਜਕ ਵਰਣਨ ਹੈ । ਸਿਆਲਕੋਟ ਦੇ ਇਸ ਜੰਮ-ਪਲ ਲੇਖਕ ਨੇ ਦੇਸ਼-ਵੰਡ ਦੇ ਕਰੁਣਾਮਈ ਸਮਾਚਾਰਾਂ ਦਾ ਵਿਸਥਾਰ ਪੂਰਵਕ ਤੇ ਯਥਾਰਥਵਾਦੀ ਵਰਣਨ ਕੀਤਾ ਹੈ । ਵਿਸ਼ੇਸ਼ ਕਰ ਕੇ ਕੁੱਝ ਘਟਨਾਵਾਂ ਤਾਂ ਅਭੁੱਲ ਹਨ ਜਿਵੇਂ ਰਾਵਲਪਿੰਡੀ ਛੱਡਣ ਸਮੇਂ ਆਪਣੀ ਜਵਾਨ ਭੈਣ ਨੂੰ ਦਿੱਤੇ ਗਏ ਸੁਝਾ ਆਦਿ ।

ਸੁਹਿੰਦਰ ਸਿੰਘ ਬੇਦੀ ਨੇ ਲੋਕ ਧਾਰਾ ਦੇ ਖੇਤਰ ਵਿਚ ਵਿਸ਼ੇਸ਼ ਕਾਰਜ ਕੀਤਾ ਹੈ ਅਤੇ ਇਸ ਸੰਬੰਧ ਵਿਚ ਉਸ ਦੀ ਕੀਤੀ ਗਈ ਵਿਅਕਤੀਗਤ ਸਾਧਨਾ ਤੇ ਮੁਸ਼ਕਲਾਂ ਦੇ ਅੰਬਾਰਾਂ ਵਿਚ ਇਸ ਕੰਮ ਨੂੰ ਸਿਰੇ ਚਾੜ੍ਹਨ ਦੀ ਵਿਥਿਆ ਬਾਰੇ ਪੰਜਾਬੀ ਸਾਹਿੱਤਿਕ ਜਗਤ ਭਲੀ ਪ੍ਰਕਾਰ ਜਾਣੂ ਹੈ। ਭਾਵੇਂ ਇਸ ਰਚਨਾ ਵਿਚ ਉਹ ਵੇਰਵੇ ਦਰਜ ਨਹੀਂ ਅਤੇ ਇੱਕ ਲੇਖਕ ਤੇ ਲੋਕ ਧਾਰਾ ਦੇ ਖ਼ੋਜੀ ਵਜੋਂ ਪ੍ਰਾਪਤ ਹੋਈ ਪ੍ਰਸਿੱਧੀ ਤੋਂ ਪਹਿਲਾਂ ਦੀਆਂ ਘਟਨਾਵਾਂ ਹੀ ਸੰਕਲਿਤ ਹਨ ਜੋ ਇੱਕ ਸਾਧਾਰਨ ਮੱਧ ਸ਼੍ਰੇਣੀ ਦੇ ਬੁੱਧੀਜੀਵੀ ਦੇ ਜੀਵਨ ਵਿਚ ਆ ਸਕਦੀਆਂ ਹਨ, ਪਰ ਇਸ ਸਭ ਵਿਚ ਉਸ ਦਾ ਬਿਆਨ ਵੇਗਵਾਨ ਰਵਾਨੀ ਅਤੇ ਸਾਹਿੱਤਿਕ ਗੁਣਾਂ ਨਾਲ ਚਮਕਦੇ ਦਮਕਦੇ ਸ਼ਬਦ ਚਿੱਤਰਾਂ ਦੀ ਜੜ੍ਹਤਕਾਰੀ ਨਾਲ ਅਦਭੁਤ ਜਿਹਾ ਸੁਹਜ ਸਵਾਦ ਉਤਪੰਨ ਕਰ ਦਿੰਦੇ ਹਨ। ਇਸ ਸਵੈ-ਜੀਵਨੀ ਦਾ ਵੀ ਪੰਜਾਬੀ ਸਵੈ-ਜੀਵਨੀ ਸਾਹਿਤ ਵਿਚ ਵਿਲੱਖਣ ਸਥਾਨ ਹੈ।

ਡਾ. ਦੀਵਾਨ ਸਿੰਘ ਦੀ ਸਵੈ-ਜੀਵਨੀ ਜੀਵਨ ਪੰਧ ਤੇ ਹਮ ਸੰਤਨ ਕੀ ਰੇਨਾ ਅੰਸ਼ਿਕ ਜੀਵਨ ਬਿਉਰੇ ਪ੍ਰਕਾਸ਼ਿਤ ਹੋਈਆਂ ਦੋ ਹੋਰ ਵਰਨਣਯੋਗ ਰਚਨਾਵਾਂ ਹਨ। ਡਾ. ਦੀਵਾਨ ਸਿੰਘ ਪੰਜਾਬੀ ਦੇ ਉਤਸ਼ਟ ਕਵੀ ਤੇ ਗ਼ਜ਼ਲਕਾਰ, ਨਿਬੰਧਾਂ ਦੇ ਲੇਖਕ ਤੇ ਸਮਾਲੋਚਕ ਹਨ ਅਤੇ ਪੰਜਾਬੀ ਭਾਸ਼ਾ ਦੇ ਪ੍ਰਮੁੱਖ/ਅਧਿਆਪਕ ਵਜੋਂ ਉਨ੍ਹਾਂ ਕੋਲ ਵਿਸ਼ਾਲ ਅਨੁਭਵ ਪ੍ਰਮੁੱਖ ਸਿੱਖਿਆ ਸੰਸਥਾਵਾਂ ਦੀ ਵਡਮੁੱਲੀ ਜਾਣਕਾਰੀ ਦਾ ਵਿਅਕਤੀਗਤ ਭੰਡਾਰ ਹੈ। 'ਜੀਵਨ ਪੰਧ ਵਿਚ ਜਿੱਥੇ ਸਰਗੋਧੇ ਵਿਚ ਬਿਤਾਏ ਗਏ ਬਚਪਨ ਤੇ ਆਪਣੀ ਪੜ੍ਹਾਈ ਆਦਿ ਦਾ ਜ਼ਿਕਰ ਕੀਤਾ ਹੈ, ਉੱਥੇ ਲੰਮੇ ਚਿਰ ਤੱਕ ਖ਼ਾਲਸਾ ਕਾਲਜ ਅੰਮ੍ਰਿਤਸਰ ਵਰਗੀ ਪ੍ਰਮੁੱਖ ਵਿੱਦਿਅਕ ਸੰਸਥਾ ਨਾਲ ਰਹਿਣ ਕਾਰਨ ਆਪਣੇ ਅਧਿਆਪਨ ਜੀਵਨ ਤੇ ਸਹਿਯੋਗੀਆਂ ਦੀਆਂ ਜੀਵਨ ਘਟਨਾਵਾਂ ਦੇ ਅਨੇਕ ਵਰਨਣਯੋਗ ਤੱਥ ਇਸ ਰਚਨਾ ਵਿਚ ਪਰੋਏ ਹਨ। ਭਾਈ ਜੋਧ ਸਿੰਘ ਅਤੇ ਸੰਤ ਬਾਬਾ ਵਿਸਾਖਾ ਸਿੰਘ, ਸੰਤ ਬਾਬਾ ਹਰਨਾਮ ਸਿੰਘ ਨੌਸ਼ਹਿਰਾ ਸਿੰਘ ਵਰਗੇ ਉੱਘੇ ਵਿਅਕਤੀਆਂ ਅਤੇ ਸੰਤ ਮਹਾਂ ਪੁਰਸ਼ਾਂ ਨਾਲ ਹੋਏ ਨਿੱਜੀ ਸੰਪਰਕਾਂ ਦੇ ਕਈ ਨਿਕਟਵਰਤੀ ਅਨੁਭਵ ਇਸ ਪੁਸਤਕ ਵਿਚ ਬਿਆਨ ਕੀਤੇ ਗਏ ਹਨ | ਭਾਈ ਜੋਧ ਸਿੰਘ ਵਰਗੀ ਪ੍ਰਮੁੱਖ ਸ਼ਖ਼ਸੀਅਤ ਦੇ ਕਈ ਲੁਕਵੇਂ ਪੱਖ ਹਨ, ਜਿਨ੍ਹਾਂ ਬਾਰੇ ਇਸ ਪੁਸਤਕ ਵਿਚ ਵਡਮੁੱਲੀ ਜਾਣਕਾਰੀ ਦਿੱਤੀ ਗਈ ਹੈ ਕਿ ਕਿਵੇਂ ਉਹ ਉਹ ਆਪਣੇ ਮਰ ਚੁੱਕੇ ਸਪੁੱਤਰ ਦੀ ਰੂਹ ਨੂੰ ਬੁਲਾਉਂਦੇ ਰਹੇ ਹਨ।

ਡਾ. ਦੀਵਾਨ ਸਿੰਘ ਬੜਾ ਗੰਭੀਰ ਤੇ ਇਕਾਂਤ ਪਸੰਦ ਵਿਅਕਤੀ ਹੈ, ਫਿਰ ਵੀ ਉਨ੍ਹਾਂ ਦੀ ਇਹ ਸਵੈ-ਜੀਵਨੀ ਸਮਾਜਕ ਕਰਮਾਂ ਪ੍ਰਤਿਕਰਮਾਂ ਤੇ ਉਨ੍ਹਾਂ ਦੇ ਸੰਪਰਕ ਵਿਚ ਆਏ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਗਹਿਮਾ ਗਹਿਮੀ ਨਾਲ ਭਰਪੂਰ ਸਮਾਜਕ ਅਰਥ ਗ੍ਰਹਿਣ ਕਰਦੀ ਹੈ। ਉਨ੍ਹਾਂ ਦੀ ਵਾਰਤਕ ਵਿਚ ਵੀ ਜਿੱਥੇ ਗੰਭੀਰ ਅਤੇ ਸ਼ੁੱਧਤਾ ਹੈ, ਉੱਥੇ ਇਸ ਵਿਚਲੀ ਸੂਖਮ ਰਸਿਕਤਾ ਵੀ ਪਾਠਕਾਂ ਦੀ ਖਿੱਚ ਦਾ ਕਾਰਨ ਬਣ ਸਕਦੀ ਹੈ। ਜੀਵਨ ਸਿੰਘ ਜੋ ਲਾਹੌਰ ਬੁੱਕ ਸ਼ਾਪ ਵਰਗੀ ਪ੍ਰਮੁੱਖ ਪ੍ਰਕਾਸ਼ਨ ਭਵਨ ਦਾ ਸੰਸਥਾਪਕ ਸੀ, ਆਪਣੇ ਜੀਵਨ ਦੇ ਅੰਤਿਮ ਪਹਿਰ ਵਿਚ ਵੀ ਆਪਣੀ ਸਵੈ-ਜੀਵਨੀ 'ਜੀਵਨ ਪੰਧ' ਦੀ ਰਚਨਾ ਕੀਤੀ, ਜੋ ਉਸ ਦੀ ਮ੍ਰਿਤੂ ਉਪਰੰਤ ਪ੍ਰਕਾਸ਼ਿਤ ਹੋਈ ਹੈ। ਇਸ ਸਵੈ-ਜੀਵਨੀ ਵਿਚ ਲੇਖਕ ਬਚਪਨ ਦੀਆਂ ਯਾਦਾਂ ਤੇ ਲਾਹੌਰ ਵਾਸ ਸਮੇਂ ਦੀਆਂ ਪ੍ਰਮੁੱਖ ਘਟਨਾਵਾਂ ਸੰਬੰਧੀ ਵਡਮੁੱਲੀ ਜਾਣਕਾਰੀ ਦਿੰਦਾ ਹੈ | ਖ਼ਾਸ ਕਰ ਕੇ ਅਜਿਹੇ ਲੇਖਕਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਇਸ ਪੁਸਤਕ ਵਿਚ ਜ਼ਿਕਰ ਹੈ, ਜਿਨ੍ਹਾਂ ਦੀ ਦੇਣ ਨੂੰ ਹੁਣ ਪੰਜਾਬੀ ਸਾਹਿੱਤਿਕ ਜਗਤ ਭੁਲਾ ਚੁਕਾ ਹੈ। ਇੱਕ ਪ੍ਰਕਾਸ਼ਕ ਦੇ ਤੌਰ 'ਤੇ ਜੀਵਨ ਸਿੰਘ ਦੀ ਪੰਜਾਬੀ ਸਾਹਿੱਤਿਕ ਜਗਤ ਨੂੰ ਦੇਣ ਕਾਫ਼ੀ ਵੱਡੀ ਸੀ, ਕਿਉਂ ਜੋ ਉਹ ਬਹੁਤ ਸਾਰੇ ਪੰਜਾਬੀ ਸਾਹਿਤਕਾਰਾਂ ਦਾ ਪ੍ਰੇਰਨਾ ਸ੍ਰੋਤ ਬਣਿਆ ਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਛਾਪ ਕੇ ਉਤਸ਼ਾਹਿਤ ਕਰਨ ਦਾ ਕਾਰਨ ਬਣਿਆ। ਪਰ ਇਸ ਸਵੈ ਜੀਵਨੀ ਵਿਚ ਕੁੱਝ ਸਮਕਾਲੀ ਸਾਹਿਤਕਾਰਾਂ ਬਾਰੇ ਆਪਣੇ ਨਿੱਜੀ ਅਨੁਭਵ, ਕਾਰਨ, ਨਿੱਜੀ ਪ੍ਰਤੀਕਰਮਾਂ ਨੂੰ ਖੁੱਲ੍ਹੇ ਤੌਰ ਤੇ ਪ੍ਰਗਟ ਕਰ ਦਿੱਤਾ ਗਿਆ ਹੈ, ਜੋ ਕਈ ਵਾਰ ਚੁੱਭਵੇਂ ਅਤੇ ਲੇਖਕ ਦੇ ਸਵੈ ਅਭਿਮਾਨ ਨੂੰ ਪ੍ਰਗਟ ਕਰਦੇ ਹਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਨਿੰਦਾ ਵੀ ਇੱਕ ਵਿਸ਼ੇਸ਼ ਰਸ ਹੈ, ਜੋ ਪਾਠਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਲੈਂਦਾ ਹੈ ਪਰ ਨਿੱਜੀ ਤੌਰ 'ਤੇ ਕਿੜ ਕੱਢਣ ਵਾਲੀ ਪ੍ਰਵਿਰਤੀ ਕਈ ਵਾਰ ਲੇਖਕ ਬਾਰੇ ਵੀ ਤਿੱਖੇ ਪ੍ਰਤੀਕਰਮਾਂ ਨੂੰ ਉਤਪੰਨ ਕਰ ਦਿੰਦੀ ਹੈ, ਭਾਵੇਂ ਉਹ ਗੱਲਾਂ ਕਿੰਨੀਆਂ ਵੀ ਸੱਚੀਆਂ ਕਿਉਂ ਨਾ ਹੋਣ। ਫਿਰ ਵੀ ਲੇਖਕ ਦੇ ਨਿਝੱਕ ਬਿਆਨ ਦੀ ਸ਼ਲਾਘਾ ਕਰਨੀ ਬਣਦੀ ਹੈ। ਇਸ ਲੇਖਕ ਦੇ ਜੀਵਨ ਦੇ ਕਈ ਹੋਰ ਗੁਣਵੰਤ ਪੱਖ ਸਨ, ਜਿਨ੍ਹਾਂ ਬਾਰੇ ਇਸ ਸਵੈ-ਜੀਵਨੀ ਵਿਚ ਵਰਣਨ ਕੀਤਾ ਜਾ ਸਕਦਾ ਹੈ।

ਸ. ਲਾਲ ਸਿੰਘ ਦੀ ਸਵੈ-ਜੀਵਨੀ 'ਮੇਰੀ ਜੀਵਨੀ 1998 ਵਿਚ ਉਨ੍ਹਾਂ ਦੇ ਅਕਾਲ ਚਲਾਣੇ ਪਿੱਛੋਂ ਪ੍ਰਕਾਸ਼ਿਤ ਹੋਈ ਹੈ। ਇਸ ਸਵੈ-ਜੀਵਨੀ ਵਿਚ ਲੇਖਕ ਨੇ ਆਪਣੇ ਬਚਪਨ ਦੇ ਸਮਾਚਾਰਾਂ ਨੂੰ ਬੜੇ ਰੋਚਕ ਤੇ ਸਾਹਿੱਤਿਕ ਢੰਗ ਨਾਲ ਪੇਸ਼ ਕੀਤਾ ਹੈ ਅਤੇ ਆਪਣੀ ਵਿਅਕਤੀ ਸਫਲਤਾ ਨੂੰ ਸੰਤ ਬਾਬਾ ਮੰਗਲ ਸਿੰਘ ਦੀ ਅਸੀਸ ਦਾ ਫਲ ਦੱਸਿਆ ਹੈ। ਲਾਲ ਸਿੰਘ ਦਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਅਥਾਹ ਪ੍ਰੇਮ ਸੀ ਅਤੇ ਉਨ੍ਹਾਂ ਨੇ ਉੱਚ-ਅਹੁਦਿਆਂ ਉੱਤੇ ਹੁੰਦੇ ਹੋਇਆਂ ਪੰਜਾਬੀ ਭਾਸ਼ਾ ਨੂੰ ਸਰਕਾਰੇ ਦਰਬਾਰੇ ਉੱਚ ਸਥਾਨ ਅਤੇ ਇਸ ਨੂੰ ਸਰਕਾਰੀ ਭਾਸ਼ਾ ਬਣਾਉਣ ਵਿਚ ਵੱਡੀ ਭੂਮਿਕਾ ਨੂੰ ਨਿਭਾਇਆ ਹੈ। ਇਸ ਸੰਬੰਧ ਵਿਚ ਉਨ੍ਹਾਂ ਦੇ ਕੀਤੇ ਗਏ ਉੱਦਮਾਂ ਅਤੇ ਯਤਨਾਂ ਦਾ ਇਸ ਪੁਸਤਕ ਵਿਚ ਤੱਥ ਆਧਾਰਿਤ ਵੇਰਵਾ ਪੇਸ਼ ਕੀਤਾ ਗਿਆ ਹੈ। ਆਪ ਦਾ ਲਿਖਣ ਢੰਗ ਸਰਲ ਤੇ ਠੇਠ ਮੁਹਾਵਰੇ ਉੱਤੇ ਆਧਾਰਿਤ ਹੈ।

ਡਾ. ਮਾਨ ਸਿੰਘ ਨਿਰੰਕਾਰੀ ਦੀ ਇੱਕ ਤੱਥ ਆਧਾਰਿਤ ਜੀਵਨੀ ਪੁਸਤਕ ਸਾਧ ਜਨਾ ਕੀ ਅਚਰਜ ਕਥਾ ਹੈ, ਜਿਸ ਵਿਚ ਨਿਰੰਕਾਰੀ ਸੰਪਰਦਾਇ ਦੇ ਮੁਖੀ ਬਾਬਾ ਹਰੀ ਸਿੰਘ ਦੀ ਜੀਵਨ ਕਥਾ ਅਤੇ ਨਿਰੰਕਾਰੀ ਲਹਿਰ ਦੇ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। ਡਾ. ਮਾਨ ਸਿੰਘ ਨਿਰੰਕਾਰੀ ਸਰਲ ਤੇ ਸਪਸ਼ਟ ਗੱਦ ਰਚਨਾ ਕਰਨ ਵਾਲੇ ਪੰਜਾਬੀ ਵਾਰਤਕ ਦੇ ਪ੍ਰਮੁੱਖ ਸ਼ੈਲੀਕਾਰ ਵੀ ਹਨ।

ਡਾ. ਕੁਲਬੀਰ ਸਿੰਘ ਕਾਂਗ ਨੇ ਪਿੰਗਲਵਾੜੇ ਦੇ ਬਾਨੀ ਭਗਤ ਪੂਰਨ ਸਿੰਘ ਦੀ ਜੀਵਨੀ 'ਇੱਕ ਮਸੀਹਾ ਹੋਰ' ਦੇ ਨਾਂ ਹੇਠ ਪੰਜਾਬੀ ਸਾਹਿਤ ਨੂੰ ਦਿੱਤੀ ਹੈ, ਜਿਸ ਵਿਚ ਇਸ ਮਹਾਂਪੁਰਸ਼ ਤੇ ਸੇਵਾ ਦੇ ਪੁੰਜ ਭਗਤ ਜੀ ਦੇ ਜੀਵਨ ਦੇ ਕਈ ਉਨ੍ਹਾਂ ਪੱਖਾਂ ਨੂੰ ਵੀ ਸਾਹਮਣੇ ਲਿਆਂਦਾ ਗਿਆ ਹੈ, ਜੋ ਉਨ੍ਹਾਂ ਨੂੰ ਇੱਕ ਮਹਾਂ ਪੁਰਸ਼ ਤੇ ਸੇਵਾ ਦੇ ਅਦੁੱਤੀ ਮੁਜੱਸਮਾ ਬਣਾਉਣ ਵਿਚ ਸਹਾਈ ਹੋਏ ਹਨ। ਇਸ ਪੁਸਤਕ ਦੇ ਪਹਿਲੇ ਭਾਗ ਵਿਚ ਜਿੱਥੇ ਜੀਵਨੀ ਦਾ ਬਿਰਤਾਂਤੀ ਰੰਗ ਪ੍ਰਧਾਨ ਹੈ, ਉੱਥੇ ਦੂਜੇ ਭਾਗ ਵਿਚ ਇਹ ਰਚਨਾ ਭਗਤ ਜੀ ਦੀ ਸ਼ਖ਼ਸੀਅਤ ਬਾਰੇ ਉਨ੍ਹਾਂ ਦੇ ਪ੍ਰਸੰਸਕਾਂ ਵੱਲੋਂ ਦਿੱਤੀਆਂ ਗਈਆਂ ਟਿੱਪਣੀਆਂ ਦਾ ਸਹਿ ਮਾਤਰ ਹੀ ਬਣ ਗਈ ਹੈ, ਜੋ ਜੀਵਨ ਬਿਰਤਾਂਤ ਨਾਲੋਂ ਖੋਜ ਦਾ ਕਾਰਜ ਵਧੇਰੇ ਪ੍ਰਤੀਤ ਹੁੰਦੀ ਹੈ।

ਡਾ. ਐਸ. ਤਰਸੇਮ ਨੇ ਆਪਣੀ ਇੱਕ ਰਚਨਾ 'ਕੱਚੀ ਮਿੱਟੀ ਪੱਕਾ ਰੰਗ' ਵਿਚ ਆਪਣੇ ਬਚਪਨ ਦੀਆਂ ਬਹੁਤ ਸਾਰੀਆਂ ਯਾਦਾਂ ਨੂੰ ਕਲਾਮਈ ਢੰਗ ਨਾਲ ਪੇਸ਼ ਕੀਤਾ ਹੈ। ਕੈਨੇਡਾ ਨਿਵਾਸੀ ਗਿਆਨੀ ਕੇਸਰ ਸਿੰਘ ਵੀ ਆਪਣੀ ਸਵੈ ਜੀਵਨੀ ਲਿਖ ਰਹੇ ਹਨ ਜਿਸ ਦਾ ਪਹਿਲਾ ਭਾਗ ਉਨ੍ਹਾਂ ਦੇ ਬਚਪਨ ਦੀਆਂ ਘਟਨਾਵਾਂ ਨਾਲ ਸਬੰਧਿਤ ਹੈ ਅਤੇ ਇੱਕ ਨਾਵਲ ਵਰਗਾ ਰੋਚਿਕ ਬਿਰਤਾਂਤ ਹੈ।

ਰਾਮ ਸਰੂਪ ਅਣਖੀ ਜੋ ਪ੍ਰਮੁੱਖ ਰੂਪ ਵਿਚ ਪੰਜਾਬੀ ਗਲਪਕਾਰ (ਨਾਵਲ ਤੇ ਕਹਾਣੀ ਲੇਖਕ) ਪ੍ਰਸਿੱਧ ਹੈ ਆਪਣੀ ਸਵੈ-ਜੀਵਨੀ 'ਮਲ੍ਹੇ ਝਾੜੀਆਂ' ਲਿਖੀ ਹੈ, ਜਿਸ ਵਿਚ ਉਸ ਨੇ ਵਿਸਤਰਿਤ ਰੂਪ ਵਿਚ ਆਪਣੇ ਨਿੱਜੀ ਜੀਵਨ ਦੇ ਬਿਰਤਾਂਤ ਦੇ ਨਾਲ ਨਾਲ ਮਾਲਵੇ ਦੇ ਸਭਿਆਚਾਰਕ, ਸਮਾਜਕ ਤੇ ਆਰਥਕ ਪਿੱਠ ਭੂਮੀ ਨੂੰ ਕਲਾਮਈ ਢੰਗ ਨਾਲ ਪੇਸ਼ ਕੀਤਾ ਹੈ। ਇਸ ਕਾਰਨ ਇਹ ਰਚਨਾ ਵਿਸ਼ੇਸ਼ ਤੌਰ ਤੇ ਵਰਣਨ-ਯੋਗ ਹੋ ਗਈ ਹੈ।

ਸੰਤੋਖ ਸਿੰਘ ਧੀਰ ਨੇ ਵੀ ਆਪਣੀ ਸਵੈ-ਜੀਵਨੀ 'ਬ੍ਰਹਸਪਤੀ' ਵਿਚ ਆਪਣੇ ਜੀਵਨ ਦੇ ਬਚਪਨ ਤੋਂ ਲੈ ਕੇ ਹੁਣ ਤਕ ਦੇ ਅਨੁਭਵਾਂ ਦਾ ਬਿਆਨ ਕੀਤਾ ਹੈ ਅਤੇ ਆਪਣੇ ਲੇਖਕ ਬਣਨ ਤੇ ਪ੍ਰਗਤੀਸ਼ੀਲ ਲਹਿਰਾਂ ਨਾਲ ਸੰਬੰਧਾਂ ਤੇ ਆਪਣੀਆਂ ਸਾਹਿੱਤਿਕ ਰਚਨਾਵਾਂ ਦੇ ਪਿਛੋਕੜ ਨੂੰ ਆਪਣੀ ਪ੍ਰੋਢ ਤੇ ਰਸੀ ਹੋਈ ਸ਼ੈਲੀ ਵਿਚ ਪੇਸ਼ ਕੀਤਾ ਹੈ। ਦਲੀਪ ਸਿੰਘ ਜੋ ਭਾਸ਼ਾ ਵਿਭਾਗ ਦਾ ਉੱਚ-ਅਧਿਕਾਰੀ ਰਿਹਾ ਹੈ, ਸੰਵੇਦਨਸ਼ੀਲ ਸਾਹਿੱਤਿਕ ਰੁਚੀਆਂ ਦਾ ਸਵਾਮੀ ਸੀ ਅਤੇ ਪੰਜਾਬ ਦੇ ਸਾਹਿੱਤਿਕ ਹਲਕਿਆਂ ਵਿਚ ਹਰਮਨ ਪਿਆਰਾ ਤੇ ਮਿਲਣ-ਸਾਰ ਵਿਅਕਤੀ ਕਰਕੇ ਜਾਣਿਆ ਜਾਂਦਾ ਸੀ, ਉਸ ਨੇ ਆਪਣੇ ਜੀਵਨ ਦੇ ਗੰਭੀਰ ਨਿੱਜੀ ਅਨੁਭਵ ਨੂੰ, ਜਿਸ ਵਿਚ ਪ੍ਰਯੋਗੀ ਤੇ ਜਨਤਕ ਜੀਵਨ ਦੇ ਦੋਵੇਂ ਪੱਖ ਹੀ ਆ ਜਾਂਦੇ ਹਨ | ਆਪਣੀ 'ਕਾਰਵਾਂ' ਨਾਂ ਦੀ ਸਵੈ-ਜੀਵਨੀ ਨੂੰ ਕਲਾਮਈ ਢੰਗ ਨਾਲ ਪੜ੍ਹਨ ਯੋਗ ਤੇ ਗੰਭੀਰ ਨੁਕਤਿਆਂ ਉੱਤੇ ਪ੍ਰਕਾਸ਼ ਪਾਇਆ ਹੈ। ਇਹ ਉਸ ਦੇ ਆਪਣੇ ਨਿੱਜੀ ਜੀਵਨ ਦਾ ਹੀ ਘਰੋਗੀ ਜੀਵਨ ਦਾ ਸੰਕਟ ਹੀ ਨਹੀਂ, ਜਿਸ ਦਾ ਕਿ ਉਸ ਨੇ ਇਸ ਰਚਨਾ ਵਿਚ ਬਿਆਨ ਕੀਤਾ ਹੈ, ਸਗੋਂ ਇਹ ਤਾਂ ਬਹੁਤ ਸਾਰੇ ਸੁਹਿਰਦ ਲੇਖਕਾਂ, ਸੰਵੇਦਨਸ਼ੀਲ ਬੁੱਧੀਜੀਵੀਆਂ ਦੀ ਸਮੱਸਿਆ ਹੈ, ਫ਼ਰਕ ਕੇਵਲ ਇਹ ਹੈ ਕਿ ਦਲੀਪ ਸਿੰਘ ਵਰਗੇ ਸਾਹਸਵਾਨ ਲੇਖਕ ਇਸ ਦਾ ਬਿਆਨ ਕਰ ਦਿੰਦੇ ਹਨ ਅਤੇ ਕੁੱਝ ਆਪਣੇ ਜੀਵਨ ਦੇ ਇਸ ਕੌੜੇ ਅਨੁਭਵ ਨੂੰ ਆਪਣੇ ਸੀਨੇ ਵਿਚ ਹੀ ਛੁਪਾਈ ਰੱਖਦੇ ਹਨ। ਇਸ ਸਵੈ-ਜੀਵਨੀ ਵਿਚ ਕੁੱਝ ਵਿਸ਼ੇਸ਼ ਵਿਅਕਤੀਆਂ ਦੇ ਰੇਖਾ-ਚਿਤਰ ਵੀ ਅੰਕਿਤ ਕੀਤੇ ਗਏ ਹਨ।

**ਕੁੱਝ ਇਸਤਰੀ ਸਵੈ-ਜੀਵਨੀ ਲੇਖਕ**

ਕੁੱਝ ਪ੍ਰਮੁੱਖ ਇਸਤਰੀ ਸਾਹਿਤਕਾਰਾਂ ਨੇ ਆਪਣੀ ਸਵੈ ਜੀਵਨੀ ਸੰਪੂਰਨ ਜਾਂ ਅੰਸ਼ਿਕ ਰੂਪ ਵਿਚ ਲਿਖੀ ਹੈ। ਕੁੱਝ ਇੱਕ ਇਸਤਰੀ ਲੇਖਕਾਂ ਵਿਚ ਪੁਰਸ਼ ਪ੍ਰਧਾਨ ਸਮਾਜ ਵਿਚ ਨਾਰੀ ਦੀ ਦਮਨਕਾਰੀ ਸਥਿਤੀ ਵਿਚੋਂ ਉਤਪੰਨ ਹੋਈ ਆਂਤਰਤਾ ਦਾ ਕਰੁਣਾਮਈ ਸਵਰ ਪ੍ਰਧਾਨ ਹੈ। ਕੁੱਝ ਇੱਕ ਵਿਚ ਨਾਰੀ ਬੋਧ ਤੇ ਇਸਤਰੀ ਵਰਗ ਵਿਚ ਆਤਮ ਵਿਸ਼ਵਾਸ ਉਤਪੰਨ ਕਰਨ ਦੀ ਚੇਸ਼ਟਾ ਹੈ ਅਤੇ ਕੁੱਝ ਹੋਰ ਲੇਖਕਾਂ ਨੇ ਨਾਰੀਵਾਦੀ ਲਹਿਰ ਦੇ ਪ੍ਰਭਾਵ ਥੱਲੇ ਆਪਣੀ ਸੰਵੇਦਨਸ਼ੀਲ ਮਾਨਸਿਕਤਾ ਤੇ ਬੌਧਿਕ ਚੇਤੰਨਤਾ ਦਾ ਪ੍ਰਗਟਾਉ ਸਵੈ-ਮਾਣ ਨਾਲ ਕੀਤਾ ਹੈ। ਅੰਮ੍ਰਿਤਾ ਪ੍ਰੀਤਮ ਦੀਆਂ ਸਹਿ ਜੀਵਨੀ ਮੂਲਕ ਰਚਨਾਵਾਂ ਰਾਹੀਂ ਇਸ ਵਰਗ ਦੀਆਂ ਸਵੈ-ਜੀਵਨੀਆਂ ਦਾ ਪੰਜਾਬੀ ਸਾਹਿਤ ਵਿਚ ਸ੍ਰੀ ਗਣੇਸ਼ ਹੋ ਚੁਕਾ ਸੀ, ਪਰ ਪਿਛਲੇ ਦੋ ਦਹਾਕਿਆਂ ਵਿਚ ਇਨ੍ਹਾਂ ਇਸਤਰੀ ਸਾਹਿਤਕਾਰਾਂ ਨੇ ਜਿਹੜੀ ਸੰਵੇਦਨਸ਼ੀਲਤਾ ਤੇ ਪ੍ਰਬੁੱਧ ਚੇਤੰਨਤਾ ਦਾ ਪ੍ਰਗਟਾਉ ਆਪਣੀਆਂ ਮੌਲਿਕ ਰਚਨਾਵਾਂ ਵਿਚ ਕੀਤਾ ਹੈ, ਉਸੇ ਦੀ ਹੀ ਸਵੈ ਨਿਯੋਜਿਤ ਅਭਿਵਿਅਕਤੀ ਉਨ੍ਹਾਂ ਦੀਆਂ ਸਵੈ-ਜੀਵਨੀਆਂ ਵਿਚ ਮੌਜੂਦ ਹੈ। ਇਹ ਸਾਰੀਆਂ ਸਵੈ-ਜੀਵਨੀਆਂ ਸੂਖਮ ਭਾਵੀ ਸੰਵੇਦਨਸ਼ੀਲਤਾ ਤੇ ਨਿੱਗਰ ਰੂਪ ਵਿਚ ਵਿਕਸਿਤ ਹੋ ਰਹੀ ਉਸ ਬੌਧਿਕ ਚੇਤੰਨਤਾ ਦੀ ਸਾਖੀ ਭਰਦੀਆਂ ਹਨ, ਜੋ ਇਨ੍ਹਾਂ ਇਸਤਰੀ ਸਾਹਿਤਕਾਰਾਂ ਵਿਚ ਇੱਕ ਪ੍ਰਚੰਡ ਸ਼ਕਤੀ ਦੇ ਰੂਪ ਵਿਚ ਉੱਭਰ ਰਹੀ ਹੈ। ਇਸੇ ਕਾਰਨ ਇਹ ਸਭ ਸਵੈ ਜੀਵਨੀਆਂ ਪੜ੍ਹਨ ਯੋਗ ਅਤੇ ਸੋਚ ਜਗਾਊ ਪ੍ਰਤਿਕਰਮਾਂ ਨੇ ਪਾਠਕਾਂ ਵਿਚ ਜਗਾਉਣ ਦਾ ਕਾਰਨ ਵੀ ਬਣੀਆਂ ਹਨ। ਕੈਲਾਸ਼ ਪੁਰੀ ਦੀ ਗਿਣਤੀ ਭਾਵੇਂ ਬਰਤਾਨੀਆ ਦੇ ਪ੍ਰਵਾਸੀ ਸਾਹਿਤਕਾਰਾਂ ਵਿਚ ਆਉਂਦੀ ਹੈ, ਪਰ ਇੱਕ ਸਵੈ ਜੀਵਨੀ ਕਾਰ ਦੇ ਰੂਪ ਵਿਚ 'ਬਾਰਿ ਜਾਉ ਲਖ ਬਰੀਆਂ ਸਭ ਤੋਂ ਸਿਰ ਕੱਢ ਰਚਨਾ ਬਣ ਗਈ ਹੈ, ਜਿਸ ਦਾ ਸਮੁੱਚੇ ਪੰਜਾਬੀ ਸਵੈ-ਜੀਵਨੀ ਸਾਹਿਤ ਵਿਚ ਉੱਚ ਸਥਾਨ ਹੈ, ਕਿਉਂਜੋ ਇਹ ਇੱਕ ਵਿਅਕਤੀਗਤ ਜੀਵਨੀ ਨਾ ਰਹਿ ਕੇ ਸਮਾਜਕ ਤੇ ਵਿਸ਼ਵ ਵਿਆਪੀ ਮਾਨਵੀ ਆਦਰਸ਼ਾਂ ਦੀ ਲਖਾਇਕ ਹੋ ਨਿੱਬੜੀ ਹੈ।

ਇਹ ਇੱਕ ਵੱਡ-ਆਕਾਰੀ 80 ਪੰਨਿਆਂ ਦੀ ਰਚਨਾ ਹੈ ਜਿਸ ਵਿਚ ਕੈਲਾਸ਼ਪੁਰੀ ਦੇ ਨਿੱਜੀ ਅਨੁਭਵ ਤੋਂ ਲੈ ਕੇ ਵਿਸ਼ਵ ਵਿਆਪੀ ਸਾਂਸਕ੍ਰਿਤਿਕ ਚਿੰਤਨ ਤਕ ਸਭ ਕੁੱਝ ਉਹ ਵੀ ਬੜੀ ਸੰਵੇਦਨਸ਼ੀਲ ਅਤੇ ਕਾਵਿਮਈ ਗੱਦ ਸ਼ੈਲੀ ਵਿਚ ਹਨ। ਉਸ ਦੇ ਕੁੱਝ ਵਾਕ ਤੇ ਨਿਰੀਆਂ ਮਿਸਰੀ

ਦੀਆਂ ਡਲੀਆਂ ਹਨ। ਉਸ ਦਾ ਆਪਣਾ ਨਵੇਕਲਾ ਲਿਖਣ ਢੰਗ ਹੈ, ਨਿਰੀਖਣ ਸ਼ਕਤੀ ਹੈ। ਕਰਤਾਰ ਸਿੰਘ ਦੁੱਗਲ ਨੇ ਠੀਕ ਹੀ ਕਿਹਾ ਹੈ ਕਿ ਪੋਠੋਹਾਰ ਦੀ ਜੰਮ-ਪਲ ਇਸ ਦੰਗਲਾਂ ਦੀ ਦੋਹਤੀ ਨੇ ਨਾ ਕੇਵਲ ਆਪਣੀ ਸਵੈ-ਜੀਵਨੀ ਹੀ ਲਿਖੀ ਹੈ, ਸਗੋਂ ਕੈਲਕੂਸ਼ ਗੋਪਾਲਕ ਪੁਰੀ ਦੰਪਤੀ ਅਰਥਾਤ ਦੋ ਵਿਅਕਤੀਆਂ ਦੀ ਸਵੈ ਜੀਵਨੀ ਹੈ ਜੋ ਪਤੀ-ਪਤਨੀ ਦੇ ਰੂਪ ਵਿਚ ਇੱਕ ਦੂਜੇ ਦੇ ਸਾਹੀਂ ਜਿਉਂਦੇ ਹਨ। ਇਸ ਉਪਰੰਤ ਇਹ ਸੁਦੇਸ਼ੀ ਤੇ ਵਿਦੇਸ਼ੀ ਅਰਥਾਤ ਪੰਜਾਬੀ ਭਾਰਤੀ ਤੇ ਬਰਤਾਨੀਆਂ ਦੇ ਪ੍ਰਵਾਸੀ ਜੀਵਨ ਦੀ ਸਮਾਜਕ ਤੇ ਸਾਂਸਕ੍ਰਿਤਿਕ ਗਾਥਾ ਵੀ ਹੈ। ਕੈਲਾਸ਼ਪੁਰੀ ਵਿਚ ਸੱਚ-ਮੁਚ ਉਹ ਯੋਗਤਾ, ਪ੍ਰਬੁਧਤਾ ਤੇ ਸ਼ੈਲੀਗਤ ਵਿਸ਼ੇਸ਼ਤਾ ਦੇ ਗੁਣ ਹਨ ਜੋ ਸੁਪ੍ਰਸਿਧ ਭਾਰਤੀ ਲੇਖਕਾ ਕ੍ਰਿਸ਼ਨਾ ਸੋਬਤੀ ਹਿੰਦੀ ਲੇਖਕਾ ਅਤੇ ਕੁਲਤੀਨ ਹੈਦਰ ਵਰਗੀਆਂ ਉਰਦੂ ਲੇਖਕਾਵਾਂ ਕੋਲ ਹੈ। ਇਹ ਉਨ੍ਹਾਂ ਲੇਖਕਾਵਾਂ ਨਾਲ ਬਰ ਮੇਚਣ ਵਾਲੀ ਪੰਜਾਬੀ ਸਾਹਿਤਕਾਰ ਹੈ। ਇਹ ਕੇਵਲ ਵੱਡ-ਆਕਾਰੀ ਰਚਨਾ ਹੀ ਨਹੀਂ ਸਗੋਂ ਬਹੁ-ਮੁਲੇ ਵਿਵਿਧ ਮੁਖੀ ਅਨੁਭਵ ਅਤੇ ਚਿੰਤਨ ਦਾ ਵੀ ਵਿਸ਼ਾਲ ਕੋਸ਼ ਹੈ।

ਦਲੀਪ ਕੌਰ ਟਿਵਾਣਾ ਦੀ ਰਚਨਾ 'ਨੰਗੇ ਪੈਰਾਂ ਦਾ ਸਫ਼ਰ' ਇੱਕ ਸਫਲ ਸਵੈ ਜੀਵਨੀ ਹੈ, ਜਿਸ ਵਿਚ ਉਸ ਨੇ ਆਪਣੇ ਨਿਜ ਉੱਤੇ ਜੋ ਕਸ਼ਟ ਤੇ ਮਾਨਸਿਕ ਸੰਤਾਪ ਹੰਢਾਏ ਹਨ, ਉਨ੍ਹਾਂ ਦਾ ਕਰੁਣਾਮਈ ਸਵਰ ਵਿਚ ਪ੍ਰਗਟਾਉ ਕੀਤਾ ਗਿਆ ਹੈ, ਜੋ ਉਹ ਦੇ ਬਹੁਤੇ ਨਾਵਲਾਂ ਅਤੇ ਕਹਾਣੀਆਂ ਦਾ ਵੀ ਵਿਸ਼ਾ ਹੈ। ਪਿਤਾ ਵੱਲੋਂ ਤ੍ਰਿਸਕਾਰੀ ਹੋਈ ਮਾਂ ਦੇ ਮਾਨਸਿਕ ਸੰਤਾਪਾਂ ਨੂੰ ਅਨੁਭਵ ਕਰਦੀ ਹੋਈ ਪੁਰਸ਼-ਪ੍ਰਧਾਨ ਸਮਾਜ ਵਿਚ ਮਾਨਵ ਰੂਪੀ ਬਘਿਆੜਾਂ, ਗਿੱਦੜਾਂ ਅਤੇ ਲੂੰਬੜਾਂ ਵਿਚ ਵਿਚਰਦੀ ਹੋਈ ਦਲੀਪ ਕੌਰ ਟਿਵਾਣਾ ਨੇ ਆਪਣੇ ਸਵੈਮਾਨ ਨੂੰ ਸੁਰੱਖਿਅਤ ਰੱਖਿਆ ਹੈ। ਆਪਣੇ ਸੁਪ੍ਰਸਿੱਧ ਨਾਵਲ 'ਲੰਘ ਗਏ ਦਰਿਆ' ਸਮਾਨ ਉਸ ਨੇ ਇਸ ਸਵੈ ਜੀਵਨੀ ਵਿਚ ਵੀ ਭੂਤ-ਪੂਰਵ ਪਟਿਆਲੇ ਦੇ ਭੂਪਵਾਦੀ ਸਮਾਜ ਦਾ ਨੰਗਾ ਚਿੱਤਰ ਤੇ ਚਰਿੱਤਰ ਪੇਸ਼ ਕੀਤਾ ਹੈ। ਇਹ ਸਫ਼ਰ ਭਾਵੇਂ ਕੰਡਿਆਲੇ ਰਾਹਾਂ ਦਾ ਸੀ ਅਤੇ ਲੇਖਕਾਂ ਵੱਲੋਂ ਭਾਵੇਂ ਨੰਗੇ ਪੈਰੀਂ ਕੀਤਾ ਗਿਆ, ਪਰ ਇਸ ਕੌੜੇ ਕੁਸੈਲੇ ਅਨੁਭਵ ਨੇ ਉਸ ਦੇ ਨਾਰੀ ਸਵੈ ਮਾਨ, ਆਤਮ ਵਿਸ਼ਵਾਸ ਦੁਆਰਾ ਆਪਣੇ ਕਦਮਾਂ ਨੂੰ ਡੋਲਣ ਨਹੀਂ ਦਿੱਤਾ, ਪਰ ਕਾਸ਼ ! ਇਹ ਸਵੈ ਮਾਨ ਅਤੇ ਸੰਤੁਲਨ ਰਖਣਾ ਜ਼ਰੂਰੀ ਹੈ, ਨਹੀਂ ਤਾਂ ਜਾਂ ਸਵੈ-ਅਭਿਮਾਨ ਵਿਚ ਨਾ ਬਦਲੇ ਅਤੇ ਇਸ ਵਿਚ ਸਾਵਾਂਪਨ ਕਾਇਮ ਰਹੇ, ਇਸ ਬਾਰੇ ਲੇਖਕਾਂ ਨੂੰ ਸਾਵਧਾਨੀ ਨਾਲ ਖ਼ਿਆਲ ਰੱਖਣਾ ਜ਼ਰੂਰੀ ਹੈ . ਉਸ ਦੀ ਰਚਨਾ ਵੀ ਕਿਸੇ ਉਲਾਰ ਭਾਵਾਂ ਦਾ ਸ਼ਿਕਾਰ ਹੋ ਸਕਦੀ ਹੈ। ਅਜੀਤ ਕੌਰ ਦਾ ਨਾਂ ਪੰਜਾਬੀ ਗਲਪਕਾਰ ਦੇ ਤੌਰ ਤੇ ਬੜਾ ਉਜਾਗਰ ਹੈ। ਕਹਾਣੀਆਂ ਵਿਚ ਉਹ ਬੜੀ ਦਲੇਰ ਤੇ ਸਾਹਸਵਾਨ ਲੇਖਕਾਂ ਵਜੋਂ ਸਾਹਮਣੇ ਆਈ ਹੈ। ਉਸ ਦੀਆਂ ਸਵੈ-ਜੀਵਨੀ ਮੂਲਕ ਰਚਨਾਵਾਂ ਵਿਚ ਉਸ ਦੇ ਵਿਅਕਤਿਤਵ ਦੇ ਇੱਕ ਅੰਸ਼ ਛਾਏ ਹੋਏ ਹਨ। ਉਸ ਦੀਆਂ ਇਹ ਰਚਨਾਵਾਂ ਵੀ ਇੱਕ ਸੁਘੜ ਕਹਾਣੀਕਾਰ ਨਿਆਂਈਂ ਇਕੱਲੀਆਂ ਇਕੱਲੀਆਂ ਸੰਪੂਰਨ ਸਾਹਿੱਤਿਕ ਰਚਨਾਵਾਂ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਸਾਵੀਆਂ ਚਿੜੀਆਂ ਦੇ ਕੁੱਝ ਬਿਰਤਾਂਤ ਜਿਵੇਂ ਕਾਲੀ ਹਵਾ ਦੀ ਦਾਸਤਾਨ, ਫ਼ਾਲਤੂ ਔਰਤ, ਮੇਰਾ ਕਮਰਾ, ਮਨ ਤੇ ਮੈਂ, ਖਾਨਾ ਬਦੋਸ਼ ਅਤੇ ਵਨ ਜ਼ੀਰੋ ਵਨ ਉਸ ਦੇ ਕੌੜੇ ਮਿੱਠੇ ਤੱਤੇ, ਚਾਹੇ ਅਣਚਾਹੇ, ਸੁਹਜ ਤੇ ਕੁਹਜ ਵਿਚ ਲਪੇਟੇ ਤੀਖਣ ਪ੍ਰਤੀਕਰਮ ਜਗਾਉਣ ਵਾਲੇ ਅਨੁਭਵਾਂ ਦੇ ਕਲਾਤਮਕ ਚਿੱਤਰ ਹਨ। ਉਸ ਦਾ ਸੁਰ ਕਈ ਥਾਵਾਂ 'ਤੇ ਬੜਾ ਉੱਚਾ ਤੇ ਉਸ ਦਾ ਸਵੈ-ਮਾਨ ਸਾਹਸਵਾਨ ਹੈ। ਭਾਵੇਂ ਕਿਤੇ ਕਿਤੇ ਇਸ ਦੇ ਉਲਾਰ ਪੱਖਾਂ ਨੂੰ ਵੀ ਵੇਖਿਆ ਜਾ ਸਕਦਾ ਹੈ, ਪਰ ਵਨ ਜ਼ੀਰੋ ਵਨ ਵਰਗੀ ਅਤਿ ਦੀ ਕਰੁਣਾਮਈ ਵਾਤਸਲੀ ਮਮਤਾ ਨਾਲ ਭਰਪੂਰ ਉਸ ਦਾ ਉਹ ਅਮਰ ਸ਼ਾਹਕਾਰ ਹੈ, ਜਿਸ ਦਾ ਸਮੁੱਚੇ ਵਿਸ਼ਵ ਸਾਹਿਤ ਵਿਚ ਅਭੁੱਲ ਸਥਾਨ ਹੈ। 'ਕੂੜ ਕਬਾੜਾ' ਨਾਂ ਥੱਲੇ ਅਜੀਤ ਕੌਰ ਆਪਣੀ ਸਵੈ-ਜੀਵਨੀ ਦੇ ਕੁੱਝ ਅੰਸ਼ਾਂ ਨੂੰ ਨਿਰੰਤਰ ਲਿਖਦੀ ਜਾ ਰਹੀ ਹੈ। ਬਚਿੰਤ ਕੌਰ ਭਾਵੇਂ ਮੁੱਖ ਰੂਪ ਵਿਚ ਕਹਾਣੀਕਾਰ ਹੈ, ਪਰ ਉਸ ਦੀ ਪੁਸਤਕ 'ਪਗਡੰਡੀਆਂ' ਵਿਚ ਸਵੈ-ਜੀਵਨੀ ਮੂਲਕ ਲਘੂ ਬਿਰਤਾਂਤ ਸੰਮਿਲਿਤ ਹਨ। ਇਸ ਪੁਸਤਕ ਵਿਚ ਲੇਖਕਾ ਨੇ ਛੋਟੀ ਮੱਧ ਸ਼੍ਰੇਣੀ ਵਿਚੋਂ ਉੱਠੀ ਇਸਤਰੀ ਜੋ ਆਪਣੇ ਜੀਵਨ ਵਿਚ ਸਵੈਮਾਨ ਤੇ ਸਨਮਾਨ ਪ੍ਰਾਪਤ ਕਰਨ ਲਈ ਅਨੇਕ ਔਕੜਾਂ ਤੇ ਤੰਗੀਆਂ ਵਿਚ ਵਿਚਰਕੇ ਜੋ ਸੰਘਰਸ਼ ਕਰਦੀ ਹੈ, ਉਸਦਾ ਰੌਚਿਕ ਤੇ ਦਿਲ ਵਿੰਨ੍ਹਵਾਂ ਬਿਆਨ ਪ੍ਰਾਪਤ ਹੁੰਦਾ ਹੈ | ਕੁੱਝ ਬਚਪਨ ਦੀਆ ਯਾਦਾਂ ਜੋ ਪਟਿਆਲੇ ਨਾਲ ਸੰਬੰਧਿਤ ਹਨ ਤੇ ਕੁੱਝ ਦਿੱਲੀ ਵਰਗੇ ਮਹਾਂਨਗਰ ਦੇ ਬਿਰਤਾਂਤ ਇਸ ਰਚਨਾ ਵਿਚ ਦਿੱਤੇ ਗਏ ਹਨ, ਜਿਨ੍ਹਾਂ ਵਿਚ ਲੇਖਕਾ ਨੇ ਰੋਜ਼ਗਾਰ ਪ੍ਰਾਪਤ ਕਰਨ ਲਈ ਅਤੇ ਦਫ਼ਤਰੀ ਸੇਵਾ ਵਿਚ ਆਈਆਂ ਮੁਸ਼ਕਲਾਂ ਦਾ ਵਰਣਨ ਕੀਤਾ ਗਿਆ ਹੈ। ਬਚਿੰਤ ਕੌਰ ਦਾ ਬਿਆਨ ਨਿਰਸੰਕੋਚ ਤੇ ਪੁਰਸ਼ ਪ੍ਰਧਾਨ ਸਮਾਜ ਵਿਚ ਇਸਤਰੀ ਦੇ ਸ਼ੋਸ਼ਣ ਦੀ ਨੰਗੀ ਤਸਵੀਰ ਨੂੰ ਪੇਸ਼ ਕਰਦਾ ਹੈ। ਮਨਜੀਤ ਇੰਦਰਾ ਜੋ ਮੁੱਖ ਰੂਪ ਵਿਚ ਕਵਿੱਤਰੀ ਹੈ, ਨੇ 'ਤਾਰਿਆਂ ਦਾ ਛੱਜ' ਪੁਸਤਕ ਲਿਖ ਕੇ ਪ੍ਰੋ. ਮੋਹਨ ਸਿੰਘ ਦੇ ਅਨੇਕ ਸਮਾਚਾਰਾਂ ਨੂੰ ਆਪਣੀ ਕਾਵਿਮਈ ਵਾਰਤਕ ਵਿਚ ਪੇਸ਼ ਕੀਤਾ ਹੈ, ਉੱਥੇ ਉਸ ਦੀ ਆਪਣੀ ਸਵੈ-ਜੀਵਨੀ ਦੇ ਕਈ ਅੰਸ਼ ਇਸ ਵਿਚ ਸੰਕਲਿਤ ਹਨ। ਅੰਮ੍ਰਿਤਾ ਪ੍ਰੀਤਮ ਨਾਲ ਪ੍ਰੋ. ਮੋਹਨ ਸਿੰਘ ਦੀ ਕਵਿਤਾ ਬਾਰੇ ਹੋਇਆ ਸੰਵਾਦ ਅਤੇ ਪ੍ਰੋ. ਮੋਹਨ ਸਿੰਘ ਦੇ ਪਰਿਵਾਰਕ ਜੀਵਨ ਉੱਤੇ ਇਹ ਪੁਸਤਕ ਕਾਫ਼ੀ ਰੌਸ਼ਨੀ ਪਾਉਂਦੀ ਹੈ। ਇਸ ਤੋਂ ਬਿਨਾਂ ਪ੍ਰੋ. ਮੋਹਨ ਸਿੰਘ ਦੇ ਕਾਵਿ-ਅਨੁਭਵ ਤੇ ਕਈ ਹੋਰ ਨਿੱਜੀ ਗੁਣਾਂ ਤੇ ਪ੍ਰਸਥਿਤੀਆਂ ਬਾਰੇ ਵੀ ਇਸ ਪੁਸਤਕ ਵਿਚ ਕਈ ਸੰਕੇਤ ਦਿੱਤੇ ਗਏ ਹਨ ਅਤੇ ਕੁੱਝ ਮੋਹਨ ਸਿੰਘ ਦੀਆਂ ਅਪ੍ਰਕਾਸ਼ਿਤ ਕਵਿਤਾਵਾਂ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ। ਲੇਖਕਾ ਦੇ ਪ੍ਰੋ. ਮੋਹਨ ਸਿੰਘ ਨਾਲ ਕਈ ਸਾਲਾਂ ਦੇ ਨਿੱਜੀ ਸਬੰਧ ਇਸ ਪੁਸਤਕ ਨੂੰ ਸਵੈ-ਜੀਵਨੀ ਦਾ ਸਰੂਪ ਦੇ ਦਿੰਦੇ ਹਨ। ਪਤੀ ਸੰਬੰਧਾਂ ਦੇ ਕੁੜੱਤਣ ਭਰੇ ਪੱਖ ਦੇ ਅਨੁਭਵ ਨੂੰ ਵੀ ਲੁਕਾਉਣ ਤੋਂ ਸੰਕੋਚ ਨਹੀਂ ਕੀਤਾ ਅਤੇ ਆਪਣੇ ਪਰ-ਪੁਰਖਾਂ ਨਾਲ ਪਰਸਪਰ ਸੰਬੰਧਾਂ ਬਾਰੇ ਵੀ ਸਾਫ਼ਗੋਈ ਨਾਲ ਨਿਝੱਕ ਬਿਆਨ ਕਰ ਦਿੱਤਾ ਹੈ, ਜਿਸ ਨਾਲ ਉਸ ਦੀ ਜਜ਼ਬਾਤੀ ਸੰਵੇਦਨਾ ਦੇ ਨਾਲ ਨਾਲ ਉਸ ਦੇ ਅੰਦਰ ਦਾ ਨਾਰੀ ਅਭਿਮਾਨ ਉੱਭਰ ਕੇ ਸਾਹਮਣੇ ਆਉਂਦਾ ਹੈ। ਕਵਿੱਤਰੀ ਹੋਣ ਕਰ ਕੇ ਉਸ ਦੀ ਗੱਦ ਰਚਨਾ ਵਿਚ ਵੀ ਕੋਮਲ ਕਾਵਿ-ਛੁਹਾ ਮੌਜੂਦ ਹਨ।

**ਸਾਰੰਸ਼:**

ਸਵੈ-ਜੀਵਨੀ ਅਤੇ ਜੀਵਨੀ ਜੀਵਨ ਦਾ ਸਭ ਤੋਂ ਪ੍ਰਮੁੱਖ ਵਿਸ਼ਾ-ਮਨੁੱਖੀ ਚਰਿੱਤਰ ਨੂੰ ਪੇਸ਼ ਕਰਨਾ ਹੈ। ਮਨੁੱਖੀ ਚਰਿੱਤਰ ਕਿਸੇ ਆਦਰਸ਼ ਵਿਅਕਤੀ ਦੇ ਜੀਵਨ ਚਰਿੱਤਰ ਦੇ ਸਹਾਰੇ ਹੀ ਵਿਅਕਤ ਕੀਤਾ ਜਾਂਦਾ ਹੈ। ਇਸ ਲਈ ਜੀਵਨੀ ਦੀ ਮੂਲ ਪ੍ਰਸਿੱਧ ਨਾਇਕ ਹੀ ਹੁੰਦਾ ਹੈ। ਨਾਇਕ ਹੀ ਜੀਵਨੀ ਕਲਾ ਦਾ ਕੇਂਦਰੀ ਧੁਰਾ ਹੈ। ਜੀਵਨ ਅਤੇ ਸੰਸਾਰ ਦੇ ਕਿਸੇ ਖੇਤਰ ਵਿਚ ਵਿਸ਼ੇਸ਼ ਸਫਲਤਾ ਹਾਸਲ ਕਰਨ ਵਾਲੇ ਵਿਅਕਤੀ ਦੀ ਹੀ ਜੀਵਨੀ ਲਿਖੀ ਜਾ ਸਕਦੀ ਹੈ। ਦੇਵੀ-ਦੇਵਤੇ , ਰਾਜੇ-ਮਹਾਰਾਜੇ , ਮਹਾਂਪੁਰਖ , ਧਾਰਮਿਕ ਆਗੂ , ਸਮਾਜਿਕ , ਰਾਜਨੀਤਿਕ ਜਾਂ ਵਿੱਦਿਅਕ ਖੇਤਰ ਦੇ ਪ੍ਰਮਾਣ ਪੁਰਸ਼ ਅਰਥਾਤ ਆਦਰਸ਼ ਵਿਅਕਤਿਤਵ ਦੇ ਮਾਲਕ ਜੀਵਨੀ ਦੇ ਨਾਇਕ ਬਣਦੇ ਹਨ।

**ਕੇਂਦਰੀ ਸ਼ਬਦ :**

ਬਾਇਓਸ ---- ਜੀਵਨ

ਗ੍ਰਾਫੋਸ ---- ਲਿਖਤ

ਭਾਵਨਾਵਾਂ --- ਰੁਚੀਆਂ

ਸਵੈ-ਜੀਵਨੀ ------ ਆਪਣੇ ਆਪ ਲਿਖੀ ਰਚਨਾ

ਸਿਮਰਤੀਆਂ --- ਅਭੁੱਲ ਯਾਦਾਂ/ਸੁਰਤ

ਸਖਸ਼ੀਅਤ ---------- ਜ਼ਿੰਦਗੀ ਦਾ ਮਿਆਰ

ਵਾਸਤਵਿਕ ------ ਸੱਚ

**ਸਵੈ-ਮੁਲਾਂਕਣ:**

1.ਜੀਵਨੀ ਨੂੰ ਅੰਗਰੇਜ਼ੀ ਵਿਚ ਕਿਹਾ ਜਾਂਦਾ ਹੈ?

(ੳ) Biography
(ਅ) Bigraph
(ੲ) Biograph
(ਸ) Biogphy

2. ਜੀਵਨੀ ਮਨੁੱਖ ਦਾ ਅਜਿਹਾ ਲਿਬਾਸ ਹੈ ਕਿਸ ਦਾ ਕਥਨ ਹੈ?

(ੳ) ਕ੍ਰਿਸਟਲ
(ਅ) ਵਿਲੀਅਮ
(ੲ) ਡੈਵਿਡ
(ਸ) ਮਾਰਕ ਟੇਲਰ

3. ਪ੍ਰਿੰ. ਤੇਜਾ ਸਿੰਘ ਦੀ ਜੀਵਨੀ ਹੈ?

(ੳ) ਆਰਸੀ
(ਅ) ਮੇਰੀ ਦੁਨੀਆਂ
(ੲ) ਪੱਗਡੰਡੀਆਂ
(ਸ) ਕਿਸ ਪਾ ਖੋਲਓ ਗੱਠੜੀ

੫. ਸੁਜਾਨ ਸਿੰਘ ਦੀ ਰਚਨਾ ਹੈ।

(ੳ) ਦਾਸਤਾਨ

(ਅ) ਧਰਤੀ ਦਾ ਲਾਲ

(ੲ) ਆਰਸੀ

(ਸ) ਕੋਈ ਵੀ ਨਹੀਂ

5. ਸੋਹਣ ਸਿੰਘ ਸੀਤਲ ਦੀ ਆਪਣੀ ਸਵੈ-ਜੀਵਨੀ ਹੈ।

(ੳ) ਨਾਗਮਣੀ

(ਅ) ਪਤਾਲਾ ਦੀ ਧਰਤੀ

(ੲ) ਵੇਖੀ ਮਾਣੀ ਦੁਨੀਆਂ

(ਸ) ਮੇਰੀ ਦੁਨੀਆਂ

6. ਸਵੈ ਜੀਵਨੀ ਵਿਚ ਵਿਅਕਤੀ ਕਿਸ ਦੇ ਅਨੁਭਵਾਂ ਨੂੰ ਪੇਸ਼ ਕਰਦਾ ਹੈ?

ੳ. ਨਿੱਜੀ

ਅ. ਦੂਜਿਆਂ

ੲ. ਮਹਾਨ ਲੋਕਾਂ

ਸ. ਖ਼ਾਸ ਵਿਅਕਤੀ

7. ਕਿਸ ਵਿੱਚ ਆਪ ਹੰਢਾਈ ਅਤੇ ਭੋਗੇ ਪਲਾਂ ਦੀ ਪੁਨਰ ਉਸਾਰੀ ਹੁੰਦੀ ਹੈ?

ੳ. ਜੀਵਨੀ

ਅ. ਨਾਟਕ

ੲ. ਸਵੈ ਜੀਵਨੀ

ਸ. ਨਾਵਲ

8. ਸਵੈ ਜੀਵਨੀ ਮਨੁੱਖ ਦੀ ਆਪਣੀ ਕੀ ਹੈ ਜੋ ਯਾਦਾਂ ਦੀ ਰੰਗੀਨ ਧੁੰਦ ਉੱਤੇ ਪੈਂਦੀ ਰਹਿੰਦੀ ਹੈ?

ੳ. ਸਾਇਆ

ਅ. ਪਰਛਾਇਆ

ੲ. ਜਾਣਕਾਰੀ

ਸ. ਕੋਈ ਵੀ ਨਹੀਂ

9. ਸਵੈ ਜੀਵਨੀ ਵਿਚ ਜੋ ਕੁਝ ਲਿਖਿਆ ਜਾਂਦਾ ਹੈ ਉਹ ਅੱਖੀਂ ਡਿੱਠਾ ਤੇ ਹੋਰ ਕਿਹੜਾ ਸੱਚ ਹੁੰਦਾ ਹੈ?

ੳ. ਸੁਣਿਐ

ਅ. ਕੋਈ ਵੀ ਨਹੀਂ

ੲ. ਆਪ ਹੰਢਾਇਆ

ਸ. ਪਰਾਇਆ

10. ਆਪਣੇ ਆਲੇ ਦੁਆਲੇ ਤੇ ਸਮਾਜ ਦੇ ਪ੍ਰਭਾਵ ਥੱਲੇ ਲਿਖ ਜੋ ਵੀ ਆਪਣਾ ਜੀਵਨ ਸਫ਼ਰ ਤੈਅ ਕਰਦਾ ਹੈ ਉਸ ਦੇ ਮੁਤਾਬਕ ਉਸ ਦੀ ਕੀ ਬਣਦੀ ਹੈ?

ੳ. ਲੇਖਣੀ

ਅ. ਸ਼ਖ਼ਸੀਅਤ

ੲ. ਕੋਈ ਵੀ ਨਹੀਂ

ਸ. ਚਾਲ ਚਲਣ

11. ਸੱਚ ਤੇ ਆਧਾਰਿਤ ਲਿਖੀ ਸਵੈ ਜੀਵਨੀ ਸਮਾਜ ਲਈ ਕੀ ਕਰਦੀ ਹੈ?

ੳ. ਨੁਕਸਾਨ

ਅ. ਬੁਰਾ

ੲ. ਕੋਈ ਵੀ ਨਹੀਂ

ਸ. ਕਲਿਆਣ

12. ਪ੍ਰੋਫੈਸਰ ਬਲਵੰਤ ਗਾਰਗੀ ਦੀ ਸਵੈਜੀਵਨੀ ਕਿਹੜੀ ਹੈ ?

ੳ. ਨੰਗੀ ਧੁੱਪ

ਅ. ਰਸੀਦੀ ਟਿਕਟ

ੲ. ਮੇਰੀ ਦੁਨੀਆਂ

ਸ. ਆਰਸੀ

13. ਅੰਮ੍ਰਿਤਾ ਪ੍ਰੀਤਮ ਦੀ ਸਵੈਜੀਵਨੀ ਕਿਹੜੀ ਹੈ ?

ੳ. ਨੰਗੀ ਧੁੱਪ

ਅ. ਰਸੀਦੀ ਟਿਕਟ

ੲ. ਮੇਰੀ ਦੁਨੀਆਂ

ਸ. ਆਰਸੀ

14. ਜੀਵਨੀ ਕਲਾ ਦਾ ਸਾਹਿਤਕਤਾ ਨਾਲ ਜੋ ਨਵਾਂ ਗਠਬੰਧਨ ਪੈਦਾ ਹੋਇਆ ਹੈ ਉਹ ਕਿਹੜੇ ਯੁੱਗ ਦੀ ਦੇਣ ਹੈ ?

ੳ. ਪੁਰਾਤਨ

ਅ. ਅਜੋਕੇ

ੲ. ਮੱਧਕਾਲ

ਸ. ਕੋਈ ਵੀ ਨਹੀਂ

15. ਸਵੈ ਜੀਵਨੀ ਵਿਚ ਜੋ ਕੁਝ ਲਿਖਿਆ ਜਾਂਦਾ ਹੈ ਉਹ ਅੱਖੀਂ ਡਿੱਠਾ ਤੇ ਹੋਰ ਕਿਹੜਾ ਸੱਚ ਹੁੰਦਾ ਹੈ ?

ੳ. ਸੁਣਿਐ

ਅ. ਕੋਈ ਵੀ ਨਹੀਂ

ੲ. ਆਪ ਹੰਢਾਇਆ

ਸ. ਪਰਾਇਆ

**ਅਭਿਆਸ ਪ੍ਰਸ਼ਨ**

1. ਜੀਵਨੀਆਂ ਅਤੇ ਸਵੈ-ਜੀਵਨੀ ਦਾ ਅਰਥ ਦੱਸਦੇ ਇਨ੍ਹਾਂ ਦੀਆਂ ਪਰਿਭਾਸ਼ਾਵਾਂ ਲਿਖੋ ।
2. ਜੀਵਨੀ ਦੇ ਵਿਕਾਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਓ ।

3. ਸਵੈ-ਜੀਵਨੀ ਦੇ ਵਿਕਾਸ ਬਾਰੇ ਵਿਸਥਾਰ ਸਹਿਤ ਚਰਚਾ ਕਰੋ।
4. ਇਸਤਰੀ ਸਵੈ-ਜੀਵਨੀ ਕਾਰਾਂ ਬਾਰੇ ਚਰਚਾ ਕਰੋ।

**ਸੰਦਰਭ ਪੁਸਤਕਾਂ:**


1. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ(ਆਦਿ ਕਾਲ ਤੋਂ ਸਮਕਾਲ ਤੱਕ),ਲਾਹੌਰ ਬੁੱਕ ਸ਼ਾਪ, ਲੁਧਿਆਣਾ, 2018
2. ਡਾ. ਸੁਰਿੰਦਰ ਸਿੰਘ ਕੋਹਲੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 1), ਪੰਜਾਬ ਯੂਨੀਵਰਸਿਟੀ ਚੰਡੀਗੜ੍ਹ , 2017
3. ਡਾ. ਰਤਨ ਸਿੰਘ ਜੱਗੀ, ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ 2), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ,ਪਟਿਆਲਾ, 2016
4. ਡਾ. ਜਸਵਿੰਦਰ ਸਿੰਘ, ਡਾ. ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2018


**ਮਹੱਤਵਪੂਰਨ ਲਿੰਕ**

https://pa.info-about.info/131513/1/%E0%A8%AA%E0%A9%B0-%E0%A8%BE%E0%A8%AC%E0%A9%80-%E0%A8%B8%E0%A8%B5%E0%A9%88-%E0%A8%9C%E0%A9%80%E0%A8%B5%E0%A8%A8%E0%A9%80.html

https://pa.warbletoncouncil.org/elementos-biografia-8988

**ਉੱਤਰਮਾਲਾ**

| | | | | |
|---|---|---|---|---|
| 1. ੳ | 2. ਸ | 3. ੳ | 4. ਸ | 5. ੲ |
| 6. ੳ | 7. ੲ | 8. ੳ | 9. ੲ | 10. ਅ |
| 11. ਸ | 12. ੳ | 13. ਅ | 14. ਅ | 15. ੲ |

*Sona, Lovely Professional University*

# ਅਧਿਆਇ-9:ਆਧੁਨਿਕ ਪੰਜਾਬੀ ਵਾਰਤਕ: ਰੇਖਾ ਚਿੱਤਰ, ਸੰਸਮਰਣ, ਡਾਇਰੀ ਸਾਹਿਤ

ਵਿਸ਼ਾ ਵਸਤੂ (Content)


**1.** ਉਦੇਸ਼

**2.** ਪ੍ਰਸਤਾਵਨਾ

**3.** ਵਿਸ਼ਾ ਵਸਤੂ

**4.** ਸਾਰੰਸ਼

**5.** ਕੇਂਦਰੀ ਸ਼ਬਦ

**6.** ਸਵੈ-ਮੁਲਾਂਕਣ

**7.** ਅਭਿਆਸ ਪ੍ਰਸ਼ਨ

**8.** ਸੰਦਰਭ ਪੁਸਤਕਾਂ

**9.** ਮੱਹਤਵਪੂਰਨ ਵੈੱਬਸਾਇਟਸ


## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **ਆਧੁਨਿਕ ਵਾਰਤਕ ਰੂਪ ਰੇਖਾ ਚਿੱਤਰ ਬਾਰੇ ਜਾਣਨਗੇ।**
2. **ਆਧੁਨਿਕ ਵਾਰਤਕ ਦੀਆਂ ਕਿਸਮਾਂ ਅਤੇ ਵਿਸ਼ੇਸ਼ਤਾਵਾਂ ਬਾਰੇ ਜਾਣਨ ਦੇ ਯੋਗ ਹੋਣਗੇ।**
3. **ਆਧੁਨਿਕ ਵਾਰਤਕ ਰੂਪ ਡਾਇਰੀ ਸੰਸਮਰਣ ਬਾਰੇ ਨੂੰ ਸਮਝਣ ਦੇ ਕਾਬਿਲ ਹੋਣਗੇ**

## ਪ੍ਰਸਤਾਵਨਾ:

ਆਧੁਨਿਕ ਪੰਜਾਬੀ ਵਾਰਤਕ : ਨਿਕਾਸ ਤੇ ਵਿਕਾਸ

o

ਕੀ ਕਿਸੇ ਵੀ ਭਾਸ਼ਾ ਦੇ ਸਾਹਿਤ ਵਾਂਗ ਪੰਜਾਬੀ ਸਾਹਿਤ ਵਿੱਚ ਵੀ ਵਾਰਤਕ ਕਵਿਤਾ ਤੋਂ ਪਿੱਛੋਂ ਹੀ ਜਨਮ ਲਿਆ ਹੈ। ਬੇਸ਼ੱਕ ਆਦਿ ਕਾਲ ਵਿੱਚ ਰਚੀਆਂ : ਵਾਰਤਕ ਰਚਨਾਵਾਂ ਦੀ ਗੱਲ ਵਿਦਵਾਨਾਂ ਨੇ ਕੀਤੀ ਹੈ ਪਰ ਪੰਜਾਬੀ ਵਿੱਚ ਵਾਰ ਦਾ ਅਸਲ ਜਨਮ ਮੱਧਕਾਲ ਵਿੱਚ ਹੀ ਹੋਇਆ। ਇਸ ਦਾ ਵਿਸਥਾਰ- ਪੂਰਵਕ ਵਰਮਾ ਪਿਛਲੇਰੇ ਪੰਨਿਆਂ ਉੱਪਰ ਕੀਤਾ ਗਿਆ। ਇਸ ਕਾਲ ਵਿੱਚ ਜਨਮਸਾਖੀਆਂ, ਸਾਖੀਆਂ ਹੁਕਮਨਾਮੇ, ਰਹਿਤਨਾਮੇ, ਗੋਸ਼ਟਾਂ, ਪਰਚੀਆਂ, ਟੀਕੇ, ਪਰਮਾਰਥ ਅਤੇ ਗੁਰਬਿਲਾਸ਼ਾਂ ਦੇ ਰੂਪ ਵਿੱਚ ਵਾਰਤਕ ਪਾਪਤ ਹੁੰਦੀ ਹੈ। ਇਸ ਕਾਲ- ਖੰਡ ਦੀ ਵਾਰਤਕ ਮੱਧਕਾਲ ਦੀ ਧਾਰਮਿਕ, ਸਮਾਜਿਕ, ਆਰਥਿਕ ਅਤੇ ਮਨੋਵਿਗਿਆਨਕ ਸਥਿਤੀ ਵਿੱਚੋਂ ਉਪਜੀ ਹੈ। ਇਸ ਵਾਰਤਕ ਦੇ ਵਿਭਿੰਨ ਰੂਪ ਪੂਰੀ ਤਰ੍ਹਾਂ ਮੌਲਿਕ ਹਨ। ਇਹ ਸਾਡੀ ਮਿੱਟੀ, ਸੱਭਿਆਚਾਰ ਅਤੇ ਜੀਵਨ-ਜਾਚ ਵਿੱਚੋਂ ਉਪਜੇ ਹਨ। ਪਰ ਆਧੁਨਿਕ ਕਾਲ ਵਿੱਚ ਜਿਹੜੀ ਵਾਰਤਕ ਜਨਮ ਲੈਂਦੀ ਹੈ ਉਸ ਦਾ ਰੂਪ ਮੱਧਕਾਲੀ ਵਾਰਤਕ ਨਾਲੋਂ ਪੂਰੀ ਤਰ੍ਹਾਂ ਭਿੰਨ ਹੈ। ਇਹ ਬਦਲੀ ਹੋਈ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਸਥਿਤੀ ਵਿੱਚੋਂ ਉਪਜੀ ਬਦਲੀ ਹੋਈ ਵਾਰਤਕ ਹੈ।

1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਦਸ ਸਾਲ ਤੱਕ ਸਿੱਖ ਦਰਬਾਰ ਵਿੱਚ ਅੰਦਰੂਨੀ ਖਿੱਚੋ-ਤਾਣ ਤੇ ਕਤਲੋ-ਗਾਰਤ ਚਲਦੀ ਰਹੀ। 1849 ਈ. ਵਿੱਚ, ਪੰਜਾਬ ਉੱਤੇ ਬਾਹਰੋਂ ਆਈ ਅੰਗਰੇਜ਼ ਕੌਮ ਦਾ ਪੂਰੀ ਤਰ੍ਹਾਂ ਕਬਜ਼ਾ ਹੋ ਗਿਆ। ਉਹਨਾਂ ਨਾਲ ਸਿਰਫ਼ ਰਾਜਨੀਤਿਕ ਪ੍ਰਬੰਧ ਹੀ ਨਹੀਂ ਬਦਲਿਆ ਸਗੋਂ ਇਹ ਬਦਲੀ ਹੋਈ ਰਾਜਨੀਤਿਕ ਵਿਵਸਥਾ ਆਪਣੇ ਨਾਲ ਨਵੇਂ ਧਾਰਮਿਕ, ਸਮਾਜਿਕ ਅਤੇ ਆਰਥਿਕ ਵਿਵਸਥਾ ਵੀ ਲੈ ਗਈ। ਇਸ ਬਦਲੀ ਹੋਈ ਵਿਵਸਥਾ ਨੇ ਇਕ ਨਵੀਂ ਕਿਸਮ ਦੀ ਜੀਵਨ ਜਾਚ ਅਤੇ ਨਵੇਂ ਕਿਸਮ ਦੇ ਮਨੋਵਿਗਿਆਨ ਨੂੰ ਜਨਮ ਦਿੱਤਾ। ਇਸ ਨਾਲ ਜੋ ਵਾਰਤਕ ਪੈਦਾ ਹੋਈ ਉਹ ਵੀ ਪੂਰੀ ਤਰ੍ਹਾਂ ਬਦਲੀ ਹੋਈ ਸੀ। ਆਧੁਨਿਕ ਪੰਜਾਬੀ ਵਾਰਤਕ ਦਾ ਜਨਮ ਪੰਜਾਬ ਵਿੱਚ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਸਦਕਾ ਹੋਇਆ ਹੈ।

ਵਾਰਤਕ` ਸ਼ਬਦ ਸੰਕਲਪ ਦੇਖਣ ਨੂੰ ਜਿੰਨਾ ਅਸਾਨ ਲੱਗਦਾ ਹੈ, ਓਨਾ ਆਸਾਨ ਹੈ ਨਹੀਂ। ਪੰਜਾਬੀ ਸਾਹਿਤ ਦੇ ਆਧੁਨਿਕ ਕਾਲ ਵਿੱਚ ਵਾਰਤਕ ਦੀ ਸਥਿਤੀ ਨੂੰ ਸਮਝਣ ਲਈ ਵਧੇਰੇ ਇਕਾਗਰਤਾ ਅਤੇ ਸੂਖਮਤਾ ਦੀ ਲੋੜ ਹੈ। ਆਧੁਨਿਕ ਕਾਲ ਵਿੱਚ ਉਪਜੀ ਮੁੱਢਲੀ ਪੰਜਾਬੀ ਵਾਰਤਕ ਨੂੰ ਦੋ ਅਰਥਾਂ ਵਿੱਚ ਸਮਝਣਾ ਜ਼ਰੂਰੀ ਹੈ। ਪਹਿਲੇ ਅਰਥਾਂ ਅਨੁਸਾਰ ਵਾਰਤਕ ਤੋਂ ਭਾਵ ਸਾਹਿਤ ਦੀ ਉਹ ਵੰਨਗੀ ਹੈ ਜੋ ਕਵਿਤਾ ਨਹੀਂ। ਅਰਥਾਤ ਕਵਿਤਾ ਤੋਂ ਬਿਨਾਂ, ਆਧੁਨਿਕ ਕਾਲ ਦੇ ਸਾਰੇ ਮੁੱਢਲੇ ਸਾਹਿਤ ਰੂਪ ਵਾਰਤਕ ਹਨ। ਇਸ ਹਿਸਾਬ ਨਾਲ ਨਾਵਲ, ਨਾਟਕ ਅਤੇ ਕਹਾਣੀ ਵੀ ਵਾਰਤਕ ਹਨ। ਪਰ ਅੱਗੇ ਜਾ ਕੇ ਸਾਹਿਤ ਦੇ ਇਹ ਰੂਪ ਵਿਸ਼ਿਸ਼ਟ ਰੂਪ ਹਾਸਿਲ ਕਰ ਜਾਂਦੇ ਹਨ ਅਤੇ ' ਵਾਰਤਕ ਤੋਂ ਪੂਰੀ ਤਰ੍ਹਾਂ ਨਿਖੇੜ ਸਥਾਪਿਤ ਕਰ ਲੈਂਦੇ ਹਨ। ਵਾਰਤਕ ਵੀ ਆਪਣੇ

ਵਿਭਿੰਨ ਉਪ-ਰੂਪਾਂ ਸਮੇਤ ਆਪਣੇ ਵਿਸ਼ਿਸ਼ਟੀਕਰਨ ਵੱਲ ਵਧਦੀ ਹੈ। ਇਉਂ ਵਾਰਤਕ ਦੇ ਇੱਕ ਸਧਾਰਨ ਅਰਥ ਹਨ ਅਤੇ ਦੂਸਰੇ ਵਿਸ਼ਿਸ਼ਟ ਅਰਥ ਹਨ। ਆਧੁਨਿਕ ਕਾਲ ਦੀ ਮੁੱਢਲੀ ਵਾਰਤਕ ਨੂੰ ਸਮਝਣ ਲਈ ਇਸ ਪੱਖ ਵੱਲ ਧਿਆਨ ਰੱਖਿਆ ਜਾਣਾ ਬਹੁਤ ਜ਼ਰੂਰੀ ਹੈ। ਇਸ ਪੱਖ ਤੋਂ ਪੰਜਾਬੀ ਦੀ ਮੁੱਢਲੀ ਵਾਰਤਕ ਈਸਾਈ ਮਿਸ਼ਨਰੀਆਂ ਦੁਆਰਾ ਅਨਵਾਦ, ਵਿਆਕਰਨ, ਟੀਕਾਕਾਰੀ, ਸੰਪਾਦਨ ਅਤੇ ਕੋਸ਼ਕਾਰੀ ਦੇ ਰੂਪ ਵਿੱਚ ਲਿਖੀ ਗਈ। ਇਹਨਾਂ ਵੰਨਗੀਆਂ ਨੂੰ ਟੈਕਟਾਂ ਨਾਲ ਮਿਲਾ ਕੇ ਸਿੰਘ ਸਭਾ ਲਹਿਰ ਵੱਲੋਂ ਵੀ ਜਾਰੀ ਰੱਖਿਆ ਗਿਆ। ਵੀਹਵੀਂ ਸਦੀ ਵਿੱਚ ਵਾਰਤਕ ਨੇ ਵਿਸ਼ਿਸ਼ਟ ਰੂਪ ਧਾਰਨ ਕੀਤਾ ਅਤੇ ਇਸ ਦੇ ਨਵੇਂ ਰੂਪ ਨਿਬੰਧ, ਜੀਵਨੀ, ਸਵੈ-ਜੀਵਨੀ, ਸਫਰਨਾਮਾ ਹੋਂਦ ਵਿੱਚ ਆਏ। ਥੋੜ੍ਹਾ ਹੋਰ ਅੱਗੇ ਜਾ ਕੇ ਇਸ ਦੇ ਉਪ-ਰੂਪ, ਲਲਿਤ-ਨਿਬੰਧ, ਖਤ-ਨਿਬੰਧ, ਰੇਖਾ ਚਿੱਤਰ, ਸੰਸਮਰਣ, ਡਾਇਰੀ, ਯਾਦ ਚਿੱਤਰ, ਮੁਲਾਕਾਤ, ਬਾਲ ਸਾਹਿਤ, ਪੱਤਰਕਾਰੀ ਆਦਿ ਹੋਂਦ ਵਿੱਚ ਆਏ। ਇਉਂ 19ਵੀਂ ਸਦੀ ਅਤੇ 20ਵੀਂ ਸਦੀ ਵਿੱਚ ਪੰਜਾਬੀ ਵਾਰਤਕ ਨੇ ਤਿੰਨ ਪੜਾਅ ਪਾਰ ਕੀਤੇ ਹਨ। ਇਸ ਲਈ ਪੰਜਾਬੀ ਵਾਰਤਕ ਦਾ ਇਤਿਹਾਸ ਲਿਖਣ ਦਾ ਸਹੀ ਆਧਾਰ ਇਸ ਦਾ ਕਾਲ-ਕ੍ਰਮਕ ਅਤੇ ਰੂਪਗਤ ਵਿਕਾਸ ਹੀ ਹੋ ਸਕਦਾ ਹੈ। ਇਸ ਮੰਤਵ ਲਈ ਗੱਦ ਸ਼ੈਲੀ ਦੇ ਵਿਕਾਸ ਨੂੰ ਵੀ ਆਧਾਰ ਬਣਾਇਆ ਜਾ ਸਕਦਾ ਹੈ। ਪੰਜਾਬੀ ਵਾਰਤਕ ਵਿੱਚਲੀ ਸ਼ੈਲੀ ਦੇ ਕਈ ਰੂਪ ਸਾਹਮਣੇ ਆਉਂਦੇ ਹਨ। ਇਹਨਾਂ ਸ਼ੈਲੀਆਂ ਵਿੱਚ ਵਿਚਾਰਾਤਮਕ, ਇਤਿਹਾਸਕ, ਰਚਨਾਤਮਕ, ਖੋਜ ਮੂਲਕ, ਆਲੋਚਨਾਤਮਕ, ਗਿਆਨ-ਵਿਗਿਆਨ ਮੂਲਕ ਅਤੇ ਹਾਸ ਵਿਅੰਗ ਪ੍ਰਧਾਨ ਰੂਪ ਵਰਣਨਯੋਗ ਹਨ। ਪਰ ਪੰਜਾਬੀ ਵਾਰਤਕ ਦੇ ਨਿਕਾਸ ਅਤੇ ਵਿਭਿੰਨ ਕਿਸਮ ਦੇ ਵਿਕਾਸ ਪੜਾਵਾਂ ਨੂੰ ਸਮਝਣ ਲਈ ਇਸ ਦੇ ਕਾਲ ਕ੍ਰਮਕ ਅਤੇ ਰੂਪਗਤ ਵਿਕਾਸ ਨੂੰ ਅਧਿਐਨ ਕਰਨ ਵਾਲੀ ਵਿਧੀ ਸਭ ਤੋਂ ਵਧੇਰੇ ਉੱਚਿਤ ਹੈ।

ਨੇ ਆਪਣੀ ਵਾਰਤਕ

ਕਿਹਾ ਜਾ ਸਕਦਾ ਪੇਸ਼ਕਾਰੀ ਕੀਤੀ ਹੈ

ਰੇਖਾ ਚਿੱਤਰ

ਵਾਰਤਕ ਦੀ ਇੱਕ ਹੋਰ ਅਜਿਹੀ ਵੰਨਗੀ ਹੈ ਜੋ ਆਧੁਨਿਕ ਕਾਲ ਵਿਚ ਜਨਮ ਜਦ ਕਿਸੇ ਖ਼ਾਸ ਵਿਅਕਤੀ ਦੀ ਸ਼ਖਸੀਅਤ ਦੇ ਚਿੱਤਰ ਨੂੰ ਇਸ ਪ੍ਰਕਾਰ ਰੇਖਾਕ੍ਰਿਤ ਕੀਤਾ ਜਾਂਦਾ ਹੈ ਕਿ ਉਸ ਦਾ ਮੁਹਾਂਦਰਾ ਸਪੱਸ਼ਟ ਹੋ ਜਾਵੇ ਤਾਂ ਉਸ ਨੂੰ ਰੇਖਾ ਚਿੱਤਰ ਕਿਹਾ ਜਾਂਦਾ ਹੈ। ਜੀਵਨੀ

ਦੇ ਮੁਕਾਬਲੇ ਇਸ ਸਾਹਿਤ ਰੂਪ ਵਿਚਲਾ ਵਰਣਨ ਬੜਾ ਰੋਚਕ ਅਤੇ ਸੁਭਾਵਿਕ ਹੁੰਦਾ ਹੈ। ਲੇਖਕ, ਨਾਇਕ ਦੇ ਗੁਣ-ਦੋਸ਼ਾਂ ਤੋਂ ਇਲਾਵਾ ਉਸ ਦੀ ਸ਼ਖ਼ਸੀਅਤ ਦੇ ਕਿਸੇ ਖ਼ਾਸ ਪੱਖ ਉੱਤੇ ਵਿਅੰਗ ਵੀ ਕਰਦਾ ਹੈ। ਕਈ ਲਿਖਾਰੀ ਰੇਖਾ ਚਿੱਤਰ ਨੂੰ ਗਲਪੀ ਛੋਹਾਂ ਵੀ ਦੇ ਦਿੰਦੇ ਹਨ। ਇਸ

ਪੰਜਾਬੀ ਸਾਹਿਤ ਵਿੱਚ ਪ੍ਰਿੰ: ਤੇਜਾ ਸਿੰਘ ਨੇ ਆਪਣੀ ਵਾਰਤਕ ਵਿੱਚ ਕਈ ਅਜਿਹੇ ਪਾਤਰਾਂ ਦੀ ਪੇਸ਼ਕਾਰੀ ਕੀਤੀ ਹੈ ਜਿਸ ਨੂੰ ਪੰਜਾਬੀ ਦੇ ਮੁੱਢਲੇ ਰੇਖਾ ਚਿੱਤਰ ਕਿਹਾ ਜਾ ਸਕਦਾ ਹੈ। ਇਹਨਾਂ ਰੇਖਾ ਚਿੱਤਰਾਂ ਵਿੱਚ 'ਗੰਗਾਦੀਨ' ਅਤੇ 'ਪ੍ਰੀਤਮ ਸਿੰਘ ਦਾ ਸਭਾਅ' ਪ੍ਰਮੁੱਖ ਹਨ। ਇਸ ਕਿਸਮ ਦੇ ਹੀ ਰੇਖਾ ਚਿੱਤਰ ਸੁਭਾਅ ਵਾਲੇ ਨਿਬੰਧ ਬਾਵਾ ਬਲਵੰਤ, ਗੁਰਮੁਖ ਸਿੰਘ ਮੁਸਾਫ਼ਿਰ, ਹਰਿੰਦਰ ਸਿੰਘ ਅਤੇ ਈਸ਼ਵਰ ਚਿੱਤਰਕਾਰ ਨੇ ਵੀ ਲਿਖੇ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਪ੍ਰਸਿੱਧ ਰੇਖਾ-ਚਿੱਤਰ ਨੁਮਾ ਨਿਬੰਧ 'ਮੇਰੇ ਦਾਦੀ  ਜੀ ਹੈ।ਈਸ਼ਵਰ ਚਿੱਤਰਕਾਰ ਨੇ ਮਿੰਨੀ', 'ਮੌਲਵੀ ਅਤੇ ਮਿਸਟਰ ਜ਼ੈਦੀ ਲਿਖੇ ਹਨ। | ਪਰ ਪੰਜਾਬੀ ਦਾ ਪਹਿਲਾ ਰੇਖਾ-ਚਿੱਤਰ-ਲੇਖਕ ਬਲਵੰਤ ਗਾਰਗੀ ਨੂੰ ਮੰਨਿਆ ਜਾਂਦਾ ਹੈ। ਉਸ ਤੋਂ ਪਹਿਲੇ ਲਿਖੇ ਰੇਖਾ ਚਿੱਤਰ-ਨੁਮਾਂ ਨਿਬੰਧ, ਸ਼ੁੱਧ ਰੇਖਾ ਚਿੱਤਰ ਨਹੀਂ ਹਨ। ਇਹ ਰੇਖਾ ਚਿੱਤਰ ਦੇ ਸੁਭਾਅ ਵਾਲੇ ਨਿਬੰਧ ਹਨ। ਇਹਨਾਂ ਵਿੱਚ ਪੇਸ਼ ਹੋਏ ਪਾਤਰ, ਸਾਹਿਤਕਾਰ ਨਹੀਂ ਸਗੋਂ ਖ਼ਾਸ ਗੁਣ ਰੱਖਣ ਵਾਲੇ ਸਧਾਰਨ ਵਿਅਕਤੀ ਹਨ। ਇਸ ਦੇ ਉਲਟ ਬਲਵੰਤ ਗਾਰਗੀ ਨੇ 1961 ਵਿੱਚ ਪ੍ਰਕਾਸ਼ਿਤ ਆਪਣੇ ਰੇਖਾ ਚਿੱਤਰਾਂ ਦੀ ਪੁਸਤਕ 'ਨਿੰਮ ਦੇ ਪੱਤੇ ਵਿੱਚ, ਸੁਚੇਤ ਰੂਪ ਵਿੱਚ ਆਪਣੇ ਸਮਕਾਲੀ ਸਾਹਿਤਕਾਰਾਂ ਦੇ ਰੇਖਾ ਚਿੱਤਰ ਲਿਖੇ ਹਨ। ਕੁਝ ਸਾਲਾਂ ਦੇ ਵਕਫੇ ਨਾਲ ਉਸ ਨੇ ਸੁਰਮੇ ਵਾਲੀ ਅੱਖ (1964), ਕੌਡੀਆਂ ਵਾਲਾ ਸੱਪ (1980) ਅਤੇ ਹੁਸੀਨ ਚਿਹਰੇ (1985) ਪੁਸਤਕਾਂ ਲਿਖੀਆਂ। ਨਿੰਮ ਦੇ ਪੱਤੇ ਪੁਸਤਕਾਂ ਵਿੱਚ 12 ਲੇਖਕਾਂ ਦੇ ਰੇਖਾਚਿੱਤਰ ਹਨ। ਇਸ ਦੇ ਸਿਰਲੇਖ ਤੋਂ ਉਹ ਇਹ ਸਪੱਸ਼ਟ ਕਰਨਾ ਚਾਹੁੰਦਾ ਹੈ ਕਿ ਇਸ ਪੁਸਤਕ ਵਿੱਚ ਰੌਚਕਤਾ, ਵਿਅੰਗ ਅਤੇ ਮਿਠਾਸ ਦੇ ਨਾਲ ਨਿੰਮ ਵਰਗਾ ਕੌੜਾ ਬਿਆਨ ਵੀ ਹੈ। ਇਹ ਗੱਲ ਉਸ ਦੀ ਅਗਲੀ ਪੁਸਤਕ ਸੁਰਮੇ ਵਾਲੀ ਅੱਖ ਵਿੱਚ ਸੱਚ ਸਿੱਧ ਹੋਈ। ਇਸ ਵਿੱਚ 10 ਲੇਖਕਾਂ ਦੇ ਰੇਖਾਚਿੱਤਰ ਹਨ ਜਿਨ੍ਹਾਂ ਵਿੱਚ ਇੱਕ ਗਾਰਗੀ ਆਪ ਵੀ ਹੈ। ਇਸ ਪੁਸਤਕ ਦਾ ਸਿਰਲੇਖ ਵਾਲਾ ਰੇਖਾ ਚਿੱਤਰ 'ਸੁਰਮੇ ਵਾਲੀ ਅੱਖ' ਸੰਤੋਖ ਸਿੰਘ ਧੀਰ ਬਾਰੇ ਹੈ। ਇਸ ਨੂੰ ਪੜ੍ਹ ਕੇ ਉਹ ਨਰਾਜ਼ ਹੋ ਗਿਆ ਸੀ। ਕੌਡੀਆਂ ਵਾਲਾ ਸੱਪ' ਪੁਸਤਕ ਵਿੱਚ ਛੇ ਲੰਬੇ ਰੇਖਾ ਚਿੱਤਰ  ਬਟਾਲਵੀ ਬਾਰੇ ਹੈ।

1 ਚਿੱਤਰ ਹੈ। ਇਉਂ ਗਾਂ ਬਾਰੇ ਰੇਖਾ ਚਿੱਤਰ ਤਰ ਲਿਖੇ ਹਨ ਓਨੇ ਹੀ ਹਨ। ਇਸ ਪੁਸਤਕ ਦੇ ਸਿਰਲੇਖ ਵਾਲਾ ਰੇਖਾ ਚਿੱਤਰ ਸ਼ਿਵ ਕੁਮਾਰ ਬਟਾਲਵੀ ਦਾ ਹੁਸੀਨ ਚਿਹਰੇ ਵਿੱਚ 9 ਸਾਹਿਤਕਾਰਾਂ ਅਤੇ ਇਕ ਨਰਤਕੀ ਦਾ ਰੇਖਾ ਚਿੱਤਰ ਹੈ ਬਲਵੰਤ ਗਾਰਗੀ ਨੇ ਆਪਣੇ ਸਾਰੇ ਹੀ ਸਮਕਾਲੀ ਸਾਹਿਤਕਾਰਾਂ ਬਾਰੇ ਰੇਖਾ , ਲਿਖੇ ਹਨ। ਉਸ ਨੇ ਜਿੰਨੇ ਸੋਹਣੇ ਢੰਗ ਨਾਲ ਇਹ ਰੇਖਾ ਚਿੱਤਰ ਲਿਖੇ ਹਨ: ਰੰਚਕ ਢੰਗ ਨਾਲ ਇਹ ਪਾਠਕਾਂ ਵੱਲੋਂ ਪੜ੍ਹੇ ਗਏ ਹਨ।

ਗਾਰਗੀ ਤੋਂ ਬਾਅਦ ਇਸ ਖੇਤਰ ਵਿੱਚ ਕੁਲਬੀਰ ਸਿੰਘ ਕਾਂਗ ਨੇ ਹੱਥ ਅਹn ਹੈ।ਉਸ ਦੀਆਂ ਮੁੱਢਲੀਆਂ ਪੁਸਤਕਾਂ ਓਨੀਆਂ ਸਫਲ ਨਹੀਂ ਹਨ ਜਿੰਨੀਆਂ ਪਿਛਲੀ ਹਨ। ਉਸ ਨੇ ਬੱਦਲਾਂ ਦੇ ਰੰਗ (1963) ਰੇਖਾ ਚਿੱਤਰ ਸੰਹਿ ਵਿੱਚ 14 ਲੇਖ ਸ਼ਖ਼ਸੀਅਤ ਨੂੰ ਪੇਸ਼ ਕੀਤਾ ਹੈ। ਇਸ ਵਿੱਚ ਉਹਨਾਂ ਦੇ ਸਾਹਿਤਕ ਦੇ ਨਾਲ ਗੈਰ-ਸਾਹਿਤਕ ਪੱਖ ਦੀ ਵੀ ਪੇਸ਼ਕਾਰੀ ਕੀਤੀ ਗਈ ਹੈ। ਉਸ ਦੀ ਦੂਸਰੀ ਪm ਪੱਥਰ ਲੀਕਾਂ ਵਿੱਚ 13 ਰੇਖਾ ਚਿੱਤਰ ਹਨ। ਤੀਸਰੀ ਪੁਸਤਕ ਪੱਕੀਆਂ ਇੱਟਾਂ ਵਿੱਚ ਵੀ ਰੇਖਾ ਚਿੱਤਰ ਸ਼ਾਮਿਲ ਹਨ। ਸ਼ੈਲੀ ਪੱਖੋਂ ਉਸ ਦੀ ਇਹ ਪੁਸਤਕ ਵਧੇਰੇ ਸਫਲ ਹੈ। ਇਸੇ ਤਰਾਂ ਦੀ ਹੀ ਪੁਸਤਕ ਸਿਰਨਾਵੇਂ ਮਿੱਤਰਾਂ ਦੇ ਹੈ। ਇਸ ਵਿੱਚ ਉਹਨਾਂ ਲੇਖਕਾਂ ਦੇ ਰੇਖਾ ਚਿੱਤਰ ਫਿਰ ਆ ਗਏ ਹਨ ਜੋ ਉਸ ਦੀਆਂ ਪਹਿਲੀਆਂ ਪੁਸਤਕਾਂ ਵਿੱਚ ਵੀ ਪੇਸ਼ ਹੋਏ ਸਨ।

1965 ਵਿੱਚ ਅੰਮ੍ਰਿਤਾ ਪ੍ਰੀਤਮ ਦੀ ਲੇਖਾਂ ਦੀ ਇੱਕ ਪੁਸਤਕ ਕਿਰਮਚੀ ਲਕੀਰਾਂ ਪ੍ਰਕਾਸ਼ਿਤ ਹੋਈ। ਇਸ ਵਿੱਚ ਕਈ ਰਚਨਾਵਾਂ ਅਜਿਹੀਆਂ ਸਨ ਜੋ ਰੇਖਾ ਚਿੱਤਰ ਜਾਪਦੇ ਸਨ। ਇਹਨਾਂ ਵਿੱਚ ਉਸ ਨੇ ਪਿੰ. ਤੇਜਾ ਸਿੰਘ, ਕਰਤਾਰ ਸਿੰਘ ਦੁੱਗਲ, ਬਲਵੰਤ ਗਾਰਗੀ, ਸ਼ਿਵ ਕੁਮਾਰ, ਖੁਸ਼ਵੰਤ ਸਿੰਘ ਅਤੇ ਸੋਭਾ ਸਿੰਘ ਬਾਰੇ ਲਿਖੇ ਲੇਖ ਰੇਖਾ ਚਿੱਤਰ ਵਧੇਰੇ ਹਨ। ਪਰ ਇਹਨਾਂ ਨੂੰ ਸ਼ੁੱਧ ਰੇਖਾ ਚਿੱਤਰ ਜਾਂ ਸ਼ੁੱਧ ਲੇਖ ਨਹੀਂ ਕਿਹਾ ਜਾ ਸਕਦਾ।

1968 ਵਿੱਚ ਡਾ. ਜੀਤ ਸਿੰਘ ਸੀਤਲ ਨੇ ਮਿੱਤਰ ਅਸਾਡੇ ਸੋਈ ਨਾਮਕ ਪੁਸਤਕ ਵਿੱਚ 15 ਲੇਖਕਾਂ ਦੇ ਰੇਖਾ ਚਿੱਤਰ ਲਿਖੇ। ਇਸੇ ਪੁਸਤਕ ਵਿੱਚ ਉਸ ਦਾ ਆਪਣਾ ਵੀ ਇਕ ਰੇਖਾਚਿੱਤਰ ਹੈ। ਪਰ ਉਸ ਦੀ ਸ਼ੈਲੀ ਵਿੱਚ ਬਲਵੰਤ ਗਾਰਗੀ ਜਿਹੀ ਨਿਸੰਗਤਾ ਦੀ ਥਾਂ ਅਦਬ ਹੈ। ਉਹ ਸਾਰੇ ਲੇਖਕ ਮਿੱਤਰਾਂ ਅਤੇ ਲੇਖਿਕਾਵਾਂ ਬਾਰੇ ਸਤਿਕਾਰ ਸਾਹਿਤ ਲਿਖਦਾ ਹੈ। ਇਉਂ ਉਸ ਦੇ ਰੇਖਾ ਚਿੱਤਰ ਸੰਜਮ ਦੇ ਅਧੀਨ ਰਹਿੰਦੇ ਹਨ। ਭਗਵੰਤ ਸਿੰਘ ਨੇ ਆਪਣੀ ਪੁਸਤਕ ਸ਼ਨਾਖ਼ਤੀ ਕਾਰਡ (1979) ਵਿੱਚ 23 ਸਾਹਿਤਕਾਰਾਂ ਅਤੇ ਆਪਣਾ ਰੇਖਾ ਚਿੱਤਰ ਪੇਸ਼ ਕੀਤਾ ਹੈ। ਇਹ ਸਾਰੇ ਰੇਖਾ ਚਿੱਤਰ ਯਥਾਰਥ ਉਤੇ ਅਧਾਰਿਤ ਹਨ। ਜਸਵੰਤ ਸਿੰਘ ਵਿਰਦੀ ਨੇ ਆਪਣੀ ਪੁਸਤਕ ਮਾਤਾ ਤੂੰ ਮਰ (1986) ਵਿੱਚ ਗੁਰੂ ਪਰਿਵਾਰ ਦੀਆਂ ਮਾਂਵਾਂ ਦੇ ਰੇਖਾ-ਚਿੱਤਰ ਪੇਸ਼ ਕੀਤੇ ਹਨ। ਗੁਰਮੇਲ ਮਡਾਹੜ ਇਕ ਨੌਜੁਆਨ ਕਹਾਣੀਕਾਰ ਹੈ। ਉਸ ਨੇ 1987 ਵਿੱਚ ਸੂਰਜਾ ਸੱਥ ਪ੍ਰਕਾਸ਼ਿਤ ਕਰਵਾਈ। ਇਸ ਵਿੱਚ 16 ਲੇਖਕਾਂ ਦੇ ਰੇਖਾ ਚਿੱਤਰ ਹਨ। ਅਜੀਤ ਦੀ ਪੁਸਤਕ ਤਕੀਏ ਦਾ

ਪੀਰ ਵੀ ਰੇਖਾ ਚਿੱਤਰ ਵਿੱਚ ਮਹੱਤਵਪੂਰਨ ਸਥਾਨ ਹੈ ਉਸ ਦੀ ਲੇਖਣੀ ਵਿੱਚ ਵੀ ਬਲਵੰਤ ਗਾਰਗੀ ਜਿਹਾ ਆਪ ਮਹਾਰਾਪਣ ਅਤ ਹੈ। ਇਸ ਵਿਚਲੇ ਅੱਠ ਰੇਖਾ ਚਿੱਤਰਾਂ ਵਿੱਚ ਉਹ ਵਿਅੰਗ 'ਤੇ ਚੋਟ ਵੀ ਲਾ

ਅਤੇ ਗਲਪੀ ਛੋਹਾਂ ਵੀ ਦਿੰਦੀ ਹੈ। | ਰੇਖਾ ਚਿੱਤਰਾਂ ਦੀਆਂ ਕੁਝ ਹੋਰ ਮਹੱਤਵਪੂਰਨ ਪੁਸਤਕਾਂ ਵਿੱਚ ਕੁਲ | ਪੀਰ ਦੀ ਪੁਸਤਕ ਦਰਿਆਵਾਂ ਦੀ ਦੋਸਤੀ (1990), ਹਰਭਜਨ ਸਿੰਘ ਹੁੰਦਲ

ਪੂਰਨ ਸਥਾਨ ਰੱਖਦੀ ਹੈ।

ਚੋਟ ਵੀ ਲਾਉਂਦੀ ਹੈ

' ਵਿੱਚ ਕੁਲਦੀਪ ਸਿੰਘ

ਸਿੰਘ ਹੁੰਦਲ ਦੀਆਂ ਘਸਮੈਲੇ ਚਿਹਰੇ (1992), ਮੋਤੀਆਂ ਵਰਗੇ ਅੱਖਰ ਅਤੇ ਘੁੰਮਦਿਆਂ ਫਿਰਦਿਆਂ, ਗੁਰਬਚਨ ਸਿੰਘ ਭੁੱਲਰ ਦੀ ਨੇੜੇ ਤੇੜੇ (1992), ਕਰਤਾਰ ਸਿੰਘ ਦੁੱਗਲ ਦੀ ਯਾਦ ਕਰੀਆ (1994) ਗੁਰਮੇਲ ਮਡਾਹੜ ਦੀ ਦੂਸਰੀ ਪੁਸਤਕ ਕਲਮੀ ਯੋਧੇ, ਗੁਰਦੇਵ ਸਿੰਘ ਮਾਨ ਦੀ ਚਕ੍ਰ ਚਿਹਨ ਅਤੇ ਜਿੰਦਰ ਦੀ ਕਵਾਸੀ ਰੋਟੀ ਵਰਣਨਯੋਗ ਹਨ। ਇਸ ਤੋਂ ਇਲਾਵਾ ਹਰਭਜਨ ਸਿੰਘ ਨੇ ਵੀ ਕੁਝ ਰੇਖਾ ਚਿੱਤਰ ਲਿਖੇ ਹਨ ਪਰ ਉਸ ਦੀ ਕੋਈ

ਜੋ ਪੁਸਤਕ ਪ੍ਰਕਾਸ਼ਿਤ ਨਹੀਂ ਹੋਈ। ਪਰ ਪੋ, ਪੀਤਮ ਸਿੰਘ ਨੇ ਇਸ ਖੇਤਰ ਵਿੱਚ ਨਾਮ ਕਮਾਇਆ ਹੈ। ਉਸ ਦੀ ਇੱਕੋ ਇੱਕ ਪੁਸਤਕ ਮਤਾਂ ਦਾ ਰੇਖਾ ਚਿੱਤਰਾਂ ਵਿੱਚ

ਸ਼ਸ਼ ਸਥਾਨ ਹੈ। ਇਸ ਵਿੱਚ 11 ਸਾਹਿਤਕਾਰਾਂ ਦੇ ਰੇਖਾ ਚਿੱਤਰ ਪੇਸ਼ ਕੀਤੇ ਗਏ ਹਨ| ਸਾਰ ਹੀ ਲੇਖਕ ਦੇ ਸਮਕਾਲੀ ਹਨ। ਇਹਨਾਂ ਵਿੱਚੋਂ ਇੱਕ ਉਹ ਖ਼ੁਦ ਵੀ ਹੈ।

ਪੰਜਾਬ ਵਿੱਚ ਬੇਸ਼ੱਕ ਬਹੁਤੇ ਰੇਖਾ ਚਿੱਤਰ ਸਾਹਿਤਕਾਰਾਂ ਬਾਰੇ ਹੀ ਲਿਖੇ ਗਏ।

ਹਨਾ ਦੇ ਲੇਖਕ ਵੀ ਖ਼ਦ ਸਾਹਿਤਕਾਰਾਂ ਹੀ ਹਨ। ਪਰ ਕੁਝ ਅਜਿਹੇ ਰੁੱਖਾ ਚਤਰ ਸਹੁ ਵੀ ਹਨ ਜੋ ਨਾ ਤਾਂ ਸਾਹਿਤਕਾਰਾਂ ਦੇ ਹਨ ਅਤੇ ਨਾ ਹੀ ਸਾਹਿਤਕਾਰਾਂ ਵਲ ਲਿਖ ਗਏ ਹਨ। ਇਹਨਾਂ ਵਿੱਚ ਗੀਤਕਾਰ ਸ਼ਮਸ਼ੇਰ ਸੰਧ ਸਰ ਦਰਿਆ ਪਾਰ ਦੇ ਅਤੇ ਲੋਕ ਸੁਰਾਂ ਵਿੱਚ ਗਾਇਕਾਂ ਦੇ ਰੇਖਾ ਚਿੱਤਰ ਹਨ। ਇਸੇ ਤਰਾਂ ਸਰਵਣ ਸਿੰਘ ਨੇ ਆਪਣੀ ਪੁਸਤਕ ਪੰਜਾਬੀ ਖਿਡਾਰੀ ਵਿੱਚ 50 ਦੇ ਲਗਭਗ ਖਿਡਾਰੀਆਂ ਦੇ ਰੇਖਾ ਚਿੱਤਰ ਪੇਸ਼ ਕੀਤੇ ਹਨ। ਸਮਕਾਲੀ ਸਮੇਂ ਵਿੱਚ ਪਸਿੱਧ ਲੇਖਕਾਂ ਵੱਲੋਂ ਲਿਖੇ ਰੇਖਾ ਚਿੱਤਰਾਂ ਵਿੱਚ ਦਲੀਪ ਕੌਰ ਟਿਵਾਣਾ ਦੀ ਪੁਸਤਕ ਜਿਉਣ ਜੋਗੇ ਅਤੇ ਗੁਰਬਚਨ ਰਚਿਤ ਕਮਾਲ ਦਾ ਬੰਦਾ ਅਤੇ ਸਾਹਿਤ ਦੇ ਸਿਕੰਦਰ ਵਿੱਚ ਪੰਜਾਬੀ ਲੇਖਕਾਂ ਤੋਂ ਇਲਾਵਾ ਸਤਿੰਦਰ ਸਿੰਘ ਨੂਰ ਵਰਗੇ ਆਲੋਚਕਾਂ ਦਾ ਵੀ ਰੇਖਾ ਚਿੱਤਰ ਹੈ।

੯ ਪੰਜਾਬੀ ਦੇ ਇਹਨਾਂ ਰੇਖਾ ਚਿੱਤਰ ਸੰਹਿਆਂ ਦੇ ਅਧਿਐਨ ਪਿੱਛੋਂ ਕਈ ਪੱਖ ਸਾਹਮਣੇ ਆਉਂਦੇ ਹਨ। ਪਹਿਲਾ ਪੱਖ ਇਹ ਹੈ ਕਿ ਬਹੁਤੇ ਰੇਖਾ ਚਿੱਤਰ ਸਾਹਿਤਕਾਰਾਂ ਦੇ ਹਨ। ਦੂਸਰੇ ਖੇਤਰਾਂ ਵਿੱਚੋਂ ਜੋ ਰੇਖਾ ਚਿੱਤਰ ਲਿਖੇ ਵੀ ਗਏ ਹਨ, ਉਹ ਇਹਨਾਂ ਜਿੰਨੇ ਕਲਾਤਮਕ ਨਹੀਂ ਹਨ। ਪੰਜਾਬੀ ਦੇ ਪ੍ਰਸਿੱਧ ਲੇਖਕਾਂ ਦੀਆਂ ਕਲਮਾਂ ਇਸ ਖੇਤਰ ਵਿੱਚ ਸ਼ਾਮਿਲ ਹੋਣ ਕਾਰਨ ਇਸ ਸਾਹਿਤ ਰੂਪ ਦੇ ਵਿਕਾਸ ਦੀਆਂ ਬਹੁਤ ਸੰਭਾਵਨਾਵਾਂ ਹਨ। ਹਰੇਕ ਪਾਠਕ ਆਪਣੇ ਮਨਪਸੰਦ ਲੇਖਕ ਦੇ ਬਾਰੇ ਜਾਨਣ ਲਈ ਉਤਸਕ ਰਹਿੰਦਾ ਹੈ। ਰੇਖਾ ਚਿੱਤਰ ਪਾਠਕ ਦੀ ਇਸ ਜਗਿਆਸਾ ਨੂੰ ਸ਼ਾਂਤ ਕਰ ਦਿੰਦਾ ਹੈ। ਪਰ ਇਹ ਵੀ ਸੱਤਾ ਹੈ ਕਿ ਬਲਵੰਤ ਗਾਰਗੀ, ਅਜੀਤ ਕੌਰ, ਪ੍ਰੀਤਮ ਸਿੰਘ, ਕੁਲਬੀਰ ਸਿੰਘ ਅਤੇ ਰਾਜ ਜਿਹੇ ਰੇਖਾ ਚਿੱਤਰ ਲੇਖਕਾਂ ਨੂੰ ਛੱਡ ਕੇ ਸਾਰੇ ਹੀ ਲੇਖਕ ਇਸ ਵਿੱਚ ਬਹੁਤੇ ਸਵਾ ਹੋਏ। ਸਾਰੇ ਹੀ ਲੇਖਕ ਜਦੋਂ ਕੁਝ ਖ਼ਾਸ ਸਾਹਿਤਕਾਰਾਂ ਬਾਰੇ ਵਾਰ-ਵਾਰ ਲਿਖਦੇ ਸਨ

ਇਸ ਨਾਲ ਦੁਹਰਾਅ-ਤਿਹਰਾਅ ਦੀ ਸਥਿਤੀ ਪੈਦਾ ਹੁੰਦੀ ਹੈ। ਦੂਸਰਾ ਨਵੇਂ ਲੇਖਕ ਕਿਸੇ ਖ਼ਾਸ ਸਾਹਿਤਕਾਰ ਬਾਰੇ ਲਿਖਣ ਲਈ ਵੀ ਕੁਝ ਨਹੀਂ ਬਚਦਾ। ਇਹੋ ਕਾਰ ਕਿ ਬਲਵੰਤ ਗਾਰਗੀ ਨੇ ਜਿਨ੍ਹਾਂ ਪ੍ਰਸਿੱਧ ਲੇਖਕਾਂ ਬਾਰੇ ਲਿਖਿਆ ਹੈ। ਉਸ ਤੋਂ ਮਗਰੋਂ

ਦਾ ਰੇਖਾ-ਚਿੱਤਰ ਲਿਖਣ ਵਾਲੇ ਲੇਖਕ ਉਨ੍ਹਾਂ ਸਾਹਿਤਕਾਰਾਂ ਬਾਰੇ ਲਿਖਣ ਕਾਮਯਾਬ ਨਹੀਂ ਹੋ ਸਕੇ। ਇਉਂ ਵਾਰਤਕ ਦੀ ਇਹ ਵੰਨਗੀ ਬੇਸ਼ੱਕ ਆ

ਜੋ ਵੀ ਆਪਣੇ ਵਿੱਚ ਸਮੋਈ ਬੈਠੀ ਹੈ ਪਰ ਨਵੀਆਂ ਸਾਹਿਤਕ ਸਮਾਗਮ

I

ਦੂਸਰੇ ਗੈਰ ਸਾਹਿਤਕ ਵਿਅਕਤੀਆਂ ਦੀ ਜ਼ਿੰਦਗੀ ਵਿੱਚ ਝਾਤ ਮਾਰ ਚਿੱਤਰ ਲਿਖਣ ਨਾਲ ਇਸ ਸਥਿਤੀ ਤੋਂ ਬਚਿਆ ਜਾ ਸਕਦਾ ਹੈ।

ਡਾਇਰੀ

ਡਾਇਰੀ ਸਾਹਿਤ ਰੂਪ ਵਿੱਚ ਸਾਹਿਤਕਾਰ ਇੱਕ ਨੋਟ ਬੁੱਕ ਵਿੱਚ ਆਪਣੇ ਨਾਲ ਵਾਪਰੀਆਂ ਘਟਨਾਵਾਂ ਅਤੇ ਅਨੁਭਵਾਂ ਨੂੰ ਨੋਟ ਕਰਦਾ ਹੈ। ਪੰਜਾਬੀ ਵਾਰਤਕ ਦੇ ਖੇਤਰ ਵਿੱਚ ਪਿਛਲੇ ਕਈ ਸਾਲਾਂ ਤੋਂ ਬਹੁਤ ਸਾਰੀਆਂ ਅਹਿਮ ਸ਼ਖ਼ਸੀਅਤਾਂ ਦੀਆਂ ਡਾਇਰੀਆਂ ਪ੍ਰਕਾਸ਼ਿਤ ਹੋ ਕੇ ਸਾਹਮਣੇ ਆਈਆਂ ਹਨ। ਇਹਨਾਂ ਵਿੱਚ ਮਾਲਵਿੰਦਰਜੀਤ ਸਿੰਘ ਵੜੈਚ ਦੀ ਡਾਇਰੀ ਬਾਬਾ ਹਰੀ ਸਿੰਘ ਉਸਮਾਨ, ਬਲਰਾਜ ਸਾਹਨੀ ਦੀ ਮੇਰੀ ਗੈਰ ਜਜ਼ਬਾਤੀ ਡਾਇਰੀ, ਪਾਸ਼ ਦੀ ਆਪਣੇ ਨਾਲ ਗੱਲਾਂ ਅਤੇ ਭਗਤ ਸਿੰਘ ਦੀ ਜੇਲ੍ਹ ਡਾਇਰੀ ਦਾ ਨਾਮ ਵਰਣਨਯੋਗ ਹੈ। ਪਰ ਵਾਰਤਕ ਦੀ ਇਹ ਵੰਨਗੀ ਦੂਸਰੇ ਰੂ

ਜਿੰਨੀ ਵਿਕਸਿਤ ਨਹੀਂ ਹੋਈ। ਦB et E8 B) ਲਲਿਤ ਨਿਬੰਧ : ਲਿਤ ਮਾਨਸ

ਡਾਇਰੀ ਵਾਂਗ ਹੀ ਪੰਜਾਬੀ ਵਾਰਤਕ ਦੇ ਖੇਤਰ ਵਿੱਚ ਲਲਿਤ ਨਿਬੰਧ ਲਿਖਣ ਦਾ ਵਿਕਾਸ ਹੋਇਆ ਹੈ। ਲਲਿਤ ਨਿਬੰਧ ਵਿੱਚ ਆਮ ਨਿਬੰਧ ਨਾਲੋਂ ਸੰਖੇਪਤਾ, ਸੂਖਮਤਾ ਅਤੇ ਸੰਵੇਦਨਾ ਦਾ ਗੁਣ ਹੁੰਦਾ ਹੈ। ਦੂਸਰੇ ਸ਼ਬਦਾਂ ਵਿੱਚ ਜਦੋਂ ਕੋਈ ਲੇਖਕ ਕਵਿਤਾ ਵਾਲੀ ਮਾਨਸਿਕਤਾ ਨਾਲ ਨਿਬੰਧ ਲਿਖਦਾ ਹੈ ਤਾਂ ਲਲਿਤ ਨਿਬੰਧ ਦੀ ਰਚਨਾ ਹੁੰਦੀ ਹੈ। ਇਹ ਤਾਰਕਿਕ ਨਹੀਂ ਸਗੋਂ ਭਾਵਕ ਹੁੰਦਾ ਹੈ। ਪੰਜਾਬੀ ਵਿੱਚ ਇਸ ਕਿਸਮ ਦੇ ਨਿਬੰਧ ਲਿਖਣ ਦੀ ਰਵਾਇਤ ਕੁਲਬੀਰ ਸਿੰਘ ਕਾਂਗ ਨੇ ਪਾਈ। ਉਸ ਨੇ ਨਾਦ ਅਨਾਹਦ (1971), ਨਦੀ ਕਿਨਾਰੇ ਪਿਆਸਾ ਮਨੁੱਖ, ਸੋਗੀ ਸੰਗੀਤ ਦਾ ਜਾਦੂ, ਉਦਾਸ ਦਰੱਖ਼ਤਾਂ ਦੇ ਮੌਨ ਨਗਮੇ, ਹਰਿਮੰਦਰ ਉਦਾਸ ਹੈ, ਹਰਿਮੰਦਰ ਮੁਸਕਰਾਂਦਾ ਹੈ, ਚੋਣਵੇਂ ਲਲਿਤ ਨਿਬੰਧ ਅਤੇ ਸਲੀਬ ਤੇ ਟੰਗਿਆ ਖੁਦਾ ਪੁਸਤਕਾਂ ਦੀ ਰਚਨਾ ਕੀਤੀ। ਲਲਿਤ ਨਿਬੰਧ ਨਾਲ ਸੰਬੰਧਿਤ ਹੋਰ ਪੁਸਤਕਾਂ ਵਿੱਚ ਜਸਵੰਤ ਸਿੰਘ ਵਿਰਦੀ ਦੀ ਸੱਭਿਆਚਾਰਕ ਪਦਸ਼ਣ, ਡਾ. ਜੀਤ ਸਿੰਘ ਸੀਤਲ ਦੀ ਦਿਵਸ ਰੈਣ, ਤੇਜਬੀਰ ਕਸੇਲ ਦੀ ਸੁਰ ਮੰਡਲ, ਗਰਾਨ ਪਾਕਿਸਤਾਨੀ ਦੀ ਕਾਲੰਬਰ ਅਤੇ ਦਰ ਦਰਵੇਸ਼ ਅਤੇ ਲੇਖ ਰਾਜ ਪਰਵਾਨਾ ਦੀਆਂ ਰੰਗੇ, ਵਫਾ ਦਾ ਆਲ੍ਹਣਾ ਤੇ ਰੂਪ ਦੀ ਪਰਕਰਮਾ ਵਰਣਨਯੋਗ ਹਨ।

ਵਾਰਤਕ ਦੀ ਇਹ ਵੰਨਗੀ ਵੀ ਦੂਸਰੀਆਂ ਵੰਨਗੀਆਂ ਵਾਂਗ ਵਿਕਾਸ ਕਰ ਰਹੀ ਹੈ। ਇਸ ਵਿੱਚ ਨਵੇਂ ਲੇਖਕਾਂ ਦੇ ਨਾਮ ਸ਼ਾਮਿਲ ਹੋ ਰਹੇ ਹਨ। ਪੰਜਾਬੀ ਪੱਤਰਕਾਰੀ ਦੀ ਦੇਣ

ਇਸ ਕਾਲ ਦੇ ਸਾਹਿੱਤ ਦੇ ਵਿਕਾਸ ਵਿਚ ਪੱਤਰਕਾਰੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ । ਸਚ ਤਾਂ ਇਹ ਹੈ ਕਿ ਆਧੁਨਿਕ ਪੰਜਾਬੀ ਸਾਹਿੱਤ-ਰੂਪਾਂ ਦਾ ਵਿਕਾਸ ਪੱਤਰਕਾਰੀ ਰਾਹੀਂ ਹੀ ਹੋਇਆ ਹੈ। ਇਸ ਕਾਲ ਵਿਚ ਪੱਛਮੀ ਸਭਿਆਚਾਰ ਦੇ ਪ੍ਰਭਾਵ ਅਤੇ ਈਸਾਈ ਮਤ ਦੇ ਪ੍ਰਚਾਰ ਕਰਕੇ ਸਾਰੇ ਧਰਮਾਂ ਵਾਲੇ ਸਚੇਤ ਹੋ ਗਏ। ਇਸ ਚੇਤਨਾ ਦੇ ਫਲਸਰੂਪ ਹਰ ਇਕ ਧਰਮ ਵਾਲੇ ਆਪਣੇ ਧਰਮ ਦੇ ਵਿਕਾਸ ਵਿਚ ਰੁਚਿਤ ਹੋਏ । ਰਾਜਸੀ ਹਾਲਾਤ ਕਰਕੇ ਉਹ ਭਾਵੇਂ ਈਸਾਈ ਮਤ ਦੇ ਪ੍ਰਚਾਰ ਨੂੰ ਰੋਕਣ ਦੇ ਸਮਰਥ ਨਹੀਂ ਸਨ, ਪਰ ਆਪਣੇ ਧਰਮਾਂ ਦੇ ਪ੍ਰਾਚੀਨ ਗੌਰਵ ਨੂੰ ਕਾਇਮ ਕਰਨ ਜਾਂ ਪੁਨਰ-ਸੁਰਜੀਤੀ ਲਈ ਸਭ ਲੋਕ ਵਧ

ਚੜ ਕੇ ਹਿੱਸਾ ਪਾਣ ਲਗੇ । ਇਸ ਨਾਲ ਪਰਸਪਰ ਧਾਰਮਿਕ ਖਿੱਚੋਤਾਣ ਵੱਧੀ ਅਤੇ | ਵੱਖ-ਵੱਖ ਧਰਮਾਂ (ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ) ਵਾਲਿਆਂ ਵਿਚ ਵਿਥਾਂ ਪੈਣੀਆਂ

ਸ਼ੁਰੂ ਹੋ ਗਈਆਂ। ਇਕ ਦੂਜੇ ਉੱਤੇ ਚਿੱਕੜ ਉਛਾਲਣ ਦੀ ਬਿਰਤੀ ਬਹੁਤ ਵੱਧ ਗਈ । ਇਸ ਧਰਮ ਪ੍ਰਚਾਰ ਲਈ ਸਾਧਨ ਉਹੀ ਵਰਤੇ ਗਏ ਜੋ ਈਸਾਈ ਮਿਸ਼ਨਰੀਆਂ ਵਰਤ ਰਹੀਆਂ ਸਨ, ਜਿਵੇਂ ਨਿੱਕੇ ਨਿੱਕੇ ਪੈਂਫਲਿਟ, ਟਰੈਕਟ ਜਾਂ ਪੱਤਰ-ਪਤਰਿਕਾਵਾਂ । ਅਜਿਹੇ

ਯਤਨਾਂ ਰਾਹੀਂ ਪੰਜਾਬੀ ਵਾਰਤਕ ਦਾ ਵਿਕਾਸ ਸਹਿਜ ਸੁਭਾ ਹੁੰਦਾ ਗਿਆ।

ਸਭ ਤੋਂ ਪਹਿਲਾਂ 1854 ਈ. ਵਿਚ ਈਸਾਈ ਮਿਸ਼ਨਰੀਆਂ ਨੇ 'ਚੌਪਤੀਆਂ ਨਾਂ ਅਧੀਨ ਪੱਤਰ ਪ੍ਰਕਾਸ਼ਿਤ ਕਰਨੇ ਸ਼ੁਰੂ ਕੀਤੇ ਪਰ ਇਨ੍ਹਾਂ ਉੱਤੇ ਕਿਸੇ ਪ੍ਰਕਾਰ ਦੀ ਕੋਈ ਮਿਤੀ ਨਹੀਂ ਹੁੰਦੀ ਸੀ। ਇਸ ਲਈ ਇਨ੍ਹਾਂ ਨੂੰ ਪੰਜਾਬੀ ਪੱਤਰਕਾਰੀ ਦੀ ਭੂਮਿਕਾ ਤਿਆਰ ਕਰਨ ਵਾਲਾ ਯਤਨ ਸਮਝਣਾ ਚਾਹੀਦਾ ਹੈ।

| ਪੰਜਾਬੀ ਦਾ ਸਭ ਤੋਂ ਪਹਿਲਾ ਪੱਤਰ 'ਅਖ਼ਬਾਰ ਸ੍ਰੀ ਦਰਬਾਰ ਸਾਹਿਬ` ਸੀ ਜਿਸ ਨੂੰ 1 ਮਾਰਚ 1867 ਈ. (20 ਫਗਣ 1923, ਸ਼ੁਕਰਵਾਰ) ਨੂੰ ਜਾਰੀ ਕੀਤਾ ਗਿਆ। ਇਸ ਦੇ ਨਾਂ ਤੋਂ ਇੰਜ ਭਰਮ ਪੈਂਦਾ ਹੈ ਕਿ ਇਸ ਦੀ ਬਿਰਤੀ ਸਿੱਖੀ ਭਾਵਨਾ ਵਾਲੀ ਹੋਵੇਗੀ, ਪਰ ਅਸਲ ਵਿਚ ਗੁਰਮੁਖੀ ਲਿਪੀ ਵਿਚ ਛਪਣ ਵਾਲਾ ਇਹ ਹਿੰਦੀ ਭਾਸ਼ਾ ਦਾ ਪੱਤਰ ਸੀ ਜਿਸ ਵਿਚ ਹਿੰਦੂ ਧਰਮ ਦਾ ਪ੍ਰਚਾਰ ਕੀਤਾ ਜਾਂਦਾ ਸੀ । ਇਸ ਦਾ ਸੰਪਾਦਨ ਸੀ ਫਿਰਾਇਆ ਲਾਲ ਦੁਆਰਾ ਮੁਨਸ਼ੀ ਹਰੀ ਨਾਰਾਇਣ ਦੇ ਪ੍ਰਬੰਧ ਅਧੀਨ ਹੁੰਦਾ ਸੀ । ਇਹ ਹਰ ਅੰਗੇਜ਼ੀ ਮਹੀਨੇ ਦੀ ਪਹਿਲੀ ਅਤੇ ਪੰਦਰਵੀਂ ਤਿਥੀ ਨੂੰ ਛਪਦਾ ਸੀ। ਇਸ ਦੀ ਛਪਾਈ ਲਿਥੋ 'ਤੇ ਹੁੰਦੀ ਸੀ ਅਤੇ ਲਿਖਣ ਢੰਗ ਪੋਥੀਆਂ ਵਰਗਾ ਸੀ

ਕਿਉਂਕਿ ਸ਼ਬਦਾਂ ਨੂੰ ਇਕ ਦੂਜੇ ਨਾਲ ਮਿਲਾ ਕੇ ਲਿਖਿਆ ਜਾਂਦਾ ਸੀ। ਇਸ ਪੱਤਰ ਦੀ ਨੀਤੀ ਸਰਕਾਰ ਪੱਖੀ ਸੀ, ਇਸ ਲਈ ਇਸ ਨੂੰ ਸਰਕਾਰੀ ਸਰਪ੍ਰਸਤੀ ਮਿਲਦੀ ਸੀ। ਹਿੰਦੀ ਭਾਸ਼ਾ ਵਿਚ ਹੋਣ ਕਾਰਣ ਪੰਜਾਬੀ ਪੱਤਰਕਾਰੀ ਵਿਚ ਇਸ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਹੈ।

| ਇਸ ਪਿੱਛੋਂ 1875 ਈ. ਵਿਚ ਗਿਆਨੀ ਹਜ਼ਾਰਾ ਸਿੰਘ ਦੀ ਪ੍ਰੇਰਣਾ ਨਾਲ 'ਸੁਕਾਵਿਯ ਸੰਬੋਧਨੀ' ਨਾਂ ਦਾ ਮਾਸਿਕ ਪੱਤਰ ਜਾਰੀ ਕੀਤਾ ਗਿਆ ਜਿਸ ਦਾ ਮੁੱਖ ਉਦੇਸ਼ ਇਸ ਪ੍ਰਕਾਰ ਹੈ-'ਇਸ ਮੇਂ ਭਾਗਵਤ ਭਕਤੀ ਕੀ ਮਹਿਮਾ, ਸ੍ਰੀ ਸਿੰਘ ਮੱਤ ਕੇ ਪ੍ਰਮਾਣਕ ਪਵਿੱਤਰ ਪੁਸਤਕ ਅਤੇ ਸਤਿਗੁਰੂ ਸਾਖੀ ਉਪਮਾ ਕੇ ਗ੍ਰੰਥ, ਕਾਵਯ-ਸ਼ਾਸਤ ਔਰ ਮਾਨਸੀ ਵਿਦਯਾ ਔਰ ਇਸਤਰੀ ਸਿੱਖਿਆ ਦੇ ਪ੍ਰਬੰਧ, ਕਭੀ ਕਭੀ ਦੇਸ਼ ਤਥਾ ਵਰਤਮਾਨ ਰਾਜਯ ਕੇ ਵਿਰੋ ਕਾ ਵਰਣਨ ਇਤਯਾਦ ਸਭ ਕ੍ਰਮ ਕ੍ਰਮ ਸੇ ਪ੍ਰਕਾਸ਼ਿਤ ਹੋਤਾ ਰਹੇਗਾ। ਇਸ ਤੋਂ ਇਕ ਸਾਲ ਬਾਅਦ 1876 ਈ. ਵਿਚ ਅੰਮ੍ਰਿਤਸਰ ਤੋਂ ਹੀ ਪੱਥਰ ਦੀ ਛਾਪ ਵਿਚ ਅਖ਼ਬਾਰ ਕਾਵਯ-ਚੰਦ੍ਰਦਯ ਨਾਂ ਦਾ ਮਾਸਿਕ ਪੱਤਰ ਸ਼ੁਰੂ ਕੀਤਾ ਗਿਆ। ਜਿਵੇਂ ਕਿ ਇਨ੍ਹਾਂ ਪੱਤਰਾਂ ਦੇ ਨਾਵਾਂ ਤੋਂ ਸਪਸ਼ਟ ਹੈ, ਇਨ੍ਹਾਂ ਦਾ ਮੁੱਖ ਆਸ਼ਾ ਧਰਮ ਪ੍ਰਚਾਰ ਸੀ। ਇਸ ਦੇ ਨਾਲ ਹੀ ਇਨ੍ਹਾਂ ਵਿਚ ਰਾਜ-ਭਗਤੀ ਦੀ ਸੁਰ ਆਮ ਵੇਖੀ ਜਾ ਸਕਦੀ ਹੈ। ਇਹੀ ਕਾਰਣ ਹੈ ਕਿ ਉਸ ਵੇਲੇ ਸਰਕਾਰ ਵੱਲੋਂ ਜਿਸ ਜ਼ਾਲਮਾਨਾਂ ਢੰਗ ਨਾਲ ਨਾਮਧਾਰੀ ਲਹਿਰ ਨੂੰ ਦਬਾਇਆ ਗਿਆ, ਉਸ ਬਾਰੇ ਕਿਤੇ ਕੋਈ ਉੱਲੇਖ ਨਹੀਂ ਮਿਲਦਾ। ਭਾਵੇਂ ਇਨ੍ਹਾਂ ਪੱਤਰਾਂ ਨਾਲ ਪੰਜਾਬੀ ਸਾਹਿੱਤ ਦਾ ਕੋਈ ਉਪਕਾਰ ਨਾ ਹੋਇਆ, ਪਰ ਇਨ੍ਹਾਂ ਦੇ ਛੱਪਣ ਨਾਲ ਪੰਜਾਬੀ ਪੱਤਰਕਾਰੀ ਨੂੰ ਉਤਸਾਹ ਮਿਲਿਆ। ਉਦੋਂ ਤਕ ਸਿੱਖ ਵਿਦਵਾਨ ਆਮ ਤੌਰ ਤੇ ਹਿੰਦਵੀ ਜਾਂ ਬ੍ਰਜ ਭਾਸ਼ਾ ਵਿਚ ਲਿਖਦੇ ਸਨ, ਇਸ ਲਈ ਉਪਰੋਕਤ ਪੱਤਰਾਂ ਵਿਚ ਇਸੇ ਪ੍ਰਵਿਰਤੀ ਦੀ ਛਾਇਆ ਮਿਲਦੀ ਹੈ।

1873 ਈ. ਵਿਚ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ ਹੋਈ ਅਤੇ ਇਸ ਤੋਂ ਕੁਝ ਵਰੇ ਬਾਅਦ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। ਇਨ੍ਹਾਂ ਦੋਹਾਂ ਦੇ ਮੁੱਖ ਉਦੇਸ਼ਾਂ ਵਿਚ ਪੰਜਾਬੀ ਭਾਸ਼ਾ ਅਤੇ ਸਾਹਿੱਤ ਦੀ ਉੱਨਤੀ ਸ਼ਾਮਲ ਸੀ ਅਤੇ ਇਸ ਉੱਨਤੀ ਲਈ ਅਖ਼ਬਾਰਾਂ ਅਤੇ ਰਸਾਲੇ ਜਾਰੀ ਕਰਨੇ ਸਨ। ਫਲਸਰੂਪ ਲਾਹੌਰ ਅਤੇ ਅੰਮ੍ਰਿਤਸਰ ਵਿਚ ਪੰਜਾਬੀ ਛਾਪਾਖਾਨੇ ਸਥਾਪਿਤ ਹੋ ਗਏ ਅਤੇ ਲਿਥੋ ਦੀ ਥਾਂ ਟਾਈਪ ਨਾਲ ਪੁਸਤਕਾਂ ਛਪਣ ਲਗੀਆਂ।

ਪੰਜਾਬੀ ਪੱਤਰਕਾਰੀ ਦਾ ਪਹਿਲਾ ਦੌਰ ਅਸਲ ਵਿਚ ਸਿੰਘ ਸਭਾ ਦੀ ਸਥਾਪਨਾ ਤੋਂ ਬਾਅਦ ਹੀ ਸ਼ੁਰੂ ਹੁੰਦਾ ਹੈ। ਸਿੰਘ ਸਭਾ ਦੇ ਉਦੇਸ਼ਾਂ ਅਤੇ ਮਨੋਰਥਾਂ ਨੂੰ ਪੂਰਾ ਕਰਨ ਅਤੇ ਇਸ ਦੇ ਆਸ਼ਿਆਂ ਤੋਂ ਜਨ-ਸਾਧਰਣ ਨੂੰ ਜਾਣਕਾਰ ਕਰਨ ਲਈ ਪ੍ਰੋ. ਗੁਰਮੁਖ ਸਿੰਘ ਨੇ ਵਿਵਸਥਿਤ ਢੰਗ ਨਾਲ ਉਦਮ ਸ਼ੁਰੂ ਕੀਤਾ। ਉਨ੍ਹਾਂ ਨੇ 10 ਨਵੰਬਰ 1880 ਨੂੰ "ਗੁਰਮੁਖੀ ਅਖ਼ਬਾਰ' ਨਾਂ ਦਾ ਹਫ਼ਤਾਵਾਰ ਪੱਤਰ ਸ਼ੁਰੂ ਕੀਤਾ ਜਿਸ ਦੇ ਸਿਰਲੇਖ ਦੇ ਨਾਲ ਹੀ ਮਨੋਰਥ ਵੀ ਸਪਸ਼ਟ ਲਿਖਿਆ ਗਿਆ__ ਧਰਮ ਅਤੇ ਵਿਯਾ ਪ੍ਰਚਾਰਕ'। ਇਸ ਦੀ ਭਾਸ਼ਾ ਸ਼ੁੱਧ ਅਤੇ ਨਿਖਰਵੀਂ ਪੰਜਾਬੀ ਸੀ ਅਤੇ ਇਸ ਨੂੰ ਹੀ ਸਹੀ ਅਰਥਾਂ ਵਿਚ ਪੰਜਾਬੀ ਦਾ ਪਹਿਲਾ ਪੱਤਰ ਕਿਹਾ ਜਾ ਸਕਦਾ ਹੈ ਅਤੇ ਪ੍ਰੋ. ਗੁਰਮੁਖ ਸਿੰਘ ਪੰਜਾਬੀ ਦੇ ਪਹਿਲੇ ਪੱਤਰਕਾਰ ਮੰਨੇ ਸਕਦੇ ਹਨ। ਇਹ ਪੱਤਰ ਸ਼ੁਰੂ ਵਿਚ ਲਿਥੋ ਪੇਸ਼ ਵਿਚ ਛਪਦਾ ਸੀ। ਇਸ ਵਿਚ ਅੱਠ ਤੋਂ

ਪੰਨੇ ਹੁੰਦੇ ਸਨ। ਤਿੰਨ ਸਾਲ ਇਹ ਲਾਹੌਰ ਵਿਚ ਛਪਦਾ ਰਿਹਾ, ਪਰ ਬਾਅਦ ਵਿਚ ਸਿੰਘ ਸਭਾ ਅੰਮ੍ਰਿਤਸਰ ਦੇ ਪ੍ਰਬੰਧ ਹੇਠ ਅੰਮ੍ਰਿਤਸਰ ਛਪਣ ਲਗਾ ਅਤੇ ਪ੍ਰੋ. ਗੁਰਮੁਖ ਸਿੰਘ 4 ਥਾਂ ਇਸ ਦਾ ਸੰਪਾਦਨ ਸ. ਅਵਤਾਰ ਸਿੰਘ ਵਹੀਰੀਆ ਕਰਨ ਲਗਿਆ। 1893 ਈ,

ਜ ਫਰੀਦਕੋਟ ਰਿਆਸਤ ਦੇ ਇਕ ਰਾਜ-ਅਧਿਕਾਰੀ ਸ. ਅੰਤਰ ਸਿੰਘ ਨੂੰ ਇਸ ਦਾ Auਦਕ ਬਣਾਇਆ ਗਿਆ। 1893 ਈ. ਤਕ ਇਸ ਦਾ ਸਰੂਪ ਹਫ਼ਤਾਵਾਰੀ ਰਿਹਾ ਪਰ ਬਾਅਦ ਵਿਚ ਇਸ ਨੂੰ ਦਸ-ਰੋਜ਼ਾ ਬਣਾ ਦਿੱਤਾ ਗਿਆ ਅਤੇ ਇਸ ਤਰ੍ਹਾਂ ਇਹ ਮਹੀਨੇ ਵਿਚ ਤਿੰਨ ਵਾਰ ਛੱਪਣ ਲਗਾ। ਇਹ 1895 ਈ. ਤਕ ਜਾਰੀ ਰਿਹਾ। ਇਹ ਪੱਤਰ ਸਿੰਘ ਸਭਾ ਦੇ ਆਸ਼ਿਆਂ ਨੂੰ ਪ੍ਰਚਾਰਨ ਵਾਲਾ ਇਕ ਸਸ਼ਕਤ ਮਾਧਿਅਮ ਬਣਿਆ। ਇਸ ਪੱਤਰ ਵਿਚ ਖਬਰਾਂ ਤੋਂ ਇਲਾਵਾ ਗੁਰਮਤਿ ਅਤੇ ਸਿੱਖ ਧਰਮ ਸੰਬੰਧੀ ਲੇਖ, ਸੰਪਾਦਕੀ ਨੋਟ ਅਤੇ ਵਾਰਤਾਵਾਂ ਛਪਦੀਆਂ ਸਨ। ਇਸ ਪੱਖੋਂ ਆਧੁਨਿਕ ਵਾਰਤਕ ਨੂੰ ਵਿਕਸਿਤ ਕਰਨ ਵਾਲਾ ਇਹ ਪਹਿਲਾ ਅਤੇ ਮਹੱਤਵਪੂਰਣ ਪੱਤਰ ਹੈ। ( ਪੋ. ਗੁਰਮੁਖ ਸਿੰਘ ਨੇ 1881 ਈ. ਵਿਚ ਲਾਹੌਰ ਤੋਂ ਵਿਦਿਆਰਕ ਪੰਜਾਬ' ਨਾਂ ਦਾ ਮਾਸਿਕ ਪੱਤਰ ਕੱਢਣਾ ਆਰੰਭ ਕੀਤਾ। ਇਸ ਦਾ ਉਦੇਸ਼ ਪੰਜਾਬ ਦੇ ਨਿਵਾਸੀਆਂ ਵਿਚ ਵਿਦਿਆ ਦਾ ਪ੍ਰਕਾਸ਼ ਕਰਨ ਸੀ। ਇਸ ਤੋਂ ਇਲਾਵਾ ਇਸ ਵਿਚ ਗੁਰਬਾਣੀ ਦੀ ਵਿਆਖਿਆ, ਗੁਰੂ ਸਾਹਿਬਾਨ ਦੇ ਸੰਖਿਪਤ ਜੀਵਨ-ਬ੍ਰਿਤਾਂਤ, ਸਿੱਖ ਧਰਮ-ਸਾਧਨਾ ਅਤੇ ਸੁਧਾਰਕ ਅਤੇ ਵਿਵਹਾਰਿਕ ਸਿੱਖਿਆ ਬਾਰੇ ਜਾਣਕਾਰੀ ਵੀ ਦਿੱਤੀ ਜਾਂਦੀ ਸੀ। ਇਹ ਪੱਤਰ ਕੁਝ ਕੁ ਮਹੀਨੇ ਹੀ ਚਲ ਸਕਿਆ। ਇਸ ਤੋਂ ਬਾਅਦ ਪ੍ਰੋ. ਗੁਰਮੁਖ ਸਿੰਘ ਨੇ 'ਸੁਧਾਰਾਰਕ' ਨਾਂ ਦਾ ਪੱਤਰ 1886 ਈ. ਵਿਚ ਲਾਹੌਰ ਤੋਂ ਸ਼ੁਰੂ ਕੀਤਾ। ਇਹ ਵੀ ਮਾਸਿਕ ਪੱਤਰ ਸੀ। ਇਸ ਦਾ ਉਦੇਸ਼ ਸਿੱਖ ਧਰਮ, ਫਲਸਫੇ ਅਤੇ ਸਾਹਿੱਤ ਸੰਬੰਧੀ ਲੋਕਾਂ ਨੂੰ ਜਾਣਕਾਰੀ ਦੇਣਾ ਸੀ। ਇਸ ਵਿਚ ਸਿੱਖ ਧਰਮ ਬਾਰੇ ਪਰੰਪਰਾ ਤੋਂ ਹਟ ਕੇ ਅਤੇ ਅੰਧ-ਵਿਸ਼ਵਾਸਾਂ ਨਾਲੋਂ ਟੁੱਟ ਕੇ ਗੱਲ ਕੀਤੀ ਜਾਂਦੀ ਸੀ। ਸਿੰਘ ਸਭਾ, ਅੰਮ੍ਰਿਤਸਰ ਦੇ ਆਗੂਆਂ ਦੀਆਂ ਸਨਾਤਨੀ ਰੁਚੀਆਂ ਦਾ ਵੀ ਖੂਬ ਖੰਡਨ ਕੀਤਾ ਜਾਂਦਾ। 1888 ਈ. ਵਿਚ ਇਹ ਪੱਤਰ ਬੰਦ ਹੋ ਗਿਆ। ਇਸ ਵਿਚ ਵਿਰੋਧੀਆਂ ਉੱਤੇ ਵਿਅੰਗ ਕਸਣ ਲਈ ਪਹਿਲੀ ਵਾਰ ਕਾਰਟੂਨਾਂ ਦੀ ਵਰਤੋਂ ਕੀਤੀ ਗਈ।

1883 ਈ. ਵਿਚ ਜਦੋਂ ਗੁਰਮੁਖੀ ਅਖ਼ਬਾਰ ਅੰਮ੍ਰਿਤਸਰ ਧੜੇ ਨੇ ਲੈ ਲਿਆ, ਤਾਂ ਸਿੰਘ ਸਭਾ ਲਾਹੌਰ ਦੇ ਆਸ਼ਿਆਂ ਨੂੰ ਪ੍ਰਚਾਰਨ ਲਈ ਪ੍ਰੋ. ਗੁਰਮੁਖ ਸਿੰਘ ਨੇ 12 ਜੂਨ 1886 ਨੂੰ ਲਾਹੌਰ ਤੋਂ "ਖ਼ਾਲਸਾ ਅਖ਼ਬਾਰ` ਨਾਂ ਦਾ ਸਪਤਾਹਿਕ ਪੱਤਰ ਆਰੰਭ ਕੀਤਾ। ਇਸ ਦੇ ਪਹਿਲੇ ਸੰਪਾਦਕ ਗਿ. ਝੰਡਾ ਸਿੰਘ ਫ਼ਰੀਦਕੋਟੀ ਸਨ। ਪਰ ਬਾਅਦ ਵਿਚ ਇਸ ਨੂੰ ਚਾਲੂ ਰਖਣ ਲਈ ਇਸ ਦੇ ਸੰਪਾਦਨ-ਕਾਰਜ ਦੀ ਜ਼ਿੰਮੇਵਾਰੀ ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਨੇ ਸੰਭਾਲੀ। ਗਿਆਨੀ ਦਿੱਤ ਸਿੰਘ ਕਲਮ ਦਾ ਧਨੀ ਸੀ। ਇਸ ਦੀ ਕਲਮ ਦਾ ਜ਼ੋਰ, ਤੀਬਰ ਬੁੱਧੀ ਅਤੇ ਦਲੀਲਬਾਜ਼ੀ ਤਕੜੇ ਤੋਂ ਤਕੜੇ ਵਿਰੋਧੀ ਨੂੰ ਨਿਰੰਤਰ ਕਰ ਦਿੰਦੀ ਸੀ। ਇਸ ਅਖ਼ਬਾਰ ਵਿਚ ਜਿੱਥੇ ਸਿੰਘ ਸਭਾ ਦੇ ਉਦੇਸ਼ਾਂ ਦੀ ਪੂਰਤੀ ਕੀਤੀ ਜਾਂਦੀ ਸੀ, ਉਥੇ ਨਾਲ ਹੀ ਸਮਾਜ ਅਤੇ ਧਰਮ ਸੁਧਾਰਕ ਲੇਖ ਅਤੇ ਸੰਪਾਦਕੀ ਨੋਟ ਵੀ ਛਾਪੇ ਜਾਂਦੇ ਸਨ ਜਿਨ੍ਹਾਂ ਦੀ ਭਾਸ਼ਾ-ਸ਼ੈਲੀ ਪੰਜਾਬੀ ਵਾਰਤਕ ਦੇ ਸਰੂਪ ਵਿਚ ਨਿਖਾਰ ਲਿਆ ਰਹੀ ਸੀ । ਇਸ ਵਿਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖ਼ਬਰਾਂ ਵੀ ਛਪਦੀਆਂ ਸਨ। ਇਸ ਅਖ਼ਬਾਰ ਦੇ ਨਵੰਬਰ, 1887 ਦੇ ਅੰਕਾਂ ਵਿਚ ਗਿਆਨੀ ਦਿੱਤ ਸਿੰਘ ਨੇ 'ਸੁਪਨ ਨਾਟਕ` ਛਾਪ ਕੇ ਅੰਮ੍ਰਿਤਸਰ ਵਾਲੇ ਸਨਾਤਨੀ ਸਿੱਖ ਆਗੂਆਂ ਦੀ ਖੂਬ ਖਿਲੀ ਉਡਾਈ । ਅਦਾਲਤ ਵਿਚ ਹਤਕ ਇਜ਼ਤ ਦਾ ਮੁਕਦਮਾ ਚਲਿਆ ਅਤੇ ਅੰਤ ਵਿਚ ਗਿਆਨੀ ਜੀ ਨੂੰ ਦੋਸ਼-ਮੁਕਤ ਕਰ ਦਿੱਤਾ ਗਿਆ ਪਰ ਜੂਨ 1889 ਵਿਚ ਇਹ ਅਖ਼ਬਾਰ ਬੰਦ ਹੋ ਗਿਆ। ਨਾਭੇ ਦੇ ਮਹਾਰਾਜਾ ਹੀਰਾ ਸਿੰਘ ਦੀ ਮਾਇਕ ਸਹਾਇਤਾ ਨਾਲ ਮਈ 1892 ਵਿਚ ਇਹ ਪੱਤਰ ਫਿਰ ਚਾਲ ਕੀਤਾ ਗਿਆ ਅਤੇ 1905 ਈ. ਤਕ ਚਲਦਾ ਰਿਹਾ। ਇਸ ਅਖ਼ਬਾਰ ਦਾ ਸਭ ਤੋਂ ਵੱਧ ਮਹੱਤਵ ਇਹ ਹੈ ਕਿ ਇਸ ਰਾਹੀਂ ਪੰਜਾਬੀ ਵਾਰਤਕ ਵਿਚ ਇਕ ਨਿਖਾਰ ਆਇਆ ਅਤੇ ਪੁਰਾਤਨ ਲਹਿਜਾ ਅਤੇ ਬ੍ਰਜ-ਭਾਸ਼ੀ ਪ੍ਰਭਾਵ ਖ਼ਤਮ ਹੋਇਆ । ਉਦਾਹਰਣ ਵਜੋਂ ਹਿੰਦੁਸਤਾਨੀ ਫ਼ੌਜੀਆਂ ਨੂੰ ਅੰਗ੍ਰੇਜ਼ ਫ਼ੌਜੀਆਂ ਵਰਗੇ ਔਹਦੇ ਦੇਣ ਦੀ ਮੰਗ ਨੂੰ ਕਿਤਨੀ ਸ਼ੁੱਧ ਪੰਜਾਬੀ ਵਿਚ ਪ੍ਰਗਟ ਕੀਤਾ ਗਿਆ ਹੈ :

ਇਸ ਵੇਲੇ ਹਿੰਦੋਸਤਾਨੀ ਫ਼ੌਜੀਆਂ ਨੂੰ ਪਲਟਣਾਂ ਵਿਚ ਸੂਬੇਦਾਰ ਮੇਜਰੀ ਤੋਂ ਵਡਾ ਔਹਦਾ ਨਹੀਂ ਦਿੱਤਾ ਜਾਂਦਾ। ਹਿੰਦੋਸਤਾਨੀ ਸਿਪਾਹੀ, ਯੂਰਪ, ਮਿਸਰ, ਅਰਬ, ਜਾਵਾ, ਸਮਾਟਰਾ, ਚੀਨ ਆਦਿ ਥਾਵਾਂ ਉੱਪਰ ਖਿਦਮਤ ਕਰ ਸਕਦੇ ਹਨ, ਤਾਂ ਕਿਉਂ ਨਹੀਂ ਉਨ੍ਹਾਂ ਨੂੰ ਅੰਗੇਜ਼ ਅਫਸਰਾਂ ਵਾਲੇ ਔਹਦੇ ਮਿਲਦੇ? ਇਨ੍ਹਾਂ ਨੂੰ ਬਹਾਦਰੀਆਂ ਦੇ ਤਕਮੇ ਵੀ ਅੰਗੇਜ਼ਾਂ ਵਾਲੇ

ਦਿੱਤੇ ਜਾਣੇ ਚਾਹੀਦੇ ਹਨ । "ਖ਼ਾਲਸਾ ਅਖ਼ਬਾਰ ਰਾਹੀਂ ਕੀਤੇ ਜਾ ਰਹੇ ਖੰਡਨ ਦਾ ਉੱਤਰ ਦੇਣ ਲਈ ਅੰਮ੍ਰਿਤਸਰੀ ਧੜੇ ਨੇ 13 ਅਪ੍ਰੈਲ 1893 ਨੂੰ "ਗੁਰਮਤ ਪ੍ਰਕਾਸ਼ਕ` ਨਾਂ ਦਾ ਪੁੱਤਰ ਕੱਢਣ ਦੀ ਵਿਵਸਥਾ ਕੀਤੀ ਅਤੇ ਗਿ. ਅਵਤਾਰ ਸਿੰਘ ਵਹੀਰੀਆ ਨੇ ਇਸ ਦੇ ਸੰਪਾਦਨ ਦਾ ਕੰਮ ਸੰਭਾਲਿਆ । ਇਸ ਪੱਤਰ ਨੂੰ ਸ਼ੁਰੂ ਕਰਨ ਦਾ ਉਦੇਸ਼ ਸਪਸ਼ਟ ਕਰਦਿਆਂ ਇਸ ਦੇ ਪਹਿਲੇ ਅੰਕ ਵਿਚ ਛਾਪਿਆ ਗਿਆ :

ਸਬਤ ਸ੍ਰੀ ਗੁਰੂ ਨਾਨਕ ਘਰ ਦੀ ਸਿੱਖ ਸੰਗਤ ਖ਼ਾਲਸਾ ਜੀ, ਸਬਤ ਪੰਜਾਬ ਦੇਸ ਦੇ ਹਿਤਕਾਰੀਆਂ ਤੇ ਪ੍ਰਗਟ ਹੈ ਏਹ ਗੱਲ ਬੁਧੀਮਾਨਾਂ ਵਿਚ ਫੈਸਲਾ ਪਾ ਚੁੱਕੀ ਹੈ ਕਿ ਕਿਸੇ ਦੇਸ਼ ਦੇ ਤੇਜ ਬਲ ਅਤੇ ਸੁਭਾਗਤਾ ਦੀ ਸ਼ੋਭਾ ਵਡਿਆਈ ਦੀ ਧੀ ਤਦ ਤੋੜੀ ਨਹੀਂ ਹੋ ਸਕੀਦ, ਜਦ ਤੋੜੀ ਉਸ ਦੇਸ ਦੀ ਅਸਲੀ ਭਾਸ਼ਾ ਦੀ ਬਿਧੀ ਨਾ ਹੋਵੇ । ਸੋ ਪੰਜਾਬ ਦੀ ਜੋ ਅਸਲੀ ਆਪਣੀ ਪੰਜਾਬੀ ਭਾਸ਼ਾ ਹੈ, ਗੁਰਮੁਖੀ ਅੱਖਰਾਂ ਵਿਚ ਹੈ।ਤਾਂ ਜਦ ਤੋੜੀ ਗੁਰਮੁਖੀ ਪੰਜਾਬੀ ਦੀ ਬਿਧੀ ਨਹੀਂ ਹੋਂਦੀ, ਤਦ ਤੋੜੀ ਪੰਜਾਬ ਦੇਸ ਦੇ ਤੇਜ ਬਲ ਅਤੇ ਸੁਭਾਗ ਦੀ ਸੋਭਾ ਵਡਿਆਈ ਦੀ ਧੀ ਹੋਣ ਦੀ ਆਸ ਕਰਨੀ ਵਿਅਰਥ ਹੈ। ਸੋ ਏਹ ਗੱਲ ਭੀ ਉਤਮ ਪੁਰਸ਼ਾਂ ਨੇ ਫੈਸਲਾ ਕੀਤਾ ਹੈ ਕਿ ਜਿਸ ਦੇਸ ਦੀ ਭਾਸ਼ਾ ਦੀ ਬਿਧੀ ਦੀ ਲੋੜ ਹੋਵੇ, ਇਹ ਲੋੜ ਅਖ਼ਬਾਰਾਂ ਦੁਆਰਾ ਪੂਰੀ ਹੋ ਸਕਦੀ ਹੈ । ਤਾਂ ਤੇ ਇਸ ਕਰਕੇ ਪੰਜਾਬ ਦੇਸ਼ ਵਿਚ ਗੁਰਮੁਖੀ ਪੰਜਾਬੀ ਅਖ਼ਬਾਰਾਂ ਦੀ ਲੋੜ ਹੈ। ਉਪਰੋਕਤ ਟੂਕ ਤੋਂ ਸਪਸ਼ਟ ਹੈ ਕਿ ਗੁਰਮੁਖੀ ਲਿਪੀ ਰਾਹੀਂ ਪੰਜਾਬੀ ਦੀ ਤਰੱਕੀ ਉਸ ਵਕਤ ਦੀ ਪੰਜਾਬੀ ਪੱਤਰਕਾਰੀ ਦਾ ਮੁੱਖ ਆਸ਼ਾ ਸੀ ਅਤੇ ਇਸ ਆਸ਼ੇ ਦੀ ਪੂਰਤੀ ਲਈ ਅਖਬਾਰਾਂ ਦੀ ਅਤਿਅੰਤ ਲੋੜ ਹੈ। ਇਸ ਪੱਤਰ ਵਿਚ ਛਪਦੇ ਲੇਖਾਂ ਅਤੇ ਸੰਪਾਦਕੀ ਨੋਟਾਂ ਦੀ ਪੱਧਰ ਭਾਵੇਂ 'ਖਾਲਸਾ ਅਖ਼ਬਾਰ` ਵਰਗੀ ਨਹੀਂ ਸੀ, ਪਰ ਪੰਜਾਬੀ ਵਾਰਤਕ ਦੇ ਇਸ ਵਿਚ ਇਸ ਪੱਤਰ ਨੇ ਵੀ ਵਿਸ਼ੇਸ਼ ਯੋਗਦਾਨ ਪਾਇਆ ਸੀ।

ਇਸ ਕਾਲ ਵਿਚ ਉਪਰੋਕਤ ਅਖ਼ਬਾਰਾਂ/ਪੱਤਰਾਂ ਤੋਂ ਇਲਾਵਾ ਪੰਜਾਬ ਦਰਪਣ (1885 ਈ.), ਖ਼ਾਲਸਾ ਪ੍ਰਕਾਸ਼ (1886 ਈ.) , ਖ਼ਾਲਸਾ (1886 ਈ.), ਸਿੰਘ ਸਭਾ ਗ਼ਜ਼ਟ (1890 ਈ.), ਲਾਇਲ ਖ਼ਾਲਸਾ ਗਜ਼ਟ (1891 ਈ.), ਖ਼ਾਲਸਾ ਸਮਾਚਾਰ (1899 ਈ.) ਆਦਿ ਕਈ ਹੋਰ ਪੱਤਰਾਂ ਦਾ ਵੀ ਪ੍ਰਕਾਸ਼ਨ ਸ਼ੁਰੂ ਹੋਇਆ। ਇਹ ਅਧਿਕਤਰ ਸਪਤਾਹਿਕ, ਅੱਠ-ਰੋਜ਼ਾ ਜਾਂ ਦਸ-ਰੋਜ਼ਾ ਸਨ। ਇਨ੍ਹਾਂ ਤੋਂ ਇਲਾਵਾ ਕੁਝ ਮਾਸਿਕ ਪੱਤਰ ਵੀ ਸ਼ੁਰੂ ਕੀਤੇ ਗਏ। ਇਨ੍ਹਾਂ ਵਿਚੋਂ ਵਿਦਿਆਰਕ ਪੰਜਾਬ' ਅਤੇ 'ਸੁਧਾਰਾਰਕ` ਦਾ ਪਿੱਛੇ ਉੱਲੇਖ ਕੀਤਾ ਜਾ ਚੁੱਕਿਆ ਹੈ। ਕੁਝ ਹੋਰ ਪੱਤਰਾਂ ਦੇ ਨਾਂ ਇਸ ਪ੍ਰਕਾਰ ਹਨ-ਵਿਦਿਆ ਪ੍ਰਚਾਰ (1899 ਈ.), ਸੁਧਾ ਸਾਗਰ (1892 ਈ.), ਖ਼ਾਲਸਾ ਧਰਮ ਪ੍ਰਚਾਰਕ (1893 ਈ.) , ਨਿਰਗੁਣਿਆਰਾ (1894 ਈ.), ਅਮਰ ਪਤ੍ਰਿਕਾ ( 1897 ਈ.) ਆਦਿ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਅਖ਼ਬਾਰਾਂ ਜਾਂ ਪੱਤਰਾਂ ਵਿਚ ਛਪੀ ਸਾਮਗੀ ਦੀ ਪੱਧਰ ਭਾਵੇਂ ਬਹੁਤ ਉੱਚੀ ਨਹੀਂ ਸੀ, ਪਰ ਇਨ੍ਹਾਂ ਦੇ ਛਪਣ ਨਾਲ ਪੰਜਾਬੀ ਦੇ ਵਾਰਤਕ ਰੂਪਾਂ ਦੇ ਵਿਕਾਸ ਲਈ ਭੂਮੀ ਤਿਆਰ ਹੋਈ ਅਤੇ ਪੰਜਾਬੀ ਲਈ ਪਾਠਕ ਪੈਦਾ ਕੀਤੇ ਜਾ ਸਕੇ । ਜਾਂ ਲੋਕਾਂ ਅੰਦਰ ਪੰਜਾਬੀ ਪੜ੍ਹਨ ਦੀ ਜਾਗ ਲਾਈ ਗਈ। ਇਨ੍ਹਾਂ ਵਿਚੋਂ ਕੁਝ ਪੱਤਰ ਕਿਸੇ ਖ਼ਾਸ ਉਦੇਸ਼ ਦੀ ਪੂਰਤੀ ਲਈ ਸ਼ੁਰੂ ਕੀਤੇ ਗਏ

ਸਨ। ਇਸ ਲਈ ਉਦੇਸ਼ ਖ਼ਤਮ ਹੋਣ ਨਾਲ ਪੱਤਰ ਵੀ ਬੰਦ ਹੋ ਜਾਂਦੇ ਸਨ ਜਾਂ ਬੰਦ ਕਰ ਦਿੱਤੇ ਜਾਂਦੇ ਸਨ। ਇਹੀ ਕਾਰਣ ਹੈ ਕਿ ਇਸ ਕਾਲ ਦੇ ਪੱਤਰਾਂ ਦੀ ਉਮਰ ਬਹੁਤ ਥੋੜ੍ਹੀ ਹੈ। ਆਰਥਿਕ ਥੁੜਾਂ, ਛਪਾਈ ਦੀਆਂ ਸਹੂਲਤਾਂ ਦੀ ਘਾਟ, ਪਾਠਕਾਂ ਦਾ ਅਭਾਵ ਆਦਿ ਕੁਝ ਹੋਰ ਕਾਰਣਾਂ ਕਰਕੇ ਵੀ ਇਹ ਪੱਤਰ ਬਹੁਤ ਚਿਰ ਤਕ ਨਹੀਂ ਚਲ ਸਕੇ ਸਨ। ਦੋ ਦਰਜਨ ਦੇ ਕਰੀਬ ਸ਼ੁਰੂ ਹੋਏ ਪੱਤਰਾਂ ਵਿਚੋਂ ਮਸਾਂ ਅੱਧਾ ਕੁ ਦਰਜਨ ਪੱਤਰ 1900 ਤੋਂ ਅੱਗੇ ਜਾਰੀ ਰਹਿ ਸਕੇ । ਇੱਥੇ ਵਿਸ਼ੇਸ਼ ਉੱਲੇਖਯੋਗ ਗੱਲ ਇਹ ਹੈ ਕਿ ਇਨ੍ਹਾਂ ਦੋ ਦਰਜਨ ਪੱਤਰਾਂ ਵਿਚ ਕੋਈ ਇਕ ਵੀ ਰੋਜ਼ਾਨਾ ਜਾਂ ਦੈਨਿਕ ਨਹੀਂ ਸੀ।

ਇਨ੍ਹਾਂ ਪੱਤਰਾਂ ਦਾ ਸਰੂਪ ਲਗਭਗ ਇਕ-ਸਮਾਨ ਹੀ ਹੁੰਦਾ ਸੀ । ਅਜ ਦੀਆਂ ਅਖ਼ਬਾਰਾਂ ਵਾਂਗ ਨਾ ਪੰਨੇ-ਬੰਦੀ ਹੁੰਦੀ ਸੀ, ਨਾ ਵੱਖ-ਵੱਖ ਪੰਨਿਆਂ ਉੱਤੇ ਛਾਪਣ ਦੀ ਸਾਮਗੀ ਨਿਸ਼ਚਿਤ ਹੁੰਦੀ ਸੀ । ਖ਼ਬਰਾਂ ਛਾਪਣ ਵੇਲੇ ਵੀ ਕਿਸੇ ਖ਼ਾਸ ਤਰਤੀਬ ਦਾ ਧਿਆਨ ਨਹੀਂ ਰਖਿਆ ਜਾਂਦਾ ਸੀ ਅਤੇ ਨਾ ਹੀ ਸੁਰਖੀਆਂ ਲਿਖਣ ਦਾ ਕੋਈ ਰਿਵਾਜ ਸੀ । ਕਾਰਟੂਨ ਛਾਪਣ ਦੀ ਪਿਰਤ ਪੈ ਚੁੱਕੀ ਸੀ, ਤਸਵੀਰਾਂ ਜਾਂ ਇਸ਼ਤਿਹਾਰ ਘਟ-ਵੱਧ ਹੀ ਛਾਪੇ ਜਾਂਦੇ ਸਨ। ਹਰ ਅੰਕ ਵਿਚ ਗੁਰਬਾਣੀ ਦੇ ਕਿਸੇ ਸ਼ਬਦ ਦੀ ਵਿਆਖਿਆ ਜਾਂ ਗੁਰ-ਇਤਿਹਾਸ ਬਾਰੇ ਕੁਝ ਨਾ ਕੁਝ ਜ਼ਰੂਰ ਲਿਖਿਆ ਹੁੰਦਾ | ਪਾਠਕਾਂ ਵੱਲੋਂ ਵਾਦ-ਵਿਵਾਦਾਤਮਕ ਵਿਚਿ ਨਾਲ ਸੰਬੰਧਿਤ ਚਿੱਠੀਆਂ ਵੀ ਛਾਪੀਆਂ ਜਾਂਦੀਆਂ ਸਨ ।

ਇਨ੍ਹਾਂ ਪੱਤਰਾਂ ਦੀ ਸਮੁੱਚੀ ਨੀਤੀ ਸਰਕਾਰ ਪੱਖੀ ਸੀ। ਸਰਕਾਰੀ ਸਰਪ੍ਰਸਤੀ ਨਾਲ ਕਰਕੇ ਅਖ਼ਬਾਰਾਂ ਛਾਪੀਆਂ ਜਾਂਦੀਆਂ ਸਨ। ਇਸ ਲਈ ਦੇਸ਼ ਜਾਂ ਕੌਮ ਦੀ ਸੁਤੰਤਰਤਾ ਇਸ ਪ੍ਰਕਾਰ ਦੇ ਕਿਸੇ ਹੋਰ ਅੰਦੋਲਨ ਦੇ ਪੱਖ ਵਿਚ ਕੁਝ ਨਾ ਛਾਪਿਆ ਜਾਂਦਾ । ਇਥੋਂ ੨ ਕਿ ਸਿੱਖ ਧਰਮ ਦੇ ਗੌਰਵ ਨੂੰ ਕਾਇਮ ਰੱਖਣ ਲਈ ਚਲਾਈ ਗਈ ਨਾਮਧਾਰੀ ਲਹਿਰ ਨੂੰ ਦਬਾਉਣ ਲਈ ਕੀਤੇ ਗਏ ਸਰਕਾਰੀ ਅਤਿਆਚਾਰਾਂ ਦਾ ਕਿਤੇ ਉੱਲੇਖ ਤਕ ਨਹੀਂ। ਕਦੀ ਕਦਾਈਂ ਦੱਬੀ ਜ਼ਬਾਨ ਵਿਚ ਕੋਈ ਮੰਗ ਜਾਂ ਸੁਧਾਰ ਸੰਬੰਧੀ ਸੁਝਾਵ ਜ਼ਰੂਰ ਛਾਪ

ਦਿੱਤਾ ਜਾਂਦਾ।

ਸਾਹਿੱਤ ਦੀ ਸਿਰਜਨਾ ਕਰਨਾ ਇਨ੍ਹਾਂ ਪੱਤਰਾਂ ਦਾ ਮੰਤਵ ਨਹੀਂ ਸੀ । ਪਰ ਪ੍ਰਚਾਰ ਦੀ ਭਾਵਨਾ ਤੋਂ ਲਿਖੀਆਂ ਕਈ ਸਾਹਿਤਿਕ ਰਚਨਾਵਾਂ ਇਨ੍ਹਾਂ ਵਿਚ ਛਪਦੀਆਂ ਰਹਿੰਦੀਆਂ । ਕਈ ਵਾਰ ਵਿਅੰਗਪੂਰਣ ਕਵਿਤਾਵਾਂ ਵੀ ਛਪਦੀਆਂ ਜਿਨ੍ਹਾਂ ਵਿਚ ਵਿਰੋਧੀ ਧੜੇ ਉੱਤੇ ਕਟਾਖ ਕੀਤੇ ਜਾਂਦੇ। ਪਰ ਮੁੱਖ ਤੌਰ ਤੇ ਪੰਜਾਬੀ ਵਾਰਤਕ ਦੇ ਵਿਕਾਸ ਵਿਚ ਇਨ੍ਹਾਂ ਪੱਤਰਾਂ ਦਾ ਵਿਸ਼ੇਸ਼ ਯੋਗਦਾਨ ਹੈ। ਇਸ ਵਾਰਤਕ ਦਾ ਸਰੂਪ ਸ਼ੁੱਧ ਪੰਜਾਬੀ ਸੀ ਅਤੇ ਲੇਖਕ ਵੀ ਗੁਰਮੁਖੀ ਲਿਪੀ ਰਾਹੀਂ ਸ਼ੁਧ ਪੰਜਾਬੀ ਲਿਖਣ ਬਾਰੇ ਚੇਤਨ ਸਨ । ਨਿੱਕੀ ਕਹਾਣੀ, ਨਿਬੰਧ /ਲੇਖ, ਸੰਖਿਪਤ ਜੀਵਨੀਆਂ, ਨਾਟਕ, ਆਦਿ ਲਈ ਆਧੁਨਿਕ ਸਾਹਿੱਤ-ਰੂਪਾਂ ਦਾ ਆਰੰਭ ਇਨ੍ਹਾਂ ਪੱਤਰਾਂ ਰਾਹੀਂ ਹੀ ਹੋਇਆ ਮੰਨਿਆ ਜਾ ਸਕਦਾ ਹੈ । ਇਨ੍ਹਾਂ ਪੱਤਰਾਂ ਰਾਹੀਂ ਪੰਜਾਬੀ ਵਿਚ ਅਨੁਵਾਦ ਕਰਨ ਦੀ ਪਿਰਤ ਵੀ ਪਈ । ਇਸ ਤੋਂ ਪਹਿਲਾਂ ਜੋ ਅਨੁਵਾਦਿਤ ਰਚਨਾਵਾਂ ਪੰਜਾਬੀ ਵਿਚ ਉਪਲਬਧ ਸਨ, ਉਨ੍ਹਾਂ ਦੀ ਲਿਪੀ ਹੀ ਗੁਰਮੁਖੀ ਸੀ, ਭਾਸ਼ਾਈ ਦ੍ਰਿਸ਼ਟੀ ਤੋਂ ਉਹ ਬ੍ਰਜ ਭਾਸ਼ਾ ਵਿਚ ਸਨ ਜਾਂ ਫਿਰ ਕੁਝ ਕੁ ਅਵਿਕਸਿਤ ਪੰਜਾਬੀ ਵਾਰਤਕ ਵਿਚ। ਇਨ੍ਹਾਂ ਪੱਤਰਾਂ ਵਿਚ ਅੰਗ੍ਰੇਜ਼ੀ ਜਾਂ ਹੋਰ ਭਾਸ਼ਾਵਾਂ ਦੇ ਪੱਤਰਾਂ ਵਿਚ ਛਪੀਆਂ ਖ਼ਬਰਾਂ ਜਾਂ ਗਿਆਨ-ਵਰਧਕ ਨਿਬੰਧਾਂ ਨੂੰ ਅਨੁਵਾਦ ਕਰਕੇ ਛਾਪਿਆ ਜਾਣ ਲਗਾ। ਇਨ੍ਹਾਂ ਅਨੁਵਾਦਾਂ ਰਾਹੀਂ ਜਿੱਥੇ ਗਿਆਨ ਦਾ ਵਿਸਤਾਰ ਹੋਇਆ, ਉੱਥੇ ਪੰਜਾਬੀ ਵਾਰਤਕ ਸ਼ੈਲੀ ਵਿਚ ਪੁਖ਼ਤਗੀ ਆਈ। ਇਨ੍ਹਾਂ ਪੱਤਰਾਂ ਦੇ ਛਪਣ ਨਾਲ ਹੌਲੀ ਹੌਲੀ ਪੰਜਾਬੀ ਦੇ ਪਾਠਕ ਪੈਦਾ ਹੋਣੇ ਸ਼ੁਰੂ ਹੋਏ ਅਤੇ ਪੋਥੀਆਂ ਪੜ੍ਹਨ ਤੋਂ ਹਟ ਕੇ ਅਖ਼ਬਾਰਾਂ ਪੜ੍ਹਨ ਵੱਲ ਰੁਚਿਤ ਹੋਏ । ਅਸਲ ਵਿਚ, ਪੰਥ ਤੋਂ ਪੁਸਤਕ ਵੱਲ ਪਾਠਕ ਦੀ ਬਿਰਤੀ ਨੂੰ ਮੋੜਨ ਵਿਚ ਇਨ੍ਹਾਂ ਪੁੱਤਰਾਂ ਨੇ ਇਕ ਪ੍ਰਕਾਰ ਦਾ ਭਖਿਕਾ ਤਿਆਰ ਕੀਤੀ । ਸਪਸ਼ਟ ਹੈ ਕਿ ਇਸ ਕਾਲ ਦੀ ਪੱਤਰਕਾਰੀ ਆਧੁਨਿਕ ਪੰਜਾਬ ਸਾਹਿੱਤ, ਵਿਸ਼ੇਸ਼ ਕਰਕੇ ਵਾਰਤਕ ਰੂਪਾਂ ਨੂੰ ਵਿਕਸਿਤ ਕਰਨ ਵਿਚ ਬਹੁਤ ਸਹਾਇਕ ਹੁੰਦਾ ਹੈ ਅਤੇ ਇਹੀ ਇਸ ਦੀ ਪੰਜਾਬੀ ਸਾਹਿੱਤ ਨੂੰ ਮਹੱਤਵਪੂਰਣ ਦੇਣ ਹੈ।

ਸੰਸਮਰਣ

ਰੂਪ ਅਤੇ ਵੰਨਗੀਆਂ ਲੱਖ ਅੰਦਰ ਵਿਅਕਤਿਕਤਾ ਆਪਣੇ ਆਪ ਨੂੰ ਇਕ ਅਦੁੱਤੀ

ਆਧੁਨਿਕ ਕਾਲ ਵਿਚ ਵਾਰਤਕ ਸਾਹਿਤ ਦੇ ਅਨੇਕ ਰੂਪ ਅਤੇ : ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਆਧੁਨਿਕ ਯੁਗ ਵਿਚ ਮਨੁੱਖ ਅੰਦਰ (individuality) ਦੇ ਵਿਕਸਿਤ ਹੋ ਜਾਣ ਨਾਲ ਹਰ ਮਨੁੱਖ ਆਪਣੇ ਆਪ ਨੂੰ ਅਤੇ ਵਿਲੱਖਣ ਹਸਤੀ ਸਮਝਣ ਲੱਗ ਪਿਆ ਹੈ। ਇਹੀ ਕਾਰਨ ਹੈ ਕਿ ਉਹ ਆm ਜੀਵਨ ਨਾਲ ਸੰਬੰਧਿਤ ਰੋਜ਼-ਮਰਾ ਦੇ ਵੇਰਵਿਆਂ ਨੂੰ ਵੀ ਮਹੱਤਵਪੂਰਣ ਅਤੇ ਨਾ ਸਾਮੱਗਰੀ ਸਮਝਦਾ ਹੈ। ਆਧੁਨਿਕ ਵਿਅਕਤੀ ਵਿਚ ਆਏ ਇਸ ਬਦਲਾਉ ਨੇ ਸ਼ਾ ਦੇ ਪ੍ਰਸੰਗ ਵਿਚ ਉਸ ਦੀਆਂ ਤਰਜੀਹਾਂ ਨੂੰ ਕਾਫ਼ੀ ਬਦਲ ਕੇ ਰੱਖ ਦਿੱਤਾ ਹੈ। ਹੁਣ ਆਪਣੇ ਜੀਵਨ ਦੀਆਂ ਵਿਸੰਗਤੀਆਂ, ਉਲਾਰਾਂ ਅਤੇ ਵਿਕਾਰਾਂ ਨੂੰ ਸਾਹਿਤ-ਸਿਰਜਣਾ ਮੂਲ ਸੋਮਾ ਬਣਾ ਲਿਆ ਹੈ। ਉਸ ਦੀ ਇਸੇ ਤਰਜੀਹ ਵਿਚੋਂ ਸੰਸਮਰਣ, ਯਾਦਾਂ ਅਤੇ ਰੇਖਾ-ਚਿਤ ਆਦਿਕ ਨਵੇਂ ਰੂਪਾਕਾਰ ਪੈਦਾ ਹੋਏ ਹਨ। ਸੰਸਮਰਣ ਜਾਂ ਯਾਦਾਂ ਦਾ ਸੰਬੰਧ ਬਹੁਤੀ

ਵਾਰ ਕਿਸੇ ਲੇਖਕ ਦੀਆਂ ਦੁਸ਼ਵਾਰੀਆਂ ਅਤੇ ਕਠਿਨਾਈਆਂ ਨਾਲ ਜੁੜਿਆ ਹੁੰਦਾ ਹੈ, ਇਸ ਕਾਰਨ ਇਹ ਮਧੁਰ ਹੋਣ ਦੀ ਬਜਾਇ ਤਲਖ਼ ਅਤੇ ਤੁਰਸ਼ ਹੁੰਦੀਆਂ ਹਨ। ਬਕੌਲ ਇਕ ਉਰਦੂ ਕਵੀ:

ਯਾਦੇ ਮਾਜ਼ੀ ਅਜ਼ਾਬ ਹੈ ਯਾ ਰੱਬ

ਛੀਨ ਲੇ ਮੁਝ ਸੇ ਹਾਫਿਜ਼ਾ ਮਿਰਾ।

ਸੰਸਮਰਣ ਸਾਹਿਤ

'ਸੰਸਮਰਣ ਪੰਜਾਬੀ ਸ਼ਬਦ 'ਯਾਦਾਂ ਦਾ ਪਰਿਆਇਵਾਚੀ ਹੈ। ਅੰਗਰੇਜ਼ੀ ਵਿਚ ਇਸ ਨੂੰ "ਰੈਮਿਨੇਸੈਂਸ' (reminiscence) ਜਾਂ "ਮੈਮਾਇਰ' (memoir) ਕਿਹਾ ਜਾਂਦਾ ਹੈ। ਇਸ ਸਾਹਿਤ-ਰੂਪ ਵਿਚ ਕੋਈ ਲੇਖਕ ਆਪਣੇ ਜੀਵਨ ਨਾਲ ਸੰਬੰਧਿਤ ਕੁਝ ਅਜਿਹੀਆਂ ਘਟਨਾਵਾਂ ਜਾਂ ਯਾਦਾਂ ਦਾ ਚਿਣ ਕਰਦਾ ਹੈ, ਜੋ ਭੁਲਾਈਆਂ ਨਾ ਜਾ ਸਕਦੀਆਂ ਹੋਣ। ਇਸ ਲਈ ਸਾਹਿਤਕਾਰ ਲੋਕ 'ਯਾਦਾਂ ਨੂੰ "ਅਭੁੱਲ ਯਾਦਾਂ ਦੇ ਸਿਰਲੇਖ ਅਧੀਨ ਅੰਕਿਤ ਕਰਦੇ ਹਨ ਅਜਿਹੀਆਂ ਯਾਦਾਂ ਦਾ ਰੋਚਕ ਬਿਆਨ ਹੀ ਸੰਸਮਰਣ ਹੁੰਦਾ ਹੈ। ਇਸ ਸਾਹਿਤ-ਰੂਪ ਲੇਖਕ ਉਹਨਾਂ ਘਟਨਾਵਾਂ ਜਾਂ ਵਿਅਕਤੀਆਂ ਨੂੰ ਯਾਦ ਕਰਦਾ ਹੈ, ਜੋ ਉਸ ਦੀ ਮਾਂ ਚੇਤਨਾ ਦਾ ਅਨਿੱਖੜ ਅੰਗ ਬਣ ਚੁੱਕੇ ਹੋਣ। ਇਸ ਤਰ੍ਹਾਂ ਸੰਸਮਰਣ-ਸਾਹਿਤ ਦੀਆਂ ਮਾਨਸਿਕ ਪ੍ਰਤੀਕਿਰਿਆਵਾਂ ਦਾ ਰੋਚਕ ਸੰਗਹਿ ਹੁੰਦਾ ਹੈ। ਸੰਸਮਰਣ ਅਦ0 ਦੇ ਰੂਪ ਮਿਲਦੇ ਹਨ : 1. ਸ਼ੈ ਨਾਲ ਸੰਬੰਧਿਤ ਯਾਦਾਂ, ਅਤੇ 2. ਦੂਜੇ ਨਾਲ ਮਪ ਪਹਿਲੀ ਸ਼੍ਰੇਣੀ ਵਿਚ ਲੇਖਕ ਆਪਣੇ ਨਿਜੀ ਜੀਵਨ ਦੀਆਂ ਯਾਦਾਂ ਨੂੰ ਆਕਰ

" ਹੈ। ਸੰਸਮਰਣ ਅੰਦਰ ਦੋ ਤਰ੍ਹਾਂ ਦੂਜ ਨਾਲ ਸੰਬੰਧਿਤ ਯਾਦਾਂ। ਦਾ ਨੂੰ ਅੰਕਿਤ ਕਰਦਾ ਹੈ ਜੀ ਵੰਨਗੀ ਵਿਚ ਕਿਸੇ ਦੂਜੇ ਵਿਅਕਤੀ ਨਾਲ ਸੰਬੰਧਿਤ ਯਾਦਾਂ ਨੂੰ ਵਿਅਕਤ A ਜਾਂਦਾ ਹੈ। ਸੰਸਮਰਣ, ਗ੍ਰੈਜੀਵਨੀ ਨਾਲ ਮਿਲਦੀ-ਜੁਲਦੀ ਸਾਹਿਤਿਕ ਵੰਨਗੀ ਹੈ।

ਜੀਵਨੀ ਦਾ ਘੇਰਾ ਵਿਸ਼ਾਲ ਹੁੰਦਾ ਹੈ, ਜਦੋਂ ਕਿ ਸੰਸਮਰਣ ਦਾ ਘੇਰਾ ਗ੍ਰੈਜੀਵਨੀ ਨਾਲੋਂ ਸੀਮਿਤ ਹੁੰਦਾ ਹੈ।

ਸਰੂਪ ਅਤੇ ਲੱਛਣ

'ਸੰਸਮਰਣ' ਸ਼ਬਦ ਦੀ ਵਿਉਤਪਤੀ 'ਸਮ ਸਮਰ -ਲਯਦ' ਧਾਤੂ ਤੋਂ ਹੋਈ ਹੈ। ਇਥੋਂ ਹੀ 'ਸਮਯਕ' ਅਤੇ 'ਸਮਰਣ' ਸ਼ਬਦ ਨਿਕਲੇ ਹਨ। ਸਮਯਕ ਦਾ ਅਰਥ ਆਤਮਗਤ ਅਤੇ ਸਮਰਣ ਦਾ ਅਰਥ ਯਾਦਾਂ ਬਣਦਾ ਹੈ। ਇਸ ਤਰ੍ਹਾਂ ਸੰਸਮਰਣ ਦੇ ਅਰਥ ਬਣੇ-ਸੈ-ਯਾਦਾਂ। (ਖੋਜ ਦਰਪਣ, ਜਨਵਰੀ 2002) ਸੰਸਮਰਣ ਦੇ ਅੰਤਰਗਤ ਡਾ. ਲਕਸ਼ਮੀ ਕਾਂਤ ਉਹਨਾਂ

ਘਟਨਾਵਾਂ ਜਾਂ ਵਿਅਕਤੀਆਂ ਨੂੰ ਰੱਖਦਾ ਹੈ, ਜੋ ਭੁਲਾਏ ਨਹੀਂ ਜਾ ਸਕਦੇ। ਦੇਖੋ :

ਇਸ ਸਾਹਿਤ-ਰੂਪ ਦੇ ਅੰਤਰਗਤ ਲੇਖਕ ਉਹਨਾਂ ਘਟਨਾਵਾਂ ਜਾਂ ਵਿਅਕਤੀਆਂ ਨੂੰ ਯਾਦ ਕਰਦਾ ਹੈ, ਜਿਨ੍ਹਾਂ ਨੂੰ ਉਹ ਭੁਲਾ ਨਹੀਂ ਸਕਦਾ, ਜੋ ਮਾਨਸਿਕ ਚੇਤਨਾ ਦਾ ਅਨਿੱਖੜ ਅੰਗ ਬਣ ਜਾਂਦੇ ਹਨ। ਇਹ ਸੁਭਾਵਿਕ ਹੈ ਕਿ ਅਜਿਹੀ ਰਚਨਾ ਲੇਖਕ ਦੀਆਂ ਮਾਨਸਿਕ ਪ੍ਰਤੀਕ੍ਰਿਆਵਾਂ ਦਾ ਸਹੀ ਸੰਗ੍ਰਹਿ ਪ੍ਰਸਤੁਤ ਕਰੇਗੀ।

ਖੇਲ ਚੰਦ ਆਨੰਦ ਲੇਖਕ ਦੇ ਵਿਅਕਤਿੱਤਵ ਦੀ ਆਭਾ ਦਾ ਪ੍ਰਕਾਸ਼ ਕਰਨ ਵਾਲੀਆਂ - ਯਾਦਾਂ ਨੂੰ ਸੰਸਮਰਣ ਸਾਹਿਤ ਦੇ ਅੰਤਰਗਤ ਰੱਖਦਾ ਹੈ। ਦੇਖੋ :

ਸੰਸਮਰਣ, ਯਥਾਰਥਕ ਜੀਵਨ ਨਾਲ ਸੰਬੰਧਿਤ ਸੰਖੇਪ, ਰੋਚਕ, ਆਸ਼ਕ, ਭਾਵੁਕਤਾਪੂਰਨ, ਲੇਖਕ ਦੇ ਵਿਅਕਤਿੱਤਵ ਦੀ ਆਭਾ ਨਾਲ ਯੁਕਤ, ਚਰਿੱਤਰ ਦੇ ਗੌਰਵ ਨਾਲ ਮੰਡਿਤ, ਸੰਕੇਤਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਿਖੀਆਂ ਅਭੁੱਲ ਘਟਨਾਵਾਂ ਨਾਲ ਸੰਬੰਧਿਤ ਸਾਹਿਤ ਦੀ ਇਕ ਸੁਤੰਤਰ ਵਿਧਾ ਹੈ।

ਡਾ. ਓਮ ਪ੍ਰਕਾਸ਼ ਸਿੰਗਲ ਨੇ ਨਿੱਜੀ ਅਨੁਭਵ ਅਤੇ ਪਿਛਲੀਆਂ ਹੱਡ-ਬੀਤੀਆਂ ਉੱਤੇ ਆਧਾਰਿਤ ਸਾਹਿਤ ਰਚਨਾ ਨੂੰ ਸੰਸਮਰਣ-ਸਾਹਿਤ ਕਿਹਾ ਹੈ। ਉਸ ਦੇ ਸ਼ਬਦਾਂ ਵਿਚ :

ਯਾਦਾਂ ਦਾ ਸ਼ਾਬਦਿਕ ਅਰਥ ਹੈ-ਕਿਸੇ ਮਨੁੱਖ, ਘਟਨਾ, ਦ੍ਰਿਸ਼ ਅਤੇ ਵਸਤੂ ਆਦਿ ਨਾਲ ਧੁਰ ਅੰਦਰੋਂ ਜੁੜ ਕੇ ਉਸ ਨੂੰ ਯਾਦ ਕਰਨਾ। ਇਸ ਤਰ੍ਹਾਂ ਦੇ ਅਨੁਭਵਾਂ, ਪਿਛਲੀਆਂ ਹੱਡ-ਬੀਤੀਆਂ ਦੇ ਆਧਾਰ 'ਤੇ ਨਿੱਜਤਵ ਨਾਲ ਅਤੇ ਗੰਭੀਰਤਾ ਸਹਿਤ ਰਚੇ ਗਏ ਸਾਹਿਤ ਨੂੰ 'ਯਾਦਾਂ' ਦਾ ਨਾਮ ਦਿੱਤਾ ਜਾਂਦਾ ਹੈ।

(ਉਹੀ ਸਥਾਨ) ਇਸ ਪ੍ਰਕਾਰ 'ਸੰਸਮਰਣ ਸਾਹਿਤ ਦੀ ਉਹ ਵਿਧਾ ਹੈ, ਜਿਸ ਅੰਦਰ ਵਿਅਕਤੀ ਆਪਣੇ ਸ਼ੈ ਅਤੇ ਨਿੱਜ ਨਾਲ ਸੰਬੰਧਿਤ ਘਟਨਾਵਾਂ, ਦ੍ਰਿਸ਼ਾਂ ਅਤੇ ਵਿਅਕਤੀਆਂ ਨੂੰ ਵਿਅਕਤ ਕਰਦਾ ਹੋਇਆ, ਉਸ ਸਾਰੀ ਸਾਮੱਗਰੀ ਨੂੰ ਪਾਠਕਾਂ ਨਾਲ ਸਾਂਝਾ ਕਰਦਾ ਹੈ, ਜਿਸ ਨੇ ਉਸ ਦੇ ਅੰਦਰ ਵਿਸ਼ੇਸ਼ ਸਥਾਨ ਬਣਾ ਲਿਆ ਹੋਵੇ। ਇਹ ਯਾਦਾਂ ਕਿਸੇ ਲੇਖਕ ਦੇ ਆਪਣੇ ਜੀਵਨ ਨਾਲ ਵੀ ਸੰਬੰਧਿਤ ਹੋ ਸਕਦੀਆਂ ਹਨ

ਅਤੇ ਕਿਸੇ ਦੂਜੇ ਵਿਅਕਤੀ ਦੇ ਜੀਵਨ ਨਾਲ ਵੀ। ਇਸ ਪੱਖੋਂ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਉਹ ਕਥਨ ਉੱਲੇਖਯੋਗ ਹਨ, ਜੋ ਉਸ ਨੇ ਮੇਰੀ . ਯਾਦਾਂ ਦੀ ਆਦਿਕਾ ਵਿਚ ਅੰਕਿਤ ਕੀਤੇ ਹਨ :

ਯਾਦਾਂ ਕੋਈ ਆਪ ਨਹੀਂ ਚੁਣਦਾ। ਕੋਸ਼ਿਸ਼ ਕੀਤਿਆਂ ਵੀ ਕੋਈ ਦਿਮਾਗ ਵਿਚ ਅਭੁੱਲ ਹੋਣ ਦਾ ਰੁਤਬਾ ਨਹੀਂ ਲੈ ਸਕਦੀ, ਜਿੰਨਾ ਚਿਰ ਯਾਦ ਲਈ ਸਾਡੀ ਪ੍ਰਕਿਰਤੀ ਵਿਚ ਕੋਈ ਜਮਾਂਦਰੂ ਰਖਣਾ (ਖਾਨਾ) ਨਾ ਸਾਡੀਆਂ ਅਭੁੱਲ ਯਾਦਾਂ ਉਹ ਕੌੜੇ-ਮਿੱਠੇ ਕੁਝ ਸੂਖਮ ਕਤਰੇ ਹਨ ਜਿਹੜੇ ਸਾਲ

ਕਿਰਤੀ, ਜ਼ਿੰਦਗੀ ਦੀ ਅਮੁੱਕ ਫ਼ਸਲ ਵਿਚੋਂ ਕਸ਼ੀਦ ਕਰਦੀ ਤੇ ਨਾਲ ਆਤਮਾ ਦੀਆਂ ਡੂੰਘਾਈਆਂ ਵਿਚ ਸਾਂਭ ਕੇ ਰੱਖਦੀ ਹੈ। (ਭਮਿਕਾ ਰਿਹਾ ਸੰਸਮਰਣ ਅਤੇ ਡਾਇਰੀ

ਇਹਨਾਂ ਦੋਹਾਂ ਰੂਪਾਕਾਰਾਂ ਦੀ ਆਪਸੀ ਨੇੜਲੀ ਸਾਂਝ ਦਾ ਆਧਾਰ ਇਹ ਹੈ . ਵਿਚ ਵਿਅਕਤੀ ਦਾ ਨਿੱਜਤਵ ਪ੍ਰਧਾਨ ਹੁੰਦਾ ਹੈ। ਡਾਇਰੀ ਇਕ ਨਿਜੀ ਦਸਤਾਵੇਜ , ਹੈ, ਜਿਸ ਵਿਚ ਲੇਖਕ ਆਪਣੇ ਜੀਵਨ ਦੀਆਂ ਘਟਨਾਵਾਂ ਦਾ ਦਿਨ-ਪ੍ਰਤੀ-ਦਿਨ ਲੇਖਾ ਕਰਦਾ ਹੈ। ਇਹ ਲੇਖਾ-ਜੋਖਾ ਘਟਨਾਵਾਂ ਦਾ ਕਰਮ-ਪ੍ਰਤੀਕਰਮ ਜਾਂ ਅਹਿਸਾਸਾਂ ਸੋਚ ਵਿਚਾਰਾਂ, ਮੰਜਬੂਰੀਆਂ ਆਦਿ ਕਿਸੇ ਵੀ ਪੱਖ ਦਾ ਹੋ ਸਕਦਾ ਹੈ। ਡਾਇਰੀ ਅਸਲ ਵਿਚ ਸੰਸਮਰਣ-ਸਾਹਿਤ ਦਾ ਹੀ ਇਕ ਆਧਾਰ-ਸ਼ੋਤ ਹੈ। ਸੰਸਮਰਣ ਵਿਚ ਡਾਇਰੀ ਦਾ ਅਹਿਮ ਯੋਗਦਾਨ ਹੋ ਸਕਦਾ ਹੈ। ਸ਼ੈ ਅਤੇ ਕਿਸੇ ਦੂਸਰੇ ਦੇ ਸੰਸਮਰਣ ਲਿਖਣ ਸਮੇਂ ਡਾਇਰੀ ਵਿਚਲੇ ਵੇਰਵਿਆਂ ਅਤੇ ਘਟਨਾਵਾਂ ਨੂੰ ਰਚਨਾ ਦਾ ਆਧਾਰ ਬਣਾਇਆ ਜਾ ਸਕਦਾ ਹੈ। ਦੋਵੇਂ ਵਿਧਾਵਾਂ ਲੇਖਕ ਦੇ ਆਤਮ-ਵਿਸ਼ਲੇਸ਼ਣ ਅਤੇ ਆਤਮ-ਵਿਵੇਚਨ ਨਾਲ ਸੰਬੰਧ ਰੱਖਦੀਆਂ ਹਨ। ਅੰਤਰ ਕੇਵਲ ਇਤਨਾ ਹੁੰਦਾ ਹੈ ਕਿ ਡਾਇਰੀ ਵਿਚ ਰੋਜ਼-ਮਰ੍ਹਾ ਦੀਆਂ ਘਟਨਾਵਾਂ ਨੂੰ ਤੱਥਾਂ ਸਮੇਤ ਅੰਕਿਤ ਕੀਤਾ ਜਾਂਦਾ ਹੈ, ਜਦੋਂ ਕਿ ਸੰਸਮਰਣ-ਸਾਹਿਤ ਵਿਚ ਚੋਣਵੀਆਂ ਅਤੇ ਅਭੁੱਲ ਯਾਦਾਂ ਨੂੰ ਰੂਪਮਾਨ ਕੀਤਾ ਜਾਂਦਾ ਹੈ। ਦੋਵੇਂ ਵਾਰਤਕ-ਰੂਪ ਬੇਸ਼ੱਕ ਕਾਫ਼ੀ ਮਿਲਦੇ-ਜੁਲਦੇ ਹਨ ਪਰ ਦੋਹਾਂ ਨੂੰ ਆਪਸ ਵਿਚ ਰਲਗੱਡ ਨਹੀਂ ਕੀਤਾ ਜਾ ਸਕਦਾ। ਦੋਵੇਂ ਸੁਤੰਤਰ ਅਤੇ ਵਿਸ਼ਿਸ਼ਟ ਸਾਹਿਤ-ਰੂਪ ਹਨ।

ਪੰਜਾਬੀ ਵਿਚ ਸੰਸਮਰਣ ਸਾਹਿਤ ਦੀ ਇਕ ਮੁੱਢਲੀ ਵੰਨਗੀ ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਰਚਿਤ 'ਮੇਰੀਆਂ ਅਭੁੱਲ ਯਾਦਾਂ ਹੈ। ਮਾਸਟਰ ਤਾਰਾ ਸਿੰਘ ਰਚਿਤ 'ਮੇਰੀਆਂ ਯਾਦਾਂ ਅਤੇ ਗਿਆਨੀ ਹੀਰਾ ਸਿੰਘ ਰਚਿਤ "ਮੇਰੀਆਂ ਕੁਝ ਇਤਿਹਾਸਕ ਯਾਦਾਂ' ਵੀ ਇਸੇ ਵੰਨਗੀ ਦੀਆਂ ਰਚਨਾਵਾਂ ਹਨ। ਸ. ਸਾਧੂ ਸਿੰਘ ਹਮਦਰਦ ਨੇ 'ਯਾਦ ਬਣੀ ਇਤਿਹਾਸ ਦੇ ਸ਼ੀਰਸ਼ਕ ਅਧੀਨ ਆਪਣੀਆਂ ਕੁਝ ਉਲੇਖਯੋਗ ਯਾਦਾਂ ਦਾ ਸੰਕਲਨ ਕੀਤਾ ਹੈ। ਅਜੀਤ ਕੌਰ ਰਚਿਤ ਖਾਨਾਬਦੋਸ ਅਤੇ ਕੂੜਾ ਕਬਾੜਾ ਆਦਿ ਰਚਨਾਵਾਂ ਵਿਚ ਵੀ ਯਾਦਾਂ ਬਾਰੇ ਲਿਖਿਆ ਹੋਇਆ ਹੈ। ਭਾਵਵਕਤਾ, ਤਰਲਤਾ, ਹੇਰਵਾ, ਨਿੱਜਤਾ ਅਤੇ ਰੁਮਾਂਸ ਆਦਿ ਗੁਣ ਲੱਛਣ ਸੰਸਮਰਣ ਸਾਹਿਤ ਦੀ ਮੁੱਖ ਪਹਿਚਾਣ ਹੁੰਦੇ ਹਨ।

## ਮੁੱਖ/ਕੇਂਦਰੀ ਸ਼ਬਦ:

ਸੰਸਮਰਣ---ਯਾਦਾਂ

ਡਾਇਰੀ---ਨਿੱਜੀ ਲਿਖਤ

ਰੇਖਾ ਚਿੱਤਰ---ਲਿਖਤ ਕਲਾ/ਸੱਕੈਚ

ਹੱਡ ਬੀਤੀ---ਆਪਬੀਤੀ ਬਾਤ

ਦ੍ਰਿਸ਼---ਚਿੱਤਰ

## ਸਵੈ-ਮੁਲਾਂਕਣ:

1. ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਰੇਖਾ ਚਿੱਤਰ ਦਾ ਨਾਮ ਦੱਸੋ।

   ੳ.ਕਲਾ

   ਅ.ਨਿੰਮ ਦੇ ਪੱਤੇ

   ੲ.ਕੌਡੀਆਂ ਵਾਲਾ ਸੱਪ

ਸ.ਮੇਰੇ ਦਾਦੀ ਜੀ

2. ਰੇਖਾ ਚਿੱਤਰ ਕਿਹੜੇ ਕਾਲ ਦੀ ਰਚਨਾ

ੳ. ਨਿਮਨ ਵਰਗ

ਅ.ਮੱਧਕਾਲ

ੲ.ਆਧੁਨਿਕ ਕਾਲ

ਸ.ਕੋਈ ਵੀ ਨਹੀਂ

3. ਪੰਜਾਬੀ ਦਾ ਪਹਿਲਾ ਰੇਖਾ ਚਿੱਤਰਕਾਰ ਕੌਣ ਹੈ

ੳ. ਬਲਵੰਤ ਗਾਰਗੀ

ਅ. ਅੰਮ੍ਰਿਤਾ ਪ੍ਰੀਤਮ

ੲ. ਮੋਹਨ ਸਿੰਘ

ਸ.ਪ੍ਰੋ ਪੂਰਨ ਸਿੰਘ

4. ਬਲਵੰਤ ਗਾਰਗੀ ਦਾ ਰੇਖਾ ਚਿੱਤਰ ਹੈ

ੳ. ਨਿੰਮ ਦੇ ਪੱਤੇ
ਅ. ਕੌਡੀਆ ਵਾਲਾ ਸੱਪ
ੲ. ਕਾਸ਼ਨੀ ਵਿਹੜਾ
ਸ. ਉਪਰੋਕਤ ਸਾਰੇ

5. ਨਿੰਮ ਦੇ ਪੱਤੇ ਰੇਖਾ ਚਿੱਤਰ ਕਦੋਂ ਆਉਂਦਾ ਹੈ

ੳ. 1987

ਅ. 1961

ੲ. 1980

ਸ. 1965

6. ਕੌਡੀਆਂ ਵਾਲਾ ਰੇਖਾ ਚਿੱਤਰ ਕਦੋਂ ਆਉਂਦਾ ਹੈ

ੳ. 1987

ਅ. 1961

ੲ. 1980

ਸ. 1965

7. ਸੁਰਮੇ ਵਾਲੀ ਰੇਖਾ ਚਿੱਤਰ ਕਦੋਂ ਆਉਂਦਾ ਹੈ

ੳ. 1987

ਅ. 1964

ੲ. 1980

ਸ. 1965

8. ਹੁਸੀਨ ਚਿਹਰੇ ਰੇਖਾ ਚਿੱਤਰ ਕਦੋਂ ਆਉਂਦਾ ਹੈ

ੳ. 1987

ਅ. 1961

ੲ. 1980

ਸ. 1985

9. ਨਿੰਮ ਦੇ ਪੱਤੇ ਰੇਖਾ ਚਿੱਤਰ ਦੇ ਗੁਣ ਹਨ

ੳ.ਮਿਠਾਸ

ਅ.ਰੋਚਕਤਾ

ੲ..ਵਿਅੰਗ/ ਕੌੜਾ ਸੱਚ

ਸ.ਉਪਰੋਕਤ ਸਾਰੇ

10. ਸੰਸਮਰਣ ਵਿਚ .....ਹੁੰਦਾ ਹੈ

ੳ. ਸੰਖੇਪਤਾ

ਅ. ਭਾਵੁਕਤਾ

ੲ. ਰੋਚਕਤਾ

ਸ. ਉਪਰੋਕਤ ਸਾਰੇ

11. ਨਿੱਜੀ ਅਨੁਭਵ ਅਤੇ ਪਿਛਲੀਆਂ ਹੱਡ-ਬੀਤੀਆਂ ਉੱਤੇ ਆਧਾਰਿਤ ਸਾਹਿਤ ਰਚਨਾ ਨੂੰ ਸੰਸਮਰਣ-ਸਾਹਿਤ ਕਿਹਾ ਹੈ।ਕਿਸ ਦਾ ਕਥਨ ਹੈ

ੳ. ਡਾ. ਓਮ ਪ੍ਰਕਾਸ਼ ਸਿੰਗਲ

ਅ. ਪ੍ਰੋ. ਮੋਹਨ ਸਿੰਘ

ੲ..ਪ੍ਰੋ ਪੂਰਨ ਸਿੰਘ

ਸ.ਉਪਰੋਕਤ ਕੋਈ ਨਹੀਂ

12. ਮੇਰੀਆਂ ਅਭੁੱਲ ਯਾਦਾਂ ਕਿਸ ਦੀ ਰਚਨਾ ਹੈ

ੳ.ਗੁਰਬਖਸ਼ ਸਿੰਘ ਪ੍ਰੀਤਲੜੀ

ਅ. ਪ੍ਰੋ ਪੂਰਨ ਸਿੰਘ

ੲ. ਪ੍ਰੋ. ਮੋਹਨ ਸਿੰਘ

ਸ. ਉਪਰੋਕਤ ਸਾਰੇ

13.ਮੇਰੀਆਂ ਇਤਿਹਾਸਕ ਯਾਦਾਂ ਕਿਸ ਦੀ ਰਚਨਾ ਹੈ

ੳ. ਗੁਰਬਖਸ਼ ਸਿੰਘ ਪ੍ਰੀਤਲੜੀ

ਅ.ਗਿਆਨੀ ਹੀਰਾ

ੲ. ਪ੍ਰੋ.ਮੋਹਨ ਸਿੰਘ

ਸ. ਉਪਰੋਕਤ ਸਾਰੇ

14. "ਯਾਦ ਬਣੀ ਇਤਿਹਾਸ" ਕਿਸ ਦੀ ਰਚਨਾ ਹੈ

ੳ. ਸਾਧੂ ਸਿੰਘ ਹਮਦਰਦ
ਅ. ਪ੍ਰੋ.ਮੋਹਨ ਸਿੰਘ
ੲ.ਪ੍ਰੋ.ਪੂਰਨਸਿੰਘ
ਸ. ਉਪਰੋਕਤ ਸਾਰੇ

15. "ਯਾਦ ਬਣੀ ਇਤਿਹਾਸ" ਕਿਹੜੀ ਸਾਹਿਤ ਰਚਨਾ ਹੈ

ੳ. ਜੀਵਨੀ
ਅ. ਸਵੈ ਜੀਵਨੀ
ੲ. ਨਾਟਕ
ਸ. ਸੰਸਮਰਣ

## ਅਭਿਆਸ ਪ੍ਰਸ਼ਨ

1. ਰੇਖਾ ਚਿੱਤਰ ਬਾਰੇ ਜਾਣਕਾਰੀ ਦਿਉ
2. ਆਧੁਨਿਕ ਪੰਜਾਬੀ ਵਾਰਤਕ ਦੀ ਪਰਿਭਾਸ਼ਾ ਦਿੰਦੇ ਹੋਏ ਡਾਇਰੀ ਸਾਹਿਤ ਬਾਰੇ ਲਿਖੋ।
3. ਪੰਜਾਬੀ ਵਾਰਤਕ ਦਾ ਅਰਥ ਦੱਸਦੇ ਹੋਏ ਸੰਸਮਰਣ ਸਰੂਪ ਦਾ ਵਿਸਥਾਰ ਨਾਲ ਵਰਣਨ ਕਰੋ।

## ਸੰਦਰਭ ਪੁਸਤਕਾਂ:


- ਡਾ. ਜਸਵਿੰਦਰ ਸਿੰਘ ਸੈਣੀ, ਵਾਰਤਕ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ, ਪ੍ਰਕਾਸ਼ਿਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010.


## ਮਹੱਤਵਪੂਰਨ ਲਿੰਕ

https://egyankosh.ac.in/bitstream/123456789/76028/1/Unit-11.pdf

https://unacademy.com/lesson/aadhunik-pnjaabii-vaartk-sruuplhchnn/BIU6SO8O

## ਉੱਤਰਮਾਲਾ

| | | | | |
|---|---|---|---|---|
| 1. ਸ | 2. ੲ | 3. ੳ | 4. ੳ | 5. ਅ |
| 6. ੲ | 7. ਅ | 8. ਸ | 9. ਸ | 10. ਸ |
| 11. ੳ | 12.ੳ | 13.ਅ | 14. ੳ | 15. ਸ |

# ਅਧਿਆਇ -10: ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਬਲਰਾਜ ਸਹਾਨੀ ਅਤੇ ਰਚਨਾ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ


## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਜੀਵਨ ਬਾਰੇ ਜਾਣਨਗੇ।**
2. **ਬਲਰਾਜ ਸਹਾਨੀ ਦੇ ਜੀਵਨ ਬਾਰੇ ਜਾਣਨ ਦੇ ਯੋਗ ਹੋਣਗੇ।**
3. **ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਬਲਰਾਜ ਸਹਾਨੀ ਦੇ ਸਾਹਿਤਕ ਬਾਰੇ ਸਮਝਣ ਦੇ ਕਾਬਿਲ ਹੋਣਗੇ**

## ਪ੍ਰਸਤਾਵਨਾ:

**ਜਾਣ-ਪਛਾਣ:**

ਗੁਰਬਖਸ਼ ਸਿੰਘ ਆਧੁਨਿਕ ਪੰਜਾਬੀ ਗੱਦ ਦਾ ਇਕ ਪਸਿੱਧ ਲੇਖਕ ਹੋਇਆ ਹੈ। ਆਪ ਦੀ ਰਚਨਾ ਨਾਲ ਪੰਜਾਬੀ ਸਾਹਿਤ ਵਿਚ ਇਕ ਨਵੇਂ ਯੁੱਗ ਦੀ ਸਿਰਜਨਾ ਆਰੰਭ ਹੋਈ ਹੈ। ਆਪ ਨੇ ਪੰਜਾਬੀ ਗੱਦ ਨੂੰ ਧਰਮ ਦੀ ਚਾਰਦੀਵਾਰੀ ਵਿਚੋਂ ਕੱਢ ਕੇ ਵਿਆਪਕਤਾ ਅਤੇ ਸੁਖਰਸ਼ਤਾ ਪ੍ਰਦਾਨ ਕੀਤੀ ਹੈ। ਆਪ ਨੇ ਗੱਦ ਦੇ ਕਈ ਰੂਪਾਂ ਉੱਤੇ ਆਪਣੀ ਕਲਮ ਅਜ਼ਮਾਈ ਹੈ।

ਜਨਮ ਅਤੇ ਵਿੱਦਿਆ:

ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਜਨਮ ਸਰਦਾਰ ਪਿਸ਼ੌਰਾ ਸਿੰਘ ਤੇ ਮਾਤਾ ਮਾਲਣੀ ਦੇ ਘਰ 26 ਅਪ੍ਰੈਲ 1895 ਈ.ਨੂੰ ਸਿਆਲਕੋਟ (ਪਾਕਿਸਤਾਨ) ਵਿੱਚ ਹੋਇਆ।ਬਚਪਨ ਵਿੱਚ ਉਸ 'ਤੇ ਆਪਣੀ ਦਾਦੀ ਜੀ ਦੀ ਕੋਮਲ ਸਖਸ਼ੀਅਤ ਦਾ ਬਹੁਤ ਪ੍ਰਭਾਵ ਪਿਆ। ਘਰ ਦੀ ਆਰਥਿਕ ਹਾਲਤ ਚੰਗੀ ਨਾ ਹੋਣ ਕਰਕੇ ਉਸ ਨੂੰ ਬਚਪਨ ਤੋਂ ਲੈ ਕੇ ਕਾਫ਼ੀ ਲੰਮੇ ਸਮੇਂ ਤੱਕ ਗਰੀਬੀ ਨਾਲ ਸੰਘਰਸ਼ ਕਰਨਾ ਪਿਆ।ਦਸਵੀਂ ਕਰਕੇ ਕੁਝ ਚਿਰ 15 ਰੁਪਏ ਮਹੀਨੇ ਤੇ ਕਲਰਕੀ ਕੀਤੀ।1914 ਵਿੱਚ ਪਹਿਲੀ ਵੱਡੀ ਸੰਸਾਰ ਜੰਗ ਹੋ ਜਾਣ ਕਾਰਣ ਉਸ ਨੂੰ ਫੌਜ ਵਿੱਚ ਇੰਜੀਨੀਅਰ ਦੀ ਨੌਕਰੀ ਮਿਲ ਗਈ। 1924-32 ਤਕ ਭਾਰਤ ਰੇਲਵੇ ਵਿੱਚ ਇੰਜੀਨੀਅਰ ਦੀ ਨੌਕਰੀ ਕੀਤੀ।ਨੁਸ਼ਹਿਰੇ ਵਿੱਚ ਅਕਾਲੀ ਫੂਲਾ ਸਿੰਘ ਦੇ ਗੁਰਦੁਆਰੇ ਵਿੱਚ ਪ੍ਰਬੰਧ ਦੀ ਸੇਵਾ ਕੀਤੀ। ਨਵੀਨ ਤਕਨੀਕੀ ਢੰਗ ਨਾਲ ਫਾਰਮਿੰਗ ਕੀਤੀ। ਫਿਰ ਪ੍ਰੀਤ ਨਗਰ ਵਿਚ ਵੀ ਇਹੋ ਕਿੱਤਾ ਜਾਰੀ ਰੱਖਿਆ।ਗੁਰਬਖਸ਼ ਸਿੰਘ ਦਾ ਵਿਆਹ1912 ਵਿੱਚ ਹੋਇਆ,ਉਦੋਂ ਉਸ ਦੀ ਉਮਰ 17 ਵਰ੍ਹਿਆਂ ਦੀ ਸੀ ਅਤੇ ਦਸਵੀਂ ਦਾ ਇਮਤਿਹਾਨ ਪਾਸ ਕਰ ਲਿਆ ਸੀ। ਪਤਨੀ ਦਾ ਪੇਕਾ ਨਾਂ ਸ਼ਿਵਦਈ ਸੀ। ਸਹੁਰਾ ਘਰ ਦਾ ਨਾਂ ਜਗਜੀਤ ਕੌਰ ਸੀ। ਗੁਰਬਖਸ਼ ਸਿੰਘ ਉਸਨੂੰ ਜੀਤੀ ਜਾਂ ਜੀਤਾ ਨਾਂ ਨਾਲ ਯਾਦ ਕਰਦਾ ਸੀ।8 ਜਨਵਰੀ 1925 ਈ. ਨੂੰ ਨਵਤੇਜ ਸਿੰਘ ਪੈਦਾ ਹੋਇਆ। ਇਸ ਤੋਂ ਬਾਅਦ ਤਿੰਨ ਲੜਕੀਆਂ - ਉਮਾ (27ਜੁਲਾਈ1927), ਉਰਮਿਲਾ (15 ਅਕਤੂਬਰ, 1928) ਪ੍ਰਤਿਮਾ 30 ਮਈ 1930 ਅਤੇ ਫਿਰ ਇੱਕ ਲੜਕਾ ਹਿਰਦੇ ਪਾਲ (6 ਫ਼ਰਵਰੀ 1934), ਇੱਕ ਲੜਕੀ ਅਨਸੂਯਾ (9 ਜਨਵਰੀ 1936) ਪੈਦਾ ਹੋਏ। ਗੁਰਬਖ਼ਸ਼ ਸਿੰਘ ਦੇ ਘਰ ਦੋ ਪੁੱਤਰ ਅਤੇ ਚਾਰ ਪੁੱਤਰੀਆਂ ਨੇ ਜਨਮ ਲਿਆ। ਉਸ ਨੇ ਇਰਾਕ, ਈਰਾਨ, ਅਮਰੀਕਾ, ਕੈਨੇਡਾ, ਫਰਾਂਸ, ਬੈਲਜੀਅਮ, ਸਵਿਟਜ਼ਰਲੈਂਡ, ਇਟਲੀ, ਆਸਟਰੀਆ, ਜਰਮਨੀ, ਚੀਨ, ਹਾਂਗ ਕਾਂਗ, ਸੋਵੀਅਤ ਯੂਨੀਅਨ, ਹੰਗਰੀ, ਰੁਮਾਨੀਆ, ਚੈਕੋਸਲੋਵਾਕੀਆ, ਫ਼ਿਨਲੈਂਡ, ਜਮਹੂਰੀ ਜਰਮਨੀ, ਅਫ਼ਗਾਨਿਸਤਾਨ ਦੀ ਯਾਤਰਾ ਕੀਤੀ।

**ਪ੍ਰੀਤਨਗਰ**

ਸੰਨ 1936 ਵਿੱਚ ਆਪ ਮਾਡਲ ਟਾਊਨ ਲਾਹੌਰ ਆ ਵਸੇ। ਦੋ ਕੁ ਸਾਲ ਬਾਅਦ 1938 ਵਿੱਚ ਇਨ੍ਹਾਂ ਨੇ ਲਾਹੌਰ ਤੇ ਅੰਮ੍ਰਿਤਸਰ ਦੇ ਵਿਚਕਾਰ 15 ਏਕੜ ਜ਼ਮੀਨ ਮੁੱਲ ਲੈ ਕੇ ਪ੍ਰੀਤ ਨਗਰ ਦੀ ਸਥਾਪਨਾ ਕੀਤੀ। 1947 ਵਿੱਚ ਦੇਸ਼ ਦੀ ਵੰਡ ਸਮੇਂ ਪ੍ਰੀਤ ਨਗਰ ਉਜੜ ਗਿਆ ਤੇ ਆਪ ਦਿੱਲੀ ਚਲੇ ਗਏ ਪਰ ਉੱਥੇ ਉਹਨਾਂ ਦਾ ਦਿਲ ਨਾ ਲੱਗਾ। ਉਹ ਮੁੜ 1950 ਵਿੱਚ ਪ੍ਰੀਤ ਨਗਰ ਆ ਕੇ ਉਸ ਦੀ ਪੁਨਰਸਥਾਪਨਾ ਵਿੱਚ ਜੁੱਟ ਗਏ ਅਤੇ ਆਖ਼ਰੀ ਦਮ ਤਕ ਇੱਥੇ ਰਹੇ। ਇੱਥੋਂ ਹੀ 1940 ਵਿੱਚ ਬਾਲ ਸੰਦੇਸ਼ ਨਾਂ ਦਾ ਮਾਸਿਕ ਪੱਤਰ ਸ਼ੁਰੂ ਕੀਤਾ।

**ਰਚਨਾਵਾਂ:**

ਆਪਣੇ ਸਮੁੱਚੇ ਜੀਵਨ ਕਾਲ ਵਿਚ ਆਪ ਨੇ ਪੰਜਾਬੀ ਸਾਹਿਤ ਨੂੰ ਬਹੁਤ ਧੰਨਵਾਨ ਕੀਤਾ। ਆਪ ਨੇ ਸਾਹਿਤ ਰਚਨਾ ਦਾ ਕੰਮ ਅਮਰੀਕਾ ਵਿਚ ਹੀ ਸ਼ੁਰੂ ਕਰ ਦਿੱਤਾ ਸੀ। 'ਮੇਰੇ ਦਾਦੀ ਜੀ' ਅਤੇ 'ਰਾਜਕੁਮਾਰੀ ਲਤਿਕਾ ਪਹਿਲਾਂ ਅਮਰੀਕਾ ਵਿਚ ਹੀ ਛਪੇ ਸਨ। ਪ੍ਰੀਤ ਭਾਵ ਪਿਆਰ ਦਾ ਉਹ ਸ਼ੈਦਾਈ ਸੀ ਅਤੇ ਇਸੇ ਨੂੰ ਮੁੱਖ ਰੱਖ ਕੇ ਅੱਗੇ ਵਧਿਆ। ਆਪ ਨੇ ਆਪਣੀ ਹਰ ਸੱਧਰ ਨੂੰ ਨਿਬੰਧਾਂ ਵਿਚ ਪੇਸ਼ ਕੀਤਾ। ਵਾਰਤਕ ਵੀ ਕਵਿਤਾ ਵਾਂਗ ਲਿਖੀ ਅਤੇ ਅਗਾਂਹ ਵਧੂ ਵਿਚਾਰ ਪੇਸ਼ ਕੀਤੇ। ਗੁਰਬਖਸ਼ ਸਿੰਘ ਨੇ ਆਪਣੇ ਜੀਵਨ ਕਾਲ ਵਿਚ ਜਿਹੜੀਆਂ ਨਿਬੰਧ ਰਚਨਾਵਾਂ ਲਿਖੀਆਂ ਹਨ ਉਹ ਇਸ ਤਰਾਂ ਹਨ-ਸਾਵੀਂ ਪੱਧਰੀ ਜ਼ਿੰਦਗੀ, ਮੇਰੀਆਂ ਅਭੁੱਲ ਯਾਦਾਂ, ਖੁਲਾ ਦਰ, ਸਾਡੇ ਵਾਰਸ, ਪ੍ਰਸੰਨ ਲੰਮੀ ਉਮਰ, ਭੱਖਵੀਂ ਗਿਆਨ ਚੰਗਿਆੜੀ, ਨਵਾਂ ਸ਼ਿਵਾਲਾ, ਬੰਦੀ ਛੋੜ ਗੁਰੂ ਨਾਨਕ ਅਤੇ ਪਰਮ ਮਨੁੱਖ ਹਨ। ਆਪ ਨੇ ਆਪਣੀ ਸ਼ੈ-ਜੀਵਨੀ ਤਿੰਨ ਹਿੱਸਿਆਂ ਵਿਚ ਲਿਖੀ। ਆਪ ਨੇ ਦਰਜਨ ਕੁ ਕਹਾਣੀ ਸੰਗ੍ਰਹਿ ਰਚੇ ਹਨ ਜਿਹਨਾਂ ਵਿਚੋਂ ਭਾਈ ਸੈਨਾ, ਨਾਮ ਪਾਤ ਦਾ ਜਾਦੂ, ਪ੍ਰੀਤ ਕਹਾਣੀਆਂ, ਸ਼ਬਨਮ, ਮੇਰੀ ਗੁਲਬਦਨ, ਅਨੋਖੇ ਤੇ ਇਕੱਲੇ, ਇਸ਼ਕ ਜਿਨ੍ਹਾਂ ਦੇ ਹੱਡੀ ਰੱਚਿਆ ਅਤੇ ਰੰਗ ਸਹਿਕਦਾ ਦਿਲ ਅਤੇ ਵੀਣਾ ਵਿਨੋਦ ਪ੍ਰਸਿੱਧ ਹਨ। ਇਸ ਤੋਂ ਇਲਾਵਾ ਗੁਰਬਖਸ਼ ਸਿੰਘ ਨੇ ਨਾਟਕਾਂ ਉੱਤੇ ਵੀ ਆਪਣਾ ਹੱਥ ਅਜ਼ਮਾਇਆ ਹੈ। ਆਪ ਨੇ ਕੇਵਲ ਚਾਰ ਨਾਟਕ ਲਿਖੇ ਹਨ-ਰਾਜਕੁਮਾਰੀ ਲਤਿਕਾ, ਪੂਰਬ ਪੱਛਮ, ਪ੍ਰੀਤ ਮੁਕਟ ਅਤੇ ਸਾਡੀ ਹੋਣੀ ਦਾ ਲਿਸ਼ਕਾਰਾ। ਆਪ ਦੇ ਚਾਰੇ ਨਾਟਕ ਪੰਜਾਬੀ ਸਾਹਿਤ ਦਾ ਖਜ਼ਾਨਾ ਹਨ ਜਿਸ ਵਿਚ ਉਸ ਨੇ ਮੱਧ ਸ਼੍ਰੇਣੀ ਨੂੰ ਪੇਸ਼ ਕੀਤਾ ਹੈ। ਕਹਾਣੀ ਪੱਖੋਂ ਨਾਟਕ ਬੜੇ ਸਫਲ ਹਨ ਪਰ ਤਕਨੀਕ ਢਿੱਲੀ ਹੈ।

ਪ੍ਰੀਤਲੜੀ

ਗੁਰਬਖਸ਼ ਸਿੰਘ ਨੇ ਮਾਸਿਕ ਪੱਤਰ ਪ੍ਰੀਤਲੜੀ ਛਾਪਣਾ ਸ਼ੁਰੂ ਕੀਤਾ। ਸਤੰਬਰ1933 ਵਿੱਚ ਉਤਰ-ਪੱਛਮੀ ਸਰਹੱਦੀ ਸੂਬੇ ਤੋਂ ਪ੍ਰੀਤ ਲੜੀ ਮੈਗਜ਼ੀਨ ਦਾ ਪਹਿਲਾ ਅੰਕ ਜਾਰੀ ਕੀਤਾ। 1936 ਵਿੱਚ ਇਸ ਪਤ੍ਰਿਕਾ ਦਾ ਪ੍ਰਕਾਸ਼ਨ ਮਾਡਲ ਟਾਊਨ ਤੋਂ ਹੋਣ ਲੱਗਾ, ਪਰ 1938 ਵਿੱਚ ਇਸ ਦੀ

ਛਾਪਣ ਦੀ ਵਿਵਸਥਾ ਪ੍ਰੀਤ ਨਗਰ ਤੋਂ ਹੀ ਕੀਤੀ ਜਾਣ ਲੱਗੀ। ਅਗਸਤ 1947 ਤੋਂ ਲੈ ਕੇ ਅਪ੍ਰੈਲ 1948 ਪ੍ਰੀਤ ਲੜੀ ਦਾ ਕੋਈ ਅੰਕ ਨਹੀਂ ਛਪਿਆ। ਮਈ 1948 ਤੋਂ 49 ਤੱਕ ਇਸ ਦਾ ਪ੍ਰਕਾਸ਼ਨ ਮਹਿਰੌਲੀ (ਦਿੱਲੀ) ਤੋਂ ਹੋਣ ਲੱਗਾ। ਦਸੰਬਰ 1950ਤੋਂ ਪ੍ਰੀਤ ਨਗਰ ਤੋਂ ਛਪਣ ਲੱਗਾ। ਜੂਨ 1939 ਤੋਂ ਪ੍ਰੀਤਲੜੀ ਦਾ ਹਿੰਦੀ ਪ੍ਰਕਾਸ਼ਨ ਸ਼ੁਰੂ ਹੋਇਆ, ਪਰ ਪਾਠਕਾਂ ਦੀ ਘਾਟ ਬਹੁਤ ਚਿਰ ਚੱਲ ਨਾ ਸਕਿਆ। ਅਗਸਤ 1939 ਵਿੱਚ ਉਰਦੂ ਵਿਚ ਵੀ ਛਪਣ ਲੱਗਾ, ਜੋ ਦੇਸ਼ ਵੰਡ ਤੱਕ ਜਾਰੀ ਰਿਹਾ ਇਹ ਮਾਸਿਕ ਪੱਤਰਿਕਾ ਹੁਣ ਵੀ ਛਪ ਰਹੀ ਹੈ। ਇਸ ਨਾਲ ਹੀ ਉਸ ਦੇ ਨਾਂ ਨਾਲ ਪ੍ਰੀਤਲੜੀ ਸ਼ਬਦ ਜੁੜ ਗਿਆ

ਵਿਸ਼ੇ

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਵੱਡੀ ਗਿਣਤੀ ਵਿਚ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਇਹਨਾਂ ਵਿਚ ਵੱਡੀ ਗਿਣਤੀ ਉਹਨਾਂ ਦੇ ਲੇਖ ਸੰਗ੍ਰਹਿਆਂ ਦੀ ਹੈ। ਉਹਨਾਂ ਦੇ ਕੁਲ ਲੇਖ ਸੰਗ੍ਰਹਿਆਂ ਦੀ ਗਿਣਤੀ 31 ਬਣਦੀ ਹੈ। ਮੋਟੇ ਤੌਰ 'ਤੇ ਇਹਨਾਂ ਵਿਚ 542 ਵੱਡੇ ਨਿੱਕੇ ਲੇਖ ਅਤੇ 341 ਟਿੱਪਣੀ-ਲੇਖ ਸੰਕਲਿਤ ਕੀਤੇ ਹੋਏ ਹਨ। ਉਹਨਾਂ ਦੁਆਰਾ ਕੀਤੀ ਸਾਹਿਤ ਸਿਰਜਣਾ ਨੂੰ ਕੁਝ ਵਰਗਾਂ ਦੀਆਂ ਸੀਮਾਵਾਂ ਵਿਚ ਬੰਨ੍ਹਣਾ ਮੁਸ਼ਕਿਲ ਕਾਰਜ ਹੈ। ਡਾ. ਰਤਨ ਸਿੰਘ ਜੱਗੀ ਨੇ ਆਪਣੀ ਸੰਪਾਦਿਤ ਕਿਤਾਬ 'ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖ' (ਪਹਿਲੀ ਸੈਂਚੀ) ਦੀ ਭੂਮਿਕਾ ਵਿਚ ਉਹਨਾਂ ਦੇ ਲੇਖਾਂ ਦੀਆਂ ਵਿਸ਼ੇ ਪੱਖ ਤੋਂ ਕਿਸਮਾਂ ਤੈਅ ਕਰਨ ਦੀ ਕੋਸ਼ਿਸ਼ ਕੀਤੀ ਹੈ :-

1. ਪ੍ਰੇਮ ਪ੍ਰਧਾਨ ਲੇਖ
2. ਸ਼ਿਸ਼ਟਾਚਾਰ ਪ੍ਰਧਾਨ ਲੇਖ
3. ਸਭਿਆਚਾਰਕ ਲੇਖ
4. ਧਾਰਮਿਕ ਲੇਖ
5. ਮਨੁੱਖੀ ਸਰੂਪ, ਸਿਹਤ ਅਤੇ ਵਿਵਹਾਰ ਸੰਬੰਧੀ ਲੇਖ
6. ਸਾਮਿਅਕ ਸਮੱਸਿਆਵਾਂ ਸੰਬੰਧੀ ਲੇਖ
7. ਵਿਗਿਆਨਿਕ ਵਿਸ਼ਿਆਂ ਨਾਲ ਸੰਬੰਧਿਤ ਲੇਖ
8. ਸਾਹਿਤ, ਭਾਸ਼ਾ ਅਤੇ ਸੂਖਮ ਕਲਾਵਾਂ ਨਾਲ ਸੰਬੰਧਿਤ ਲੇਖ

ਗੁਰਬਖ਼ਸ਼ ਸਿੰਘ ਸਿੰਘ ਨੇ ਮਨੁੱਖੀ ਜੀਵਨ ਦੇ ਕਈ ਪਾਸਾਰਾਂ ਨੂੰ ਆਪਣੀ ਲੇਖਣੀ ਵਿਚ ਲਿਆਂਦਾ ਹੈ। ਮਨੁੱਖ ਦੇ ਮੂਲ ਤੇ ਬੁਨਿਆਦੀ ਸਰੋਕਾਰ ਉਹਨਾਂ ਦੀਆਂ ਲਿਖਤਾਂ ਵਿਚ ਪ੍ਰਮੁੱਖ ਰੂਪ ਵਿਚ ਹਾਜ਼ਿਰ ਹਨ। ਉਹਨਾਂ ਦਾ ਕੇਂਦਰੀ ਸੰਕਲਪ 'ਪ੍ਰੀਤ' ਹੈ। ਇਸ ਸੰਕਲਪ ਪਿੱਛੇ ਅਮਰੀਕਾ ਤੇ ਯੂਰਪ ਵਿਚ ਭਾਰਤ ਤੋਂ ਕਿਤੇ ਪਹਿਲਾਂ ਸਥਾਪਿਤ ਹੋਈ ਬੁਰਜੂਆ ਜਮਹੂਰੀਅਤ ਹੈ। ਇਸ ਤਹਿਤ ਵਿਅਕਤੀਗਤ ਆਜ਼ਾਦੀ, ਸ਼ਖ਼ਸੀ ਪਛਾਣ, ਪ੍ਰਗਟਾਵੇ ਦੀ ਖੁੱਲ੍ਹ ਤੇ ਔਰਤਾਂ ਨੂੰ ਮਿਲੇ ਅਧਿਕਾਰਾਂ ਵਰਗੀਆਂ ਜਮਹੂਰੀ ਕਦਰਾਂ ਕੀਮਤਾਂ ਨੂੰ ਪ੍ਰਵਾਨਿਆ ਗਿਆ। ਗੁਰਬਖ਼ਸ਼ ਸਿੰਘ ਨੂੰ ਇਹਨਾਂ ਕਦਰਾਂ ਕੀਮਤਾਂ ਦੀ ਸਿਆਣ ਉਦੋਂ ਆਉਂਦੀ ਹੈ ਜਦੋਂ ਉਹ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਅਮਰੀਕਾ ਤੇ ਯੂਰਪ ਦੇ ਸੰਪਰਕ ਵਿਚ ਆਉਂਦਾ ਹੈ। ਇਸ ਸੰਪਰਕ ਤੋਂ ਬਣੀ ਸਮਝ ਹੀ ਇੱਧਰ ਆ ਕੇ 'ਪ੍ਰੀਤ' ਦਾ ਸੰਕਲਪ ਬਣ ਜਾਂਦੀ ਹੈ। ਇਸ ਸੰਕਲਪ ਨਾਲ ਹੀ ਪ੍ਰੀਤਲੜੀ, ਪ੍ਰੀਤ ਨਗਰ, ਪ੍ਰੀਤੋ-ਪੈਥੀ, 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਵਿਸਥਾਰ ਗ੍ਰਹਿਣ ਕਰਦੇ ਹਨ ਤੇ ਉਹਨਾਂ ਦੀਆਂ ਰਚਨਾਵਾਂ ਦੇ ਵਿਸ਼ਿਆਂ ਦਾ ਰੂਪ ਧਾਰਦੇ ਹਨ।

ਗੁਰਬਖ਼ਸ਼ ਸਿੰਘ ਨੇ ਤਤਕਾਲੀ ਸਮਾਜ ਵਿਚ ਮੌਜੂਦ ਸਮੱਸਿਆਵਾਂ ਨੂੰ ਵਿਸ਼ਿਆਂ ਵਜੋਂ ਸਾਹਿਤ ਸਿਰਜਣਾ ਅੰਦਰ ਲੈ ਕੇ ਆਂਦਾ। ਉਹਨਾਂ ਨੇ ਆਪਣੇ ਸਮੇਂ ਦੇ ਸੰਕਟਾਂ ਨੂੰ ਸਮਝਦਿਆਂ ਆਪਣੇ ਖ਼ਿਆਲ ਜ਼ਾਹਿਰ ਕੀਤੇ। ਖ਼ਿਆਲ ਜ਼ਾਹਿਰ ਕਰਨ ਦੇ ਨਾਲ ਨਾਲ ਉਹਨਾਂ ਦੀ ਰਚਨਾ ਵਿਚ ਸੁਝਾਅ ਵੀ ਦਿੱਤੇ ਮਿਲਦੇ ਹਨ। ਉਸ ਸਮੇਂ ਦੇ ਸੰਕਟਾਂ ਵਿਚ ਅੰਗਰੇਜ਼ੀ ਹਕੂਮਤ ਅਧੀਨ ਗ਼ੁਲਾਮ ਭਾਰਤ, ਸੰਪਰਦਾਇਕ ਤਣਾਅ, ਜਗੀਰਦਾਰੀ ਨਿਜ਼ਾਮ, ਧਰਮ ਤੇ ਵਿਗਿਆਨਕ ਚੇਤਨਾ ਵਿਚਲੀ ਦੂਰੀ ਸ਼ਾਮਿਲ ਕੀਤੇ ਜਾ ਸਕਦੇ ਹਨ ਜੋ ਉਹਨਾਂ ਦੀ ਰਚਨਾ ਦੇ ਵਿਸ਼ਿਆਂ ਵਜੋਂ ਦਰਜ ਹੋਏ।

ਵਿਸ਼ੇ ਦੇ ਪੱਖ ਤੋਂ ਕੁਝ ਲੇਖ ਕਲਾ ਅਤੇ ਸਾਹਿਤ ਦੇ ਸਿਧਾਂਤ ਨਾਲ ਸੰਬੰਧਿਤ ਹਨ। ਗੁਰਬਖ਼ਸ਼ ਸਿੰਘ ਦੇ ਸਾਹਿਤ ਦੇ ਸਿਧਾਂਤ ਨਾਲ ਸੰਬੰਧਿਤ ਮਜ਼ਮੂਨ ਉਸ ਦੀਆਂ ਪੁਸਤਕਾਂ ਨਵੀਆਂ ਤਕਦੀਰਾਂ ਦੀ ਫੁੱਲ ਕਿਆਰੀ (1942), ਸਾਵੀਂ ਪੱਧਰੀ ਜ਼ਿੰਦਗੀ (1943), ਨਵਾਂ ਸ਼ਿਵਾਲਾ (1947) ਅਤੇ ਜ਼ਿੰਦਗੀ ਦੀ ਰਾਸ (1957) ਆਦਿ ਵਿਚ ਮੌਜੂਦ ਹਨ। ਮਿਸਾਲ ਵਜੋਂ ਪੁਸਤਕ ਨਵਾਂ ਸ਼ਿਵਾਲਾ ਵਿਚਲੇ ਤਿੰਨ ਮਜ਼ਮੂਨਾਂ 'ਜ਼ਿੰਦਗੀ ਕਲਾ ਦਾ ਇਕ ਟੁਕੜਾ', 'ਕਲਾਕਾਰ ਦਾ ਫਰਜ਼' ਅਤੇ 'ਕਲਾ ਭਾਵਨਾਵਾਂ ਦੀ ਬੋਲੀ' ਨੂੰ ਦੇਖਿਆ ਜਾ ਸਕਦਾ ਹੈ। ਗੁਰਬਖ਼ਸ਼ ਸਿੰਘ ਦਾ ਸਾਹਿਤ-ਸਿਧਾਂਤ ਜਾਂ ਸਾਹਿਤ–ਚਿੰਤਨ, ਜ਼ਿੰਦਗੀ ਤੇ ਕਲਾ ਦੇ ਸੰਬੰਧਾਂ ਦੀ ਪਛਾਣ ਤੋਂ ਲੈ ਕੇ ਕਲਾ ਦੇ ਇਨਕਲਾਬੀ ਪ੍ਰਭਾਵ ਤਕ ਫੈਲਿਆ ਹੋਇਆ ਹੈ। ਇਨ੍ਹਾਂ ਦੋ

ਸਿਰਿਆਂ ਦੇ ਵਿਚਾਲੇ ਉਸਨੇ ਪ੍ਰਮਾਣਕ ਕਲਾ ਦੀ ਪ੍ਰਕਿਰਤੀ, ਕਲਾ ਦਾ ਪ੍ਰਯੋਜਨ, ਪ੍ਰਮਾਣਕ ਕਲਾਕਾਰ, ਕਲਾਕਾਰ ਦਾ ਫਰਜ਼, ਅਗਾਂਹਵਧੂ ਸਾਹਿਤ ਦੇ ਪਛਾਣ-ਚਿੰਨ੍ਹ ਅਤੇ ਕਲਾ ਦੇ ਸਮਾਜ-ਸਭਿਆਚਾਰਕ ਅਤੇ ਕ੍ਰਾਂਤੀਕਾਰੀ ਸਰੋਕਾਰਾਂ ਨੂੰ ਆਪਣੇ ਧਿਆਨ ਦਾ ਕੇਂਦਰੀ-ਬਿੰਦੂ ਬਣਾਇਆ ਹੈ। ਕਲਾ ਦੇ ਸਮਾਜ, ਲੇਖਕ, ਪਾਠਕ ਅਤੇ ਉਸਦੀ ਆਪਣੀ ਸੁਹਜਮਈ ਹੋਂਦ ਦਾ ਕੋਈ ਅਜੇਹਾ ਬਿੰਦੂ ਨਹੀਂ ਜਿਹੜਾ ਉਸਦੇ ਧਿਆਨ ਦਾ ਮਰਕਜ਼ ਨਾ ਬਣਿਆ ਹੋਵੇ।

ਉਹਨਾਂ ਦੀਆਂ ਲਿਖਤਾਂ ਵਿਚ ਸਦਾਚਾਰ ਅਤੇ ਸ਼ਿਸ਼ਟਾਚਾਰ ਉਪਰ ਆਧਾਰਿਤ ਇਕ ਮੁੱਲ ਪ੍ਰਬੰਧ ਸਿਰਜਣ ਨਾਲ ਜੁੜੇ ਵਿਸ਼ਿਆਂ ਬਾਰੇ ਉਹਨਾਂ ਦੇ ਵਿਚਾਰ ਮਿਲਦੇ ਹਨ। ਧਰਮ ਦੇ ਪ੍ਰਸੰਗ ਵਿਚ ਉਹ ਧਾਰਮਿਕ ਕਰਮਕਾਂਡ, ਸੰਪਰਦਾਇਕਤਾ ਤੇ ਧਾਰਮਿਕ ਸੁਆਰਥੀ ਵਿਹਾਰ ਦੇ ਵਿਰੋਧੀ ਸਨ। ਇਸ ਤਰ੍ਹਾਂ ਕਰਦਿਆਂ ਉਹ ਧਰਮ ਦੇ ਸਦਾਚਾਰਕ ਪਹਿਲੂ ਤੋਂ ਇਨਕਾਰੀ ਨਹੀਂ ਸਨ। ਇਸੇ ਸਦਾਚਾਰ ਦਾ ਮੁਜੱਸਮਾ ਹੋਣ ਕਰਕੇ ਗੁਰੂ ਸਾਹਿਬਾਨ ਉਹਨਾਂ ਦੀ ਨਜ਼ਰ ਵਿਚ 'ਪਰਮ ਮਨੁੱਖ' ਬਣ ਜਾਂਦੇ ਹਨ। ਇਸਦੀਆਂ ਮਿਸਾਲਾਂ ਪਰਮ ਮਨੁੱਖ (1943), ਕੁਦਰਤੀ ਮਜ਼ਹਬ (1943), ਨਵਾਂ ਸ਼ਿਵਾਲਾ (1949) 'ਚੋਂ ਲਈਆਂ ਜਾ ਸਕਦੀਆਂ ਹਨ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਸਮੁੱਚੇ ਰੂਪ ਵਿਚ ਇਕ ਮਨੁੱਖਤਾਵਾਦੀ ਸਾਹਿਤਕਾਰ ਸਨ। ਉਹਨਾਂ ਦੀ ਇਹ ਵਿਚਾਰਧਾਰਾ ਇਕ ਬਿਹਤਰ ਸਮਾਜ ਦੀ ਉਸਾਰੀ ਵੱਲ ਪ੍ਰੇਰਦੀ ਸੀ ਤੇ ਅੱਗੋਂ ਉਹ ਪਾਠਕਾਂ ਨੂੰ ਪ੍ਰੇਰਦੇ ਸਨ। ਇਸ ਵਿਚ ਮੁਕੰਮਲ ਸਮਾਜ ਦੇ ਪਰਿਵਰਤਨ ਦੀ ਕਲਪਨਾ ਸ਼ਾਮਿਲ ਸੀ। ਬਦਲਵੇਂ ਸਮਾਜ ਲਈ ਉਹਨਾਂ ਕੋਲ ਬਰਾਬਰੀ, ਨਿਆਂ, ਧਰਮ ਨਿਰਪੱਖਤਾ ਦੀਆਂ ਕਦਰਾਂ ਸਨ। ਉਹਨਾਂ ਦੀਆਂ ਪੁਸਤਕਾਂ ਚੰਗੇਰੀ ਦੁਨੀਆਂ (1947), ਇਕ ਦੁਨੀਆਂ ਦੇ ਤੇਰਾਂ ਸੁਪਨੇ (1947), ਨਵੀਂ ਤਕੜੀ ਦੁਨੀਆਂ (1950) ਆਦਿ ਆਪਣੇ ਨਾਂਵਾਂ ਤੋਂ ਹੀ ਸਪਸ਼ਟ ਕਰ ਦਿੰਦੀਆਂ ਹਨ। ਉਹਨਾਂ ਨੇ ਵਿਅਕਤੀਗਤ ਪੱਧਰ 'ਤੇ ਬਿਹਤਰੀ ਭਰੇ ਜੀਵਨ ਨੂੰ ਵੀ ਨਾਲੋ ਨਾਲ ਰਚਨਾਵਾਂ ਦਾ ਵਿਸ਼ਾ ਬਣਾਈ ਰੱਖਿਆ। ਉਹਨਾਂ ਦੀਆਂ ਪੁਸਤਕਾਂ ਸਾਵੀਂ ਪੱਧਰੀ ਜ਼ਿੰਦਗੀ (1943), ਪ੍ਰਸੰਨ ਲੰਮੀ ਉਮਰ (1947), ਖ਼ੁਸ਼ਹਾਲ ਜੀਵਨ (1950), ਜ਼ਿੰਦਗੀ ਦੀ ਰਾਸ (1957) ਆਦਿ ਇਸਦੀ ਹਾਮੀ ਭਰਦੀਆਂ ਹਨ।

ਵਿਚਾਰਧਾਰਾ

ਗੁਰਬਖਸ ਸਿੰਘ ਨੇ ਪੰਜਾਬੀ ਵਿੱਚ ਸਭ ਤੋਂ ਅਧਿਕ ਲੇਖ ਲਿਖ ਕੇ ਆਪਣੇ ਵਿਚਾਰਧਾਰਕ ਪਰਿਵੇਸ਼ ਨੂੰ ਇਤਨਾ ਵਿਆਪਕ ਕੀਤਾ ਹੈ ਕਿ ਉਸ ਨੂੰ ਕੁਝ ਵਰਗਾ ਵਿੱਚ ਸਮੇਟਿਆ ਨਹੀ ਜਾਂ ਸਕਦਾ ।ਗੁਰਬਖ਼ਸ ਸਿੰਘ ਪ੍ਰੀਤਲੜੀ ਅਸਲੀ ਅਰਥਾਂ ਵਿਚ ਮਨੁੱਖ ਵਾਦੀ ਹੈ।ਉਸ ਲਈ ਸਭ ਆਦਮੀ ਇਨਸ਼ਾਨ ਹਨ ।ਨਸਲ ਜਾਤ ਪਾਤ,ਊਚ ਨੀਚ,ਛੂਤ ਛਾਤਦੇ ਪ੍ਰਚਾਰਕਾਂ ਦਾ ਉਹ ਸਖ਼ਤ ਦੁਸਮਣ ਹੈ ।ਗੁਰਬਖ਼ਸ ਸਿੰਘ ਨੇ ਜੋ ਲਿਖਿਆ ਉਹ 'ਕਲਾ ਕਲਾ ਲਈ ਨਹੀ,ਕਲਾ ਸਮਾਜ ਲਈ 'ਦੇ ਉਦੇਸ਼ ਨੂੰ ਸਾਹਮਣੇ ਰਖ ਕੇ ਲਿਖਿਆ। ਉਹ ਜੀਵਨ ਵਿੱਚ,ਸਮਾਜ ਵਿੱਚ,ਕਲਾ ਵਿੱਚ,ਧਰਮ ਵਿੱਚ ਹਰ ਪਾਸੇ ਪਸਰੀਆ ਕੀਮਤਾ,ਜੋ ਵਰਤਮਾਨ ਦੇ ਸੰਦਰਭ ਵਿੱਚ ਆਪਣੀ ਉਪਯੋਗਤਾ ਖਤਮ ਕਰ ਚੁੱਕੀਆ ਸਨ,ਨੂੰ ਖਤਮ ਕਰਕੇ ਨਵੀਆਂ ਕੀਮਤਾਂ ਪਸਾਰਨਾ ਅਤੇ ਪ੍ਰਚਾਰਨਾ ਚਾਹੁੰਦਾ ਹੈ ।ਉਸ ਨੇ ਆਦਰਸ਼ਵਾਦ ਦੇ ਅਧੂਰੇ ,ਨਿਰਾਧਾਰ ਅਤੇ ਕੱਚੇ ਮੁੱਲਾ ਨੂੰ ਠੀਕ ਕਰਕੇ ਇਕ ਨਵੀਂ ਤਰਤੀਬ ਦੇਣੀ ਸ਼ੁਰੂ ਕੀਤੀ ਤਾਂ ਜੋ ਉਹ ਸਮੇਂ ਦਾ ਹਾਣੀ ਬਣ ਸਕੇ । ਇਸ ਵਿਚਾਰਧਾਰਕ ਪਰਿਵਰਤਨ ਦੇ ਮੂਲ ਵਿੱਚ ਲੇਖਕ ਦੀ ਮਾਨਵ ਕਲਿਆਣਕਾਰੀ ਬਿਰਤੀ ਆਪਣੀ ਭੂਮਿਕਾ ਨਿਭਾ ਰਹੀ ਹੈ । ਉਸ ਦੀ ਜਿੰਦਗੀ ਦਾ ਉਤਸ਼ਾਹ ਭਰਿਆ ਸੁਨਹਿਰੀ ਕਾਲ ਆਦਰਸ਼ਵਾਦ ਨੂੰ ਪ੍ਰਚਾਰਨ ਵਿੱਚ ਹੀ ਗੁਜਾਰਿਆ ਹੈ,ਇਸ ਲਈ ਨਵੀਂ ਵਿਚਾਰਧਾਰਾ ਵਲ ਝੁਕਣਾ ਤੇ ਵੀ ਉਹ ਆਪਣੇ ਭੂਤਕਾਲ ਨਾਲੋ ਨਾਤਾ ਪੂਰੀ ਤਰ੍ਹਾਂ ਤੋੜ ਨਹੀ ਸਕੀਆ ।

ਸਪਸਟ ਹੈ ਕਿ ਗੁਰਬਖ਼ਸ ਸਿੰਘ ਪ੍ਰੀਤਲੜੀ ਦੀ ਵਿਚਾਰਧਾਰਾ ਖੜੋਤ ਨੂੰ ਤੋੜਦੀ ਹੈ ਅਤੇ ਆਦਰਸ਼ਵਾਦ ਤੋਂ ਸਮਾਜਵਾਦ ਵਲ ਯਾਤਰਾ ਕਰਦੀ ਹੈ ।ਪਰ ਇਹਨਾਂ ਦੋਹਾਂ ਵਿਚਾਰਧਾਰਾਵਾਂ ਦਾ ਮੂਲ ਆਧਾਰ ਵਿਦੇਸ਼ੀ ਅਤੇ ਮਾਗਵਾਂ ਹੈ ਇਸ ਲਈ ਉਹ ਇਹਨਾਂ ਦਾ ਗਭੀਰ ਦਾਰਸ਼ਨਿਕ ਨਹੀ ਕਿਹਾ ਜਾ ਸਕਦਾ, ਕੁਲ ਮਿਲਾਕੇ ਇੱਕ ਪਰਚਾਰਕ ਦੇ ਰੂਪ ਵਿਚ ਸਾਹਮਣੇ ਆਉਦਾ ਹੈ।

ਅੰਗਰੇਜ਼ੀ ਦੇ ਲੇਖਕ ਰਸਕਿਨ ਦਾ ਅਸਰ:

ਆਪ ਦੇ ਜੀਵਨ ਉੱਤੇ ਅੰਗਰੇਜ਼ੀ ਲਿਖਾਰੀਆਂ ਦਾ ਅਸਰ ਵੀ ਚੰਗਾ ਚੋਖਾ ਸੀ। ਅੰਗਰੇਜ਼ੀ ਲੇਖਕ ਰਸਕਿਨ ਦਾ ਪ੍ਰਭਾਵ ਵੀ ਆਪ ਉੱਤੇ ਕਾਫ਼ੀ ਸੀ ਅਤੇ ਉਹ ਉਸਨੂੰ ਬਹੁਤ ਮੰਨਦੇ ਸਨ। ਪੰਜਾਬੀ ਬੋਲੀ ਵਿਚ ਆਪ ਰਸਕਿਨ ਵਾਂਗ ਨਵੇਂ-ਨਵੇਂ ਸ਼ਬਦ ਘੜ ਕੇ ਪੇਸ਼ ਕਰਦੇ ਸਨ। ਇਸ ਲਈ ਆਪ ਨੂੰ ਸ਼ਬਦਾਂ ਦਾ ਜਾਦੂਗਰ ਅਤੇ ਬੋਲੀ ਦਾ ਉਸਤਾਦ ਆਖਿਆ ਜਾਂਦਾ ਹੈ।

ਸੁਧਾਰਕ ਅਤੇ ਆਦਰਸ਼ਵਾਦੀ ਲੇਖਕ:

ਗੁਰਬਖਸ਼ ਸਿੰਘ ਇਕ ਆਦਰਸ਼ ਅਤੇ ਸੁਧਾਰਕ ਲੇਖਕ ਸੀ। ਆਪ ਨੇ ਇਕ ਸਿਆਣੇ ਲੇਖਕ ਵਾਂਗ ਸਮਾਜ ਸੁਧਾਰ ਦਾ ਕੰਮ ਸ਼ੁਰੂ ਕੀਤਾ। ਆਪ ਨੇ ਆਪਣੀਆਂ ਲਿਖਤਾਂ ਰਾਹੀਂ ਅਜਿਹਾ ਆਦਰਸ਼ ਭਾਈਚਾਰਾ ਕਾਇਮ ਕਰਨਾ ਚਾਹਿਆ, ਜਿੱਥੇ ਸਾਰੇ ਸੁਖਾਵੀਂ ਜ਼ਿੰਦਗੀ ਜੀਉਣ। ਆਪ ਦੇ ਪਹਿਲੇ ਦੌਰ ਦੀਆਂ ਲਿਖਤਾਂ ਆਦਰਸ਼ਵਾਦੀ ਸਨ। ਪਰ ਫਿਰ ਆਪ ਨੂੰ ਸਮਾਜਵਾਦੀ ਵਿਚਾਰਧਾਰਾ ਦਾ ਅਸਰ ਪੈਣ ਕਰਕੇ ਆਪ ਨੇ ਆਪਣੀਆਂ ਰਚਨਾਵਾਂ ਦਾ ਮੋੜ ਉੱਧਰ ਨੂੰ ਹੀ ਮੋੜ ਲਿਆ। ਆਪ ਨੇ ਆਪਣੀਆਂ ਲਿਖਤਾਂ, ਖਾਸ ਕਰਕੇ ਕਹਾਣੀਆਂ ਅਤੇ ਨਾਟਕਾਂ ਵਿਚ ਪਿਆਰ ਕਬਜ਼ਾ ਨਹੀਂ, ਪਛਾਣ ਹੈ ਦਾ ਸਿਧਾਂਤ ਪੇਸ਼ ਕੀਤਾ ਹੈ।

ਪੱਤਰਕਾਰ ਲੇਖਕ:

ਅਸਲ ਵਿਚ ਗੁਰਬਖਸ਼ ਸਿੰਘ ਪੱਤਰਕਾਰ ਲੇਖਕ ਸੀ। ਆਪ ਨੇ ਜੋ ਕੁਝ ਲਿਖਿਆ ਪ੍ਰੀਤ-ਲੜੀ ਲਈ ਲਿਖਿਆ। ਜਿੰਨੇ ਵੀ ਲੇਖ ਆਦਿ ਲਿਖੇ ਉਹ ਪ੍ਰੀਤ ਲੜੀ ਦੇ ਪਾਠਕਾਂ ਲਈ ਹੀ ਲਿਖੇ | ਪਾਠਕਾਂ ਦੀ ਮੰਗ ਉੱਤੇ ਆਪ ਨੇ ਹਰ ਵਿਸ਼ੇ ਉੱਤੇ ਲੇਖ ਲਿਖੇ| ਆਪ ਨੇ ਜੀਵਨ ਦੇ ਹਰੇਕ ਪੱਖ ਨੂੰ ਆਪਣੀ ਕਲਮ ਦੀ ਛੋਹ ਦਿੱਤੀ।

ਵਿਗਿਆਨਿਕ ਦ੍ਰਿਸ਼ਟੀਕੋਣ:

ਭਾਵੇਂ ਗੁਰਬਖਸ਼ ਸਿੰਘ ਦੀ ਲੇਖਣੀ ਨੇ ਪੰਜਾਬੀ ਸੱਭਿਆਚਾਰ ਉੱਤੇ ਡੂੰਘਾ ਅਸਰ ਪਾਇਆ ਪਰ ਆਪ ਦਾ ਨਜ਼ਰੀਆ ਵਿਗਿਆਨਿਕ ਸੀ। ਆਪ ਨੂੰ ਸੰਸਾਰ ਦਾ ਤਜ਼ਰਬਾ ਸੀ। ਆਪ ਨੇ ਜੋ ਕੁਝ ਲਿਖਿਆ, ਉਹੀ ਆਪਣੇ ਉੱਤੇ ਵਰਤਦੇ ਸਨ ਅਤੇ ਫਿਰ ਪਾਠਕਾਂ ਨੂੰ ਪੇਸ਼ ਕਰਦੇ ਸਨ।

ਸਵਰਗਵਾਸ:

ਇਹ ਪੰਜਾਬੀ ਦਾ ਸਾਹਿਤਕ ਵੱਡਮੁੱਲਾ ਹੀਰਾ 20 ਅਗਸਤ, ਸੰਨ 1977 ਨੂੰ ਇਸ ਨਸ਼ਵਰ ਸੰਸਾਰ ਨੂੰ ਛੱਡ ਕੇ ਕਿਸੇ ਅਣਦੱਸੀ ਥਾਂ ਨੂੰ ਤੁਰ ਗਿਆ। ਆਪ ਬੋਲੀ ਸ਼ੈਲੀ ਅਤੇ ਖਿਆਲਾਂ ਦੇ ਸ਼ੈਦਾਈ ਸਨ।

ਬਲਰਾਜ ਸਾਹਨੀ ਮੁੱਢਲਾ ਜੀਵਨ

ਸਾਹਨੀ ਦਾ ਜਨਮ 1 ਮਈ 1913 ਨੂੰ ਬਰਤਾਨਵੀ ਪੰਜਾਬ ਵਿੱਚ ਰਾਵਲਪਿੰਡੀ ਵਿਖੇ ਹੋਇਆ ਇਹਨਾਂ ਦਾ ਪਹਿਲਾ ਨਾਂ ਯੁਧਿਸ਼ਟਰ ਸੀ ਪਰ ਔਖਾ ਹੋਣ ਕਰਕੇ ਬਾਅਦ ਵਿੱਚ ਬਦਲ ਦਿੱਤਾ ਗਿਆ। ਪੜ੍ਹਾਈ ਦੇ ਸਿਲਸਿਲੇ ਵਿੱਚ ਇਹ ਰਾਵਲਪਿੰਡੀ ਤੋਂ ਲਾਹੌਰ ਆ ਗਏ ਜਿੱਥੇ ਇਹਨਾਂ ਅੰਗਰੇਜ਼ੀ ਸਾਹਿਤ ਵਿੱਚ ਮਾਸਟਰ ਡਿਗਰੀ ਪੂਰੀ ਕੀਤੀ ਅਤੇ ਵਾਪਸ ਪਿੰਡੀ ਚਲੇ ਗਏ। ਇਸ ਤੋਂ ਪਹਿਲਾਂ ਇਹਨਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਹਿੰਦੀ ਦੀ ਬੈਚਲਰ ਡਿਗਰੀ ਪਾਸ ਕੀਤੀ ਸੀ। 1936 ਵਿੱਚ ਇਹਨਾਂ ਦਾ ਵਿਆਹ ਦਮਿਅੰਤੀ ਨਾਲ ਹੋਇਆ

1930 ਦੇ ਦਹਾਕੇ ਵਿੱਚ ਸਾਹਨੀ ਆਪਣੀ ਪਤਨੀ ਨਾਲ ਬੰਗਾਲ ਵਿੱਚ ਸ਼ਾਂਤੀਨਿਕੇਤਨ ਆ ਕੇ ਅੰਗਰੇਜ਼ੀ ਅਤੇ ਹਿੰਦੀ ਦੇ ਅਧਿਆਪਕ ਦੇ ਤੌਰ ’ਤੇ ਕੰਮ ਕਰਨ ਲੱਗੇ। ਇੱਥੇ ਹੀ ਇਹਨਾਂ ਦੇ ਬੇਟੇ ਪਰੀਕਸ਼ਿਤ ਸਾਹਨੀ ਦਾ ਜਨਮ ਹੋਇਆ। ਇਸ ਵੇਲ਼ੇ ਇਹਨਾਂ ਦੀ ਪਤਨੀ ਬੈਚਲਰ ਦੀ ਡਿਗਰੀ ਕਰ ਰਹੀ ਸੀ। 1938 ਵਿੱਚ ਇਹਨਾਂ ਇੱਕ ਸਾਲ ਮਹਾਤਮਾ ਗਾਂਧੀ ਨਾਲ ਕੰਮ ਕੀਤਾ ਅਤੇ ਅਗਲੇ ਸਾਲ ਗਾਂਧੀ ਦੀ ਸਲਾਹ ਨਾਲ ਇੰਗਲੈਂਡ ਚਲੇ ਗਏ ਜਿੱਥੇ ਇਹ ਬੀ ਬੀ ਸੀ ਲੰਡਨ ਦੀ ਹਿੰਦੀ ਸੇਵਾ ਵਿੱਚ ਰੇਡੀਓ ਅਨਾਊਂਸਰ ਰਹੇ ਅਤੇ 1943 ਵਿੱਚ ਵਾਪਸ ਭਾਰਤ ਆ ਗਏ। 1947 ਵਿੱਚ ਦਮਿਅੰਤੀ ਦੀ ਮੌਤ ਹੋ ਗਈ ਅਤੇ ਇਸ ਤੋਂ ਬਾਅਦ ਇਹਨਾਂ ਸੰਤੋਸ਼ ਚੰਧੋਕ ਨਾਲ ਦੂਜਾ ਵਿਆਹ ਕਰ ਲਿਆ।

ਕੰਮ

ਅਦਾਕਾਰੀ ਵਿੱਚ ਇਹਨਾਂ ਨੂੰ ਸ਼ੁਰੂ ਤੋਂ ਹੀ ਦਿਲਚਸਪੀ ਸੀ। ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਦੇ ਨਾਟਕਾਂ ਨਾਲ ਇਹਨਾਂ ਆਪਣੀ ਅਦਾਕਾਰੀ ਸ਼ੁਰੂ ਕੀਤੀ। ਇਹਨਾਂ ਦੀ ਸਭ ਤੋਂ ਪਹਿਲੀ ਫ਼ਿਲਮ "ਧਰਤੀ ਕੇ ਲਾਲ" ਸੀ ਜਿਸਦੇ ਹਦਾਇਤਕਾਰ ਕੇ ਏ ਅੱਬਾਸ ਸਨ।ਇਸ ਤੋਂ ਬਾਅਦ ਇਨਸਾਫ਼ ਅਤੇ ਦੂਰ ਚਲੇਂ ਫ਼ਿਲਮਾਂ ਕੀਤੀਆਂ ਪਰ ਇਹਨਾਂ ਦੀ ਪਛਾਣ 1953 ਦੀ ਫ਼ਿਲਮ "ਦੋ ਬੀਘਾ ਜ਼ਮੀਨ" ਨਾਲ ਬਣੀਇਹਨਾਂ ਨੇ ਦੋ ਉੱਘੀਆਂ ਪੰਜਾਬੀ ਫ਼ਿਲਮਾਂ, "ਨਾਨਕ ਦੁਖੀਆ ਸਭ ਸੰਸਾਰ" ਅਤੇ "ਸਤਲੁਜ ਦੇ ਕੰਢੇ" ਵਿੱਚ ਕੰਮ ਕੀਤਾ। ਇਹ ਦੋਵੇਂ ਫ਼ਿਲਮਾਂ ਹਿੱਟ ਹੋਈਆਂ ਅਤੇ ਕਈ ਇਨਾਮ ਵੀ ਹਾਸਲ ਕੀਤੇ। ਫ਼ਿਲਮ ਗਰਮ ਹਵਾ ਵਿੱਚ ਇਹਨਾਂ ਚੋਟੀ ਅਦਾਕਾਰੀ ਕੀਤੀ ਪਰ ਇਹ ਖ਼ੁਦ ਇਸ ਫ਼ਿਲਮ ਨੂੰ ਵੇਖ ਨਹੀਂ ਸਕੇ ਕਿਉਂਕਿ ਇਸ ਫ਼ਿਲਮ ਦੀ ਡੱਬਿੰਗ ਪੂਰੀ ਕਰਨ ਦੇ ਅਗਲੇ ਦਿਨ ਹੀ ਇਹਨਾਂ ਦੀ ਮੌਤ ਹੋ ਗਈ ਸੀ।

ਲੇਖਕ ਵਜੋਂ

ਸਾਹਨੀ ਇੱਕ ਚੰਗੇ ਲੇਖਕ ਵੀ ਸਨ। ਪਹਿਲਾਂ-ਪਹਿਲ ਇਹਨਾਂ ਅੰਗਰੇਜ਼ੀ ਵਿੱਚ ਲਿਖਿਆ, ਪਰ ਫਿਰ ਰਬਿੰਦਰਨਾਥ ਟੈਗੋਰ ਦੀ ਪ੍ਰੇਰਣਾ ਤੋ ਬਾਅਦ ਪੰਜਾਬੀ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ। 1960 ਵਿੱਚ ਇਹਨਾਂ ਪਾਕਿਸਤਾਨ ਦੀ ਫੇਰੀ ਲਾਈ ਅਤੇ ਮੇਰਾ ਪਾਕਿਸਤਾਨੀ ਸਫ਼ਰਨਾਮਾ ਨਾਂ ਦਾ ਉੱਘਾ ਸਫ਼ਰਨਾਮਾ ਲਿਖਿਆ। ਇਸ ਤੋਂ ਬਾਅਦ 1969 ਵਿੱਚ ਸੋਵੀਅਤ ਯੂਨੀਅਨ ਦੀ ਫੇਰੀ ਤੋਂ ਬਾਅਦ "ਮੇਰਾ ਰੂਸੀ ਸਫ਼ਰਨਾਮਾ"

ਲਿਖਿਆ ਜਿਸਨੂੰ ਸੋਵੀਅਤ ਲੈਂਡ ਨਹਿਰੂ ਇਨਾਮ ਮਿਲਿਆ। ਇਸ ਤੋਂ ਬਿਨਾਂ "ਆਰਸੀ" ਅਤੇ "ਪ੍ਰੀਤਲੜੀ" ਆਦਿ ਰਸਾਲਿਆਂ ਵਿੱਚ ਇਹਨਾਂ ਦੀਆਂ ਕਵਿਤਾਵਾਂ ਅਤੇ ਛੋਟੀਆਂ ਕਹਾਣੀਆਂ ਲਗਾਤਾਰ ਛਪਦੀਆਂ ਰਹੀਆਂ। "ਮੇਰੀ ਫ਼ਿਲਮੀ ਆਤਮਕਥਾ" ਇਹਨਾਂ ਦੀ ਸ੍ਵੈ-ਜੀਵਨੀ ਹੈ। 1971 ਵਿੱਚ ਪੰਜਾਬ ਸਰਕਾਰ ਵੱਲੋਂ ਇਹਨਾਂ ਨੂੰ "ਸ਼ਰੋਮਣੀ ਲੇਖਕ ਇਨਾਮ" ਦਿੱਤਾ ਗਿਆ।

ਕਾਮੇ (ਵਾਰਤਕ, 1984)

ਯਾਦਾਂ ਦੀ ਕੰਨੀ (ਵਾਰਤਕ, 1990)

ਮੇਰਾ ਰੂਸੀ ਸਫ਼ਰਨਾਮਾ (1978)

ਮੇਰਾ ਪਾਕਿਸਤਾਨੀ ਸਫ਼ਰਨਾਮਾ (1979)

ਮੇਰੀ ਫ਼ਿਲਮੀ ਆਤਮਕਥਾ (1974)

ਮੇਰੀ ਗ਼ੈਰ ਜਜ਼ਬਾਤੀ ਡਾਇਰੀ ਬਲਰਾਜ ਸਾਹਨੀ (1913–1973): ਪੰਜਾਬੀ ਸਾਹਿਤ ਵਿੱਚ ਬਲਰਾਜ ਸਾਹਨੀ ਵਾਰਤਕ ਲੇਖਕ ਵਜੋਂ ਜਾਣਿਆ ਜਾਂਦਾ ਹੈ। ਉਸ ਦੀ ਇੱਕ ਪਛਾਣ ਫ਼ਿਲਮੀ ਕਲਾਕਾਰ ਵਜੋਂ ਵੀ ਹੈ। ਬਲਰਾਜ ਸਾਹਨੀ ਦੀ ਫ਼ਿਲਮੀ-ਕਲਾ ਦਾ ਜੋ ਨਵੇਕਲਾਪਨ ਪਰਦੇ ਉਪਰ ਦਰਸ਼ਕਾਂ ਨੇ ਮਾਣਿਆ ਹੈ, ਉਹੀ ਸੁੱਚੇ ਨਕਸ਼ ਤੇ ਨਵੇਕਲੀ ਲਿਖਣ-ਸ਼ੈਲੀ ਉਸ ਦੀਆਂ ਸਾਹਿਤਿਕ ਲਿਖਤਾਂ ਵਿੱਚੋਂ ਪੰਜਾਬੀ ਪਾਠਕਾਂ ਨੇ ਮਾਣੀ ਹੈ। ਬਲਰਾਜ ਸਾਹਨੀ ਦੀ ਕਲਾ ਜੀਵਨ ਦੇ ਉਹਨਾਂ ਪੱਖਾਂ ਨੂੰ ਪੇਸ਼ ਕਰਦੀ ਹੈ ਜਿਹੜੇ ਪੱਖ ਮਨੁੱਖ ਨੂੰ ਸੰਘਰਸ਼ ਵਿੱਚੋਂ ਮਨੁੱਖ ਬਣਦਾ ਦਿਖਾਉਂਦੇ ਹਨ। ਬਲਰਾਜ ਸਾਹਨੀ ਜੀਵਨ-ਸੰਘਰਸ਼ ਵਿੱਚ ਲੱਗੇ ਹੋਏ ਮਨੁੱਖਾਂ ਦਾ ਸਾਹਿਤਕਾਰ ਹੈ। ਇਸੇ ਲਈ ਉਸ ਦਾ ਸਾਹਿਤ ਖ਼ਾਸ ਕਰ ਕੇ ਨਿਬੰਧ ਅਤੇ ਸਫ਼ਰਨਾਮੇ ਮਨੁੱਖੀ ਜੀਵਨ ਨਾਲ ਇੱਕਸੁਰ ਹੋਏ ਦਿਖਾਈ ਦਿੰਦੇ ਹਨ।

1 ਮਈ 1913 ਨੂੰ ਰਾਵਲਪਿੰਡੀ (ਪਾਕਿਸਤਾਨ) ਵਿੱਚ ਜਨਮਿਆ ਬਲਰਾਜ ਸਾਹਨੀ ਸ਼ਾਂਤੀ ਨਿਕੇਤਨ, ਬੰਗਾਲ ਅਤੇ ਸੇਵਾਗ੍ਰਾਮ, ਵਾਰਧਾ, ਮੱਧ ਪ੍ਰਦੇਸ਼ ਵਿੱਚ ਪ੍ਰੋਫ਼ੈਸਰ ਵੀ ਰਿਹਾ ਅਤੇ ਕੋਈ ਚਾਰ ਕੁ ਸਾਲ ਬੀ.ਬੀ.ਸੀ. ਵਿਖੇ ਅਨਾਊਂਸਰ ਵਜੋਂ ਵੀ ਕੰਮ ਕਰਦਾ ਰਿਹਾ।ਬਲਰਾਜ ਸਾਹਨੀ ਆਪਣੀਆਂ ਨਾਟਕ ਰੁਚੀਆਂ ਅਤੇ ਵਿਚਾਰਧਾਰਾ ਕਰ ਕੇ ਇਪਟਾ (I.P.T.A.) ਨਾਲ ਵੀ ਜੁੜਿਆ ਰਿਹਾ ਪਰੰਤੂ 1945 ਤੋਂ ਲੈ ਕੇ ਆਪਣੇ ਜੀਵਨ ਦੇ ਆਖ਼ਰੀ ਸਮੇਂ 13 ਅਪ੍ਰੈਲ 1973 ਤੱਕ ਉਸ ਨੇ ਹਿੰਦੀ ਫ਼ਿਲਮਾਂ ਵਿੱਚ ਅਦਾਕਾਰੀ ਦੇ ਜੌਹਰ ਦਿਖਾਏ ਅਤੇ ਇਸ ਖੇਤਰ ਵਿੱਚ ਵੱਡੀ ਪਛਾਣ ਬਣਾਈ। ਇਸ ਦੌਰਾਨ ਬਲਰਾਜ ਸਾਹਨੀ ਦਾ ਸਾਹਿਤਿਕ ਸਫ਼ਰ ਵੀ ਨਾਲ-ਨਾਲ ਚੱਲਦਾ ਰਿਹਾ। ਉਸ ਨੇ ਵੇਟਰ ਦੀ ਵਾਰ ਕਾਵਿ-ਸੰਗ੍ਰਹਿ (1974), ਕੀ ਇਹ ਸੱਚ ਹੈ ਬਾਪੂ? ਪੂਰਾ ਨਾਟਕ (1974), ਇਤਿਹਾਸ ਦੀ ਪੈੜ (1979), ਕਾਮੇ (1984), ਯਾਦਾਂ ਦੀ ਕੰਨੀ ਅਤੇ ਮੇਰੀ ਗ਼ੈਰ ਜਜ਼ਬਾਤੀ ਡਾਇਰੀ ਵਾਰਤਕ ਦੀਆਂ ਮਹੱਤਵਪੂਰਨ ਪੁਸਤਕਾਂ ਪੰਜਾਬੀ ਸਾਹਿਤ ਵਿੱਚ ਰਚੀਆਂ। ਇਸ ਤੋਂ ਇਲਾਵਾ ਬਲਰਾਜ ਸਾਹਨੀ ਦੇ ਦੋ ਸਫ਼ਰਨਾਮੇ ਮੇਰਾ ਰੂਸੀ ਸਫ਼ਰਨਾਮਾ ਅਤੇ ਮੇਰਾ ਪਾਕਿਸਤਾਨੀ ਸਫ਼ਰਨਾਮਾ, ਪੰਜਾਬੀ ਸਫ਼ਰਨਾਮਾ ਸਾਹਿਤ ਵਿੱਚ ਅਜਿਹੀਆਂ ਪ੍ਰਮਾਣਿਕ ਰਚਨਾਵਾਂ ਹਨ ਜਿਨ੍ਹਾਂ ਨੇ ਪੰਜਾਬੀ ਸਫ਼ਰਨਾਮਾ ਸਾਹਿਤ ਲੇਖਣੀ ਨੂੰ ਵਿਸਤਾਰ ਵੀ ਦਿੱਤਾ ਤੇ ਅਗਵਾਈ ਵੀ। ਮੇਰੀ ਫ਼ਿਲਮੀ ਆਤਮਕਥਾ ਤੇ ਯਾਦਾਂ ਦਾ ਝਰੋਖਾ ਬਲਰਾਜ ਸਾਹਨੀ ਦੀਆਂ ਆਪਣੀਆਂ ਜੀਵਨ- ਯਾਦਾਂ ਦੀਆਂ ਦਸਤਾਵੇਜ਼ੀ ਪੁਸਤਕਾਂ ਹਨ। ਬਲਰਾਜ ਸਾਹਨੀ ਵੱਲੋਂ ਸਿਨੇਮਾ ਤੇ ਸਟੇਜ ਸਿਰਲੇਖ ਹੇਠ ਵੀ ਇੱਕ ਪੁਸਤਕ ਪੰਜਾਬੀ ਵਿੱਚ ਲਿਖੀ ਗਈ ਹੈ। ਉਸ ਦੀ ਸਾਹਿਤ ਲੇਖਣੀ ਅਤੇ ਫ਼ਿਲਮਾਂ ਵਿੱਚ ਨਿਭਾਈ ਭੂਮਿਕਾ ਸਾਹਨੀ ਨੂੰ ਇੱਕ ਸੱਚੇ ਕਰਮਯੋਗੀ ਵਜੋਂ ਸਾਮ੍ਹਣੇ ਲਿਆਉਂਦੀ ਹੈ। ਇਸੇ ਲਈ ਉਸ ਦੇ ਸਾਹਿਤਿਕ ਯੋਗਦਾਨ ਲਈ ਭਾਸ਼ਾ ਵਿਭਾਗ ਪੰਜਾਬ ਵੱਲੋਂ ਉਸ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਦੇ ਪੁਰਸਕਾਰ ਨਾਲ ਸਨਮਾਨਿਆ ਗਿਆ।

ਬਲਰਾਜ ਸਾਹਨੀ ਦੀਆਂ ਸਾਹਿਤ ਰਚਨਾਵਾਂ ਦੇ ਵਿਸ਼ੇ ਜੀਵਨ ਵਿਚਲੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ/ਗੱਲਾਂ ਵਿੱਚੋਂ ਨਿਕਲਦੇ ਹਨ। ਉਸ ਦੀ ਲਿਖਣ ਸ਼ੈਲੀ ਘਟਨਾਵਾਂ ਦੇ ਸੂਖਮ ਵੇਰਵਿਆਂ ਨੂੰ ਉਭਾਰਦੀ ਹੋਈ, ਜੀਵਨ ਦੀ ਖ਼ੁਸ਼ਹਾਲੀ ਦਾ ਸੰਦੇਸ਼ ਦਿੰਦੀ ਹੈ। ਬਲਰਾਜ ਦੀਆਂ ਲਿਖਤਾਂ ਵਿੱਚ ਇਹ ਖ਼ੁਸ਼ਹਾਲੀ ਬੌਧਿਕ ਤੇ ਆਤਮਿਕ ਹੈ। ਉਹ ਮਨੁੱਖ ਨੂੰ ਔਖੀ ਤੋਂ ਔਖੀ ਸਥਿਤੀ ਵਿੱਚ ਵੀ ਆਪਣੇ ਆਪ ਨੂੰ ਬਚਾਈ ਤੇ ਬਣਾਈ ਰੱਖਣ ਦਾ ਸੰਦੇਸ਼ ਦਿੰਦਾ ਹੈ। ਉਸ ਦੇ ਪਾਤਰ ਸੱਚੇ-ਸੁੱਚੇ ਨਜ਼ਰ ਆਉਂਦੇ ਹਨ।

ਬਲਰਾਜ ਆਪਣੀ ਧਰਤੀ ਤੇ ਆਪਣੇ ਲੋਕਾਂ ਨਾਲ ਮੋਹ ਦੇ ਰਿਸ਼ਤੇ ਵਿੱਚ ਬੱਝਾ ਹੋਇਆ ਸਾਹਿਤਕਾਰ ਸੀ। ਉਸ ਨੂੰ ਮੁੰਬਈ ਦੀ ਚਕਾਚੌਂਧ ਵਿੱਚ ਵੀ ‘ਪਿੰਡੀ’ ਦੀ ਭਾਸ਼ਾ ਵਿਚਲੀ ਮਿਠਾਸ ਨਹੀਂ ਭੁੱਲਦੀ। ਅਥਰੂ ਵਾਰਤਕ ਨਿਬੰਧ ਰਾਹੀਂ ਜਿੱਥੇ ਬਲਰਾਜ ਆਪਣੀ ਭਾਸ਼ਾ ਅਤੇ ਆਪਣੇ ਇਲਾਕੇ ਪ੍ਰਤਿ ਆਪਣੇ ਮੋਹ ਅਤੇ ਲਗਾਓ ਦੀ ਗੱਲ ਕਰਦਾ ਹੈ ਉਥੇ ਉਸ ਦੀ ਲਿਖਤ ਭਾਰਤ ਦੇ ਸਮੁੱਚੇ ਸਮਾਜਿਕ, ਆਰਥਿਕ ਤੇ ਰਾਜਨੀਤਿਕ ਪ੍ਰਬੰਧ ਦੀਆਂ ਊਣਤਾਈਆਂ ਨੂੰ ਬੜੀ ਸੂਖਮਤਾ ਨਾਲ ਪੇਸ਼ ਕਰ ਦਿੰਦੀ ਹੈ ਅਤੇ ਸਮੁੱਚੇ ਪ੍ਰਬੰਧ ਉਪਰ ਸੂਖਮ ਵਿਅੰਗ ਦੀ ਸਹਿਜ ਵਿਧੀ ਉਸ ਦੀ ਵਾਰਤਕ ਲੇਖਣੀ ਦਾ ਖਾਸਾ ਹੈ।

ਬਲਰਾਜ ਸਾਹਨੀ ਦੇ ਵਾਰਤਕ ਲੇਖਾਂ ਦੀ ਉਸਾਰੀ ਬੁੱਧੀ ਅਤੇ ਭਾਵ ਦੇ ਸੁੰਦਰ ਸੁਮੇਲ ਵਿੱਚੋਂ ਹੁੰਦੀ ਹੈ ਪਰ ਇਹਨਾਂ ਵਿਚਲੀ ਰੋਚਕਤਾ ਅਤੇ ਰਸ ਕਹਾਣੀ ਵਾਂਗ ਪਾਠਕ ਦੇ ਮਨ ਵਿੱਚ ਉੱਤਰਦਾ ਹੈ। ਉਹ ਪਾਤਰਾਂ ਦੀ ਮਾਨਸਿਕਤਾ ਨੂੰ ਪਕੜ ਕੇ ਸ਼ਬਦਾਂ ਵਿੱਚ ਬੰਨ੍ਹ ਦਿੰਦਾ ਹੈ। ਉਸ ਦੀਆਂ

ਵਾਰਤਕ ਲਿਖਤਾਂ ਵਿੱਚ ਜਿੱਥੇ ਕਹਾਣੀ ਵਰਗਾ ਵੇਗ ਦਿਖਾਈ ਦਿੰਦਾ ਹੈ ਉਥੇ ਉਸ ਦੀ ਲਿਖਤ ਦਾ ਨਾਟਕੀ ਖਾਸਾ ਵੀ ਬਲਰਾਜ ਸਾਹਨੀ ਨੂੰ ਵੱਖਰਾ ਬਣਾ ਦਿੰਦਾ ਹੈ। ਉਸ ਦੇ ਵਿਅੰਗ ਦੀ ਨਸ਼ਤਰ ਖ਼ੁਦ ਬਲਰਾਜ ਨੂੰ ਵੀ ਆਪਣੀ ਕਲਮ ਦੀ ਨੋਕ ਹੇਠ ਲੈ ਕੇ ਆਉਂਦੀ ਹੈ। ਉਹ ਆਪਣੇ ਜੀਵਨ ਦੀਆਂ ਅਨੇਕ ਘਟਨਾਵਾਂ ਨੂੰ ਸਹਿਜ ਹੀ ਪੇਸ਼ ਕਰਦਿਆਂ ਜੀਵਨ ਦੀ ਅਸਲੀਅਤ ਸਿਰਜ ਦਿੰਦਾ ਹੈ। ਲੋਹੇ ਦਾ ਹਾਥੀ ਵਰਗੀਆਂ ਰਚਨਾਵਾਂ ਇਸ ਦੀ ਮਿਸਾਲ ਹਨ।ਬਲਰਾਜ ਸਾਹਨੀ ਦੇ ਸਫ਼ਰਨਾਮਿਆਂ ਵਿੱਚੋਂ ਵੀ ਉਸ ਦੀ ਵਾਰਤਕ ਲੇਖਣ ਦਾ ਕਮਾਲ ਦੇਖਿਆ ਜਾ ਸਕਦਾ ਹੈ। ਉਸ ਦੇ ਸਫ਼ਰਨਾਮੇ ਉਸ ਦੇ ਨਿੱਜ ਨਾਲ ਇੱਕਸੁਰਤਾ ਵਿੱਚੋਂ ਰਚੇ ਗਏ ਹਨ। ਮੇਰਾ ਰੂਸੀ ਸਫ਼ਰਨਾਮਾ ਵਿੱਚ ਉਸ ਦੀ ਵਿਚਾਰਧਾਰਾ ਅਤੇ ਮੇਰਾ ਪਾਕਿਸਤਾਨੀ ਸਫ਼ਰਨਾਮਾ ਵਿੱਚੋਂ ਉਸ ਦੀ ਉਸ ਧਰਤੀ ਪ੍ਰਤਿ ਭਾਵੁਕ ਪਹੁੰਚ ਪਛਾਣੀ ਜਾ ਸਕਦੀ ਹੈ। ਇਹਨਾਂ ਦੋਵਾਂ ਰਚਨਾਵਾਂ ਨੇ ਪੰਜਾਬੀ ਸਫ਼ਰਨਾਮਾ ਸਾਹਿਤ ਨੂੰ ਇੱਕ ਨਵੀਂ ਸੇਧ ਦਿੱਤੀ ਹੈ।ਬਲਰਾਜ ਸਾਹਨੀ ਨੇ ਭਾਵੇਂ ਕਵਿਤਾ ਵੀ ਰਚੀ, ਨਾਟਕ ਵੀ ਰਚਿਆ ਪਰੰਤੂ ਬਲਰਾਜ ਸਾਹਨੀ ਦੀ ਵੱਡੀ ਪਛਾਣ ਨਿਬੰਧ ਲੇਖਕ ਅਤੇ ਸਫ਼ਰਨਾਮਾਕਾਰ ਵਜੋਂ ਹੈ। ਉਸ ਦੀਆਂ ਲਿਖਤਾਂ ਵਿੱਚ ਵਿਚਾਰ ਅਤੇ ਜਜ਼ਬੇ ਦਾ ਸੁੰਦਰ ਸੁਮੇਲ ਅਤੇ ਉਸ ਦੀ ਮਾਨਵ ਹਿਤੈਸ਼ੀ ਸੁੱਚੀ ਦ੍ਰਿਸ਼ਟੀ ਸਪਸ਼ਟ ਨਜ਼ਰ ਆਉਂਦੀ ਹੈ ਜੋ ਬਲਰਾਜ ਸਾਹਨੀ ਨੂੰ ਪੰਜਾਬੀ ਦਾ ਮਾਣਮੱਤਾ ਸਾਹਿਤਕਾਰ ਬਣਾਉਂਦੀ ਹੈ।

## ਮੁੱਖ/ਕੇਂਦਰੀ ਸ਼ਬਦ:

ਅਦਾਕਾਰੀ---ਕਲਾ/ਨਕਲ

ਸਫਰਨਾਮਾ---ਯਾਤਰਾ

ਵਿਅੰਗ---ਚੋਭ ਮਾਰੀ

ਪ੍ਰਸੰਨ---ਖੁਸ਼ੀ

ਜਜ਼ਬਾ---ਹੌਂਸਲਾ

## ਸਵੈ-ਮੁਲਾਂਕਣ:

1. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਜਨਮ ਕਦੋਂ ਹੋਇਆ

   ੳ. 1891

   ਅ. 1892

   ੲ. 1895

   ਸ. 1894

2. ਭਾਬੀ ਮੈਨਾ ਕਹਾਣੀ ਕਿਸ ਦੀ ਹੈ

   ੳ. ਗੁਰਬਖ਼ਸ਼ ਸਿੰਘ ਪ੍ਰੀਤਲੜੀ

   ਅ. ਸੰਤ ਸਿੰਘ ਸੇਖੋਂ

   ੲ. ਮੋਹਨ ਭੰਡਾਰੀ

   ਸ. ਅੰਮ੍ਰਿਤਾ ਪ੍ਰੀਤਮ

3. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪਿਤਾ ਦਾ ਨਾਂ ਕੀ ਸੀ

   ੳ. ਹਰਨਾਮ ਸਿੰਘ

   ਅ. ਕਰਤਾਰ ਸਿੰਘ

   ੲ. ਪਿਸ਼ੌਰਾ ਸਿੰਘ

ਸ. ਦਿਲਾਵਰ ਸਿੰਘ

4. ਗੁਰਬਖ਼ਸ਼ ਸਿੰਘ ਪ੍ਰੀਤਲੜੀ ਜੀ ਤੇ ਮਾਤਾ ਦਾ ਨਾਂ ਕੀ ਸੀ

ੳ. ਚਰਨਜੀਤ ਕੌਰ

ਅ. ਮਾਤਾ ਮਾਲਣੀ

ੲ. ਹਰਸ਼ਾਨ ਕੌਰ

ਸ. ਬਚਿੰਤ ਕੌਰ

5. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਜਨਮ ਕਿੱਥੇ ਹੋਇਆ

ੳ. ਅੰਮ੍ਰਿਤਸਰ

ਅ. ਲਾਹੌਰ

ੲ. ਪਠਾਨਕੋਟ

ਸ. ਸਿਆਲਕੋਟ

6. ਪ੍ਰੀਤਲੜੀ ਦੀ ਪਤਨੀ ਦੇ ਸਹੁਰੇ ਘਰ ਦਾ ਕੀ ਨਾਂ ਸੀ

ੳ. ਜਗਜੀਤ ਕੌਰ

ਅ. ਹਰਬੰਸ ਕੌਰ

ੲ. ਚਰਨਜੀਤ ਕੌਰ

ਸ. ਰੁਕਮਣੀ ਦੇਵੀ

7. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪੁੱਤਰ ਦਾ ਨਾਂ ਕੀ ਸੀ

ੳ. ਪਰਗਟ ਸਿੰਘ

ਅ. ਦਿਲਪ੍ਰੀਤ ਸਿੰਘ

ੲ. ਨਵਤੇਜ ਸਿੰਘ

ਸ. ਹੁਕਮ ਸਿੰਘ

8. ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਕਿਹੜਾ ਨਗਰ ਸਥਾਪਿਤ ਕੀਤਾ

ੳ. ਉੱਚਾ ਨਗਰ

ਅ. ਪ੍ਰੀਤਨਗਰ

ੲ. ਹਵੇਲੀ

ਸ. ਡੇਰਾ ਨਗਰ

9. ਬਲਰਾਜ ਸਾਹਨੀ ਦਾ ਜਨਮ ਕਦੋਂ ਹੋਇਆ

ੳ. 1913

ਅ. 1914

ੲ. 1915

ਸ. 1916

**10.** ਬਲਰਾਜ ਸਾਹਨੀ ਦਾ ਜਨਮ ਅਸਥਾਨ

ੳ. ਅੰਮ੍ਰਿਤਸਰ

ਅ. ਲਾਹੌਰ

ੲ. ਰਾਵਲਪਿੰਡੀ

ਸ. ਪਠਾਨਕੋਟ

**11.** ਬਲਰਾਜ ਸਾਹਨੀ ਹਿੰਦੀ ਤੇ ਰੇਡੀਓ ਅਨਾਊਂਸਰ ਲਈ ਕਿੱਥੇ ਨੌਕਰੀ ਕਰਦੇ ਸਨ

ੳ. ਬੀ.ਬੀ. ਸੀ ਲੰਡਨ ਵਿਖੇ

ਅ. ਪਾਕਿਸਤਾਨ

ੲ. ਅਮਰੀਕਾ

ਸ. ਕੈਨੇਡਾ

**12.** ਨਾਨਕ ਦੁਖੀਆ ਸਭ ਸੰਸਾਰ ਵਿੱਚ ਐਕਟਰ ਕੌਣ ਸਨ

ੳ. ਬਲਰਾਜ ਸਾਹਨੀ

ਅ. ਧਰਮਿੰਦਰ

ੲ. ਅਮਿਤਾਭ ਬੱਚਨ

ਸ. ਅਮਜ਼ਦ ਖਾਨ

**13.** ਬਲਰਾਜ ਸਾਹਨੀ ਨੇ ਕਿਸ ਦੀ ਪ੍ਰੇਰਨਾ ਸਦਕਾ ਪੰਜਾਬੀ ਵਿੱਚ ਲਿਖਣਾ ਆਰੰਭ ਕੀਤਾ

ੳ. ਮਹਾਤਮਾ ਗਾਂਧੀ

ਅ. ਸੁਭਾਸ਼ ਚੰਦਰ ਬੋਸ

ੲ. ਰਬਿੰਦਰਨਾਥ ਟੈਗੋਰ

ਸ. ਨਹਿਰੂ

੧੪. ਸਿਨੇਮਾ ਅਤੇ ਸਟੇਜ ਪੁਸਤਕ ਕਿਸ ਦੀ ਹੈ

ੳ. ਅੰਮ੍ਰਿਤਾ ਪ੍ਰੀਤਮ

ਅ. ਬਲਰਾਜ ਸਾਹਨੀ

ੲ. ਗੁਰਬਖ਼ਸ਼ ਸਿੰਘ ਪ੍ਰੀਤਲੜੀ

ਸ. ਮੋਹਨ ਭੰਡਾਰੀ

15. ਬਲਰਾਜ ਸਾਹਨੀ ਨੂੰ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਕਿਸ ਪੁਸਤਕ ਤੇ ਮਿਲਿਆ

ਕਾਮੇ

ੳ. ਮੇਰੀ ਗ਼ੈਰ ਜਜ਼ਬਾਤੀ ਡਾਇਰੀ

ਅ. ਮੇਰਾ ਪਾਕਿਸਤਾਨੀ ਸਫ਼ਰਨਾਮਾ

ੲ. ਮੇਰਾ ਰੂਸੀ ਸਫ਼ਰਨਾਮਾ

## ਅਭਿਆਸ ਪ੍ਰਸ਼ਨ

1. ਬਲਰਾਜ ਸਹਾਨੀ ਦੇ ਜੀਵਨ ਬਾਰੇ ਲਿਖੋ
2. ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਜੀਵਨ ਬਾਰੇ ਲਿਖੋ।
3. ਬਲਰਾਜ ਸਹਾਨੀ ਦੀਆਂ ਸਾਹਿਤਕ ਰਚਨਾਵਾਂ ਦਾ ਵਿਸਥਾਰ ਨਾਲ ਵਰਣਨ ਕਰੋ।
4. ਗੁਰਬਖਸ਼ ਸਿੰਘ ਪ੍ਰੀਤਲੜੀ ਦਾ ਸਹਿਤਕ ਸਫਰ ਬਾਰੇ ਵਿਸਥਾਰ ਨਾਲ ਲਿਖੋ।

## ਸੰਦਰਭ ਪੁਸਤਕਾਂ:

ਡਾ. ਜਸਵਿੰਦਰ ਸਿੰਘ ਸੈਣੀ, ਵਾਰਤਕ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.

ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ, ਪ੍ਰਕਾਸ਼ਿਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010.

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%AC%E0%A8%B2%E0%A8%B0%E0%A8%BE%E0%A8%9C%20%E0%A8%B8%E0%A8%BE%E0%A8%B9%E0%A8%A8%E0%A9%80

## ਉੱਤਰਮਾਲਾ

| | | | | |
|---|---|---|---|---|
| 1. ੲ | 2. ੳ | 3. ੲ | 4. ਅ | 5. ਸ |
| 6. ੳ | 7. ੲ | 8. ਅ | 9. ੳ | 10. ੲ |
| 11. ੳ | 12. ੳ | 13. ੲ | 14. ਅ | 15. ਸ |

# ਅਧਿਆਇ-11: ਜ਼ਿੰਦਗੀ ਦੀ ਰਾਸ: ਵਿਸ਼ਾਗਤ ਅਧਿਐਨ

ਵਿਸ਼ਾ ਵਸਤੂ (Content)

**1.** ਉਦੇਸ਼

**2.** ਪ੍ਰਸਤਾਵਨਾ

**3.** ਵਿਸ਼ਾ ਵਸਤੂ

**4.** ਸਾਰੰਸ਼

**5.** ਕੇਂਦਰੀ ਸ਼ਬਦ

**6.** ਸਵੈ-ਮੁਲਾਂਕਣ

**7.** ਅਭਿਆਸ ਪ੍ਰਸ਼ਨ

**8.** ਸੰਦਰਭ ਪੁਸਤਕਾਂ

**9.** ਮੱਹਤਵਪੂਰਨ ਵੈੱਬਸਾਇਟਸ

## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **ਜ਼ਿੰਦਗੀ ਦੀ ਰਾਸ ਪੁਸਤਕ ਬਾਰੇ ਜਾਣਨਗੇ।**
2. **ਜ਼ਿੰਦਗੀ ਦੀ ਰਾਸ ਪੁਸਤਕ ਦੇ ਵਿਸ਼ੇ ਬਾਰੇ ਜਾਣਨ ਦੇ ਯੋਗ ਹੋਣਗੇ।**
3. **ਨਿਬੰਧ ਪੁਸਤਕ ਜ਼ਿੰਦਗੀ ਦੀ ਰਾਸ ਦੇ ਸਰੂਪ ਨੂੰ ਸਮਝਣ ਦੇ ਕਾਬਿਲ ਹੋਣਗੇ**

## ਪ੍ਰਸਤਾਵਨਾ:

ਜ਼ਿੰਦਗੀ ਦੀ ਰਾਸ ਨਿਬੰਧ ਪੁਸਤਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਹੈ। ਜਿਸ ਵਿਚ ਵੀਹ ਦੇ ਕਰੀਬ ਨਿਬੰਧ ਰਚਨਾਵਾਂ ਦਿੱਤੀਆਂ ਹੋਈਆਂ ਹਨ ਗੁਰਬਖ਼ਸ਼ ਸਿੰਘ ਪ੍ਰੀਤਲੜੀ ਜੋ ਖੁਦ ਪ੍ਰੀਤ ਪਾਤਰ ਹੈ। ਜਿਸ ਨੇ ਜ਼ਿੰਦਗੀ ਦੀ ਰਾਸ ਵਿਚ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਨਿਬੰਧਾਂ ਦੀ ਰਚਨਾ ਕੀਤੀ ਹੈ। ਜਿਸ ਵਿੱਚ ਗਿਆਨ ਹੀ ਪਰਮਾਨੰਦ ਹੈ। ਵੱਸੀ ਜਿੱਥੇ ਆਜ਼ਾਦੀ ਉਹ ਮੇਰਾ ਦੇਸ਼ ਹੈ। ਤਿਆਰ ਬਰ ਤਿਆਰ ਰਹਿਣਾ, ਮੇਰੀ

ਮਾਂ ਬੋਲੀ, ਜ਼ਿੰਦਗੀ ਦੀ ਅੱਤ ਸੋਹਣੀ ਰਾਸ, ਜ਼ਿੰਦਗੀ ਤੇ ਸਾਹਿਤ, ਮਹਾਤਮਾ ਬੁੱਧ ਖ਼ੁਸ਼ੀ ਦੀਆਂ ਬੁਨਿਆਦਾਂ ਮਾਂ ਕਲਾ ਤੇ ਉਹਦਾ ਕਰਤੱਵ ਸਰਹੱਦ ਉੱਤੇ ਖਲੋਤੇ ਸਾਜਨ ਹਿੰਦੂ ਸਿੱਖ ਭਾਈ ਭਾਈ ਬੋਲੀ ਤੂੰ ਲੋਚੇ ਕੀੜੀ ਡਾਚੀ ਨੂੰ ਗੁਰੂ ਨਾਨਕ ਅਗਾਂਹਵਧੂ ਸਾਹਿਤ ਪਿਆਰ ਐਟਮੀ ਸ਼ਕਤੀ ਦੇ ਰੂਬਰੂ ਸੱਭਿਆਚਾਰ ਲਿਖਾਰੀ ਦਾ ਕਰਤੱਵ ਤੇ ਟੀਚਾ ਆਦਿ ਨਿਬੰਧਾਂ ਦੀ ਰਚਨਾ ਕੀਤੀ ਗਈ ਹੈ। ਜਿਨ੍ਹਾਂ ਬਾਰੇ ਵਿਸਥਾਰ ਵਿਚ ਵੀਰਵਾ ਲਿਖੀ ਅਨੁਸਾਰ ਦਿੱਤਾ ਗਿਆ ਹੈ। ਗਿਆਨ ਹੀ ਪਰ ਮਨਾਉਂਦਿਆਂ ਇਸ ਨਿਬੰਧ ਵਿੱਚ ਲੇਖਕ ਨੇ ਰੱਬ ਦੀ ਪ੍ਰਾਪਤੀ ਅਤੇ ਆਤਮਾ ਦੀ ਸ਼ਾਂਤੀ ਦੀ ਗੱਲ ਕੀਤੀ ਹੈ। ਜਿਵੇਂ ਲੇਖਕ ਆਪਣੇ ਨਿਬੰਧ ਵਿੱਚ ਵਿਚਾਰ ਕਰਦਾ ਹੈ। ਗਿਆਨ ਰੌਸ਼ਨੀ ਹੈ। ਮੁਕਤੀ ਹੈ। ਪਰਮ ਆਨੰਦ ਹੈ। ਜਿਸ ਵਿੱਚ ਲੇਖਕ ਅਨੁਸਾਰ ਰੌਸ਼ਨੀ ਹੀ ਗਿਆਨ ਹੈ। ਜੇਕਰ ਸੰਸਾਰ ਵਿੱਚ ਮੁਕਤੀ ਦਾ ਸਾਧਨ ਹੈ। ਤਾਂ ਉਹ ਵੀ ਸੱਚਾ ਗਿਆਨ ਹੈ। ਜੇਕਰ ਦੁਨੀਆਂ ਦੇ ਸਭ ਆਨੰਦ ਦਾ ਆਨੰਦ ਹੈ। ਤਾਂ ਉਹ ਪਰਮਾਨੰਦ ਹੈ। ਜੋ ਸਿਰਫ਼ ਰੱਬ ਦੀ ਭਗਤੀ ਵਿੱਚ ਬੈਠ ਕੇ ਹੀ ਅਸੀਂ ਹਾਸਲ ਕਰ ਸਕਦੇ ਹਾਂ ਉਸ ਵਿਅਕਤੀ ਨੇ ਪੂਰਨ ਪਰਮ ਆਨੰਦ ਹਾਸਲ ਕਰ ਲਿਆ ਜਿਸ ਨੂੰ ਇਹ ਗਿਆਨ ਹੋ ਗਿਆ ਕਿ ਸਾਰਾ ਬ੍ਰਹਿਮੰਡ ਇੱਕੋ ਇਕਾਈ ਹੈ। ਇਸ ਵਿਚ ਕੋਈ ਉਚ ਨੀਚ ਨਹੀਂ ਹੈ। ਸਿਰਫ਼ ਪਰਮਾਤਮਾ ਦੀ ਕਾਇਨਾਤ ਹੈ। ਇਸ ਨਿਬੰਧ ਵਿੱਚ ਲੇਖਕ ਨੇ ਜ਼ਿੰਦਗੀ ਕੀ ਹੈ। ਅਤੇ ਗਿਆਨ ਕੀ ਹੈ। ਬਾਰੇ ਭਰਪੂਰ ਚਰਚਾ ਕੀਤੀ ਹੈ। ਜਿਵੇਂ ਜ਼ਿੰਦਗੀ ਨੇ ਓੜਕ ਮਨੁੱਖੀ ਦਿਮਾਗ ਪੈਦਾ ਕਰ ਲਿਆ ਇਸ ਦਿਮਾਗ਼ ਦੀ ਚੇਤਨਤਾ ਉਤਾਂਹ ਚੜ੍ਹਦੀ ਗਈ ਖ਼ਿਆਲ ਬਣੀ ਧਰਮ ਬਣੀ ਜਾਦੂਗਰੀ ਬਣੀ ਸਾਇੰਸ ਬਣੀ ਦੋਸਤੀ ਪਿਆਰ ਅਮਨ ਵੈਰ ਨਫਰਤ ਜੰਗ ਹੁਸਨ ਇਸ਼ਕ ਕੁਰਬਾਨੀ ਸੇਵਾ ਲਈ ਇਹ ਕਾਤਲ ਵੀ ਬਣੀ ਅਤੇ ਪ੍ਰੇਮੀ ਵੀ ਬਣੀ ਇਸ ਕਰਕੇ ਗੁਰਬਖ਼ਸ਼ ਸਿੰਘ ਦੇਣ ਨਿਬੰਧਾਂ ਵਿੱਚ ਬਹੁਤ ਹੀ ਮਹੱਤਵਪੂਰਨ ਵਿਚਾਰ ਜੋ ਸਾਡੀ ਆਮ ਜ਼ਿੰਦਗੀ ਵਿਚ ਲਾਗੂ ਹੁੰਦੇ ਹਨ ਉਹ ਮਿਲਦੇ ਹਨ ਇਸੇ ਕਰਕੇ ਉਹ ਕਹਿੰਦਾ ਹੈ। ਕਿ ਗਿਆਨ ਹੀ ਪਰਮ ਆਨੰਦ ਹੈ। ਆਪਣੇ ਅਗਲੇ ਨਿਬੰਧ ਦੇ ਵਿਸ਼ੇ ਵਿੱਚ ਇੱਕ ਰੱਬ ਦੀ ਪ੍ਰੀਭਾਸ਼ਾ ਕੀ ਹੈ। ਉਸ ਬਾਰੇ ਬਿਆਨ ਕਰਦੇ ਹੋਏ ਗੁਰਬਖਸ਼ ਸਿੰਘ ਪ੍ਰੀਤਲੜੀ ਲਿਖਦੇ ਹਨ ਵੱਸੇ ਜਿਥੇ ਆਜ਼ਾਦੀ ਉਹ ਮੇਰਾ ਦੇਸ਼ ਹੈ। ਲੇਖਕ ਬਹੁਤ ਛੋਟੀ ਉਮਰ ਦਾ ਸੀ ਜਦੋਂ ਉਸਨੇ ਮਨ ਵਿਚ ਖਿਆਲ ਆਉਂਦਾ ਹੁੰਦਾ ਹੈ। ਸੀ ਕਿ ਜੋ ਮੇਰੇ ਮਨ ਨੂੰ ਗੱਲ ਨਾ ਲੱਗੇ ਮੈਂ ਉਸ ਨੂੰ ਮਨ ਕਿਵੇਂ ਸਕਦਾ ਹਾਂ ਅੰਗਰੇਜ਼ੀ ਦੀ ਪੁਸਤਕ ਜਿੱਥੇ ਕਵਿਤਾ ਸੀ God save the king ਰੱਬ ਬਾਦਸ਼ਾਹ ਨੂੰ ਸਲਾਮਤ ਰੱਖੇ ਪਰ ਮੈਂ ਕਦੇ ਵੀ ਕਲਾਸ ਵਿੱਚ ਬਾਕੀ ਬੱਚਿਆਂ ਵਾਂਗ ਨਹੀਂ ਇਹ ਕਵਿਤਾ ਸੁਣਾ ਸਕਿਆ ਸੀ ਤੇ ਕਈ ਵਾਰੀ ਇਸ ਤੇ ਮੈਂ ਮਾਰ ਵੀ ਬਹੁਤ ਖਾਧੀ ਪਰ ਜਦੋਂ ਲੇਖਕ ਇਸ ਸਤਰ ਨੂੰ ਪੜ੍ਹਦਾ ਸੀ ਉਹ ਇਸ ਤਰ੍ਹਾਂ ਨਹੀਂ ਇਸ ਨੂੰ ਇਸ ਤਰ੍ਹਾਂ ਗੁਣਗੁਣਾਉਂਦਾ ਹੁੰਦਾ ਸੀ God take the king ਜਿਸ ਦਾ ਮਤਲਬ ਸੀ ਰੱਬਾ ਬਾਦਸ਼ਾਹ ਨੂੰ ਲਈਂ ਕਿਉਂਕਿ ਹਕੂਮਤ ਸ਼ੁਰੂ ਤੋਂ ਹੀ ਰਾਜ ਕਰਦੀ ਆਈ ਹੈ। ਜਿਵੇਂ ਲੇਖਕ ਵੀ ਨਿਬੰਧ ਵਿੱਚ ਦੱਸਦਾ ਹੈ। ਮੈਨੂੰ ਆਪਣਾ ਦੇਸ਼ ਆਪਣਾ ਨਹੀਂ ਜਾਪਦਾ ਸਮਝਦਾ ਸੀ ਇਹ ਦੇਸ਼ ਪੁਲੀਸ ਫ਼ੌਜੀਅ ਡਿਪਟੀ ਕਮਿਸ਼ਨਰਾਂ ਤਾਲੀਮੀ ਮਹਿਕਮੇ ਦੇ ਡਾਇਰੈਕਟਰ ਸਾਹਿਬ ਦਾ ਸੀ ਦੋ ਅੰਗਰੇਜ਼ ਸਾਡੇ ਸਕੂਲ ਵਿੱਚ ਆਉਂਦੇ ਤੇ ਹਰ ਕਿਸੇ ਨੂੰ ਖ਼ੁਦਾ ਜਾਪਦੇ ਸੀ ਇਸ ਵਿੱਚ ਲੇਖਕ ਆਜ਼ਾਦੀ ਦੀ ਗੱਲ ਕਰਦਾ ਹੈ। ਕਿ ਕਿਵੇਂ ਦੇਸ਼ ਵਿੱਚ ਆਜ਼ਾਦੀ ਆ ਸਕਦੀ ਹੈ। ਤੇ ਅਸੀਂ ਆਪਣੇ ਆਪ ਨੂੰ ਕਦੋਂ ਆਜ਼ਾਦ ਕਹਾਵਾਂਗੇ ਜਿਵੇਂ ਲੇਖਕ ਨਿਬੰਧ ਦੇ ਅੰਤ ਤੇ ਲਿਖਦਾ ਹੈ। ਮਿਲਟਨ ਦੇ ਆਪਣੇ ਦੇਸ਼ ਵਿੱਚ ਉਦੋਂ ਆਜ਼ਾਦੀ ਹੈ। ਸੀ ਜਦੋਂ ਉਸ ਉਪਰਲੀ ਹੁਲਾਰਿਆਂ ਭਰੀ ਸਤਰ ਕਾਵਿ ਕਪਤਾਨ ਸੀ ਉਹ ਸੰਤੁਸ਼ਟ ਸੀ ਪਰ ਅਸੀਂ ਜਿਨ੍ਹਾਂ ਗੁਲਾਮੀ ਦਾ ਇਹੋ ਜਿਹਾ ਨਾਮ ਵੇਖ ਲਿਆ ਹੈ। ਅਸੀਂ ਨਹੀਂ ਆਪਣੀ ਆਜ਼ਾਦੀ ਨਾਲ ਸੰਤੁਸ਼ਟ ਨਹੀਂ ਹੋ ਸਕੇ ਅਸੀਂ ਉਦੋਂ ਹੀ ਸੰਤੁਸ਼ਟ ਹੋਵਾਂਗਾ ਜਿੱਦਣ ਕਹਿ ਸਕਾਂਗੇ ਜਿੱਥੇ ਵਸੇ ਆਜ਼ਾਦੀ ਉਹ ਦੁਨੀਆ ਸਾਡੀ ਤਿਆਰ ਬਰ ਤਿਆਰ ਰਹਿਣਾ ਮਨੁੱਖ ਨੂੰ ਹੌਸਲੇ ਭਰੀ ਜ਼ਿੰਦਗੀ ਜਿਉਣ ਦੇ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਜਿੰਨੀਆਂ ਮਰਜ਼ੀ ਮੁਸ਼ਕਲਾਂ ਹੋਣ ਰੁਕਾਵਟਾਂ ਹੋਣ ਜ਼ਿੰਦਗੀ ਵਿਚ ਆਉਣ ਉਹ ਕਿਸੇ ਵੀ ਤਰ੍ਹਾਂ ਦਾ ਲਾਭ ਨਹੀਂ ਲੈ ਸਕਦੀਆਂ ਪਰ ਇੱਕ ਮਨੁੱਖ ਹੀ ਹੈ। ਕਿ ਇਨ੍ਹਾਂ ਦਾ ਸਾਹਮਣਾ ਕਰਕੇ ਆਪਣੀ ਜ਼ਿੰਦਗੀ ਨੂੰ ਸੌਖਾ ਕਰ ਸਕਦਾ ਹੈ। ਜਿਸ ਚ ਲੇਖਕ ਕਹਿੰਦਾ ਹੈ। ਕਿ ਕਿਸੇ ਸੌ ਵਰ੍ਹੇ ਜਿਉਂ ਰਹੇ ਮਨੁੱਖ ਉਸ ਦੇ ਪ੍ਰਸੰਨ ਚਿੱਤ ਬਾਰੇ ਪੁੱਛਿਆ ਤਾਂ ਉਸ ਨੇ ਜਵਾਬ ਦਿੱਤਾ ਸਦਾ ਤਿਆਰ ਬਰ ਤਿਆਰ ਰਹਿਣਾ ਹਰ ਲਈ ਹਰ ਖੁਸ਼ੀ ਲਈ ਹਰ ਗ਼ਮੀ ਲਈ ਹਰ ਜ਼ਿੰਮੇਵਾਰੀ ਲਈ ਹਰ ਮੁਸੀਬਤ ਲਈ ਇੱਥੋਂ ਤੱਕ ਕਿ ਮੌਤ ਲਈ ਵੀ ਹਰ ਵੇਲੇ ਤਿਆਰ ਬਰ ਤਿਆਰ ਰਹਿਣਾ।

ਇਸੇ ਕਰਕੇ ਮਨੁੱਖ ਨੂੰ ਪ੍ਰਸੰਨ ਚਿੱਤ ਹਮੇਸ਼ਾਂ ਹੀ ਰਹਿਣਾ ਚਾਹੀਦਾ ਹੈ। ਕਿਉਂਕਿ ਪ੍ਰਸੰਨ ਚਿੱਤ ਵਿਅਕਤੀ ਨੂੰ ਭਵਿੱਖ ਵਿਚ ਨਹੀਂ ਵਰਤਮਾਨ ਵਿਚ ਵੀ ਜਿਉਣ ਦੀ ਡਾਢੀ ਜਾਚ ਆ ਗਈ ਹੈ। ਜੇ ਕਦੇ ਮੁਸੀਬਤ ਆ ਜਾਂਦੀ ਹੈ। ਤਾਂ ਇਹ ਬਹਿ ਕੇ ਸੋਚ ਲੈਂਦਾ ਹੈ। ਕਿ ਹੋ ਕੀ ਸਕਦਾ ਹੈ। ਅੱਗੇ ਅਭਿਮਾਨ ਖ਼ਤਮ ਹੋ ਜਾਵੇਗਾ ਹੱਦ ਮੌਤ ਹੋ ਜਾਵੇਗੀ ਚਲੋ ਇਹੀ ਸਹੀ ਅੱਗੇ ਵਾਣ ਖ਼ਤਮ ਹੋ ਜਾਵੇਗਾ ਹੱਦ ਮੌਤ ਹੋ ਜਾਵੇਗੀ ਚਲੋ ਇਹੀ ਸਹੀ ਪਰ ਇਹ ਸਭ ਕੁਝ ਦੇਖ ਕੇ ਰਾਹ ਵਿਚ ਆਈ ਮੁਸੀਬਤ ਨਾਲ ਘੁਲਣ ਲੱਗ ਜਾਂਦਾ ਹੈ। ਇਸੇ ਕਰਕੇ ਕੋਈ ਵੱਡਾ ਵਿਅਕਤੀ ਨਹੀਂ ਸਗੋਂ ਛੋਟੇ ਤੋਂ ਛੋਟਾ ਵਿਅਕਤੀ ਦੀ ਜ਼ਿੰਦਗੀ ਨੂੰ ਮਾਤ ਦੇ ਸਕਦਾ ਹੈ। ਜਿਵੇਂ ਲੇਖਕ ਨਿਬੰਧ ਵਿੱਚ ਲਿਖਦਾ ਹੈ। ਇੱਕ ਵਾਰੀ ਕਿਸੇ ਹਾਤੇ ਵਿਚ ਉਹਦੀ ਸੱਜੀ ਬਾਂਹ ਟੁੱਟ ਗਈ ਜਾਪਿਆ ਬਾਂਹ ਨਕਾਰੀ ਹੋ ਜਾਏਗੀ ਉਹਦੇ ਘਰਦਿਆਂ ਨੂੰ ਬੜੀ ਚਿੰਤਾ ਹੋਈ ਉਹ ਬੜਾ ਘੁਮਾਓ ਸੀ ਉਹਨੂੰ ਵੀ ਬੜਾ ਬੰਦਾ ਲੱਗਾ ਉਹ ਬੜਾ ਕਾਮਾ ਸੀ ਪਰ ਉਹਦੀ ਤਿਆਰ ਬਰ ਤਿਆਰ ਰਹਿਣ ਦੀ ਆਦਤ ਨੇ ਉਹਦੇ ਬੁੱਲ੍ਹਾਂ ਉੱਤੇ ਮੁਸਕਰਾਹਟ ਲੈ ਆਂਦੀ ਉਹਨੂੰ ਕਈ ਆਦਮੀ ਯਾਦ ਆ ਗਏ ਜਿਨ੍ਹਾਂ ਦੀ ਇੱਕ ਬਾਂਹ ਹੈ। ਹੀ ਨਹੀਂ ਸੀ ਤੇ ਉਹ ਦੋਵੇਂ ਬਾਹਾਂ ਵਾਲਿਆਂ ਨਾਲੋਂ ਵੀ ਸੁਚੱਜਾ ਕੰਮ ਕਰ ਰਹੇ ਸਨ ਇਸ ਕਲਪਨਾ ਨੇ ਬਾਂਹ ਲਈ ਫ਼ਿਕਰ ਦੀ ਥਾਂ ਇਲਾਜ ਵਿਚ ਉਤਸ਼ਾਹ ਵਧਾ ਦਿੱਤਾ ਤੇ ਭਾਵੇਂ ਇੱਕ ਬਹਿਸ ਹੋਣ ਲਈ ਉਸ ਆਪਣੇ ਆਪ ਨੂੰ ਤਿਆਰ ਕਰ ਹੀ ਲਿਆ ਸੀ ਉਹਦੇ ਨਿਸਚਿੰਤ ਉੱਦਮ ਨੇ ਉਹਦੀ ਟੁੱਟੀ ਬਾਂਹ ਵੀ ਠੀਕ ਕਰ ਦਿੱਤੀ।

ਇਸ ਕਰਕੇ ਜ਼ਿੰਦਗੀ ਵਿੱਚ ਜੋ ਮਰਜ਼ੀ ਹੋਵੇ ਪਰ ਉਹਦੀ ਜ਼ਿੰਦਗੀ ਦਾ ਰਾਗ ਖ਼ੁਸ਼ੀਆਂ ਹਨ ਇਸ ਕਰਕੇ ਹਰੇਕ ਮਨੁੱਖ ਦਾ ਜਜ਼ਬਾ ਬਹੁਤ ਹੀ ਬਹਾਦਰ ਹੋਣਾ ਚਾਹੀਦਾ ਹੈ। ਇਸ ਵਿੱਚ ਕਦੇ ਵੀ ਇਹ ਨਹੀਂ ਹੈ। ਕਿ ਮੁਸੀਬਤ ਮੇਰੇ ਤੇ ਵੱਡੀ ਹੋ ਵੱਡੀ ਹੋ ਗਈ ਹੈ। ਸਗੋਂ ਮੁਸੀਬਤ ਨੂੰ ਇਹ ਦੱਸੋ ਕਿ ਮੈਂ ਤੇਰੇ ਤੋਂ ਵੱਡਾ ਹੋ ਗਿਆ ਹਾਂ ਸੋ ਲੇਖਕ ਨੇ ਜ਼ਿੰਦਗੀ ਨੂੰ ਜਿਉਣ ਦਾ ਢੰਗ ਦੱਸਿਆ ਜਿੱਥੇ ਲੇਖਕ ਆਪ ਵੀ ਲਿਖਦਾ ਹੈ। ਕਿ ਲਿਸ਼ਕਦੀ ਸਿਹਤ ਸਿਰਫ਼ ਲਿਸ਼ਕਦੀਆਂ ਆਦਤਾਂ ਦਾ ਹੀ ਝਲਕਾਰਾ ਹੁੰਦੀ ਹੈ। ਲੇਖਕ ਨੂੰ ਕਈ ਤਰ੍ਹਾਂ ਦੇ ਸਵਾਲ ਵੀ ਪੁੱਛੇ ਜਾਂਦੇ ਹਨ ਕਿ ਤੁਹਾਡੀ ਸਿਹਤ ਖ਼ੁਸ਼ੀ ਗ਼ਮੀ ਕਾਮਯਾਬੀ ਪਿੱਛੇ ਕੋਈ ਤਕਦੀਰ ਜਾਂ ਕਿਸਮਤ ਦਾ ਵੀ ਹੱਥ ਹੁੰਦਾ ਹੈ। ਤਾਂ ਲੇਖਕ ਜਵਾਬ ਦਿੰਦਾ ਹੈ। ਕਿ ਤਕਦੀਰ ਹਰ ਕਿਸੇ ਦੀ ਸਹਾਇਕ ਹੁੰਦੀ ਹੈ। ਇਸ ਲਈ ਲੇਖਕ ਨੇ ਇਸ ਨਿਬੰਧ ਵਿੱਚ ਵਿੱਚ ਵੱਧ ਤੋਂ ਵੱਧ ਵਿਸ਼ਿਆਂ ਬਾਰੇ ਗੱਲ ਕੀਤੀ ਹੈ।

ਮੇਰੀ ਮਾਂ ਬੋਲੀ ਮਨੁੱਖ ਜਦੋਂ ਇਸ ਸੰਸਾਰ ਤੇ ਆਇਆ ਹੈ। ਉਸ ਦੀ ਕੋਈ ਨਾ ਕੋਈ ਬੋਲੀ ਜ਼ਰੂਰ ਹੁੰਦੀ ਹੈ। ਲੇਖਕ ਨੇ ਵੀ ਇਸ ਨਿਬੰਧ ਵਿੱਚ ਬੋਲੀ ਬਾਰੇ ਜ਼ਿਕਰ ਕੀਤਾ ਹੈ। ਮਨੁੱਖ ਬੋਲੀ ਮੇਰਾ ਸਿਮਰਨ ਹੈ। ਤੇ ਮਾਂ ਬੋਲੀ ਦੇ ਸ਼ਬਦ ਮੇਰੀ ਮਾਲਾ ਹਨ।

ਸਾਰੇ ਬ੍ਰਹਿਮੰਡ ਦੀਆਂ ਕੁੰਜੀਆਂ ਇਹ ਸ਼ਬਦ ਭਾਵੇਂ ਹੋਰ ਕਿਤੇ ਵੀ ਲੱਭ ਪਏ ਪੈਣ ਪਰ ਮਨੁੱਖ ਦਿਲ ਵਿੱਚ ਲੁਕੇ ਕਈ ਖ਼ਜ਼ਾਨਿਆਂ ਦੀਆਂ ਕੁੰਜੀਆਂ ਸਿਰਫ਼ ਮਾਂ ਬੋਲੀ ਦੇ ਸ਼ਬਦਾਂ ਵਿੱਚੋਂ ਹੀ ਲੱਭ ਸਕਦੀਆਂ ਹਨ ਜਿਸ ਦੇਸ਼ ਵਿੱਚ ਬੱਚਾ ਜਨਮ ਲੈਂਦਾ ਹੈ। ਉਸ ਨੂੰ ਆਪਣੀ ਮਾਂ ਬੋਲੀ ਦਾ ਧਿਆਨ ਰੱਖਣਾ ਚਾਹੀਦਾ ਹੈ। ਕਿਉਂਕਿ ਬੱਚਾ ਸਿਰਫ ਆਪਣੀ ਮਾਂ ਦਾ ਨਹੀਂ ਰਹਿੰਦਾ ਜਿੰਨਾ ਉਹ ਆਪਣੀ ਮਾਂ ਬੋਲੀ ਦਾ ਬਣ ਜਾਂਦਾ ਹੈ। ਜੋ ਲੋਕ ਉਨ੍ਹਾਂ ਨੂੰ ਆਪਣੀ ਮਾਂ ਬੋਲੀ ਤੋਂ ਵਾਂਝਿਆਂ ਰੱਖ ਦੇਣ ਉਨ੍ਹਾਂ ਦੇ ਜਜ਼ਬਿਆਂ ਤੇ ਕਈ ਭੰਡਾਰ ਬੰਦ ਰਹਿ ਜਾਂਦੇ ਹਨ ਲੇਖਕ ਦੀ ਤਰਸਮਈ ਸਥਿਤੀ ਜਿਸ ਨੂੰ ਉਹ ਆਪਣੇ ਨਿਬੰਧ ਵਿਚ ਬਿਆਨ ਕਰਦਾ ਹੈ।

ਅੱਜ ਦੇ ਪੰਜਾਬੀ ਨੌਜਵਾਨ ਮੇਰੇ ਨਾਲੋਂ ਵਧੇਰੇ ਭਾਗਾਂ ਵਾਲੇ ਹਨ ਮੇਰੇ ਸਿੱਖਣ ਦੀ ਉਮਰ ਵਿਚ ਮੇਰੀ ਮਾਂ ਬੋਲੀ ਰਾਣੀ ਨਹੀਂ ਸੀ ਨਾ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਸੀ ਨਾ ਜਲਸਿਆਂ ਵਿੱਚ ਬੋਲੀ ਜਾਂਦੀ ਸੀ ਮੈਨੂੰ ਅੰਗਰੇਜ਼ੀ ਉਰਦੂ ਫ਼ਾਰਸੀ ਬੋਲੀਆਂ ਪੜਾਈਆਂ ਗਈਆਂ ਮਾਂ ਬੋਲੀ ਨੂੰ ਮੈਨੂੰ ਕਿਸੇ ਨਾ ਕਿਸੇ ਨਾ ਪੜ੍ਹਾਈ ਵੱਡੇ ਹੋਇਆ ਮੇਰੇ ਅੰਦਰ ਆਖੇ ਜਾਣ ਲਈ ਕੁਝ ਤੜਫਿਆ ਤਾਂ ਮੇਰੇ ਕੋਲ ਸ਼ਬਦ ਨਹੀਂ ਸਨ ਆਪਣੀ ਮਾਂ ਬੋਲੀ ਲਈ ਮੈਂ ਤਰਸਣ ਲੱਗ ਪਿਆ ਸੋ ਲੇਖਕ ਨੇ ਇਸ ਨਿਬੰਧ ਰਾਹੀਂ ਮਾਂ ਬੋਲੀ ਦੇ ਪਿਆਰ ਨੂੰ ਬਹੁਤ ਹੀ ਬਾਖੂਬੀ ਢੰਗ ਦੇ ਨਾਲ ਨਿਭਾਇਆ ਹੈ। ਇਸ ਤੋਂ ਅਗਲੇ ਨਿਬੰਧ ਜ਼ਿੰਦਗੀ ਅੱਤ ਸੋਹਣੀ ਰਾਸ ਹੈ। ਵਿੱਚ ਲੇਖਕ ਨੇ ਜ਼ਿੰਦਗੀ ਅਤੇ ਪਿਆਰ ਦੇ ਭਾਵਾਂ ਨੂੰ ਪੇਸ਼ ਕੀਤਾ ਹੈ। ਜਿਸ ਵਿੱਚ ਪਿਆਰ ਮਨੁੱਖ ਨੂੰ ਮਾਣ ਕੇ ਆਪਣੀ ਜ਼ਿੰਦਗੀ ਨੂੰ ਬਹੁਤ ਹੀ ਮਹੱਤਵਪੂਰਨ ਅਤੇ ਕਿਸੇ ਲਈ ਉਦਾਹਰਣ ਬਣਾ ਸਕਦਾ ਹੈ। ਜਿਵੇਂ ਇਸ ਨਿਬੰਧ ਵਿੱਚ ਉਹ ਇਕ ਜਗ੍ਹਾ ਲਿਖਦਾ ਹੈ। ਜਿਨ੍ਹਾਂ ਨੂੰ ਇਸ ਤਰ੍ਹਾਂ ਦਿਲ ਭੂਟਾਨ ਦਾ ਮੌਕਾ ਨਹੀਂ ਮਿਲਦਾ ਉਨ੍ਹਾਂ ਦੀ ਜ਼ਿੰਦਗੀ ਵਿੱਚ ਵੀ ਕਈ ਖ਼ੁਸ਼ੀਆਂ ਆਉਂਦੀਆਂ ਹਨ ਪਰ ਜਿਹੜੀ ਡੂੰਘਾਈ ਪਿਆਰ ਦੀਆਂ ਖ਼ੁਸ਼ੀਆਂ ਵਿੱਚ ਹੁੰਦੀ ਹੈ। ਉਹ ਕਿਸੇ ਵੀ ਹੋਰ ਖ਼ੁਸ਼ੀ ਵਿੱਚ ਨਹੀਂ ਹੁੰਦੀ ਬੜੀ ਵੱਡੀ ਕਾਮਯਾਬੀ ਬੜੀ ਵੱਡੀ ਸ਼ੋਹਰਤ ਬੜੇ ਸਾਰੇ ਧਨ ਦੀ ਪ੍ਰਾਪਤੀ ਠੀਕ ਵੱਡੀਆਂ ਖ਼ੁਸ਼ੀਆਂ ਹਨ ਪਰ ਜਿਹੜਾ ਆਕਾਸ਼ੀ ਹੁਲਾਰਾ ਘੜੇ ਉੱਤੇ ਸੌ ਦਰਿਆ ਤਰ ਕੇ ਆਈ ਸੋਹਣੀ ਦੀਆਂ ਪਾਣੀ ਦੀਆਂ ਬਾਂਹਾਂ ਗਲ਼ ਪਾਣ ਤੇ ਉਹਨੂੰ ਸਾਰੀ ਨੂੰ ਆਪਣੇ ਦਿਲ ਦਰਿਆ ਵਿਚ ਤਾਰੀਆਂ ਲਾਉਣ ਵਿੱਚ ਹੈ। ਉਹਨੂੰ ਕਿਸੇ ਵੀ ਹੋਰ ਹੁਲਾਰੇ ਨਾਲ ਜਾਚਿਆ ਨਹੀਂ ਜਾ ਸਕਦਾ ਇਸੇ ਕਰਕੇ ਪਿਆਰ ਹੀ ਜ਼ਿੰਦਗੀ ਹੈ। ਸਾਰੇ ਖ਼ਿਆਲ ਸਾਰੀ ਵੇਗ ਸਾਰੀਆਂ ਖ਼ੁਸ਼ੀਆਂ ਜੋ ਕੁਝ ਵੀ ਸਾਡਾ ਫ਼ਾਨੀ ਸਰੀਰ ਨੂੰ ਹਰਕਤ ਦਿੰਦਾ ਹੈ। ਉਹ ਸਭ ਪਿਆਰ ਦੀ ਸੇਵਾਦਾਰ ਹਨ ਜਿਹੜੇ ਇਹਦੀ ਮੁਤਵਰਕ ਜੋਤ ਨੂੰ ਜਗਦਿਆਂ ਰੱਖਦੇ ਹਨ ਕਿ ਮਨੁੱਖ ਕੋਮਲ ਕਿਵੇਂ ਬਣਦਾ ਹੈ। ਜਦੋਂ ਏਕਤਾ ਦੀ ਧੁਨ ਮਨੁੱਖ ਵਿੱਚ ਸਰ ਕੀ ਇੱਕ ਮਨੁੱਖ ਨੇ ਇਕ ਕਿਸੇ ਦੂਜੇ ਨੂੰ ਪਿਆਰਿਆ ਕਿ ਇਹ ਦੂਜਾ ਆਪਣੇ ਨਾਲੋਂ ਵੀ ਵੱਧ ਆਪਣਾ ਆਪ ਜਾਪਿਆ ਉਦੋਂ ਦੁੱਖਾਂ ਦੀ ਪੀੜ ਬਹੁਤੀ ਹੋਈ ਤੇ ਉਹਦੇ ਸੁੱਖਾ ਨੇ ਬਹੁਤਾ ਸੁਖਾਇਆ ਇਸ ਨਵੀਂ ਤਕੜੀ ਹੋਈ ਭਾਵਨਾ ਨੇ ਮਨੁੱਖ ਦੀ ਹੈ।ਵਾਨੀਅਤ ਨੂੰ ਕੋਮਲ ਕਰ ਦਿੱਤਾ ਇਸ ਕਰਕੇ ਜੇਕਰ ਮਨੁੱਖ ਵਿਕਾਸ ਵੀ ਕਰਨਾ ਚਾਹੁੰਦਾ ਹੈ। ਤਾਂ ਉਹ ਵੀ ਪਿਆਰ ਦੇ ਜ਼ਰੀਏ ਕਰ ਸਕਦਾ ਹੈ। ਜਿਵੇਂ ਹੈ।ਵਾਨ ਨੇ ਜਿੰਨਾ ਵਿਕਾਸ ਕਰੋੜਾਂ ਵਰ੍ਹਿਆਂ ਵਿੱਚ ਕੀਤਾ ਸੀ ਇਨਸਾਨ ਨੇ ਉਨ੍ਹਾਂ ਹਜ਼ਾਰਾਂ ਵਰ੍ਹਿਆਂ ਵਿੱਚ ਕਰ ਲਿਆ ਤੇ ਜਿਉਂ ਜਿਉਂ ਉਹਦੀ ਪਿਆਰ ਭਾਵਨਾ ਮਜ਼ਬੂਤ ਹੁੰਦੀ ਗਈ ਹਜ਼ਾਰਾਂ ਵਰਿਆਂ ਜਿਨ੍ਹਾਂ ਵਿਕਾਸ ਇਕ ਸਦੀ ਵਿਚ ਕਰਨ ਦੀ ਰਫ਼ਤਾਰ ਵਧ ਗਈ

ਇਸ ਲਈ ਪਿਆਰ ਕੋਈ ਵਿਖਾਵਾ ਨਹੀਂ ਇਹ ਉਹ ਰੋਹ ਹੈ। ਜੋ ਹਰ ਅੰਗ ਟਰਕਾਂਦਾ ਤੇ ਅੱਖੀਆਂ ਨਸ਼ਿਆਉਂਦਾ ਔਰ ਚੁੱਪ ਚਾਪ ਆਰ ਪਾਰ ਲੰਘ ਜਾਂਦਾ ਜ਼ਿੰਦਗੀ ਤੇ ਸਾਹਿਤ ਨਿਬੰਧ ਵਿੱਚ ਲੇਖਕ ਨੇ ਮਨੁੱਖੀ ਜ਼ਿੰਦਗੀ ਵਿੱਚ ਸਾਹਿਤ ਦਾ ਬਹੁਤ ਮਹੱਤਵਪੂਰਨ ਰੋਲ ਹੈ। ਛੋਟੇ ਹੁੰਦੇ ਹੀ ਇੱਕ ਵਾਰ ਅਧਿਆਪਕ ਕੋਲੋਂ ਅਧਿਆਪਕਾਂ ਕੋਲੋਂ ਸੁਣਦੇ ਹੁੰਦੇ ਸੀ ਕਿ ਸਾਹਿਤ ਸਮਾਜ ਦਾ ਦਰਪਣ ਹੈ। ਜਾਂ ਸਾਹਿਤ ਸਮਾਜ ਦਾ ਸ਼ੀਸ਼ਾ ਹੈ। ਉਸ ਸਮੇਂ ਸੁਣਦੇ ਹੀ ਸੀ ਸਮਝੋ ਹੁਣ ਲੱਗੀ ਹੈ। ਠੀਕ ਹੈ। ਕਿ ਸਾਹਿਤ ਹੀ ਸਮਾਜ ਦਾ ਦਰਪਣ ਹੈ। ਕਿਉਂਕਿ ਜਦੋਂ ਅਸੀਂ ਕੋਈ ਸਮਾਜਿਕ ਰਚਨਾ

ਪੜ੍ਹਦੇ ਹਾਂ ਉਸ ਵਿਚੋਂ ਸਾਨੂੰ ਜ਼ਿੰਦਗੀ ਸਮਾਜ ਨਾਰੀ ਦਲਿਤ ਚੇਤਨਾ ਆਰਥਿਕਤਾ ਰਾਜਨੀਤੀ ਧਾਰਮਿਕਤਾ ਆਦਿ ਅਨੇਕਾਂ ਵਿਸ਼ਿਆਂ ਬਾਰੇ ਪਤਾ ਲੱਗਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ। ਕਿ ਸਾਹਿਤਕਾਰ ਮਨੁੱਖਤਾ ਦਾ ਮਨ ਮਨੁੱਖਤਾ ਦੀਆਂ ਅੱਖਾਂ ਹੁੰਦੇ ਹਨ ਜੋ ਇਹ ਅੱਜ ਵੇਖਦੇ ਤੇ ਪਿਆਰਦੇ ਹਨ ਉਹ ਕੱਲ੍ਹ ਮਨੁੱਖੀ ਨਸਲਾਂ ਦਾ ਜੀਵਨ ਬਣ ਜਾਂਦਾ ਹੈ। ਸਾਹਿਤਕਾਰ ਦੀਆਂ ਸੁਰਤੀਆਂ ਜਨ ਸਾਧਾਰਨ ਨਾਲੋਂ ਜ਼ਿਆਦਾ ਕੋਮਲ ਹੁੰਦੀਆਂ ਹਨ ਜੋ ਸਾਹਿਤ ਅਤੇ ਜ਼ਿੰਦਗੀ ਦਾ ਰਿਸ਼ਤਾ ਅਟੁੱਟ ਮੰਨਦੀਆਂ ਹਨ ਸੋ ਇਸ ਨਿਬੰਧ ਦੇ ਜ਼ਰੀਏ ਲੇਖਕ ਨੇ ਜ਼ਿੰਦਗੀ ਅਤੇ ਸਾਹਿਤ ਦੇ ਰਿਸ਼ਤੇ ਨੂੰ ਮਨੁੱਖੀ ਜ਼ਿੰਦਗੀ ਵਿੱਚ ਮਹੱਤਵਪੂਰਨ ਰਾਹ ਦੱਸਿਆ ਹੈ। ਮਹਾਤਮਾ ਬੁੱਧ ਇਸ ਨਿਬੰਧ ਵਿੱਚ ਮਹਾਤਮਾ ਬੁੱਧ ਨੇ ਜ਼ਿੰਦਗੀ ਜਿਊਣ ਦੇ ਅੱਠ ਮਾਰਗ ਦੱਸੇ ਹਨ ਜੇਕਰ ਅਸੀਂ ਇਕ ਚੰਗੀ ਅਤੇ ਸੁਚੱਜੀ ਜ਼ਿੰਦਗੀ ਜਿਊਣਾ ਚਾਹੁੰਦੇ ਹਾਂ ਤਾਂ ਸਾਨੂੰ ਇਨ੍ਹਾਂ ਅੱਠ ਮਾਰਗਾਂ ਦੇ ਜ਼ਰੀਏ ਜਿਊਣਾ ਚਾਹੀਦਾ ਹੈ। ਤੇ ਅਸੀਂ ਕਦੇ ਕਦੇ ਵੀ ਦੁਖੀ ਨਹੀਂ ਹੋ ਸਕਦੇ

1. ਸਹੀ ਗਿਆਨ

2.ਸਹੀ ਬੋਲ

3.ਗੁਜ਼ਾਰੇ ਦੇ ਸਹੀ ਸਾਧਨ

4.ਸਹੀ ਵਿਚਾਰ

5.ਸਹੀ ਨੀਅਤ

6.ਸਹੀ ਚਾਲ ਚਲਣ

7.ਸਹੀ ਉੱਦਮ

8.ਸਹੀ ਲਗਨ

ਸੋ ਇਸ ਤਰ੍ਹਾਂ ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਇਸ ਨਿਬੰਧ ਦੇ ਜ਼ਰੀਏ ਮਨੁੱਖ ਨੂੰ ਅੱਠ ਉਹ ਮਾਰਗ ਦੱਸੇ ਹਨ ਜਿਨ੍ਹਾਂ ਦੇ ਜ਼ਰੀਏ ਮਨੁੱਖ ਇੱਕ ਸੁਖੀ ਜ਼ਿੰਦਗੀ ਜਿਹੜੀਆ ਜਿਉ ਸਕਦਾ ਹੈ।

ਖ਼ੁਸ਼ੀ ਦੀਆਂ ਬੁਨਿਆਦਾਂ ਇਸ ਵਿੱਚ ਲੇਖਕ ਨੇ ਜ਼ਿੰਦਗੀ ਦੇ ਵਿਚ ਖੁਸ਼ੀ ਦੀਆਂ ਬੁਨਿਆਦਾਂ ਬਾਰੇ ਗੱਲ ਕੀਤੀ ਹੈ। ਜਿਸ ਵਿੱਚ ਉਸ ਨੇ ਮਨੁੱਖ ਨੂੰ ਪੰਜ ਬੁਨਿਆਦੀ ਲੋੜਾਂ ਦੱਸੀਆਂ ਜਿਸ ਦੇ ਕਾਰਨ ਉਹ ਖੁਸ਼ ਰਹਿ ਸਕਦਾ ਹੈ।

ਮਨੁੱਖ ਦੀ ਪਹਿਲੀ ਖੁਸ਼ੀ ਇਹ ਹੈ। ਕਿ ਖਾਣ ਪਹਿਨਣ ਅਤੇ ਸਵੈ ਰੱਖਿਆ ਦੀਆਂ ਕੁਦਰਤੀ ਲੋੜਾਂ ਤ੍ਰਿਪਤਾ ਲਈ ਕਾਲ ਕਰਨ ਦੇ ਮੌਕੇ ਉਹਦੇ ਕੋਲ ਹੋ ਜੇ ਨਾ ਭੁੱਖ ਨੂੰ ਤ੍ਰਿਪਤ ਕਰਨ ਲਈ ਉਹਨੂੰ ਕੋਈ ਕਾਹਲ ਨਾ ਕਰਨੀ ਪਵੇ ਇਹ ਭੁੱਖਾਂ ਉਹਦੀਆਂ ਬਿਨਾਂ ਕਿਸੇ ਸ਼ਖ਼ਸੀ ਧਰਤ ਤੇ ਪੂਰੀਆਂ ਹੋ ਜਾਣ ਤਾਂ ਕੀ ਉਸ ਨੂੰ ਖ਼ੁਸ਼ੀ ਮਿਲ ਸਕੇਗੀ ਇਸ ਕਰਕੇ ਮਨੁੱਖ ਦੇ ਅੰਦਰ ਆਸਾਂ ਭਰਿਆ ਜੀਵਨ ਜਿਹੜਾ ਉਹ ਹੋਣਾ ਚਾਹੀਦਾ ਹੈ। ਤੇ ਮਨੁੱਖ ਜਿਹੜਾ ਇਸ ਵਿੱਚੋਂ ਹੀ ਖ਼ੁਸ਼ੀ ਪੂਰੀ ਕਰ ਸਕਦਾ ਹੈ।

ਮੁਲਕ ਦੀ ਦੂਜੀ ਵੱਡੀ ਲੋੜ ਹੈ। ਕਿ ਉੱਪਰਲੇ ਮੌਕਿਆਂ ਨੂੰ ਵਰਤ ਕੇ ਜਿਹੜੀ ਸ਼ਖ਼ਸੀਅਤ ਮਨੁੱਖ ਫੜਾਉਂਦਿਆਂ ਉਹਦੇ ਪ੍ਰਗਟ ਕਰਨ ਲਈ ਉਹਦੇ ਰਾਹ ਵਿੱਚ ਵਸੋਂ ਬਾਹਰੀਆਂ ਰੁਕਾਵਟਾਂ ਨਾ ਹੁਣ ਜ਼ਿੰਦਗੀ ਦਾ ਮੂਲ ਮਨੋਰਥ ਆਪਣੀ ਸ਼ਖ਼ਸੀਅਤ ਰਾਹੀਂ ਕੁਦਰਤੀ ਸੱਚਾਈ ਦਾ ਕੋਈ

ਅੰਗ ਉਜਲਾ ਕਰਨਾ ਹੈ। ਜਦੋਂ ਮਨੁੱਖ ਨੂੰ ਆਪਣੇ ਅੰਦਰ ਸਵੈ ਸਤਿਕਾਰ ਔਰ ਬੰਦੇ ਨੂੰ ਬੰਦਾ ਬਣਾਉਣ ਦੀ ਔਰ ਬੰਦੇ ਨੂੰ ਘੜਨ ਦੀ ਗੁਣ ਜਿਹੜੀਆਂ ਹੋਣੇ ਚਾਹੀਦੇ ਹਨ

ਮਨੁੱਖ ਦੀ ਤੀਜੀ ਬੁਨਿਆਦ ਜਦੋਂ ਮਨੁੱਖ ਆਪਣੀਆਂ ਕੁਦਰਤੀ ਭੁੱਖਾ ਨੂੰ ਪੂਰੀਆਂ ਕਰਨ ਦੇ ਸਾਧਨ ਪ੍ਰਾਪਤ ਕਰ ਲਵੇ ਤਾਂ ਉਹਦੇ ਸਾਹਮਣੇ ਆਪਣੀ ਉੱਨਤੀ ਦੀ ਕਾ ਦਰਸ਼ਕ ਤਸਵੀਰ ਬਣਦੀ ਜਾਵੇ ਇਸ ਤਸਵੀਰ ਦੇ ਪੂਰਨੇ ਜਿਉ ਜੋ ਭਰਦੇ ਜਾਣ ਕਿਉਂ ਜੋ ਇਹ ਤਸਵੀਰ ਹੋਰ ਗੰਭੀਰ ਤੇ ਰਾਂਗਲੀ ਹੁੰਦੀ ਜਾਏ ਤਾਂ ਇਸ ਵਿਚ ਕੋਮਲਤਾ ਵਾਲੇ ਤਾਲੀਮ ਵਾਲੇ ਆਦਰਸ਼ ਵਾਲੇ ਰੰਗ ਭਰਨੇ ਭਰਨੀ ਜ਼ਰੂਰੀ ਹਨ ਜਿਸ ਨਾਲ ਮਨੁੱਖ ਆਪਣੀ ਤਾਲੀਮ ਦੇ ਜ਼ਰੀਏ ਆਪਣੀ ਯੋਗਤਾ ਦੇ ਜ਼ਰੀਏ ਹਰ ਇੱਕ ਨੂੰ ਜ਼ਿੰਦਗੀ ਵਿੱਚ ਸ਼ਾਮਲ ਕਰ ਸਕਦਾ ਹੈ।

ਮਨੁੱਖ ਦੀ ਮਨੁੱਖ ਦੀ ਚੌਥੀ ਵੱਡੀ ਬੁਨਿਆਦ ਤਾਲੀਮ ਹੈ। ਤਾਲੀਮ ਜ਼ਰੀਏ ਹੀ ਮਨੁੱਖ ਅਮੀਰ ਹੁੰਦਾ ਹੈ। ਤਾਲੀਮ ਜ਼ਰੀਏ ਹੀ ਮਨੁੱਖ ਹਰ ਇੱਕ ਨੂੰ ਆਪਣਾ ਬਣਾ ਸਕਦਾ ਹੈ। ਤਾਲੀਮ ਜ਼ਰੀਏ ਹੀ ਮਨੁੱਖ ਬੱਚਿਆਂ ਦੀ ਦੁਨੀਆਂ ਰਹੀਮ ਮਨੁੱਖੀ ਸਾਂਝਾਂ ਵਧਾ ਸਕਦਾ ਹੈ। ਤਾਲੀਮ ਜ਼ਰੀਏ ਹੀ ਕੌਮ ਧਰਮ ਮਜ਼ਹਬ ਰੰਗ ਹਰ ਮੁਲਕ ਦੇ ਵਿਤਕਰੇ ਨੂੰ ਬੇਮਿਸਾਲ ਕਰ ਸਕਦਾ ਹੈ। ਇਸ ਅਵਸਥਾ ਵਿੱਚ ਪਹੁੰਚ ਕੇ ਮਨੁੱਖ ਬਿਰਖਾਂ ਸੋਕਾ ਅਤੇ ਅਸੰਤੁਸ਼ਟਤਾ ਜਿਹੇ ਰੋਗਾਂ ਨੂੰ ਖ਼ਤਮ ਕਰ ਸਕਦਾ ਹੈ। ਮਨੁੱਖ ਦੀ ਚੌਥੀ ਵੱਡੀ ਲੋੜ ਉਹ ਹੈ। ਜੋ ਸਮਾਜ ਵਿੱਚ ਜਿਹੜਾ ਮਨੁੱਖ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਦਾ ਹੈ। ਇਕੱਲਾ ਇਕੱਲਾ ਕੋਈ ਮਨੁੱਖ ਨਹੀਂ ਉਸ ਦੀਆਂ ਸਾਂਝਾਂ ਹਨ ਜ਼ਿੰਦਗੀ ਦੀ ਪੌੜੀ ਉੱਤੇ ਜਿਉਂ ਜਿਉਂ ਮਨੁੱਖ ਉੱਚਾ ਚੜ੍ਹਦਾ ਜਾਂਦਾ ਉਹਦੀਆਂ ਖ਼ੁਸ਼ੀਆਂ ਲਈ ਬਹੁਤਿਆਂ ਦੀ ਮਿਲਵਰਤਨ ਲੋੜੀਂਦੀ ਹੋ ਜਾਂਦੀਆਂ ਇਸ ਪੌੜੀ ਦੇ ਹੇਠਲੇ ਡੰਡੇ ਉੱਤੇ ਮਨੁੱਖ ਇਕੱਲਾ ਹੀ ਕੱਲਾ ਵੀ ਚਟਪਟਾ ਲੈਂਦਾ ਹੈ। ਪਰ ਇਹਦੇ ਸਿਖਰਲੇ ਸਿਖਰ ਉਤੇ ਪਹੁੰਚਣ ਲਈ ਮਨੁੱਖੀ ਸਾਂਝ ਬਹੁਤ ਜ਼ਰੂਰੀ ਹੈ। ਇਸ ਕਰਕੇ ਮਨੁੱਖ ਦੀ ਜ਼ਿੰਦਗੀ ਦੇ ਵਿੱਚ ਪੰਜ ਵੱਡੀਆਂ ਲੋੜਾਂ ਦੇ ਵਿਚ ਇਕ ਸਾਂਝੀਵਾਲਤਾ ਦਾ ਗੁਣ ਵੀ ਹੋਣਾ ਜ਼ਰੂਰੀ ਹੈ।

ਮਾਂ ਨਿਬੰਧ ਨਿਬੰਧ ਗੁਰਬਖ਼ਸ ਸਿੰਘ ਪ੍ਰੀਤ ਲੜੀ ਦਾ ਇੱਕ ਬਹੁਤ ਹੀ ਮਹੱਤਵਪੂਰਨ ਨਿਬੰਧ ਹੈ। ਜਿਸ ਵਿੱਚ ਮਾਂ ਬਾਰੇ ਲੇਖਕ ਨੇ ਬਹੁਤ ਹੀ ਉੱਘੀਆਂ ਗੱਲਾਂ ਕੀਤੀਆਂ ਹਨ ਆਮ ਤੌਰ ਤੇ ਬੱਚਿਆਂ ਨੂੰ ਮਾਂ ਦੀ ਮਹਾਨਤਾ ਦਾ ਪੂਰਾ ਪਤਾ ਜਦੋਂ ਇਹ ਮਹਾਨ ਪਿਆਰ ਉਨ੍ਹਾਂ ਕੋਲੋਂ ਹਮੇਸ਼ਾਂ ਲਈ ਖੁੱਸ ਜਾਂਦਾ ਹੈ। ਜਦੋਂ ਉਹ ਆਪਣੀ ਮਾਂ ਨੂੰ ਆਪਣੀ ਪ੍ਰਸੰਸਾ ਦੱਸਣ ਲਈ ਖ਼ੁਸ਼ੀ ਦਾ ਮੌਕਾ ਗੁਆ ਚੁੱਕਦੇ ਹਨ ਇਸ ਲਈ ਇਸ ਨਿਬੰਧ ਦੇ ਵਿੱਚ ਲੇਖਕ ਨੇ ਮਾਂ ਪਿਆਰ ਨਾਲ ਬਹੁਤ ਹੀ ਅਹਿਮ ਗੱਲਾਂ ਕੀਤੀਆਂ ਹਨ ਲੇਖਕ ਇੱਕ ਨਸੀਹਤ ਦੇ ਤੌਰ ਤੇ ਮਾਂ ਅਤੇ ਪੁੱਤਰ ਦੀ ਕਹਾਣੀ ਨੂੰ ਵੀ ਪੇਸ਼ ਕਰਦਾ ਹੈ। ਜਿਵੇਂ ਉਹ ਕਹਿੰਦਾ ਹੈ। ਜਵਾਨ ਹੋਇਆ ਪੁੱਤਰ ਸਮਝਦਾ ਹੈ। ਹੁਣ ਉਹਦੀ ਆਪਣੀ ਜ਼ਿੰਦਗੀ ਏਡੀ ਮਜ਼ਬੂਤ ਹੋ ਗਈ ਹੈ। ਕਿ ਬੁੱਢੀ ਮਾਂ ਹੁਣ ਉਹਨੂੰ ਕੋਈ ਤਾਕਤ ਨਹੀਂ ਦੇ ਸਕਦੀ ਉਹ ਨਹੀਂ ਜਾਣਦਾ ਕਿ ਜ਼ਿੰਦਗੀ ਤਾਕਤ ਨਾਲੋਂ ਵੀ ਵਧੇਰੇ ਪ੍ਰਸੰਸਾ ਤੇ ਪਿਆਰ ਦੀ ਮੁਹਤਾਜ ਹੈ। ਤੇ ਮਾਂ ਤੋਂ ਛੁੱਟ ਕਿਸ ਦਾ ਪਿਆਰ ਸਦੀਵੀ ਹੈ। ਕਿਸ ਦੀ ਪ੍ਰਸੰਸਾ ਅਟੱਲ ਹੈ। ਚੰਗੇ ਚੰਗੇ ਦੋਸਤਾਂ ਦੀ ਪ੍ਰਸੰਸਾ ਵਿੱਚ ਵੱਟ ਪੈ ਜਾਂਦੇ ਹਨ ਜੀਵਨ ਸਾਥੀਆਂ ਦੀਆਂ ਵਡ਼ਾਵਾਂ ਡੋਲ ਗੀਤ ਜਾਂਦੀਆਂ ਹਨ

ਇਸ ਕਰਕੇ ਲੇਖਕ ਇਸ ਨਿਬੰਧ ਦੇ ਵਿੱਚ ਕਹਿੰਦਾ ਹੈ। ਕਿ ਮਾਂ ਪਿਆਰ ਸਭ ਤੋਂ ਉੱਚਾ ਤੇ ਸੁੱਚਾ ਹੈ। ਬੁੱਢੀ ਮਾਂ ਭਾਵੇਂ ਅੱਜ ਤੁਹਾਡੀ ਘਰੋਗੀ ਜੀਵਨ ਵਿਚ ਅਮਲੀ ਹਿੱਸਾ ਨਹੀਂ ਪਾ ਸਕਦੀ ਪਰ ਤੁਹਾਡੇ ਘਰ ਦੇ ਵਾਯੂਮੰਡਲ ਨੂੰ ਸੁਖਾਵਾਂ ਬਣਾਉਣ ਵਿੱਚ ਉਹਦੇ ਪਿਆਰ ਉਹਦੀਆਂ ਅਸੀਸਾਂ ਉਹਦੀਆਂ ਗਲਵੱਕੜੀਆਂ ਉਹਦੀਆਂ ਹਮਦਰਦੀਆਂ ਦਾ ਅਜੇ ਵੀ ਸਭ ਤੋਂ ਬਹੁਤਾ ਹਿੱਸਾ ਉਸ ਦਾ ਹੀ ਹੁੰਦਾ ਹੈ। ਇਸ ਹਿੱਸੇ ਦੀ ਵਡੱਤਣ ਦਾ ਪਤਾ ਤੁਹਾਨੂੰ ਉਸ ਦਿਨ ਲੱਗਣਾ ਜਿਸ ਦਿਨ ਤੁਹਾਡੇ ਘਰ ਦੀ ਪਿਆਰ ਭਰੀ ਇਹ ਨੁੱਕਰ ਅਚਾਨਕ ਸੁੰਞੀ ਹੋ ਜਾਵੇਗੀ ਤੇ ਆਪ ਮੁਹਾਰੀਆਂ ਅਸੀਸਾਂ ਤੇ ਸ਼ੁਭ ਇੱਛਾਵਾਂ ਦਾ ਸੋਮਾ ਸੁੱਕ ਜਾਵੇਗਾ ਇਸੇ ਕਰਕੇ ਇਸ ਨਿਬੰਧ ਦੇ ਵਿਚ ਲੇਖਕ ਕਹਿੰਦਾ ਹੈ। ਕਿ ਮਾਂ ਪਿਆਰ ਕਿਤਿਓਂ ਵੀ ਕਮਾਇਆ ਨਹੀਂ ਜਾ ਸਕਦਾ ਜਿਸ ਵਿੱਚ ਉਹ ਕਹਿੰਦਾ ਹੈ। ਹੋਰ ਸਾਰੇ ਪਿਆਰ ਕਮਾਏ ਜਾ ਸਕਦੇ ਹਨ ਢੂੰਡੇ ਜਾ ਸਕਦੇ ਹਨ ਪਰ ਮਾਂ ਪਿਆਰ ਇੱਕ ਦਾਤ ਹੈ। ਜਿੰਨਾ ਚਿਰ ਹੈ। ਹੈ। ਜਦੋਂ ਜਦੋਂ ਖਤਮ ਹੋ ਗਈ ਫਿਰ ਉਸ ਦਾ ਕੋਈ ਬਦਲ ਨਹੀਂ ਸੋ ਇਸ ਨਿਬੰਧ ਦੇ ਜ਼ਰੀਏ ਲੇਖਕ ਦੱਸਦਾ ਹੈ। ਕਿ ਮਾਂ ਔਖੇ ਦਿਨ ਵੀ ਬੜੀ ਬਹਾਦਰੀ ਨਾਲ ਘਟ ਜਾਂਦੀ ਹੈ। ਜਿਸ ਨੂੰ ਉਹ ਇਸ ਨਿਬੰਧ ਦਾ ਇੱਕ ਬਹੁਤ ਹੀ ਮਹੱਤਵਪੂਰਨ ਹਿੱਸਾ ਮੰਨਦਾ ਹੈ।

ਕਲਾ ਤੇ ਉਹਦਾ ਕਰਤੱਬ ਨਿਬੰਧ ਦੇ ਵਿਚ ਲੇਖਕ ਕਲਾ ਨੂੰ ਬਹੁਤ ਹੀ ਮਹੱਤਵਪੂਰਨ ਮੰਨਦਾ ਹੈ। ਜਿਸ ਵਿੱਚ ਉਹ ਲਿਖਦਾ ਹੈ। ਕਿ ਕਲਾ ਕਿਸੇ ਵੀ ਤਰ੍ਹਾਂ ਦੀ ਹੋ ਸਕਦੀ ਹੈ। ਚਾਹੇ ਉਹ ਗੌਣ ਦੀ ਹੋਵੇ ਚਾਹੇ ਉਹ ਹੱਸਣ ਦੀ ਹੋਵੇ ਚਾਹੇ ਉਹ ਹਸਾਉਣ ਦੀ ਹੋਵੇ ਚਾਹੇ ਉਹ ਅਮੀਰਾਂ ਦੀ ਹੋਵੇ ਚਾਹੇ ਉਹ ਗ਼ਰੀਬਾਂ ਦੀ ਹੋਵੇ ਕਲਾ ਕਿਸੇ ਵੀ ਤਰ੍ਹਾਂ ਦੀ ਹੋ ਸਕਦੀ ਹੈ। ਕਲਾ ਮਨੁੱਖੀ ਦਿਲ ਦੀ ਜ਼ੁਬਾਨ ਹੈ। ਇਹਦੇ ਬਿਨਾਂ ਮਨੁੱਖੀ ਦਿਲ ਗੂੰਗਿਆਂ ਵਾਂਗ ਬੇ ਤੌਰ ਭੌਰ ਹੋ ਜਾਂਦਾ ਹੈ। ਇਨਸਾਨ ਤੋਂ ਹੈ।ਵਾਨ ਵਿਚ ਫ਼ਰਕ ਸਿਰਫ਼ ਕਲਾ ਦਾ ਹੈ। ਹੁਣ ਵੀ ਧਰਤੀ ਦੀਆਂ ਕਈ ਥਾਵਾਂ ਤੇ

ਮਨੁੱਖੀ ਨਕਸ਼ਾਂ ਵਾਲੇ ਬੰਦੇ ਵਸਦੇ ਹਨ ਜਿਨ੍ਹਾਂ ਨੂੰ ਅਜੇ ਕਲਾ ਦੀ ਕਰਾਮਾਤ ਪ੍ਰਾਪਤ ਨਹੀਂ ਹੋਈ ਉਹ ਮਨੁੱਖੀ ਨਕਸ਼ਾਂ ਵਾਲੇ ਹੈ।ਵਾਨ ਹਨ ਜਿਸ ਵਿੱਚ ਉਹ ਲਿਖਦੇ ਹਨ ਕਿ ਅਸੀਂ ਭਾਵੇਂ ਅਨੇਕਾਂ ਹਰਿਆਵਲੀਆਂ ਜਗ੍ਹਾ ਉੱਤੇ ਰਹੇਗੀ ਪਰ ਇੱਕ ਚਿੱਤਰਕਾਰ ਜਦੋਂ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਾ ਹੈ। ਤਾਂ ਉਹ ਦੋ ਚਾਰ ਦਰੱਖਤਾਂ ਦੇ ਜ਼ਰੀਏ ਤੇ ਇਕ ਸੁੰਞੇ ਰਸਤੇ ਦੇ ਜ਼ਰੀਏ ਆਪਣੀ ਚਿੱਤਰਕਾਰੀ ਦੀ ਕਲਾ ਦਿਖਾ ਦਿੰਦਾ ਹੈ। ਨਿਜ਼ਾਮ ਹੈ।ਦਰਾਬਾਦ ਦੁਨੀਆਂ ਦਾ ਸਭ ਤੋਂ ਅਮੀਰ ਆਦਮੀ ਹੈ। ਮਾਰਗਨ ਤੇ ਫੋਰਡ ਵਿਰਲੇ ਤੇ ਦਾਲ ਮਾਹੀਏ ਟਾਟੇ ਤੇ ਬਾਟੇ ਦੁਨੀਆ ਦੇ ਚੋਣਵੇਂ ਧਨਾਢ ਵਪਾਰੀਆਂ ਲੱਖਾਂ ਕਰੋੜਾਂ ਟੱਬਰਾਂ ਦੀ ਤਕਦੀਰ ਇਨ੍ਹਾਂ ਦੀ ਹਥੇਲੀ ਵਿੱਚ ਮਿੱਟੀ ਰਹਿੰਦੀ ਹੈ। ਇਨ੍ਹਾਂ ਦੀ ਆਮਦਨ ਸਾਲਾਨਾ ਰੋਜ਼ਾਨਾ ਗਿਣੀ ਜਾਂਦੀ ਹੈ। ਟਾਲਸਟਾਏ ਵਾਲਟ ਵਿਟਮਨ ਗੋਰਕੀ ਕਿਸ ਟੈਗੋਰ ਸੈਕਸ਼ਪੀਅਰ ਪਾਲ ਰਾਬਸਨ ਸ਼ੰਕਰ ਸਹਿਗਲ ਕਿਸੇ ਉਂਕਾਰ ਨਾਥ ਠਾਕੁਰ ਲਈ ਠਾਠਾਂ ਮਾਰਦਾ ਹੈ। ਪਰ ਯਾਦ ਉਨ੍ਹਾਂ ਨੂੰ ਇਨ੍ਹਾਂ ਦੀ ਕਲਾ ਕਰਕੇ ਹੀ ਕੀਤਾ ਜਾਂਦਾ ਹੈ।

ਦੁੱਧ ਉੱਤੇ ਖਲੋਤੇ ਸਾਜਨ ਨਿਬੰਧ ਦੇ ਵਿਚ ਲੇਖਕ ਆਪਸੀ ਮਿਲਵਰਤਣ ਦੀ ਗੱਲ ਕਰਦਾ ਹੈ। ਜਿਸ ਵਿਚ ਉਹ ਇਕ ਅਮਨ ਸ਼ਾਂਤੀ ਦੇ ਨਾਲ ਨਾਲ ਡੂੰਘੇ ਅਰਮਾਨਾਂ ਨੂੰ ਵੀ ਪੇਸ਼ ਕਰਦਾ ਹੈ। ਜਿਸ ਵਿੱਚ ਉਹ ਲਿਖਦਾ ਹੈ। ਆਓ ਮੇਰੇ ਸਾਜਨ ਮੇਰੇ ਤੇ ਆਪਣੇ ਦੇਸ਼ ਦੀ ਸਾਂਝੀ ਸਰਹੱਦ ਉੱਤੇ ਆਊ ਜਿਥੇ ਦੋ ਦੇਸ਼ ਨਿਖਰਦੇ ਹਨ ਪਰ ਉਨ੍ਹਾਂ ਦੇ ਅਰਮਾਨ ਹਮੇਸ਼ਾਂ ਲਈ ਜੁੜੇ ਰਹਿੰਦੇ ਹਨ ਹਿੰਦੂ ਸਿੱਖ ਭਾਈ ਭਾਈ ਨਿਬੰਧ ਵਿੱਚ ਵੀ ਲੇਖਕ ਮਨੁੱਖ ਨੂੰ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੈ। ਜਿਸ ਵਿੱਚ ਉਸ ਨੇ ਕਿਹਾ ਕਿ ਹਿੰਦੂ ਅਤੇ ਸਿੱਖ ਭਾਈ ਭਾਈ ਹਨ ਇਨ੍ਹਾਂ ਨੂੰ ਵਿਛੋੜਨ ਦੇ ਲਈ ਰਾਜਨੀਤੀ ਦਾ ਹੀ ਢਾਂਚਾ ਉਸਰਿਆ ਹੋਇਆ ਹੈ। ਹਿੰਦੂ ਸਿੱਖ ਭਾਈ ਭਾਈ ਹੀ ਸਾਡੀਆਂ ਅਹੁਰਾਂ ਦਾ ਇਲਾਜ ਹੈ।

ਬੋਲੀ ਨਿਬੰਧ ਦੇ ਜ਼ਰੀਏ ਲੇਖਕ ਨੇ ਮਨੁੱਖ ਦੀ ਬੋਲੀ ਅਤੇ ਇਨ੍ਹਾਂ ਦੇ ਬੱਚਿਆਂ ਦੀ ਅਮੀਰੀ ਦਾ ਗੁਣ ਦੱਸਿਆ ਹੈ। ਬੱਚਿਆਂ ਦੀ ਦੁਨੀਆਂ ਵਿੱਚ ਅਮੀਰੀ ਦਾ ਵਾਧਾ ਕਾਇਮ ਰੱਖਣਾ ਵੱਡਿਆਂ ਦਾ ਜ਼ਿੰਦਗੀ ਨਾਲ ਪਹਿਲਾਂ ਧਰਮ ਜਿਹੜੇ ਵੱਡੇ ਬੱਚਿਆਂ ਦੀ ਦੁਨੀਆਂ ਦਾ ਧਿਆਨ ਨਹੀਂ ਰੱਖਦੇ ਉਨ੍ਹਾਂ ਦਾ ਪਾਲਣ ਪੋਸ਼ਣ ਉਨ੍ਹਾਂ ਦੀ ਮਾਂ ਭਾਸ਼ਾ ਉਨ੍ਹਾਂ ਦੀ ਬੋਲੀ ਵੱਲ ਧਿਆਨ ਨਹੀਂ ਦਿੰਦੇ ਤਾਂ ਉਹ ਲੋਕ ਉਹ ਦੁਨੀਆਂ ਦਿਨੋ ਦਿਨ ਕੰਗਾਲ ਹੁੰਦੀ ਜਾਂਦੀ ਹੈ। ਇਸ ਕਰਕੇ ਮਨੁੱਖ ਕੋਲ ਦੌਲਤ ਹੀ ਅਮੀਰੀ ਨਹੀਂ ਹੁੰਦੀ ਮਨੁੱਖ ਦੀ ਅਮੀਰੀ ਉਸ ਦੀ ਬੋਲੀ ਹੈ। ਜਿਸ ਵਿਚ ਉਹ ਚਾਹੇ ਕੁਝ ਵੀ ਲੈ ਸਕਦਾ ਹੈ। ਅਗਾਂਹਵਧੂ ਸਾਹਿਤ ਵਿਚ ਲੇਖਕ ਨੇ ਜੀਵਨ ਦੇ ਪੰਜ ਮਾਰਗ ਦੱਸੇ ਹਨ ਜਿਸ ਵਿੱਚ ਮਨੁੱਖ ਅਗਾਂਹਵਧੂ ਸਾਹਿਤ ਦੇ ਜ਼ਰੀਏ ਆਪਣੇ ਆਪ ਨੂੰ ਬਦਲ ਸਕਦਾ ਹੈ।

1.ਪ੍ਰਫੁੱਲਤ ਅਹਿਸਾਸ

2.ਕੁਦਰਤ ਦੀ ਪਹਿਚਾਣ

3.ਅਸਲੀਅਤ ਦਾ ਗਿਆਨ

4.ਮਨੁੱਖ ਦੀ ਏਕਤਾ ਵਿੱਚ ਭਰੋਸਾ

5.ਜੀਵਨ ਬਦਲ ਸਕਣ ਦੀ ਸ਼ਕਤੀ

ਇਸ ਕਰਕੇ ਮਨੁੱਖ ਅਗਾਂਹਵਧੂ ਸਾਹਿਤ ਪੜ੍ਹਨਾ ਚਾਹੀਦਾ ਹੈ। ਜਿਸ ਨਾਲ ਮਨੁੱਖ ਆਪਣੀ ਜ਼ਿੰਦਗੀ ਦੀਆਂ ਕਾਮਨਾਵਾਂ ਆਪਣੀ ਜ਼ਿੰਦਗੀ ਦੇ ਅਣ ਪਿਆਰੀ ਅਨੁਭਵ ਮਨੁੱਖ ਕੁਦਰਤ ਦੇ ਨਜ਼ਾਰਿਆਂ ਨੂੰ ਬਹੁਤ ਹੀ ਸਹੀ ਢੰਗ ਦੇ ਨਾਲ ਜਾਪ ਸਕਦਾ ਹੈ। ਪਿਆਰ ਨਿਬੰਧ ਦੇ ਜ਼ਰੀਏ ਲੇਖਕ ਨੇ ਨੇ ਪਿਆਰ ਦੇ ਅਨੁਭਵਾਂ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਅਨੇਕਾਂ ਵਿਆਹ ਮੁਨਾਸਬ ਸ਼ੁਭ ਇੱਛਾ ਤੇ ਹਮਦਰਦੀ ਨਾਲ ਕਾਮਯਾਬ ਰੱਖੇ ਜਾ ਸਕਦੇ ਹਨ ਸਾਰੀ ਉਮਰ ਪਿਆਰ ਨੇ ਉਨ੍ਹਾਂ ਵਿੱਚ ਇੱਕ ਝਾਤ ਵੀ ਨਾ ਪਾਈ ਹੋਵੇ ਤੇ ਪਿਆਰ ਵਾਲੀ ਜ਼ਿੰਦਗੀ ਦੁਨਿਆਵੀ ਜ਼ਿੰਦਗੀ ਬਣ ਜਾਂਦੀ ਹੈ। ਸੋ ਪਿਆਰ ਦੇ ਛੋਟੇ ਛੋਟੇ ਅਨੁਭਵਾਂ ਨੂੰ ਵੀ ਇਕ ਗੂੜ੍ਹੇ ਅਨੁਭਵ ਦੇ ਜ਼ਰੀਏ ਮੰਨਣਾ ਚਾਹੀਦਾ ਹੈ। ਜਿਸ ਨਾਲ ਮਨੁੱਖੀ ਜ਼ਿੰਦਗੀ ਦੇ ਵਿੱਚ ਪਿਆਰ ਦੀ ਭਾਵਨਾ ਹੋਰ ਵੀ ਉਤੇਜਿਤ ਹੋ ਜਾਂਦੀ ਹੈ। ਐਟਮੀ ਸ਼ਕਤੀ ਦੇ ਰੂਬਰੂ ਨੇ ਬੰਦ ਵਿੱਚ ਲੇਖਕ ਨੇ ਮਨੁੱਖ ਅਤੇ ਉਸ ਦੇ ਕੁਦਰਤ ਨਾਲ ਜੁੜੇ ਹੋਏ ਅਨੁਭਵ ਨੂੰ ਪੇਸ਼ ਕੀਤਾ ਹੈ। ਇਸ ਨਿਬੰਧ ਦੇ ਜ਼ਰੀਏ ਲੇਖਕ ਨੇ ਮਨੁੱਖ ਦੇ ਵਹਿਮ ਅਤੇ ਭਰਮ ਨੂੰ ਵੀ ਪੇਸ਼ ਕੀਤਾ ਹੈ। ਹਰ ਸਾਲ ਇਸ ਤਰ੍ਹਾਂ ਗ੍ਰਹਿਣ ਆਉਂਦੇ ਤੇ ਹਰ ਸਾਲ ਸਾਡਾ ਚੰਨ ਨੌਂ ਬਰ ਨੌਂ ਚੜ੍ਹਦਾ ਰਹਿੰਦਾ ਹੈ। ਜਿੱਥੇ ਕੋਈ ਵੀ ਇਹਦੇ ਲਈ ਪ੍ਰਾਰਥਨਾ ਨਹੀਂ ਕਰਦਾ ਉੱਥੇ ਏ ਇਹਦਾ ਕੁਝ ਨਹੀਂ ਵਿਗੜਦਾ ਤੇ ਨਾ ਉਥੇ ਦੇ ਲੋਕਾਂ ਦਾ ਕੁਝ ਵਿਗੜਦਾ ਹੈ। ਉਹ ਸਮਝਾਉਂਦਾ ਹੈ। ਕਿ ਦੂਰਬੀਨਾਂ ਨਾਲ ਉਸ ਨੇ ਇਸ ਕੁਦਰਤੀ ਹੋਈ ਦੀਆਂ ਕਈ ਤਸਵੀਰਾਂ ਖਿੱਚੀਆਂ ਹਨ ਉਸ ਹਿਸਾਬ ਨਾਲ ਗਿਣ ਕੇ ਦੱਸ ਸਕਦਾ ਕਿ ਫਿਰ ਕਦੋਂ ਗ੍ਰਹਿਣ ਲੱਗੇਗਾ ਕਿੰਨਾ ਚਿਰ ਲੱਗੇਗਾ ਭਾਵੇਂ ਕੋਈ ਪ੍ਰਾਰਥਨਾ ਕਰੇ ਚਾਹੇ ਨਾ ਕਰੇ ਇਹ ਗ੍ਰਹਿ ਲੈ ਜਾਵੇਗਾ ਇਸ ਕਰਕੇ ਉਹ ਇਸ ਨਿਬੰਧ ਦੇ ਜ਼ਰੀਏ ਮਨੁੱਖ ਨੂੰ ਇਸ

ਵਹਿਮ ਭਰਮ ਤੋਂ ਦੂਰ ਰਹਿਣ ਲਈ ਕਹਿੰਦਾ ਹੈ। ਜਿਵੇਂ ਇੱਥੇ ਹੀ ਨਹੀਂ ਕਈ ਤੀਰਥਾਂ ਉੱਤੇ ਇਹੋ ਜਿਹੀਆਂ ਭੀੜਾਂ ਏਸੇ ਵੇਲੇ ਜੁੜੀਆਂ ਤੇ ਟੁੱਭੀ ਲਾਉਣ ਲਈ ਬੇਤਾਬ ਹੋ ਰਹੀਆਂ ਹਨ ਜ਼ਿੰਦਗੀ ਦੇ ਜ਼ਰੂਰੀ ਕੰਮ ਛੱਡ ਕੇ ਔਖੇ ਸਫ਼ਰ ਝਾਗ ਕੇ ਪੁਲੀਸ ਨੂੰ ਰਿਸ਼ਵਤ ਦੇ ਕੇ ਕਈ ਸਿਫ਼ਾਰਸ਼ਾਂ ਨਾਲ ਤੀਰਥਾਂ ਦੀ ਰੇਲਵੇ ਟਿਕਟ ਖ਼ਰੀਦ ਕੇ ਇਹ ਲੋਕ ਅਸ਼ਨਾਨ ਦਾ ਮਹਾਤਮ ਲੈਣ ਆਏ ਹਨ ਇਹ ਮਹਾਤਮ ਲਈ ਬਾਪ ਆਪਸ ਵਿੱਚ ਲੜ ਰਹੇ ਹਨ ਇਕ ਦੂਜੇ ਨੂੰ ਮਿਲ ਰਹੇ ਹਨ ਕਈ ਚੀਜ਼ਾਂ ਗਵਾ ਕੇ ਇਹ ਘਰ ਮੁੜਨਗੇ ਕਈ ਮੁੜਨਗੇ ਵੀ ਨਹੀਂ ਰਾਹ ਵਿੱਚ ਮਰ ਜਾਣਗੇ ਅਸਮਾਨੀ ਹਸਤੀਆਂ ਦੀ ਰਫ਼ਤਾਰ ਉਨ੍ਹਾਂ ਦੇ ਭਾਰ ਉਨ੍ਹਾਂ ਦੀ ਗਰਦਸ਼ ਦੇ ਰਾਹ ਜਾਨਣ ਵਾਲਾ ਸਾਇੰਸਦਾਨ ਜੇਕਰ ਯਾਤਰੂਆਂ ਦੀ ਅਗਿਆਨਤਾ ਉਤੇ ਹੈ।ਰਾਨ ਹੁੰਦਾ ਹੈ। ਓਂਕਰ ਘੋਦਰ ਐਟਮੀ ਸ਼ਕਤੀ ਦਾ ਜਾਣਕਾਰ ਮੁਲਕਾਂ ਦੀ ਤੇਲ ਧਾਕ ਦੀਆਂ ਖਾਨਾਂ ਅਤੇ ਦਰਿਆਵਾਂ ਦੇ ਪਾਣੀਆਂ ਦੀ ਮਾਰ ਧਾੜ ਉਤੇ ਹੈ।ਰਾਨ ਹੁੰਦਾ ਹੈ। ਜੇਕਰ ਮਨੁੱਖ ਨੂੰ ਐਟਮੀ ਸ਼ਕਤੀ ਦੀ ਦੌਲਤ ਬਾਰੇ ਪਤਾ ਲੱਗ ਜਾਵੇ ਕਿ ਛੋਟੇ ਜਿਹੇ ਯੂਰੇਨੀਅਮ ਦੇ ਨਾਲ ਬਿਜਲੀ ਘਰ ਖੋਲ੍ਹਿਆ ਜਾ ਸਕਦਾ ਹੈ। ਤਾਂ ਉਹ ਇਹੋ ਜਿਹੇ ਵਹਿਮਾਂ ਭਰਮਾਂ ਤੋਂ ਬਹੁਤ ਹੀ ਦੂਰ ਹੋ ਜਾਵੇਗਾ ਪਰ ਅਸਲ ਵਿੱਚ ਸਾਡੇ ਮਨੁੱਖ ਇਸ ਐਟਮੀ ਪ੍ਰਪੰਚ ਤੋਂ ਜਾਣਨ ਦੇ ਲਈ ਉਤਸੁਕ ਹੀ ਨਹੀਂ ਹਨ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਤਾਕਤ ਕੀ ਹੈ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਸਾਡੇ ਰਾਹ ਦੀਆਂ ਔਕੜਾਂ ਕੀ ਹਨ ਉਹ ਇਨ੍ਹਾਂ ਨੂੰ ਰੁਝਾਉਣ ਵਿੱਚ ਹੀ ਆਪਣਾ ਸਕੂਨ ਸਮਝਦੇ ਹਨ ਸੋ ਮਨੁੱਖ ਦਾ ਐਟਮੀ ਧਮਾਕਾ ਹੀ ਮਨੁੱਖੀ ਏਕਤਾ ਦਾ ਐਲਾਨ ਹੈ। ਸੱਭਿਆਚਾਰ ਸੱਭਿਆਚਾਰ ਦੇ ਅਰਥ ਸਮਝਣੇ ਬਹੁਤ ਮੁਸ਼ਕਲ ਹਨ ਪਰ ਜੇਕਰ ਇਸ ਨੂੰ ਸੌਖੇ ਤਰੀਕੇ ਨਾਲ ਸਮਝਣਾ ਤਾਂ ਜ਼ਿੰਦਗੀ ਦੀਆਂ ਸਾਂਝਾਂ ਵਿਚੋਂ ਸਮਝਿਆ ਜਾ ਸਕਦਾ ਹੈ। ਸੋ ਸੱਭਿਆਚਾਰ ਤਾਲੀਮ ਨਾਲੋਂ ਵੱਡੀ ਅਤੇ ਡੂੰਘੀ ਸਿਫ਼ਤ ਹੈ। ਤਾਲੀਮ ਇਹਦਾ ਭਾਗ ਹੈ। ਪਰ ਸੱਭਿਆਚਾਰ ਤਾਲੀਮ ਦਾ ਭਾਗ ਨਹੀਂ ਕਹੀ ਮਿਹਨਤੀ ਸ਼ਖ਼ਸ ਨਿੱਜੀ ਕੋਸ਼ਿਸ਼ਾਂ ਨਾਲ ਤਾਲੀਮ ਹਾਸਲ ਕਰ ਸਕਦੇ ਹਨ ਪਰ ਸੱਭਿਆਚਾਰ ਨਿੱਜੀ ਕੋਸ਼ਿਸ਼ਾਂ ਦੀ ਪਹੁੰਚ ਤੋਂ ਬਾਹਰਲੀ ਸਿਫ਼ਤ ਹੈ। ਇਹ ਲੋਕਾਂ ਨਾਲ ਰਿਸ਼ਤਿਆਂ ਦੇ ਕਰਮਾਂ ਪ੍ਰਤਿਕਰਮਾਂ ਦਾ ਸਿੱਟਾ ਹੈ। ਜਿਸ ਦੇ ਜ਼ਰੀਏ ਮਨੁੱਖ ਇਸ ਨੂੰ ਰਿਸ਼ਤਿਆਂ ਦੇ ਨਾਲ ਇਸ ਨੂੰ ਮਿਲਵਰਤਣ ਦੇ ਨਾਲ ਸਿੱਖ ਸਕਦਾ ਹੈ। ਇਹ ਕੋਈ ਡਿਗਰੀ ਨਹੀਂ ਜਿਸ ਨੂੰ ਅਸੀਂ ਕਿਸੇ ਡਿਗਰੀ ਦੇ ਜ਼ਰੀਏ ਹਾਸਲ ਕਰ ਸਕਦੇ ਹਾਂ ਸੱਭਿਆਚਾਰ ਡੂੰਘਾ ਅਤੇ ਵਧੀਆ ਤੇ ਉੱਚਾ ਹੁੰਦਾ ਹੈ। ਮਨੁੱਖ ਦਾ ਰਿਸ਼ਤਾ ਆਪਣੇ ਸਸਤੀਆਂ ਸਾਥੀਆਂ ਨਾਲ ਉੱਚਾ ਤੇ ਸਹਾਇਕ ਤਾਂ ਹੀ ਹੋ ਸਕਦਾ ਹੈ। ਜੇਕਰ ਉਹ ਆਪਣੇ ਸੱਭਿਆਚਾਰ ਦੀਆਂ ਪ੍ਰੰਪਰਾਵਾਂ ਨੂੰ ਜਾਣਦਾ ਹੈ। ਪਿਆਰ ਦੋਸਤੀ ਹੁਸਨ ਸੁਹਜ ਹੁਨਰ ਕਲਾ ਸਿਰਫ ਉਦੋਂ ਹੀ ਜੋਬਨ ਤੇ ਆਉਣਗੇ ਜਦੋਂ ਧਰਤੀ ਦੀ ਸਮੁੱਚੀ ਦੌਲਤ ਸਾਰੇ ਲੋਕਾਂ ਦੀ ਸਿਹਤ ਸਾਰੇ ਲੋਕਾਂ ਦੀ ਅਕਲ ਤੇ ਸਾਰੇ ਲੋਕਾਂ ਦੀ ਜ਼ਿੰਦਗੀ ਦਾ ਪੱਧਰ ਉੱਚਾ ਕਰਨ ਵਿੱਚ ਵਰਤੀ ਜਾਏਗੀ ਜਦੋਂ ਹਰ ਸ਼ਖ਼ਸ ਲਈ ਉਹਦੇ ਮਨਪਸੰਦ ਰੁਜ਼ਗਾਰ ਦਾ ਮਿਲਣਾ ਜ਼ਿੰਦਗੀ ਦਾ ਸਵਾਲ ਨਹੀਂ ਜ਼ਿੰਦਗੀ ਦੀ ਬੁਨਿਆਦੀ ਸ਼ਰਤ ਹੋਵੇਗੀ ਇਹ ਰਿਸ਼ਤੇ ਜ਼ੋਰੀ ਨਹੀਂ ਜੇਲ੍ਹਖਾਨੇ ਤੋਪਖਾਨੇ ਟੈਂਕ ਐਟਮ ਤੇ ਹਾਈਡਰੋਜਨ ਬੰਬ ਜ਼ਰੂਰੀ ਨਹੀਂ ਇਨ੍ਹਾਂ ਨੂੰ ਕਾਇਮ ਰੱਖਣ ਦੇ ਲਈ ਮਨੁੱਖੀ ਸੱਭਿਆਚਾਰ ਦੀ ਜ਼ਰੂਰਤ ਹੈ। ਜਿਸ ਵਿਚ ਆਸ਼ਕਾਂ ਸ਼ਾਇਰਾਂ ਕਲਪਨਾਵਾਂ ਦੀ ਧਰਤੀ ਦਿਸਦੀ ਹੈ।

## ਮੁੱਖ/ਕੇਂਦਰੀ ਸ਼ਬਦ:

ਪਿਆਰ---ਹੁਸਨ

ਐਟਮ---ਬੰਬ

ਤੋਪਖਾਨਾ---ਬਰੂਦ ਭੰਡਾਰ

ਸਾਇੰਸ---ਵਿਗਿਆਨ

ਸ਼ਾਇਰ---ਕਵੀ

ਅਮਨ--- ਸ਼ਾਤੀ

## ਸਵੈ-ਮੁਲਾਂਕਣ:

1. ਅੱਜ ਜ਼ਿੰਦਗੀ ਦੀ ਰਾਸ ਪੁਸਤਕ ਵਿਚ ਕੁੱਲ ਕਿੰਨੇ ਲੇਖ ਹਨ

    ੳ. 17

    ਅ. 18

    ੲ. 19

    ਸ. 20

2. ਜ਼ਿੰਦਗੀ ਦੀ ਰਾਸ ਪੁਸਤਕ ਕਿਸ ਦੀ ਰਚਨਾ ਹੈ।

ੳ. ਗੁਰਬਖ਼ਸ਼ ਸਿੰਘ ਪ੍ਰੀਤਲੜੀ

ਅ. ਮੋਹਨ ਭੰਡਾਰੀ

ੲ. ਸੰਤ ਸਿੰਘ ਸੇਖੋਂ

ਸ. ਗੁਰਦਿਆਲ ਸਿੰਘ

3. ਤਿਆਰ ਬਰ ਤਿਆਰ ਰਹਿਣਾ ਲੇਖ ਕਿਸ ਪੁਸਤਕ ਵਿਚ ਦਰਜ ਹੈ।

ੳ. ਸ਼ਬਨਮ

ਅ. ਵੀਣਾ ਵਿਨੋਦ

ੲ. ਜ਼ਿੰਦਗੀ ਦੀ ਰਾਸ

ਸ. ਰਾਜਕੁਮਾਰੀ ਲਤਿਕਾ

4. ਗਿਆਨ ਹੀ........ ਆਨੰਦ ਹੈ।

ੳ. ਨਰਮ

ਅ. ਪਰਮ

ੲ. ਡੂੰਘਾ

ਸ. ਵਿਸ਼ਾਲ

5. ਵੱਸੇ ਜਿਥੇ....... ਉਹ ਮੇਰਾ ਦੇਸ਼

ੳ. ਆਜ਼ਾਦੀ

ਅ. ਗੁਲਾਮੀ

ੲ. ਮਾਰਖੋਰੀ

ਸ. ਠੱਗੀ

6. ਜ਼ਿੰਦਗੀ ਦੀ ਅਤਿ...... ਰਾਸ

ੳ. ਸੋਹਣੀ

ਅ. ਕਾਲੀ

ੲ. ਗੋਰੀ

ਸ. ਭੈੜੀ

7. God save the king ਸ਼ਬਦ ਲੇਖਕ ਨੇ ਕਿੱਥੋਂ ਸੁਣੇ

ੳ. ਕਹਾਣੀ ਵਿੱਚੋਂ

ਅ. ਕਵਿਤਾ ਵਿੱਚੋਂ

ੲ. ਨਾਟਕ ਵਿਚੋਂ

ਸ. ਨਾਵਲ ਵਿੱਚੋਂ

8. God save the king ਨੂੰ ਲੇਖਕ ਕੀ ਪੜ੍ਹਦਾ ਸੀ

ੳ. God save the ring

ਅ. God save the ting

ੲ. God take the king

ਸ. God pink the king

9. ਲੇਖਕ ਅਨੁਸਾਰ ਉਸ ਦੀ ਬੋਲੀ ਦੇ ਸ਼ਬਦ ਕੀ ਹਨ

ੳ. ਮਾਲਾ

ਅ. ਝਾਂਜਰ

ੲ. ਟੌਪਸ

ਸ. ਘੜੀ

10. ਪਿਆਰ ਕਬਜ਼ਾ ਨਹੀਂ ਪਹਿਚਾਣ ਹੈ। ਕਥਨ ਕਿਸ ਦਾ ਹੈ।

ੳ. ਪ੍ਰੋ ਮੋਹਨ ਸਿੰਘ

ਅ. ਅੰਮ੍ਰਿਤਾ ਪ੍ਰੀਤਮ

ੲ. ਗੁਰਬਖਸ਼ ਸਿੰਘ ਪ੍ਰੀਤਲੜੀ

ਸ. ਭਾਈ ਵੀਰ ਸਿੰਘ

11. ਖ਼ੁਸ਼ੀ ਦੀਆਂ ਬੁਨਿਆਦਾਂ ਲੇਖ ਵਿੱਚ ਲੇਖਕ ਨੇ ਕਿੰਨੀਆਂ ਬੁਨਿਆਦਾਂ ਦੀ ਗੱਲ ਕੀਤੀ ਹੈ।

ੳ. ਇੱਕ

ਅ. ਦੋ

ੲ. ਤਿੰਨ

ਸ. ਪੰਜ

12. ਲੇਖਕ ਅਨੁਸਾਰ ਕਿਸ ਦਾ ਪਿਆਰ ਉੱਚਾ ਤੇ ਸੁੱਚਾ ਹੈ।

ੳ. ਮਾਂ ਦਾ

ਅ. ਭੈਣ ਦਾ

ੲ. ਭਰਾ ਦਾ

ਸ. ਪਿਉ ਦਾ

13. ਅਗਾਂਹਵਧੂ ਸਾਹਿਤ ਵਿੱਚ ਲੇਖਕ ਨੇ ਜੀਵਨ ਦੇ ਕਿੰਨੇ ਮਾਰਗ ਦੱਸੇ ਹਨ

ੳ. ਦੋ

ਅ. ਇੱਕ

ੲ. ਪੰਜ

ਸ. ਸੱਤ

14. ਲੇਖਕ ਅਨੁਸਾਰ ਮਨੁੱਖ ਨੂੰ ਐਟਮੀ ਸ਼ਕਤੀ ਦਾ ਅਸਲ ਪਤਾ ਲੱਗਣ ਤੇ ਉਹ ਕੀ ਕਰ ਸਕਦਾ ਹੈ।

ੳ. ਉਹ ਛੋਟੇ ਜਿਹੇ ਯੂਰੇਨੀਅਮ ਦੇ ਨਾਲ ਬਿਜਲੀ ਘਰ ਬਣਾ ਸਕਦਾ ਹੈ।

ਅ. ਪਾਣੀ ਨੂੰ ਬੰਨ੍ਹ ਮਾਰ ਸਕਦਾ ਹੈ।

ੲ. ਪੌਦੇ ਉਗਾ ਸਕਦਾ ਹੈ।

ਸ. ਮੱਛੀ ਪਾਲ ਸਕਦਾ ਹੈ।

15. ਲੇਖਕ ਅਨੁਸਾਰ ਮਨੁੱਖ ਆਪਣੀਆਂ ਪਰੰਪਰਾਵਾਂ ਨਾਲ ਕਦੋਂ ਜੁੜਦਾ ਹੈ।

ੳ. ਸੱਭਿਆਚਾਰ ਦੀ ਸੋਝੀ ਆ ਜਾਣ ਕਰਕੇ

ਅ. ਜ਼ਿਆਦਾ ਕਿਤਾਬਾਂ ਪੜ੍ਹ ਕੇ

ੲ. ਦੁਨੀਆਂਦਾਰੀ ਘੁੰਮ ਕੇ

ਸ. ਵਧੀਆ ਕੱਪੜੇ ਪਾ ਕੇ

## ਅਭਿਆਸ ਪ੍ਰਸ਼ਨ

1. ਗੁਰਬਖਸ਼ ਦੀ ਰਚਨਾ ਜ਼ਿੰਦਗੀ ਦੀ ਰਾਸ ਬਾਰੇ ਜਾਣਕਾਰੀ ਦਿਓ
2. ਗੁਰਬਖਸ਼ ਦੀ ਰਚਨਾ ਜ਼ਿੰਦਗੀ ਦੀ ਰਾਸ ਵਿਸ਼ੇ ਬਾਰੇ ਵਰਣਨ ਕਰੋ।
3. ਗੁਰਬਖਸ਼ ਦੀ ਰਚਨਾ ਜ਼ਿੰਦਗੀ ਦੀ ਰਾਸ ਦੇ ਸਰੂਪ ਦਾ ਵਿਸਥਾਰ ਨਾਲ ਵਰਣਨ ਕਰੋ।

## ਸੰਦਰਭ ਪੁਸਤਕਾਂ:


- ਡਾ. ਜਸਵਿੰਦਰ ਸਿੰਘ ਸੈਣੀ, ਵਾਰਤਕ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ, ਪ੍ਰਕਾਸ਼ਿਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010.


## ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ੲ | 4. ਅ | 5. ੳ |
| 6. ੳ | 7. ਅ | 8. ੲ | 9. ੳ | 10. ੲ |
| 11. ਸ | 12. ੳ | 13. ੲ | 14. ੳ | 15. ੳ |

# ਅਧਿਆਇ -12: ਜ਼ਿੰਦਗੀ ਦੀ ਰਾਸ:ਰੂਪਗਤ ਅਧਿਐਨ

ਵਿਸ਼ਾ ਵਸਤੂ (Content)

**1.** ਉਦੇਸ਼

**2.** ਪ੍ਰਸਤਾਵਨਾ

**3.** ਵਿਸ਼ਾ ਵਸਤੂ

**4.** ਸਾਰੰਸ਼

**5.** ਕੇਂਦਰੀ ਸ਼ਬਦ

**6.** ਸਵੈ-ਮੁਲਾਂਕਣ

**7.** ਅਭਿਆਸ ਪ੍ਰਸ਼ਨ

**8.** ਸੰਦਰਭ ਪੁਸਤਕਾਂ

**9.** ਮੱਹਤਵਪੂਰਨ ਵੈੱਬਸਾਇਟਸ

## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਜੀਵਨ ਬਾਰੇ ਜਾਣਨਗੇ।**
2. **ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਨਿਬੰਧ ਜ਼ਿੰਦਗੀ ਦੀ ਰਾਸ ਬਾਰੇ ਜਾਣਨ ਦੇ ਯੋਗ ਹੋਣਗੇ।**
3. **ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਨਿਬੰਧ ਜ਼ਿੰਦਗੀ ਦੀ ਰਾਸ ਦੇ ਕਲਾ ਪੱਖ ਨੂੰ ਸਮਝਣ ਦੇ ਕਾਬਿਲ ਹੋਣਗੇ**

## ਪ੍ਰਸਤਾਵਨਾ:

ਜਾਣ-ਪਛਾਣ : ਗੁਰਬਖਸ਼ ਸਿੰਘ ਆਧੁਨਿਕ ਪੰਜਾਬੀ ਗੱਦ ਦਾ ਇਕ ਪਸਿੱਧ ਲੇਖਕ ਹੋਇਆ ਹੈ। ਆਪ ਦੀ ਰਚਨਾ ਨਾਲ ਪੰਜਾਬੀ ਸਾਹਿਤ ਵਿਚ ਇਕ ਨਵੇਂ ਯੁੱਗ ਦੀ ਸਿਰਜਨਾ ਆਰੰਭ ਹੋਈ ਹੈ। ਆਪ ਨੇ ਪੰਜਾਬੀ ਗੱਦ ਨੂੰ ਧਰਮ ਦੀ ਚਾਰਦੀਵਾਰੀ ਵਿਚੋਂ ਕੱਢ ਕੇ ਵਿਆਪਕਤਾ ਅਤੇ ਸੁਖਰਸ਼ਤਾ ਪ੍ਰਦਾਨ ਕੀਤੀ ਹੈ। ਆਪ ਨੇ ਗੱਦ ਦੇ ਕਈ ਰੂਪਾਂ ਉੱਤੇ ਆਪਣੀ ਕਲਮ ਅਜ਼ਮਾਈ ਹੈ।

**ਜਨਮ ਅਤੇ ਵਿੱਦਿਆ :**

ਗੁਰਬਖਸ਼ ਸਿੰਘ ਦਾ ਜਨਮ 20 ਅਪ੍ਰੈਲ, ਸੰਨ 1895 ਨੂੰ ਸਿਆਲਕੋਟ (ਪਾਕਿਸਤਾਨ) ਵਿਚ , ਪਿਸ਼ੌਰਾ ਸਿੰਘ ਦੇ ਘਰ ਹੋਇਆ। ਸਿਆਲਕੋਟ ਵਿਚ ਹੀ ਮੈਟਿਕ ਤੱਕ ਵਿਦਿਆ ਪ੍ਰਾਪਤ ਕੀਤੀ। ਫਿਰ ਐਫ ਸੀ. ਕਾਲਜ ਲਾਹੌਰ ਵਿਚ ਵਿੱਦਿਆ ਪ੍ਰਾਪਤ ਕਰਨ ਪਿੱਛੋਂ ਰੁੜਕੀ ਵਿਚ ਓਵਰਸੀਅਰ ਦੀ ਡਿਗਰੀ ਪ੍ਰਾਪਤ ਕੀਤੀ। ਆਪ ਫੌਜ ਵਿਚ ਭਰਤੀ ਹੋ ਗਏ। ਫਿਰ ਆਪ ਨੇ ਅਮਰੀਕਾ ਦੀ ਮਿਸ਼ੀਗਨ ਯੂਨੀਵਰਸਿਟੀ ਤੋਂ ਸਿਵਲ ਇੰਜੀਨੀਅਰਿੰਗ ਕੀਤੀ। ਦੇਸ਼ ਵਾਪਸ ਪਰਤ ਕੇ ਰੇਲਵੇ ਵਿਚ ਇੰਜੀਨੀਅਰ ਦੀ ਨੌਕਰੀ ਕੀਤੀ। ਆਪ ਨੌਕਰੀ ਖਾਤਰ ਬਸਰਾ, ਬਗਦਾਦ ਅਤੇ ਈਰਾਨ ਵੀ ਗਏ। ਸੰਨ 1932 ਵਿਚ ਨੌਕਰੀ ਛੱਡ ਕੇ ਖੇਤੀਬਾੜੀ ਫਾਰਮ ਬਣਾ ਕੇ ਗੁਜ਼ਾਰਾ ਕਰਨਾ ਆਰੰਭ ਕਰ ਦਿੱਤਾ। ਫਿਰ ਅੰਮ੍ਰਿਤਸਰ ਵਿਖੇ ਲੋਪੋਕੀ ਨੇੜੇ ਪੀਤ ਨਗਰ ਪਿੰਡ ਅਬਾਦ ਕੀਤਾ ਅਤੇ ਸੰਨ 1933-34 ਵਿਚ ਪੀੜਤ ਲੜੀ ਮਾਸਿਕ ਪੱਤ੍ਰਿਕਾ ਚਾਲੂ ਕੀਤੀ। ਆਪ ਨੇ ਆਪਣੇ ਇਸ ਮਾਸਿਕ ਪੱਤਰ ਰਾਹੀਂ ਵਿਸ਼ਾਲ ਗੱਦ ਰਚਨਾ ਕੀਤੀ ਹੈ। ਛੇਤੀ ਹੀ ਆਪ ਦਾ ਇਹ ਰਸਾਲਾ ਪਾਠਕਾਂ ਵਿਚ ਹਰਮਨ ਪਿਆਰਾ ਹੋ ਗਿਆ ਅਤੇ ਪ੍ਰੀਤ ਲੜੀ ਪੰਜਾਬੀ ਸਾਹਿਤ ਦੇ ਅਕਾਸ਼ ਉੱਤੇ ਸੂਰਜ ਵਾਂਗ ਚਮਕਣ ਲੱਗਾ।

**ਰਚਨਾਵਾਂ :**

ਆਪਣੇ ਸਮੁੱਚੇ ਜੀਵਨ ਕਾਲ ਵਿਚ ਆਪ ਨੇ ਪੰਜਾਬੀ ਸਾਹਿਤ ਨੂੰ ਬਹੁਤ ਧਨਵਾਨ ਕੀਤਾ। ਆਪ ਨੇ ਸਾਹਿਤ ਰਚਨਾ ਦਾ ਕੰਮ ਅਮਰੀਕਾ ਵਿਚ ਹੀ ਸ਼ੁਰ ਕਰ ਦਿੱਤਾ ਸੀ। ਮੇਰੇ ਦਾਦੀ ਜੀ ਅਤੇ 'ਰਾਜਕੁਮਾਰੀ ਲਤਿਕਾ ਪਹਿਲਾਂ ਅਮਰੀਕਾ ਵਿਚ ਹੀ ਛਪੇ ਸਨ। ਪੀੜ ਭਾਵ ਪਿਆਰ ਦਾ ਉਹ ਸ਼ੈਦਾਈ ਸੀ ਅਤੇ ਇਸੇ ਨੂੰ ਮੁੱਖ ਰੱਖ ਕੇ ਅੱਗੇ ਵਧਿਆ। ਆਪ ਨੇ ਆਪਣੀ ਹਰ ਸੱਧਰ ਨੂੰ ਨਿਬੰਧਾਂ ਵਿਚ ਪੇਸ਼ ਕੀਤਾ। ਵਾਰਤਕ ਵੀ ਕਵਿਤਾ ਵਾਂਗ ਲਿਖੀ ਅਤੇ ਅਗਾਂਹ ਵਧੂ ਵਿਚਾਰ ਪੇਸ਼ ਕੀਤੇ। ਗੁਰਬਖਸ਼ ਸਿੰਘ ਨੇ ਆਪਣੇ ਜੀਵਨ ਕਾਲ ਵਿਚ ਜਿਹੜੀਆਂ ਨਿਬੰਧ ਰਚਨਾਵਾਂ ਲਿਖੀਆਂ ਹਨ ਉਹ ਇਸ ਤਰਾਂ ਹਨ-ਸਾਵੀਂ ਪੱਧਰੀ ਜ਼ਿੰਦਗੀ, ਮੇਰੀਆਂ ਅਭੁੱਲ ਯਾਦਾਂ, ਖੁਲਾ ਦਰ, ਸਾਡੇ ਵਾਰਸ, ਪਸੰਨ ਲੰਮੀ ਉਮਰ, ਭੱਖਵੀਂ ਗਿਆਨ ਚੰਗਿਆੜੀ, ਨਵਾਂ ਸ਼ਿਵਾਲਾ, ਬੰਦੀ ਛੋੜ ਗੁਰੂ ਨਾਨਕ ਅਤੇ ਪਰਮ ਮਨੁੱਖ ਹਨ। ਆਪ ਨੇ ਆਪਣੀ ਸ਼ੈ-ਜੀਵਨੀ ਤਿੰਨ ਹਿੱਸਿਆਂ ਵਿਚ ਲਿਖੀ। ਆਪ ਨੇ ਦਰਜਨ ਕੁ ਕਹਾਣੀ ਸੰਗ੍ਰਹਿ ਰਚੇ ਹਨ ਜਿਹਨਾਂ ਵਿਚੋਂ ਭਾਈ ਸੈਨਾ, ਨਾਮ ਪਾਤ ਦਾ ਜਾਦੂ, ਪੀਤ ਕਹਾਣੀਆਂ, ਸ਼ਬਨਮ, ਮੇਰੀ ਗੁਲਬਦਨ, ਅਨੋਖੇ ਤੇ ਇਕੱਲੇ, ਇਸ਼ਕ ਜਿਨ੍ਹਾਂ ਦੇ ਹੱਡੀ ਰੱਚਿਆ ਅਤੇ ਰੰਗ ਸਹਿਕਦਾ ਦਿਲ ਅਤੇ ਵੀਣਾ ਵਿਨੋਦ ਸਿੱਧ ਹਨ। ਇਸ ਤੋਂ ਇਲਾਵਾ ਗੁਰਬਖਸ਼ ਸਿੰਘ ਨੇ ਨਾਟਕਾਂ ਉੱਤੇ ਵੀ ਆਪਣਾ ਹੱਥ ਅਜ਼ਮਾਇਆ ਹੈ। ਆਪ ਨੇ ਕੇਵਲ ਚਾਰ ਨਾਟਕ ਲਿਖੇ ਹਨ-ਰਾਜਕੁਮਾਰੀ ਲਤਿਕਾ, ਪੂਰਬ ਪੱਛਮ, ਪੀਤ ਮੁਕਟ ਅਤੇ ਪੀੜ ਰਾਈ। ਆਪ ਦੇ ਚਾਰੇ ਨਾਟਕ ਪੰਜਾਬੀ ਸਾਹਿਤ ਦਾ ਖਜ਼ਾਨਾ ਹਨ ਜਿਸ ਵਿਚ ਉਸ ਨੇ ਮੱਧ ਸ਼੍ਰੇਈ ਨੂੰ ਪੇਸ਼ ਕੀਤਾ ਹੈ। ਕਹਾਣੀ ਪੱਖੋਂ ਨਾਟਕ ਬੜੇ ਸਫਲ ਹਨ ਪਰ ਤਕਨੀਕ ਢਿੱਲੀ ਹੈ

ਇਨ੍ਹਾਂ ਨਿਬੰਧਾਂ ਦੇ ਜ਼ਰੀਏ ਗੁਰਬਖ਼ਸ ਸਿੰਘ ਪ੍ਰੀਤ ਲੜੀ ਨੇ ਬਹੁਤ ਹੀ ਮਹੱਤਵਪੂਰਨ ਵਿਚਾਰ ਦਿੱਤੇ ਹਨ ਜਿਵੇਂ ਮਾਂ ਪਿਆਰ ਬੋਲੀ ਗਿਆਨ ਹੀ ਪਰਮ ਆਨੰਦ ਹੈ ਆਦਿ ਨਿਬੰਧਾਂ ਵਿੱਚ ਜ਼ਿੰਦਗੀ ਦੀ ਅਸਲ ਸੱਚਾਈ ਬਾਰੇ ਬਿਆਨ ਕੀਤਾ ਹੈ ਕੀ ਮਨੁੱਖ ਅਸਲ ਵਿੱਚ ਜਿਉਂ ਜਿਉਂ ਦਾ ਕਿਵੇਂ ਹੈ ਕਿਉਂਕਿ ਪਿਆਰ ਹੀ ਜ਼ਿੰਦਗੀ ਦਾ ਮਹੱਤਵਪੂਰਨ ਗਹਿਣਾ ਹੈ ਇਹ ਪਿਆਰ ਦੇ ਜ਼ਰੀਏ ਹੀ ਆਪਣੀ ਸੌਖੀ ਜ਼ਿੰਦਗੀ ਜਿਉਂ ਸਕਦਾ ਹੈ ਮਾਂ ਦੇ ਪਿਆਰ ਦਾ ਇੱਕ ਮਹੱਤਵਪੂਰਨ ਰੋਲ ਹੈ ਮਾਂ ਦੇ ਪਿਆਰ ਤੋਂ ਬਿਨਾਂ ਮਨੁੱਖ ਕਦੇ ਵੀ ਪੂਰਾ ਨਹੀਂ ਹੋ ਸਕਦਾ ਮਾਂ ਪਿਆਰ ਹੀ ਮਹੱਤਵਪੂਰਨ ਹੈ ਕਿਉਂਕਿ ਮਨੁੱਖ ਦੀ ਜ਼ਿੰਦਗੀ ਵਿੱਚ ਇੱਕ ਘਟਨਾ ਵਾਂਗ ਹੀ ਇਹ ਵਾਪਰਦਾ ਹੈ ਜਦੋਂ ਮਾਂ ਜਿਉਂਦੀ ਹੁੰਦੀ ਹੈ ਉਦੋਂ ਕੋਈ ਕਦਰ ਨਹੀਂ ਕਰਦਾ ਜਦੋਂ ਮੁੱਕ ਜਾਂਦੀ ਹੈ ਤਾਂ ਉਸ ਸਾਨੂੰ ਉਸ ਦੀ ਕਦਰ ਦਾ ਪਤਾ ਲੱਗਦਾ ਹੈ

**ਕਲਾਤਮਕ ਗੁਣ**:

ਇਹ ਨਿਬੰਧ ਕਲਾਤਮਕ ਗੁਣਾਂ ਨਾਲ ਭਰਪੂਰ ਹਨ ਗੂੰਦ ਦੇ ਪੱਖੋਂ ਇਹ ਸੁਚੱਜੀਆਂ ਰਚਨਾਵਾਂ ਹਨ ਇਸੇ ਕਰਕੇ ਲੇਖਕ ਨੇ ਇਨ੍ਹਾਂ ਨੂੰ ਵੱਖ ਵੱਖ ਭਾਗਾਂ ਵਿੱਚ ਵੰਡਿਆ ਹੈ ਕੈਨੇਡਾ ਪੜ੍ਹਨ ਕਿਉਂਕਿ ਵੱਖ ਵੱਖ ਨਿਬੰਧਾਂ ਦਾ ਵੱਖ ਵੱਖ ਚਿਤਰਣ ਅਤੇ ਵੱਖ ਵੱਖ ਵਿਸ਼ਾ ਹੈ ਜਿਸ ਵਿੱਚ ਮਾਂ ਪਿਆਰ ਗਿਆਨ ਹੀ ਪਰਮਾਨੰਦ ਹੈ ਵੱਸੇ ਜਿਥੇ ਆਜ਼ਾਦੀ ਉਹ ਮੀਰਾ ਦੀ ਸ਼ਹਿ ਮੇਰੀ ਮਾਂ ਬੋਲੀ ਜ਼ਿੰਦਗੀ ਅੱਤ ਸੋਹਣੀ ਰਾਸ ਜ਼ਿੰਦਗੀ ਤੇ ਸਾਹਿਤ ਮਹਾਤਮਾ ਬੁੱਧ ਖ਼ੁਸ਼ੀ ਦੀਆਂ ਬੁਨਿਆਦਾਂ ਮਾਂ ਕਲਾ ਤੇ ਉਹਦਾ ਕਰਤੱਬ ਸਰਹੱਦ ਉੱਤੇ ਖਲੋਤੇ ਸੱਜਣ ਹਿੰਦੂ ਸਿੱਖ ਭਾਈ ਭਾਈ ਬੋਲੀ ਤੂੰ ਲੋਚੇ ਕਿਹੜੀ ਡਾਚੀ ਨੂੰ ਗੁਰੂ ਨਾਨਕ ਅਗਾਂਹਵਧੂ ਸਾਹਿਤ ਪਿਆਰ ਐਟਮੀ ਸ਼ਕਤੀ ਦੇ ਰੂਬਰੂ ਸੱਭਿਆਚਾਰ ਲਿਖਾਰੀ ਦਾ ਕਰਤੱਬ ਤੇ ਟੀਚਾ ਇਨ੍ਹਾਂ ਸਾਰੇ ਵਿਸ਼ਿਆਂ ਵਿੱਚ ਜ਼ਿੰਦਗੀ ਦੀ ਸੱਚਾਈ ਨੂੰ ਬਿਆਨ ਕੀਤਾ ਗਿਆ ਹੈ ਕਿਉਂਕਿ ਵਿਚਾਰ ਇੱਕ ਅਜਿਹਾ ਗੁਣ ਹੈ ਜਿਸ ਨਾਲ ਮਨੁੱਖ ਮਹੱਤਵਪੂਰਨ ਗਿਆਨ ਹਾਸਲ ਕਰ ਸਕਦਾ ਇਹ ਜ਼ਿੰਦਗੀ ਦੀ ਸਚਾਈ ਨੂੰ ਪੇਸ਼ ਕਰਨ ਵਾਲੇ ਗੁਣ ਹਨ

ਕਿਉਂਕਿ ਇਨ੍ਹਾਂ ਨਿਬੰਧਾਂ ਨੂੰ ਪੜ੍ਹ ਕੇ ਕਈਆਂ ਦੇ ਵਿੱਚ ਦੁਖਾਂਤ ਕਈਆਂ ਦੇ ਵਿਚ ਸੁਖਾਂਤ ਕਿਸੇ ਦੇ ਵਿੱਚ ਹਾਸਾ ਔਰ ਕਿਸੇ ਦੇ ਵਿਚ ਸਾਨੂੰ ਵਿਅੰਗ ਵੀ ਮਿਲਦਾ ਹੈ

**ਸ਼ੈਲੀ**:

ਗੁਰਬਖ਼ਸ ਸਿੰਘ ਪ੍ਰੀਤ ਲੜੀ ਨੇ ਇਨ੍ਹਾਂ ਨਿਬੰਧਾਂ ਦੀ ਸ਼ੈਲੀ ਬਹੁਤ ਹੀ ਸਰਲ ਸਪੱਸ਼ਟ ਗੁੰਦਵੀਂ ਰੌਚਕ ਤੇ ਬਿਆਨੀਆ ਰੱਖੀ ਹੈ ਕਿਤੇ ਕਿਤੇ ਇਸ ਸ਼ੈਲੀ ਵਿੱਚ ਰੋਮਾਂਟਿਕ ਛੋਹਾਂ ਕਿਤੇ ਕਿਤੇ ਇਸ ਸ਼ੈਲੀ ਵਿੱਚ ਸੁਖਾਂਤਕ ਪ੍ਰਤੀਕਾਤਮਕ ਭਾਵ ਵੀ ਮਿਲਦੇ ਹਨ ਕਈ ਨਿਬੰਧਾਂ ਵਿਚ ਉਪਦੇਸ਼ਾਤਮਕ ਸ਼ੈਲੀ ਦੀ ਵਰਤੋਂ ਵੀ ਕੀਤੀ ਗਈ ਹੈ

**ਉਪਦੇਸ਼ਾਤਮਕ ਸ਼ੈਲੀ**:

ਗਿਆਨ ਹੀ ਪਰਮਾਨੰਦ ਹੈ ਜਿਸ ਚ ਸਾਰੇ ਉੱਦਮ ਕਾਇਮ ਰਹਿੰਦਿਆਂ ਹਰ ਜੰਗ ਦੇ ਖ਼ਿਲਾਫ਼ ਹੁੰਦਿਆਂ ਹੱਥ ਛੰਦ ਦੀ ਵਿਰੋਧਤਾ ਕਰਦਿਆਂ ਵੀ ਕਿਸੇ ਨਾਲ ਕੋਈ ਈਰਖਾ ਕੋਈ ਦੁਸ਼ਮਣੀ ਨਹੀਂ ਰਹਿੰਦੀ ਮੌਤ ਦਾ ਤੌਖ਼ਲਾ ਉੱਡ ਜਾਂਦਾ ਹੈ

**ਪ੍ਰਸ਼ਨੋਤਰੀ ਸ਼ੈਲੀ**:

ਮੈਂ ਪੁੱਛਿਆ ਪੋਲੋ ਮੈਦਾਨ ਕੀ ਹੁੰਦਾ ਹੈ ?

ਉਸ ਦੱਸਿਆ ਜਿੱਥੇ ਘੋੜਿਆਂ ਤੇ ਸਾਹਿਬ ਲੋਕ ਗੇਂਦ ਖੇਡਦੇ ਹਨ ਮੈਂ ਕਿਹਾ ਫਿਰ ਇੱਕ ਨਿੱਕੇ ਜਿਹੇ ਮੁੰਡੇ ਦੇ ਪੈਰਾਂ ਨਾਲ ਕੀ ਵਿਗੜ ਗਿਆ ਏ? ਮੈਂ ਹੁਣੇ ਨਿਕਲ ਜਾਂਦਾ ਹਾਂ

**ਪ੍ਰਤੀਕਾਤਮਕ ਸ਼ੈਲੀ**:

ਮੁਸੀਬਤਾਂ ਦੀ ਗੱਲ ਉਸ ਭਾਵੇਂ ਪਹਿਲਾਂ ਸ਼ੁਰੂ ਕੀਤੀ ਪਰ ਖ਼ੁਸ਼ੀਆਂ ਉਸਦੀ ਜ਼ਿੰਦਗੀ ਦਾ ਰਾਗ ਹਨ ਉਹ ਅਜੇ ਵੀ ਸ਼ੀਸ਼ੇ ਸਾਹਮਣੇ ਤਿਆਰ ਹੋਣ ਲੱਗਿਆ ਗਾਉਂਦਾ ਸੀ ਸੜਕ ਉੱਤੇ ਤੁਰੇ ਜਾਂਦੇ ਦੇ ਗਲੇ ਵਿਚੋਂ ਕਈ ਵਾਰੀ ਗੀਤ ਆਪ ਮੁਹਾਰੇ ਫੁੱਟ ਪੈਂਦੇ ਸਨ

**ਸਰਲ ਸਪੱਸ਼ਟ ਤੇ ਗੁੰਦਵੀਂ ਸ਼ੈਲੀ**:

ਲਿਸ਼ਕਦੀ ਸਿਹਤ ਸਿਰਫ਼ ਲਿਸ਼ਕਦੀਆਂ ਆਦਤਾਂ ਦਾ ਹੀ ਝਲਕਾਰਾ ਹੁੰਦੀ ਹੈ

**ਬਿਆਨੀਆ ਸ਼ੈਲੀ**:

ਮਨੁੱਖ ਏਨਾ ਆਪਣੀ ਮਾਂ ਦਾ ਬੱਚਾ ਨਹੀਂ ਜਿੰਨਾ ਆਪਣੀ ਮਾਂ ਬੋਲੀ ਦਾ ਬੱਚਾ ਹੁੰਦਾ ਹੈ ਜਿਹੜੇ ਲੋਕ ਉਨ੍ਹਾਂ ਨੂੰ ਉਨ੍ਹਾਂ ਦੀ ਮਾਂ ਬੋਲੀ ਤੋਂ ਵਿਰਵਿਆਂ ਰੱਖਿਆ ਰੱਖਦੇ ਹਨ ਉਨ੍ਹਾਂ ਦੇ ਜਜ਼ਬਿਆਂ ਦੇ ਕਈ ਭੰਡਾਰ ਬੰਦ ਪਏ ਰਹਿ ਜਾਂਦੇ ਹਨ

**ਭਾਸ਼ਾ :**

ਇਸ ਰਚਨਾ ਦੀ ਭਾਸ਼ਾ ਕੇਂਦਰੀ ਪੰਜਾਬੀਏ ਜੋ ਮਾਂਜੀ ਸੰਵਾਰੀ ਤੇ ਟਕਸਾਲੀ ਹੈ ਸ਼ਬਦ ਚੋਣ ਢੁੱਕਵੀਂ ਅਤੇ ਭਾਵਾਂ ਤੇ ਵਿਚਾਰਾਂ ਦੇ ਅਨੁਕੂਲ ਹੈ ਸੰਖੇਪਤਾ ਉਸ ਦਾ ਵਿਸ਼ੇਸ਼ ਗੁਣ ਹੈ ਲੇਖਕ ਨੇ ਵਿਸ਼ੇ ਦੀ ਲੋੜ ਅਨੁਸਾਰ ਉਰਦੂ ਫ਼ਾਰਸੀ ਹਿੰਦੀ ਸੰਸਕ੍ਰਿਤ ਅੰਗਰੇਜ਼ੀ ਦੇ ਤਤਸਮ ਅਤੇ ਤਦਭਵ ਸ਼ਬਦਾਂ ਦੀ ਵਰਤੋਂ ਕੀਤੀ ਹੈ ਲੇਖਕ ਦੀ ਸ਼ਬਦਾਵਲੀ ਬਹੁਤ ਹੀ ਠੇਠ ਔਰ ਮਾਂਝੀ ਸਵਾਰੀ ਭਾਸ਼ਾ ਹੈ

**ਉਰਦੂ ਫ਼ਾਰਸੀ ਸ਼ਬਦਾਵਲੀ:**

ਨਮੋਸ਼ੀ ਤੁਆਰੁਫ਼ ਇਤਫਾਕ ਜੰਗਬਾਜ਼ ਹਕੀਕਤ ਖਿਦਮਤਗਾਰ ਗੁਸਤਾਖ਼ੀ ਤਕਰੀਰ ਆਦਿ

**ਹਿੰਦੀ ਸੰਸਕ੍ਰਿਤ ਸ਼ਬਦਾਵਲੀ :**

ਅਗਰ ਮੈਂ ਦਿਖਲਾਉਣ ਇਸ ਯੋਗ ਨਜ਼ਰ ਕੀ ਵਸਵਤੀ ਜ਼ੱਰੇ ਜ਼ੱਰੇ ਮੇਂ ਤੇਰੀ ਸ਼ਕਲ ਫੂਸੀ ਪੈਦਾ ਕਰੋ ਕਿਤਨੀ ਆਗ ਢੂੰਡ

**ਅੰਗਰੇਜ਼ੀ ਸ਼ਬਦਾਵਲੀ**

God save the king, god take the king, Engineering, ਪੋਲੋ ਮੈਦਾਨ, ਪਤਲੂਨ, ਚਾਰਲਸ ਡਿਕਨਜ਼,

**ਅਲੰਕਾਰ**

ਇਸ ਰਚਨਾ ਵਿੱਚ ਅਲੰਕਾਰਾਂ ਦੀ ਵਰਤੋਂ ਵੀ ਬਹੁਤ ਜ਼ਿਆਦਾ ਹੋਈ ਹੈ ਪਰ ਫਿਰ ਵੀ ਕਿਧਰੇ ਕਿਧਰੇ ਅਨੁਪ੍ਰਾਸ ਉਪਮਾਵਾਂ ਅਲੰਕਾਰਾਂ ਦੇ ਨਮੂਨੇ ਦੇਖਣ ਨੂੰ ਮਿਲਦੇ ਹਨ ਜੋ ਇਸ ਰਚਨਾ ਨੂੰ ਕਾਫ਼ੀ ਸੁਆਦਲੀ ਬਣਾ ਦਿੰਦੇ ਹਨ ਜਿਵੇਂ

**ਅਨੁਪ੍ਰਾਸ ਅਲੰਕਾਰ**

ਜਿੰਨਾ ਚਿਰ ਹੈ ਜਦੋਂ ਖੋਹੀ ਗਈ ਉਦੋਂ ਖੋਹੀ ਗਈ, ਉਹਦੀਆਂ ਪਿਆਰ ਉਮਡਦੀਆਂ ਅੱਖਾਂ, ਹਿੰਦੂ ਸਿੱਖ ਭਾਈ ਭਾਈ, ਭਗਤ ਸਿੰਘ ਦੱਤ ਯਾਰੋ ਜਿੰਨੇ ਰੱਖ ਲਈ ਮੁਲਕ ਦੀ ਪੱਤ ਯਾਰੋ,<br>
ਕਿਸੇ ਦਿਲ ਸਾਂਝੇ ਦੀ ਧੜਕਣ ਕਿਸੇ ਪ੍ਰੀਤ ਗੀਤ ਦੀ ਲੈਅ ਪਤੈ,<br>
ਪ੍ਰੀਤ ਲੜੀ ਤੇ ਦੱਸਣ ਜਿਸ ਚ ਪਰੋਤੀ ਸਭੇ ਸ਼ੈਅ

ਘਾਲ ਖਾਇ ਕੁਛ ਹੱਥ ਦੀ ਨਾਨਕ ਰਾਹ ਪਛਾਣੇ ਸੀ

ਚੋਟੀ ਕਾ ਪਰਸਿਉ ਅਤਿ ਜਾਇ ਤਾ ਕਾ ਖਟਿਆ ਸਭ ਕੋਈ ਖਾਇ<br>
ਬਲਦ ਮਸਾਇਕ ਹਾਲੀ ਸੇਕ ਧਰਮ ਕਤੇਬ ਬੁੜ੍ਹੀ ਲੇਖ ਚੋਟੀ ਕਾ ਪਰਸਿਉ ਅਤਿ ਜਾਏ ਤਾ ਕਾ ਖਟਿਆ ਸਭ ਕੋ ਖਾਏ

**ਉਪਮਾ ਅਲੰਕਾਰ**

ਉਹ ਆਪਣੇ ਮਹਾਨ ਗੁਰੂ ਵਰਗਾ ਨਿਰਾ ਆਦਮੀ ਵਿਚਾਰਾ ਹੈ ਉਹਦੇ ਇਤਕਾਦ ਵਿਚ ਕੋਈ ਗੁੰਝਲਾਂ ਨਹੀਂ ਉਹਦੇ ਲਈ ਏਕ ਪਿਤਾ ਏਕਸ ਕੇ ਹਮ ਬਾਰਿਕ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ਆਦਿ ਹਨ

**ਸ਼ਬਦ ਚਿਤਰਨ**

ਇਨ੍ਹਾਂ ਨਿਬੰਧਾਂ ਵਿਚ ਲੇਖਕ ਨੇ ਦ੍ਰਿਸ਼ ਚਿਤਰਣ ਲਈ ਥਾਂ ਥਾਂ ਸ਼ਬਦ ਚਿੱਤਰਾਂ ਦੀ ਵਰਤੋਂ ਬਹੁਤ ਖ਼ੂਬਸੂਰਤੀ ਨਾਲ ਕੀਤੀ ਹੈ ਇਨ੍ਹਾਂ ਨਿਬੰਧਾਂ ਵਿੱਚ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਜਿਵੇਂ ਕਿ ਜ਼ਿੰਦਗੀ ਨੇ ਮਨੁੱਖੀ ਦਿਮਾਗ ਪੈਦਾ ਕਰ ਲਿਆ ਇਸ ਦਿਮਾਗ਼ ਦੀ ਚੇਤਨਤਾ ਉਤਾਂਹ ਚੜ੍ਹਦੀ ਗਈ ਖਿਆਲ ਬਣੀ ਧਰਮ ਬਣੀ ਜਾਦੂਗਰੀ ਬਣੀ ਸਾਇੰਸ ਬਣੀ ਦੋਸਤੀ ਬਣੀ ਪਿਆਰ ਅਮਨ ਵੈਰ ਨਫਰਤ ਜੰਗ ਹੁਸਨ ਇਸ਼ਕ ਕੁਰਬਾਨੀ ਸੇਵਾ ਬਣੀ ਇਹ ਕਾਤਲ ਵੀ ਬਣੀ ਤੇ ਪ੍ਰੇਮੀ ਵੀ ਬਣੀ

ਉਹ ਮੈਨੂੰ ਆਜ਼ਾਦੀ ਮਿਲੇ ਕਦੇ ਜੇ ਸਵਰਗ ਵਿੱਚ ਵੀ ਮੈਂ ਕੈਦ ਕੀਤਾ ਜਾਵਾਂ ਤਾਂ ਉਹਦੀਆਂ ਚਾਂਦੀ ਸੋਨੇ ਦੀਆਂ ਦੀਵਾਰਾਂ ਤੋਂ ਖ਼ੁਦ ਛਾਲ ਮਾਰਨ ਦੇ ਮੌਕੇ ਮੇਰੀ ਪਹਿਲੀ ਢੂੰਡ ਹੋਣ ਮਨੁੱਖ ਬੋਲੀ ਮੇਰਾ ਸਿਮਰਨ ਹੈ ਤੇ ਮਾਂ ਬੋਲੀ ਦੇ ਸ਼ਬਦ ਮੇਰੀ ਮਾਲਾ ਹਨ

ਇਹ ਬਰਕਤ ਮਨੁੱਖੀ ਸਰੀਰ ਵਿੱਚ ਲੋੜ ਨਾਲੋਂ ਵਾਧੂ ਸ਼ਕਤੀ ਦੀ ਹੋਂਦ ਦੀ ਹੈ ਉਹਦੇ ਕੰਨਾਂ ਵਿੱਚ ਲੋੜ ਨਾਲੋਂ ਵਾਧੂ ਬਹੁਤ ਸੁਣਨ ਦੀ ਸ਼ਕਤੀ ਨੇ ਸੰਗੀਤ ਸਾਜ਼ਾਂ ਨੂੰ ਜਨਮ ਦਿੱਤਾ ਤੇ ਅੱਜ ਦੁਨੀਆ ਦੇ ਸਾਰੇ ਰੇਡੀਓ ਗਰਾਮੋਫੋਨ ਤੇ ਸੰਗੀਤ ਸਾਜ਼ਾਂ ਅਤੇ ਹਰ ਘੜੀ ਟੁਣਕਦਾ ਗੀਤ ਵੀ ਮਨੁੱਖੀ ਰੀਝ ਨਾਲੋਂ ਥੋੜ੍ਹਾ ਹੈ ਸਾਰੇ ਖ਼ਿਆਲ ਸਾਰੇ ਵੇਗ ਸਾਰੀਆਂ ਖ਼ੁਸ਼ੀਆਂ ਜੋ ਕੁਝ ਵੀ ਸਾਡਾ ਫ਼ਾਨੀ ਸਰੀਰ ਨੂੰ ਹਰਕਤ ਦੇਂਦਾ ਹੈ ਸਭ ਪਿਆਰ ਦੀ ਸੇਵਾਦਾਰ ਹਨ ਜਿਹੜੇ ਇਹਦੀ ਜੋਤ ਨੂੰ ਜਗਦਿਆਂ ਰੱਖਦੇ ਹਨ

**ਹਵਾਲੇ ਤੇ ਟੂਕਾਂ**

ਲੇਖਕ ਨੇ ਹਰ ਸ਼ਖ਼ਸੀਅਤ ਨੂੰ ਚਿੱਤਰਨ ਲਈ ਤੇ ਉਸ ਦੇ ਸੁਭਾਅ ਨੂੰ ਚਿਤਰਣ ਦੇ ਲਈ ਖ਼ੂਬਸੂਰਤ ਵਿਚਾਰਾਂ ਦਾ ਚਿੱਤਰ ਬਣਾਇਆ ਹੈ ਜਿਵੇਂ ਸਦਾ ਤਿਆਰ ਬਰ ਤਿਆਰ ਰਹਿਣਾ ਹਰ ਖ਼ੁਸ਼ੀ ਲਈ ਹਰ ਗ਼ਮੀ ਲਈ ਹਰ ਜ਼ਿੰਮੇਵਾਰੀ ਲਈ ਹਰ ਮੁਸੀਬਤ ਲਈ ਇੱਥੋਂ ਤੱਕ ਕਿ ਮੌਤ ਲਈ ਵੀ ਜਲ ਨਾਲ ਇਸ਼ਨਾਨ ਮੇਰਾ ਨਿੱਤ ਨੇਮ ਹੀ ਨਹੀਂ ਮੇਰੀਆਂ ਵੱਡੀਆਂ ਖ਼ੁਸ਼ੀਆਂ ਵਿੱਚੋਂ ਇੱਕ ਹੈ
ਮੈਂ ਦਿਨ ਦੀ ਪਹਿਲੀ ਰੋਟੀ ਖ਼ਾਸ ਸ਼ੌਕ ਨਾਲ ਖਾਂਦਾ ਹਾਂ ਇਹ ਮੇਰਾ ਜ਼ਿੰਦਗੀ ਨੂੰ ਪ੍ਰਣਾਮ ਹੁੰਦਾ ਹੈ ਹੌਲੀ ਹੌਲੀ ਤੇ ਬੜੀ ਲਹਿਰ ਨਾਲ ਮੈਂ ਇਹ ਰੋਟੀ ਖਾਂਦਾ ਹਾਂ ਦੁੱਧ ਦਹੀਂ ਸਬਜ਼ੀ ਬੜੀ ਸਾਦੀ ਜਿਹੀ ਰੋਟੀ ਖਾਂਦਾ ਹਾਂ ਦੁਪਹਿਰੀਂ ਮੈਂ ਬਹੁਤਾ ਨਹੀਂ ਖਾਂਦਾ ਨਾ ਲੌਢੇ ਵੇਲੇ ਹੀ ਕੋਈ ਨਿੱਗਰ ਚੀਜ਼ਾਂ ਖਾਂਦਾ ਹਾਂ ਰਾਤੀ ਸਾਰੇ ਪਰਿਵਾਰ ਨਾਲ ਬਹਿ ਕੇ ਚੰਗੇ ਕੱਪੜੇ ਪਾ ਕੇ ਹਰ ਕਿਸੇ ਦੀ ਖ਼ੁਸ਼ੀ ਦਾ ਖਿਆਲ ਰੱਖ ਕੇ ਖਾਣੇ ਨੂੰ ਮੈਂ ਪੂਜਾ ਦੀਆਂ ਘੜੀਆਂ ਸਮਝਦਾ ਰਿਹਾਂ ਕਦੀ ਇਸ ਵੇਲੇ ਮੈਂ ਕੋਈ ਨੁਕਤਾਚੀਨੀ ਜਾਂ ਨਿੰਦਿਆ ਨਹੀਂ ਹੋਣ ਦਿੱਤੀ ਇੱਥੋਂ ਤਕ ਕਿ ਰੋਟੀ ਦੀ ਤਿਆਰੀ ਵਿੱਚ ਨੁਕਸ ਕੱਢਣੇ ਵੀ ਮੈਂ ਮਨ੍ਹਾ ਕੀਤੇ ਹੋਏ ਹਨ ਜੋ ਰੋਟੀ ਬਾਰੇ ਕਹਿਣਾ ਹੋਵੇ ਦੂਜੇ ਦਿਨ ਆਖਿਆ ਜਾਵੇ ਉਸ ਵੇਲੇ ਜੋ ਬਣਿਆ ਹੋਵੇ ਚੁੰਮ ਚੱਟ ਕੇ ਹੱਸਦਿਆਂ ਖਾਣ ਦੀ ਦਾ ਸਮਾਂ ਬਣਾ ਲਈ ਹੈ

ਮੇਰੀਓ ਭੈਣੋ ਤੇ ਵੀਰੋ ਤੁਸੀਂ ਕੀਹਦੇ ਲਈ ਇਉਂ ਕੁਰਬਾਨ ਹੋ ਰਹੀ ਤੇ ਆਪਣੇ ਆਪ ਨੂੰ ਤਸੀਹੇ ਦੇ ਰਹੇ ਹੋ ਕੀਹਦੇ ਵੱਲ ਉਤਾਂਹ ਤੁਸੀਂ ਤਕ ਅਸਮਾਨ ਉੱਤੇ ਕੋਈ ਵੀ ਤੁਹਾਡੀਆਂ ਪ੍ਰਾਰਥਨਾਵਾਂ ਸੁਣਨ ਵਾਲਾ ਨਹੀਂ ਤੁਸੀਂ ਆਪਣੀ ਮੁਕਤੀ ਦੇ ਸਵਾਮੀ ਆਪ ਹੈ ਇਸ ਵਿੱਚ ਮਹਾਤਮਾ ਬੁੱਧ ਦੇ ਵਿਚਾਰਾਂ ਨੂੰ ਬਹੁਤ ਹੀ ਢੁੱਕਵੀਂ ਸ਼ਬਦਾਵਲੀ ਵਿੱਚ ਦਿੱਤਾ ਗਿਆ ਹੈ ਸਭ ਅਕਲਾਂ ਦਾ ਸੋਮਾ ਮੇਰੀਓ ਭੈਣੋ ਤੇ ਵੀਰੂ ਤੁਹਾਡੀ ਹੀ ਅੰਦਰ ਹੈ ਸਭ ਦੁੱਖਾਂ ਦਾ ਕਾਰਨ ਵੀ ਤੁਹਾਡੀ ਆਪਣੀ ਹੀ ਭਟਕਦੀ ਹੈ ਇਸ ਭਟਕਣ ਤੋਂ ਛੁਟਕਾਰਾ ਵੀ ਤੁਸੀਂ ਆਪਣੀ ਹੀ ਅੰਦਰੋਂ ਲੱਭ ਸਕਦੇ ਹੋ ਜੋ ਕਿ ਅੱਠ ਮਾਰਗ ਦਿੱਤੇ ਗਈ ਹਨ

ਲੇਖਕ ਨੇ ਮਾਂ ਬੋਲੀ ਸਬੰਧੀ ਵਿਚਾਰ ਵੀ ਬਹੁਤ ਢੁੱਕਵੇਂ ਦਿੱਤੇ ਹਨ ਜਿਵੇਂ ਉਹ ਕਹਿੰਦੇ ਹਨ ਇਸ ਲਈ ਬੱਚਿਆਂ ਦੀ ਦੁਨੀਆਂ ਵਿੱਚ ਅਮੀਰੀ ਦਾ ਵਾਧਾ ਕਾਇਮ ਰੱਖਣਾ ਵੱਡਿਆਂ ਦਾ ਜ਼ਿੰਦਗੀ ਦਾ ਪਹਿਲਾ ਧਰਮ ਹੈ ਜਿਹੜੇ ਵੱਡੀ ਬੱਚਿਆਂ ਦੀ ਦੁਨੀਆਂ ਦਾ ਧਿਆਨ ਨਹੀਂ ਰੱਖਦੇ ਜ਼ਿਕਰ ਪਾਲਦੀ ਤੇ ਜਿੱਥੇ ਪਾਲਦੀ ਬੱਚਿਆਂ ਨੂੰ ਭਲੀ ਜਾਂ ਰੁਲੀ ਜਾਣ ਦਿੰਦੇ ਹਨ ਉਨ੍ਹਾਂ ਦੀ ਆਪਣੀ ਦੁਨੀਆਂ ਵੀ ਦਿਨੇ ਦਿਨ ਕੰਗਾਲ ਹੁੰਦੀ ਜਾਂਦੀ ਹੈ।
ਇਸ ਨਿਬੰਧ ਦੇ ਜ਼ਰੀਏ ਲੇਖਕ ਨੇ ਮਨੁੱਖ ਦੇ ਵਹਿਮ ਅਤੇ ਭਰਮ ਨੂੰ ਵੀ ਪੇਸ਼ ਕੀਤਾ ਹੈ ਹਰ ਸਾਲ ਇਸ ਤਰ੍ਹਾਂ ਗ੍ਰਹਿਣ ਆਉਂਦੇ ਤੇ ਹਰ ਸਾਲ ਸਾਡਾ ਚੰਨ ਨੌਂ ਬਰ ਨੌਂ ਚੜ੍ਹਦਾ ਰਹਿੰਦਾ ਹੈ ਜਿੱਥੇ ਕੋਈ ਵੀ ਇਹਦੇ ਲਈ ਪ੍ਰਾਰਥਨਾ ਨਹੀਂ ਕਰਦਾ ਉੱਥੇ ਏ ਇਹਦਾ ਕੁਝ ਨਹੀਂ ਵਿਗੜਦਾ ਤੇ ਨਾ ਉਥੇ ਦੇ ਲੋਕਾਂ ਦਾ ਕੁਝ ਵਿਗੜਦਾ ਹੈ ਉਹ ਸਮਝਾਉਂਦਾ ਹੈ ਕਿ ਦੂਰਬੀਨਾਂ ਨਾਲ ਉਸ ਨੇ ਇਸ ਕੁਦਰਤੀ ਹੋਣੀ ਦੀਆਂ ਕਈ ਤਸਵੀਰਾਂ ਖਿੱਚੀਆਂ ਹਨ ਉਸ ਹਿਸਾਬ ਨਾਲ ਗਿਣ ਕੇ ਦੱਸ ਸਕਦਾ ਕਿ ਫਿਰ ਕਦੋਂ ਗ੍ਰਹਿਣ ਲੱਗੇਗਾ ਕਿੰਨਾ ਚਿਰ ਲੱਗੇਗਾ ਭਾਵੇਂ ਕੋਈ ਪ੍ਰਾਰਥਨਾ ਕਰੇ ਚਾਹੇ ਨਾ ਕਰੇ ਇਹ ਗ੍ਰਹਿ ਲੈ ਜਾਵੇਗਾ ਇਸ ਕਰਕੇ ਉਹ ਇਸ ਨਿਬੰਧ ਦੇ ਜ਼ਰੀਏ ਮਨੁੱਖ ਨੂੰ ਇਸ ਵਹਿਮ ਭਰਮ ਤੋਂ ਦੂਰ ਰਹਿਣ ਲਈ ਕਹਿੰਦਾ ਹੈ ਜਿਵੇਂ ਇੱਥੇ ਹੀ ਨਹੀਂ ਕਈ ਤੀਰਥਾਂ ਉੱਤੇ ਇਹੋ ਜਿਹੀਆਂ ਭੀੜਾਂ ਏਸੇ ਵੇਲੇ ਜੁੜੀਆਂ ਤੇ ਟੁੱਭੀ ਲਾਉਣ ਲਈ ਬੇਤਾਬ ਹੋ ਰਹੀਅ◌ਾ◌ਂ ਹਨ ਜ਼ਿੰਦਗੀ ਦੇ ਜ਼ਰੂਰੀ ਕੰਮ ਛੱਡ ਕੇ ਔਖੇ ਸਫ਼ਰ ਝਾਗ ਕੇ ਪੁਲੀਸ ਨੂੰ ਰਿਸ਼ਵਤ ਦੇ ਕੇ ਕਈ ਸਿਫ਼ਾਰਸ਼ਾਂ ਨਾਲ ਤੀਰਥਾਂ ਦੀ ਰੇਲਵੇ ਟਿਕਟ ਖ਼ਰੀਦ ਕੇ ਇਹ ਲੋਕ ਅਸ਼ਨਾਨ ਦਾ ਮਹਾਤਮ ਲੈਣ ਆਏ ਹਨ ਇਹ ਮਹਾਤਮ ਲਈ ਬਾਪ ਆਪਸ ਵਿੱਚ ਲੜ ਰਹੇ ਹਨ ਇਕ ਦੂਜੇ ਨੂੰ ਮਿਲ ਰਹੇ ਹਨ ਕਈ ਚੀਜ਼ਾਂ ਗਵਾ ਕੇ ਇਹ ਘਰ ਮੁੜਨਗੇ ਕਈ ਮੁੜਨਗੇ ਵੀ ਨਹੀਂ ਰਾਹ ਵਿੱਚ ਮਰ ਜਾਣਗੇ ਅਸਮਾਨੀ ਹਸਤੀਆਂ ਦੀ ਰਫ਼ਤਾਰ ਉਨ੍ਹਾਂ ਦੇ ਭਾਰ ਉਨ੍ਹਾਂ ਦੀ ਗਰਦਸ਼ ਦੇ ਰਾਹ ਜਾਨਣ ਵਾਲਾ ਸਾਇੰਸਦਾਨ ਜੇਕਰ ਯਾਤਰੂਆਂ ਦੀ ਅਗਿਆਨਤਾ ਉਤੇ ਹੈਰਾਨ ਹੁੰਦਾ ਹੈ ਓਂਕਰ ਘੋਦਰ ਐਟਮੀ ਸ਼ਕਤੀ ਦਾ ਜਾਣਕਾਰ ਮੁਲਕਾਂ ਦੀ ਤੇਲ ਧਾਕ ਦੀਆਂ ਖਾਨਾਂ ਅਤੇ ਦਰਿਆਵਾਂ ਦੇ ਪਾਣੀਆਂ ਦੀ ਮਾਰ ਧਾੜ ਉਤੇ ਹੈਰਾਨ ਹੁੰਦਾ ਹੈ ਜੇਕਰ ਮਨੁੱਖ ਨੂੰ ਐਟਮੀ ਸ਼ਕਤੀ ਦੀ ਦੌਲਤ ਬਾਰੇ ਪਤਾ ਲੱਗ ਜਾਵੇ ਕਿ ਛੋਟੇ ਜਿਹੇ ਯੂਰੇਨੀਅਮ ਦੇ ਨਾਲ ਬਿਜਲੀ ਘਰ ਖੋਲ੍ਹਿਆ ਜਾ ਸਕਦਾ ਹੈ ਤਾਂ ਉਹ ਇਹੋ ਜਿਹੇ ਵਹਿਮਾਂ ਭਰਮਾਂ ਤੋਂ ਬਹੁਤ ਹੀ ਦੂਰ ਹੋ ਜਾਵੇਗਾ ਪਰ ਅਸਲ ਵਿੱਚ ਸਾਡੇ ਮਨੁੱਖ ਇਸ ਐਟਮੀ ਪ੍ਰਪੰਚ ਤੋਂ ਜਾਣਨ ਦੇ ਲਈ ਉਤਸੁਕ ਹੀ ਨਹੀਂ ਹਨ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਤਾਕਤ ਕੀ ਹੈ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਸਾਡੇ ਰਾਹ ਦੀਆਂ ਔਕੜਾਂ ਕੀ ਹਨ ਉਹ ਇਨ੍ਹਾਂ ਨੂੰ ਰੁਝਾਉਣ ਵਿੱਚ ਹੀ ਆਪਣਾ ਸਕੂਨ ਸਮਝਦੇ ਹਨ ਸੋ ਮਨੁੱਖ ਦਾ ਐਟਮੀ ਧਮਾਕਾ ਹੀ ਮਨੁੱਖੀ ਏਕਤਾ ਦਾ ਐਲਾਨ ਹੈ ਸੱਭਿਆਚਾਰ ਸੱਭਿਆਚਾਰ ਦੇ ਅਰਥ ਸਮਝਣੇ ਬਹੁਤ ਮੁਸ਼ਕਲ ਹਨ ਪਰ ਜੇਕਰ ਇਸ ਨੂੰ ਸੌਖੇ ਤਰੀਕੇ ਨਾਲ ਸਮਝਣਾ ਤਾਂ ਜ਼ਿੰਦਗੀ ਦੀਆਂ ਸਾਂਝਾਂ ਵਿਚੋਂ ਸਮਝਿਆ ਜਾ ਸਕਦਾ ਹੈ ਸੋ ਸੱਭਿਆਚਾਰ ਤਾਲੀਮ ਨਾਲੋਂ ਵੱਡੀ ਅਤੇ ਡੂੰਘੀ ਸਿਫ਼ਤ ਹੈ ਤਾਲੀਮ ਇਹਦਾ ਭਾਗ ਹੈ

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਵੱਡੀ ਗਿਣਤੀ ਵਿਚ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਇਹਨਾਂ ਵਿਚ ਵੱਡੀ ਗਿਣਤੀ ਉਹਨਾਂ ਦੇ ਲੇਖ ਸੰਗ੍ਰਹਿਆਂ ਦੀ ਹੈ। ਉਹਨਾਂ ਦੇ ਕੁਲ ਲੇਖ ਸੰਗ੍ਰਹਿਆਂ ਦੀ ਗਿਣਤੀ 31 ਬਣਦੀ ਹੈ। ਮੋਟੇ ਤੌਰ 'ਤੇ ਇਹਨਾਂ ਵਿਚ 542 ਵੱਡੇ ਨਿੱਕੇ ਲੇਖ ਅਤੇ 341 ਟਿੱਪਣੀ-ਲੇਖ ਸੰਕਲਿਤ ਕੀਤੇ ਹੋਏ ਹਨ। ਉਹਨਾਂ ਦੁਆਰਾ ਕੀਤੀ ਸਾਹਿਤ ਸਿਰਜਣਾ ਨੂੰ ਕੁਝ ਵਰਗਾਂ ਦੀਆਂ ਸੀਮਾਵਾਂ ਵਿਚ ਬੰਨ੍ਹਣਾ ਮੁਸ਼ਕਿਲ

ਕਾਰਜ ਹੈ। ਡਾ. ਰਤਨ ਸਿੰਘ ਜੱਗੀ ਨੇ ਆਪਣੀ ਸੰਪਾਦਿਤ ਕਿਤਾਬ 'ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਪ੍ਰਤੀਨਿਧ ਲੇਖ' (ਪਹਿਲੀ ਸੈਂਚੀ) ਦੀ ਭੂਮਿਕਾ ਵਿਚ ਉਹਨਾਂ ਦੇ ਲੇਖਾਂ ਦੀਆਂ ਵਿਸ਼ੇ ਪੱਖ ਤੋਂ ਕਿਸਮਾਂ ਤੈਅ ਕਰਨ ਦੀ ਕੋਸ਼ਿਸ਼ ਕੀਤੀ ਹੈ :-

1. ਪ੍ਰੇਮ ਪ੍ਰਧਾਨ ਲੇਖ
2. ਸ਼ਿਸ਼ਟਾਚਾਰ ਪ੍ਰਧਾਨ ਲੇਖ
3. ਸਭਿਆਚਾਰਕ ਲੇਖ
4. ਧਾਰਮਿਕ ਲੇਖ
5. ਮਨੁੱਖੀ ਸਰੂਪ, ਸਿਹਤ ਅਤੇ ਵਿਵਹਾਰ ਸੰਬੰਧੀ ਲੇਖ
6. ਸਾਮਿਅਕ ਸਮੱਸਿਆਵਾਂ ਸੰਬੰਧੀ ਲੇਖ
7. ਵਿਗਿਆਨਿਕ ਵਿਸ਼ਿਆਂ ਨਾਲ ਸੰਬੰਧਿਤ ਲੇਖ
8. ਸਾਹਿਤ, ਭਾਸ਼ਾ ਅਤੇ ਸੂਖਮ ਕਲਾਵਾਂ ਨਾਲ ਸੰਬੰਧਿਤ ਲੇਖ

ਗੁਰਬਖ਼ਸ਼ ਸਿੰਘ ਸਿੰਘ ਨੇ ਮਨੁੱਖੀ ਜੀਵਨ ਦੇ ਕਈ ਪਾਸਾਰਾਂ ਨੂੰ ਆਪਣੀ ਲੇਖਣੀ ਵਿਚ ਲਿਆਂਦਾ ਹੈ। ਮਨੁੱਖ ਦੇ ਮੂਲ ਤੇ ਬੁਨਿਆਦੀ ਸਰੋਕਾਰ ਉਹਨਾਂ ਦੀਆਂ ਲਿਖਤਾਂ ਵਿਚ ਪ੍ਰਮੁੱਖ ਰੂਪ ਵਿਚ ਹਾਜ਼ਿਰ ਹਨ। ਉਹਨਾਂ ਦਾ ਕੇਂਦਰੀ ਸੰਕਲਪ 'ਪ੍ਰੀਤ' ਹੈ। ਇਸ ਸੰਕਲਪ ਪਿੱਛੇ ਅਮਰੀਕਾ ਤੇ ਯੂਰਪ ਵਿਚ ਭਾਰਤ ਤੋਂ ਕਿਤੇ ਪਹਿਲਾਂ ਸਥਾਪਿਤ ਹੋਈ ਬੁਰਜੂਆ ਜਮਹੂਰੀਅਤ ਹੈ। ਇਸ ਤਹਿਤ ਵਿਅਕਤੀਗਤ ਆਜ਼ਾਦੀ, ਸ਼ਖ਼ਸੀ ਪਛਾਣ, ਪ੍ਰਗਟਾਵੇ ਦੀ ਖੁੱਲ੍ਹ ਤੇ ਔਰਤਾਂ ਨੂੰ ਮਿਲੇ ਅਧਿਕਾਰਾਂ ਵਰਗੀਆਂ ਜਮਹੂਰੀ ਕਦਰਾਂ ਕੀਮਤਾਂ ਨੂੰ ਪ੍ਰਵਾਨਿਆ ਗਿਆ। ਗੁਰਬਖ਼ਸ਼ ਸਿੰਘ ਨੂੰ ਇਹਨਾਂ ਕਦਰਾਂ ਕੀਮਤਾਂ ਦੀ ਸਿਆਣ ਉਦੋਂ ਆਉਂਦੀ ਹੈ ਜਦੋਂ ਉਹ ਇੰਜੀਨੀਅਰਿੰਗ ਦੀ ਪੜ੍ਹਾਈ ਲਈ ਅਮਰੀਕਾ ਤੇ ਯੂਰਪ ਦੇ ਸੰਪਰਕ ਵਿਚ ਆਉਂਦਾ ਹੈ। ਇਸ ਸੰਪਰਕ ਤੋਂ ਬਣੀ ਸਮਝ ਹੀ ਇੱਧਰ ਆ ਕੇ 'ਪ੍ਰੀਤ' ਦਾ ਸੰਕਲਪ ਬਣ ਜਾਂਦੀ ਹੈ। ਇਸ ਸੰਕਲਪ ਨਾਲ ਹੀ ਪ੍ਰੀਤਲੜੀ, ਪ੍ਰੀਤ ਨਗਰ, ਪ੍ਰੀਤੋ-ਪੈਥੀ, 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਵਿਸਥਾਰ ਗ੍ਰਹਿਣ ਕਰਦੇ ਹਨ ਤੇ ਉਹਨਾਂ ਦੀਆਂ ਰਚਨਾਵਾਂ ਦੇ ਵਿਸ਼ਿਆਂ ਦਾ ਰੂਪ ਧਾਰਦੇ ਹਨ।

ਗੁਰਬਖ਼ਸ਼ ਸਿੰਘ ਨੇ ਤਤਕਾਲੀ ਸਮਾਜ ਵਿਚ ਮੌਜੂਦ ਸਮੱਸਿਆਵਾਂ ਨੂੰ ਵਿਸ਼ਿਆਂ ਵਜੋਂ ਸਾਹਿਤ ਸਿਰਜਣਾ ਅੰਦਰ ਲੈ ਕੇ ਆਂਦਾ। ਉਹਨਾਂ ਨੇ ਆਪਣੇ ਸਮੇਂ ਦੇ ਸੰਕਟਾਂ ਨੂੰ ਸਮਝਦਿਆਂ ਆਪਣੇ ਖ਼ਿਆਲ ਜ਼ਾਹਿਰ ਕੀਤੇ। ਖ਼ਿਆਲ ਜ਼ਾਹਿਰ ਕਰਨ ਦੇ ਨਾਲ ਨਾਲ ਉਹਨਾਂ ਦੀ ਰਚਨਾ ਵਿਚ ਸੁਝਾਅ ਵੀ ਦਿੱਤੇ ਮਿਲਦੇ ਹਨ। ਉਸ ਸਮੇਂ ਦੇ ਸੰਕਟਾਂ ਵਿਚ ਅੰਗਰੇਜ਼ੀ ਹਕੂਮਤ ਅਧੀਨ ਗ਼ੁਲਾਮ ਭਾਰਤ, ਸੰਪਰਦਾਇਕ ਤਣਾਅ, ਜਗੀਰਦਾਰੀ ਨਿਜ਼ਾਮ, ਧਰਮ ਤੇ ਵਿਗਿਆਨਕ ਚੇਤਨਾ ਵਿਚਲੀ ਦੂਰੀ ਸ਼ਾਮਿਲ ਕੀਤੇ ਜਾ ਸਕਦੇ ਹਨ ਜੋ ਉਹਨਾਂ ਦੀ ਰਚਨਾ ਦੇ ਵਿਸ਼ਿਆਂ ਵਜੋਂ ਦਰਜ ਹੋਏ।

ਵਿਸ਼ੇ ਦੇ ਪੱਖ ਤੋਂ ਕੁਝ ਲੇਖ ਕਲਾ ਅਤੇ ਸਾਹਿਤ ਦੇ ਸਿਧਾਂਤ ਨਾਲ ਸੰਬੰਧਿਤ ਹਨ। ਗੁਰਬਖ਼ਸ਼ ਸਿੰਘ ਦੇ ਸਾਹਿਤ ਦੇ ਸਿਧਾਂਤ ਨਾਲ ਸੰਬੰਧਿਤ ਮਜ਼ਮੂਨ ਉਸ ਦੀਆਂ ਪੁਸਤਕਾਂ **ਨਵੀਆਂ ਤਕਦੀਰਾਂ ਦੀ ਫੁੱਲ ਕਿਆਰੀ (1942), ਸਾਵੀਂ ਪੱਧਰੀ ਜ਼ਿੰਦਗੀ (1943), ਨਵਾਂ ਸ਼ਿਵਾਲਾ (1947) ਅਤੇ ਜ਼ਿੰਦਗੀ ਦੀ ਰਾਸ (1957)** ਆਦਿ ਵਿਚ ਮੌਜੂਦ ਹਨ। ਮਿਸਾਲ ਵਜੋਂ ਪੁਸਤਕ **ਨਵਾਂ ਸ਼ਿਵਾਲਾ** ਵਿਚਲੇ ਤਿੰਨ ਮਜ਼ਮੂਨਾਂ *'ਜ਼ਿੰਦਗੀ ਕਲਾ ਦਾ ਇਕ ਟੁਕੜਾ'*, *'ਕਲਾਕਾਰ ਦਾ ਫਰਜ਼'* ਅਤੇ *'ਕਲਾ ਭਾਵਨਾਵਾਂ ਦੀ ਬੋਲੀ'* ਨੂੰ ਦੇਖਿਆ ਜਾ ਸਕਦਾ ਹੈ। ਗੁਰਬਖ਼ਸ਼ ਸਿੰਘ ਦਾ ਸਾਹਿਤ-ਸਿਧਾਂਤ ਜਾਂ ਸਾਹਿਤ–ਚਿੰਤਨ, ਜ਼ਿੰਦਗੀ ਤੇ ਕਲਾ ਦੇ ਸੰਬੰਧਾਂ ਦੀ ਪਛਾਣ ਤੋਂ ਲੈ ਕੇ ਕਲਾ ਦੇ ਇਨਕਲਾਬੀ ਪ੍ਰਭਾਵ ਤਕ ਫੈਲਿਆ ਹੋਇਆ ਹੈ। ਇਨ੍ਹਾਂ ਦੋ ਸਿਰਿਆਂ ਦੇ ਵਿਚਾਲੇ ਉਸਨੇ ਪ੍ਰਮਾਣਕ ਕਲਾ ਦੀ ਪ੍ਰਕਿਰਤੀ, ਕਲਾ ਦਾ ਪ੍ਰਯੋਜਨ, ਪ੍ਰਮਾਣਕ ਕਲਾਕਾਰ, ਕਲਾਕਾਰ ਦਾ ਫਰਜ਼, ਅਗਾਂਹਵਧੂ ਸਾਹਿਤ ਦੇ ਪਛਾਣ-ਚਿੰਨ੍ਹ ਅਤੇ ਕਲਾ ਦੇ ਸਮਾਜ-ਸਭਿਆਚਾਰਕ ਅਤੇ ਕ੍ਰਾਂਤੀਕਾਰੀ ਸਰੋਕਾਰਾਂ ਨੂੰ ਆਪਣੇ ਧਿਆਨ ਦਾ ਕੇਂਦਰੀ-ਬਿੰਦੂ ਬਣਾਇਆ ਹੈ। ਕਲਾ ਦੇ ਸਮਾਜ, ਲੇਖਕ, ਪਾਠਕ ਅਤੇ ਉਸਦੀ ਆਪਣੀ ਸੁਹਜਮਈ ਹੋਂਦ ਦਾ ਕੋਈ ਅਜੇਹਾ ਬਿੰਦੂ ਨਹੀਂ ਜਿਹੜਾ ਉਸਦੇ ਧਿਆਨ ਦਾ ਮਰਕਜ਼ ਨਾ ਬਣਿਆ ਹੋਵੇ।

## ਮੁੱਖ/ਕੇਂਦਰੀ ਸ਼ਬਦ:

ਵਿਸ਼ਾ ---ਕਥਾ ਵਰਣਨ

ਭਾਸ਼ਾ ---ਬੋਲੀ ਰੂਪ ਸਰਲ

ਸ਼ੈਲੀ---ਲਿਖਣ ਢੰਗ

ਹਵਾਲਾ---ਟਿੱਪਣੀ

ਵਾਤਾਵਰਣਨ---ਦ੍ਰਿਸ਼

## ਸਵੈ-ਮੁਲਾਂਕਣ:

1. ਲੇਖਕ ਨੇ ਸਿਵਲ ਇੰਜਨੀਅਰਿੰਗ ਦੀ ਵਿੱਦਿਆ ਕਿਥੋਂ ਪ੍ਰਾਪਤ ਕੀਤੀ

ੳ. ਲੰਡਨ

ਅ. ਅਮਰੀਕਾ

ੲ. ਕੈਨੇਡਾ

ਸ. ਇਟਲੀ

2. ਲੇਖਕ ਦੇ ਰਸਾਲੇ ਦਾ ਕੀ ਨਾਂ ਸੀ

ੳ. ਪ੍ਰੀਤਲੜੀ

ਅ. ਛੋਹਾਂ

ੲ. ਅੱਧਵਾਟੇ

ਸ. ਕਾਮੇ

3. ਪ੍ਰੀਤਲੜੀ ਰਸਾਲਾ ਕਦੋਂ ਸ਼ੁਰੂ ਹੋਇਆ

ੳ. 1929

ਅ. 1930

ੲ. 1931

ਸ. 1933

4. ਪੂਰਬ ਪੱਛਮ ਕਿਸ ਦਾ ਨਾਟਕ ਹੈ

ੳ. ਸੰਤ ਸਿੰਘ ਸੇਖੋਂ

ਅ. ਗੁਰਬਖਸ਼ ਸਿੰਘ ਪ੍ਰੀਤਲੜੀ

ੲ. ਹਰਚਰਨ ਸਿੰਘ

ਸ. ਬਲਵੰਤ ਗਾਰਗੀ

5. ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਲੇਖਾਂ ਦੀ ਸ਼ੈਲੀ ਹੈ

ੳ. ਉੱਗੜ ਦੁੱਗੜ

ਅ. ਔਖੀ

ੲ. ਰੌਚਕ

ਸ. ਸੌਖੀ

6. ਲੇਖਕ ਦੇ ਲੇਖਾਂ ਦਾ ਕੇਂਦਰੀ ਸੰਕਲਪ ਹੈ

ੳ. ਨਫ਼ਰਤ

ਅ. ਵੈਰਾਗ

ੲ. ਪਿਛਾਂਹ ਖਿੱਚੂ

ਸ. ਪ੍ਰੀਤ

7. ਲੇਖਕ ਦਾ ਕਲਾ ਤੇ ਸਾਹਿਤ ਨਾਲ ਸਬੰਧਿਤ ਲੇਖ ਹੈ

ੳ. ਨਵਾਂ ਸ਼ਿਵਾਲਾ

ਅ. ਫਾਲਤੂ ਔਰਤ

ੲ. ਤਕੀਏ ਦਾ ਪੀਰ

ਸ. ਮੇਰਾ ਮੁਰਸ਼ਦ

8. ਲੇਖਕ ਕਿਹੜੀਆਂ ਸਮੱਸਿਆਵਾਂ ਨੂੰ ਆਪਣੇ ਲੇਖਾਂ ਵਿਚ ਪੇਸ਼ ਕਰਦਾ ਹੈ

ੳ. ਪਰੰਪਰਾਵਾਦੀ

ਅ. ਤਤਕਾਲੀ

ੲ. ਪੂਰਬਵਾਦੀ

ਸ. ਔਰਤ ਨਾਲ ਸਬੰਧਤ

9. ਸਾਇੰਸ ਦੀ ਜਾਣਕਾਰੀ ਨਾਲ ਭਰਪੂਰ ਲੇਖ ਕਿਹੜਾ ਹੈ

ੳ. ਮਾਂ

ਅ. ਕਲਾ ਤੇ ਉਸਦਾ ਕਰਤੱਵ

ੲ. ਐਟਮੀ ਸ਼ਕਤੀ ਦੇ ਰੂਬਰੂ

ਸ. ਅਗਾਂਹਵਧੂ ਸਾਹਿਤ

**10.** ਲੇਖਕ ਦੀ ਸ਼ੈਲੀ ਵਿੱਚ...... ਭਾਵ ਵੀ ਮਿਲਦੇ ਹਨ

ੳ. ਪ੍ਰਤੀਕਾਤਮਕ

ਅ. ਲੈਂਗ

ੲ. ਪੈਰੋਲ

ਸ. ਲਕਛਣਾ

**11.** ਲੇਖਕ ਦੇ ਲੇਖਾਂ ਵਿਚ..... ਸ਼ੈਲੀ ਦੀ ਵਰਤੋਂ ਹੋਈ ਹੈ

ੳ. ਬੋਝਲ

ਅ. ਘਟੀਆ

ੲ. ਉਪਦੇਸ਼ਾਤਮਕ

ਸ. ਟੁੱਟੀ ਫੁੱਟੀ

**12.** ਮੈਂ ਪੁੱਛਿਆ ਪੋਲੋ ਮੈਦਾਨ ਕਿੱਥੇ ਹੈ ਵਾਕ ਸ਼ੈਲੀ ਨਾਲ ਸਬੰਧਤ ਹੈ

ੳ. ਪ੍ਰਤੀਕਾਤਮਕ

ਅ. ਉਪਦੇਸ਼ਾਤਮਕ

ੲ. ਪ੍ਰਸ਼ਨੋਤਰੀ

ਸ. ਗੁੰਝਲਦਾਰ

**13.** ਮਨੁੱਖ ਇਨ੍ਹਾਂ ਆਪਣੀ ਮਾਂ ਦਾ ਬੱਚਾ ਨਹੀਂ ਜਿੰਨਾ ਆਪਣੀ ਮਾਂ ਬੋਲੀ ਦਾ ਬੱਚਾ ਹੈ ਵਾਕ ਵਿੱਚ ਕਿਹੜੀ ਸ਼ੈਲੀ ਦਾ ਪ੍ਰਯੋਗ ਹੋਇਆ ਹੈ

ੳ. ਬਿਆਨੀਆ ਸ਼ੈਲੀ

ਅ. ਉਪਦੇਸ਼ਾਤਮਕ ਸ਼ੈਲੀ

ੲ. ਪ੍ਰਤੀਕਾਤਮਿਕ ਸ਼ੈਲੀ

ਸ. ਗੁੰਝਲਦਾਰ ਸ਼ੈਲੀ

**14.** ਲੇਖਕ ਦੀ ਭਾਸ਼ਾ ਹੈ

ੳ. ਬੋਝਲ ਹੈ

ਅ. ਟੁੱਟੀ ਫੁੱਟੀ ਹੈ

ੲ. ਅਕੇਵੇਂ ਵਾਲੀ ਹੈ

ਸ. ਮਾਂਜੀ ਸਵਾਰੀ ਟਕਸਾਲੀ ਹੈ

**15.** ਕੀ ਲੇਖਕ ਦੇ ਲੇਖਾਂ ਵਿੱਚ ਅਲੰਕਾਰਾਂ ਦੀ ਵਰਤੋਂ ਹੋਈ ਹੈ

ੳ. ਨਹੀਂ ਹੋਈ

ਅ. ਹੋਈ ਹੈ

ੲ. ਦੋਵੇਂ ਠੀਕ ਹਨ

ਸ. ਦੋਵੇਂ ਗ਼ਲਤ ਹਨ

## ਅਭਿਆਸ ਪ੍ਰਸ਼ਨ

1. ਜ਼ਿੰਦਗੀ ਦੀ ਰਾਸ ਦਾ ਰੂਪਗਤ ਅਧਿਐਨ ਲਿਖੋ
2. ਜ਼ਿੰਦਗੀ ਦੀ ਰਾਸ ਨਿਬੰਧ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਰਣਨ ਕਰੋ।
3. ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਨਿਬੰਧ ਜ਼ਿੰਦਗੀ ਦੀ ਰਾਸ ਸਰੂਪ ਦਾ ਵਿਸਥਾਰ ਨਾਲ ਵਰਣਨ ਕਰੋ।

## ਸੰਦਰਭ ਪੁਸਤਕਾਂ:


- ਡਾ. ਜਸਵਿੰਦਰ ਸਿੰਘ ਸੈਣੀ, ਵਾਰਤਕ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ, ਪ੍ਰਕਾਸ਼ਿਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010.


## ਉੱਤਰਮਾਲਾ

| | | | | |
|---|---|---|---|---|
| 1. ਅ | 2. ੳ | 3. ਸ | 4. ਅ | 5. ੲ |
| 6. ਸ | 7. ੳ | 8. ਅ | 9. ੲ | 10. ੳ |
| 11. ੲ | 12. ੲ | 13. ੳ | 14. ਸ | 15. ਅ |

# ਅਧਿਆਇ -13: ਗੈਰ ਜ਼ਜ਼ਬਾਤੀ ਡਾਇਰੀ: ਵਿਸ਼ਾਗਤ ਅਧਿਐਨ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ
9. ਮੱਹਤਵਪੂਰਨ ਵੈੱਬਸਾਇਟਸ

## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **ਬਲਰਾਜ ਸਾਹਨੀ ਦੀ ਗੈਰ ਜ਼ਜ਼ਬਾਤੀ ਡਾਇਰੀ ਬਾਰੇ ਜਾਣਨਗੇ।**
2. **ਗੈਰ ਜ਼ਜ਼ਬਾਤੀ ਡਾਇਰੀ ਦੇ ਵਿਸ਼ੇ ਅਤੇ ਵਿਸ਼ੇਸ਼ਤਾਵਾਂ ਬਾਰੇ ਜਾਣਨ ਦੇ ਯੋਗ ਹੋਣਗੇ।**
3. **ਗੈਰ ਜ਼ਜ਼ਬਾਤੀ ਡਾਇਰੀ ਦੇ ਕਲਾ ਰੂਪ ਨੂੰ ਸਮਝਣ ਦੇ ਕਾਬਿਲ ਹੋਣਗੇ**

## ਪ੍ਰਸਤਾਵਨਾ:

ਬਲਰਾਜ ਸਾਹਨੀ ਦਾ ਜਨਮ 1ਮਈ 1913 ਨੂੰ ਰਾਵਲਪਿੰਡੀ ਵਿੱਚ ਸ੍ਰੀ ਹਰਬੰਸ ਲਾਲ ਸਾਹਨੀ ਦੇ ਘਰ ਹੋਇਆ। ਉਸ ਦਾ ਪਹਿਲਾ ਨਾਂ ਯੁਧਿਸ਼ਟਰ ਰੱਖਿਆ ਗਿਆ ਪ੍ਰੰਤੂ ਮਗਰੋਂ ਬਦਲ ਕੇ ਬਲਰਾਜ ਕਰ ਦਿੱਤਾ ਗਿਆ। ਉਸ ਦੇ ਪਿਤਾ ਕੱਟੜ ਆਰੀਆ ਸਮਾਜੀ ਸਨ ਘਰ ਵਿੱਚ ਨਾਚ ਗਾਣਾ ਤੇ ਸ਼ਰਾਬ ਵਰਜਿਤ ਸਨ। ਬਲਰਾਜ ਤੇ ਉਸਦੇ ਛੋਟੇ ਭਰਾ ਭੀਸ਼ਮ ਨੂੰ ਕੁਸ਼ਤੀ ਕਰਨ ਤੇ ਸਰੀਰ ਕਮਾਉਣ ਨੂੰ ਅਖਾੜੇ ਵਿੱਚ

ਭੇਜਿਆ ਜਾਂਦਾ ਹੈ। ਦੋਹਾਂ ਭਰਾਵਾਂ ਨੂੰ ਗੁਰੂਕੁਲ ਦਾਖ਼ਲ ਕੀਤਾ ਗਿਆ ਅੱਠ ਸਾਲ ਦੀ ਉਮਰ ਵਿੱਚ ਉਸ ਨੇ ਗੁਰੂਕੁਲ ਵਿੱਚ ਪੜ੍ਹਨ ਤੋਂ ਇਨਕਾਰ ਕਰ ਦਿੱਤਾ ਤੇ ਨਵੀਨ ਸਿੱਖਿਆ ਲੈਣੀ ਚਾਹੀ ਉਸ ਦਾ ਬਾਪ ਉਸ ਨੂੰ ਡੀ. ਏ. ਵੀ ਕਾਲਜ ਸਕੂਲ ਭੇਜਣ ਲਈ ਮੰਨ ਗਿਆ ਪ੍ਰੰਤੂ ਘਰ ਵਿੱਚ ਹਿੰਦੀ ਤੇ ਸੰਸਕ੍ਰਿਤ ਪੜ੍ਹਨੀ ਲਾਜ਼ਮੀ ਸੀ। ਬਲਰਾਜ ਨਕਲਾਂ ਉਤਾਰਦਾ ਰਾਜਪੂਤਾਂ ਸਰਵਣ ਕੁਮਾਰ ਤੇ ਪੰਜਾਂ ਪਾਂਡਵਾਂ ਦੀ ਜੀਵਨ ਦੀਆਂ ਝਾਕੀਆਂ ਪੇਸ਼ ਕਰਦਾ ਤੇ ਸਾਰੇ ਪਰਿਵਾਰ ਵਾਲੇ ਖ਼ੁਸ਼ ਹੁੰਦੇ ਕਾਲਜ ਵਿੱਚ ਖੇਡੇ ਜਾਣ ਵਾਲੇ ਨਾਟਕਾਂ ਵਿੱਚ ਹਿੱਸਾ ਲਿਆ । ਬੋਟ ਕਲੱਬ ਦਾ ਸੈਕਟਰੀਆਂ ਅਤੇ ਕਾਲਜ ਮੈਗਜ਼ੀਨ ਰਾਵੀ ਲਈ ਅੰਗਰੇਜ਼ੀ ਵਿਚ ਪਰਚੇ ਲਿਖੇ।

ਥੀਏਟਰ ਤੇ ਫ਼ਿਲਮਾਂ ਵਿੱਚ ਕੰਮ:

1945 ਵਿੱਚ ਬਲਰਾਜ ਬੰਬਈ ਆ ਕੇ ਥੀਏਟਰ ਤੋਂ ਫ਼ਿਲਮਾਂ ਵਿੱਚ ਕੰਮ ਕਰਨ ਲੱਗੇ ਉਨ੍ਹਾਂ ਨੇ ਬੰਗਾਲ ਦੀ ਕਾਹਲ ਉੱਤੇ ਆਧਾਰਿਤ ਪਹਿਲੀ ਯਥਾਰਥਕ ਫ਼ਿਲਮ ਧਰਤੀ ਕੇ ਲਾਲ ਵਿਚ ਕੰਮ ਕੀਤਾ। ਇਸ ਫ਼ਿਲਮ ਦਾ ਡਾਇਰੈਕਟਰ ਖ਼ਵਾਜਾ ਅਹਿਮਦ ਆਵਾਸੀ। ਇਸ ਪਿੱਛੋਂ ਬਲਰਾਜ ਨੇ ਮੈਂ ਕੌਨ ਹੂੰ ਅਤੇ ਜਾਦੂ ਕੀ ਕੁਰਸੀ। ਵਿਅੰਗ ਨਾਟਕਾਂ ਵਿਚ ਮੁੱਖ ਪਾਤਰ ਦਾ ਰੋਲ ਬੜੀ ਖ਼ੁਸ਼ੀ ਨਾਲ ਨਿਭਾਇਆ ਬਲਰਾਜ ਨੇ ਚੌਵੀ ਸਾਲ ਦੀ ਉਮਰ ਵਿੱਚ ਪੰਜਾਬ ਨੂੰ ਛੱਡ ਦਿੱਤਾ ਸੀ। ਪ੍ਰੰਤੂ ਉਸ ਨੂੰ ਆਪਣੀ ਧਰਤੀ ਦੀ ਯਾਦ ਹਮੇਸ਼ਾਂ ਸਤਾਉਂਦੀ ਰਹਿੰਦੀ ਸੀ। ਉਹ ਜੁਹੂ ਬੀਚ ਉਤੇ ਨਾਰੀਅਲ ਦੇ ਉੱਚੇ ਦਰੱਖਤਾਂ ਵਿੱਚ ਘਿਰੀ ਇਕ ਝੌਂਪੜੀ ਵਿਚ ਰਹਿੰਦਾ ਸੀ। ਜਿਸ ਦੇ ਚੌਗਿਰਦੇ ਇੱਕ ਜੰਗਲੀ ਇਕੱਲ ਦਾ ਅਹਿਸਾਸ ਹੁੰਦਾ ਸੀ। ਮੌਨਸੂਨ ਦੇ ਦਿਨਾਂ ਵਿੱਚ ਉਸ ਨੂੰ ਕਈ ਵਾਰੀ ਗੋਡੇ ਗੋਡੇ ਪਾਣੀ ਲੰਘਣਾ ਪੈਂਦਾ ਸੀ। ਉਸਦੀ ਪਹਿਲੀ ਯਥਾਰਥਕ ਫ਼ਿਲਮ ਸੀ ਧਰਤੀ ਕੇ ਲਾਲ ਜਿਸ ਵਿੱਚ ਭੁੱਖ ਨਾਲ ਮਰ ਰਹੇ ਕਿਸਾਨ ਦਾ ਰੋਲ ਕੀਤਾ ਤੇ ਉਹ ਦੁਖਾਂਤ ਦਾ ਇੱਕ ਸੰਵੇਦਨਸ਼ੀਲ ਐਕਟਰ ਸਾਬਤ ਹੋਇਆ ਪ੍ਰੰਤੂ ਸੁਖਾਂਤ ਵਿੱਚ ਵੀ ਉਹ ਉਨ੍ਹਾਂ ਮਹਾਨ ਸੀ। ਉਸਦੀ ਸੁਖਾਂਤ ਪ੍ਰਤਿਭਾ ਵਿੱਚ ਕੇਂਦਰੀ ਕਰਨ ਅਤੇ ਰੂਪਾਂਤਰਨ ਦੀ ਬੁਨਿਆਦੀ ਤੱਤ ਸਨ ਉਹ ਆਪਣੀ ਦੁਖਾਂਤਕ ਅਦਾਕਾਰੀ ਨੂੰ ਇੱਕ ਗੁੱਝੇ ਸੁਖਾਂਤਕ ਵਿਅੰਗ ਨਾਲ ਹੋਰ ਡੂੰਘਾ ਕਰ ਦਿੰਦੀ ਜੋ ਉਸ ਦੇ ਪਾਤਰਾਂ ਦੀ ਜਜ਼ਬਾਤੀ ਤੇ ਮਨੋਵਿਗਿਆਨਕ ਸਰੰਚਨਾ ਵਿੱਚ ਪ੍ਰਵੇਸ਼ ਕਰ ਜਾਂਦਾ

ਫ਼ਿਲਮਾਂ ਤੇ ਥੀਏਟਰ ਵਿਚ ਕੰਮ: ਬਲਰਾਜ ਨੇ ਫ਼ਿਲਮਾਂ ਤੇ ਥੀਏਟਰ ਵਿੱਚ ਬਰਾਬਰ ਕੰਮ ਕੀਤਾ ਉਸ ਨੇ ਜੁਹੂ ਬੀਚ ਉੱਤੇ ਆਪਣੀ ਝੌਂਪੜੀ ਵਿੱਚ ਆਪਣੀ ਦੂਸਰੀ ਪਤਨੀ ਸੰਤੋਸ਼ ਨਾਲ ਰਹਿੰਦਿਆਂ ਜੁਹੂ ਆਰਟ ਥੀਏਟਰ ਦੀ ਨੀਂਹ ਰੱਖੀ ਇਸ ਦੀ ਪਹਿਲੀ ਪ੍ਰੋਡਕਸ਼ਨ ਸ੍ਰੀ ਗੋਗੋਲ ਦਾ ਪ੍ਰਸਿੱਧ ਨਾਟਕ ਗਵਰਮੈਂਟ ਇੰਸਪੈਕਟਰ ਇਸ ਵਿੱਚ ਬਲਰਾਜ ਨੇ ਜਾਅਲੀ ਰਾਈਸਜ਼ਾਦੇ ਦਾ ਰੋਲ ਕੀਤਾ ਇਹ ਨਾਟਕ ਭਾਰਤ ਦੇ ਸਮਾਜਿਕ ਤੇ ਰਾਜਨੀਤਿਕ ਯਥਾਰਥ ਤੇ ਕਰੜਾ ਵਿਅੰਗ ਸੀ। ਜੋ ਕਿ ਬਦਲਦੇ ਹੋਏ ਘਟਨਾ ਸਥਾਨਾਂ ਤੇ ਮੰਚ ਸੱਜਾ ਨਾਲ ਮੁੰਬਈ ਵਿੱਚ ਜੁਹੂ ਅੰਧੇਰੀ ਤੇ ਹੋਰਨਾਂ ਕਈ ਇਲਾਕਿਆਂ ਵਿਚ ਯਾਦਗਾਰੀ ਮੰਚ ਘਟਨਾ ਬਣ ਗਿਆ।

ਹਰਮਨ ਪਿਆਰਾ ਫ਼ਿਲਮੀ ਸਿਤਾਰਾ ਚਾਲੀ ਸਾਲ ਦੀ ਉਮਰ ਵਿੱਚ ਬਲਰਾਜ ਸਾਹਨੀ ਇੱਕ ਹਰਮਨ ਪਿਆਰਾ ਫ਼ਿਲਮੀ ਸਿਤਾਰਾ ਬਣ ਗਿਆ ਫਿਲਮ ਜਗਤ ਵਿਚ ਇਹ ਇਕ ਚਮਤਕਾਰ ਸੀ। ਕਿਉਂਕਿ ਉੱਥੇ ਵੀਹ ਪੱਚੀ ਸਾਲਾਂ ਦੇ ਛਬੀਲੇ ਨੌਜਵਾਨ ਹੀ ਹੀਰੋ ਹੁੰਦੇ ਸਨ। ਬਲਰਾਜ ਹਮੇਸ਼ਾਂ ਜੁਆਨ ਸੀ ਤੇ ਉਸ ਦੀ ਐਕਟਿੰਗ ਵਿੱਚ ਦਮ ਸੀ। ਉਸ ਵਿਚ ਸਵੈ ਭਰੋਸਾ ਤੇ ਦਰਸ਼ਕਾਂ ਨਾਲ ਸਾਂਝ ਸੀ। ਜਜ਼ਬੇ ਦੀ ਪਾਰਦਰਸ਼ੀ ਸੁਹਿਰਦਤਾ ਉਸ ਵਿਚ ਸੁਭਾਵਿਕ ਵੀ ਸੀ ਅਤੇ ਪਾਤਰ ਵਿਸ਼ਲੇਸ਼ਣ ਦਾ ਸਿੱਟਾ ਵੀ ਸੀ। ਜਦੋਂ ਉਸ ਨੇ ਦੋ ਵਿੱਘਾ ਜ਼ਮੀਨ ਵਿੱਚ ਰਿਕਸ਼ੇ ਵਾਲੇ ਦਾ ਰੋਲ ਕਰਨਾ ਸੀ। ਉਹ ਕਲਕੱਤੇ ਜਾ ਕੇ ਦੋ ਮਹੀਨੇ ਰਿਕਸ਼ੇ ਵਾਲਿਆਂ ਨਾਲ ਰਿਹਾ ਕਈ ਵਾਰੀ ਬੰਗਾਲੀ ਔਰਤਾਂ ਤੇ ਬਾਬੂ ਉਸ ਨੂੰ ਸੱਚਮੁੱਚ ਹੀ ਰਿਕਸ਼ੇ ਵਾਲਾ ਸਮਝਦੇ ਇਸ ਫ਼ਿਲਮ ਵਿੱਚ ਉਸਨੇ ਇੱਕ ਗ਼ਰੀਬ ਰਿਕਸ਼ੇ ਵਾਲੇ ਦੀ ਅਸਲੀ ਤਸਵੀਰ ਪੇਸ਼ ਕੀਤੀ

ਲੇਖਕ ਦੇ ਰੂਪ ਵਿੱਚ:

ਲੇਖਕ ਦੇ ਤੌਰ ਤੇ ਉਹ ਹਮੇਸ਼ਾਂ ਇਹ ਆਖਦਾ ਹੈ। ਕਿ ਇਹ ਉਸ ਦੇ ਵਿਅਕਤਿਤਵ ਦਾ ਵੱਖਰਾ ਪ੍ਰਸਾਰ ਹੈ। ਉਹ ਆਪਣੇ ਆਪ ਨੂੰ ਇਸ ਸ਼ੈਲੀ ਵਿੱਚ ਪ੍ਰਗਟ ਕਰਨਾ ਚਾਹੁੰਦਾ ਹੈ। ਉਸ ਦੀਆਂ ਵਧੀਆ ਰਚਨਾਵਾਂ ਉਸ ਦੀਆਂ ਯਾਦਾਂ ਹਨ ਜੋ ਮੇਰਾ ਰੂਸੀ ਸਫ਼ਰਨਾਮਾ, ਮੇਰਾ ਪਾਕਿਸਤਾਨੀ ਸਫ਼ਰਨਾਮਾ ਤੇ ਮੇਰੀ ਗ਼ੈਰ ਜਜ਼ਬਾਤੀ ਡਾਇਰੀ ਵਿੱਚ ਅੰਕਿਤ ਹਨ ਇਹ ਪੁਸਤਕਾਂ ਸਕੂਲ ਜਾਂਦੇ ਬੱਚੇ ਦੀ ਮਾਸੂਮੀਅਤ ਦੀ ਕਚਿਆਈ ਨਾਲ ਲਿਖੀਆਂ ਗਈਆਂ ਜਿਨ੍ਹਾਂ ਵਿੱਚ ਠਾਠਾਂ ਮਾਰਦਾ ਉਤਸ਼ਾਹ ਹੈ ਤੇ ਉਪਭਾਵੁਕ ਤੇ ਆਦਰਸ਼ਕ ਦ੍ਰਿਸ਼ਟੀਕੋਣ ਗ਼ੈਰ ਜਜ਼ਬਾਤੀ ਡਾਇਰੀ ਵਿੱਚ ਬਲਰਾਜ ਸਾਹਨੀ ਨੇ ਬਹੁਤ ਹੀ ਭਾਵੁਕ ਪਲਾਂ ਨੂੰ ਪੇਸ਼ ਕੀਤਾ ਹੈ। ਜਿਸ ਵਿੱਚ ਇੱਕ ਮਹੱਤਵਪੂਰਨ ਵਿਚਾਰਾਂ ਦੀ ਨਿਸ਼ਾਨਦੇਹੀ ਕੀਤੀ ਹੈ। ਗ਼ੈਰ ਜਜ਼ਬਾਤੀ ਡਾਇਰੀ ਦੇ ਸਿਰਲੇਖ ਤੋਂ ਲੇਖਕ ਦੀ ਗ਼ੈਰ ਜਜ਼ਬਾਤੀ ਹੋਣ ਦਾ ਨਹੀਂ ਸਗੋਂ ਇਕ ਬਹੁਤ ਹੀ ਮਹੱਤਵਪੂਰਨ ਜਜ਼ਬਾਤੀ ਹੋਣ ਦਾ ਵਿਚਾਰ ਸਾਡੇ ਸਾਹਮਣੇ ਆਉਂਦਾ ਹੈ। ਕਿਉਂਕਿ ਇਸ ਵਿਚ ਬਹੁਤ ਹੀ ਮਹੱਤਵਪੂਰਨ ਵਿਚਾਰਾਂ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਲੇਖਕ ਇਕ ਫ਼ਿਲਮੀ ਅਦਾਕਾਰ ਦੇ ਤੌਰ ਤੇ ਆਮ ਜਨਤਾ ਵਿੱਚ ਆਮ ਲੋਕਾਂ ਵਿੱਚ ਵਿਚਰਦਾ ਹੈ। ਜੋ ਘਟਨਾਵਾਂ ਉਸ ਨਾਲ ਵਾਪਰਦੀਆਂ ਹਨ ਉਨ੍ਹਾਂ ਨੂੰ ਇਸ ਵਿਚ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ ਇੱਕ ਮਿੱਠੀ ਯਾਦ, ਦਿਲ ਮਤਲਬ ਕਲੇਜਾ, ਅੱਥਰੂ, ਜ਼ਮੀਰ, ਕਨ੍ਹੇਰੀ ਗੁਫ਼ਾ, ਟੈਲੀਫੋਨ ਵਾਲਾ, ਕਾਮੇ, ਰੱਖੜੀ, ਨਿਰਾਲਾ ਜਲੂਸ ਇੱਕ ਕੁੜੀ ਦੀ ਲਾਸ਼, ਗੁਰਬਾਣੀ ਚ ਪੀੜ, ਪੀ ਫਾਰਮ, ਹੀਰੋ ਆਦਿ ਬਹੁਤ ਹੀ ਮਹੱਤਵਪੂਰਨ ਯਾਦਾਂ ਨਾਲ ਲਿਖੇ

ਗਏ ਵਿਚਾਰ ਹਨ ਗ਼ੈਰ ਜਜ਼ਬਾਤੀ ਡਾਇਰੀ ਦੇ ਵਿਚ ਕੁੱਲ ਯਾਦਾਂ ਚੋਦਾਂ ਦੇ ਲਗਪਗ ਹਨ ਜਿਨ੍ਹਾਂ ਦੇ ਸਿਰਲੇਖ ਹੀ ਬਹੁਤ ਦਿਲ ਖਿੱਚਵੇਂ ਹਨ ਜਿਨ੍ਹਾਂ ਵਿੱਚ ਮਹੱਤਵਪੂਰਨ ਵਿਚਾਰਾਂ ਨੂੰ ਥਾਂ ਦਿੱਤੀ ਗਈ ਹੈ।

ਇੱਕ ਮਿੱਠੀ ਯਾਦ:

ਇਸ ਵਿਚ ਲੇਖਕ ਇਕੋ ਉਹ ਵਿਚਾਰ ਨੂੰ ਪੇਸ਼ ਕਰਦਾ ਹੈ। ਜੋ ਇੱਕ ਆਮ ਜ਼ਿੰਦਗੀ ਜਿਉਣ ਵਾਲਾ ਬੱਚਾ ਹੈ। ਜੋ ਪਹਿਲਾਂ ਇਸ ਸਮਾਜ ਦੇ ਵਿੱਚ ਬਹੁਤ ਹੀ ਤੰਗਦਿਲੀ ਦੇ ਨਾਲ ਅਤੇ ਬੇਰੁਜ਼ਗਾਰੀ ਦਾ ਮਾਰਿਆ ਕੰਮ ਕਰਦਾ ਹੈ। ਜਿਸ ਨੂੰ ਲੇਖਕ ਨੇ ਆਪਣੇ ਇਸ ਜਜ਼ਬਾਤ ਰਾਹੀਂ ਪੇਸ਼ ਕੀਤਾ ਹੈ। ਇਸ ਵਿੱਚ ਲੇਖਕ ਇੱਕ ਲੜਕੇ ਕੋਲੋਂ ਆਪਣਾ ਮੋਟਰਸਾਈਕਲ ਠੀਕ ਕਰਵਾਉਣ ਜਾਂਦਾ ਹੈ। ਜਦੋਂ ਲੇਖਕ ਉਸ ਨੂੰ ਆਪਣਾ ਮੋਟਰਸਾਈਕਲ ਠੀਕ ਕਰਵਾਉਣ ਵਾਸਤੇ ਦਿੰਦਾ ਹੈ ਤੇ ਉਹ ਲੜਕਾ ਬੜੀ ਬੇਧਿਆਨੀ ਦੇ ਨਾਲ ਉਸ ਦੀ ਗੱਲ ਨੂੰ ਸੁਣਦਾ ਹੈ। ਉਹ ਉਸ ਨੂੰ ਲੱਗਦਾ ਹੈ। ਕਿ ਇਸ ਨੇ ਮੇਰੀ ਬਹੁਤ ਜ਼ਿਆਦਾ ਬੇਇੱਜ਼ਤੀ ਕੀਤੀ ਹੈ। ਜਦ ਕਿ ਉਹ ਲੋਹਾ ਕੁੱਟ ਰਿਹਾ ਲੜਕਾ ਉਸਦੀ ਗੱਲ ਨੂੰ ਬੜੀ ਗੌਰ ਨਾਲ ਸੁਣਦਾ ਹੈ। ਜਿਵੇਂ ਲੇਖਕ ਨੇ ਆਪਣੀ ਇਸ ਜਜ਼ਬਾਤੀ ਡਾਇਰੀ ਦੇ ਵਿੱਚ ਇੱਕ ਵਿਚਾਰ ਪੇਸ਼ ਕੀਤਾ ਹੈ। ਦੁਕਾਨ ਤੇ ਉਸ ਬੁੱਢੇ ਦਾ ਮੁੰਡਾ ਬੈਠਾ ਡਾਲਡੇ ਦਾ ਟੀਨ ਕੱਟਣ ਵਿੱਚ ਮਸਤ ਸੀ। ਉਸ ਲਾਪ੍ਰਵਾਹੀ ਜਿਹੀ ਵਿੱਚ ਇੱਕ ਨਜ਼ਰ ਮੇਰੇ ਤੇ ਸੁੱਟੀ ਤੇ ਫਿਰ ਕੰਮ ਵਿੱਚ ਜੁੱਟ ਪਿਆ ਮੇਰੀ ਗੱਲ ਵੀ ਉਸ ਉਸੇ ਹੀ ਅਜੀਬ ਅੰਦਾਜ਼ ਨਾਲ ਸੁਣੀ ਤੇ ਫੇਰ ਬਗੈਰ ਮੋਟਰ ਸਾਈਕਲ ਨੂੰ ਹੱਥ ਲਾ ਹੀ ਆਖਣ ਲੱਗਾ ਇਸ ਕੋਈ ਇੱਕ ਸਾਈਡ ਪ੍ਰੰਤੂ ਛੋਡ ਉਧਰ ਛੋੜ ਦੋ ਦੋ ਦੋ ਘੰਟੇ ਬਾਅਦ ਆ ਜਾਣਾ ਲਿਜਾਣਾ ਤੇ ਫੇਰ ਉਹ ਟੀਨ ਕੁੱਟਣ ਵਿਚ ਲੀਨ ਹੋ ਗਿਆ। ਲੇਖਕ ਨੂੰ ਲੱਗਾ ਕਿ ਇਸ ਵਿਚ ਮੇਰੀ ਬਹੁਤ ਹੀ ਜ਼ਿਆਦਾ ਬੇਇਜ਼ਤੀ ਹੋਈ ਹੈ। ਆਪਣੇ ਗੁੱਸੇ ਨੂੰ ਮਾਰਦਾ ਹੋਇਆ ਥੱਕ ਉਥੋਂ ਤੁਰ ਪੈਂਦਾ ਹੈ। ਪ੍ਰੰਤੂ ਮਨ ਹੀ ਮਨ ਉਹ ਉਸਦੇ ਬਾਰੇ ਬਹੁਤ ਘਟੀਆ ਵਿਚਾਰ ਆਪਣੇ ਮਨ ਵਿੱਚ ਲੈ ਕੇ ਆਉਂਦਾ ਹੈ। ਮੋਟਰਸਾਈਕਲ ਠੀਕ ਕਰਨ ਵਾਲਾ ਲੜਕਾ ਉਸ ਨੂੰ ਦੋ ਘੰਟੇ ਦਾ ਸਮਾਂ ਦਿੰਦਾ ਹੈ। ਪ੍ਰੰਤੂ ਜਦੋਂ ਲੇਖਕ ਦੋ ਘੰਟੇ ਬਾਅਦ ਵੀ ਨਹੀਂ ਵਾਪਸ ਆਉਂਦਾ ਤਾਂ ਉਹ ਉਸ ਨੂੰ ਕਹਿੰਦਾ ਹੈ।

ਲਾਪ੍ਰਵਾਹ ਅੰਦਾਜ਼ ਵਿਚ ਅਰੇ ਸਾਹਬ ਤੁਮ ਇਤਨਾ ਦੇਰ ਸੇ ਆਇਆ ਤੁਮਾਰੀ ਵਜ੍ਹਾ ਸੇ ਤੋ ਆਜ ਹਮਾਰਾ ਬਹੁਤ ਨੁਕਸਾਨ ਹੋ ਗਿਆ ਮੁਝੇ ਅਫ਼ਸੋਸ ਹੈ। ਕੁਝ ਜ਼ਰੂਰੀ ਕੰਮ ਸੀ। ਦੇਰ ਹੋ ਗਈ ਮੈਂ ਇੰਨਾ ਹੀ ਆਖਿਆ ਪ੍ਰੰਤੂ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੇਰੇ ਕਰਕੇ ਉਸ ਦਾ ਐਸਾ ਕਿਹੜਾ ਨੁਕਸਾਨ ਹੋ ਸਕਦਾ ਸੀ। ਹੋ ਸਕਦਾ ਉਸ ਨੇ ਕਿਤੇ ਜਾਣਾ ਹੋਵੇ ਤੇ ਮੇਰੇ ਕਰਕੇ ਨਾ ਜਾ ਸਕਿਆ ਹੋਵੇ ਮੈਂ ਸੋਚਿਆ ਇਕ ਰੁਪਿਆ ਵੱਧ ਦੇ ਦਿਆਂਗਾ ਮੇਰੇ ਕਈ ਵਾਰ ਪੁੱਛਣ ਤੇ ਵੀ ਜਦੋਂ ਉਸ ਨੇ ਆਪਣੇ ਨੁਕਸਾਨ ਦਾ ਭਾਂਡਾ ਭੰਨਿਆ ਤਾਂ ਮੈਨੂੰ ਡਾਢਾ ਗੁੱਸਾ ਆਇਆ ਆਖ਼ਿਰ ਉਸ ਨੇ ਆਖ ਹੀ ਦਿੱਤਾ ਅਰੇ ਸਾਹਬ ਤਮਾਰਾ ਗਾੜ੍ਹੀ ਜਹਾਂ ਸੜਕ ਪਰ ਖੜ੍ਹਾ ਥਾ ਕੋਈ ਸਾਲਾ ਟੈਂਕੀ ਕਿ ਕੈਪ ਉਤਾਰ ਕੇ ਲੈ ਗਿਆ ਅਭੀ ਹਮ ਦੋ ਰੁਪਿਆ ਖ਼ਰਚ ਕੇ ਇਸ ਦੇ ਉੱਪਰ ਲਗਾਇਆ ਪ੍ਰੰਤੂ ਇਸ ਵਿੱਚ ਬਲਰਾਜ ਸਾਹਨੀ ਦੇ ਮਨ ਵਿੱਚ ਆਇਆ ਕਿ ਇਸ ਲੜਕੇ ਨੇ ਆਪ ਹੀ ਮੇਰੀ ਕੈਪ ਗਾਇਬ ਕਰਦੀ ਹੋਗੀ ਔਰ ਅਬ ਮੁਝੇ ਬੋਲ ਰਿਹਾ ਕੋਈ ਲੈ ਗਿਆ ਤੁਮਾਰਾ ਕੈਸੇ ਨੁਕਸਾਨ ਹੂਆ ਮਾਸਟਰ ਦਸ ਬੀਸ ਰੁਪਏ ਕਿ ਮੇਰੀ ਕੈਪ ਗੁੰਮ ਹੋ ਗਈ ਔਰ ਬਾਜ਼ਾਰ ਮੇਂ ਅੱਜਕੱਲ੍ਹ ਮਿਲਤੀ ਵੀ ਨਹੀਂ ਤੁਮਾਰੀ ਦੁਕਾਨ ਕੇ ਸਾਹਮਣੇ ਗਾੜ੍ਹੀ ਖੜ੍ਹੀ ਥੀ ਕਿਆ ਤੁਮ ਉਸਕਾ ਖਿਆਲ ਵੀ ਨਹੀਂ ਰੱਖ ਸਕਦੇ ਤੇ ਗੁੱਸੇ ਵਿਚ ਭਰਿਆ ਪੀਤਾ ਮੈਂ ਵਰ੍ਹ ਪਿਆ ਪ੍ਰੰਤੂ ਉਸ ਤੋਂ ਬਾਅਦ ਉਹ ਬਾੜੀ ਲੈ ਕੇ ਉੱਥੋਂ ਤੁਰ ਪਿਆ ਪ੍ਰੰਤੂ ਜਦੋਂ ਹੀ ਗਾੜ੍ਹੀ ਨੂੰ ਇੱਕ ਕਿੱਕ ਮਾਰੀ ਤਾਂ ਮੈਂ ਮੁੰਡੇ ਦੀਆਂ ਨਜ਼ਰਾਂ ਵਿੱਚ ਧੰਨਵਾਦ ਕਰਨੋਂ ਨਾ ਰਹਿ ਸਕਿਆ ਕਿਉਂਕਿ ਪਹਿਲਾਂ ਕਦੀ ਵੀ ਗਾੜੀ ਇੱਕ ਕਿੱਕ ਦੇ ਨਾਲ ਸਟਾਰਟ ਨਹੀਂ ਸੀ ਹੋਈ ਤੇ ਬਹੁਤ ਸਾਰੀਆਂ ਕਿੱਕਾਂ ਮਾਰਨ ਤੋਂ ਬਾਅਦ ਉਹ ਸਟਾਰਟ ਹੁੰਦੀ ਸੀ। ਪ੍ਰੰਤੂ ਅੱਜ ਛੇਤੀ ਹੀ ਸਟਾਰਟ ਹੋ ਗਈ ਤੇ ਮੈਂ ਉੱਥੋਂ ਤੁਰਨ ਦੀ ਕੀਤੀ ਜਦੋਂ ਅੱਗੇ ਗਿਆ ਤਾਂ ਬੱਤੀ ਦਾ ਸਵਿੱਚ ਆਨ ਕਰਨ ਲੱਗਾ ਤਾਂ ਉਹ ਵੀ ਬਹੁਤ ਜ਼ਿਆਦਾ ਵਧੀਆ ਤਰੀਕੇ ਨਾਲ ਚੱਲ ਰਿਹਾ ਸੀ। ਔਰ ਜਦੋਂ ਮੈਂ ਹਾਰਨ ਵਜਾਉਣ ਦੀ ਕੋਸ਼ਿਸ਼ ਕੀਤੀ ਤਾਂ ਹੋਰ ਵੀ ਬਹੁਤ ਵਧੀਆ ਤਰੀਕੇ ਨਾਲ ਚੱਲ ਪਿਆ ਅੱਗੇ ਜਾਂਦਿਆਂ ਹੀ ਐਕਸਲੇਟਰ ਚਲਾਉਂਦਿਆਂ ਅਚਾਨਕ ਹੀ ਮੇਰਾ ਹੱਥ ਅਗਲੀ ਬਰੇਕ ਨਾਲ ਜਾ ਲੱਗਾ ਜੋ ਉਹ ਵੀ ਬਹੁਤ ਸਹੀ ਤਰੀਕੇ ਦੇ ਨਾਲ ਲੱਗ ਰਹੀ ਸੀ। ਔਰ ਮੈਂ ਮਨ ਹੀ ਮਨ ਸੋਚਿਆ ਕਿ ਲੜਕੇ ਨੂੰ ਮੈਂ ਦੋ ਹੀ ਰੁਪਏ ਦਿੱਤੇ ਨੇ ਪ੍ਰੰਤੂ ਕੰਮ ਉਸ ਨੇ ਵੀਹ ਰੁਪਏ ਜਿਨ੍ਹਾਂ ਕਰ ਦਿੱਤਾ ਪ੍ਰੰਤੂ ਮੇਰਾ ਦਿਲ ਕੀਤਾ ਕਿ ਉਸ ਲੜਕੇ ਨੂੰ ਦੁਬਾਰਾ ਜ਼ਿਆਦਾ ਪੈਸੇ ਦੇ ਕੇ ਆਵਾਂ ਮੈਂ ਉੱਥੋਂ ਹੀ ਵਾਪਸ ਤੁਰ ਪਿਆ ਅਤੇ ਲੜਕੇ ਕੋਲ ਦੁਬਾਰਾ ਆ ਗਿਆ ਔਰ ਉਸ ਲੜਕੇ ਨੇ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ ਪ੍ਰੰਤੂ ਮੈਨੂੰ ਇਸ ਵਿੱਚ ਬਹੁਤ ਜ਼ਿਆਦਾ ਸ਼ਰਮਿੰਦਗੀ ਮਹਿਸੂਸ ਹੋਈ ਬਾਅਦ ਵਿਚ ਉਸ ਲੜਕੇ ਨੇ ਪੈਸੇ ਲੈ ਲਏ ਅਤੇ ਮਨ ਨੂੰ ਸਕੂਨ ਵੀ ਆਇਆ ਔਰ ਜਦੋਂ ਉਸ ਨੇ ਉਸ ਨੂੰ ਦੱਸਿਆ ਕਿ ਉਹ ਉਸ ਨੂੰ ਫ਼ਿਲਮਾਂ ਦੀ ਐਕਟਰ ਵਜੋਂ ਬਹੁਤ ਹੀ ਜ਼ਿਆਦਾ ਪਸੰਦ ਕਰਦਾ ਹੈ। ਤੇ ਉਸ ਦੀ ਖ਼ੁਸ਼ੀ ਦੀ ਹੱਦ ਹੀ ਨਾ ਰਹੀ ਸੋ ਪਿਆਰ ਭਾਵ ਕਿਸੇ ਦੀ ਬੋਲਣ ਨਾਲ ਨਹੀਂ ਸਗੋਂ ਉਸ ਦੇ ਮਨ ਵਿਚ ਜੋ ਹਨ ਉਨ੍ਹਾਂ ਨੂੰ ਦੇਖਣਾ ਅੱਜ ਦੇ ਮਨੁੱਖ ਲਈ ਬਹੁਤ ਜ਼ਰੂਰੀ ਹੈ।

ਦਿਲ ਮਤਲਬ ਕਲੇਜਾ:

ਯਾਦ ਵਿੱਚ ਲੇਖਕ ਨੇ ਬਹੁਤ ਹੀ ਵਧੀਆ ਵਿਚਾਰਾਂ ਨੂੰ ਪੇਸ਼ ਕੀਤਾ ਹੈ। ਜਿਸ ਵਿੱਚ ਉਸ ਨੇ ਇਕ ਟੈਕਸੀ। ਚਲਾਉਣ ਵਾਲੀ ਦੀ ਕਹਾਣੀ ਨੂੰ ਪੇਸ਼ ਕੀਤਾ ਹੈ। ਇਸ ਵਿੱਚ ਲੇਖਕ ਨੇ ਇਕ ਡਰਾਈਵਰ ਦੇ ਨਾਲ ਆਪਣੀ ਕਹਾਣੀ ਨੂੰ ਪੇਸ਼ ਕੀਤਾ ਹੈ। ਜੋ ਕਿ ਬਹੁਤ ਹੀ ਲਾਪਰਵਾਹ ਕਿਸਮ ਦਾ ਵਿਅਕਤੀ ਸੀ। ਜਿਸ ਵਿੱਚ ਉਸ ਨੇ ਉਸ ਦੀਆਂ ਮਿੱਠੀਆਂ ਯਾਦਾਂ ਅਤੇ ਉਸ ਨਾਲ ਬਿਤਾਏ ਪਲਾਂ ਨੂੰ ਬਹੁਤ ਹੀ ਹੈਰਾਨੀਜਨਕ ਢੰਗ ਨਾਲ ਪੇਸ਼

ਕੀਤਾ ਹੈ। ਲੇਖਕ ਆਜਾਦ ਟੈਕਸੀ ਡਰਾਈਵਰ ਦੀ ਗੱਡੀ ਵਿੱਚ ਬੈਠ ਜਾਂਦਾ ਹੈ। ਤਾਂ ਉਹ ਉਸਦੇ ਨਾਲ ਕੁਝ ਗੱਲਾਂ ਕਰਦਾ ਹੈ। ਪ੍ਰੰਤੂ ਡਰਾਈਵਰ ਜੋ ਕਿ ਆਪਣੇ ਗੀਤ ਗਾਉਣ ਦੀ ਵਿਚ ਮਗਨ ਹੀ ਰਹਿੰਦਾ ਹੈ। ਟੈਕਸੀ ਡਰਾਈਵਰ ਉਸਦੇ ਨਾਲ ਗੱਲਾਂਬਾਤਾਂ ਕਰਦਾ ਹੈ ਤੇ ਉਸ ਨੂੰ ਪੁੱਛਦਾ ਹੈ। ਕਿ ਤੁਮ ਫ਼ਿਲਮ ਮੇਂ ਕਾਮ ਕਰਤਾ ਸਾਹਬ ਹਮ ਦੇਖਾ ਹੈ। ਤੁਮਕੋ ਗ਼ਰੀਬ ਕੇ ਦਿਲ ਕੋ ਪਹਿਚਾਣਦਾ ਹੈ। ਉਹ ਬੜੀ ਹੀ ਬੇਧਿਆਨੀ ਦੇ ਨਾਲ ਗਾ ਰਿਹਾ ਸੀ ਤੇ ਉਸ ਨੂੰ ਪੁੱਛਦਾ ਹੈ। ਕਿ ਤੁਮ ਕੋ ਮੌਤ ਸੇ ਡਰ ਲਗਦਾ ਹੈ ਕਿ ਨਹੀਂ ਕਹਿ ਕੇ ਉਹ ਫਿਰ ਗਾਣਾ ਗਾਣ ਵਿੱਚ ਸ਼ੁਰੂ ਹੋ ਜਾਂਦਾ……… ਜਬ ਦਿਲ ਹੀ ਟੂਟ ਗਿਆ ਹਮ ਜੀਅ ਕੇ ਕਿਆ ਕਰੇਂਗੇ ਸਮਝਿਆ ਨਾ ਸਾਹਿਬ ਦਿਲ ਦਿਲ ਕਾ ਮਤਲਬ ਹੈ ਕਲੇਜਾ। ਬਲਰਾਜ ਸਾਹਨੀ ਨੇ ਉਸ ਦੀ ਗਾਏ ਗੀਤ ਨੂੰ ਜਦ ਸੁਣਿਆ ਤਾਂ ਉਸ ਨੇ ਉਸ ਨੂੰ ਜੁਆਬ ਦਿੱਤਾ ਸੋਹਣਾ ਗਾ ਲੈਨਾ ਤੂੰ ਹਮ ਨਹੀਂ ਗਾਤਾ ਸਾਹਿਬ ਹਮਾਰਾ ਗਾੜ੍ਹੀ ਗਾਤਾ ਹੈ। ਦੇਖੋ ਇਸ ਕਥਿਤ ਨਸ਼ਾ ਆਵਾਜ਼ ਹੈ। ਗਾੜ੍ਹੀ ਤੇਰੀ ਆਪਣੀ ਹੈ………ਮੈਂ ਕੁਝ ਅਚੰਭੇ ਵਿਚ ਪੈ ਕੇ ਪੁੱਛਿਆ?....... ਨਹੀਂ ਸਾਹਿਬ ਆਪਣੀ ਤੋਂ ਨਹੀਂ……... ਉਸ ਦੇ ਨਾਲ ਬੈਠ ਤਾਂ ਗਿਆ ਪ੍ਰੰਤ ਮਨ ਹੀ ਮਨ ਖਿਝ ਵੀ ਰਿਹਾ ਸੀ। ਉਸ ਨੂੰ ਇਹ ਡਰ ਲੱਗ ਰਿਹਾ ਸੀ। ਕਿਤੇ ਇਹ ਐਕਸੀਡੈਂਟ ਹੀ ਨਾ ਕਰਵਾ ਦੇਵੇ ਤਾਂ ਉਹ ਬੜੇ ਅਚੰਭੇ ਨਾਲ ਕਹਿੰਦਾ ਹੈ। ਕਿ ਐਕਸੀਡੈਂਟ ਜੇ ਦੇਖ ਐਕਸੀਡੈਂਟ ਕਿਵੇਂ ਹੁੰਦਾ ਏ ਉਹ ਅੱਗੋਂ ਬਹੁਤ ਜ਼ੋਰ ਨਾਲ ਬਰੇਕ ਮਾਰਦਾ ਹੈ। ਤਾਂ ਅੱਗੇ ਖੜੇ ਡਰਾਈਵਰਾਂ ਦੇ ਵਿਚ ਜਾ ਕੇ ਗੱਡੀ ਮਾਰ ਦਿੰਦਾ ਹੈ। ਜਿਸ ਨਾਲ ਲੇਖਕ ਨੂੰ ਹੋਰ ਵੀ ਬਹੁਤ ਸਾਰਾ ਗੁੱਸਾ ਆਉਂਦਾ ਹੈ। ਪ੍ਰੰਤੂ ਉਹ ਰੱਬ ਰੱਬ ਕਰਦਾ ਉਸ ਨੂੰ ਘਰ ਪਹੁੰਚਾਉਣ ਲਈ ਕਹਿੰਦਾ ਹੈ। ਔਰ ਜਿਨ੍ਹਾਂ ਕੰਡਕਟਰਾਂ ਦੇ ਵਿਚ ਉਸਨੇ ਗੱਡੀ ਮਾਰੀ ਸੀ। ਉਹ ਕੰਡਕਟਰ ਕੁਝ ਵੀ ਬੋਲੇ ਨਹੀਂ ਔਰ ਅੱਖਾਂ ਹੀ ਅੱਖਾਂ ਦੇ ਵਿੱਚ ਉਹ ਪਤਾ ਨਹੀਂ ਉਨ੍ਹਾਂ ਨੂੰ ਕੀ ਕਹਿ ਰਿਹਾ ਸੀ। ਤੇ ਫਿਰ ਗਾਉਣਾ ਸ਼ੁਰੂ ਕਰ ਦਿੰਦਾ ਹੈ। ਦੁਨੀਆ ਰੰਗ ਰੰਗੀਲੀ ਬਾਬਾ ਹਰ ਡਾਰੀ ਮਤਵਾਰੀ ਹੈ। ਸੋ ਇਸ ਯਾਦ ਦੇ ਰਾਹੀਂ ਲੇਖਕ ਨੇ ਬਹੁਤ ਹੀ ਬਾਖ਼ੂਬੀ ਢੰਗ ਨਾਲ ਡਰਾਈਵਰਾਂ ਨਾਲ ਸੰਬੰਧਤ ਜ਼ਿੰਦਗੀ ਨੂੰ ਪੇਸ਼ ਕੀਤਾ ਹੈ।

ਅੱਥਰੂ

ਇਸ ਵਿੱਚ ਲੇਖਕ ਨੇ ਇੱਕ ਰਾਵਲਪਿੰਡੀ ਤੋਂ ਆਏ ਲੜਕੇ ਦੀ ਸਹਾਇਤਾ ਨਾਲ ਸਬੰਧਤ ਵਿਚਾਰ ਪੇਸ਼ ਕੀਤੇ ਹਨ ਪਹਿਲਾਂ ਪਹਿਲ ਲੇਖਕ ਉਸ ਨੂੰ ਮਿਲਣ ਤੋਂ ਬਹੁਤ ਹੀ ਗੁਰੇਜ਼ ਕਰਦਾ ਹੈ। ਉਸ ਨੂੰ ਲੱਗਦਾ ਹੈ ਕਿ ਮੈਂ ਕਿਸ ਕਿਸ ਦੀ ਮਦਦ ਕਰਾਂ ਇਹ ਮੇਰਾ ਫ਼ਰਜ਼ ਨਹੀਂ ਹੈ। ਇਹ ਸਰਕਾਰਾਂ ਦੇ ਫ਼ਰਜ਼ ਹਨ ਕਿ ਉਹ ਕਿਸੇ ਦੀ ਮਦਦ ਜ਼ਰੂਰ ਕਰਨ ਪ੍ਰੰਤੂ ਇਹ ਸੋਚ ਕੇ ਉਹ ਬਾਹਰ ਪਹਿਲਾਂ ਨੌਕਰ ਨੂੰ ਕਹਿ ਦਿੰਦਾ ਹੈ। ਕਿ ਜੇਕਰ ਮੇਰੇ ਬਾਰੇ ਕੋਈ ਪੁੱਛਦਾ ਹੈ ਤਾਂ ਉਸ ਨੂੰ ਕਹਿ ਦੇਣਾ ਕਿ ਉਹ ਘਰ ਨਹੀਂ ਹੈ। ਪ੍ਰੰਤੂ ਜਦੋਂ ਉਹ ਅੰਦਰੋਂ ਦੇਖਦਾ ਹੈ ਕਿ ਬਾਹਰ ਇੱਕ ਲੜਕਾ ਉਸ ਵੱਲ ਬਿਟਰ ਬਿਟਰ ਝਾਕ ਰਿਹਾ ਹੈ ਤਾਂ ਉਸ ਕੋਲੋਂ ਰਿਹਾ ਨਹੀਂ ਗਿਆ। ਜਦੋਂ ਉਹ ਬਾਹਰ ਆਇਆ ਤਾਂ ਉਸ ਲੜਕੇ ਨੇ ਕਿਹਾ ਕਿ ਸਾਹਿਬ ਮੈਂ ਆਪ ਸੇ ਪੈਸੇ ਨਹੀਂ ਮੰਗਣੇ ਆਇਆ ਮੁਝੇ ਆਪ ਕਹੀ ਨੌਕਰੀ ਦਿਲਵਾ ਦੋ ਔਰ ਉਹ ਸੋਚਦਾ ਹੈ। ਪਹਿਲਾਂ ਮਨ ਹੀ ਮਨ ਕੇ ਮੈਂ ਨੌਕਰੀ ਕਿਉਂ ਦੇਵਾਂ ਮੈਂ ਇਸ ਦੀ ਮਦਦ ਕਿਉਂ ਕਰਾਂ ਫਿਰ ਉਹ ਲੜਕੇ ਦੇ ਦੱਸਣ ਤੇ ਉਸ ਦੀ ਹੈਲਪ ਕਰਨ ਲਈ ਤਿਆਰ ਵੀ ਹੋ ਜਾਂਦਾ ਹੈ। ਉਹ ਲੜਕਾ ਉਸ ਨੂੰ ਕਹਿੰਦਾ ਹੈ। ਕਿ ਮੈਂ ਪਹਿਲਾਂ ਫਾਊਂਟੇਨ ਪੈੱਨ ਵੇਚਦਾ ਹੁੰਦਾ ਸੀ। ਔਰ ਮੇਰੀ ਜੇਬ ਕਤਰੀ ਗਈ ਔਰ ਲੜਕੇ ਦੀਆਂ ਅੱਖਾਂ ਵਿਚ ਬਹੁਤ ਸਾਰੇ ਅੱਥਰੂ ਸਨ ਉਹ ਉਸ ਦੀ ਗੱਲ ਸੁਣ ਕੇ ਅੰਦਰ ਜਾਂਦਾ ਹੈ ਤੇ ਮਨ ਹੀ ਮਨ ਸੋਚਦਾ ਹੈ। ਕਿ ਇਸ ਨੂੰ ਵੀਹ ਰੁਪਏ ਦੇ ਦਵਾ ਤੇ ਇਹ ਆਪਣਾ ਮੁੜ ਕੇ ਕੰਮ ਚਲਾ ਲਵੇ ਪ੍ਰੰਤੂ ਅੰਦਰ ਜਦ ਜਾਂਦਾ ਹੈ ਤਾਂ ਉਸ ਦਾ ਮਨ ਬਦਲ ਜਾਂਦਾ ਹੈ। ਉਹ ਉਸ ਨੂੰ ਦੋ ਰੁਪਏ ਦੇ ਕੇ ਭੇਜਣ ਦੀ ਕੋਸ਼ਿਸ਼ ਕਰਦਾ ਹੈ। ਪ੍ਰੰਤੂ ਲੜਕਾ ਰਾਵਲਪਿੰਡੀ ਅੰਦਾਜ਼ ਦੀ ਵਿਚ ਬੋਲੀ ਬੋਲਦਾ ਹੈ ਤਾਂ ਉਹ ਉਸ ਦੀ ਰਾਵਲਪਿੰਡੀ ਨਾਲ ਕੀਲਿਆ ਤਾਂ ਜ਼ਰੂਰ ਜਾਂਦਾ ਹੈ। ਪ੍ਰੰਤੂ ਉਹ ਉਸ ਦੀ ਮੱਦਦ ਕਰਨ ਤੋਂ ਇਨਕਾਰੀ ਮਨ ਨਾਲ ਉਸ ਨਾਲ ਗੱਲ ਕਰਦਾ ਹੈ।

ਫਿਰ ਜਦੋਂ ਲੜਕਾ ਉਸ ਦੇ ਨਾਲ ਰਾਵਲਪਿੰਡੀ ਭਾਸ਼ਾ ਵਿੱਚ ਗੱਲ ਕਰਦਾ ਹੈ ਤਾਂ ਉਹ ਫਿਰ ਉਸ ਦੀ ਜ਼ੁਬਾਨ ਤੇ ਕੀਲਿਆ ਜਾਂਦਾ ਹੈ। ਜਦੋਂ ਉਹ ਲੜਕਾ ਉਸ ਦੇ ਨਾਲ ਰਾਵਲਪਿੰਡੀ ਭਾਸ਼ਾ ਵਿੱਚ ਗੱਲ ਕਰਦਾ ਹੈ ਤਾਂ ਗੱਲ ਕਰਦਾ ਕਰਦਾ ਉਹ ਦੱਸਦਾ ਹੈ। ਕਿ ਉੱਥੇ ਸਾਡਾ ਆਪਣਾ ਘਰ ਸੀ। ਜਿਸ ਦੇ ਵਿਚ ਮੇਰਾ ਚਾਚਾ ਜੋਗੀਨਾਥ ਕਾਂਗਰਸ ਦੇ ਬਹੁਤ ਵੱਡੀ ਵਰਕਰ ਰਹੇ ਹਨ ਜਦੋਂ ਉਹ ਜੋਗੀ ਨਾਥ ਦਾ ਨਾਂ ਲੈਂਦਾ ਹੈ ਤਾਂ ਲੇਖਕ ਫਿਰ ਉਸ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। ਕਿ ਤੂੰ ਜੋਗੀਨਾਥ ਜੋਗੀਨਾਥ ਤਾਂ ਮੇਰਾ ਬਹੁਤ ਵੱਡਾ ਮਿੱਤਰ ਸੀ। ਇਕ ਗੱਲ ਦੱਸ ਜੋਗੀਨਾਥ ਨਾ ਤਾਂ ਕਾਂਗਰਸ ਦੇ ਵਿੱਚ ਬਹੁਤ ਵੱਡਾ ਰਸੂਖ ਸੀ। ਪ੍ਰੰਤੂ ਉਹ ਤੇਰੇ ਲਈ ਕੋਈ ਮਦਦ ਨਹੀਂ ਕਰ ਸਕਿਆ ਨਹੀਂ ਸਾਹਬ ਮੈਂ ਆਪਣੀ ਨੌਕਰੀ ਮੈਂ ਆਪਣਾ ਕੰਮ ਆਪ ਕਰਾਂਗਾ ਤੁਸੀਂ ਮੈਨੂੰ ਕੋਈ ਛੋਟੀ ਮੋਟੀ ਨੌਕਰੀ ਤੇ ਲਵਾ ਦਿਓ ਜਦੋਂ ਉਸ ਨੇ ਕਈ ਸਾਰੇ ਆਪਣੇ ਪਰਮ ਪਿਆਰੇ ਮਿੱਤਰਾਂ ਤੇ ਨਜ਼ਰ ਮਾਰੀ ਤਾਂ ਉਸ ਨੇ ਸੋਚਿਆ ਕਿ ਕੱਲ੍ਹ ਤੂੰ ਇੰਨੇ ਵਜੇ ਆ ਜਾਵੀਂ ਮੈਂ ਤਿੰਨੋਂ ਆਪਣੇ ਨਾਲ ਬਿਠਾ ਕੇ ਲੈ ਜਾਵਾਂਗਾ ਤੇ ਕਿਤੇ ਨੌਕਰੀ ਤੇ ਲਗਵਾ ਦੇਵਾਂਗਾ ਉਹ ਉਸ ਨੂੰ ਦੋ ਚਾਰ ਰੁਪਏ ਦਿੰਦਾ ਹੈ। ਉਹ ਸਾਰੇ ਦੇ ਸਾਰੇ ਵਾਪਸ ਕਰ ਦਿੰਦਾ ਹੈ। ਜਿਸ ਦੇ ਵਿੱਚ ਇੱਕ ਰੁਪਿਆ ਲੈਂਦਾ ਹੈ। ਕਿ ਮੈਂ ਹੁਣ ਬੱਸ ਤੇ ਵਾਪਸ ਚਲਾ ਜਾਵਾਂਗਾ ਤੇ ਸਵੇਰੇ ਆ ਜਾਵਾਂਗਾ ਲੇਖਕ ਉਸ ਦੇ ਵਿਚ ਸੱਚਾਈ ਨੂੰ ਦੇਖ ਕੇ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ। ਤੇ ਉਸ ਦੀ ਨੌਕਰੀ ਦੀ ਭਾਲ ਨੂੰ ਪੂਰਾ ਹੁੰਦਿਆਂ ਦੇਖ ਕੇ ਔਰ ਉਸ ਲੜਕੇ ਦੀ ਅੱਖਾਂ ਵਿੱਚ ਅੱਥਰੂਆਂ ਨੂੰ ਵੇਖ ਕੇ ਤੇ ਲੋਕ ਨੌਕਰੀ ਸਬੰਧੀ ਖ਼ੁਸ਼ੀ ਨੂੰ ਵੇਖ ਕੇ ਲੇਖਕ ਦੀ ਖ਼ੁਦ ਅੱਖਾਂ ਵਿਚੋਂ ਅੱਥਰੂ ਆ ਜਾਂਦੇ ਨੇ ਜਿਸ ਵਿੱਚ ਉਸ ਨੇ ਬਹੁਤ ਹੀ ਮਹੱਤਵਪੂਰਨ ਵਿਚਾਰਾਂ ਨੂੰ ਦਿੱਤਾ ਹੈ। ਜਿਵੇਂ

"ਅੱਛਾ ਭਾਪਾ ਜੀ ਮੈਂ ਕੱਲ੍ਹ ਸਵੇਰੇ ਆ ਜਾਸਾਂ"

ਇਹ ਕਹਿ ਕੇ ਉਸ ਨੇ ਰੁਪਏ ਦਾ ਇੱਕ ਨੋਟ ਆਪਣੇ ਖੱਬੇ ਹੱਥ ਵਿੱਚ ਫੜ ਲਿਆ ਅਤੇ ਬਾਕੀ ਤਿੰਨ ਨੋਟ ਮੇਰੇ ਪੈਰਾਂ ਵਿੱਚ ਸੁੱਟ ਦਿੱਤੇ ਤੇ ਜਲਦੀ ਨਾਲ ਬਾਹਰ ਨੱਠ ਗਿਆ ਮੈਂ ਦਰਵਾਜ਼ੇ ਕੋਲ ਆ ਕੇ ਉਸ ਨੂੰ ਜਾਂਦਿਆਂ ਵੇਖਣ ਲੱਗ ਪਿਆ ਉਸ ਖ਼ੁਦਦਾਰ ਕਿਸਮਤ ਦੇ ਮਾਰੇ ਹੋਏ ਪਿਆਰੇ ਪਿੰਡੀ ਦੇ ਮੁੰਡੇ ਨੂੰ ਮੇਰੇ ਪਰਮ ਮਿੱਤਰ ਯੋਗੀਨਾਥ ਦੀ ਕੰਗਾਲ ਭਤੀਜੇ ਨੂੰ ਜੋਗੀਨਾਥ ਜਿਸ ਨੇ ਸਾਰੀ ਉਮਰ ਨਿਰਸੁਆਰਥ ਹੋ ਕੇ ਕਾਂਗਰਸ ਦੀ ਸੇਵਾ ਕੀਤੀ ਆਜ਼ਾਦੀ ਲਈ ਲੜਨ ਤੇ ਜੁਰਮ ਵਿੱਚ ਅੰਗਰੇਜ਼ ਦੀਆਂ ਜੇਲ੍ਹਾਂ ਕੱਟੀਆਂ ਅੱਜ ਉਸਦਾ ਅਜ਼ੀਜ਼ ਪੁਲੀਸ ਨੂੰ ਰਿਸ਼ਵਤ ਨਾ ਦੇ ਸਕਣ ਜੁਰਮ ਵਿਚ ਕਾਂਗਰਸ ਹਕੂਮਤ ਦੀਆਂ ਜੇਲ੍ਹਾਂ ਕੱਟਦਾ ਹੈ। ਮੈਂ ਇਹ ਫਰਿਆਦ ਕਿਸ ਕੋਲ ਲੈ ਕੇ ਜਾਵਾਂ ਅਖ਼ੀਰ ਮੇਰਾ ਦਿਲ ਪੰਘਰ ਹੀ ਪਿਆ ਤੇ ਮੇਰੀਆਂ ਅੱਖਾਂ ਵਿੱਚ ਟਪ ਟਪ ਅੱਥਰੂ ਡਿੱਗਣ ਲੱਗ ਪਏ ਬਿਲਕੁਲ ਉਹੋ ਜਿਹੀ ਜਿਹੜੇ ਪਹਿਲੀ ਨਜ਼ਰੀਂ ਪੈਂਦਿਆਂ ਮੈਂ ਮੁੰਡੇ ਦੀਆਂ ਅੱਖਾਂ ਵਿੱਚੋਂ ਡਿੱਗਦੇ ਵੇਖੇ ਸਨ।

ਕਨੇਰੀ ਗੁਫ਼ਾ

ਇਸ ਵਿੱਚ ਲੇਖਕ ਨੇ ਇੱਕ ਬਹੁਤ ਹੀ ਮਿੱਠੀ ਯਾਦ ਨੂੰ ਪੇਸ਼ ਕੀਤਾ ਹੈ। ਜਿਸ ਵਿਚ ਉਹ ਇਕ ਪਾਤਰ ਦੀ ਗੱਲ ਕਰਦਾ ਹੈ। ਕਿ ਜੋ ਸਾਡੀਆਂ ਹਿਸਟੋਰੀਕਲ ਪਲੇਸਿਜ਼ ਉਨ੍ਹਾਂ ਨੂੰ ਬਚਾਉਣ ਦੇ ਮਹੱਤਵਪੂਰਨ ਵਿਚਾਰ ਨੂੰ ਅੱਗੇ ਲੈ ਕੇ ਆਉਂਦਾ ਹੈ।

ਲੇਖਕ ਅਤੇ ਉਸ ਦਾ ਪਰਿਵਾਰਕ ਮੈਂਬਰ ਉਸ ਨੂੰ ਇੱਕ ਦਿਨ ਮਿਲਣ ਜਾਂਦੇ ਹਨ ਜਦ ਕਿ ਉਨ੍ਹਾਂ ਦੇ ਜਾਣ ਤੋਂ ਪਹਿਲਾਂ ਉਸ ਦੀ ਮੌਤ ਹੋ ਚੁੱਕੀ ਹੁੰਦੀ ਹੈ। ਪ੍ਰੰਤੂ ਉਹ ਪਾਤਰ ਇਕ ਇਹੋ ਜਿਹਾ ਪਾਤਰ ਸੀ। ਜਿਸ ਨੇ ਹਿਸਟੋਰੀਕਲ ਪਲੇਸਿਜ਼ ਨੂੰ ਬਚਾਉਣ ਦੇ ਨਾਲ ਨਾਲ ਉਨ੍ਹਾਂ ਦੀ ਸਾਂਭ ਸੰਭਾਲ ਬਾਰੇ ਵੀ ਵਿਚਾਰ ਉਠਾਇਆ ਸੀ। ਜਿਵੇਂ ਕਿ ਕਨ੍ਹੇਰੀ ਗੁਫ਼ਾਵਾਂ ਬੰਬਈ ਸ਼ਹਿਰ ਤੋਂ ਕੁਝ ਬਾਹਰ ਰਮਣੀਕ ਪਹਾੜੀਆਂ ਦੀ ਜੰਗਲਾਂ ਵਿੱਚ ਘਿਰੀਆਂ ਹੋਈਆਂ ਇਹ ਗੁਫ਼ਾਵਾਂ ਅਜੰਤਾ ਅਤੇ ਅਲੋਰਾ ਤੋਂ ਵੀ ਪੁਰਾਣੀਆਂ ਹਨ ਜੇ ਮੈਂ ਗਲਤੀ ਨਾ ਕਰ ਰਿਹਾ ਹੋਵਾਂ ਤਾਂ ਬੁੱਧ ਧਰਮ ਦੇ ਹਨਿਆਨ ਕਾਲ ਦੀਆਂ ਹਨ ਇਨ੍ਹਾਂ ਗੁਫ਼ਾਵਾਂ ਦੀ ਸੰਖਿਆ ਬਹੁਤ ਹੈ। ਕਈ ਕਹਿੰਦੇ ਹਨ ਤਿੱਨ ਸੌ ਤੋਂ ਜ਼ਿਆਦਾ ਹੋਵੇਗੀ ਕੋਈ ਕਹਿੰਦਾ ਹੈ। ਦੋ ਸੌ ਤੋਂ ਜ਼ਿਆਦਾ ਹੋਵੇ ਇਨ੍ਹਾਂ ਨੂੰ ਦੇਖ ਕੇ ਵਿਸ਼ਵਾਸ ਹੁੰਦਾ ਹੈ। ਕਿ ਅੱਜ ਤੋਂ ਦੋ ਢਾਈ ਹਜ਼ਾਰ ਸਾਲ ਪਹਿਲਾਂ ਇੱਥੇ ਬੁੱਧ ਧਰਮ ਦਾ ਕੋਈ ਬਹੁਤਾ ਬਹੁਤ ਵੱਡਾ ਕੇਂਦਰ ਸੀ। ਇਨ੍ਹਾਂ ਗੁਫ਼ਾਵਾਂ ਵੱਲ ਆਰੇ ਮਿਲਕ ਕਲੋਨੀ ਤੋਂ ਇਕ ਬਹੁਤ ਹੀ ਸੁੰਦਰ ਪਹਾੜੀ ਸੜਕ ਵੀ ਜਾਂਦੀ ਸੀ। ਇੱਥੇ ਪਹੁੰਚ ਕੇ ਆਦਮੀ ਮੁੰਬਈ ਦੀ ਭੀੜ ਅਤੇ ਸ਼ੋਰ ਨੂੰ ਇਕਦਮ ਭੁੱਲ ਕੇ ਹੈਰਾਨ ਹੋ ਜਾਂਦਾ ਹੈ।

ਕਾਮੇ

ਇਸ ਵਿੱਚ ਲੇਖਕ ਨੇ ਪਰਵਾਸੀ ਮਜ਼ਦੂਰਾਂ ਦੀ ਗੱਲ ਕੀਤੀ ਹੈ। ਕਿ ਰੋਜ਼ੀ ਰੋਟੀ ਦੇ ਲਈ ਬਾਹਰ ਤਾਂ ਜ਼ਰੂਰ ਜਾਂਦੇ ਨੇ ਪ੍ਰੰਤੂ ਉਥੋਂ ਦੇ ਵਸਨੀਕ ਨਹੀਂ ਬਣਦੇ ਉੱਥੋਂ ਦੇ ਵਸਨੀਕ ਬਣ ਵੀ ਜਾਂਦੇ ਹਨ ਪ੍ਰੰਤੂ ਉਨ੍ਹਾਂ ਦੇ ਮਨ ਵਿੱਚ ਇੱਕ ਭੂ ਹੇਰਵੇ ਦੀ ਤਸਵੀਰ ਹਮੇਸ਼ਾਂ ਹੀ ਬਣੀ ਰਹਿੰਦੀ ਹੈ। ਜਿਸ ਨੂੰ ਲੇਖਕ ਨੇ ਇਸ ਵਿਚ ਪੇਸ਼ ਕੀਤਾ ਹੈ। ਇਸ ਵਿੱਚ ਲੇਖਕ ਆਪਣੇ ਬੱਚਿਆਂ ਦੀ ਜ਼ਿੰਦਗੀ ਬਣਾਉਣ ਦੇ ਲਈ ਸੱਤ ਸਮੁੰਦਰੋਂ ਪਾਰ ਜਾਣ ਦੀ ਕਹਾਣੀ ਨੂੰ ਵੀ ਪੇਸ਼ ਕਰਦਾ ਹੈ। ਜਿਵੇਂ ਕਿ ਜ਼ਿੰਦਗੀ ਬਣਾਉਣ ਲਈ ਹਰ ਮੁਮਕਿਨ ਕੁਰਬਾਨੀ ਮਨੁੱਖ ਕਰਦਾ ਹੈ। ਮੇਰਾ ਧਿਆਨ ਮੁੜ ਕੇ ਫੇਰ ਉਨ੍ਹਾਂ ਵੱਲ ਚਲਾ ਗਿਆ ਜਿਨ੍ਹਾਂ ਦਾ ਜ਼ਿਕਰੇ ਖ਼ੈਰ ਹੋ ਰਿਹਾ ਸੀ। ਤਕੜੇ ਜੁੱਸਿਆਂ ਵਾਲੇ ਹੋਣ ਤੇ ਵੀ ਬੜੀ ਹੀ ਅਸੀਲ ਤੇ ਮੇਮਣੇ ਬਣੇ ਹੋਏ ਸਨ ਇਹ ਲੋਕ ਜਿਵੇਂ ਆਪਣਾ ਕੋਈ ਕਸੂਰ ਛੁਪਾ ਰਹੇ ਹੋਣ ਉਂਜ ਆਪਣੀ ਧਰਤ ਆਪਣੇ ਬਾਲ ਬੱਚੇ ਨੂੰ ਛੱਡ ਕੇ ਸੱਤ ਸਮੁੰਦਰ ਪਾਰ ਤੁਰ ਜਾਣਾ ਕਸੂਰ ਨਹੀਂ ਤਾਂ ਹੋਰ ਕੀ ਹੈ। ਪ੍ਰੰਤੂ ਇਹ ਕੇਵਲ ਇਹੋ ਇੱਕ ਕਾਰ ਨਹੀਂ ਸੀ। ਜਾਪਦਾ ਇੰਜ ਲੱਗਦਾ ਸੀ। ਜਿਵੇਂ ਮੇਰੇ ਨਾਲ ਤੇ ਜੈਂਟਲਮੈਨਾਂ ਦਾ ਹੀ ਨਹੀਂ ਸਗੋਂ ਸਾਰੀ ਏਅਰਪੋਰਟ ਦੀ ਵਾਤਾਵਰਣ ਦਾ ਸਬੂਤ ਸਸਕਾਰ ਉਸ ਨੂੰ ਡੱਸ ਰਿਹਾ ਹੋਵੇ ਜਿਵੇਂ ਉਹ ਆਪਣੇ ਦੇਸ਼ ਦੀ ਨਹੀਂ ਸਗੋਂ ਕਿਸੇ ਦੁਸ਼ਮਣ ਦੇਸ਼ ਦੀ ਧਰਤ ਉਪਰ ਆ ਖਲੋਤੇ ਹੋਣ।

ਚਪੇੜ

ਇਸ ਵਿੱਚ ਲੇਖਕ ਨੇ ਬਹੁਤ ਹੀ ਮਹੱਤਵਪੂਰਨ ਵਿਚਾਰਾਂ ਨੂੰ ਲਿਖਿਆ ਹੈ। ਜਿਸ ਵਿੱਚ ਲੇਖਕ ਲਿਖਦਾ ਹੈ ਕਿ ਇਕ ਰੋਟੀ ਦੀ ਖ਼ਾਤਰ ਅਸੀਂ ਇੱਕ ਬੱਚੇ ਨੂੰ ਫ਼ਿਲਮੀ ਦੁਨੀਆਂ ਦੇ ਵਿੱਚ ਕਿਵੇਂ ਧਕੇਲ ਦਿੰਦੇ ਹਨ ਜਦ ਕਿ ਉਸ ਦਾ ਇੰਟਰਸਟ ਵੀ ਨਹੀਂ ਹੁੰਦਾ ਪ੍ਰੰਤੂ ਬੱਚਾ ਉਸ ਰੋਲ ਨੂੰ ਕਰਨ ਦੇ ਲਈ ਤੱਤਪਰ ਰਹਿੰਦਾ ਹੈ। ਪ੍ਰੰਤੂ ਫਿਲਮ ਦੇ ਵਿੱਚ ਇੱਕ ਸੀਨ ਹੁੰਦਾ ਹੈ। ਕਿ ਲੜਕਾ ਆਪਣੇ ਪਿਓ ਨੂੰ ਪੁੱਛਦਾ ਹੈ ਕਿ ਪਾਪਾ ਤੁਸੀਂ ਆ ਗਏ ਇੰਨੇ ਨੂੰ ਉਨ੍ਹਾਂ ਦੀ ਮਾਂ ਵੀ ਆ ਜਾਂਦੀ ਹੈ। ਤੇ ਪਾਪਾ ਪੁੱਛਦੇ ਸਾਰ ਹੀ ਮੁੰਡੇ ਦੇ ਚਪੇੜਾਂ ਮਾਰਨ ਲੱਗ ਜਾਂਦਾ ਹੈ। ਇਸ ਸੀਨ ਨੂੰ ਕਰਨ ਦੇ ਲਈ ਬਹੁਤ ਸਾਰੇ ਜਿਗਰੇ ਦੀ ਜ਼ਰੂਰਤ ਹੈ। ਫਿਲਮ ਵਿੱਚ ਇਹ ਸੀਨ ਕਰਨ ਦੇ ਲਈ ਕੈਮਰੇ ਅੱਗੇ ਪੰਜ ਵਾਰ ਇਹ ਸੀਨ ਕੀਤਾ ਗਿਆ ਔਰ ਹਰ ਵਾਰ ਕੁਝ ਨਾ ਕੁਝ ਗ਼ਲਤ ਨਿਕਲ ਜਾਂਦਾ ਸੀ। ਜਿਸ ਨਾਲ ਉਹ ਲੜਕੇ ਤੇ ਜਦੋਂ ਵੀ ਚਪੇੜ ਮਾਰਦਾ ਹੈ। ਤੇ ਲੜਕੇ ਨੂੰ ਬਹੁਤ ਦਰਦ ਹੁੰਦਾ ਹੈ। ਪ੍ਰੰਤੂ ਲੇਖਕ ਇਸ ਨੂੰ ਇਕ ਮਜਬੂਰੀਵੱਸ ਕਰ ਰਿਹਾ ਹੈ। ਔਰ ਅਚਾਨਕ ਹੀ ਜਦੋਂ ਉਸ ਲੜਕੇ ਦੇ ਬਹੁਤ ਜ਼ਿਆਦਾ ਜ਼ੋਰ ਜ਼ੋਰ ਨਾਲ ਚਪੇੜ ਲੱਗਦੀ ਹੈ। ਤਾਂ ਉਹ ਸੀਨ ਦੇ ਵਿੱਚੋਂ ਹੀ ਬਾਹਰ ਚਲਾ ਜਾਂਦਾ ਹੈ। ਪ੍ਰੰਤੂ ਇੱਕ ਡਾਇਰੈਕਟਰ ਉਸ ਨੂੰ ਏ ਸੀਨ ਨੂੰ ਵਾਰ ਵਾਰ ਕਰਵਾਉਣ ਲਈ ਕਹਿੰਦਾ ਹੈ। ਹਰ ਲੜਕਾ ਕਈ ਵਾਰ ਹੱਥ ਜੋੜਨ ਲੱਗ ਜਾਂਦਾ ਹੈ। ਕਿ ਸਾਹਬ ਮੈਂ ਕੀ ਪਾਪ ਕੀਤਾ ਹੈ। ਇਸ ਕਰ ਕੇ ਚਪੇੜ ਮਾਰੀ ਤਾਂ ਜਾ

ਸਕਦੀ ਹੈ। ਪ੍ਰੰਤੂ ਉਸ ਦੇ ਦਰਦ ਨੂੰ ਸਹਿਣਾ ਬਹੁਤ ਔਖਾ ਹੈ। ਜਿਵੇਂ ਕਿ ਕੈਮਰਾਮੈਨ ਦੀ ਗ਼ਲਤੀ ਦੇ ਕਾਰਨ ਇਸ ਸੀਨ ਨੂੰ ਬਹੁਤ ਵਾਰ ਕਰਨਾ ਪੈਂਦਾ ਹੈ। ਬਸ ਇੱਕੋ ਚਪੇੜ ਹੈ। ਮਾਮੂਲੀ ਜਿਹੀ ਪ੍ਰੰਤੂ ਉਹਨੂੰ ਮੈਂ ਸੁਭਾਗ ਨਹੀਂ ਆਖਦਾ ਉਸ ਲਈ ਮੈਂ ਆਪਣੇ ਪਿਤਾ ਨੂੰ ਕਦੇ ਮੁਆਫ਼ ਨਹੀਂ ਸੀ ਕੀਤਾ ਇਸੇ ਲਈ ਮੈਂ ਕਸੂਰਵਾਰ ਮਹਿਸੂਸ ਕਰਦਾ ਸੋਚਦਾ ਹਾਂ ਆਪਣੇ ਲੜਕੇ ਨੂੰ ਮਾਰ ਕੇ ਮੈਂ ਬੜੀ ਗਲਤੀ ਕੀਤੀ ਬੱਚੇ ਕਿਸੇ ਸੂਰਤ ਵੀ ਮਾਰ ਖਾਣਾ ਪਸੰਦ ਨਹੀਂ ਕਰਦੇ ਮੈਨੂੰ ਵਿਸ਼ਵਾਸ ਹੈ। ਉਹ ਛਿਣ ਭਰ ਲਈ ਚੁੱਪ ਹੋ ਗਿਆ ਜਿਵੇਂ ਮੇਰੀ ਗੱਲ ਉਹਨੂੰ ਚੁੱਭੀ ਹੋਵੇ ਫਿਰ ਬੋਲਿਆ ਤੁਸੀਂ ਆਪ ਹੀ ਤਾਂ ਕਿਹਾ ਤੁਹਾਡੇ ਲੜਕੇ ਦੀ ਰੋਣ ਦੀ ਆਦਤ ਛੁੱਟ ਗਈ ਸੀ।

## ਸਾਰਾਂਸ਼

ਇਹ ਨਿਜੀ ਅਨੁਭਵ ਤੇ ਯਾਦਾਂ ਤੇ ਅਧਾਰਿਤ ਵਾਰਤਕ ਰਚਨਾ ਹੁੰਦੀ ਹੈ। ਜਿਸ ਵਿੱਚ ਜੀਵਨ ਦੀਆਂ ਅਭੁੱਲ ਘਟਨਾਵਾਂ ਰੋਚਕ ਪਲਾਂ ਤੇ ਸਖਸ਼ੀਅਤ ਦੀ ਉਸਾਰੀ ਤੇ ਕਈ ਪੱਖ ਨਿਸ਼ਚਿਤ ਹੁੰਦੇ ਹਨ। ਇਹਨਾਂ ਯਾਦਾਂ ਕੋਈ ਲੇਖਕ ਜਾਂ ਵਿਅਕਤੀ ਆਪਣੇ ਬੀਤ ਚੁੱਕੇ ਸਮੇਂ ਦੀਆਂ ਅਨੰਤ ਯਾਦਾਂ ਵਿਚੋਂ ਕਲਪਨਾ ਤੇ ਯਾਦ ਸ਼ਕਤੀ ਦੇ ਸਹਾਰੇ ਇਨ੍ਹਾਂ ਨੂੰ ਪ੍ਰਭਾਵਸ਼ਾਲੀ ਤੇ ਯਥਾਰਥ ਮਈ ਢੰਗਾਂ ਨਾਲ ਅਪਣਾਉਂਦਾ ਹੈ। ਇਸ ਵਿੱਚ ਲੇਖਕ ਦਾ ਸਵੈ ਮੋਜੂਦ ਹੁੰਦਾ ਹੈ। ਸੰਸਮਰਣ ਜੋ ਕਿ ਸਾਹਿਤਕ ਵਾਂਗ ਸਾਹਿਤਕ ਗੁਣਾ ਦੀ ਵਰਤੋਂ ਰਾਹੀ ਰਚਿਆ ਗਿਆ ਹੋਵੇ ਇਸ ਵਿੱਚ ਸਮੇਂ, ਸਥਾਨ ਵਾਤਾਵਰਣ ਦੀ ਅਹਿਮ ਉਸਾਰੀ ਹੁੰਦੀ ਹੈ। ਪੰਜਾਬੀ ਵਿੱਚ ਸੰਸਮਰਣ ਦਾ ਅਰੰਭ ਗੁਰਬਖਸ ਸਿੰਘ ਪ੍ਰੀਤਲੜੀ ਦੀ ਰਚਨਾ ਮੇਰੀਆਂ ਅਭੁੱਲ ਯਾਦਾਂ ਤੋਂ ਹੋਇਆ ਹੈ। ਇਸ ਵਿਚ ਯਾਦਾਂ ਦੇ ਆਧਾਰ ਤੇ ਲੇਖਕ ਨੇ ਬਹੁਤ ਹੀ ਮੱਹਤਵਪੂਰਨ ਵਿਚਾਰ ਦਿੱਤੇ ਹਨ ਬਲਰਾਜ ਨੇ ਫ਼ਿਲਮਾਂ ਤੇ ਥੀਏਟਰ ਵਿੱਚ ਬਰਾਬਰ ਕੰਮ ਕੀਤਾ ਉਸ ਨੇ ਜੁਹੂ ਬੀਚ ਉੱਤੇ ਆਪਣੀ ਝੌਂਪੜੀ ਵਿੱਚ ਆਪਣੀ ਦੂਸਰੀ ਪਤਨੀ ਸੰਤੋਸ਼ ਨਾਲ ਰਹਿੰਦਿਆਂ ਜੁਹੂ ਆਰਟ ਥੀਏਟਰ ਦੀ ਨੀਂਹ ਰੱਖੀ ਇਸ ਦੀ ਪਹਿਲੀ ਪ੍ਰੋਡਕਸ਼ਨ ਸ੍ਰੀ ਗੋਗੋਲ ਦਾ ਪ੍ਰਸਿੱਧ ਨਾਟਕ ਗਵਰਮੈਂਟ ਇੰਸਪੈਕਟਰ ਇਸ ਵਿੱਚ ਬਲਰਾਜ ਨੇ ਜਾਅਲੀ ਰਾਈਸਜ਼ਾਦੇ ਦਾ ਰੋਲ ਕੀਤਾ ਇਹ ਨਾਟਕ ਭਾਰਤ ਦੇ ਸਮਾਜਿਕ ਤੇ ਰਾਜਨੀਤਿਕ ਯਥਾਰਥ ਤੇ ਕਰੜਾ ਵਿਅੰਗ ਸੀ। ਜੋ ਕਿ ਬਦਲਦੇ ਹੋਏ ਘਟਨਾ ਸਥਾਨਾਂ ਤੇ ਮੰਚ ਸੱਜਾ ਨਾਲ ਮੁੰਬਈ ਵਿੱਚ ਜੁਹੂ ਅੰਧੇਰੀ ਤੇ ਹੋਰਨਾਂ ਕਈ ਇਲਾਕਿਆਂ ਵਿਚ ਯਾਦਗਾਰੀ ਮੰਚ ਘਟਨਾ ਬਣ ਗਿਆ। ਇਸ ਵਿਚ ਵੀ ਬਲਰਾਜ ਸਾਹਨੀ ਨੇ 14 ਦੇ ਕਰੀਬ ਰਚਨਾਵਾਂ ਦਿੱਤੀਆਂ ਹਨ ਕਿਉਂਕਿ ਉਸ ਵਿਚ ਇਕ ਮਿੱਠੀ ਯਾਦ , ਚਪੇੜ ਹੀਰੋ ਪੀ-ਫਾਰਮ, ਹੋਰ ਵੀ ਬਹੁਤ ਸਾਰੇ ਹਨ। ਉਸ ਦੀ ਇੱਕ ਪਛਾਣ ਫ਼ਿਲਮੀ ਕਲਾਕਾਰ ਵਜੋਂ ਵੀ ਹੈ। ਬਲਰਾਜ ਸਾਹਨੀ ਦੀ ਫ਼ਿਲਮੀ-ਕਲਾ ਦਾ ਜੋ ਨਵੇਕਲਾਪਨ ਪਰਦੇ ਉਪਰ ਦਰਸ਼ਕਾਂ ਨੇ ਮਾਣਿਆ ਹੈ, ਉਹੀ ਸੁੱਚੇ ਨਕਸ਼ ਤੇ ਨਵੇਕਲੀ ਲਿਖਣ-ਸ਼ੈਲੀ ਉਸ ਦੀਆਂ ਸਾਹਿਤਿਕ ਲਿਖਤਾਂ ਵਿੱਚੋਂ ਪੰਜਾਬੀ ਪਾਠਕਾਂ ਨੇ ਮਾਣੀ ਹੈ। ਬਲਰਾਜ ਸਾਹਨੀ ਦੀ ਕਲਾ ਜੀਵਨ ਦੇ ਉਹਨਾਂ ਪੱਖਾਂ ਨੂੰ ਪੇਸ਼ ਕਰਦੀ ਹੈ ਜਿਹੜੇ ਪੱਖ ਮਨੁੱਖ ਨੂੰ ਸੰਘਰਸ਼ ਵਿੱਚੋਂ ਮਨੁੱਖ ਬਣਦਾ ਦਿਖਾਉਂਦੇ ਹਨ। ਬਲਰਾਜ ਸਾਹਨੀ ਜੀਵਨ-ਸੰਘਰਸ਼ ਵਿੱਚ ਲੱਗੇ ਹੋਏ ਮਨੁੱਖਾਂ ਦਾ ਸਾਹਿਤਕਾਰ ਹੈ। ਇਸੇ ਲਈ ਉਸ ਦਾ ਸਾਹਿਤ ਖ਼ਾਸ ਕਰ ਕੇ ਨਿਬੰਧ ਅਤੇ ਸਫ਼ਰਨਾਮੇ ਮਨੁੱਖੀ ਜੀਵਨ ਨਾਲ ਇੱਕਸੁਰ ਹੋਏ ਦਿਖਾਈ ਦਿੰਦੇ ਹਨ। ਬਲਰਾਜ ਸਾਹਨੀ ਦੀ ਇਸ ਵਿੱਚ ਜਿੱਥੇ ਪੰਜਾਬ ਅਤੇ ਪੰਜਾਬੀਅਤ ਦੇ ਪਿਆਰ ਲਈ ਉੱਥੇ ਵੱਖ ਵੱਖ ਵਿਸ਼ਿਆਂ ਨੂੰ ਆਪਣੀਆਂ ਯਾਦਾਂ ਰਾਹੀਂ ਪੇਸ਼ ਕੀਤਾ

## ਮੁੱਖ/ਕੇਂਦਰੀ ਸ਼ਬਦ:

ਸੰਸਮਰਣ ---ਯਾਦਾਂ

ਕੈਮਰਾਮੈਨ---ਫੋਟੋ ਖਿੱਚਣ ਵਾਲਾ

ਫਿਲਮ ------ਦੁਨੀਆਂ ਨੂੰ ਦੇਖਣਾ

ਐਕਸੀਡੈਂਟ---ਦੁਰਘਟਨਾ

ਬੇਇਜ਼ਤ---ਇੱਜ਼ਤ ਨਾ ਕਰਨਾ

ਬੇਧਿਆਨ--- ਧਿਆਨ ਨਾ ਦੇਣਾ

## ਸਵੈ-ਮੁਲਾਂਕਣ:

1. ਅੱਜ ਗ਼ੈਰ ਜਜ਼ਬਾਤੀ ਡਾਇਰੀ ਵਿਚ ਕੁੱਲ ਕਿੰਨੇ ਲੇਖ ਹਨ

ੳ. 12

ਅ. 13

ੲ. 14

ਸ. 15

**2.** ਗ਼ੈਰ ਜਜ਼ਬਾਤੀ ਡਾਇਰੀ ਕਿਸ ਦੀ ਰਚਨਾ ਹੈ

ੳ. ਬਲਰਾਜ ਸਾਹਨੀ

ਅ. ਪ੍ਰੋ ਮੋਹਨ ਸਿੰਘ

ੲ. ਅੰਮ੍ਰਿਤਾ ਪ੍ਰੀਤਮ

ਸ. ਭਾਈ ਵੀਰ ਸਿੰਘ

**3.** ਮੇਰਾ ਪਾਕਿਸਤਾਨੀ ਸਫ਼ਰਨਾਮਾ ਦੀ ਵਿਧਾ ਕੀ ਹੈ

ੳ. ਕਹਾਣੀ

ਅ. ਨਾਟਕ

ੲ. ਨਾਵਲ

ਸ. ਸਫਰਨਾਮਾ

**4.** ਬਲਰਾਜ ਸਾਹਨੀ ਦੀ ਰਚਨਾ ਮੇਰਾ ਰੂਸੀ ਸਫ਼ਰਨਾਮਾ ਹੈ

ੳ. ਨਾਟਕ

ਅ. ਸਫਰਨਾਮਾ

ੲ. ਨਾਵਲ

ਸ. ਗੀਤ

**5.** ਬਲਰਾਜ ਸਾਹਨੀ ਦੀ ਸਵੈ ਜੀਵਨੀ ਹੈ

ੳ. ਪਗਡੰਡੀਆਂ

ਅ. ਕੂੜਾ ਕਬਾੜਾ

ੲ. ਮੇਰੀ ਦੁਨੀਆਂ

ਸ. ਮੇਰੀ ਫ਼ਿਲਮੀ ਆਤਮਕਥਾ

**6.** ਬਲਰਾਜ ਸਾਹਨੀ ਦੇ ਪਿਤਾ ਜੀ ਸਨ

ੳ. ਕੱਟੜ ਸਿੱਖ

ਅ. ਕੱਟੜ ਹਿੰਦੂ

ੲ. ਕੱਟੜ ਈਸਾਈ

ਸ. ਕੱਟੜ ਆਰੀਆ ਸਮਾਜੀ

**7.** ਬਲਰਾਜ ਸਾਹਨੀ ਨੂੰ ਘਰ ਵਿੱਚ ਕੀ ਪੜ੍ਹਨਾ ਲਾਜ਼ਮੀ ਸੀ

ੳ. ਹਿੰਦੀ ਤੇ ਸੰਸਕ੍ਰਿਤ

ਅ. ਹਿੰਦੀ ਤੇ ਅੰਗਰੇਜ਼ੀ

ੲ. ਹਿੰਦੀ ਤੇ ਪੰਜਾਬੀ

ਸ. ਹਿੰਦੀ ਤੇ ਬੰਗਾਲੀ

**8.** ਬਲਰਾਜ ਸਾਹਨੀ ਨੇ ਕਾਲਜ ਮੈਗਜ਼ੀਨ ਰਾਵੀ ਲਈ ਕਿਹੜੀ ਭਾਸ਼ਾ ਵਿੱਚ ਪਰਚੇ ਲਿਖੇ

ੳ. ਹਿੰਦੀ

ਅ. ਅੰਗਰੇਜ਼ੀ

ੲ. ਕੰਨੜ

ਸ. ਪੰਜਾਬੀ

**9.** ਬਲਰਾਜ ਸਾਹਨੀ ਨੇ ਕਿਹੜੀ ਯਥਾਰਥਕ ਫ਼ਿਲਮ ਵਿੱਚ ਕੰਮ ਕੀਤਾ

ੳ. ਦੋ ਬੀਘਾ ਜ਼ਮੀਨ

ਅ. ਕਰਾਮਾਤ

ੲ. ਧਰਤੀ ਕੇ ਲਾਲ

ਸ. ਅਲੀ ਬਾਬਾ

**10.** ਮੇਰਾ ਰੂਸੀ ਸਫ਼ਰਨਾਮਾ, ਮੇਰਾ ਪਾਕਿਸਤਾਨੀ ਸਫ਼ਰਨਾਮਾ ਕਿਸ ਦੀ ਰਚਨਾ ਹੈ

ੳ. ਪ੍ਰੋ ਮੋਹਨ ਸਿੰਘ

ਅ. ਬਲਰਾਜ ਸਾਹਨੀ

ੲ. ਪਾਸ਼

ਸ. ਨਰਿੰਦਰ ਸਿੰਘ ਕਪੂਰ

**11.** ਬਲਰਾਜ ਸਾਹਨੀ ਦੇ ਛੋਟੇ ਭਰਾ ਦਾ ਨਾਂ ਕੀ ਸੀ

ੳ. ਭੀਸ਼ਮ ਸਾਹਨੀ

ਅ. ਮੀਨਾ ਸਾਹਨੀ

ੲ. ਦਿਲਰਾਜ ਸਾਹਨੀ

ਸ. ਸਰਤਾਜ ਆਸਾਨੀ

**12.** ਦੋਵਾਂ ਭਰਾਵਾਂ ਨੂੰ ਕਿੱਥੇ ਪੜ੍ਹਨ ਲਈ ਭੇਜਿਆ ਗਿਆ

ੳ. ਆਰੀਆ ਸਕੂਲ

ਅ. ਗੁਰੂਕੁਲ ਸਕੂਲ

ੲ. ਜੈਨ ਸਕੂਲ

ਸ. ਸਰਕਾਰੀ ਸਕੂਲ

**13.** ਬਲਰਾਜ ਸਾਹਨੀ ਦਾ ਪਿਓ ਉਸ ਨੂੰ ਕਿਸ ਸਕੂਲ ਵਿੱਚ ਭੇਜਣ ਲਈ ਮੰਨ ਗਿਆ

ੳ. ਡੀ.ਏ.ਵੀ ਸਕੂਲ

ਅ. ਆਰੀਆ ਸਕੂਲ

ੲ. ਸਰਕਾਰੀ ਸਕੂਲ

ਸ. ਸਿੰਘ ਸਭਾ ਸਕੂਲ

**14.** ਗ਼ੈਰ ਜਜ਼ਬਾਤੀ ਡਾਇਰੀ ਪੁਸਤਕ ਦਾ ਪਹਿਲਾ ਲੇਖ ਕਿਹੜਾ ਹੈ

ੳ. ਅੱਥਰੂ

ਅ. ਜ਼ਮੀਨ

ੲ. ਇੱਕ ਮਿੱਠੀ ਯਾਦ

ਸ. ਕਾਮੇ

**15.** ਗ਼ੈਰ ਜਜ਼ਬਾਤੀ ਡਾਇਰੀ ਪੁਸਤਕ ਦਾ ਅੰਤਲਾ ਲੇਖ ਕਿਹੜਾ ਹੈ

ੳ. ਹੀਰੋ

ਅ. ਅੱਥਰੂ

ੲ. ਜ਼ਮੀਨ

ਸ. ਕਾਮੇ

## ਅਭਿਆਸ ਪ੍ਰਸ਼ਨ

1. ਗੈਰ ਜ਼ਜ਼ਬਾਤੀ ਡਾਇਰੀ ਬਾਰੇ ਆਪਣੇ ਵਿਚਾਰ ਲਿਖੋ
2. ਬਲਰਾਜ ਸਾਹਨੀ ਦੀ ਗੈਰ ਜ਼ਜ਼ਬਾਤੀ ਡਾਇਰੀ ਵਿਸ਼ੇਸ਼ਤਾਵਾਂ ਬਾਰੇ ਵਰਣਨ ਕਰੋ।
3. ਬਲਰਾਜ ਸਾਹਨੀ ਦੀ ਗੈਰ ਜ਼ਜ਼ਬਾਤੀ ਡਾਇਰੀ ਦੇ ਸਰੂਪ ਅਤੇ ਵਿਸ਼ੇ ਬਾਰੇ ਵਿਸਥਾਰ ਨਾਲ ਵਰਣਨ ਕਰੋ।

## ਸੰਦਰਭ ਪੁਸਤਕਾਂ:


- ਡਾ. ਜਸਵਿੰਦਰ ਸਿੰਘ ਸੈਣੀ, ਵਾਰਤਕ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ, ਪ੍ਰਕਾਸ਼ਿਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010.


## ਉੱਤਰਮਾਲਾ

| | | | | |
|---|---|---|---|---|
| 1. ੲ | 2. ੳ | 3. ਸ | 4. ਅ | 5. ਸ |
| 6. ਸ | 7. ੳ | 8. ਅ | 9. ੲ | 10. ਅ |
| 11. ੳ | 12. ਅ | 13. ੳ | 14. ੲ | 15. ੳ |

*Sona, Lovely Professional University*

# ਅਧਿਆਇ -14: ਗੈਰ ਜ਼ਜ਼ਬਾਤੀ ਡਾਇਰੀ: ਰੂਪਗਤ ਅਧਿਐਨ

ਵਿਸ਼ਾ ਵਸਤੂ (Content)

**1.** ਉਦੇਸ਼

**2.** ਪ੍ਰਸਤਾਵਨਾ

**3.** ਵਿਸ਼ਾ ਵਸਤੂ

**4.** ਸਾਰੰਸ਼

**5.** ਕੇਂਦਰੀ ਸ਼ਬਦ

**6.** ਸਵੈ-ਮੁਲਾਂਕਣ

**7.** ਅਭਿਆਸ ਪ੍ਰਸ਼ਨ

**8.** ਸੰਦਰਭ ਪੁਸਤਕਾਂ

**9.** ਮੱਹਤਵਪੂਰਨ ਵੈੱਬਸਾਇਟਸ

## ਉਦੇਸ਼:

ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:

1. **ਬਲਰਾਜ ਸਹਾਨੀ ਦੇ ਜੀਵਨ ਬਾਰੇ ਜਾਣਨਗੇ।**
2. **ਬਲਰਾਜ ਸਹਾਨੀ ਦੀ ਗੈਰ ਜ਼ਜ਼ਬਾਤੀ ਡਾਇਰੀ ਅਤੇ ਵਿਸ਼ੇਸ਼ਤਾਵਾਂ ਬਾਰੇ ਜਾਣਨ ਦੇ ਯੋਗ ਹੋਣਗੇ।**
3. **ਬਲਰਾਜ ਸਹਾਨੀ ਦੀ ਗੈਰ ਜ਼ਜ਼ਬਾਤੀ ਡਾਇਰੀ ਕਲਾ ਪੱਖ ਨੂੰ ਸਮਝਣ ਦੇ ਕਾਬਿਲ ਹੋਣਗੇ**

## ਪ੍ਰਸਤਾਵਨਾ:

'ਮੇਰੀ ਗ਼ੈਰ ਜਜ਼ਬਾਤੀ ਡਾਇਰੀ' ਬਲਰਾਜ ਸਾਹਨੀ ਦੀ ਬਹੁਤ ਹੀ ਮਹੱਤਵਪੂਰਨ ਰਚਨਾ ਹੈ। ਜਿਸ ਵਿਚ ਸਾਹਿਤ ਦੇ ਸਾਹਿਤਕ ਗੁਣਾਂ ਦੀ ਚਰਚਾ ਬੜੀ ਮਹੱਤਵਪੂਰਨ ਢੰਗ ਨਾਲ ਹੋਈ ਹੈ। ਬਲਰਾਜ ਸਾਹਨੀ ਜਿੱਥੇ ਫ਼ਿਲਮੀ ਅਤੇ ਥੀਏਟਰ ਕਲਾ ਦੇ ਵਿੱਚ ਕਾਰਜ ਕਰਦੇ ਸਨ ਉਥੇ ਸਾਹਿਤ ਦੇ ਵਿੱਚ ਵੀ ਮਹੱਤਵਪੂਰਨ ਵਿਚਾਰ ਦਿੱਤੇ ਹਨ। ਜਾਦੂਗਰੀ ਉਨ੍ਹਾਂ ਦੀਆਂ ਫ਼ਿਲਮਾਂ ਵਿਚ ਉਨ੍ਹਾਂ ਦੀ ਐਕਟਿੰਗ ਵਿਚ ਅਤੇ ਉਨ੍ਹਾਂ ਦੇ ਸਾਹਿਤਕ ਸਫ਼ਰ ਵਿੱਚ ਬਹੁਤ ਜ਼ਿਆਦਾ ਹੈ। ਬਲਰਾਜ ਸਾਹਨੀ ਦੇ ਫ਼ਿਲਮੀ ਜੀਵਨ ਦੇ ਨਾਲ ਨਾਲ

ਜੇਕਰ ਉਨ੍ਹਾਂ ਦੇ ਜੀਵਨ ਬਾਰੇ ਵੀ ਥੋੜ੍ਹਾ ਵੇਖੋ ਤਾਂ ਉਨ੍ਹਾਂ ਦਾ ਜਨਮ ਰਾਵਲਪਿੰਡੀ ਵਿਖੇ ਕੱਟੜ ਆਰੀਆ ਸਮਾਜੀ ਸ੍ਰੀ ਹਰਬੰਸ ਲਾਲ ਸਾਹਨੀ ਦੇ ਘਰ ਹੋਇਆ ਸੀ। ਉਨ੍ਹਾਂ ਨੂੰ ਗੁਰੂਕੁਲ ਪੜ੍ਹਨ ਦੇ ਲਈ ਭੇਜਿਆ ਗਿਆ ਬਚਪਨ ਵਿੱਚ ਉਨ੍ਹਾਂ ਨੂੰ ਨਕਲਾਂ ਦਾ ਸ਼ੌਕ ਸੀ। 1945 ਵਿੱਚ ਲੰਡਨ ਤੋਂ ਆ ਕੇ ਬਲਰਾਜ ਸਾਹਨੀ ਨੇ ਫ਼ਿਲਮਾਂ ਅਤੇ ਥੀਏਟਰ ਵਿੱਚ ਕੰਮ ਕਰਨਾ ਸ਼ੁਰੂ ਕੀਤਾ। ਬਲਰਾਜ ਸਾਹਨੀ ਦਾ ਫ਼ਿਲਮੀ ਦੁਨੀਆਂ ਵਿੱਚ ਸਥਾਨ ਇੱਕ ਸਾਹਿਤਕਾਰ ਵਜੋਂ ਵੀ ਹੈ।

**ਕੰਮ**

ਅਦਾਕਾਰੀ ਵਿੱਚ ਇਹਨਾਂ ਨੂੰ ਸ਼ੁਰੂ ਤੋਂ ਹੀ ਦਿਲਚਸਪੀ ਸੀ। ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਦੇ ਨਾਟਕਾਂ ਨਾਲ ਇਹਨਾਂ ਆਪਣੀ ਅਦਾਕਾਰੀ ਸ਼ੁਰੂ ਕੀਤੀ। ਇਹਨਾਂ ਦੀ ਸਭ ਤੋਂ ਪਹਿਲੀ ਫ਼ਿਲਮ "ਧਰਤੀ ਕੇ ਲਾਲ" ਸੀ। ਜਿਸਦੇ ਹਦਾਇਤਕਾਰ ਕੇ ਏ ਅੱਬਾਸ ਸਨ। ਇਸ ਤੋਂ ਬਾਅਦ ਇਨਸਾਫ਼ ਅਤੇ ਦੂਰ ਚਲੇਂ ਫ਼ਿਲਮਾਂ ਕੀਤੀਆਂ ਪਰ ਇਹਨਾਂ ਦੀ ਪਛਾਣ 1953 ਦੀ ਫ਼ਿਲਮ "ਦੋ ਬੀਘਾ ਜ਼ਮੀਨ" ਨਾਲ ਬਣੀ ਇਹਨਾਂ ਨੇ ਦੋ ਉੱਘੀਆਂ ਪੰਜਾਬੀ ਫ਼ਿਲਮਾਂ, "ਨਾਨਕ ਦੁਖੀਆ ਸਭ ਸੰਸਾਰ" ਅਤੇ "ਸਤਲੁਜ ਦੇ ਕੰਢੇ" ਵਿੱਚ ਕੰਮ ਕੀਤਾ। ਇਹ ਦੋਵੇਂ ਫ਼ਿਲਮਾਂ ਹਿੱਟ ਹੋਈਆਂ ਅਤੇ ਕਈ ਇਨਾਮ ਵੀ ਹਾਸਲ ਕੀਤੇ।

ਫ਼ਿਲਮ ਗਰਮ ਹਵਾ ਵਿੱਚ ਇਹਨਾਂ ਚੋਟੀ ਦੀ ਅਦਾਕਾਰੀ ਕੀਤੀ ਪਰ ਇਹ ਖ਼ੁਦ ਇਸ ਫ਼ਿਲਮ ਨੂੰ ਵੇਖ ਨਹੀਂ ਸਕੇ ਕਿਉਂਕਿ ਇਸ ਫ਼ਿਲਮ ਦੀ ਡੱਬਿੰਗ ਪੂਰੀ ਕਰਨ ਦੇ ਅਗਲੇ ਦਿਨ ਹੀ ਇਹਨਾਂ ਦੀ ਮੌਤ ਹੋ ਗਈ ਸੀ।

**ਲੇਖਕ ਵਜੋਂ**

ਸਾਹਨੀ ਇੱਕ ਚੰਗੇ ਲੇਖਕ ਵੀ ਸਨ। ਪਹਿਲਾਂ-ਪਹਿਲ ਇਹਨਾਂ ਅੰਗਰੇਜ਼ੀ ਵਿੱਚ ਲਿਖਿਆ, ਪਰ ਫਿਰ ਰਬਿੰਦਰਨਾਥ ਟੈਗੋਰ ਦੀ ਪ੍ਰੇਰਣਾ ਤੋ ਬਾਅਦ ਪੰਜਾਬੀ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ। 1960 ਵਿੱਚ ਇਹਨਾਂ ਪਾਕਿਸਤਾਨ ਦੀ ਫੇਰੀ ਲਾਈ ਅਤੇ ਮੇਰਾ ਪਾਕਿਸਤਾਨੀ ਸਫ਼ਰਨਾਮਾ ਨਾਂ ਦਾ ਉੱਘਾ ਸਫ਼ਰਨਾਮਾ ਲਿਖਿਆ। ਇਸ ਤੋਂ ਬਾਅਦ 1969 ਵਿੱਚ ਸੋਵੀਅਤ ਯੂਨੀਅਨ ਦੀ ਫੇਰੀ ਤੋਂ ਬਾਅਦ "ਮੇਰਾ ਰੂਸੀ ਸਫ਼ਰਨਾਮਾ" ਲਿਖਿਆ ਜਿਸਨੂੰ ਸੋਵੀਅਤ ਲੈਂਡ ਨਹਿਰੂ ਇਨਾਮ ਮਿਲਿਆ। ਇਸ ਤੋਂ ਬਿਨਾਂ "ਆਰਸੀ।" ਅਤੇ "ਪ੍ਰੀਤਲੜੀ" ਆਦਿ ਰਸਾਲਿਆਂ ਵਿੱਚ ਇਹਨਾਂ ਦੀਆਂ ਕਵਿਤਾਵਾਂ ਅਤੇ ਛੋਟੀਆਂ ਕਹਾਣੀਆਂ ਲਗਾਤਾਰ ਛਪਦੀਆਂ ਰਹੀਆਂ। "ਮੇਰੀ ਫ਼ਿਲਮੀ ਆਤਮਕਥਾ" ਇਹਨਾਂ ਦੀ ਸ੍ਵੈ-ਜੀਵਨੀ ਹੈ। 1971 ਵਿੱਚ ਪੰਜਾਬ ਸਰਕਾਰ ਵੱਲੋਂ ਇਹਨਾਂ ਨੂੰ "ਸ਼ਰੋਮਣੀ ਲੇਖਕ ਇਨਾਮ" ਦਿੱਤਾ ਗਿਆ।ਉਨ੍ਹਾਂ ਦੀਆਂ ਪੁਸਤਕਾਂ ਨਿਮਨ ਅਨੁਸਾਰ ਹਨ:

1. ਕਾਮੇ (ਵਾਰਤਕ, 1984)
2. ਯਾਦਾਂ ਦੀ ਕੰਨੀ (ਵਾਰਤਕ, 1990)
3. ਮੇਰਾ ਰੂਸੀ। ਸਫ਼ਰਨਾਮਾ (1978)
4. ਮੇਰਾ ਪਾਕਿਸਤਾਨੀ ਸਫ਼ਰਨਾਮਾ (1979)
5. ਮੇਰੀ ਫ਼ਿਲਮੀ ਆਤਮਕਥਾ (1974)

ਮੇਰੀ ਗ਼ੈਰ ਜਜ਼ਬਾਤੀ ਡਾਇਰੀ ਬਲਰਾਜ ਸਾਹਨੀ (1913–1973): ਪੰਜਾਬੀ ਸਾਹਿਤ ਵਿੱਚ ਬਲਰਾਜ ਸਾਹਨੀ ਵਾਰਤਕ ਲੇਖਕ ਵਜੋਂ ਜਾਣਿਆ ਜਾਂਦਾ ਹੈ। ਉਸ ਦੀ ਇੱਕ ਪਛਾਣ ਫ਼ਿਲਮੀ ਕਲਾਕਾਰ ਵਜੋਂ ਵੀ ਹੈ। ਬਲਰਾਜ ਸਾਹਨੀ ਦੀ ਫ਼ਿਲਮੀ-ਕਲਾ ਦਾ ਜੋ ਨਵੇਕਲਾਪਨ ਪਰਦੇ ਉਪਰ ਦਰਸ਼ਕਾਂ ਨੇ ਮਾਣਿਆ ਹੈ, ਉਹੀ ਸੁੱਚੇ ਨਕਸ਼ ਤੇ ਨਵੇਕਲੀ ਲਿਖਣ-ਸ਼ੈਲੀ ਉਸ ਦੀਆਂ ਸਾਹਿਤਿਕ ਲਿਖਤਾਂ ਵਿੱਚੋਂ ਪੰਜਾਬੀ ਪਾਠਕਾਂ ਨੇ ਮਾਣੀ ਹੈ। ਬਲਰਾਜ ਸਾਹਨੀ ਦੀ ਕਲਾ ਜੀਵਨ ਦੇ ਉਹਨਾਂ ਪੱਖਾਂ ਨੂੰ ਪੇਸ਼ ਕਰਦੀ ਹੈ। ਜਿਹੜੇ ਪੱਖ ਮਨੁੱਖ ਨੂੰ ਸੰਘਰਸ਼ ਵਿੱਚੋਂ ਮਨੁੱਖ ਬਣਦਾ ਦਿਖਾਉਂਦੇ ਹਨ। ਬਲਰਾਜ ਸਾਹਨੀ ਜੀਵਨ-ਸੰਘਰਸ਼ ਵਿੱਚ ਲੱਗੇ ਹੋਏ ਮਨੁੱਖਾਂ ਦਾ ਸਾਹਿਤਕਾਰ ਹੈ। ਇਸੇ ਲਈ ਉਸ ਦਾ ਸਾਹਿਤ ਖ਼ਾਸ ਕਰ ਕੇ ਨਿਬੰਧ ਅਤੇ ਸਫ਼ਰਨਾਮੇ ਮਨੁੱਖੀ ਜੀਵਨ ਨਾਲ ਇੱਕਸੁਰ ਹੋਏ ਦਿਖਾਈ ਦਿੰਦੇ ਹਨ। ਬਲਰਾਜ ਸਾਹਨੀ ਦੀ ਇਸ ਵਿੱਚ ਜਿੱਥੇ ਪੰਜਾਬ ਅਤੇ ਪੰਜਾਬੀਅਤ ਦੇ ਪਿਆਰ ਲਈ ਉੱਥੇ ਵੱਖ ਵੱਖ ਵਿਸ਼ਿਆਂ ਨੂੰ ਆਪਣੀਆਂ ਯਾਦਾਂ ਰਾਹੀਂ ਪੇਸ਼ ਕੀਤਾ ਜਿਸ ਵਿੱਚ ਇੱਕ ਮੁੰਡੇ ਦੀ ਮਿੱਠੀ ਯਾਦ, ਦਿਲ ਕਲੇਜਾ, ਅੱਥਰੂ, ਜ਼ਮੀਰ ਕਨ੍ਹੇਰੀ ਗੁਫਾ, ਟੈਲੀਫੋਨ ਵਾਲਾ, ਕਾਮੇ, ਰੱਖੜੀ, ਨਿਰਾਲਾ ਜਲੂਸ, ਇਕ ਕੁੜੀ ਦੀ ਲਾਸ਼, ਗੁਰਬਾਣੀ, ਚਪੇੜ, ਪੀ ਫਾਰਮ, ਹੀਰੋ ਹਨ। ਜਿਨ੍ਹਾਂ ਵਿਚ ਵਿਸ਼ੇ ਦੇ ਨਾਲ ਨਾਲ ਇੱਕ ਵਿਚਾਰ ਨੂੰ ਜਗ੍ਹਾ ਦਿੱਤੀ ਗਈ ਹੈ। ਉਨ੍ਹਾਂ ਨੂੰ ਪੰਜਾਬੀ ਨਾਲ ਮੋਹ ਬਹੁਤ ਜ਼ਿਆਦਾ ਸੀ। ਉਨ੍ਹਾਂ ਨੇ ਪੰਜਾਬੀ ਪੜ੍ਹਨ ਲਈ ਪਹਿਲਾਂ ਗੁਰਮੁਖੀ ਸਿੱਖੀ ਪੰਜਾਬੀ ਦੇ ਨਾਵਲ ਕਹਾਣੀਆਂ ਅਤੇ ਕਵਿਤਾਵਾਂ ਪੜ੍ਹੀਆਂ ਉਸ ਨੇ ਪੰਜਾਬੀ ਲਿਖਣ ਲਈ ਆਪਣੇ ਕੋਲ ਪੰਜਾਬੀ ਦੀ ਟਾਈਪ ਰਾਈਟਰ ਰੱਖੀ ਤੇ ਪੰਜਾਬੀ ਵਿੱਚ ਪੁਸਤਕਾਂ ਲਿਖੀਆਂ ਜਿਨ੍ਹਾਂ ਵਿੱਚੋਂ ਉਨ੍ਹਾਂ ਦੀਆਂ ਵਧੀਆ ਰਚਨਾਵਾਂ ਉਨ੍ਹਾਂ ਦੀਆਂ ਯਾਦਾਂ ਹਨ ਜੋ ਕਿ ਮੇਰਾ ਰੂਸੀ ਸਫ਼ਰਨਾਮਾ, ਮੇਰਾ ਪਾਕਿਸਤਾਨੀ ਸਫ਼ਰਨਾਮਾ ਤੇ 'ਮੇਰੀ ਗ਼ੈਰ ਜਜ਼ਬਾਤੀ ਡਾਇਰੀ' ਮਹੱਤਵਪੂਰਨ ਪੁਸਤਕਾਂ ਹਨ। ਜਿਸ ਵਿੱਚ ਭਾਵੇਂ ਉਨ੍ਹਾਂ ਦੀ ਕਚਿਆਈ ਹੈ। ਪਰ ਠਾਠਾਂ ਮਾਰਦਾ ਉਤਸ਼ਾਹ ਤੇ ਉਪ ਭਾਵੁਕ

ਤੇ ਆਦਰਸ਼ਕ ਦ੍ਰਿਸ਼ਟੀਕੋਣ ਵੀ ਦਿਖਾਈ ਦਿੰਦਾ ਹੈ। ਬਲਰਾਜ ਸਾਹਨੀ ਦੀ ਜੇਕਰ ਜੀਵਨ ਵੱਲ ਵੇਖੀਏ ਤਾਂ ਉਨ੍ਹਾਂ ਦੇ ਵਿੱਚ ਇੱਕ ਜਾਂਬਾਜ਼ੀ ਮਹਿਮਾਨ ਨਿਵਾਜ਼ੀ ਫਿਰ ਮਾਨਤਾ ਸਾਹਿਤਕਤਾ ਵਪਾਰਕ ਰੁਚੀ ਦੀ ਘਾਟ ਸੁਹਿਰਦਤਾ ਤੇ ਵੰਡ ਕੇ ਛਕਣਾ ਉਨ੍ਹਾਂ ਦੀ ਜ਼ਿੰਦਗੀ ਦੇ ਵਿਸ਼ੇਸ਼ ਗੁਣ ਸਨ। ਜੇਕਰ ਇਨ੍ਹਾਂ ਯਾਦਾਂ ਦੇ ਵਿਚ ਆਦਿ ਮੱਧ ਅਤੇ ਅੰਤ ਵੇਖੀਏ ਤਾਂ ਇਨ੍ਹਾਂ ਵਿਚ ਮਹੱਤਵਪੂਰਨ ਵਿਚਾਰ ਹਨ। ਜਿਵੇਂ ਇੱਕ ਮਿੱਠੀ ਯਾਦ ਵਿਚ ਇਕ ਲੜਕਾ ਬਹੁਤ ਹੀ ਵਿਆਕੁਲ ਹੋ ਕੇ ਉਨ੍ਹਾਂ ਵੱਲ ਵੇਖਦਾ ਹੈ। ਜਦੋਂ ਉਨ੍ਹਾਂ ਨੇ ਫ਼ਿਲਮੀ ਸਫ਼ਰ ਸ਼ੁਰੂ ਕੀਤਾ ਤਾਂ ਉਨ੍ਹਾਂ ਕੋਲ ਇਕ ਬਾਈਕ ਹੀ ਸੀ। ਪਰ ਉਹ ਵੀ ਬਹੁਤ ਜ਼ਿਆਦਾ ਖ਼ਸਤਾ ਹਾਲਤ ਵਿੱਚ ਸੀ। ਇੱਕ ਵਾਰ ਉਨ੍ਹਾਂ ਨੇ ਆਪਣਾ ਮਨ ਬਣਾ ਲਿਆ ਕਿ ਇਸ ਨੂੰ ਠੀਕ ਕਰਵਾਉਣਾ ਹੈ। ਇੱਕ ਦਿਨ ਸਮਾਂ ਕੱਢ ਕੇ ਉਹ ਇਸ ਨੂੰ ਗੈਰੇਜ ਵਿੱਚ ਲਾ ਕੇ ਆਉਣਗੇ ਪਰ ਸਮਾਂ ਨਾ ਹੋਣ ਕਰਕੇ ਇੱਕ ਦਿਨ ਬਾਈਕ ਜਵਾਬ ਦੇ ਗਈ ਤੇ ਉਹ ਰਸਤੇ ਵਿੱਚ ਇੱਕ ਲੜਕੇ ਤੋਂ ਠੀਕ ਕਰਵਾਉਣਾ ਚਾਹੁੰਦੇ ਹਨ। ਉਹ ਲੜਕਾ ਜਿਸ ਕੋਲ ਜਾਂਦੇ ਹਨ ਉਹ ਬੇਧਿਆਨੀ ਨਾਲ ਉਨ੍ਹਾਂ ਦੀ ਗੱਲ ਸੁਣਦਾ ਹੈ। ਤੇ ਉਨ੍ਹਾਂ ਨੂੰ ਬਾਈਕ ਇਕ ਪਾਸੇ ਲਾਉਣ ਲਈ ਕਹਿੰਦਾ ਹੈ। ਜਿਵੇਂ ਕਿ

> 'ਇਸ ਕੋ ਇਕ ਸਾਈਡ ਪਰ ਛੋਟ ਦੋ, ਦੋ ਘੰਟੇ ਬਾਅਦ ਆ ਕਰ ਲਏ ਜਾਨਾ ਤੇ ਫਿਰ ਉਹ ਟੀਨ ਕੁੱਟਣ ਵਿਚ ਲੀਨ ਹੋ ਗਿਆ।'

ਇਕ ਫਿਲਮੀ ਐਕਟਰ ਹੋਣ ਕਰਕੇ ਉਨ੍ਹਾਂ ਨੂੰ ਲੱਗਾ ਕਿ ਇਸ ਲੜਕੇ ਨੇ ਮੇਰੀ ਗੱਲ ਨੂੰ ਬੇਧਿਆਨੀ ਨਾਲ ਸੁਣਿਆ ਅਤੇ ਮੇਰੀ ਬੇਇੱਜ਼ਤੀ ਹੋ ਚੁੱਕੀ ਹੈ। ਜਿਵੇਂ ਕਿ ਮੈਨੂੰ ਜਾਪਿਆ ਮੇਰੀ ਕਾਫੀ ਬੇਇੱਜ਼ਤੀ ਹੋ ਚੁੱਕੀ ਹੈ। ਆਪਣੀ ਜ਼ਮੀਰ ਕਾਇਮ ਰੱਖਣ ਲਈ ਜ਼ਰਾ ਰੋਅਬਦਾਰ ਆਵਾਜ਼ ਵਿਚ ਆ ਕਿ ਆਲੇ ਦੁਆਲੇ ਖਲੋਤੇ ਤਮਾਸ਼ਬੀਨਾਂ ਦੇ ਕੰਨਾਂ ਤਕ ਵੀ ਅੱਪੜ ਜਾਏ ਮੈਂ ਉਸ ਨੂੰ ਆਖਿਆ ਦੇਖੋ ਦੋ ਘੰਟੇ ਬਾਅਦ ਆਨਾ ਤੋਂ ਹਮਾਰੇ ਲੀਏ ਮੁਸ਼ਕਿਲ ਹੋ ਤੁਮ ਠੀਕ ਕਰੋ ਹਮ ਸ਼ਾਮ ਕੋ ਪਾਂਚ ਛੇ ਵਜੇ ਆ ਕਰ ਲੇ ਜਾਏਂਗੇ ਬੇਧਿਆਨੀ ਜਿਹੀ ਵਿਚ ਉਸ ਅੱਛਾ ਆਖਿਆ ਤੇ ਮੈਂ ਚੌਂਕ ਵੱਲ ਵਾਪਸ ਤੁਰ ਪਿਆ। ਜਦੋਂ ਉਹ ਲੇਖਕ ਦੀ ਬਾਈਕ ਨੈਂ ਬਰ ਨੈਂ ਕਰ ਦਿੰਦਾ ਹੈ। ਤਾਂ ਉਸ ਦਾ ਕੁਝ ਨੁਕਸਾਨ ਵੀ ਹੁੰਦਾ ਹੈ। ਜਦੋਂ ਕੈਪ ਗੁੰਮ ਜਾਂਦੀ ਹੈ ਤਾਂ ਉਹ ਆਪਣੇ ਪੈਸੇ ਖ਼ਰਚ ਕੇ ਲਿਆ ਕੇ ਲਾ ਦਿੰਦਾ ਹੈ। ਪਰ ਲੇਖਕ ਨੂੰ ਯਕੀਨ ਨਹੀਂ ਹੁੰਦਾ ਉਸ ਨੂੰ ਲੱਗਦਾ ਹੈ। ਕਿ ਇਸ ਲੜਕੇ ਨੇ ਜਦ ਮੇਰੀ ਗੱਲ ਧਿਆਨ ਨਾਲ ਨਹੀਂ ਸੁਣੀ ਤਾਂ ਇਸ ਨੇ ਹੀ ਮੇਰੀ ਕੈਪ ਵੀ ਗਾਇਬ ਕਰ ਲਈ ਹੋਵੇਗੀ ਜਦੋਂ ਲੜਕੇ ਨੇ ਦੱਸਿਆ ਕਿ ਮੈਂ ਆਪਣੇ ਪੈਸਿਆਂ ਤੇ ਇਹ ਕੈਪ ਲਿਆ ਕੇ ਲਗਾਈ ਹੈ। ਤਾਂ ਉਸ ਨੂੰ ਫਿਰ ਵੀ ਯਕੀਨ ਨਹੀਂ ਹੁੰਦਾ ਲੜਕਾ ਅੱਗੋਂ ਕੀ ਬੋਲਦਾ ਹੈ:

> ਹਮ ਕੋ ਮਾਲੂਮ ਥਾ ਤੁਮਹੇਂ ਐਸਾ ਹੀ ਬੋਲੇਗਾ ਜਵੀ ਤੋਂ ਆਪਣੀ ਜੇਬ ਚ ਪੈਸਾ ਖਰਚ ਕਰ ਦੂਸਰਾ ਫਿੱਟ ਕੀ ਐ ਹਮ ਦੁਕਾਨ ਉੱਪਰ ਬੈਠ ਕੇ ਆਪਣਾ ਕੰਮ ਕਰੇਗਾ ਜਦ ਬਿਮਾਰੀ ਗਾੜੀ ਕਾ ਚੌਕੀਦਾਰੀ।

ਲੇਖਕ ਦੇ ਮਨ ਵਿਚ ਇਕ ਵਾਰੀ ਤਾਂ ਖਿਆਲ ਆਉਂਦਾ ਹੈ। ਕਿ ਇਸ ਲੜਕੇ ਨੂੰ ਇਸ ਦੀ ਬੇਧਿਆਨੀ ਅਤੇ ਬੋਲਣ ਦੇ ਕਰਕੇ ਥੋੜ੍ਹਾ ਸਵਾਦ ਚਿਖਾਵਾਂ ਪਰ ਆਪਣੇ ਮਨ ਤੇ ਕਾਬੂ ਪਾ ਕੇ ਉਹ ਉੱਥੋਂ ਨਿਕਲਣ ਦੀ ਕੋਸ਼ਿਸ਼ ਕਰਦਾ ਹੈ।

> ਉਸ ਦੀ ਕਮੀਨਗੀ ਹੱਦੋਂ ਵਧ ਰਹੀ ਸੀ। ਤੇ ਮੈਂ ਮੋਟਰ ਸਾਈਕਲ ਸਟਾਰਟ ਕਰਕੇ ਛੇਤੀ ਛੇਤੀ ਉਸ ਮਾਹੌਲ ਚੋਂ ਖਿਸਕ ਜਾਣਾ ਚਾਹੁੰਦਾ ਸਾਂ ਜਿਹੜੀ ਬਾਈਕ ਪਹਿਲਾਂ ਕਿੰਨੀਆਂ ਜ਼ਿਆਦਾ ਕਿੱਕਾਂ ਮਾਰਨ ਤੇ ਵੀ ਸਟਾਰਟ ਨਹੀਂ ਸੀ। ਹੁੰਦੀ ਧੀ ਅੱਜ ਉਹ ਚੰਗੇ ਕਰਮਾਂ ਨੂੰ ਪਹਿਲੀ ਕਿਕ ਤੇ ਹੀ ਸਟਾਰਟ ਹੋ ਗਈ ਪਰ ਮੇਰੀਆਂ ਨਜ਼ਰਾਂ ਮੁੰਡੇ ਦਾ ਧੰਨਵਾਦ ਕਰਨੋਂ ਨਾ ਰਹਿ ਸਕੀਆਂ ਪਰ ਜਦ ਮੈਂ ਅੱਗੇ ਗਿਆ ਤਾਂ ਮੇਰੀ ਬਾਈਕ ਦੀ ਹਰ ਇੱਕ ਚੀਜ਼ ਠੀਕ ਚੱਲ ਰਹੀ ਸੀ। ਪਰ ਮਨ ਵਿਚ ਸੋਚਿਆ ਕਿ ਉਸ ਲੜਕੇ ਨੇ ਰੁਪਏ ਸਿਰਫ ਦੋ ਲਏ ਨੇ ਪਰ ਕੰਮ ਵੀਹ ਰੁਪਿਆਂ ਦਾ ਕਰ ਦਿੱਤਾ ਪਰ ਮੈਂ ਉਸ ਦਾ ਧੰਨਵਾਦ ਕਰਨ ਦੇ ਲਈ ਉਥੋਂ ਵਾਪਸ ਆ ਗਿਆ ਲੜਕੀ ਨੇ ਦੱਸਿਆ ਕਿ ਮੈਂ ਪੈਸੇ ਹੋਰ ਨਹੀਂ ਲਵਾਂਗਾ ਸਿਰਫ਼ ਆਪਕੋ ਫਿਲਮ ਮੇਂ ਕਾਮ ਕਰਤਾ ਦੇਖਤਾ ਹੂੰ ਤੋ ਮੁਝੇ ਪਸੰਦ ਹੈ।

ਇਸ ਤਰ੍ਹਾਂ ਹੋਰ ਬਹੁਤ ਸਾਰੀਆਂ ਬਹੁਤ ਸਾਰੀਆਂ ਯਾਦਾਂ ਹਨ ਜਿਨ੍ਹਾਂ ਵਿਚ ਵਿਸ਼ੇ ਨੂੰ ਵੱਖਰੇ ਤਰੀਕੇ ਨਾਲ ਨਿਭਾਇਆ ਗਿਆ ਹੈ। ਇਨ੍ਹਾਂ ਯਾਦਾਂ ਦੇ ਵਿਚ ਜੇਕਰ ਲੇਖਕ ਦੀ ਭਾਸ਼ਾ ਅਤੇ ਸ਼ੈਲੀ ਨੂੰ ਦੇਖੀਏ ਤਾਂ ਭਾਸ਼ਾ ਸ਼ੈਲੀ ਬਹੁਤ ਹੀ ਸਪੱਸ਼ਟ ਰੂਪ ਵਿੱਚ ਵਰਤੀ ਗਈ ਹੈ। ਸ਼ੈਲੀ ਸਰਲ ਸਾਦੀ ਸਪਸ਼ਟ ਤੇ ਰੌਚਿਕਤਾ ਭਰਪੂਰ ਹੈ। ਮੁੱਖ ਰੂਪ ਵਿੱਚ ਬਿਆਨਿਆ ਹੈ। ਕਿਤੇ ਕਿਤੇ ਨਾਟਕੀ ਅੰਸ਼ ਵੀ ਹਨ ਇਸ ਉੱਪਰ ਲੇਖਕ ਦੀ ਨਾਇਕ ਪ੍ਰਤੀ ਸ਼ਰਧਾ ਸਾਫ ਵੀ ਹਰ ਥਾਂ ਤੇ ਮਿਲਦੀ ਹੈ। ਇਸ ਵਿੱਚ ਉਪਦੇਸ਼ਾਤਮਕ ਬਿਆਨੀਆਂ ਪ੍ਰਤੀਕਾਤਮਕ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਹੋਈ ਹੈ। ਜਿਵੇਂ ਕਿ

**ਪ੍ਰਤੀਕਾਤਮਕ ਸ਼ੈਲੀ**

ਉਹ ਹੁੱਡਾ ਚੰਗਾ ਲੱਗਾ ਲੱਗਦਾ ਸੀ। ਇੱਕ ਵੀ ਕਾਰ ਵੀ ਰੁਜ਼ਗਾਰ ਕਾਰੀਗਰ ਜੋ ਮੋਟਰਾਂ ਦੇ ਇੰਜਣ ਠੀਕ ਕਰਨ ਦੀ ਥਾਂ ਆਪਣਾ ਆਪ ਡਾਲਡੇ ਦੇ ਡੱਬੇ ਕੁੱਟਣ ਵਿਚ ਗੁਆ ਰਿਹਾ ਸੀ। ਭਲਾ ਇਨ੍ਹਾਂ ਮਜ਼ਾਕੀਆ ਕਿਸਮ ਦਾ ਇਨਸਾਨ ਵੀ ਹੋ ਸਕਦਾ ਹੈ। ਇਹ ਸਭ ਕੁਝ ਮੇਰੇ ਲਈ ਅਜੀਬ ਜਿਹੀ ਬੁਝਾਰਤ ਬਣ ਗਈ।

**ਪ੍ਰਸ਼ਨੋਤਰੀ ਸ਼ੈਲੀ**

ਪਰ ਤੂੰ ਦਾਰੂ ਪੀ ਕੇ ਗੱਡੀ ਚਲਾਉਣਾ ਇਹ ਕੀ ਬਕਵਾਸ ਹੈ?

ਮਾਸਟਰ ਤੈਨੂੰ ਨੀ ਲੱਗਦਾ ਮੌਤ ਤੋਂ ਡਰ?

ਬਿਲਕੁਲ ਨਹੀਂ ਹਮ ਕੋ ਬਸ ਇੱਕ ਚੀਜ਼ ਦਾ ਡਰ ਲੱਗਦੈ ਸਾਹਿਬ ਕਿਸ ਤੋਂ?

ਇਸ ਸੀ। ਇਸ ਕਾਲੇ ਕਵਰ ਸੀ। ਉਸ ਨੇ ਬਾਰੀ ਵਿੱਚੋਂ ਹੱਥ ਕੱਢ ਕੇ ਬਾਹਰ ਤੁਰੀ ਜਾਂਦੀ ਇੱਕ ਪੁਲਸੀ।ਏ ਵੱਲ ਇਸ਼ਾਰਾ ਕੀਤਾ ਫਿਰ ਉੱਚੀ ਸਾਰੀ ਉਸ ਨੂੰ ਆਖਣ ਲੱਗਾ ਸਲਾਮ ਸੰਤਰੀ ਸਾਹਿਬ ਕੁੱਠੇ ਜਠਾਰ?

ਹੈ।ਰਾਨ ਉਹੋ ਭਰਾਵਾ ਤੈਨੂੰ ਹੈ।ਰਾਨ ਕਰਕੇ ਮੈਂ ਕੀ ਲੈਣੈ ਮੈਂ ਤਾਂ ਉਂਜ ਹੀ ਆਖ ਬੈਠਾਂ ਸਾਂ ਜੇ ਤੈਨੂੰ ਭੈੜਾ ਲੱਗਿਆ ਤਾਂ ਲੈ ਮੈਨੂੰ ਮੁਆਫ਼ ਕਰ ਦੇ ਵੱਸ?

ਥੋੜ੍ਹਾ ਚਿਰ ਚੁੱਪ ਰਹਿ ਕੇ ਉਸ ਨੇ ਫੇਰ ਆਖਿਆ ਤੂੰ ਫ਼ਿਲਮ ਵਿਚ ਕੰਮ ਕਰਦੇ ਹੋ। ਨਾ ਸਾਹਿਬ?

ਹਾਂ ਹਮ ਦੇਖੋਂਗੇ ਤੋਂ ਫੂਡ ਗ਼ਰੀਬ ਕੀ ਦਿਲ ਕੋ ਪਹਿਚਾਨਤਾ ਏ ਤੁਮ?

**ਉਪਦੇਸ਼ਾਤਮਕ ਸ਼ੈਲੀ**

ਮੀਂਹ ਬਹੁਤ ਜ਼ਿਆਦਾ ਤੇਜ਼ ਸੀ। ਉਹ ਫਿਰ ਸੁਰਾਂ ਅਲਾਪਣ ਵਿਚ ਮਗਨ ਹੋ ਗਿਆ ਗੱਡੀ ਦੇ ਸਾਰੇ ਸ਼ੀਸ਼ੇ ਬੰਦ ਕਰ ਨੇ ਪਏ ਹੁਣ ਤਾਂ ਉਸ ਦਾ ਗਾਣਾ ਤੇ ਉਹਦੇ ਮੂੰਹ ਵਿੱਚੋਂ ਨਿਕਲਦੇ ਸਸਤੇ ਜਿਹੇ ਸਿਗਰਟ ਦਾ ਧੂੰਆਂ ਮੇਰੇ ਕੋਲੋਂ ਮੁਕਾ ਬਰਦਾਸ਼ਤ ਨਹੀਂ ਸੀ। ਹੋ ਰਿਹਾ ਜਦੋਂ ਵੀ ਸਾਹਮਣਿਉਂ ਕੋਈ ਕਾਰ ਜਾਂ ਬੱਸ ਆਹ ਨਿਕਲਦੀ ਤਾਂ ਬੇਵਸੀ। ਵਿੱਚ ਮੈਂ ਉਸ ਨੂੰ ਸੰਭਲ ਕੇ ਭਈ ਸੰਭਲ ਕੇ ਆਖ ਕੇ ਆਪਣਾ ਆਪ ਸੰਭਾਲਣ ਦੀ ਕੋਸ਼ਿਸ਼ ਕਰਨ ਲੱਗ ਪੈਂਦਾ

ਜਿਸ ਤੋਂ ਡਰਾਈਵਰ ਖਿੱਝ ਗਿਆ ਸੀ। ਜਿਵੇਂ ਕਿ ਇਸ ਕੋ ਬੋਲਤੇ ਹੈਂ ਸਾਹਬ ਐਕਸੀ।ਡੈਂਟ ਤੁਮ ਹਮ ਕੋ ਸੰਭਲ ਕੇ ਸੰਭਲ ਕੇ ਮਤ ਬੋਲਨਾ

**ਬਿਆਨੀਆ ਸ਼ੈਲੀ**

ਇਸ ਰੁਪਏ ਦਾ ਕੀ ਕਰੋਗੇ ਡੈਡੀ ਤੇ ਮੈਂ ਉਸ ਨੂੰ ਸਮਝਾਇਆ ਸੀ। ਇਸ ਘਰ ਵਿੱਚ ਅਸੀਂ ਦੋ ਮਾਰਦਾ ਹਾਂ ਤੂੰ ਤੇ ਮੈਂ ਇਸ ਵਕਤ ਮੇਰੀ ਕੋਈ ਕਮਾਈ ਨਹੀਂ ਬੇਟਾ ਤੇਰੀ ਕਮਾਈ ਨਾਲ ਘਰ ਚਲਾਉਣਾ ਹੈ। ਪਰ ਜਦੋਂ ਮੇਰਾ ਕੰਮ ਚੱਲ ਤੁਰਿਆ ਤੇਰਾ ਇਹ ਪੈਸਾ ਬੈਂਕ ਵਿੱਚ ਜਮ੍ਹਾਂ ਕਰਵਾ ਦਿਆਂਗੇ ਜਦੋਂ ਵੱਡਾ ਹੋਵੇਗਾ ਜਿਵੇਂ ਚਾਹੀ ਖ਼ਰਚ ਕਰੀਂ ਉਹ ਖ਼ਾਮੋਸ਼ ਹੋ ਗਿਆ ਸੀ। ਪਤਾ ਨਹੀਂ ਉਹ ਕੀ ਸੋਚ ਰਿਹਾ ਸੀ। ਪਤਾ ਨਹੀਂ ਉਸ ਸ਼ੂਟਿੰਗ ਵਿੱਚ ਉਸ ਨਾਲ ਕੀ ਕੀ ਗੁਜ਼ਰਦੀ ਸੀ। ਮੈਂ ਉਸ ਨੂੰ ਸਵੇਰੇ ਮੋਟਰਸਾਈਕਲ ਤੇ ਬਿਠਾ ਕੇ ਸਟੂਡੀਓ ਛੱਡ ਆਉਂਦਾ ਤੇ ਸ਼ਾਮੀਂ ਜਾ ਕੇ ਲੈ ਆਉਂਦਾ ਉੱਥੇ ਬੈਠ ਕੇ ਸ਼ੂਟਿੰਗ ਦੀ ਹਾਜ਼ਰੀ ਭਰਦਿਆਂ ਮੈਨੂੰ ਸ਼ਰਮ ਆਉਂਦੀ ਸੀ। ਆਪ ਬੇਰੁਜਗਾਰ ਐਕਟਰ ਹਿਯੂ ਸਾਂ ਉਹਨੂੰ ਵੱਡਾ ਵੱਡਾ ਮਹਿਸੂਸ ਕਰਾ ਕੇ ਮੈਂ ਜਿਵੇਂ ਸ਼ਿਸ਼ੂ ਪਾਲਣ ਦਾ ਇੱਕ ਹੋਰ ਸਿਆਣਾ ਤੇ ਵਿਗਿਆਨਕ ਢੰਗ ਵਰਤਿਆ ਸੀ। ਤੁਸੀਂ ਕਸੂਰਵਾਰ ਕਿਉਂ ਮਹਿਸੂਸ ਕਰਦੇ ਹੋਏ ਸੂਰਜ ਦੇ ਪਿਤਾ ਨੇ ਫੇਰ ਗੱਲ ਛੇੜ ਦਿਤੀ ਇੰਜ ਲੱਗੇ ਜਿਵੇਂ ਗੱਲਾਂ ਕਰਕੇ ਉਹ ਮੀਰਾ ਹੀ ਨਹੀਂ ਆਪਣਾ ਧਿਆਨ ਵੀ ਸ਼ਾਰਟ ਵੱਲ ਹਟਾਉਣਾ ਚਾਹਿਆ ਹੋਵੇ ਮੈਥੋਂ ਤਾਂ ਫੇਰ ਵੀ ਉਹ ਚੰਗਾ ਸੀ। ਮੈਂ ਸੋਚਿਆ ਮੁੰਡੇ ਨੂੰ ਨਜ਼ਰਾਂ ਦੇ ਸਾਹਮਣੇ ਤਾਂ ਰੱਖਦਾ ਸੀ।

**ਭਾਸ਼ਾ**

ਇਨ੍ਹਾਂ ਯਾਦਾਂ ਦੇ ਵਿੱਚ ਲੇਖਕ ਦੀ ਭਾਸ਼ਾ ਮਾਂਜੀ ਸੰਵਾਰੀ ਟਕਸਾਲ ਦੀ ਪੰਜਾਬੀ ਸਰਲਤਾ ਸਪਸ਼ਟਤਾ ਤੇ ਢੁਕਵਾਂਪਣ ਉਸ ਦੇ ਵਿਸ਼ੇਸ਼ ਗੁਣ ਹਨ ਸ਼ਬਦ ਚੋਣ ਢੁੱਕਵੀਂ ਤੇ ਭਾਵਾਂ ਦੇ ਅਨੁਕੂਲ ਹੈ। ਕਿਤੇ ਕਿਤੇ ਮੁਹਾਵਰਿਆਂ ਦੀ ਵਰਤੋਂ ਕੀਤੀ ਗਈ ਹੈ। ਲੇਖਕ ਨੇ ਉਰਦੂ ਫ਼ਾਰਸੀ। ਹਿੰਦੀ ਸੰਸਕ੍ਰਿਤ ਔਰ ਅੰਗਰੇਜ਼ੀ ਦੀ ਸ਼ਬਦਾਵਲੀ ਬਹੁਤ ਹੀ ਮਹੱਤਵਪੂਰਨ ਢੰਗ ਨਾਲ ਵਰਤੀ ਹੈ। ਜਿਵੇਂ ਕਿ

**ਉਰਦੂ ਫ਼ਾਰਸੀ। ਸ਼ਬਦਾਵਲੀ**

ਖ਼ੁਸ਼, ਮਿਜ਼ਾਜ, ਰਜ਼ਾਮੰਦ, ਕਬੂਲ, ਫਖ਼ਰ, ਖ਼ੁਦ, ਦਾਅਵਤ, ਸ਼ਾਹਾਨਾ, ਲਫ਼ਜ਼, ਮਸ਼ਰੂਫੀਅਤ

**ਅੰਗਰੇਜ਼ੀ ਸ਼ਬਦਾਵਲੀ**

ਆਰਟੀਫੀਸ਼ਿਅਲਟੀ, ਡਾਕੂਮੈਂਟਰੀ, ਐਕਸਪ੍ਰੈਸ਼ਨ, ਅਪੁਆਇੰਟਮੈਂਟ ਨੰਬਰ ਆਰਜੂ ਫਲਾਇੰਗ ਰਾਈਟਸ ਆਈ ਹੋਪ ਦੇਅਰ ਇਜ਼ ਨਥਿੰਗ ਰਾਗ ਆਈ ਐਮ ਆਲ ਰਾਈਟ ਸਲੀਪਰ ਬ੍ਰੇਕ ਸਟੇਸ਼ਨ ਕੰਪਾਰਟਮੈਂਟ ਥੀਏਟਰ ਰੰਮ ਥਰਡ ਕਲਾਸ ਡਾਇਰੈਕਟਰ

ਡਿਸਟ੍ਰੀਬਿਊਟਰ ਇੰਪਲਾਇਟਮੈਂਟ ਐਕਸਚੇਂਜ ਕੈਂਪ ਟੀ ਬੀ ਸੈਨੇਟੋਰੀਅਮ ਸੋਸਾਇਟੀ ਡਸਿਪਲਨ ਆਦਿ ਲੇਖਕ ਦੀ ਸ਼ਬਦਾਵਲੀ ਉਤੇ ਅੰਗਰੇਜ਼ੀ ਦਾ ਪ੍ਰਭਾਵ ਇਸ ਕਰਕੇ ਵੀ ਹੈ ਕਿਉਂਕਿ ਉਨ੍ਹਾਂ ਨੇ ਸਭ ਤੋਂ ਪਹਿਲਾਂ ਅੰਗਰੇਜ਼ੀ ਨੂੰ ਹੀ ਸਿੱਖਿਆ ਅਤੇ ਪੰਜਾਬੀ ਬਾਅਦ ਵਿਚ ਸ਼ੌਕੀਆ ਤੌਰ ਤੇ ਸਿੱਖੀ ਜਿਸ ਨੂੰ ਉਨ੍ਹਾਂ ਨੇ ਬਾਖ਼ੂਬੀ ਪੜ੍ਹਿਆ ਲਿਖਿਆ ਅਤੇ ਹੰਢਾਇਆ ਵੀ ਹੈ।

**ਹਿੰਦੀ ਸ਼ਬਦਾਵਲੀ**

ਇਸ ਵਿੱਚ ਲੇਖਕ ਦੀ ਹਿੰਦੀ ਸ਼ਬਦਾਵਲੀ ਨਹੀਂ ਪੂਰੇ ਦੇ ਪੂਰੇ ਵਾਕ ਵੀ ਹਿੰਦੀ ਦੇ ਮਿਲਦੇ ਨੇ ਜਿਵੇਂ ਕਿ ਡਿਸਕੋ ਇਕ ਸਾਈਡ ਪਰ ਛੋਟ ਦੋ ਦੋ ਘੰਟੇ ਬਾਅਦ ਆਖਰ ਲਈ ਜਾਣਾ ਤੇ ਫਿਰ ਉਹ ਟੀਨ ਕੁੱਟਣ ਵਿਚ ਲੀਨ ਹੋ ਗਿਆ ਤੁਮਾਰਾ ਕਿਸੀ। ਨੁਕਸਾਨ ਹੂਆ ਮਾਸਟਰ ਦਸ ਬੀਸ ਰੁਪਏ ਕੀ ਮੇਰੀ ਕੈਪ ਗੁੰਮ ਹੋ ਗਈ ਔਰ ਬਾਜ਼ਾਰ ਮੇਂ ਆਸਕਰ ਜੀ ਮਿਲਤੀ ਵੀ ਨਹੀਂ ਤੁਮਾਰੀ ਦੁਕਾਨ ਕੇ ਸਾਹਮਣੀ ਗਾੜੀ ਖੜ੍ਹੀ ਸੀ। ਕਿਆ ਤੁਮ ਉਸਕਾ ਖਿਆਲ ਵੀ ਨਹੀਂ ਰੱਖ ਸਕਦੇ ਥੇ ਹਮ ਕੋ ਮਾਲੂਮ ਥਾ ਤੁਮ ਐਸੇ ਹੀ ਬੋਲੇਗਾ ਜਵੀ ਤੋਂ ਆਪਣੀ ਜੇਬ ਸੇ ਪੈਸਾ ਖਰਚ ਕਰ ਕੇ ਦੂਸਰੀ ਫਿੱਟ ਕਹੇ ਹਮ ਦੁਕਾਨ ਉੱਪਰ ਬੈਠ ਕੇ ਆਪਣਾ ਕੰਮ ਕਰੀ ਗਏ ਜਦ ਤੁਮਾਰੀ ਗਾੜੀ ਕੀ ਚੌਕੀਦਾਰੀ ਦੇਖੋ ਸਾਹਿਬ ਡ੍ਰਾਈਵਿੰਗ ਸਟੇਰਿੰਗ ਮਿੱਸੀ। ਦੋਨੋਂ ਹੱਥ ਉਠਾ ਲੀਏ ਦੇਖੋ ਕੈਸਾ ਚਲਤੇ ਹੈਂ ਹਮਾਰਾ ਗਾੜ੍ਹੀ ਆਪਣਾ ਰਸਤਾ ਖ਼ੁਦ ਦੇਖਕਰ ਚਲਨੇ ਵਾਲਾ ਗਾੜੀ ਹੈ। ਇਸੇ ਇਸ ਕਾਲੀ ਕਮਾਈ ਸੀ। ਹਮ ਕੋ ਬਸ ਏਕ ਚੀਜ਼ ਗਾਡਰ ਲੱਤਾ ਸਾਹਿਬ ਹਮ ਉਸੇ ਡਰਤਾ ਹੈ। ਬੋ ਹਮ ਸੇ ਘਬਰਾ ਜਾਂਦਾ ਹੈ। ਹਮ ਨਹੀਂ ਗਾਥਾ ਸਾਹਿਬ ਹਮਾਰਾ ਗਾੜੀ ਗ਼ਲਤ ਹੈ। ਦੇਖੋ ਇਸ ਕਿਤਨਾ ਅੱਛਾ ਆਵਾਜ਼ ਹੈ। ਅਰੇ ਜ਼ਰਾ ਖੁੱਲ੍ਹ ਕੇ ਸਾਹਿਬ ਸ਼ਰਮਾਨੀ ਕਿਆ ਬਾਤ ਹੈ। ਪ੍ਰਵਾਹ ਮਤ ਕਰੋ ਕਿਸੀ। ਸਾਲੀ ਦੁਨੀਆ ਕੀ ਮਾਂ ਦੁਨੀਆ ਰੰਗ ਰੰਗੀਲੀ ਬਾਬਾ ਮੇਰਾ ਧੰਦਾ ਖ਼ਰਾਬ ਹੁੰਦੈ ਸਾਹਬ ਹਮ ਇਧਰ ਗਾਲ੍ਹੀ ਨਹੀਂ ਰੋਕ ਸਕਦਾ

ਕਿਤੇ ਕਿਤੇ ਨਵੇਂ ਸਮਾਸਾਂ ਦੀ ਵਰਤੋਂ ਵੀ ਕੀਤੀ ਗਈ ਹੈ। ਜਿਵੇਂ ਪਿਛਲ ਅਸਰ ਗ਼ੈਰਜਜ਼ਬਾਤੀ ਆਪਣੇ ਆਪ ਵਿੱਚ ਸ਼ਬਦ ਸਮਾਸੀ ਰੂਪ ਹਨ

**ਵਾਕ ਅਤੇ ਪੈਰੇ**

ਲੇਖਕ ਨੇ ਆਪਣੀਆਂ ਯਾਦਾਂ ਵਿੱਚ ਛੋਟੇ ਛੋਟੇ ਭਾਵਪੂਰਤ ਵਾਕਾਂ ਦੀ ਵਰਤੋਂ ਕੀਤੀ ਹੈ। ਉਨ੍ਹਾਂ ਵਿੱਚ ਵਿਆਕਰਣਿਕ ਇਕਾਈਆਂ ਵੀ ਨੇ ਉਨ੍ਹਾਂ ਉੱਪਰ ਭਾਵੇਂ ਅੰਗਰੇਜ਼ੀ ਵਾਕ ਰਚਨਾ ਦਾ ਅਸਰ ਹੈ ਪਰ ਗੁੰਝਲਦਾਰ ਨਹੀਂ। ਵਾਕ ਸਾਰਥਕ ਤੇ ਵਿਸ਼ੇ ਨੂੰ ਅੱਗੇ ਤੋਰਨ ਵਿਚ ਸਹਾਈ ਹੁੰਦੇ ਹਨ। ਵਾਕ ਮਿਲ ਕੇ ਪੈਰੇ ਦੀ ਰਚਨਾ ਕਰਦਿਆਂ ਸਮੁੱਚੀ ਰਚਨਾ ਛੋਟੇ ਵੱਡੇ ਪੈਰਿਆਂ ਵਿੱਚ ਵੰਡੀ ਹੋਈ ਹੈ। ਕਈ ਪੈਰੇ ਬੜੀ ਖਿੱਝ ਭਰੇ ਵਾਕਾਂ ਨਾਲ ਆਰੰਭ ਹੁੰਦੇ ਹਨ ਹਰ ਪੈਰਾ ਕਿਸੇ ਨਵੀਂ ਗੱਲ ਨੂੰ ਲੈ ਕੇ ਸ਼ੁਰੂ ਹੁੰਦਾ ਤੇ ਆਪਣੇ ਤੋਂ ਅਗਲੇ ਪੈਰੇ ਨੂੰ ਜਨਮ ਦੇ ਕੇ ਖਤਮ ਹੋ ਜਾਂਦਾ। ਸਾਰੇ ਪੈਰੇ ਇੱਕ ਨਵੀਂ ਲੜੀ ਦੇ ਵਿੱਚ ਬੱਝਦੇ ਨਜ਼ਰ ਆਉਂਦੇ ਹਨ।

**ਅਲੰਕਾਰ**

ਲੇਖਕ ਨੇ ਗ਼ੈਰ ਜਜ਼ਬਾਤੀ ਡਾਇਰੀ ਵਿਚ ਕਾਫ਼ੀ ਅਲੰਕਾਰਾਂ ਦੀ ਵਰਤੋਂ ਵੀ ਕੀਤੀ ਹੈ। ਜਿਵੇਂ ਕਿਤੇ ਕਿਤੇ ਅਨੁਪ੍ਰਾਸ ਅਲੰਕਾਰ, ਉਪਮਾ ਅਲੰਕਾਰ, ਦ੍ਰਿਸ਼ਟਾਂਤ ਅਲੰਕਾਰ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ ਜਿਵੇਂ ਕਿ : ਉਹ ਮੁੰਡਾ ਚੰਗਾ ਚੰਗਾ ਲੱਗਣ ਲੱਗਾ ਬੇਕਾਰ ਵੀ ਰੁਜ਼ਗਾਰ ਕਾਰੀਗਰ ਜੋ ਮੋਟਰਾਂ ਦੇ ਇੰਜਣ ਠੀਕ ਕਰਨ ਦੀ ਥਾਂ ਆਪਣਾ ਆਪ ਡਾਲਡਾ ਘੀ ਦੇ ਡੱਬੇ ਵਿੱਚ ਕੁਟਣ ਵਿੱਚ ਗੁਆ ਰਿਹਾ ਸੀ। ਉਸ ਦਾ ਮਜ਼ਾਕੀਆ ਸੁਭਾਅ ਮੇਰੇ ਲਈ ਬੁਝਾਰਤ ਬਣ ਗਿਆ ਸੀ। ਘਰ ਜਾਣਾ ਮੇਰੇ ਲਈ ਅਸੰਭਵ ਸੀ। ਉਸ ਦੀ ਮਿਹਨਤ ਦਾ ਮੁਆਵਜ਼ਾ ਦਿੱਤਿਆਂ ਬਗੈਰ ਕਿਵੇਂ ਜਾਂਦਾ ਇਕਦਮ ਵਾਪਸ ਮੁੜਿਆ ਅਰੇ ਯਾਰ ਤੁਮ ਤੋ ਬੜੇ ਸ਼ਾਨਦਾਰ ਆਦਮੀ ਮੁਝੇ ਮਾਲੂਮ ਨਹੀਂ ਥਾ ਕਿ ਤੁਮਨੇ ਗਾੜ੍ਹੀ ਪਰ ਇਤਨਾ ਕੰਮ ਕਿਆ ਬਤਾਉ਼ਂ ਮੁਝੇ ਔਰ ਕਿਤਨੇ ਪੈਸੇ ਦੇਨੇ ਕੁਛ ਨ੍ਹੀਂ ਪੁੱਛਣੀ ਸਾਹਿਬ ਤੁਮ ਹਮ ਲੋਗ ਪਿਕਚਰ ਵੀ ਬਹੁਤ ਅੱਛਾ ਕੰਮ ਕਰਦਾ ਹੈ। ਬੱਸ ਮੇਰੀ ਹੈ।ਰਾਨੀ ਦੀ ਹੱਦ ਨਾ ਰਹੀ ਮੈਂ ਆਖਿਆ ਮਗਰ ਮੈਂ ਤੋ ਤਮਾਮ ਬਖਤ ਯੇ ਸੂਤਰ ਹੈ। ਕਿ ਤੂੰ ਮੇਰਾ ਮਜ਼ਾਕ ਉਡਾ ਰਹੇ ਹੋ ਐਕਟਰ ਲੋਕੇ ਸਾਹ ਥੋੜ੍ਹਾ ਮਜ਼ਾਕ ਕਰਨਾ ਮੰਗਤਾ ਹੈ। ਉਹ ਹੋਠਾਂ ਵਿੱਚ ਮੁਸਕਣੀ ਘੁੱਟ ਕੇ ਸ਼ਰਾਰਤ ਨਾਲ ਬੋਲਿਆ ਮੈਂ ਪੈਸੇ ਲੈਣ ਲਈ ਬਥੇਰਾ ਜ਼ੋਰ ਲਾਇਆ ਪਰ ਉਸ ਮੇਰੀ ਇੱਕ ਨਾ ਮੰਨੀ ਸਗੋਂ ਉਸਦੀ ਯਾਰ ਮੰਡਲੀ ਮੈਨੂੰ ਉਸੇ ਚਾਹ ਵਾਲੇ ਦੀ ਦੁਕਾਨ ਵਿਚ ਲੈ ਤੁਰੀ ਮੈਨੂੰ ਉਨ੍ਹਾਂ ਚਾਹ ਪਿਆਈ ਤੇ ਫਿਰ ਫ਼ਿਲਮ ਵਾਰੀ ਐਕਟਰ ਐਕਟਰਸਾਂ ਬਾਰੇ ਬੜੀ ਸ਼ਾਨਦਾਰ ਸਵਾਲ ਪੁੱਛੇ ਮੈਂ ਸਾਰਾ ਸੰਕੋਚ ਮਿਟਾ ਕੇ ਉਨ੍ਹਾਂ ਦੀ ਮਿੱਤਰਤਾ ਵਿਚ ਅਕਸ਼ੈ ਸੁਆਦ ਮਾਣ ਰਿਹਾ ਸਾਂ ਹੁਣ ਤੱਕ ਮਜ਼ਦੂਰਾਂ ਬਾਰੇ ਮੇਰੀਆਂ ਨਜ਼ਰਾਂ ਕੁਝ ਹੋਰ ਸੀ। ਕੰਗਾਲੀ ਤੇ ਮਜਬੂਰੀ ਦੀ ਹਾਲਤ ਵਿੱਚ ਵੀ ਮਜ਼ਦੂਰ ਇਨ੍ਹਾਂ ਹਸਮੁੱਖ ਖੁਸ਼ ਮਿਜ਼ਾਜ ਤੇ ਨਵਾਬਸ਼ਾਹ ਦਿਲ ਹੋ ਸਕਦੈ ਇਹ ਮੇਰੀ ਕਲਪਨਾ ਤੋਂ ਕਿਤੇ ਬਾਹਰ ਦੀ ਗੱਲ ਸੀ।

**ਸ਼ਬਦ ਚਿਤਰਨ**

ਲੇਖਕ ਨੇ ਇਨ੍ਹਾਂ ਯਾਦਾਂ ਦੇ ਵਿਚ ਮਹੱਤਵਪੂਰਨ ਸ਼ਬਦ ਚਿਤਰਨ ਦੀ ਵਰਤੋਂ ਕੀਤੀ ਹੈ। ਜਿਵੇਂ ਕਿ ਲੇਖਕ ਅੰਗਰੇਜ਼ੀ ਤੇ ਪਹਿਲਾਂ ਹੀ ਜਾਣਦਾ ਸੀ। ਉਰਦੂ ਫ਼ਾਰਸੀ। ਭਾਸ਼ਾਵਾਂ ਵੀ ਜਾਣਦਾ ਸੀ। ਪਰ ਪੰਜਾਬੀ ਉਨ੍ਹਾਂ ਨੇ ਬਾਅਦ ਵਿੱਚ ਸਿੱਖੀ ਉਹ ਉਨ੍ਹਾਂ ਦੀ ਪੰਜਾਬੀ ਵਿੱਚ

ਅੰਗਰੇਜ਼ੀ ਉਰਦੂ ਫ਼ਾਰਸੀ ਦੀ ਸ਼ਬਦਾਵਲੀ ਦੀ ਭਰਮਾਰ ਕਰਕੇ ਉਨ੍ਹਾਂ ਦੀ ਉਨ੍ਹਾਂ ਦਾ ਸ਼ਬਦ ਚਿੱਤਰਨ ਹੋਰ ਵੀ ਮਹੱਤਵਪੂਰਨ ਲੱਗਦਾ ਹੈ। ਜਿਵੇਂ ਤੁਹਾਡੇ ਨਾਲ ਇੱਕ ਗੱਲ ਕਰਨੀ ਐ ਭਾਪਾ ਜੀ ਬਿਲਕੁਲ ਪਿੰਡੀ ਦੀ ਬੋਲੀ ਮੈਂ ਅੰਦਰੋਂ ਥੋੜ੍ਹਾ ਚ ਪਿਘਲ ਪਿਆ ਪਰ ਫੇਰ ਰੋ ਕੇ ਆਪਣੇ ਆਪ ਨੂੰ ਤੇ ਕਠੋਰਤਾ ਨਾਲ ਕਿਹਾ ਦੇਖੋ ਜੀ ਮੈਂ ਇਸ ਵੇਲੇ ਉੱਕਾ ਕੋਈ ਪੈਸੇ ਦੀ ਮਦਦ ਨਹੀਂ ਕਰ ਸਕਦਾ ਮੈਂ ਪੈਸੇ ਮੰਗਣ ਨਹੀਂ ਆਇਆ ਕੋਲੀ ਵੱਡਾ ਕੈਂਪ ਦੇ ਮੰਦਿਰ ਵਿੱਚ ਮੈਂ ਭਜਨ ਗਾਣਾ ਵਾਹ ਤੇ ਪੰਡਤ ਮੈਨੂੰ ਦੋਵੇਂ ਵੇਲੇ ਰੋਟੀ ਖੁਆ ਦਿੰਦਾ ਹੈ। ਪੈਸੇ ਨਹੀਂ ਚਾਹੀਦੇ ਤਾਂ ਫਿਰ ਹੋਰ ਕੀ ਚਾਹੀਦਾ ਹੈ। ਮੈਨੂੰ ਕਿਧਰੇ ਕੰਮ ਲਵਾ ਦਿਓ ਪਾਪਾ ਜੀ ਫਿਰ ਅੱਖਾਂ ਵਿੱਚੋਂ ਟਪ ਟਪ ਅੱਥਰੂ ਮੈਂ ਫਾਊਨਟੇਨ ਪੈੱਨ ਵੇਚਦਾ ਹੁੰਦਾ ਸਾਂ ਮੇਰੀ ਜੇਬ ਕਤਰੀ ਗਈ ਰੁਪਏ ਕੱਢ ਲਏ ਕਿਸੇ ਨੂੰ ਇੰਜ ਮਾਲੂਮ ਹੁੰਦਾ ਹੈ। ਕਿ ਰਾਹ ਟੁਰਦਿਆਂ ਅਮੀਰਾਂ ਦੀਆਂ ਜੇਬਾਂ ਵੀ ਗ਼ਰੀਬਾਂ ਦੀਆਂ ਜ਼ਿਆਦਾ ਕੱਟੀਆਂ ਜਾਂਦੀਆਂ ਹਨ।ਫਿਰ ਮੈਂ ਕੀ ਕਰਾਂ ਭਰਾ ਮੈਂ ਆਖਿਆ ਇੱਥੇ ਹਰ ਰੋਜ਼ ਚਾਰ ਪੰਜ ਆਦਮੀ ਆ ਜਾਂਦੇ ਨੇ ਜਿਨ੍ਹਾਂ ਦੀਆਂ ਜੇਬਾਂ ਕੱਟੀਆਂ ਗਈਆਂ ਹੁੰਦੀਆਂ ਮੈਂ ਕਿਸ ਕਿਸ ਦੀ ਮਦਦ ਕਰਨ ਮੈਨੂੰ ਕੋਈ ਅੰਦਾਜ਼ਾ ਨਹੀਂ ਇੱਥੇ ਹਰ ਰੋਜ਼ ਕਿਤਨੇ ਆਦਮੀ ਆਉਂਦਿਆਂ ਅੱਛਾ ਜ਼ਰਾ ਠਹਿਰ ਵਿਚਾਰ ਪੀਰ ਕੱਢ ਕੇ ਬਾਹਰ ਆਇਆ ਮਹਿਸੂਸ ਹੋਇਆ ਜਿੰਨਾ ਵੱਡਾ ਆਦਮੀ ਹੋ ਜਾਂਦੈ ਉਨ੍ਹਾਂ ਹੀ ਕਮੀਨਾ ਹੋ ਜਾਂਦਾ ਹੈ। ਦੁਨੀਆਂ ਦੀਆਂ ਤਮਾਮ ਵੱਡੀਆਂ ਵੱਡੀਆਂ ਹਸਤੀਆਂ ਬਾਰੇ ਅਸੀਂ ਪੜ੍ਹਦਿਆਂ ਉਨ੍ਹਾਂ ਦੀ ਜ਼ਿੰਦਗੀ ਵਿੱਚ ਬੜਾ ਡਸਿਪਲਿਨ ਸੀ। ਉਹ ਕਦੀ ਇੱਕ ਮਿੰਟ ਵੀ ਜਾਇਆ ਨਹੀਂ ਸਨ ਕਰਦੇ ਪਰ ਆਪਣੀਆਂ ਆਦਤਾਂ ਨੂੰ ਉਹ ਦ੍ਰਿੜ ਇਰਾਦੇ ਨਾਲ ਨਿਭਾਉਂਦੇ ਸਨ ਸਕੂਲਾਂ ਵਿੱਚ ਸਾਨੂੰ ਪੜ੍ਹਾਇਆ ਗਿਆ ਸੀ। ਕਿਸੇ ਕਿਸੇ ਸਿਫ਼ਤ ਕਰ ਕੇ ਉਹ ਜ਼ਿੰਦਗੀ ਵਿੱਚ ਅੱਗੇ ਵਧ ਗਏ ਵੱਡੇ ਲੋਕਾਂ ਦੀ ਇਹ ਸਿਫ਼ਤ ਛੋਟੀਆਂ ਉਪਰ ਬੜਾ ਪ੍ਰਭਾਵ ਪਾਉਂਦੀ ਹੈ।

**ਹਵਾਲੇ ਤੇ ਟੂਕਾਂ**

ਲੇਖਕ ਨੇ ਇਨ੍ਹਾਂ ਯਾਦਾਂ ਦੇ ਵਿਚ ਹਵਾਲੇ ਤੇ ਟੂਕਾਂ ਦੀ ਸ਼ਬਦਾਵਲੀ ਅਤੇ ਇੱਕ ਮਹੱਤਵਪੂਰਨ ਵਰਤੋਂ ਕੀਤੀ ਜਿਸ ਵਿੱਚ ਲੇਖਕ ਦੀ ਸ਼ਬਦਾਵਲੀ ਉੱਤੇ ਹਿੰਦੀ ਅੰਗਰੇਜ਼ੀ ਅਤੇ ਪੰਜਾਬੀ ਦਾ ਪ੍ਰਭਾਵ ਮਿਲਦਾ ਹੈ। ਜਿਵੇਂ ਕਿ

ਜਬ ਦਿਲ ਹੀ ਟੂਟ ਗਿਆ ਏ ਹਮ ਜੀ ਕੇ ਕਿਆ ਕਰੇਂਗੇ ਹਮ ਨਹੀਂ ਗਾਤਾ ਸਾਹਿਬ ਹਮਾਰਾ ਗਾੜੀ ਗਾਤਾ ਹੈ। ਦੇਖੋ ਇਸ ਕਾ ਕਿਤਨਾ ਅੱਛਾ ਆਵਾਜ਼ ਦੁਨੀਆ ਰੰਗ ਰੰਗੀਲੀ ਬਾਬਾ ਹਰ ਡਾਰੀ ਮਤਵਾਰੀ ਹੈ। ਸੁੱਕੀ ਨਦੀਆ ਜੀਵਨ ਨਈਆ

ਪ੍ਰਭੂ ਕੰਡਕਟਰ ਲੋਕ ਇਧਰ ਆਪਣੀ ਕੁ ਗ਼ਰੀਬ ਸਮਝਦਾ ਹੈ। ਸਾਹਿਬ ਜੇ ਤੂੰ ਆਪਣੇ ਕੋ ਲਾਟ ਸਾਹਿਬ ਕਾਇਨਾਤੀ ਸਮਝਦਾ ਹੈ। ਪੈਸੇਂਜਰ ਲੋਕੋ ਬਹੁਤ ਹੈ।ਰਾਨ ਕਰਦਾ ਹੈ। ਜੇ

**ਦੇਸ਼ ਕਾਲ**

ਇਨ੍ਹਾਂ ਯਾਦਾਂ ਦੇ ਵਿੱਚ ਲੇਖਕ ਨੇ ਉਨੀ ਸੌ ਤੇਰਾਂ ਤੋਂ ਉਨੀ ਸੌ ਬਹੱਤਰ ਤਕ ਦੇ ਸਮੇਂ ਵਿਚ ਫੈਲੀਆਂ ਹੋਈਆਂ ਰਾਵਲਪਿੰਡੀ ਲਾਹੌਰ ਬੰਬੇ ਅੰਮ੍ਰਿਤਸਰ ਤੇ ਪੰਜਾਬ ਦੇ ਪਿੰਡਾਂ ਦਾ ਵਾਤਾਵਰਨ ਤੇ ਆਲੇ ਦੁਆਲੇ ਦੀ ਅਨੇਕਾਂ ਫ਼ਿਲਮਾਂ ਨਾਟਕਾਂ ਹਸਤੀਆਂ ਦਾ ਜ਼ਿਕਰ ਇਸ ਵਿੱਚ ਬੜੀ ਯਥਾਰਥਕ ਤੇ ਸਜੀਵ ਢੰਗ ਨਾਲ ਕੀਤਾ ਹੈ। ਜਿਸ ਵਿਚ ਲੇਖਕ ਖ਼ੁਦ ਵੀ ਇਕ ਐਕਟਰ ਦੇ ਤੌਰ ਤੇ ਕਾਰਜ ਕਰਦਾ ਹੈ। ਇਹ ਉਹ ਸਮੇਂ ਦਾ ਕਾਲ ਹੈ। ਜਿਸ ਵਿਚ ਲੋਕਾਂ ਦੀ ਮੱਦਦ ਕੀਤੀ ਜਾਂਦੀ ਸੀ। ਲੋਕਾਂ ਦੇ ਨਾਲ ਗੱਲਬਾਤ ਕੀਤੀ ਜਾਂਦੀ ਸੀ। ਉਨ੍ਹਾਂ ਦੇ ਦਿਲਾਂ ਦੇ ਅੰਦਰ ਰਿਹਾ ਜਾਂਦਾ ਸੀ। ਉਹ ਉਨ੍ਹਾਂ ਨੂੰ ਆਪਣਾ ਸਮਝਿਆ ਜਾਂਦਾ ਸੀ। ਜਿਵੇਂ ਲੇਖਕ ਦਾ ਲੇਖਕ ਦੀ ਪਹਿਲੀ ਹੀ ਯਾਦ ਇੱਕ ਮਿੱਠੀ ਯਾਦ ਜਿਸ ਵਿਚ ਉਹ ਇਕ ਲੜਕੀ ਦੀ ਕਹਾਣੀ ਨੂੰ ਪੇਸ਼ ਕਰਦਾ ਹੈ। ਅੱਥਰੂ ਜਿਸ ਵਿੱਚ ਰਾਵਲਪਿੰਡੀ ਦੇ ਲੜਕੇ ਦੀ ਗੱਲ ਕਰਦਾ ਹੈ।

**ਪਾਤਰ ਚਿਤਰਨ**

ਲੇਖਕ ਦੀਆਂ ਯਾਦਾਂ ਦੇ ਵਿਚ ਪਾਤਰ ਵੱਡੇ ਤੋਂ ਵੱਡੇ ਨਾਇਕ ਤੋਂ ਲੈ ਕੇ ਇੱਕ ਛੋਟੇ ਤੋਂ ਛੋਟੇ ਲੜਕੇ ਦੀਆਂ ਰੀਝਾਂ ਨਾਲ ਸਬੰਧਤ ਹਨ। ਉਸ ਨੇ ਆਪਣੇ ਬਿਆਨ ਅਨੇਕਾਂ ਹਵਾਲਿਆਂ ਤੇ ਨਿੱਜੀ ਵਾਰਤਾਲਾਪਾਂ ਨਾਲ ਵੀ ਤੇ ਪਾਤਰਾਂ ਦੀ ਸ਼ਖ਼ਸੀਅਤ ਦੀ ਉਸਾਰੀ ਕੀਤੀ ਹੈ। ਇਸ ਕਰਕੇ ਬਲਰਾਜ ਸਾਹਨੀ ਉੱਚ ਕੋਟੀ ਦੇ ਐਕਟਰ ਸ਼ੌਕੀਆ ਲੇਖਕ ਅਤੇ ਕੋਮਲ ਦਿਲ ਵਾਲਾ ਦੇਸ਼ ਭਗਤ ਸੀ। ਜਿਸ ਵਿੱਚ ਪੰਜਾਬੀ ਸੱਭਿਆਚਾਰ ਭਾਸ਼ਾ ਸਾਹਿਤ ਕਲਾ ਦਾ ਜਜ਼ਬਾ ਬਹੁਤ ਸੀ। ਉਹ ਪੰਜਾਬ ਦੀ ਧਰਤੀ ਦੀ ਖ਼ੁਸ਼ਬੂ ਨੂੰ ਬਹੁਤ ਪਿਆਰ ਕਰਦਾ ਸੀ।

**ਨਿੱਜੀ ਛੋਹਾ**

ਲੇਖਕ ਨੇ ਪਾਤਰਾਂ ਦੇ ਰਾਹੀਂ ਨਿੱਜੀ ਛੋਹਾਂ ਦੇ ਕੇ ਪਾਤਰਾਂ ਦੀ ਪਾਤਰ ਉਸਾਰੀ ਬਾਖ਼ੂਬੀ ਢੰਗ ਨਾਲ ਕੀਤੀ

## ਮੁੱਖ/ਕੇਂਦਰੀ ਸ਼ਬਦ:

ਸ਼ੈਲੀ---ਲਿਖਣ ਢੰਗ

ਦੇਸ਼ ਕਾਲ---ਦੇਸ਼ ਦੀ ਸਥਿਤੀ

ਬਿਆਨੀਆਂ ਸ਼ੈਲੀ---ਕਥਾ ਦਾ ਬਿਆਨ

ਪ੍ਰਸ਼ਨੋਤਰੀ ਸ਼ੈਲੀ---ਪ੍ਰਸ਼ਨ ਵਿਧੀ

ਡਿਸਪਲਨ---ਅਨੁਸ਼ਾਸ਼ਨ

## ਸਵੈ-ਮੁਲਾਂਕਣ:

1. ਬਲਰਾਜ ਸਾਹਨੀ ਦੀ ਕਾਮੇ ਪੁਸਤਕ ਕਿਸ ਵਿਧਾ ਨਾਲ ਸਬੰਧਤ ਹੈ।

   ੳ. ਵਾਰਤਕ

   ਅ. ਨਾਟਕ

   ੲ. ਕਹਾਣੀ

   ਸ. ਨਾਵਲ

2. ਯਾਦਾਂ ਦੀ ਕੰਨੀ ਕਿਸ ਦੀ ਰਚਨਾ ਹੈ।

   ੳ. ਪ੍ਰੋ ਮੋਹਨ ਸਿੰਘ

   ਅ. ਬਲਰਾਜ ਸਾਹਨੀ

   ੲ. ਅੰਮ੍ਰਿਤਾ ਪ੍ਰੀਤਮ

   ਸ. ਭਾਈ ਵੀਰ ਸਿੰਘ

3. ਕਿੱਤਾਕਾਰ ਦੇ ਤੌਰ ਤੇ ਬਰਾਸਾ ਨੇ ਕੀ ਸੀ।

   ੳ. ਤਰਖਾਣ

   ਅ. ਮੋਚੀ

   ੲ. ਘੜੀ ਸਾਜ਼

   ਸ. ਫ਼ਿਲਮ ਐਕਟਰ

4. ਲੇਖਕ ਕੋਲ ਸ਼ੁਰੂ ਵਿਚ ਕਿਹੜਾ ਸਾਧਨ ਸੀ।

   ੳ. ਸਾਈਕਲ

   ਅ. ਮੋਟਰਸਾਈਕਲ

   ੲ. ਕਾਰ

ਬੈਲਗੱਡੀ

**5.** ਦਾਰੂ ਪੀ ਕੇ ਗੱਡੀ ਚਲਾਉਣਾ ਕੀ ਬਕਵਾਸ ਹੈ। ਇਸ ਵਾਕ ਦੀ ਸ਼ੈਲੀ ਹੈ।

ੳ. ਪ੍ਰਸ਼ਨੋਤਰੀ

ਅ. ਵਿਸਮਕ

ੲ. ਕਰਤਾ ਕਾਰਕ

ਸ. ਲੈਂਗ ਤੇ ਪੈਰੋਲ

**6.** ਆਪਣੀ ਪੁਸਤਕ ਵਿੱਚ ਲੇਖਕ ਨੇ ਪੰਜਾਬੀ ਤੋਂ ਇਲਾਵਾ ਹੋਰ ਕਿਹੜੀ ਭਾਸ਼ਾ ਦੀ ਸ਼ਬਦਾਂ ਦੀ ਵਰਤੋਂ ਕੀਤੀ ਹੈ।

ੳ. ਲਤੀਨੀ

ਅ. ਉਰਦੂ ਫ਼ਾਰਸੀ।

ੲ. ਕੰਨੜ

ਸ. ਬੰਗਾਲੀ

**7.** ਇੱਕ .....ਯਾਦ ਲੇਖ ਹੈ।

ੳ. ਕੌੜੀ

ਅ. ਮਿੱਠੀ

ੲ. ਖੱਟੀ

ਸ. ਅਭੁੱਲ

**8.** ਦਿਲ, ਮਤਲਬ..... ਲੇਖ ਹੈ।

ੳ. ਦਿਲਦਾਰ

ਅ. ਦਿਲਦਾਰੀ

ੲ. ਕਲੇਜਾ

ਸ. ਦਿਲ ਦਾ ਧੜਕਣਾ

**9.** ਲੇਖਕ ਨਾਲ ਮੋਟਰਸਾਈਕਲ ਵਾਲੀ ਘਟਨਾ ਕਿਸ ਲੇਖ ਵਿੱਚ ਵਾਪਰਦੀ ਹੈ।

ੳ. ਕਨੇਰੀ ਗੁਫਾ

ਅ. ਚਪੇੜ

ੲ. ਇੱਕ ਮਿੱਠੀ ਯਾਦ

ਸ. ਹੀਰੋ

**10.** ਲਿਖਦੀ ਡ੍ਰਾਇਵਰ ਨਾਲ ਦੋਸਤੀ ਇਸ ਲੇਖ ਵਿੱਚ ਹੈ।

ੳ. ਚਪੇੜ

ਅ. ਕਨ੍ਹੇਰੀ ਗੁਫ਼ਾ

ੲ. ਹੀਰੋ

ਸ. ਦਿਲ ਮਤਲਬ ਕਲੇਜਾ

**11.** ਅੱਥਰੂ ਲੇਖ ਵਿੱਚ ਲੇਖਕ ਕੋਲ ਮਦਦ ਲੈਣ ਕਿੰਨੀ ਵਰ੍ਹਿਆਂ ਦਾ ਮੁੰਡਾ ਆਉਂਦਾ ਹੈ।

ੳ. 17-18

ਅ. 16-17

ੲ. 13-14

ਸ. 12-13

**12.** ਮਹਾਤਰੇ ਕਿਸ ਲੀਕ ਦਾ ਪਾਤਰ ਹੈ।

ੳ. ਚਪੇੜ

ਅ. ਕਨੇਰੀ ਗੁਫ਼ਾ

ੲ. ਹੀਰੋ

ਸ. ਇੱਕ ਮਿੱਠੀ ਯਾਦ

**13.** ਚਪੇੜ ਲੇਖ ਵਿਚ ਕਿਸ ਫ਼ਿਲਮੀ ਘਟਨਾ ਦਾ ਜ਼ਿਕਰ ਹੈ।

ੳ. ਸ਼ੋਲੇ

ਅ. ਜ਼ਮੀਨ

ੲ. ਦੋ ਬੀਘਾ ਜ਼ਮੀਨ

ਸ. ਖਲਨਾਇਕ

**14.** ਲੇਖਕ ਨੂੰ ਪੁਰਸਕਾਰ ਮਿਲਣ ਵਾਲੀ ਵਾਰਤਕ ਇਸ ਲੇਖ ਵਿੱਚ ਹੈ।

ੳ. ਚਪੇੜ

ਅ. ਹੀਰੋ

ੲ. ਕਨੇਰੀ ਗੁਫ਼ਾ

ਸ. ਦਿਲ ਮਤਲਬ ਕਲੇਜਾ

15. 'ਮੇਰੀ ਗ਼ੈਰ ਜਜ਼ਬਾਤੀ ਡਾਇਰੀ' ਪੁਸਤਕ ਦਾ ਅੰਤਲਾ ਲੇਖ ਕਿਹੜਾ ਹੈ।

ੳ. ਹੀਰੋ

ਅ. ਚੁਪੇੜ

ੲ. ਕਨ੍ਹੇਰੀ ਗੁਫਾ

ਸ. ਦਿਲ ਮਤਲਬ ਕਲੇਜਾ

## ਅਭਿਆਸ ਪ੍ਰਸ਼ਨ

1. ਬਲਰਾਜ ਸਹਾਨੀ ਦੇ ਜੀਵਨ ਬਾਰੇ ਦੱਸੋ
2. ਬਲਰਾਜ ਸਹਾਨੀ ਦੀ ਗੈਰ ਜ਼ਜ਼ਬਾਤੀ ਡਾਇਰੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਵਰਣਨ ਕਰੋ।
3. ਬਲਰਾਜ ਸਹਾਨੀ ਦੀ ਗੈਰ ਜ਼ਜ਼ਬਾਤੀ ਡਾਇਰੀ ਦਾ ਕਲਾ ਪੱਖ ਵਿਸਥਾਰ ਨਾਲ ਵਰਣਨ ਕਰੋ।

## ਸੰਦਰਭ ਪੁਸਤਕਾਂ:


- ਡਾ. ਜਸਵਿੰਦਰ ਸਿੰਘ ਸੈਣੀ, ਵਾਰਤਕ ਸਿਧਾਂਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ਡਾ. ਸੁਰਿੰਦਰ ਸਿੰਘ ਕੋਹਲੀ, ਪੁਰਾਤਨ ਪੰਜਾਬੀ ਵਾਰਤਕ ਸਰੂਪ ਸਿਧਾਂਤ ਤੇ ਵਿਕਾਸ, ਪ੍ਰਕਾਸ਼ਿਤ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2010


## ਉੱਤਰਮਾਲਾ

| | | | | |
|---|---|---|---|---|
| 1. ੳ | 2. ਅ | 3. ਸ | 4. ਅ | 5. ੳ |
| 6. ਅ | 7. ਅ | 8. ੲ | 9. ੲ | 10. ਸ |
| 11. ੳ | 12. ੳ | 13. ੲ | 14. ਅ | 15. ੳ |

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-521360
Fax.: +91-1824-506111
Email: odl@lpu.co.in